अच्छिद्र–ਅੱਛਿਦ੍ਰ.. ਵਿ., ਬਿਨਾ ਦਵੈਸ਼, ਦੋਸ਼ਹੀਨ, ਧੋਖੇ ਬਿਨਾ, ਜਿਸ ਵਿਚ ਛੇਕ ਨਾ ਹੋਵੇ

अच्छिन्न–ਅੱਛਿੱਨ, ਵਿ., ਜੋ ਟੁੱਟਿਆ ਫੁੱਟਿਆ ਨਾ ਹੋਵੇ, ਸਬੂਤ, ਪੂਰਾ, ਸਾਰਾ, ਸਮੁੱਚਾ

अच्छीत–ਅੱਛੀਤ, ਵਿ., ਅਧਿਕ, ਬਹੁਤ, ਜ਼ਿਆਦਾ, ਪੂਰਾ

अच्छोद–ਅੱਛੋਦ,ਪੁ., ਕੈਲਾਸ਼ ਨਾਮ ਦੇ ਪਹਾੜ ਉੱਤੇ ਬਣੇ ਹੋਏ ਇਕ ਤਲਾ ਦਾ ਨਾਉਂ

अच्युत–ਅਚਯੁਤ, ਪੁ., ਜਿਸਦਾ ਕਦੀ ਨਾਸ਼ ਨਾ ਹੋਵੇ, ਸਨਾਤਨ, ਚਿਰੋਕਾ, ਭ੍ਰਸ਼ਟ ਨਾ ਹੋਇਆ ਹੋਇਆ, ਸਦੀਵੀ, ਅਮਰ, ਵਿਸ਼ਨੂੰ, ਬ੍ਰਹਮਾ, ਈਸ਼ਵਰ, ਜੈਨੀਆਂ ਦਾ ਇਕ ਖਾਸ ਦੇਵਤਾ

अछक–ਅੱਛਕ, ਵਿ , ਨਾ ਛਕਿਆ ਹੋਇਆ, ਭੁੱਖਾ

अछकना–ਅਛਕਨਾ, ਕ੍ਰਿ., ਭੁੱਖੇ ਰਹਿਣਾ, ਪੇਟ ਭਰ ਕੇ ਨਾ ਖਾਣਾ

अछत–ਅਛਤ, ਕ੍ਰਿ. ਵਿ., ਅੱਗੇ. ਹੋਰ, ਸਾਹਮਣੇ, ਪਿੱਛੋਂ, ਫੇਰ

अछत्र–ਅਛੱਤ੍ਰ, ਪੁ., ਬਿਨਾ ਛਤਰੋਂ, ਰਾਜਹੀਨ, ਬੇਵਸ

अछन–ਅਛਨ, ਪੁ., ਬਹੁਤਾ ਚਿਰ ਕ੍ਰਿ. ਵਿ., ਹੌਲੀ ਹੌਲੀ, ਧੀਮੇ

अछना–ਅਛਨਾ, ਕ੍ਰਿ., ਰਹਿਣਾ, ਹੋਣਾ

अछम्भो–ਅਛੰਮੋ, ਪੁ., ਅਚੰਭਾ, ਹੈਰਾਨੀ, ਅਸਚਰਜ

अछरौटी–ਅਛਰੌਟੀ, ਇ., ਵਰਣਮਾਲਾ, ਪੈਂਤੀ

अछय–ਅਛਯ, ਵਿ., ਨਾਸ਼ ਨਾ ਹੋਣ ਵਾਲਾ

अछल–ਅਛਲ, ਵਿ., ਨਿਸਛਲ, ਜਿਸ ਵਿਚ ਕਪਟ ਨਾ ਹੋਵੇ

अछवाना–ਅਛਵਾਨਾ, ਕ੍ਰਿ.. ਸਜਾਉਣਾ, ਸੰਭਾਵਨਾ, ਚਮਕਾਉਣਾ

अछवानी–ਅਛਵਾਨੀ, ਇ., ਜੱਚਾ ਤੀਵੀਂ ਨੂੰ ਦਿੱਤਾ ਜਾਣ ਵਾਲਾ ਪਕਵਾਨ

अछाम–ਅਛਾਮ, ਵਿ., ਹੱਟਾ-ਕੱਟਾ, ਮੋਟਾ ਤਾਜ਼ਾ, ਬਲ ਵਾਲਾ, ਬਲਵਾਨ

अछूत–ਅਛੂਤ, ਵਿ., ਛੂਹਿਆ ਨਾ ਹੋਇਆ, ਕੋਰਾ, ਨਵਾਂ

अछूता–ਅਛੂਤਾ, ਵਿ., ਨਾ ਛੂਹਿਆ ਹੋਇਆ, ਨਵਾਂ, ਪਵਿੱਤਰ

अछेद–ਅਛੇਦ, ਵਿ.. ਬਿਨਾ ਗਲੀ (ਛਿੱਦਰ ਤੋਂ)

अछेह–ਅਛੇਹ, ਵਿ., ਸਬੂਤਾ, ਅਖੰਡਤ, ਬਹੁਤਾ

अछोप–ਅਛੋਪ, ਵਿ., ਬਿਨਾ ਢਕਿਆ ਹੋਇਆ, ਨੰਗਾ, ਮਮੂਲੀ

अछोभ–ਅਛੋਭ, ਵਿ., ਜੋ ਚੰਚਲ ਨਾ ਹੋਵੇ, ਦੁਖ ਰਹਿਤ, ਸ਼ਾਂਤ, ਸਥਿਰ, ਗੰਭੀਰ

अज–ਅਜ, ਪੁ., ਜਿਹੜਾ ਜੰਮਿਆ ਨਾ ਹੋਵੇ, ਵਾਹਿਗੁਰੂ, ਈਸ਼ਵਰ, ਬ੍ਰਹਮਾ, ਵਿਸ਼ਨੂੰ, ਮ੍ਰਹੇਸ਼, ਚੰਦਰਮਾ, ਕਾਮ ਦੇਵ, ਸੂਰਜ ਵੰਸ ਦੇ ਰਾਜਾ ਰਘੂ ਦਾ ਪੁੱਤਰ, ਬੱਕਰਾ,ਮੀਢਾ, ਜਨਮ ਰਹਿਤ. ਨੇਤਾ. ਸੋਨਾ-ਮੱਖੀ ਨਾਉਂ ਦੀ ਇੱਕ ਧਾਤ, ਸ਼ਕਤੀ ਕਾਕੜਾ ਸਿੰਗੀ ਨਾਉਂ ਦੀ ਇਕ ਦਵਾਈ

अजकरण, अजकरणक–ਅਜਕਰਣ, ਅਜਕਰਣਕ, ਪੁ., ਬੱਕਰੇ ਦਾ ਕੰਨ, ਸਾਲ ਦਾ ਰੁੱਖ

अजकरव–ਅਜਕਰਵ, ਵਿ., ਯੱਗ ਦਾ ਭਾਂਡਾ, ਸ਼ਿਵ ਦਾ ਧਨੁਸ਼

अजकव–ਅਜਕਵ, ਵਿ., ਸ਼ਿਵ ਜੀ ਦੇ ਧਨੁਸ਼ ਦਾ ਨਾਉਂ, ਕਿੱਕਰ, ਸੱਪ. ਵੱਡਾ ਬਿੱਛੂ

अजका–ਇ., ਬੱਕਰੇ ਦੇ ਗਲ ਦਾ ਲਮਕਦਾ ਮਾਸ ਦਾ ਪਿੰਡ

अजग–ਅਜਗ, ਪੁ., ਅਗਨੀ, ਵਿਸ਼ਨੂੰ

अजगन्धा–ਅਜਗੰਧਾ, ਇ., ਅਜਮੈਣ, ਅਜਮੋਦਾ

अजगर–ਅਜਗਰ, ਪੁ., ਸਬੂਤ ਬੱਕਰੇ ਨੂੰ ਨੰਘਾਰ ਜਾਣ ਵਾਲਾ, ਵੱਡੀ ਦੇਹ ਵਾਲਾ ਸੱਪ ਵਿ., ਆਲਸੀ. ਸੁਸਤ, ਉੱਦਮ ਹੀਣ

अज-गल्लिका–ਅਜ-ਗੱਲਿਕਾ, ਇ., ਕਿੱਕਰ, ਇਕ ਤਰ੍ਹਾਂ ਦਾ ਫੋੜਾ ਜਿਹੜਾ ਖਾਸ ਕਰ ਬੱਚਿਆਂ ਦੇ ਹੁੰਦਾ ਹੈ, ਕਿੱਕਰ ਦਾ ਬੱਚਾ

अजगव–ਅਜਗਵ, ਪੁ., ਦੇਖੋ ਅਜਕਰਵ, ਪਿਨਾਕ (ਧਨਸ਼)

अजगुत–ਅਜਗੁਤ, ਪੁ., ਹੈਰਾਨੀ ਦੀ ਗੱਲ, ਅਣੋਖੀ ਘਟਨਾ

अजगैब–ਅਜਗੈਵ, ਪੁ., ਬਿਨਾ ਦੇਖੀ ਅਤੇ ਸੁਣੀ ਹੋਣੀ ਜਗਾ

अजंगवी–ਅਜਗਵੀ, ਵਿ., ਅਣੋਖੀ, ਹੈਰਾਨੀ ਵਾਲੀ

अजघन्य–ਅਜਘਨਜ, ਵਿ:, ਸ੍ਰੇਸ਼ਟ, ਭਲਾ

अजघोष–ਅਜਘੋਸ਼, ਪੁ., ਇਕ ਤਰ੍ਹਾਂ ਦਾ ਸੰਨਿਪਾਤ ਜੁਰ (ਬੁਖਾਰ)

अजजीविका–ਅਜਜੀਵਿਕਾ, ਇ., ਭੇਡ ਬੱਕਰੀਆਂ ਦਾ ਵਿਓਪਾਰ ਆਜੜੀ, ਗਡਰੀਆ

अजटा–ਅਜਟਾ, ਇ., ਬਿਨਾ ਜਟਾਂ ਦੇ । ਪੁ., ਇਕ ਤਰ੍ਹਾਂ ਦਾ ਰੁੱਖ

अजड़–ਅਜੜ, ਇ., ਜੀਵ ਵਾਲੀ ਵਸਤੂ । ਪੁ., ਚੇਤਨ ਵਿਅਕਤੀ

अजदण्डी–ਅਜਦੰਡੀ, ਇ., ਬ੍ਰਹਮਦੰਡੀ ਨਾਉਂ ਦੀ ਬੂਟੀ

अजदेवता–ਅਜਦੇਵਤਾ, ਪੁ., ਬੱਕਰੇ ਦਾ ਮੁਖੀਆ ਦੇਵਤਾ

अजन–ਅਜਨ, ਵਿ., ਜਿਸਦਾ ਜਨਮ ਨਾ ਹੁੰਦਾ ਹੋਵੇ, ਬੀਆਬਾਨ, ਇਕਾਂਤ, ਰੋਹੀ

अजन्ता–ਅਜੰਤਾ, ਪੁ., ਖਾਨ-ਦੇਸ ਦੀਆਂ ਪਰਸਿੱਧ ਗੁਫਾਵਾਂ ਜਿਥੇ ਬੁਧ ਮੱਤ ਨੂੰ ਮੰਨਣ ਵਾਲਿਆਂ ਦੇ ਮੰਦਰ ਤੇ ਠਹਿਰਨ ਦੇ ਥਾਉਂ ਹਨ

अजन्म अजन्मा–ਅਜਨਮ ਅਜਨਮਾ, ਪੁ., ਜਿਸ ਦਾ ਜਨਮ ਨਾ ਹੋਵੇ, ਮੁਕਤ

अजप–ਅਜਪ, ਪੁ., ਬੱਕਰੀ ਨੂੰ ਪਾਲਣ ਵਾਲਾ ਮਨੁੱਖ, ਆਜੜੀ, ਅਯਾਲੀ

अजपति–ਅਜਪਤਿ, ਪੁ., ਸ੍ਰੇਸ਼ਟ-ਬੱਕਰਾ, ਮੇਖ ਰਾਸ ਦਾ ਸੁਆਮੀ, ਮੰਗਲ ਗ੍ਰਹਿ

अजपथ–ਅਜਪਥ, ਪੁ., ਵਾਹਿਗੁਰੂ ਦਾ ਬਣਾਇਆ ਹੋਇਆ ਰਸਤਾ, ਛਾਇਆ ਮਾਰਗ

अजपा–ਅਜਪਾ, ਪੁ.. ਜੋ ਬਿਨਾ ਜਤਨ ਤੋਂ ਜਪਿਆ ਜਾਂ ਬੋਲਿਆ ਜਾ ਸਕੇ,ਬੱਕਰੀਆਂ ਪਾਲਣ ਵਾਲਾ ਮਨੁੱਖ, ਸਭਾਵਕ ਸਾਹ ਦੇ ਉਤਾਰ ਚੜ੍ਹਾਓ ਨੂੰ ਅਜਪਾਜਪ ਜਾਂ ਹੰਸ ਮੰਤਰ ਕ੍ਹਿੰਦੇ ਹਨ

अजपाद–ਅਜਪਾਦ, ਪੁ., ਇਕ ਰੁਦਰ, ਪੂਰਬਾ ਭਾਦ੍ਰਪਦ ਨਛਤਰ

अजपाल–ਅਜਪਾਲ, ਪੁ., ਬੱਕਰੀਆਂ ਪਾਲਣ ਵਾਲਾ, ਆਜੜੀ, ਅਯਾਲੀ

अजब–ਅਜਬ, ਵਿ., ਵਿਚਿਤ੍ਰ, ਅਣੋਖਾ, ਅਨੂਠਾ, ਅਜੀਬ

अजबन्धु–ਅਜਬੰਧੁ, ਪੁ., ਮੂਰਖ, ਬੇਅਕਲ

अजबला–ਅਜਬਲਾ, ਇ., ਸ਼ਾਮਾ ਤੁਲਸੀ, ਕਾਲੀ ਤੁਲਸੀ

अजभक्ष–ਅਜਭਕਸ਼, ਪੁ., ਕਿੱਕਰ, ਕਿੱਕਰ ਦਾ ਬੱਚਾ

अज़मत–ਅਜਮਤ, ਪੁ., ਪਰਤਾਪ, ਚਮਤਕਾਰ, ਵਡਿਆਈ, ਸਿੱਧੀ

अजम्भ–ਅਜੰਭ, ਪੁ., ਮੇਂਡਕ, ਡੱਡੂ, ਸੂਰਜ,ਵਿ., ਬਿਨਾ ਦੰਦਾਂ ਦੇ

अज मल–ਅਜ ਮਲ, ਪੁ., ਗੇਹੂੰ, ਕਣਕ, ਬੱਕਰੀ ਦੀ ਮੀਂਗਣ

अज़माइश–ਅਜ਼ਮਾਇਸ਼, ਇ., ਜਾਚ, ਪਰਖ, ਪ੍ਰੀਖਿਆ

अज़माना–ਅਜ਼ਮਾਨਾ, ਕ੍ਰਿ., ਪਰਖ ਕਰਨਾ, ਪ੍ਰੀਖਿਆ ਕਰਨਾ, ਜਾਚਣਾ

अजमार–ਅਜਮਾਰ, ਪੁ., ਬਕਰੇ ਦਾ ਮਾਸ ਵੇਚਣ ਵਾਲਾ

अजमुख–ਅਜਮੁਖ, ਪੁ., ਦਕਸ਼ ਪ੍ਰਜਾਪਤਿ

अज़मूदा–ਅਜ਼ਮੂਦਾ, ਵਿ.: ਪ੍ਰੀਖਿਆ ਕਰਿਆ ਹੋਇਆ, ਪਰਖਿਆ ਹੋਇਆ, ਜਾਚਿਆ ਹੋਇਆ

अजमोद अजमोदा–ਅਜਮੋਦ ਅਜਮੋਦਾ, ਇ., ਅਜਵਾਇਣ, ਜਮੈਂਣ

अजय–ਅਜਯ, ਜਿੱਤ ਨਾ ਹੋਣੀ, ਹਾਰ

अजयपाल–ਅਜਯਪਾਲ, ਪੁ., ਇਕ ਤਰ੍ਹਾਂ ਦਾ ਗੋਣ (ਗਾਣਾ), ਜਮਾਲ ਗੋਟਾ

अजया–ਅਜਯਾ, ਇ., ਭੰਗ, ਵਿਜਯਾ, ਸੁੱਖਾ

अजर–ਅਜਰ, ਵਿ., ਜੋ ਕਦੇ ਬੁੱਢਾ ਨਾ ਹੋਵੇ, ਬੁਢਾਪੇ ਤੋਂ ਰਹਿਤ, ਅਮਰ, ਜੁਆਨ

अजरा–ਅਜਰਾ, ਇ., ਘੀ ਕੁਆਰ

अजरायल–ਅਜਰਾਯਲ. ਵਿ., ਕਦੀ ਪੁਰਾਣਾ ਨਾ ਹੋਣ ਵਾਲਾ

अजराल–ਅਜਰਾਲ, ਵਿ., ਜੋ ਬੁੱਢਾ ਨਾ ਹੋਵੇ, ਸਦਾ ਮਹਿਕ

अजलम्बन–ਅਜਲਬਨ, ਵਿ., ਅੱਖ ਵਿਚ ਲਗਾਉਣ ਦਾ ਸੁਰਮਾ

अजलोमा–ਅਜਲੋਮਾ, ਇ.. ਕੌਂਚ, ਬਾਂਦਰੀ ਵਿ., ਬਕਰੇ ਦੀ ਤਰ੍ਹਾਂ ਦੇ ਵਾਲਾਂ ਵਾਲਾ

अजवल्ली–ਅਜਵੱਲੀ, ਇ., ਮੇਢਾ ਸਿੰਗੀ ਨਾਉਂ ਦੀ ਦਵਾਈ

अजव–ਅਜਵ, ਵਿ., ਵੇਗ ਰਹਿਤ

अजवीथी–ਅਜਵੀਥੀ, ਇ , ਹਾਥੀ ਦਾ ਮਾਰਗ (ਰਸਤਾ)

अजशी–ਅਜਸ਼ੀ, ਇ., ਫਟਕੜੀ

अजस–ਅਜਸ, ਪੁ., ਅਨਾਦਰ, ਅਪਜਸ, ਬੇਇੱਜ਼ਤੀ

अजसी–ਅਜਸੀ, ਵਿ., ਅਪਰਸਿੱਧ, ਜਸ ਰਹਿਤ, ਜੋ ਉੱਘਾ ਨਾ ਹੋਵੇ

अजस्र–ਅਜਸ੍ਰ. ਪੁ., ਦੇਰ ਤੀਕ ਰਹਿਣ ਵਾਲਾ, ਸਦੀਵੀ, ਸਦਾ ਕ੍ਰਿ. ਵਿ.. ਨਿੱਤ, ਲਗਾਤਾਰ, ਹਮੇਸ਼ਾ

अजहुं–ਅਜਹੁੰ. ਅਵ੍ਯ.. ਹੁਣ ਭੀ, ਅੱਜ ਹੀ

अजा–ਅਜਾ, ਇ., ਬੱਕਰੀ, ਪਰਕਿਰਤੀ, ਮਾਇਆ

अजाक्षीर–ਅਜਾਕਸ਼ੀਰ, ਪੁ., ਬੱਕਰੀ ਦਾ ਦੁੱਧ

अजागर–ਅਜਾਗਰ, ਪੁ., ਭੰਗਰਾ ਨਾਉਂ ਦੀ ਇਕ ਬੂਟੀ, ਵਿ., ਨਾ ਜਾਗਣ ਵਾਲਾ

अजागल–ਅਜਾਗਲ, ਪੁ., ਬੱਕਰੇ ਦੀ ਧੌਣ

अजागलस्तन–ਅਜਾਗਲਸਤਨ, ਪੁ., ਬੱਕਰੇ ਦੇ ਗਲ ਵਿਚ ਲਮਕਣ ਵਾਲਾ ਮਾਸ ਦਾ ਪਿੰਡ ਜਿਸ ਨੂੰ ਲਟਕਣਾ ਵੀ ਕਹਿੰਦੇ ਹਨ

अजाचक–ਅਜਾਚਕ, ਵਿ.. ਨਾ ਮੰਗਣ ਵਾਲਾ, ਧਨਵਾਨ, ਜਿਸ ਨੂੰ ਮੰਗਣ ਦੀ ਲੋੜ ਨਾ ਪਵੇ

अजाची–ਅਜਾਚੀ, ਵਿ., ਜੋ ਆਦਮੀ ਕਿਸੇ ਤੋਂ ਕੁਝ ਨਾ ਮੰਗੇ, ਭਾਗਾਂ ਵਾਲਾ, ਧਨਵਾਨ

अजाजि–ਅਜਾਜਿ, ਇ., ਗੁੱਲਰ ਦਾ ਰੁੱਖ, ਜੀਰਾ

अजाजिक–ਅਜਾਜਿਕ, ਪੁ., ਚਿਟਾ ਜੀਰਾ

अजाजीव–ਅਜਾਜੀਵ, ਪੁ., ਭੇਡ ਬੱਕਰੀ ਦਾ ਵਪਾਰੀ

अजात–ਅਜਾਤ, ਵਿ., ਜਿਸ ਦਾ ਜਨਮ ਨਾ ਹੋਇਆ ਹੋਵੇ

अजात ककुद्–ਅਜਾਤ ਕਕੁਦ, ਪੁ., ਵੱਛਾ, ਵਹਿੜਕਾ, ਜਿਸ ਦੀ ਢੁੱਠ ਨਾ ਨਿਕਲੀ ਹੋਵੇ

अजातदन्त–ਅਜਾਤਦੰਤ, ਵਿ, ਜਿਸ ਦੇ ਦੰਦ ਨਾ ਨਿਕਲੇ ਹੋਣ, ਬਿਨਾ ਦੰਦਾਂ ਦੇ, ਬੋੜਾ

अजातपक्ष–ਅਜਾਤਪਕਸ਼, ਪੁ.. ਪੰਖੀ ਦਾ ਛੋਟਾ ਬੱਚਾ ਜਿਸ ਦੇ ਅਜੇ ਖੰਭ ਨਾ ਨਿਕਲੇ ਹੋਣ, ਅਤੇ ਜੋ ਉੱਡ ਨਾ ਸਕੇ

अजातव्यवहार–ਅਜਾਤਵਜਵਹਾਰ, ਵਿ.,ਜੋ ਵਿਹਾਰ ਨੂੰ ਨਾ ਜਾਣੇ, ਨਾ ਬਾਲਿਗ਼

अजाशत्रु–ਅਜਾਤਸ਼ਤ੍ਰੂ, ਪੁ., ਕਾਸ਼ੀ ਦੇ ਇਕ ਪੁਰਾਣੇ ਰਾਜੇ ਦਾ ਨਾਉਂ, ਰਾਜਾ ਯੁਧਿਸ਼ਟਰ, ਮਗਧ ਦੇਸ ਦੇ ਰਾਜਾ ਬਿੰਬੀਸਾਰ ਦੇ ਪੁੱਤਰ ਦਾ ਨਾਉਂ

अजातारि–ਅਜਾਤਾਰਿ, ਵਿ.. ਜਿਸ ਦਾ ਕੋਈ ਵੈਰੀ ਨਾ ਹੋਵੇ, ਪੁ., ਯੁੱਧਿਸ਼ਟਰ

अजाति अजाती–ਅਜਾਤਿ ਅਜਾਤੀ, ਵਿ., ਬਿਨਾ ਜਾਤ ਤੋਂ, ਜਾਤ ਤੋਂ ਕਢਿਆ ਹੋਇਆ, ਪਤਿਤ

अजाद्नी–ਅਜਾਦਨੀ, ਇ., ਬੇਰ ਦਾ ਰੁੱਖ, ਬੇਰੀ

अजादुग्ध–ਅਜਾਦੁਗਧ, ਪੁ., ਬੱਕਰੀ ਦਾ ਦੁੱਧ

अजान–ਅਜਾਨ, ਵਿ., ਜੋ ਜਾਣਿਆ ਹੋਇਆ ਨਾ ਹੋਵੇ, ਨਾ ਜਾਣਕਾਰ, ਅਵਿਵੇਕੀ, ਨਾਵਾਕਿਫ਼, ਓਬੜ

अजानपन–ਅਜਾਨਪਨ, ਪੁ., ਮੂਰਖਪਣਾ, ਬੇਵਕੂਫੀ, ਨਾਦਾਨੀ

अजानि–ਅਜਾਨਿ, ਪੁ., ਬਿਨਾ ਇਸਤ੍ਰੀ ਤੋਂ ਮਨੁੱਖ, ਛੜਾ

अजापालक–ਅਜਾਪਾਲਕ, ਪੁ., ਭੇਡ ਬੱਕਰੀ ਪਾਲਣ ਵਾਲਾ, ਗਡਰੀਆ, ਆਜੜੀ, ਅਯਾਲੀ

अजाप्रिया–ਅਜਾਪ੍ਰਿਯਾ, ਇ., ਬੇਰੀ

अजामिल–ਅਜਾਮਿਲ, ਪੁ. ਇਕ ਪਾਪੀ ਬ੍ਰਾਹਮਣ ਦਾ ਨਾਉਂ ਜੋ ਮਰਦੇ ਵੇਲੇ ਅਪਣੇ ਪੁੱਤਰ 'ਨਾਰਾਯਣ' ਦਾ ਨਾਉਂ ਲੈਣ ਤੋਂ ਹੀ ਤਰ ਗਿਆ ਸੀ

अजाय–ਅਜਾਯ, ਵਿ., ਅਨੁਚਿਤ, ਬੇਠੀਕ, ਅਜੋਗ

अजायब–ਅਜਾਯਬ, ਪੁ., ਹੈਰਾਨੀ ਪੈਦਾ ਕਰਨ ਵਾਲੀ ਚੀਜ਼, ਅਸਚਰਜ ਜਨਕ ਪਦਾਰਥ

अजायबखाना अजायबघर–ਅਜਾਯਬਖਾਨਾ ਅਜਾਯਬਘਰ, ਪੁ., ਹੈਰਾਨੀ ਪੈਦਾ ਕਰਨ ਵਾਲੇ ਪਦਾਰਥਾਂ ਦੇ ਇਕੱਠੇ ਕਰਨ ਦਾ ਘਰ

अजारा–ਅਜਾਰਾ, ਪੁ., ਅਧਿਕਾਰ, ਹੱਕ, ਠੇਕੇ ਤੋਂ ਲਈ ਹੋਈ ਭੋਂ

अजिऔरा–ਅਜਿਔਰਾ, ਪੁ., ਦਾਦੀ ਦੇ ਪਿਤਾ ਦਾ ਘਰ

अजिका–ਅਜਿਕਾ, ਇ., ਜੁਆਨ ਬੱਕਰੀ

अजित–ਅਜਿਤ, ਵਿ., ਜੋ ਹਾਰਿਆ ਨਾ ਹੋਵੇ, ਜਿੱਤਿਆ ਹੋਇਆ, ਪੁ., ਸ਼ਿਵ, ਵਿਸ਼ਨੂੰ. ਬੁੱਧ, ਜੈਨੀਆਂ ਦੇ ਦੂਜੇ ਤੀਰਥੰਕਰ ਦਾ ਨਾਉਂ

अजिता–ਅਜਿਤਾ, ਇ., ਭਾਦੋਂ ਵਦੀ ਇਕਾਦਸ਼ੀ

अजितात्मा–ਅਜਿਤਾਤਮਾ ਵਿ., ਜਿਸ ਨੇ ਆਪਣੀਆਂ ਇੰਦਰੀਆਂ. ਵਸ ਵਿਚ ਨਾ ਕੀਤੀਆਂ ਹੋਣ, ਅਜਿਤੇਂਦ੍ਰਿਯ

अजितेन्द्रिय–ਅਜਿਤੇਂਦ੍ਰਿਯ ਵਿ.,ਦੇਖੋ ਅਜਿਤਾਤਮਾ (अजितात्मा)

अजिन–ਅਜਿਨ, ਪੁ., ਮਿਰਗ ਦਾ ਚਮੜਾ, ਮਿਰਗ ਛਾਲ

अजिनपत्रा–ਅਜਿਨਪੱਤ੍ਰਾ, ਇ., ਚਮੜੇ ਦੇ ਸਮਾਨ ਫੰਘਾਂ ਵਾਲੀ ਚਮਗਿਦੜੀ

अजिनवासी–ਅਜਿਨਵਾਸੀ, ਵਿ.. ਚਮੜੇ ਦਾ ਕੱਪੜਾ ਪਹਿਨਣ ਵਾਲਾ

अजिर–ਅਜਿਰ ਪੁ., ਟਿੱਬਾ, ਅੰਗਣ, ਵਿਹੜਾ, ਚਬੂਤਰਾ, ਹਵਾ, ਸਰੀਰ, ਵਿਸ਼ਾ ਮਜ਼ਮੂਨ। ਵਿ., ਛੇਤੀ ਚੱਲਣ ਵਾਲਾ

अजिह्म–ਅਜਿਮ੍ਹ, ਵਿ., ਜੋ ਟੇਢਾ ਨਾ ਹੋਵੇ, ਸਰਲ, ਸਿੱਧਾ

अजिह्मग–ਅਜਿਹਮਗ, ਪੁ. ਸਿੱਧਾ ਜਾਣ ਵਾਲਾ ਬਾਣ, ਪੰਛੀ, ਜਾਨਵਰ

अजिह्व–ਅਜਿਹਵ, ਪੁ.. ਮੇਂਡਕ, ਡੱਡੂ, ਬਿਨਾ ਜੀਭ ਦੇ

अजी–ਅਜੀ, ਅੱਵਜ.. ਬੋਲ ਮਾਰਨ ਦਾ ਸ਼ਬਦ, ਓਇ, ਹੈਂ, ਜੀ

अजीवक–ਅਜੀਵਕ. ਪੁ., ਸ਼ਿਵ ਜੀ ਦਾ ਧਨੁਸ਼

अजीगर्त–ਅਜੀਗਰਤ. ਪੁ.. ਇਕ ਰਿਸ਼ੀ ਦਾ ਨਾਉਂ ਜੋ ਸ਼ੁਨੈਸ਼ੇਪ ਦਾ ਪਿਤਾ ਸੀ, ਸੱਪ

अज़ीज़–ਅਜ਼ੀਜ਼, ਵਿ., ਪਿਆਰਾ, ਮਿਤਰ, ਦੋਸਤ, ਸਬੰਧੀ

अजीटन–ਅਜੀਟਨ,ਵਿ., ਸੈਨਾ ਦੇ ਆਗੂ ਦੀ ਮਦਦ ਕਰਨ ਵਾਲਾ

अजीब–ਅਜੀਬ ਵਿ., ਅਦਭੁਤ, ਅਣੋਖਾ, ਵਿਚਿੱਤ੍ਰ

अजीर्ण–ਅਜੀਰਣ, ਪੁ, ਚੰਗੀ ਤਰ੍ਹਾਂ ਹਜ਼ਮ ਨਾ ਹੋਣਾ, ਬਦਹਜ਼ਮੀ, ਅਣਪਚ, ਬਹੁਤਾਇਤ

अजीर्णी–ਅਜੀਰਣੀ, ਵਿ., ਜਿਸ ਨੂੰ ਬਦਹਜ਼ਮੀ ਹੋਈ ਹੋਵੇ

अजीव–ਅਜੀਵ, ਵਿ., ਚੇਤਨਾ ਤੋਂ ਰਹਿਤ, ਮਰਿਆ ਹੋਇਆ, ਬਿਨਾ ਸਾਹਾਂ ਤੋਂ

अजीवन–ਅਜੀਵਨ, ਪੁ., ਮੌਤ, ਮਿਰਤੂ

अजुगुप्सित–ਅਜੁਗੁਪਸਿਤ ਵਿ., ਜਿਸ ਦੀ ਚੁਗਲੀ ਨਾ ਹੋਈ ਹੋਵੇ. ਪ੍ਰਸੰਨ, ਖੁਸ਼

अजूजा–ਅਜੂਜਾ, ਪੁ., ਮਰੇ ਹੋਏ ਸਰੀਰ ਨੂੰ ਖਾਣ ਵਾਲਾ

अजूबा–ਅਜੂਬਾ, ਵਿ., ਅਦਭੁਤ, ਅਣੋਖਾ, ਅਜੀਬ, ਵਿਚਿਤ੍ਰ ਪੁ., ਅਨੂਠੀ ਚੀਜ਼

अजूरा–ਅਜੂਰਾ, ਵਿ., ਇਕੱਠਾ ਨਾਂ ਕਰਿਆ ਹੋਇਆ, ਅਲੱਭ, ਗੈਰ ਹਾਜ਼ਿਰ

अजूह–ਅਜੂਹ, ਪੁ., ਯੁੱਧ, ਲੜਾਈ, ਝਗੜਾ

अजेय–ਅਜੇਯ, ਵਿ., ਨਾ ਜਿੱਤਣ ਜੋਗ

अजो–ਅਜੋ, ਕ੍ਰਿ. ਵਿ., ਅੱਜ ਤਕ; ਅੱਜ ਭੀ

अजोग–ਅਜਗ, ਵਿ., ਬੇਠੀਕ

अजोता–ਅਜੋਤਾ, ਇ., ਚੇਤ ਦੀ ਪੂਰਨਮਾਸੀ, ਜਿਸ ਦਿਨ ਬੈਲ ਨਹੀਂ ਜੋੜੇ ਜਾਂਦੇ

अजौं–ਅਜੋਂ, ਕ੍ਰਿ. ਵਿ., ਅਜੇ ਤਕ, ਅੱਜ ਭੀ

अज्झल–ਅੱਝਲ, ਪੁ., ਫਾਲ

अज्ञ–ਅਗਜ, ਵਿ., ਗਿਆਨਸ਼ੁੰਨ, ਮੂਰਖ, ਅਗਿਆਨੀ, ਨਾਦਾਨ

अज्ञका–ਅਗਜਕਾ, ਇ., ਨਾਦਾਨ ਔਰਤ, ਭੋਲੀ ਭਾਲੀ ਤੀਵੀਂ

अज्ञता–ਅਗਜਤਾ, ਇ., ਮੂਰਖਤਾ, ਨਾਦਾਨੀ

अज्ञात–ਅਗਜਾਤ, ਵਿ., ਨਾ ਜਾਣਿਆ ਹੋਇਆ, ਨਾਵਾਕਿਫ਼, ਅਕਲ ਤੋਂ ਪਰੇ, ਬੇਸਮਝ

अज्ञातक–ਅਗਜਾਤਕ, ਵਿ., ਅਣਜਾਣ, ਅਪਰਿਚਿਤ, ਨਾਵਾਕਿਫ਼

अज्ञातनामा–ਅਗਜਾਤਨਾਮਾ, ਵਿ., ਜਿਸ ਦੇ ਨਾਉਂ ਦਾ ਪਤਾ ਨਾ ਹੋਵੇ

अज्ञातभुक्त–ਅਗਜਾਤ ਭੁਕਤ, ਵਿ., ਅਣਜਾਣੀ ਚੀਜ਼ ਦੇ ਖਾਣ ਵਾਲਾ

अज्ञातयौवना–ਅਗਜਾਤ-ਯੌਵਨਾ, ਇ., ਮੁਗਧਾ ਤੀਵੀਂ, ਜਿਸ ਨੂੰ ਆਪਣੀ ਚੜ੍ਹਦੀ ਜੁਆਨੀ ਦਾ ਗਿਆਨ ਨਾ ਹੋਵੇ

अज्ञातवास–ਅਗਜਾਤਵਾਸ, ਪੁ., ਉਹ ਥਾਂ ਜਿਸ ਦਾ ਕੋਈ ਪਤਾ ਨਾ ਹੋਵੇ, ਲਾ ਪਤਾ ਥਾਉਂ

अज्ञातशील–ਅਗਜਾਤਸ਼ੀਲ, ਵਿ., ਜਿਸ ਦੀ ਚਾਲ ਢਾਲ ਦਾ ਪਤਾ ਨਾ ਲਗੇ

अज्ञाति–ਅਗਜਾਤਿ, ਵਿ., ਜੋ ਸਾਕ ਸੰਬੰਧੀ ਨਾ ਹੋਵੇ, ਨਾਵਾਕਿਫ਼

अज्ञान–ਅਗਜਾਨ, ਵਿ., ਬਿਨਾ ਗਿਆਨ ਦੇ, ਉਲਟ ਗਿਆਨੀ, ਪੁ., ਮੋਹ, ਮੂਰਖਤਾ, ਬੇਵਕੂਫੀ

अज्ञानकृत–ਅਗਜਾਨਕ੍ਰਿਤ, ਵਿ., ਅਣਜਾਣੇ ਕੀਤਾ ਹੋਇਆ

अज्ञानता–ਅਗਜਾਨਤਾ, ਇ., ਮੂਰਖਤਾ, ਬੇਸਮਝੀ, ਬੇਵਕੂਫੀ

अज्ञानपन–ਅਗਜਾਨਪਨ, ਪੁ., ਮੂਰਖਪਣਾ, ਬੇਵਕੂਫੀ, ਮੂਰਖਤਾ, ਅਗਿਆਨਤਾ

अज्ञानी–ਅਗਜਾਨੀ, ਵਿ., ਅਬੋਧ, ਬੇਗਿਆਨਾ, ਮੂਰਖ, ਜੜ੍ਹ, ਪਾਗਲ

अज्ञेय–ਅਗਜੇਯ, ਵਿ., ਸਮਝ ਵਿਚ ਨਾ ਆਉਣ ਵਾਲਾ

अझर–ਅਝਰ, ਵਿ., ਨਾ ਝਰਨ ਜਾਂ ਬਰਸਣ ਵਾਲਾ

अझोरी–ਅਝੋਰੀ, ਇ., ਥੈਲੀ

अञ्चक–ਅੰਚਕ, ਪੁ., ਨੇਤ੍ਰ, ਅੱਖ

अञ्चल–ਅੰਚਲ, ਪੁ., ਸਾੜ੍ਹੀ ਦਾ ਉਹ ਹਿੱਸਾ ਜਿੱਥੇ ਇਕ ਪਾਸੇ ਵੇਲ ਬੂਟੇ ਬਣੇ ਹੋਣ, ਪੱਲਾ

अञ्चित–ਅੰਚਿਤ, ਵਿ., ਪੂਜਾ ਕਰਿਆ ਹੋਇਆ, ਸੁਕੜਿਆ ਹੋਇਆ, ਪੂਜਤ

अञ्जन–ਅੰਜਨ, ਪੁ., ਅੱਖਾਂ ਵਿਚ ਪਾਉਣ ਦਾ ਸੁਰਮਾ, ਕੱਜਲ, ਕਾਲਸ, ਮੈਲਾਪਣ, ਮਿਲਾਵਟ, ਅਰਜੁਨ ਨਾਉਂ ਦਾ ਰੁੱਖ

अञ्जन कर्म–ਅੰਜਨ ਕਰਮ, ਪੁ., ਅੱਖਾਂ ਵਿਚ ਸਰਮਾ ਲਗਾਉਂਣ ਦਾ ਕੰਮ

अञ्जनकेश–ਅੰਜਨਕੇਸ਼, ਪੁ., ਦੀਵਾ, ਚਿਰਾਗ਼

अञ्जन केशिका–ਅੰਜਨ ਕੇਸ਼ਿਕਾ, ਇ., ਨਖ ਨਾਉਂ ਦੀ ਸੁਗੰਧਤ ਦਵਾਈ

अञ्जनशलाका–ਅੰਜਨਸ਼ਲਾਕਾ, ਇ., ਅੱਖਾਂ ਵਿਚ ਸੁਰਮਾ ਲਗਾਉਣ ਵਾਲੀ ਸਲਾਈ, ਸੁਰਮਚੂ

अञ्जना–ਅੰਜਨਾ, ਇ., ਕੇਸਰੀ ਬਾਂਦਰ ਦੀ ਤੀਵੀਂ, ਹਨੂਮਾਨ ਦੀ ਮਾਂ, ਅੱਖ ਦੀ ਫਿਨਸੀ, ਇਕ ਤਰ੍ਹਾਂ ਦਾ ਧਾਨ, ਦੋ ਰੰਗੀ ਕਿਰਲੀ

अञ्जनानन्दन–ਅੰਜਨਾਨੰਦਨ, ਪੁ., ਅੰਜਨਾ ਦਾ ਪੁਤਰ ਹਨੂਮਾਨ, ਮਹਾਵੀਰ

अञ्जनिक–ਅੰਜਨਿਕ, ਪੁ., ਛਿਪਕਲੀ, ਕਿਰਲੀ; ਚੂਹਾ

अञ्जनी–ਅੰਜਨੀ, ਇ., ਚੰਦਨ ਕੇਸਰ ਆਦਿ ਜਿਸ ਦੇ ਲੱਗੇ ਹੋਣ ਇਹੋ ਜਿਹੀ ਤੀਵੀਂ, ਹਨੂਮਾਨ ਦੀ ਮਾਂ, ਅੱਖ਼ ਦੀ ਪੁਤਲੀ, ਮਾਇਆ, ਕੁਟਕੀ ਨਾਉਂ ਦੀ ਦਵਾਈ (ਕੜੂ)

अञ्जर पञ्जर–ਅੰਜਰ ਪੰਜਰ, ਪੁ., ਹਡੀਆਂ ਦਾ ਪਿੰਜਰ, ਪੱਸਲੀ, ਹਡੀਆਂ ਦਾ ਢਾਂਚਾ

अञ्जलि–ਅੰਜਲਿ, ਪੁ., ਹਥੇਲੀ ਦਾ ਡੂੰਘਾ ਥਾਉਂ, ਬੁੱਕ, ਸੰਪੁਟ, ਉਂਜਲ

अञ्जलिका–ਅੰਜਲਿਕਾ, ਇ., ਛੋਟੀ ਮੂਸਲੀ, ਲੱਜਾਵੰਤੀ ਦਾ ਬੂਟਾ, ਜਟਾ-ਮਾਸੀ ਨਾਉਂ ਦੀ ਬੂਟੀ, ਉਂਜਲ

अञ्जलिगत–ਅੰਜਲਿਗਤ, ਵਿ., ਉਂਜਲ ਵਿਚ ਰਖਿਆ ਹੋਇਆ

अञ्जलिबद्ध–ਅੰਜਲਿਬੱਧ, ਵਿ., ਹੱਥ ਜੋੜੇ ਹੋਏ, ਹੱਥ ਬੰਨ੍ਹੇ ਹੋਏ

अञ्जस–ਅੰਜਸ, ਵਿ., ਸਿੱਧਾ, ਜੋ ਟੇਢਾ ਨਾ ਹੋਵੇ

अञ्जसा–ਅੰਜਸਾ, ਅਵਜ., ਜਲਦੀ, ਛੇਤੀ, ਠੀਕ, ਅਸਲੀ

अञ्जही–ਅੰਜਹੀ, ਇ., ਉਹ ਬਜ਼ਾਰ ਜਿਥੇ ਅੰਨ ਵਿਕਦਾ ਹੋਵੇ, ਅਨਾਜ-ਮੰਡੀ, ਵਿ., ਅੰਨ ਸਬੰਧੀ, ਅਨਾਜੀ

अञ्जित–ਅੰਜਿਤ, ਵਿ., ਸੁਰਮਾ ਪਾਇਆ ਹੋਇਆ

अञ्जिष्ठ–ਅੰਜਿਸ਼ਠ, ਪੁ., ਸੂਰਜ

अञ्जी–ਅੰਜੀ, ਇ., ਆਟਾ ਪੀਸਣ ਦੀ ਚੱਕੀ

अञ्जीर–ਅੰਜੀਰ, ਪੁ., ਗੁੱਲਰ ਦੇ ਫਲ ਜਿੱਡੇ ਫਲ ਵਾਲਾ ਇਕ ਰੁੱਖ

अञ्जुरी–ਅੰਜੁਰੀ, ਇ., ਉਂਜਲ, ਬੁੱਕ

अञ्जोर–ਅੰਜੋਰ, ਪੁ., ਉਜਾਲਾ, ਚਾਨਣਾ, ਪਰਕਾਸ਼, ਚਾਂਦਨੀ

अञ्जोरा–ਅੰਜੋਰਾ, ਪੁ., ਚਾਨਣਾ, ਵਿ., ਚਾਨਣ ਹੋਇਆ ਹੋਇਆ

अञ्झा–ਅੰਝਾ, ਪੁ., ਅਵਕਾਸ਼, ਵਿਹਲਾ ਸਮਾ, ਛੁੱਟੀ, ਢਿਹਲ, ਫੁਰਸਤ

अटक–ਅਟਕ, ਪੁ., ਇਕ ਨਗਰ ਜ ਪਾਕਿਸਤਾਨ ਵਿਚ ਰਾਵਲਪਿੰਡੀ ਦੇ ਪੂਰਬ ਵਿਚ ਹੈ

अटक अटकन–ਅਟਕ ਅਟਕਨ, ਇ., ਰੋਕ, ਰੁਕਾਵਟ, ਲੋੜ, ਵਿਘਨ

अटकन बटकन–ਅਟਕਨ ਬਟਕਨ, ਪੁ., ਮੁੰਡਿਆਂ ਦੀ ਇਕ ਤਰ੍ਹਾਂ ਦੀ ਖੇਡ

अटकना–ਅਟਕਨਾ, ਕ੍ਰਿ., ਚਲਦੇ ਚਲਦੇ ਰੁਕ ਜਾਣਾ,ਠਹਿਰਨਾ, ਫਸਣਾ, ਉਲਝਣਾ, ਝਗੜਾ ਕਰਨਾ, ਅੱਗੇ ਰਹਿਣਾ, ਪਰੇਮ ਕਰਨਾ

अटकर–ਅਟਕਰ, ਇ., ਅਨੁਮਾਨ, ਅੰਦਾਜ਼ਾ

अटकरना–ਅਟਕਰਨਾ, ਕ੍ਰਿ., ਅੰਦਾਜ਼ਾ ਲਾਉਣਾ, ਅਨੁਮਾਨ ਕਰਨਾ, ਕਿਆਸ ਕਰਨਾ

अटकल–ਅਟਕਲ, ਇ., ਅਨੁਮਾਨ, ਅੰਦਾਜ਼ਾ, ਕਿਆਸ

अटकलपच्चू–ਅਟਕਲਪੱਚੂ, ਵਿ., ਅੰਦਾਜ਼ੀ, ਕਿਆਸੀ ਪੁ., ਅੰਦਾਜ਼, ਕਿਆਸ

अटकाना–ਅਟਕਾਨਾ, ਕ੍ਰਿ., ਠਹਿਰਾਉਣਾ, ਲਗਾਉਣਾ, ਚਾਲ ਥੰਮ੍ਹਣਾ, ਫਸਾਉਣਾ, ਉਲਝਾਉਣਾ, ਰੁਕਾਵਟ ਪਾਉਣਾ

अटकाव–ਅਟਕਾਵ, ਪੁ., ਰੋਕ, ਰੁਕਾਵਟ

अटखट–ਅਟਖਟ, ਵਿ., ਟੁੱਟਿਆ, ਫੁੱਟਿਆ, ਗੜਬੜ

अटखेली–ਅਟਖੇਲੀ, ਇ., ਖੇਲ ਕੁੱਦ, ਹੁਸ਼ਿਆਰੀ, ਕਲ਼ੋਲ, ਮਸਤਾਨੀ ਚਾਲ

अटट–ਅਟਟ, ਵਿ., ਪੱਕਾ, ਮਜ਼ਬੂਤ

अटन–ਅਟਨ, ਪੁ., ਘੁੰਮਣਾ ਫਿਰਨਾ, ਬਾਟ ਚੱਲਣਾ, ਸੈਰ-ਕਰਨੀ

अटनि अटनी–ਅਟਨਿ ਅਟਨੀ, ਇ., ਧਨੁਸ਼ ਦਾ ਉਹ ਹਿੱਸਾ ਜਿੱਥੇ ਕਮਾਣ ਦੀ ਡੋਰੀ ਚੜ੍ਹਾਈ ਜਾਂਦੀ ਹੈ

अटपट–ਅਟਪਟ, ਵਿ., ਟੇਢਾ ਮੇਢਾ, ਔਖਾ, ਬੇਢੰਗਾ, ਡੂੰਘਾ, ਭੈ ਵਾਲਾ, ਉਲਟਾ ਸਿੱਧਾ

अटपटाना–ਅਟਪਟਾਨਾ, ਕ੍ਰਿ., ਇਧਰ ਉਧਰ ਹੋਣਾ, ਸੰਗਣਾ

अटपटी–ਅਟਪਟੀ, ਇ., ਤਿਰਛੀ, ਟੇਡੀ, ਵਿੰਗੀ, ਬੇਢੰਗੀ

अटब्बर–ਅਟੱਬਰ, ਪੁ., ਪਖੰਡ, ਘਮੰਡ, ਟੱਬਰ, ਘਰਾਣਾ, ਪਰਵਾਰ

अटम–ਅਟਮ, ਪੁ., ਢਰ ਬਹੁਤਾਇਤ, ਸਮੁਦਾਇ, ਇਕੱਠ, ਅਧਿਕਤਾ

अटरूप–ਅਟਰੂਪ, ਪੁ., ਅੜੂਸੇ ਦਾ ਰੁੱਖ

अटल–ਅਟਲ, ਵਿ., ਨਾ ਟਲਣ ਵਾਲਾ, ਜ਼ਰੂਰੀ ਹੋਣ ਵਾਲਾ,ਪੱਕਾ

अटव अटवी–ਅਟਵ ਅਟਵੀ, ਪੁ. ਇ., ਬਣ, ਜੰਗਲ, ਬੀੜ

अटविक–ਅਟਵਿਕ, ਪੁ., ਲੱਕੜਹਾਰਾ, ਜਿਹੜਾ ਜੰਗਲ ਵਿਚੋਂ ਲਕੜੀਆਂ ਲਿਆ ਕੇ ਵੇਚਦਾ ਹੈ

अटवीलता–ਅਟਵੀਲਤਾ, ਇ., ਕੁੰਭੜੇ ਦਾ ਰੁੱਖ

अटहर–ਅਟਹਰ, ਪੁ., ਰਾਸ, ਢੇਰ

अटा–ਅਟਾ, ਇ., ਭ੍ਰਮਣ, ਛੱਤ, ਅਟਾਰੀ, ਢੇਰ

अटाउ अटाव–ਅਟਾਉ ਅਟਾਵ, ਪੁ., ਲਾਗ ਡਾਟ, ਦੁਸ਼ਮਣੀ, ਵੈਰ

अटाटूट–ਅਟਾਟਟ, ਵਿ., ਨਾ ਟੁੱਟਣ ਵਾਲਾ, ਪੱਕਾ, ਬਹੁਤਾ, ਭਾਰੀ

अटारी–ਅਟਾਰੀ, ਇ., ਛੱਤ, ਘਰ ਦੀ ਸਭ ਤੋਂ ਉੱਪਰਲੀ ਛਤ ਦੀ ਕੋਠੜੀ ਜਾਂ ਚੁਬਾਰਾ

अटाल–ਅਟਾਲ, ਪੁ., ਬਹੁਤ ਉੱਚਾ ਘਰ, ਬੁਰਜ

अटाला–ਅਟਾਲਾ, ਪੁ., ਢੇਰ, ਸਾਮਾਨ, ਸਮਗਰੀ

अटिया–ਅਟਿਯਾ, ਇ., ਛੋਟਾ ਘਰ, ਝੌਂਪੜੀ, ਕੁੱਲੀ, ਘਾਸ ਆਦਿ ਦਾ ਬੰਨ੍ਹਿਆ ਹੋਇਆ ਮੰਠਾ

अटूट–ਅਟੂਟ, ਵਿ., ਨਾ ਟੁੱਟਣ ਵਾਲਾ, ਜਿਸ ਦਾ ਟੁਕੜਾ ਨਾ ਹੋ ਸਕੇ, ਪੱਕਾ, ਜ਼ਿਆਦਾ, ਬਰਾਬਰ, ਲਗਾਤਾਰ

अटेक–ਅਟੇਕ, ਵਿ., ਬਿਨਾ ਮਕਸਦ ਦਾ, ਬਿਨਾ ਸਹਾਰੇ ਦਾ

अटेरन–ਅਟੇਰਨ, ਪੁ., ਸੂਤ ਦੀਅੱਟੀ ਬਣਾਉਣ ਦਾ ਇਕ ਜੰਤਰ, ਕੁਸ਼ਤੀ ਦਾ ਇਕ ਦਾਅ, ਘੋੜੇ ਦੇ ਚੱਕਰ ਦੇਣ ਦਾ ਇਕ ਤਰੀਕਾ

अटेरना–ਅਟੇਰਨਾ, ਕ੍ਰਿ., ਸੂਤ ਦੀ ਅੱਟੀ ਬਣਾਉਣਾ, ਮੋੜਨਾ, ਨਸ਼ੇ ਵਿਚ ਮਸਤ ਹੋਣਾ

अटोक–ਅਟੋਕ, ਵਿ., ਬਿਨਾ ਰੋਕ ਟੋਕ

अटम्बर–ਅਟੰਬਰ, ਪੁ., ਢੇਰ, ਸਮੁੱਚਾ ਇਕੱਠ

अट्ट–ਅੱਟ, ਪੁ., ਮਹਿਲ, ਅਟਾਰੀ, ਹੱਟ, ਬਜ਼ਾਰ, ਵਿ., ਬਹੁਤਾ ਉੱਚਾ

अट्टक–ਅੱਟਕ, ਪੁ., ਛਤ, ਘਰ ਦੀ ਕੋਠੜੀ

अट्टन–ਅੱਟਨ, ਪੁ., ਢਾਲ, ਬੇਇਜ਼ਤੀ, ਅਪਮਾਨ

अट्टहास–ਅੱਟਹਾਸ, ਪੁ., ਉੱਚੀ ਹਸਣਾ, ਜ਼ੋਰ ਦਾ ਹਾਸਾ

अट्टहासक–ਅੱਟਹਾਸਕ, ਪੁ., ਜ਼ੋਰ ਨਾਲ ਹਸਣ ਵਾਲਾ ਮਨੁੱਖ, ਕੁੰਦ ਦਾ ਰੁੱਖ

अट्टहासी–ਅੱਟਹਾਸੀ, ਪੁ., ਮਹਾਦੇਵ, ਸ਼ਿਵ

अट्टा–ਅੱਟਾ, ਪੁ., ਅਟਾਰੀ

अट्टाल–ਅੱਟਾਲ, ਪੁ., ਮਹਿਲ ਦੀ ਸਭ ਤੋਂ ਉੱਚੀ ਛੱਤ ਦਾ ਕਮਰਾ

अट्टालिका–ਅੱਟਾਲਿਕਾ, ਇ., ਅਟਾਰੀ, ਵੱਡਾ ਮਕਾਨ, ਮਹਿਲ, ਹਵੇਲੀ

अट्टालिकाबन्ध–ਅੱਟਾਲਿਕਾਬੰਧ, ਪੁ., ਮਹਿਰਾਬ ਦਾਰ ਡਾਟ, ਨੀਂਹ

अट्टी–ਅੱਟੀ, ਇ., ਲੱਛੀ, ਅਟੇਰਨ ਉਤੇ ਲਿਪਟਿਆ ਹੋਇਆ ਧਾਗਾ

अट्ठा–ਅੱਠਾ, ਪੁ., ਤਾਸ਼ ਦੀ ਅੱਠੀ, ਅੱਠਾਂ ਚੀਜ਼ਾਂ ਦਾ ਇਕੱਠ

अठइसा–ਅਠਇਸਾ, ਇ., ਇਕ ਸੋ ਚਾਲੀ

अठकौंसल–ਅਠਕੌਂਸਲ, ਇ., ਸਭਾ, ਪੰਚਾਇਤ, ਸਲਾਹ

अठखेली–ਅਠਖੇਲੀ, ਇ., ਖੇਡ, ਕੌਤਕ, ਖੇਲ੍ਹ ਕੁੱਦ, ਉੱਛਲ ਕੁੱਦ

अठपतिया–ਅਠਪਤਿਯਾ, ਵਿ., ਅੱਠ ਪੱਤਿਆਂ ਦਾ ਇਕ ਤਰ੍ਹਾਂ ਦਾ ਕਸੀਦਾ ਜਿਸ ਦੇ ਵਿਚ ਅੱਠ ਪੱਤੀਆਂ ਕੱਢੀਆਂ ਜਾਂਦੀਆਂ ਹਨ

~~५/१०८~~ २.३/२८ 25701

अठपाव–ਅਠਪਾਵ, ਪੁ., ਉਪੱਦਰ, ਹਲਚਲ, ਗੜਬੜੀ

अठबन्ना–ਅਠਬੰਨਾ, ਪੁ., ਤਾਣੇ ਦੇ ਸੂਤ ਨੂੰ ਲਪੇਟਣ ਵਾਲਾ ਬਾਂਸ

अठमासा–ਅਠਮਾਸਾ, ਵਿ., ਅੱਠ ਮਹੀਨੇ ਦਾ, ਅੱਠ ਮਾਸੇ ਦੇ ਤੋਲ ਦਾ, ਇਖ ਬੀਜਣ ਲਈ ਜੋ ਖੇਤ ਮਾਘ ਮਹੀਨੇ ਤੋਂ ਹਾੜ ਤਕ ਵਾਹਿਆ ਜਾਵੇ

अठमासी–ਅਠਮਾਸੀ, ਵਿ.. ਅੱਠ ਮਾਸੇ ਦੇ ਤੋਲ ਵਾਲੀ ਗਿੰਨੀ, ਪੌਂਡ

अठलाना–ਅਠਲਾਨਾ, ਕ੍ਰਿ., ਆਕੜਨਾ, ਖੇਲ੍ਹ ਕੁੱਦ ਕਰਨਾ, ਘਮੰਡ ਪਰਗਟ ਕਰਨਾ, ਠੋਸਾ ਦਿਖਾਉਣਾ, ਮਦਮਸਤ ਹੋਣਾ

अठवना–ਅਠਵਨਾ, ਕ੍ਰਿ., ਇਕੱਤਰ ਹੋਣਾ, ਇਕੱਠੇ ਹੋਣਾ

अठवांसा–ਅਠਵਾਂਸਾ, ਵਿ., ਅੱਠ ਮਹੀਨੇ ਵਿਚ ਜਨਮ ਲੈਣ ਵਾਲਾ

अठवारा–ਅਠਵਾਰਾ, ਪੁ., ਅੱਠ ਦਿਨ ਦਾ ਸਮਾ, ਅੱਠਵਾਂ ਦਿਨ, ਸਪਤਾਹ. ਹਫ਼ਤਾ

अठवारी–ਅਠਵਾਰੀ, ਇ., ਜ਼ਮੀਂਦਾਰ ਨੂੰ ਹਰੇਕ ਅੱਠਵੇਂ ਦਿਨ ਕਿਸਾਨ, ਹਲ ਅਤੇ ਬੈਲ ਦੇਣ ਦੀ ਰਸਮ

अठवाली–ਅਠਵਾਲੀ, ਇ., ਪਾਲਕੀ ਜਿਸ ਨੂੰ ਅੱਠ ਕਹਾਰ ਚੁਕਦੇ ਹਨ

अठान–ਅਠਾਨ, ਵਿ., ਨਾ ਸਥਿਰ ਕਰਨ ਜੋਗ, ਪੁ., ਬੁਰਾ ਕੰਮ, ਦੁਸ਼ਮਣੀ, ਵੈਰ

अठाना–ਅਠਾਨਾ, ਕ੍ਰਿ., ਠਾਨਣਾ, ਦੁਖ ਦੇਣਾ, ਸੰਤਾਪ ਦੇਣਾ

अठे–ਅਠੇ, ਕ੍ਰਿ. ਵਿ., ਇਥੇ, ਇਸ ਥਾਂ ਤੇ

अठोठ–ਅਠੋਠ, ਪੁ., ਠਾਠਬਾਠ, ਪਖੰਡ

अठोतरी–ਅਠੋਤ਼ਰੀ, ਇ., ਇਕ ਸੌ ਅਠ ਮਣਕਿਆਂ ਦੀ ਜਪ ਕਰਨ ਵਾਲੀ ਮਾਲਾ, ਇਕ ਸੋ ਅੱਠ ਵਰ੍ਹੇ ਦੀ ਠਹਿਰ

अठोरा–ਅਠੋਰਾ, ਵਿ., ਅੱਠ ਦਾ। ਪੁ., ਅੱਠ ਪਤਿਆਂ ਦਾ ਬਣਿਆ ਹੋਇਆ ਡੂੰਨਾ

अडर–ਅਡਰ, ਵਿ., ਭ ਰਹਿੰਤ, ਨਿਡਰ, ਬੇਖੌਫ਼

अड़–ਅੜ, ਇ., ਹਠ, ਟਕ, ਜ਼ਿੱਦ, ਸਿਰੜ

अड़काना–ਅੜਕਾਨਾ, ਕ੍ਰਿ., ਰੋਕਣਾ, ਥੰਮ੍ਹਣਾ, ਅਟਕਾਉਣਾ

अड़ग–ਅੜਗ, ਵਿ., ਦਿਰੜ੍ਹ, ਮਜ਼ਬੂਤ, ਨਾ ਹਿੱਲਣ ਵਾਲਾ, ਅਚਲ

अड़गोड़ा–ਅੜਗੋੜਾ, ਪੁ., ਇਕ ਲੱਕੜੀ ਦਾ ਟੁਕੜਾ ਜੋ ਵੀਹ-ਚਰੇ ਪਸ਼ੂ ਦੇ ਗਲ ਵਿਚ ਪਾਇਆ ਜਾਂਦਾ ਹੈ, ਜਿਸ ਨਾਲ ਛੇਤੀ ਛੇਤੀ ਚੱਲ ਨਾ ਸਕੇ ਅਤੇ ਭੱਜ ਨਾ ਸਕੇ, ਠੋਕਰ, ਡਾਹਾ

अड़ङ्ग–ਅੜੰਗ, ਪੁ., ਬਜ਼ਾਰ, ਮੰਡੀ, ਹੱਟ

अड़ङ्गा–ਅੜੰਗਾ, ਪੁ., ਰੁਕਾਵਟ, ਬਾਨ੍ਹ, ਰੋਕ, ਵਿਘਨ

अड़चन–ਅੜਚਨ, ਇ., ਵਿਘਨ, ਰੁਕਾਵਟ, ਰੋਕ

अड़ड़ पोपो–ਅੜੜ ਪੋਪੋ, ਵਿ., ਹੱਥ ਵੇਖਕੇ ਮੰਦੀ ਚੰਗੀ ਆਖਣ ਵਾਲਾ, ਠੱਗ, ਛਲੀਆ, ਪਖੰਡੀ, ਗੱਪੀ, ਬਕਵਾਦੀ

अडण्ड–ਅਡੰਡ, ਵਿ., ਜਿਸ ਨੂੰ ਦੰਡ ਨਾ ਦਿੱਤਾ ਗਿਆ ਹੋਵੇ, ਨਿਰਭੈ, ਭੈ ਰਹਿਤ

अड़तल–ਅੜਤਲ, ਇ., ਆੜ, ਓਟ, ਛਾਇਆ, ਸਹਾਰਾ, ਸ਼ਰਣ, ਆਸਰਾ

अड़तला–ਅੜਤਲਾ, ਪੁ., ਆਸਰਾ, ਸਹਾਰਾ

अड़दार–ਅੜਦਾਰ, ਵਿ., ਅੜਨ ਵਾਲਾ, ਚੱਲਣ ਵਿਚ ਰੁਕਣ ਵਾਲਾ, ਅੜੀਅਲ, ਮਸਤ

अड़ना–ਅੜਨਾ, ਕ੍ਰਿ., ਚਲਦੇ ਚਲਦੇ ਰੁਕ ਜਾਣਾ, ਹਠ ਕਰਨਾ, ਰੁਥਣਾ, ਅਟਕਣਾ

अड़पापल–ਅੜਪਾਪਲ, ਵਿ., ਤਾਕਤਵਰ, ਤਕੜਾ, ਜ਼ੋਰ ਵਾਲਾ

अड़बंग–ਅੜਬੰਗ, ਵਿ., ਟੇਢਾ, ਊਬੜ ਖਾਬੜ, ਔਖਾ, ਅੜਬੜ, ਕਠਨ, ਬੇਡੌਲ

अड़बंध–ਅੜਬੰਧ, ਪੁ., ਕੌਪੀਨ, ਲੰਗੋਟੀ

अड़व–ਅੜਵ, ਪੁ., ਇਕ ਤਰ੍ਹਾਂ ਦਾ ਰਾਗ

अड़वल–ਅੜਵਲ, ਵਿ., ਅੜਨ ਵਾਲਾ, ਰੁਕਣ ਵਾਲਾ, ਅੜੀਅਲ

अड़हु–ਅੜਹੁ, ਪੁ., ਗੂੜੇ ਲਾਲ ਰੰਗ ਦਾ ਇਕ ਫੁੱਲ, ਦੇਵੀ ਫੁਲ, ਜਪਾ ਫੁੱਲ

अड़ाड़–ਅੜਾੜ, ਪੁ., ਪਸ਼ੂਆਂ ਨੂੰ ਬੰਨ੍ਹਣ ਦਾ ਬਾੜਾ, ਢੇਰ

अड़ाड़ा–ਅੜਾੜਾ. ਪੁ., ਅਡੰਬਰ, ਢੌਂਗ, ਢਕੌਂਸਲਾ, ਪਖੰਡ,

अड़ान–ਅੜਾਨ, ਇ., ਆਰਾਮ ਕਰਨ ਦੀ ਜਗਾ, ਪੜਾਉ, ਮੁਸਾਫਰਾਂ ਦੇ ਠਹਿਰਨ ਵਾਲੀ ਥਾਉਂ, ਚੱਟੀ

अड़ाना–ਅੜਾਨਾ, ਕ੍ਰਿ., ਰੋਕਣਾ, ਠਹਿਰਾਉਣਾ, ਟਿਕਾਉਣਾ, ਆੜ ਦੇਣਾ, ਟੇਕ ਲਗਾਉਣਾ, ਫਸਾਉਣਾ, ਠੋਸਣਾ, ਭਰਨਾ, ਤੁੰਨਣਾ, ਪੁ., ਟੇਕ, ਰੋਕ, ਠਹਿਰਾਉ

अड़ानी–ਅੜਾਨੀ, ਇ., ਰੋਕਣ ਦਾ ਸਾਧਨ, ਓਟ, ਘੁਲਣ ਦਾ ਇਕ ਦਾਅ

अड़ार–ਅੜਾਰ., ਪੁ., ਢੇਰ, ਲੱਕੜੀਆਂ ਦਾ ਢੇਰ, ਲੱਕੜੀ ਦੀ ਦੁਕਾਨ, ਟਾਲ

अड़ाल–ਅੜਾਲ, ਪੁ., ਇਕ ਕਿਸਮ ਦਾ ਨਾਚ

अड़िग–ਅੜਿਗ, ਵਿ., ਨਾ ਡੋਲਣ ਵਾਲਾ, ਨਿਹਚਲ, ਸਥਿਰ, ਅਡੋਲ

अड़ियल–ਅੜਿਯਲ, ਵਿ., ਅੜੀ ਕਰਨ ਵਾਲਾ, ਛੇਤੀ ਕੰਮ ਨਾ ਕਰਨ ਵਾਲਾ, ਹਠੀ, ਜ਼ਿੱਦੀ, ਅੜੀਆ

अड़िया–ਅੜਿਯਾ, ਪੁ., ਸਾਧੂਆਂ ਦੇ ਸਹਾਰਾ ਲੈਣ ਦੀ ਫਹੁੜੀ, ਵਰਾਗਣ, ਫਹੁੜੀ

अड़ी–ਅੜੀ, ਇ., ਰੋਕ, ਹਠ, ਵੇਲਾ, ਜ਼ਿਦ, ਵਿ., ਖੜੀ, ਹੋਈ, ਰੁਕੀ ਹੋਈ

अड़ी खंभ–ਅੜੀ ਖੰਭ, ਵਿ., ਤਕੜਾ, ਬਲਵਾਲਾ, ਪ੍ਰਸ਼ਟ, ਹਿੰਮਤੀ

अड़ीठ–ਅੜੀਠ, ਵਿ., ਨਾ ਦੇਖਿਆ ਹੋਇਆ, ਗੁਪਤ, ਲੁਕਵਾਂ, ਪੁ., ਪਿੱਠ ਉਤੇ ਦਾ ਫੋੜਾ

अड़ूलना–ਅੜੂਲਨਾ, ਕ੍ਰਿ., ਮੁਧਾਉਣਾ, ਗਿਰਾਉਣਾ

अड़ूसा–ਅੜੂਸਾ, ਪੁ., ਇਕ ਬੂਟੀ ਜਿਸ ਦੇ ਪੱਤਿਆਂ ਦਾ ਕਾੜ੍ਹਾ ਖੰਘ, ਦਮਾ ਆਦਿ ਰੋਗਾਂ ਵਿਚ ਲਾਭ ਪੁਚਾਉਂਦਾ ਹੈ

अड़ेच–ਅੜੇਚ, ਇ., ਵੈਰ, ਖਾਰ, ਦੁਸ਼ਮਣੀ

अडोल–ਅਡੋਲ, ਵਿ., ਨਾ ਡੋਲਣ ਵਾਲਾ, ਸਥਿਰ

अड़ोस पड़ोस–ਅੜੋਸ ਪੜੋਸ, ਪੁ., ਇਧਰ ਉਧਰ, ਆਸ ਪਾਸ, ਲਵੇ ਲੋਣੇ, ਨੇੜੇ ਤੇੜੇ, ਕੋਲੇ, ਪਾਸ, ਗੁਆਂਢ

अड़ोसी पड़ोसी–ਅੜੋਸੀ ਪੜੋਸੀ, ਵਿ., ਕੋਲ ਰਹਿਣ ਵਾਲਾ, ਗੁਆਂਢੀ

अड्डन–ਅੰਡਨ, ਪੁ., ਢਾਲ

अड्डा–ਅੱਡਾ, ਪੁ., ਰਹਿਣ ਦੀ ਜਗਾ, ਨਿਵਾਸ, ਡੇਰਾ, ਇਕੱਠੇ ਹੋਣ ਦੀ ਥਾਉਂ, ਗੁੰਡਿਆਂ ਦੇ ਕੱਠੇ ਹੋਣ ਦੀ ਥਾਉਂ, ਸੈਨਾ ਦੇ ਠਹਿਰਨ ਦੀ ਥਾਉਂ, ਖਰਾਦਣ ਦੀ ਲੱਕੜ, ਰੰਡੀ ਦਾ ਘਰ

अड्डी–ਅੱਡੀ, ਇ., ਲੱਕੜ ਵਿਚ ਛੇਕ ਪਾਉਣ ਵਾਲੀ ਵਰਮੀ

अढ़तिया–ਅੜ੍ਹਤਿਯਾ, ਪੁ., ਆੜ੍ਹਤ ਕਰਨ ਵਾਲਾ, ਦਲਾਲ, ਅੱਢਣ

अढन–ਅਢਨ, ਇ., ਸਿਖਿਆ, ਉਪਦੇਸ਼, ਕਥਾ

अढवना–ਅਢਵਨਾ, ਕ੍ਰਿ., ਕੰਮ ਵਿਚ ਲਗਾਉਣਾ, ਹੁਕਮ ਦੇਣਾ

अढारटंकी–ਅਢਾਰਟੰਕੀ ਇ., ਧਨੁਸ਼, ਕਮਾਣ

अढ़िया–ਅਢਿਯਾ, ਇ., ਕਾਠ ਜਾਂ ਪੱਥਰ ਦਾ ਬਣਿਆ ਹੋਇਆ ਛੋਟਾ ਭਾਂਡਾ, ਗਾਰਾ ਢੋਣ ਦਾ ਤਸਲਾ ਜਾਂ ਕੜਾਹੀ, ਬੱਠਲ, ਤਗਾਰੀ

अढुक–ਅਢੁਕ, ਪੁ, ਚੋਟ, ਸੱਟ, ਠੋਕਰ

अढुकना–ਅਢੁਕਨਾ, ਕ੍ਰਿ, ਸੱਟ ਲਗਣੀ, ਠੇਸ ਲਗਣੀ, ਚੋਟ ਖਾਣਾ, ਸਹਾਰਾ ਲੈਣਾ, ਟੇਕਣਾ

अढुकि–ਅਢੁਕਿ, ਵਿ, ਆਸਰਾ ਲੈਂਦਾ ਹੋਇਆ

अढैया–ਅਢੈਯਾ, ਪੁ., ਢਾਈ ਸੇਰ ਦਾ ਤੋਲ, ਪੰਜ ਸੇਰ ਦਾ ਅੱਧ ਵਿ., ਕੰਮ ਵਿਚ ਲਾਉਣ ਵਾਲਾ, ਨਿਡਰ

अण अणक–ਅਣ ਅਣਕ, ਵਿ., ਅਧਮ, ਨੀਚ, ਬਕਵਾਦੀ, ਕਮੀਣਾ

अणद्–ਅਣਦ, ਪੁ., ਅਨੰਦ, ਖੁਸ਼ੀ, ਪਰਸੰਨਤਾ

अणसंग–ਅਣਸੰਗ, ਵਿ . ਨਿਡਰ, ਨਾ ਡਰਨ ਵਾਲਾ

अणास–ਅਣਾਸ, ਇ., ਔਖ, ਕਠਨਤਾ

अणि–ਅਣਿ, ਇ., ਪਹੀਏ ਦੇ ਧੁਰੇ ਦੀ ਕਿੱਲ, ਨੋਕ, ਆਰਾ, ਧਾਰ, ਹੱਦ, ਕਿਨਾਰਾ, ਬੰਨ੍ਹ, ਤੀਰ

अणिमा–ਅਣਿਮਾ, ਪੁ., ਬਹੁਤ ਸੂਖਮ ਪਰਮਾਣ, ਅੱਠ ਤਰ੍ਹਾਂ ਦੀਆਂ ਸਿੱਧੀਆਂ ਵਿਚੋਂ ਉਹ ਸਿੱਧੀ ਜਿਸ ਦੇ ਨਾਲ ਜੋਗੀ ਬਹੁਤ ਸੂਖਮ ਰੂਪ ਧਾਰਣ ਕਰ ਸਕਦਾ ਹੈ

अणियाली–ਅਣਿਯਾਲੀ, ਇ., ਬਰਛੀ, ਕਟਾਰ

अणीय–ਅਣੀਯ, ਵਿ., ਅਤਿ ਸੂਖਮ, ਬਹੁਤ ਬਰੀਕ

अणु–ਅਣੁ, ਪੁ., ਸੂਖਮ, ਛੋਟਾ, ਥੋੜਾ, ਬਹੁਤ ਬਰੀਕ, ਕਣ, ਧਾਨ, ਗਾਣ ਵਿਦਿਆ ਦੀ ਇਕ ਮਾਤ੍ਰਾ

अणुक–ਅਣੁਕ, ਵਿ., ਹੁਸ਼ਿਆਰ, ਥੋੜਾ ਪਰਮਾਣ

अणुता–ਅਣੁਤਾ; ਇ., ਸੂਖਮਤਾ, ਬਰੀਕੀ

अणुधर्म–ਅਣੁਧਰਮ, ਪੁ., ਉਹ ਧਰਮ ਜਿਸ ਦੇ ਅਸੂਲ ਬਹੁਤ ਸੂਖਮ ਹੋਣ

अणुभा–ਅਣੁਭਾ, ਇ., ਬਿਜਲੀ

अणुरेवती–ਅਣੁਰੇਵਤੀ, ਇ., ਜਮਾਲਗੋਟਾ

अणुवीक्षण–ਅਣੁਵੀਕਸ਼ਣ, ਪੁ., ਖੁਰਦਬੀਨ

अण्टा–ਅੰਟਾ, ਪੁ., ਵੱਡੀ ਗੋਲੀ, ਅਟੇਰਨਾ ਜਿਸ ਤੇ ਸੂਤ ਲਪੇਟਦੇ ਹਨ, ਊਰਾ, ਉੱਚੀ ਅਟਾਰੀ

अण्टा गुड़गुड़–ਅੰਟਾ ਗੁੜ ਗੁੜ, ਵਿ.,ਨਸ਼ੇ ਵਿਚ ਚੂਰ, ਬੇਹਸ਼, ਬੇਸੁਧ

अण्टाचित–ਅੰਟਾਚਿਤ, ਵਿ., ਪਿੱਠ ਪਰਨੇ ਪਿਆ ਹਇਆ, ਸਿੱਧਾ

अण्टावन्धू–ਅੰਟਾਬੰਧੂ, ਪੁ., ਕੌਡੀ ਜੋ ਜੂਏ ਵਿਚ ਸਿੱਟੀ ਜਾਂਦੀ ਹੈ

अण्टिया–ਅੰਟਿਯਾ, ਇ., ਛੋਟੀ ਗੰਢੜੀ

अण्टियाना–ਅੰਟਿਯਾਨਾ, ਕ੍ਰਿ., ਲੁਕਾਉਣਾ, ਛਿਪਾਉਣਾ, ਗੰਢੜੀ ਬੰਨ੍ਹਣੀ, ਰੱਸੀ ਲਪੇਟਣਾ

अण्ठाई–ਅੰਠਾਈ, ਇ., ਇਕ ਕਿਸਮ ਦਾ ਕੀੜਾ

अण्ड–ਅੰਡ; ਪੁ., ਅੰਡਾ, ਪਤਾਲੂ, ਵੀਰਜ, ਕਾਮਦੇਵ, ਦੁਨੀਆ, ਮਿਰਗ ਨਾਭ

अण्डक–ਅੰਡਕ, ਪੁ., ਪਤਾਲੂ, ਫੋਤਾ

अण्डकाटाह–ਅੰਡਕਟਾਹ, ਪੁ., ਦੁਨੀਆ, ਮੰਸਾਰ, ਬ੍ਰਹਿਮੰਡ

अण्ड कोष (श)–ਅੰਡ ਕੋਸ਼, ਪੁ., ਪਤਾਲੂ, ਫੋਤੇ, ਸੀਮਾ, ਫਲ

अण्डग–ਅੰਡਗ, ਪੁ., ਗੇਹੂੰ, ਕਣਕ

अण्डज–ਅੰਡਜ, ਪੁ., ਅੰਡੇ ਤੋਂ ਪੈਦਾ ਹੋਣ ਵਾਲਾ ਜੀਵ, ਬ੍ਰਹਮਾ ਪੰਛੀ, ਮੱਛੀ, ਸੱਪ, ਆਦਿ

अण्डजा–ਅੰਡਜਾ, ਇ., ਮਿਹਗ ਨਾਭ, ਕਸਤੂਰੀ

अण्डधर–ਅੰਡਧਰ, ਪੁ., ਸ਼ਿਵ, ਮਹਾਦੇਵ, ਸ਼ੰਕਰ

अण्ड वण्ड–ਅੰਡ ਬੰਡ, ਇ., ਬਕਵਾਸ, ਫਜ਼ੂਲ ਗੱਲਾਂ

अण्डभू–ਅੰਡਭੂ, ਪੁ . ਦੇਖੋ ਅੰਡਜ (अण्डज)

अण्डवर्धन अण्ड वृद्धि–ਅੰਡਵਰਧਨ ਅੰਡ ਵ੍ਰਿੱਧੀ, ਇ., ਪਤਾਲੂਆਂ ਦੇ ਵਧ ਜਾਣ ਵਾਲਾ ਇਕ ਰੋਗ

अण्डस–ਅੰਡਸ. ਇ., ਮੁਸ਼ਕਲ, ਔਖ, ਦੁਖ, ਤਕਲੀਫ਼

अण्डा–ਅੰਡਾ, ਪੁ., ਆਂਡਾ, ਗੋਲ ਸ਼ਕਲ ਦਾ ਪਦਾਰਥ

अण्डाकार, अण्डाकृति–ਅੰਡਾਕਾਰ, ਅੰਡਾਕ੍ਰਿਤਿ, ਪੁ. ਇ., ਆਂਡੇ ਦੀ ਸ਼ਕਲ ਦਾ

अण्डाधार–ਅੰਡਾਧਾਰ, ਪੁ, ਬੱਚਾ ਦਾਨੀ ਦੇ ਦੁਹਾਂ ਪਾਸਿਆਂ ਦੀਆਂ ਛੋਟੀਆਂ ਛੋਟੀਆਂ ਗਿਲਟੀਆਂ

अण्डिका–ਅੰਡਿਕਾ, ਇ., ਚਾਰ ਜੌਆਂ ਦੇ ਬਰਾਬਰ ਦਾ ਤੋਲ

अण्डी–ਅੰਡੀ, ਇ., ਛੋਟੇ ਰੇਸ਼ਮ ਦਾ ਵੱਟਿਆ ਹੋਇਆ ਮੋਟਾ ਕੱਪੜਾ

अण्डीर–ਅੰਡੀਰ, ਵਿ., ਤਾਕਤਵਰ, ਸਮਰੱਥ, ਤਕੜਾ

अण्डुवा वैल–ਅੰਡੂਵਾ ਬੈਲ, ਪੁ., ਉਹ ਬੈਲ ਜੋ ਖੱਸੀ ਨਾ

ਕੀਤਾ ਗਿਆ ਹੋਵੇ, ਸਾਨੁ

अण्वस्थि–ਅਣੂਸਥਿ, ਪੁ., ਬਰੀਕ ਛੋਟੀ ਹੱਡੀ

अतंक–ਅਤੰਕ, ਪੁ., ਡਰ, ਭੈ, ਕਸ਼ਟ

अत–ਅਤ, ਅਵਜ. ਇਸ ਵਾਸਤੇ, ਇਸ ਕਰ ਕੇ, ਇਸ ਕਾਰਣ, ਇਸ ਲਈ, ਇਸ ਤੋਂ

अतएव–ਅਤਏਵ, ਅਵਜ., ਇਸ ਲਈ, ਇਸ ਕਰਕੇ

अतट–ਅਤਟ. ਪੁ.. ਟਿਲਾ, ਉੱਚੀ ਥਾਂ, ਸਿਖਰ, ਜ਼ਮੀਨ ਦਾ ਹੇਠਲਾ ਹਿੱਸਾ

अतथोचित–ਅਤਥੋਚਿਤ, ਪੁ., ਨਾਲਾਇਕ, ਅਜੋਗ, ਪਾਗਲ

अतथ्य–ਅਤਥਜ, ਵਿ., ਜੋ ਸਚ ਨਾ ਹੋਵੇ, ਝੂਠਾ, ਉੱਚਾ-ਨੀਵਾਂ

अतद्गुण–ਅਤਦਗੁਣ, ਪੁ. ਇਕ ਖਾਸ ਤਰ੍ਹਾਂ ਦਾ ਅਰਥਾਲੰਕਾਰ, ਜਿਸ ਵਿਚ ਅਤੀ ਨੇੜੇ ਹੋਣ ਤੇ ਵੀ ਕਿਸੇ ਚੀਜ਼ ਦਾ ਗੁਣ ਹੋਰ ਚੀਜ਼ ਵਿਚ ਨਹੀਂ ਘਟਦਾ

अतद्वान्–ਅਤਦ੍ਵਾਨ ਵਿ., ਜੋ ਕਿਸੇ ਹੋਰ ਦੇ ਤੁੱਲ ਨਾ ਹੋਵੇ

अतनु–ਅਤਨੁ, ਪੁ., ਬਿਨਾ ਦੇਹੋਂ, ਕਾਮਦੇਵ

अतन्द्र–ਅਤੰਦ੍ਰ, ਵਿ., ਅਣੀਂਦਾ, ਸੁਚੇਤ, ਹੁਸ਼ਿਆਰ

अतन्द्रित–ਅਤੰਦ੍ਰਿਤ, ਵਿ., ਆਲਸ ਤੋਂ ਬਿਨਾ, ਨੀਂਦ ਰਹਿਤ, ਚੰਚਲ

अतप–ਅਤਪ, ਵਿ., ਸ਼ਾਂਤ, ਠੰਢਾ, ਜੋ ਗਰਮ ਨਾ ਹੋਵੇ

अतप्त–ਅਤਪਤ, ਵਿ., ਬਿਨਾ ਤਾਇਆ, ਠੰਢਾ, ਕੱਚਾ

अतप्यमान–ਅਤਪਜਮਾਨ, ਵਿ., ਜਿਸ ਨੂੰ ਕੋਈ ਦੁਖ ਨਾ ਹੋਵੇ

अतवान–ਅਤਬਾਨ, ਵਿ., ਬਹੁਤ, ਜ਼ਿਆਦਾ, ਅਧਿਕ

अतर–ਅਤਰ, ਪੁ., ਫੁੱਲਾਂ ਦਾ ਖੁਸ਼ਬੂਦਾਰ ਸਤ

अतरग–ਅਤਰਗ, ਪੁ., ਲੰਗਰ ਨੂੰ ਜ਼ਮੀਨ ਵਿਚੋਂ ਪੁੱਟਣ ਦਾ ਕੰਮ

अतरदान–ਅਤਰਦਾਨ, ਪੁ., ਉਹ ਫੂਲਦਾਨ ਜਿਸ ਵਿਚ ਅਤਰ ਦਾ ਫਹਿਆ ਰੱਖ ਕੇ ਸਤਕਾਰ ਲਈ ਸਭਨਾਂ ਨੂੰ ਵਾਸ਼ਨਾ ਦੇਣ ਲਈ ਰੱਖਿਆ ਜਾਂਦਾ ਹੈ

अतरल–ਅਤਰਲ, ਵਿ., ਜੋ ਪਤਲਾ ਨਾ ਹੋਵੇ, ਗਾਹੜਾ

अतरवन–ਅਤਰਵਨ, ਪੁ., ਦੂਰਵਾਜ਼ੇ ਉੱਤੇ ਰੱਖਣ ਵਾਲੀ ਪੱਥਰ ਦੀ ਫੱਟੀ

अतरसों–ਅਤਰਸੋਂ, ਕ੍ਰਿ. ਵਿ., ਅੱਜ ਤੋਂ ਦੋ ਦਿਨ ਪਿੱਛੋਂ ਜਾਂ ਪਹਿਲਾਂ ਦਾ ਦਿਨ

अतरिख–ਅਤਰਿਖ, ਪੁ., ਅਕਾਸ਼, ਵਾਯੂਮੰਡਲ

अतरुदारुण–ਅਤਰੁਦਾਰੁਣ, ਪੁ., ਵਿਧਾਰਾ ਨਾਂਉਂ ਦੀ ਬੂਟੀ

अतर्क–ਅਤਰਕ, ਵਿ., ਬਿਨਾ ਸ਼ੱਕ, ਜਿਸ ਸਬੰਧੀ ਕੋਈ ਝਗੜਾ ਨਾ ਹੋਵੇ

अतर्किक–ਅਤਰਕਿਕ, ਵਿ., ਬਿਨਾ ਵਿਚਾਰੋਂ, ਬਿਨਾਂ ਸੋਚੇ ਸਮਝੇ

अतर्पी–ਅਤਰਪੀ, ਵਿ., ਤਪ ਨਾ ਕਰਨ ਵਾਲੀ, ਅਧਰਮੀ

अतल–ਅਤਲ, ਵਿ., ਜਿਸ ਦਾ ਥੱਲਾ ਨਾ ਹੋਵੇ, ਬਹੁਤ ਡੂੰਘਾ, ਧਰਤੀ ਦੇ ਹੇਠਲੇ ਸੱਤਾਂ ਪਤਾਲਾਂ ਵਿਚੋਂ ਪਹਿਲਾ, ਹੇਠਲੇ ਸਤਾਂ ਪਤਾਲਾਂ ਦੇ ਨਾਉਂ ਇਹ ਹਨ–ਅਤਲ, ਵਿਤਲ, ਸੁਤਲ, ਤਲਾਤਲ, ਮਹਾਤਲ, ਰਸਾਤਲ ਅਰ ਪਤਾਲ

अतलस्पर्श अतलस्पर्शी–ਅਤਲਸਪਰਸ਼ ਅਤਲਸਪਰਸ਼ੀ–ਵਿ., ਬਹੁਤ ਡੂੰਘਾ, ਅਥਾਹ, ਬੇਥਾਹ

अतस्–ਅਤਸ, ਅਵਜ., ਇਸ ਲਈ, ਇਸ ਕਰਕੇ, ਇਸ ਕਾਰਣ

अतस–ਅਤਸ, ਪੁ, ਆਤਮਾ, ਵਾਯੂ, ਅਸਤਰ, ਰੁੱਖ ਦੇ ਛਿਲਕੇ ਦਾ ਬਣਿਆ ਹੋਇਆ ਕੱਪੜਾ

अतसी–ਅਤਸੀ, ਇ., ਅਲਸੀ

अतापी–ਅਤਾਪੀ, ਵਿ., ਠੰਡਾ, ਸ਼ਾਂਤ

अति–ਅਤਿ, ਅਵਜ., ਜ਼ਿਆਦਾ, ਬਹੁਤਾ

अतिकथ–ਅਤਿਕਥ, ਵਿ., ਨਾ ਕਹਿਣ ਜੋਗ, ਨਸ਼ਟ

अतिकथा–ਅਤਿਕਥਾ, ਵਿ., ਬੇਅਰਥ ਬਕਬਕਾ, ਵਾਧੂ ਗੱਲਾਂ

अतिकर्षण–ਅਤਿਕਰਸ਼ਣ, ਪੁ., ਬਹੁਤਾ ਖਿੱਚਣਾ

अतिकश–ਅਤਿਕਸ਼, ਵਿ., ਦੁਸ਼ਟ, ਭੈੜਾ, ਕਿਸੇ ਦੇ ਦਾਬੇ ਵਿਚ ਨਾ ਆਉਣ ਵਾਲਾ, ਲਫੰਗਾ, ਵੈਲੀ

अतिकांत–ਅਤਿਕਾਂਤ, ਵਿ., ਬਹੁਤ ਪਿਆਰਾ

अतिकाय–ਅਤਿਕਾਯ, ਵਿ., ਲੰਮੀਂ ਚੌੜੀ ਦੇਹ ਵਾਲਾ, ਬੜੇ ਕੱਦ ਵਾਲਾ, ਸਥੂਲ, ਕੱਦਾਵਰ

अतिकारक–ਅਤਿਕਾਰਕ, ਵਿ., ਅੱਤ ਕਰਨ ਵਾਲਾ, ਬੇਰਹਿਮ, ਦਯਾ ਰਹਿਤ, ਨਿਰਦਈ, ਕਠੋਰ, ਜ਼ਾਲਿਮ

अतिकाल–ਅਤਿਕਾਲ, ਪੁ., ਕੁਵੇਲਾ, ਦੇਰ, ਕਜੁੰਨ, ਕੁਸਮਾ

अतिकुत्सित–ਅਤਿਕੁਤਸਿਤ, ਵਿ., ਬਹੁਤ ਨਿੰਦਣ ਜੋਗ, ਬਹੁਤ ਬੁਰਾ

अतिकृच्छ्र–ਅਤਿਕ੍ਰਿੱਛ, ਪੁ., ਇਕ ਔਖਾ ਜਿਹਾ ਪ੍ਰਾਸਚਿਤ, ਵਡਾ ਭਾਰੀ ਦੁਖ

अतिकृत–ਅਤਿਕ੍ਰਿਤ, ਵਿ., ਮਰਜਾਦਾ ਨੂੰ ਉਲੰਘ ਕੇ ਕਰਿਆ ਹੋਇਆ, ਬੇ-ਮਰਜਾਦ

अतिकृश–ਅਤਿਕ੍ਰਿਸ਼, ਵਿ., ਬਹੁਤ ਦੁਰਬਲ, ਮਾੜਾ, ਕਮਜ਼ੋਰ, ਦੁਬਲਾ, ਪਤਲਾ

अतिकृष्ण–ਅਤਿਕ੍ਰਿਸ਼ਣ, ਵਿ., ਬਹੁਤ ਕਾਲੇ ਰੰਗ ਦਾ

अतिक्रम–ਅਤਿਕ੍ਰਮ, ਪੁ., ਉਲਟਾ ਵਿਹਾਰ, ਅਪਰਾਧ, ਉਲੰਘਣਾ

अतिक्रमण–ਅਤਿਕ੍ਰਮਣ, ਪੁ., ਉਲੰਘਣ, ਬਜ਼ੁਤੀ

अतिक्रमणीय–ਅਤਿਕ੍ਰਮਣੀਯ, ਵਿ., ਪਾਰ ਨਾ ਕਰਨ ਜੋਗ, ਜੋ ਲੰਘਿਆ ਨਾ ਜਾ ਸਕੇ

अतिक्रान्त–ਅਤਿਕ੍ਰਾਂਤ, ਵਿ., ਲੰਘਿਆ ਹੋਇਆ, ਪਾਰ ਪਹੁੰਚਿਆ ਹੋਇਆ

अतिक्रुद्ध–ਅਤਿਕ੍ਰੁੱਧ, ਵਿ., ਬਹੁਤ ਗੁੱਸੇ ਵਾਲਾ

अतिगत–ਅਤਿਗਤ, ਵਿ., ਬਹੁਤ ਚੱਲਿਆ ਹੋਇਆ

अतिगति–ਅਤਿਗਤਿ, ਇ., ਮੁਕਤੀ, ਮੋਕਸ਼

अतिगन्ध–ਅਤਿਗੰਧ, ਵਿ., ਬਹੁਤ ਸੁਗੰਧ ਵਾਲਾ, ਪੁ., ਚੰਬੇ ਦਾ ਬੂਟਾ, ਗੰਧਕ

अतिगर्वित–ਅਤਿਗਰਵਿਤ, ਵਿ., ਵਡਾ ਘਮੰਡੀ, ਹੰਕਾਰਿਆ

ਹੋਇਆ

अतिगहन–ਅਤਿਗਹਨ, ਵਿ., ਬਹੁਤ ਗਹਿਰਾ, ਡੂੰਘਾ

अतिगुण–ਅਤਿਗੁਣ, ਪੁ., ਗੁਣਾਂ ਦਾ ਜ਼ਿਆਦਾਪਣ

अतिगुप्त–ਅਤਿਗੁਪਤ, ਵਿ., ਬਹੁਤ ਛਿਪਿਆ ਹੋਇਆ

अतिगुरू–ਅਤਿਗੁਰੂ, ਪੁ., ਪੂਜਣ ਜੋਗ ਵਿਅਕਤੀ, ਵਿ., ਬਹੁਤ ਭਾਰੀ

अतिगो–ਅਤਿਗੋ, ਇ., ਸੁੰਦਰ ਗਊ

अतिग्रह–ਅਤਿਗ੍ਰਹ, ਪੁ., ਅਛਾ ਗਿਆਨ, ਸ਼ੁੱਧ ਗਿਆਨ

अतिग्राह–ਅਤਿਗ੍ਰਾਹ, ਪੁ., ਮਗਰ ਮੱਛ, ਘੜਿਆਲ, ਤੰਦੂਆ, ਇਕ ਤਰ੍ਹਾਂ ਦਾ ਬਰਤਨ

अतिग्राह्य–ਅਤਿਗ੍ਰਾਹਜ, ਵਿ., ਬਹੁਤ ਹਾਸਲ ਕਰਨ ਜੋਗ

अतिघ–ਅਤਿਘ, ਪੁ.. ਸ਼ਸਤ੍ਰ, ਹਥਿਆਰ. ਕਰੋਧ

अतिघूर्णता–ਅਤਿਘੂਰਣਤਾ, ਇ., ਡੂੰਘੀ ਨੀਂਦ, ਚੈਨ

अतिचण्ड–ਅਤਿਚੰਡ, ਵਿ , ਡਰਾਉਣਾ, ਬੜਾ ਖੌਫਨਾਕ

अतिचमू ਅਤਿਚਮੂ, ਵਿ., ਸੈਨਾ ਨੂੰ ਜਿੱਤਣ ਵਾਲਾ

अतिचर–ਅਤਿਚਰ, ਵਿ., ਉਲਟ ਪੁਲਟ ਹੋਣ ਵਾਲਾ

अतिचरा–ਅਤਿਚਰਾ, ਇ., ਚਮੇਲੀ ਦਾ ਬੂਟਾ

अतिचापल्य–ਅਤਿਚਾਪਲਜ, ਪੁ., ਚਪਲਤਾ, ਚੋੜ, ਇਲਤ

अतिचार–ਅਤਿਚਾਰ, ਪੁ., ਲੰਘ ਕੇ ਜਾਣਾ

अतिचारी–ਅਤਿਚਾਰੀ, ਵਿ.,ਬਹੁਤ ਘੁੰਮਣ ਫਿਰਨ ਵਾਲਾ,ਫਿਰਤੂ

अतिच्छत्र–ਅਤਿਛਤ੍ਰ, ਪੁ., ਇਕ ਤਰ੍ਹਾਂ ਦਾ ਜਲ ਵਿਚ ਉੱਗਣ ਵਾਲਾ ਬੂਟਾ, ਤਾਲਮ ਖਾਨਾ, ਖੁੰਬ

अतिच्छत्रा–ਅਤਿੱਤ੍ਰਛਾ, ਇ., ਸੌਂਫ

अतिजन–ਅਤਿਜਨ, ਵਿ., ਸੁੰਨਸਾਨ ਥਾਉਂ,ਜਿੱਥੇ ਲੋਕੀ ਨਾ ਹੋਵੇਂ, ਬੀਆਬਾਨ

अतिजर–ਅਤਿਜਰ, ਵਿ., ਬਹੁਤ ਬੁੱਢਾ, ਬਿਰਧ, ਖੋਢਾ

अतिजल–ਅਤਿਜਲ, ਵਿ., ਪਾਣੀ ਨਾਲ ਖੂਬ ਰਮਿਆ ਹੋਇਆ

अतिजव–ਅਤਿਜਵ, ਵਿ., ਬਹੁਤ ਤੇਜ਼ ਚੱਲਣ ਵਾਲਾ ਪੁ., ਤੇਜ਼ੀ ਦੀ ਚਾਲ

अतिजागर–ਅਤਿਜਾਗਰ, ਪੁ , ਬਹੁਤ ਜਾਗਣ ਵਾਲਾ

अतिजीर्ण–ਅਤਿਜੀਰਣ, ਵਿ., ਬਹੁਤ ਪੁਰਾਣਾ

अतिजीर्णता–ਅਤਿਜੀਰਣਤਾ, ਇ., ਬਹੁਤ ਬੁਢਾਪਾ

अतितपस्विनी–ਅਤਿਤਪਸ੍ਵਿਨੀ, ਇ., ਗੋਰਖ ਮੁੰਡੀ

अतितपस्वी–ਅਤਿਤਪਸ੍ਵੀ, ਪੁ., ਵੱਡੀ ਤਪੱਸਿਆ ਕਰਨ ਵਾਲਾ

अतितार–ਅਤਿਤਾਰ, ਪੁ., ਉੱਚਾ ਬੋਲ, ਬਹੁਤ ਤਿੱਖਾ ਬੋਲ, ਕੜਕਵੀਂ ਅਵਾਜ਼

अति तीक्ष्ण–ਅਤਿ ਤੀਕਸ਼ਣ, ਵਿ., ਬਹੁਤ ਤੇਜ਼

अतितीव्र–ਅਤਿਤੀਵ੍ਰ, ਵਿ., ਬਹੁਤ ਤੇਜ਼

अतितृप्ति–ਅਤਿਤ੍ਰਿਪਤਿ, ਇ.,ਸਬਰ,ਬਹੁਤਾ ਸੰਤੋਸ਼,ਬਹੁਤਾ ਰੱਜ

अतिथि–ਅਤਿਥਿ, ਪੁ., ਪਰਾਹੁਣਾ, ਪਰਾਹੁਣਾਚਾਰੀ, ਮਹਿਮਾਨ, ਅਭਿਆਗਤ

अतिथिपरिचर्या,अतिथिपूजा, अतिथिसेवा–ਅਤਿਥਿਪਰਿਚਰਯਾ, ਅਤਿਥਿਪੂਜਾ, ਅਤਿਥਿਸੇਵਾ–ਇ., ਪਰਾਹੁਣਿਆਂ ਦੀ ਆਉ ਭਗਤ

अतिदग्ध–ਅਤਿਦਗਧ, ਵਿ., ਬਹੁਤ ਜਲਿਆ ਹੋਇਆ, ਮੱਚਿਆ ਹੋਇਆ

अतिदर्शी–ਅਤਿਦਰਸ਼ੀ ਵਿ., ਦੂਰ ਤਕ ਦੇਖਣ ਵਾਲਾ, ਦੂਰ ਦੀ ਸੋਝੀ ਵਾਲਾ

अतिदाता–ਅਤਿਦਾਤਾ, ਪੁ , ਭਲਾ ਮਾਣਸ ਮਨੱਖ,ਉਦਾਰ, ਸਖੀ

अतिदान–ਅਤਿਦਾਨ, ਪੁ., ਅਪਰਮਿਤ ਦਾਨ, ਬਹੁਤਾ ਦਾਨ

अतिदानी–ਅਤਿਦਾਨੀ, ਵਿ., ਬਹੁਤ ਦਾਨ ਕਰਨ ਵਾਲਾ, ਸਖੀ, ਉਦਾਰਚਿੱਤ

अतिदारुण–ਅਤਿਦਾਰੁਣ, ਵਿ., ਕਠੋਰ, ਰੁੱਖਾ, ਨਿਰਦਈ, ਪੱਥਰ ਦਿਲ

अतिदाह–ਅਤਿਦਾਹ, ਪੁ., ਵੱਡੀ ਲਾਟ, ਜਲਣ, ਸਾੜ

अतिदीप्ति–ਅਤਿਦੀਪਤਿ. ਇ., ਬਹੁਤ ਚਾਨਣ, ਸਫੇਦ ਤੁਲਸੀ

अतिदीर्घ–ਅਤਿਦੀਰਘ, ਵਿਂ., ਬਹੁਤ ਲੰਮਾ

अतिदुखित–ਅਤਿਦੁੱਖਿਤ, ਵਿ., ਬਹੁਤ ਦੁਖੀ, ਦੁਖਾਂ ਦਾ ਮਾਰਿਆ ਹੋਇਆ

अतिदुर्गत–ਅਤਿਦੁਰਗਤ, ਵਿ,, ਬੁਰੀ ਹਾਲਤ ਵਿਚ

अतिदुर्धर्ष- ਅਤਿਦੁਰਧਰਸ਼, ਵਿ , ਵੱਡੇ ਕਲੇਸ਼ ਨਾਲ ਲਭਿਆ ਹੋਇਆ, ਗੁਸੈਲਾ ਕਰੋਧੀ, ਤੇਜ਼ ਸੁਭਾਉ ਵਾਲਾ

अतिदुर्लभ–ਅਤਿਦੁਰਲਭ, ਵਿ., ਔਖਿਆਈ ਨਾਲ ਮਿਲਣ ਜੋਗ

अतिदुष्कर–ਅਤਿਦੁਸ਼ਕਰ, ਵਿ , ਬਹੁਤ ਕਠਨ, ਔਖਾ, ,ਮੁਸ਼ਕਲ

अतिदुष्ट–ਅਤਿਦੁਸ਼ਟ, ਪੁ,. ਬੜਾ ਭੈੜਾ, ਗੋਖਰੂ

अतिदुस्सह–ਅਤਿਦੱਸਹ, ਵਿ., ਔਖਿਆਈ ਨਾਲ ਸਹਿਣ ਜੋਗ, ਜੋ ਸਹਾਰਿਆ ਨਾ ਜਾ ਸਕੇ

अतिदूर–ਅਤਿਦੂਰ, ਵਿ., ਬਹੁਤ ਦੂਰ

अतिदेव–ਅਤਿਦੇਵ, ਪੁ., ਸਾਰੇ ਦੇਵਤਿਆਂ ਵਿਚੋਂ ਸ੍ਰੇਸ਼ਟ, ਸ਼ਿਵ, ਮਹਾਦੇਵ

अतिदोष–ਅਤਿਦੋਸ਼, ਪੁ., ਬਹੁਤ ਵੱਡਾ ਦੋਸ਼ ਜਾਂ ਗਲਤੀ, ਅਪਰਾਧ

अतिधन्वा–ਅਤਿਧਨ੍ਵਾ, ਪੁ., ਬਹੁਤ ਵੱਡਾ ਧਨੁਸ਼ ਧਾਰਣ ਕਰਨ ਵਾਲਾ, ਲੜਾਕਾ, ਜੋਧਾ, ਤੀਰ ਅੰਦਾਜ਼

अतिधवल–ਅਤਿਧਵਲ, ਵਿ., ਬਹੁਤ ਸਾਫ, ਬਹੁਤ ਸਫੈਦ, ਚਿੱਟਮ ਚਿੱਟਾ

अतिनिद्र–ਅਤਿਨਿਦ੍ਰ, ਵਿ., ਜਿਸ ਨੂੰ ਨੀਂਦ ਆਉਂਦੀ ਹੋਵੇ, ਬਹੁਤ ਸੋਣ ਵਾਲਾ

अतिनिद्रता–ਅਤਿਨਿਦ੍ਰਤਾ. ਇ,, ਬਹੁਤ ਨੀਂਦ ਆਉਣ ਦਾ ਰੋਗ

अतिनिपुण–ਅਤਿਨਿਪੁਣ, ਵਿ., ਬਹੁਤ ਹੁਸ਼ਿਆਰ, ਚਤੁਰ

अतिनिर्हारी–ਅਤਿਨਿਰਹਾਰੀ, ਵਿ., ਖੁਸ਼ਬੂਦਾਰ, ਚੰਗੀ ਖੁਸ਼ਬ ਵਾਲਾ

अतिनीच–ਅਤਿਨੀਚ, ਵਿ., ਬੜਾ ਨੀਚ, ਬਹੁਤ ਅਧਮ

अतिपन्थ–ਅਤਿਪੰਥ, ਪੁ., ਚੰਗਾ ਰਾਹ

अतिपक्व–ਅਤਿਪਕ੍ਵ, ਵਿ., ਚੰਗੀ ਤਰ੍ਹਾਂ ਪੱਕਿਆ ਹੋਇਆ

अतिप्रणय–ਅਤਿਪ੍ਰਣਯ, ਪੁ., ਬੜੀ ਮਿਹਰ, ਕਿਰਪਾ

अतिप्रमाण–ਅਤਿਪ੍ਰਮਾਣ, ਵਿ., ਜ਼ਿਆਦਾ ਮਿਸਾਲਾਂ, ਜੁੱਧ. ਜਿਸ ਲਈ ਕੋਈ ਪ੍ਰਮਾਣ ਨਾ ਹੋਵੇ

अतिप्रसंग–ਅਤਿਪ੍ਰਸੰਗ, ਪੁ., ਜ਼ੋਰਦਾਰ ਇੱਛਿਆ, ਬਹੁਤ ਭੋਗ, ਵੱਡੀ ਚਾਹਨਾ

अतिप्रौढ़–ਅਤਿਪ੍ਰੋੜ੍ਹ, ਵਿ., ਬਹੁਤ ਬਲ ਵਾਲਾ. ਜੁਆਨ

अतिप्रौढ़ा–ਅਤਿਪ੍ਰੋੜ੍ਹਾ. ਵਿ., ਮੁਟਿਆਰ, ਹੱਦੜਹੇਲ

अतिबला–ਅਤਿਬਲਾ, ਇ., ਇੱਕ ਪੀਲੇ ਰੰਗ ਦੀ ਵੇਲ, ਕਕਹਈ ਦਾ ਪੌਦਾ, ਬਰਿਆਰੀ

अतिबृहत्फल–ਅਤਿਬ੍ਰਿਹਤਫਲ, ਪੁ., ਕਟਹਲ ਦਾ ਫਲ

अतिभारग–ਅਤਿਭਾਰਗ, ਪੁ.. ਬਹੁਤਾ ਭਾਰ ਚੁੱਕਣ ਵਾਲਾ, ਖੱਚਰ

अतिभारारोपण–ਅਤਿਭਾਰਾਰੋਪਣ, ਪੁ., ਪਸ਼ੂਆਂ ਦੀ ਪਿੱਠ ਉਤੇ ਬਹੁਤਾ ਬੋਝ ਲਦਣ

अतिभी–ਅਤਿਭੀ, ਇ., ਬਿਜਲੀ

अतिमङ्गल्य–ਅਤਿਮੰਗਲਜ, ਵਿ., ਬਹੁਤ ਖੁਸ਼ੀ ਦੇਣ ਵਾਲਾ, ਬਿਲ ਦਾ ਰੁਖ

अति मञ्जुला–ਅਤਿ ਮੰਜੁਲਾ, ਵਿ., ਬਹੁਤ ਸੁੰਦਰ, ਬਹੁਤ ਖੂਬਸੂਰਤ, ਇ., ਸੇਵਤੀ ਦਾ ਬੂਟਾ

अतिमति–ਅਤਿਮਤਿ, ਇ., ਹਠ, ਜ਼ਿਦ, ਸਿਰੜ

अतिमर्ष–ਅਤਿਮਰਸ਼, ਪੁ., ਨੇੜੇ ਦਾ ਸਬੰਧ, ਲਾਗੇ ਦਾ ਸਾਕ

अतिमान–ਅਤਿਮਾਨ, ਪੁ., ਵਾਧੂ ਹੰਕਾਰ, ਵੱਡਾ ਘਮੰਡ, ਲੋੜ ਤੋਂ ਬਹੁਤਾ

अतिमानी–ਅਤਿਮਾਨੀ, ਵਿ., ਬੜਾ ਹੰਕਾਰੀ, ਹਠੀ, ਜ਼ਿੱਦੀ, ਸਿਰੜੀ

अतिमारुत–ਅਤਿਮਾਰੁਤ, ਵਿ., ਬਹੁਤ ਹਵਾਦਾਰ, ਪੁ., ਹਨੇਰੀ

अतिरिक्त–ਅਤਿਕਰਤ, ਵਿ., ਸ੍ਰੇਸ਼ਟ, ਭਿੰਨ, ਬਿਨਾ, ਅਲਾਵਾ, ਪੁ., ਬਹੁਤਾਪਣ, ਜ਼ਿਆਦਤੀ, ਅਧਿਕਤਾ, ਬਹੁਤਾਇਤ

अतिरेक–ਅਤਿਰੇਕ, ਪੁ., ਵਿਸ਼ੇਸ਼ਤਾ, ਵਾਧਾ, ਭੇਦ

अतिरोग–ਅਤਿਰੋਗ, ਪੁ., ਤਪਦਿਕ, ਤਪਟਿੱਕੀ, ਖਈ ਰੋਗ

अतिलोभ–ਅਤਿਲੋਭ, ਪੁ., ਬਹੁਤ ਲਾਲਚ

अतिलोल्य–ਅਤਿਲੌਲਜ, ਪੁ., ਜ਼ਿਆਦਾ ਹੁਸ਼ਿਆਰੀ

अतिवय–ਅਤਿਵਯ, ਵਿ., ਬਹੁਤ ਬੁੱਢਾ

अतिवर्तन–ਅਤਿਵਰਤਨ, ਪੁ., ਕਸਰਤ

अतिवात–ਅਤਿਵਾਤ, ਪੁ., ਅੰਨ੍ਹੀ, ਤੁਫਾਨ, ਝੱਖੜ

अतिवाहन–ਅਤਿਵਾਹਨ, ਵਿ., ਜੋ ਭਾਰੀ ਬੋਝਾ ਨਾ ਲੈ ਜਾ ਸਕੇ

अतिवाहिक–ਅਤਿਵਾਹਿਕ, ਪੁ., ਸੂਖਮ ਸਰੀਰ, ਵਿ., ਪਤਾਲ ਵਿਚ ਰਹਿਣ ਵਾਲਾ

अतिवृष्टि–ਅਤਿਵ੍ਰਿਸ਼੍ਟਿ, ਇ., ਬਹੁਤੀ ਵਰਖਾ ਹੋਣੀ

अतिशय–ਅਤਿਸ਼ਯ, ਪੁ., ਅਧਿਕਤਾ, ਬਹੁਤਾਇਤ,

अतिशयोक्ति–ਅਤਿਸ਼ਜੋਕਤਿ, ਇ., ਬਹੁਤ ਵਧਾ ਕੇ ਕਹੀ ਹੋਈ ਗੱਲ, ਇਕ ਅਲੰਕਾਰ

अतिशर्वरी–ਅਤਿ ਸ਼ਰਵਰੀ, ਇ., ਅੱਧੀ ਰਾਤ

अतिसार–ਅਤਿਸਾਰ, ਪੁ., ਪੇਟ ਦੀ ਇਕ ਬਿਮਾਰੀ ਜਿਸ ਵਿਚ ਲਹੂ ਅਤੇ ਰਾਧ ਦੇ ਬਹੁਤੇ ਦਸਤ ਆਉਂਦੇ ਹਨ

अतींद्रिय–ਅਤੀਂਦ੍ਰਿਯ, ਵਿ., ਇੰਦਰੀਆਂ ਨਾਲ ਜਾਣਨ ਦੇ ਅਜੋਗ, ਜੋ ਪ੍ਰਤੱਖ ਨਾਂ ਹੋਵੇ, ਇੰਦਰੀਆਂ ਤੋਂ ਪਰੇ

अतीत–ਅਤੀਤ, ਵਿ., ਬੀਤਿਆ ਹੋਇਆ

अतीव–ਅਤੀਵ, ਅਵਜ., ਬਹੁਤ ਜ਼ਿਆਦਾ, ਬੇਹੱਦ

अतीस–ਅਤੀਸ,ਪੁ., ਇਕ ਪਹਾੜੀ ਬੂਟਾ ਜਿਸ ਦੀ ਜੜ ਦਵਾਈ ਵਿਚ ਵਰਤਦੇ ਹਨ

अतुराई–ਅਤੁਰਾਈ, ਇ., ਚੰਚਲਤਾ, ਚੁਲਬਲਾ ਪਣ, ਬੇਚੈਨੀ, ਜਲਦਬਾਜ਼ੀ

अतुराना–ਅਤੁਰਾਨਾ, ਕ੍ਰਿ., ਘਬਰਾਉਣਾ, ਜਲਦੀ ਕਰਨਾ

अतुल–ਅਤੁਲ, ਪੁ., ਕਫ, ਤਿਲ, ਬਹੁਤ ਜ਼ਿਆਦਾ, ਵਿ., ਤੁਲਨਾ ਰਹਿਤ, ਜਿਸਦਾ ਬੇਮੁਕਾਬਿਲਾ

अतुलनीय–ਅਤੁਲਨੀਯ, ਵਿ., ਬਹੁਤ ਜ਼ਿਆਦਾ, ਬੇਜੋੜ, ਇਕੋ ਇਕ

अतृप्त–ਅਤ੍ਰਿਪਤ, ਜਿਸ ਨੂੰ ਸਬਰ ਨਾ ਹੋਵੇ, ਬੇਸਬਰਾ, ਜਿਸ ਦਾ ਪੇਟ ਨਾ ਭਰੇ

अतृष्ण–ਅਤ੍ਰਿਸ਼ਣ, ਵਿ., ਬਿਨਾ ਆਸ ਦੇ, ਜਿਸਨੂੰ ਲਾਲਚ ਨਾ ਹੋਵੇ, ਸੰਤੋਖੀ

अतोर–ਅਤੋਰ, ਵਿ., ਨਾ ਟੁੱਟਣ ਵਾਲਾ, ਮਜ਼ਬੂਤ, ਪੱਕਾ

अत्त–ਅੱਤ, ਵਿ., ਬਹੁਤ ਜ਼ਿਆਦਾ, ਵਧੀਕ

अत्ता–ਅੱਤਾ, ਇ., ਮਾਂ, ਸੱਸ, ਅੰਮੜੀ

अत्तार–ਅੱਤਾਰ, ਪੁ., ਇਤਰ ਆਦਿ ਵੇਚਣ ਵਾਲਾ, ਯੂਨਾਨੀ ਦਵਾਈਆਂ ਵੇਚਣ ਵਾਲਾ

अत्तिका–ਅੱਤਿਕਾ, ਇ., ਵੱਡੀ ਭੈਣ

अत्यन्त–ਅਤਜੰਤ, ਪੁ., ਜ਼ਿਆਦਾ, ਬਹੁਤ ਜ਼ਿਆਦਾ

अत्यय–ਅੱਤਜਯ, ਪੁ., ਅਣਹੋਂਦ, ਨਾਸ, ਦੋਸ਼, ਡੰਨ, ਦੋਖ, ਹੱਦ ਤੋਂ ਬਾਹਰ ਜਾਣਾ

अत्यल्प–ਅਤਜਲਪ, ਪੁ., ਬਹੁਤ ਥੋੜਾ, ਬਹੁਤ ਘੱਟ

अत्याचार–ਅਤਜ਼ਾਚਾਰ, ਪੁ., ਜ਼ੁਲਮ, ਬੇਇਨਸਾਫੀ, ਪਾਪ, ਪਖੰਡ

अत्याचारी–ਅਤਜਾਚਾਰੀ, ਵਿ., ਬੁਰੇ ਚਾਲਚਲਣ ਵਾਲਾ, ਪਖੰਡੀ, ਪਾਪੀ, ਜ਼ਾਲਮ

अत्युत्तम–ਅਤਜੁਤਮ, ਵਿ., ਬਹੁਤ ਚੰਗਾ, ਬਹੁਤ ਅੱਛਾ

अत्र–ਅਤ੍ਰ, ਅਵਜ., ਇੱਥੇ, ਇਸ ਵਾਰੇ, ਏਸ ਨਾਉਂ ਪਰ, ਪੁ., ਹਥਿਆਰ, ਅਸਤਰ

अत्रप–ਅਤ੍ਰਪ., ਵਿ., ਨਿਰਲੱਜ, ਬੇਸ਼ਰਮ, ਬੇਹਯਾ

अत्रस्त–ਅਤ੍ਰਸਤ, ਵਿ., ਭੈ ਰਹਿਤ, ਨਾ ਡਰਿਆ ਹੋਇਆ, ਨਿਡਰ

अत्रि–ਅੱਤ੍ਰਿ, ਪੁ., ਸਪਤ ਰਿਸ਼ੀਆਂ ਵਿਚੋਂ ਇਕ ਰਿਖੀ ਜੋ

ਬ੍ਰਹਮਾ ਦੇ ਨੇਤਰ ਤੋਂ ਉਤਪੰਨ ਹੋਏ ਸਨ

अत्रैव–ਅਤ੍ਰੈਵ, ਅਵਜ., ਇਥੇ ਹੀ

अथ–ਅਥ, ਅਵਜ., ਹੁਣ, ਇਸ ਵੇਲੇ, ਸ਼ੁਰੂ ਵਿਚ

अथऊ–ਅਥਊ, ਪੁ., ਉਹ ਭੋਜਨ ਜੋ ਸੰਝ ਹੋਣ ਤੋਂ ਪਹਿਲਾਂ ਕੀਤਾ ਜਾਵੇ

अथक–ਅਥਕ, ਵਿ., ਨਾ ਥੱਕਣ ਵਾਲਾ, ਮਿਹਨਤੀ, ਹਿੰਮਤੀ, ਉੱਦਮੀ

अथकिं–ਅਥਕਿੰ, ਅਵਜ., ਹੋਰ ਕੀ, ਫੇਰ ਕਿਵੇਂ

अथच–ਅਥਚ, ਅਵਜ., ਫੇਰ, ਹੋਰ ਵੀ

अथरा अथरी–ਅਥਰਾ ਅਥਰੀ, ਪੁ. ਇ., ਮਿੱਟੀ ਦਾ ਖੁੱਲ੍ਹੇ ਮੂੰਹ ਦਾ ਛੋਟਾ ਭਾਂਡਾ, ਦਹੀਂ ਜਮਾਉਣ ਦੀ ਮਿੱਟੀ ਦੀ ਕੂੰਡੀ

अथर्ववेद–ਅਥਰਵਵੇਦ, ਪੁ., ਚਹੁੰ ਵੇਦਾਂ ਵਿਚੋਂ ਇਕ

अथवना–ਅਥਵਨਾ ਕ੍ਰਿ., ਡੁੱਬਣਾ, ਛਿਪਣਾ, ਲੁਕਣਾ

अथवा–ਅਥਵਾ, ਅਵਜ., ਜਾਂ, ਹੋਰ

अथाई–ਅਥਾਈ, ਇ., ਘਰ ਦੇ ਸਾਹਮਣੇ ਦਾ ਮੈਦਾਨ. ਚਬੂਤਰਾ, ਬੈਠਕ, ਪੰਚਾਇਤ ਕਰਨ ਦੀ ਥਾਉਂ, ਧਰਮ ਸ਼ਾਲਾ

अथाह–ਅਥਾਹ. ਵਿ., ਬਹੁਤ ਡੂੰਘਾ, ਜਿਸ ਦੀ ਥਾਹ ਨਾ ਹੋਵੇ, ਬਥਾਹ, ਅਪਾਰ, ਗੰਭੀਰ, ਜੋ ਸਮਝ ਵਿਚ ਨਾ ਆਵੇ, ਅਗਾਧ, ਅਨੰਤ, ਬਹੁਤ ਜ਼ਿਆਦਾ ਡੂੰਘਾ

अथिर–ਅਥਿਰ, ਵਿ.. ਜੋ ਸਥਿਰ ਨਾ ਹੋਵੇ, ਚਲਾਇਮਾਨ

अदंक–ਅਦੰਕ, ਪੁ., ਭੈ, ਡਰ, ਖੌਫ

अदंड–ਅਦੰਡ, ਵਿ., ਜੋ ਡੰਨਿਆ ਨਾ ਜਾ ਸਕੇ, ਖੁਲ੍ਹਮ ਖੁੱਲ੍ਹਾ ਫਿਰਨ ਵਾਲਾ, ਨਿਰਭੈ, ਉਦੰਡ, ਬੇ ਵਾਰਸਾ

अदंत–ਅਦੰਤ, ਵਿ., ਬਿਨਾ ਦੰਦਾਂ ਦਾ, ਥੋੜੀ ਉਮਰ ਦਾ, ਦੁੱਧ-ਮੂੰਹਾਂ

अदंभ–ਅਦੰਭ, ਵਿ., ਬਿਨਾ ਪਖੰਡੋਂ, ਛਲ ਰਹਿਤ, ਸੱਚਾ

अदक्षिण–ਅਦਕਸ਼ਿਣ, ਵਿ., ਵਿਰੁਧ, ਖੱਬਾ, ਜੋ ਹੁਸ਼ਿਆਰ ਨਾ ਹਵੇ, ਗੰਵਾਰ, ਪੇਂਡੂ

अदग–ਅਦਗ, ਵਿ., ਬਿਨਾ ਦਾਗ ਦੇ, ਨਿਰਅਪਰਾਧ, ਨਿਹਕਲੰਕ, ਅਛੂਤਾ, ਬਿਨਾ ਅਪਜਸ ਦੇ

अदण्डय–ਅਦੰਡਜ, ਵਿ , ਜੋ ਡੰਨਿਆ ਨਾ ਜਾਵੇ, ਜਿਸ ਨੂੰ ਸਜ਼ਾ ਨਾ ਦਿਤੀ ਜਾਵੇ, ਅਜ਼ਾਦ, ਸੁਤੰਤਰ, ਮਨਮੌਜੀ

अदत्त–ਅਦੱਤ, ਪੁ., ਵਿਧੀ ਨਾਲ ਦਿੱਤਾ ਹੋਇਆ ਦਾਨ

अदत्तदायी–ਅਦੱਤਦਾਯੀ, ਪੁ., ਠੱਗ, ਚੋਰ, ਬਿਨਾ ਦਿੱਤੇ ਧਨ ਨੂੰ ਲੈਣ ਵਾਲਾ

अदत्ता–ਅਦੱਤਾ, ਇ , ਕੰਵਾਰੀ ਕੁੜੀ ਵਿ., ਜੋ ਨਾ ਦਿੱਤੀ ਗਈ ਹਵੇ

अदन–ਅਦਨ, ਪੁ., ਭੋਜਨ, ਖਾਣ ਵਾਲੀ ਚੀਜ਼

अदना–ਅਦਨਾ, ਵਿ , ਮਮੂਲੀ, ਸਧਾਰਣ, ਨਾਚੀਜ਼, ਤੁੱਛ

अदब–ਅਦਬ, ਪੁ , ਨਿਜਮ, ਭਲਮਾਣਸੀ, ਵੱਡਿਆਂ ਦਾ ਆਦਰ

अदभ्र–ਅਦਭ੍ਰ, ਵਿ., ਬਹੁਤ, ਅਧਿਕ, ਜ਼ਿਆਦਾ

अदमपैरवी–ਅਦਮ ਪੈਰਵੀ, ਇ., ਕਿਸੇ ਮੁਕੱਦਮੇ ਦੀ ਕਾਰਵਾਈ ਦੇ ਮੌਕੇ ਪਰ ਨਾ ਹੋਣਾ

अदम सबूत–ਅਦਮ ਸਬੂਤ, ਪੁ., ਬਿਨਾ ਸਬੂਤੋਂ

अदम्भ–ਅਦੰਭ, ਪੁ., ਪਖੰਡ ਦਾ ਨਾ ਹੋਣਾ, ਸਿਧਾ ਜਾਂਦਾ, ਬਿਨਾ ਅਡੰਬਰ ਦੇ

अदम्य–ਅਦਮਜ. ਵਿ., ਜੋ ਦਬਾਇਆ ਨਾ ਜਾ ਸਕੇ, ਪੂਰਨ ਬਲ ਵਾਲਾ, ਨਾ ਜਿੱਤਣ ਜੋਗ

अदय–ਅਦਯ, ਵਿ , ਦਇਆ ਰਹਿਤ, ਕਠੋਰ, ਬੇਤਰਸ,ਨਿਰਦਈ

अदरक–ਅਦਰਕ, ਪੁ., ਅਦਰਕ, ਆਦਾ

अदरकी–ਅਦਰਕੀ, ਇ., ਗੁੜ ਵਿਚ ਸੌਂਫ ਰਲਾ ਕੇ ਬਣਾਈ ਹੋਈ ਟਿੱਕੀ, ਸੁੰਢੌਲਾ

अदरा–ਅਦਰਾ, ਪੁ., ਆਰਦ੍ਰਾ ਨਛਤਰ

अदराना–ਅਦਰਾਨਾ, ਕ੍ਰਿ., ਮਾਣ ਪਾਉਣ ਦੀ ਇੱਛਿਆ ਕਰਨਾ, ਘਮੰਡੀ ਬਣਨਾ, ਡੀਂਗ ਮਾਰਨਾ, ਗੱਪ ਮਾਰਨੀ

अदर्श–ਅਦਰਸ਼, ਪੁ., ਦਰਪਣ, ਸ਼ੀਸ਼ਾ, ਨਿਸ਼ਾਨਾ

अदर्शन–ਅਦਰਸ਼ਨ, ਪੁ., ਦਰਸ਼ਨ ਨਾ ਹੋਣਾ, ਵਿ., ਦਿਖਾਈ ਨਾ ਦੇਣ ਵਾਲਾ

अदर्शन पथ–ਅਦਰਸ਼ਨ ਪਥ, ਪੁ., ਅਣਡਿੱਠਾ ਰਾਹ

अदर्शनीय–ਅਦਰਸ਼ਨੀਯ, ਭੱਦਾ, ਕੁਸੋਹਣਾ, ਕੁਰੂਪ, ਕੋਝਾ

अदल–ਅਦਲ, ਪੁ., ਨਿਆਂ, ਫੈਸਲਾ, ਇਨਸਾਫ, ਵਿ., ਬਿਨਾ ਪਤਿਆਂ ਦੇ, ਅਪਤ

अदल बदल, अदला बदली–ਅਦਲ ਬਦਲ, ਅਦਲਾ ਬਦਲੀ, ਪੁ., ਪ੍ਰੀਵਰਤਨ, ਉਲਟ ਫੇਰ, ਹੇਰ ਫੇਰ, ਲੈਣ ਦੇਣ, ਵਟਾਂਦਰਾ, ਤਬਦੀਲੀ

अदली–ਅਦਲੀ, ਵਿ., ਨਿਆਂ ਕਰਨ ਵਾਲਾ, ਬਿਨਾ ਪਤਿਆਂ ਤੋਂ

अदवाइन, अदयान–ਅਦਵਾਇਨ, ਅਦਵਾਨ, ਇ., ਉਹ ਰੱਸੀ ਜੋ ਮੰਜੇ ਨੂੰ ਕਸਣ ਲਈ ਵਰਤੋਂ ਵਿਚ ਆਉਂਦੀ ਹੈ, ਦੌਣ, ਪੈਂਦ ਵਿਚ ਪਾਉਣ ਵਾਲੀ ਰੱਸੀ

अदा–ਅਦਾ, ਇ., ਹਾਵ ਭਾਵ, ਢੰਗ, ਪਰਕਾਰ, ਨਖਰਾ

अदांत–ਅਦਾਂਤ. ਵਿ., ਬਿਨਾ ਦੰਦਾਂ ਦੇ

अदाई–ਅਦਾਈ, ਵਿ., ਚਤੁਰ, ਢੰਗੀ, ਹੁਸ਼ਿਆਰ

अदा करना–ਅਦਾ ਕਰਨਾ, ਕ੍ਰਿ.. ਦੇਣਾ, ਚੁਕਾਉਣਾ, ਮੁਕਾਉਣਾ, ਨਿਬੇੜਨਾ

अदाग अदागी–ਅਦਾਗ ਅਦਾਗੀ. ਵਿ., ਬਿਨਾ ਦਾਗ ਦੇ, ਸਾਫ, ਕੋਰਾ, ਪਵਿਤਰ, ਨਿਰਦੋਸ਼, ਬੇਦਾਗ

अदाता–ਅਦਾਤਾ, ਪੁ.. ਨਾ ਦੇਣ ਵਾਲਾ, ਸੂਮ, ਕੰਜੂਸ

अदान–ਅਦਾਨ, ਪੁ., ਕੰਜੂਸ, ਸੂਮ ,ਵਿ.. ਬੇਸਮਝ, ਅਗਿਆਨੀ, ਬੇਅਕਲ

अदाय–ਅਦਾਯ, ਵਿ., ਪਿਤਾ ਦੀ ਜਾਇਦਾਦ ਦਾ ਹਿੱਸਾ ਨਾ ਪਰਾਪਤ ਕਰਨ ਜੋਗ, ਬੇ-ਦਾਵੇ

अदायां–ਅਦਾਯਾਂ, ਵਿ., ਖੱਬਾ, ਉਲਟ, ਭੈੜਾ

अदार–ਅਦਾਰ, ਪੁ., ਬਿਨਾ ਤੀਵੀਂ ਤੋਂ, ਛੜਾ

अदालत–ਅਦਾਲਤ, ਇ., ਕਚਿਹਰੀ, ਨਿਆਂ-ਘਰ

अदालती–ਅਦਾਲਤੀ, ਵਿ., ਅਦਾਲਤ ਬਾਰੇ, ਮੁਕੱਦਮਾ ਲੜਨ ਵਾਲਾ, ਇਨਸਾਫ਼ ਕਰਨ ਵਾਲਾ ਜੱਜ. ਮੁਨਸਫ਼

अदां–ਅਦਾਂ, ਪੁ, ਕਠਿਨਤਾ, ਔਖਿਆਈ, ਦਾਉ ਪੇਚ, ਧੋਖਾ

अदावत–ਅਦਾਵਤ, ਇ, ਵਿਰੋਧ, ਵੈਰ, ਦੁਸ਼ਮਣੀ

अदावती–ਅਦਾਵਤੀ. ਵਿ., ਵੈਰ ਰੱਖਣ ਵਾਲਾ, ਵੈਰ-ਵਧਾਉਣ ਵਾਲਾ, ਵੈਰੀ

अदास–ਅਦਾਸ, ਵਿ., ਜੋ ਗੁਲਾਮ ਨਾ ਹੋਵੇ, ਸੁਤੰਤਰ, ਅਜ਼ਾਦ

अदाह–ਅਦਾਹ, ਇ., ਨਖਰਾ, ਅਦਾ, ਹਾਵ ਭਾਵ ਚੋਹਲ ਮੋਹਲ

अदाहक–ਅਦਾਹਕ, ਵਿ., ਜਿਸ ਵਿਚ ਜਲਾਉਣ ਦੀ ਸ਼ਕਤੀ ਨਾ ਹੋਵੇ, ਜ ਸਾੜ ਫੂਕ ਨਾ ਸਕੇ

अदाह्य–ਅਦਾਹਜ, ਪੁ. ਜਿਸ ਦਾ ਦਾਹ ਸੰਸਕਾਰ ਸ਼ਾਸਤਰ ਦੇ ਮੁਤਾਬਿਕ ਨਾ ਕੀਤਾ ਜਾ ਸਕੇ, ਜੋ ਫੂਕਿਆ ਨਾ ਜਾਵੇ

अदिति–ਅਦਿਤਿ, ਇ., ਦਕਸ਼ ਪ੍ਰਜਾਪਤਿ ਦੀ ਪੁਤ੍ਰੀ, ਦੇਵਤਿਆਂ ਦੀ ਮਾਂ, ਧਰਤੀ, ਬਾਣੀ, ਦੇਵ ਲੋਕ, ਰਕਸ਼ਾ, ਪੂਰਨਤਾ, ਮਾਤਾ ਪਿਤਾ

अदितिज अदितिनन्दन अदितिसुत–ਅਦਿਤਿਜ ਅਦਿਤਿਨੰਦਨ ਅਦਿਤਿਸੁਤ. ਪੁ.. ਅਦਿਤਿ ਨਾਉਂ ਦੀ ਕਸ਼ਪ ਰਿਸ਼ੀ ਦੀ ਪਤਨੀ ਦੇ ਪੁੱਤਰ, ਦੇਉਤੇ

अदिव्य–ਅਦਿਵਜ. ਵਿ., ਜੋ ਚਮਤਕਾਰੀ ਨਾ ਹੋਵੇ, ਸਧਾਰਨ, ਸੰਸਾਰੀ ਮਮੂਲੀ

अदिष्ट अदिष्टी–ਅਦਿਸ਼੍ਟ ਅਦਿਸ਼੍ਟੀ, ਵਿ., ਦੂਰ ਦੀ ਸੋਝੀ ਨਾ ਰੱਖਣ ਵਾਲਾ, ਮੂਰਖ, ਦੁਸ਼ਟ, ਅਭਾਗਾ, ਬੇ-ਨਸੀਬ, ਖੁਟਕਰਮਾ

अदीक्षित–ਅਦੀਕਸ਼ਿਤ, ਵਿ., ਜਿਸ ਨੂੰ ਗੁਰੂ ਮੰਤਰ ਨਾ ਮਿਲਿਆ ਹੋਵੇ, ਜੋ ਗੁਰਮੁਖ ਨਾ ਹੋਇਆ ਹੋਵੇ, ਨਿਗੁਰਾ

अदीठ–ਅਦੀਠ, ਵਿ., ਬਿਨਾ ਦੇਖਿਆਂ ਹੋਇਆ, ਗੁਪਤ

अदीन–ਅਦੀਨ. ਵਿ., ਧਨੀ, ਅਮੀਰ, ਉਦਾਰ, ਜਿਸ ਵਿਚ ਨਿੰਮ੍ਰਤਾ ਨਾ ਹੋਵੇ, ਨਿਡਰ, ਨਿਰੋਆ

अदीनात्मा–ਅਦੀਨਾਤਮਾ, ਵਿੰ., ਉੱਚੇ ਦਿਲ ਦਾ, ਉਦਾਰ, ਖੁੱਲ੍ਹੇ ਦਿਲ ਵਾਲਾ

अदीप्त,–ਅਦੀਪਿਤ, ਵਿ, ਨਾ ਜਲਾਇਆ ਹੋਇਆ, ਬੁਝਿਆ ਹੋਇਆ

अदुर्ग–ਅਦੁਰਗ, ਵਿ., ਜਿੱਥੇ ਪੁੱਜਣਾ ਔਖਾ ਨਾ ਹੋਵੇ, ਅਸਾਨੀ ਨਾਲ ਪਹੁੰਚਣ ਜੋਗ

अदूषित–ਅਦੂਸ਼ਿਤ. ਵਿ., ਜਿਸ ਵਿਚ ਕੋਈ ਦੋਸ਼ ਨਾ ਹੋਵੇ, ਨਿਰਦੋਸ਼. ਬੇਲਾਗ

अदृष्ट–ਅਦ੍ਰਿਸ਼੍ਟ, ਵਿ.. ਨਾ ਦੇਖਿਆ ਹੋਇਆ, ਲੁਪਤ, ਲੁਕਵਾਂ ਗੁਪਤ, ਭਾਗ, ਕਰਮ, ਕਿਸਮਤ

अदृष्टकर्मा–ਅਦ੍ਰਿਸ਼੍ਟਕਰਮਾ, ਵਿ., ਅਨੁਭਵਹੀਨ, ਨਾ-ਤਜੁਰਬਾਕਾਰ

अदृष्टकाम–ਅਦ੍ਰਿਸ਼੍ਟਕਾਮ, ਪੁ., ਅਣਡਿੱਠੀ ਚੀਜ਼ ਦੀ ਲਾਲਸਾ, ਅਣਦੇਖੀ ਦੀ ਇੱਛਿਆ

अदृष्ट पूर्व–ਅਦ੍ਰਿਸ਼੍ਟ ਪੂਰਵ, ਵਿ., ਜੋ ਪਹਿਲਾਂ ਨਾ ਦੇਖਿਆ ਹੋਵੇ, ਨਿਰਾਲਾ, ਅਨੋਖਾ

अदृष्टफल–ਅਦ੍ਰਿਸ਼ਟਫਲ, ਪੁ., ਜਿਸ ਦਾ ਫਲ ਨਾ ਦਿੱਸੇ, ਜਿਸ ਦਾ ਸਿੱਟਾ ਕੋਈ ਨਾ ਨਿਕਲੇ

अदृष्टि–ਅਦ੍ਰਿਸ਼੍ਰਿ. ਇ., ਗੁੱਸੇ ਦੀ ਨਜ਼ਰ ਵਿ., ਅੰਨ੍ਹਾ, ਗੁਸੈਲਾ

अदेस–ਅਦੇਸ. ਪੁ., ਆਗਿਆ, ਹੁਕਮ

अदेह–ਅਦੇਹ, ਬਿਨਾ ਦੇਹ ਤੋਂ ਪੁ., ਕਾਮ ਦੇਵ

अदैव–ਅਦੈਵ, ਵਿ.,ਨਿਰਭਾਗ, ਬੁਰੇ ਭਾਗਾਂ ਵਾਲਾ, ਨਿਰਕਰਮਣ

अदोखिल–ਅਦੋਖਿਲ, ਵਿ., ਨਿਸਕਲੰਕ, ਬੇਕਲੰਕਾ, ਨਿਰਦੋਸ਼ ਨਿਰਪਰਾਧ

अदोह–ਅਦੋਹ, ਪੁ., ਦੁੱਧ ਨਾ ਚੋਣ ਦਾ ਸਮਾ, ਕੁਸਮਾ, ਬੇਮੌਕੇ ਧਾਰ ਕਢਣ ਦਾ ਵੇਲਾ

अदोरी–ਅਦੋਰੀ, ਇ., ਮਾਹਾਂ ਦੀ ਸੁੱਕੀ ਹੋਈ ਬੜੀ

अद्धा–ਅੱਧਾ, ਵਿ., ਅੱਧਾ ਟੁਕੜਾ, ਹਰੇਕ ਘੰਟੇ ਵਿਚ ਤੀਹ ਤੀਹ ਮਿੰਟ ਉਤੇ ਵੱਜਣ ਵਾਲਾ ਘੰਟਾ

अद्धी–ਅੱਧੀ, ਇ., ਅੱਧੀ ਦਮੜੀ, ਇਕ ਪੈਸੇ ਦਾ ਸੋਲ੍ਹਵਾਂ ਭਾਗ

अद्भुत–ਅਦਭੁਤ, ਵਿ., ਅਨੂਠਾ, ਵਿਚਿਤ੍ਰ, ਅਨੋਖਾ, ਨਿਰਾਲਾ, ਪੁ., ਨੌ ਰਸਾਂ ਵਿਚੋਂ ਇਕ ਰਸ

अद्भुतकर्मा–ਅਦਭੁਤਕਰਮਾ, ਵਿ., ਅਨੋਖਾ ਕੰਮ ਦਿਖਾਉਣ ਵਾਲਾ. ਮਦਾਰੀ

अद्भुतालय–ਅਦਭੁਤਾਲਯ. ਪੁ.,ਅਨੂਠੀਆਂ ਚੀਜ਼ਾਂ ਦੇ ਰੱਖਣ ਦੀ ਥਾਉਂ, ਅਜਾਇਬ ਘਰ

अद्य–ਅਦਿਜ, ਅਵਜ., ਅੱਜ, ਹੁਣ, ਏਸੇ ਵੇਲੇ, ਇਸੇ ਦਿਨ

अद्रव–ਅਦ੍ਰਵ, ਵਿ., ਜੋ ਪਤਲਾ ਨਾ ਹੋਵੇ, ਗਾਹੜਾ, ਸੰਘਣਾ

अद्रि–ਅਦ੍ਰਿ, ਪੁ., ਪਹਾੜ, ਸੂਰਜ, ਪੱਥਰ

अद्रिका–ਅਦ੍ਰਿਕਾ, ਇ., ਧਣੀਆ

अद्रिकीला–ਅਦ੍ਰਿਕੀਲਾ, ਇ., ਜ਼ਮੀਨ, ਧਰਤੀ

अद्रिज–ਅਦ੍ਰਿਜ, ਪੁ., ਸ਼ਿਲਾਜੀਤ, ਗੇਰੂ

अद्रिजा–ਅਦ੍ਰਿਜਾ, ਇ.. ਪਹਾੜ ਦੀ ਧੀ, ਪਾਰਬਤੀ, ਕਲੀ

अद्रिपति,अद्रिराज–ਅਦ੍ਰਿਪਤਿ, ਅਦ੍ਰਿਰਾਜ. ਪੁ., ਹਿਮਾਲਾ ਪਹਾੜ

अद्रोह–ਅਦ੍ਰੋਹ, ਪੂ., ਈਰਖਾ ਦੀ ਅਣਹੋਂਦ, ਡਾਹ ਦਾ ਅਭਾਵ

अद्वार–ਅਦ੍ਵਾਰ, ਪੁ., ਗੁਪਤ ਦਰਵਾਜ਼ਾ. ਵਿ., ਬਿਨਾ ਦਰਵਾਜ਼ੇ

अद्वितीय–ਅਦ੍ਵਿਤੀਯ, ਵਿ., ਇਕੱਲਾ, ਜਿਸ ਜਿਹਾ ਦੂਜਾ ਕੋਈ ਨਾ ਹੋਵੇ, ਮੁੱਖ, ਬੇਜੋੜ, ਪਰਧਾਨ. ਕੇਵਲ ਇਕੋ ਇਕ

अद्वेष–ਅਦ੍ਵੇਸ਼, ਇ., ਈਰਖਾ ਦੀ ਅਣਹੋਂਦ. ਡਾਹ ਦਾ ਨਾ ਹੋਣਾ

अद्वैत–ਅਦ੍ਵੈਤ, ਪੁ., ਅਤੁੱਲ, ਭੇਦ ਰਹਿਤ, ਅਨੋਖਾ, ਬ੍ਰਹਮ ਅਤੇ ਜੀਵ ਵਿਚ ਕਿਸੇ ਤਰ੍ਹਾਂ ਦਾ ਭੇਦ ਨਾ ਹੋਣਾ

अद्वैतवाद–ਅਦ੍ਵੈਤਵਾਤ, ਪ., ਉਹ ਸਿਧਾਂਤ ਜਿਸਦੇ ਅਨੁਸਾਰ-ਸੰਸਾਰ ਅਸਾਰ ਹੈ ਅਤੇ ਬ੍ਰਹਮ ਤੋਂ ਹੀ ਸਾਰੇ ਜਗਤ ਦੀ

ਉਤਪਤੀ ਹੈ, ਵੇਦਾਂਤਮਤ

अद्वैतवादी–ਅਦ੍ਵੈਤਵਾਦੀ, ਵਿ., ਬ੍ਰਹਮਵਾਦੀ, ਅਦ੍ਵੈਤ ਮਤ ਨੂੰ ਮੰਨਣ ਵਾਲੇ ਵੇਦਾਂਤੀ

अधंतरी–ਅਧੰਤਰੀ. ਇ., ਭਲਵਾਨਾਂ ਦੀ ਇਕ ਤਰ੍ਹਾਂ ਦੀ ਕਸਰਤ

अधः–ਅਧੈ, ਅਵਜ., ਹੇਠਲਾ, ਨੀਵਾਂ

अधःकर–ਅਧੈਕਰ. ਪੁ., ਹੱਥ ਦਾ ਹੇਠਲਾ ਹਿੱਸਾ

अधःकाय–ਅਧੈਕਾਯ, ਪੁ., ਸਰੀਰ ਦਾ ਕਮਰ ਤੋਂ ਹੇਠਲਾ ਹਿੱਸਾ

अधःक्षिप्त–ਅਧੈਕਸ਼ਿਪਤ, ਵਿ., ਥੱਲੇ ਸਿਟਿਆ ਹੋਇਆ

अधःखनन–ਅਧੈਖਨਨ, ਪੁ., ਜ਼ਮੀਨ ਪੱਟਣ, ਟੋਆ ਪੱਟਣ,

अध–ਅਧ, ਅਵਜ., ਅੱਧਾ, ਕਈ ਸ਼ਬਦਾਂ ਵਿਚ ਉਪਸਰਗ ਦੀ ਤਰਾਂ ਵਰਤਿਆ ਜਾਂਦਾ ਹੈ

अधकचरा–ਅਧਕਚਰਾ, ਵਿ..ਅੱਧਾ ਕੱਚਾ, ਅਧੂਰਾ,ਢਿੱਲਾ,ਵਿੱਲਾ

अधकपारी–ਅਧਕਪਾਰੀ, ਇ., ਅੱਧੇ ਸਿਰ ਦੀ ਪੀੜ

अधकरिया अधकरी–ਅਧਕਰਿਯਾ ਅਧਕਰੀ, ਇ., ਅੱਧੀ ਕਿਸ਼ਤ, ਅੱਧਾ ਮਸੂਲ

अधड़ा–ਅਧੜਾ. ਵਿ., ਬੇ ਬੁਨਿਆਦ, ਆਸਰਿਓਂ ਬਿਨਾ, ਜਿਸ ਨੂੰ ਕਿਸੇ ਦਾ ਆਸਰਾ ਨਾ ਹੋਵੇ

अधन–ਅਧਨ ਵਿ.. ਧਨਹੀਨ, ਨਿਰਧਨ. ਕੰਗਾਲ

अधनिया–ਅਧਨਿਯਾ. ਵਿ., ਅੰਧੇ ਆਨੇ ਦਾ, ਦੋ ਪੈਸੇ ਦਾ

अधन्य–ਅਧਨਯ. ਵਿ.. ਖੋਟੀ ਕਿਸਮਤ ਵਾਲਾ. ਬੇਭਾਗਾ, ਨਿਰਭਾਗਾ

अधबुध–ਅਧਬੁਧ, ਪੁ., ਪੁਰਾ ਗਿਆਨ ਨਾ ਰੱਖਣ ਵਾਲਾ ਮਨੁੱਖ

अधवैसा अधवैसू–ਅਧਬੈਸਾ ਅਧਬੈਸੂ, ਪੁ., ਅੱਧੀ ਉਮਰ ਦਾ ਮਨੁੱਖ

अधबैसी–ਅਧਬੈਸੀ, ਇ., ਅਧੇੜ ਔਰਤ

अधम–ਅਧਮ, ਵਿ., ਖੋਟਾ, ਨੀਚ. ਪਾਪੀ. ਕਮੀਣਾ

अधमता–ਅਧਮਤਾ, ਇ., ਖੁਟਿਆਈ, ਬੁਰਿਆਈ

अधमरति–ਅਧਮਰਤਿ, ਇ., ਮਤਲਬ ਦਾ ਪਿਆਰ

अधमरा–ਅਧਮਰਾ, ਵਿ., ਮਰਿਆ ਜੇਹਾ, ਅੱਧਾ ਮਰਿਆ

अधमर्ण–ਅਧਮਰਣ, ਵਿ., ਕਰਜ਼ਦਾਰ, ਕਰਜਾਈ, ਰਿਣੀ

अधमा–ਅਧਮਾ. ਇ., ਉਹ ਨਾਇਕਾ ਜੋ ਭਲਾ ਚਾਹੁਣ ਵਾਲੇ ਪਤੀ ਤੇ ਗੁੱਸਾ ਕਰਦੀ ਹੈ

अधमाधम–ਅਧਮਾਧਮ, ਵਿ., ਖੋਟੇ ਤੋਂ ਖੋਟਾ, ਬਹੁਤ ਬੁਰਾ

अधमुआ–ਅਧਮੁਆ, ਵਿ., ਅਧਮਰਿਆ, ਅਧਮੋਇਆ

अधमुख–ਅਧਮੁਖ, ਵਿ.. ਮੱਧਾ, ਉਲਟਾ

अधर–ਅਧਰ, ਪੁ., ਹੇਠਲਾ ਬੁਲ੍ਹ ਵਿ., ਹੇਠਾਂ ਨੂੰ ਝੁਕਿਆ ਹੋਇਆ, ਨੀਚ, ਬੁਰਾ, ਭੈੜਾ

अधरज–ਅਧਰਜ, ਇ., ਬੁਲ੍ਹਾਂ ਦੀ ਲਾਲੀ

अधरपान–ਅਧਰਪਾਨ, ਪੁ., ਹੇਠਲੇ ਬੁਲ੍ਹ ਦੇ ਚੁੰਮਣ ਦੀ ਕਿਰਿਆ

अधरमधु–ਅਧਰਮਧੁ, ਪੁ., ਹੇਠਲੇ ਬੁਲ੍ਹ ਦੀ ਮਿਠਾਸ

अधराधर–ਅਧਰਾਧਰ, ਪੁ., ਹੇਠਲਾ ਬੁੱਲ੍ਹ

अधरामृत–ਅਧਰਾਮ੍ਰਿਤ, ਪੁ., ਹੇਠਲੇ ਬੁੱਲ੍ਹ ਦਾ ਰਸ

अधरीकृत–ਅਧਰੀਕ੍ਰਿਤ, ਵਿ., ਹਾਰਿਆ ਹੋਇਆ

अधरोत्तर–ਅਧਰੋਤੱਰ, ਵਿ., ਉੱਚਾ ਨੀਵਾਂ, ਦੂਰ, ਨੇੜੇ

अधरौंधा–ਅਧਰੌਧਾ, ਵਿ., ਅਧਾ ਖਾਧਾ ਹੋਇਆ

अधरोष्ठ– ਅਧਰੋਸ਼ਠ, ਪੁ., ਹੇਠਲਾ ਬੁੱਲ੍ਹ

अधर्म–ਅਧਰਮ, ਪੁੰ., ਵੇਦਾਂ ਤੋਂ ਉਲਟ ਵਿਵਹਾਰ, ਬੇਇਨਸਾਫ਼ੀ, ਪਾਪ, ਕੁਕਰਮ

अधर्मात्मा अधर्मी,–ਅਧਰਮਾਤਮਾ ਅਧਰਮੀ,–ਵਿ., ਪਾਪੀ, ਅਧਰਮੀ, ਉਲਟੇ ਰਸਤੇ ਚੱਲਣ ਵਾਲਾ, ਦੁਰਾਚਾਰੀ, ਵੈਲੀ

अधवा–ਅਧਵਾ, ਇ., ਵਿਧਵਾ ਤੀਵੀਂ, ਰੰਡੀ

अधवारी–ਅਧਵਾਰੀ, ਇ., ਇਕ ਰੁੱਖ ਜਿਸ ਦੀ ਲੱਕੜੀ ਮਕਾਨ ਬਣਾਉਣ ਦੇ ਕੰਮ ਆਉਂਦੀ ਹੈ

अधसेरा–ਅਧਸੇਰਾ, ਪੁ., ਅੱਧ ਸੇਰ ਦਾ ਵੱਟਾ

अधस्तल–ਅਧਸਤਲ, ਪੁ., ਕਿਸੇ ਚੀਜ਼ ਦੇ ਹੇਠਲੀ ਜਗਾ, ਘਰ

अधांगा–ਅਧਾਂਗਾ, ਪੁ., ਇੱਕ ਪਰਕਾਰ ਦਾ ਭੂਰੇ ਰੰਗ ਦਾ ਪੰਛੀ

अधारिया–ਅਧਾਰਿਯਾ, ਪੁ., ਬੈਲ ਗੱਡੀ ਦੀ ਉਹ ਥਾਉਂ ਜਿੱਥੇ ਹੱਕਣ ਵਾਲਾ ਬੈਠਦਾ ਹੈ

अधारी–ਅਧਾਰੀ, ਇ., ਸਹਾਰੇ ਦੀ ਚੀਜ਼, ਆਸਰਾ, ਸਫ਼ਰ ਦਾ ਸਮਾਨ ਰੱਖਣ ਵਾਲਾ ਝੋਲਾ, ਵਰਾਗਣ

अधार्मिक–ਅਧਾਰਮਿਕ, ਵਿ., ਧਰਮ ਤੋਂ ਡਿਗਿਆ ਹੋਇਆ, ਪਾਪੀ

अधार्य–ਅਧਾਰਜ, ਵਿ., ਜੋ ਮੰਨਿਆ ਨਾ ਜਾ ਸਕੇ

अधावट अधवट,–ਅਧਾਵਟ ਅਧਵਟ, ਵਿ., ਜੋ ਉਬਾਲ ਕੇ ਅੰਧਾ ਜਾਂ ਖੂਬ ਗਾੜ੍ਹਾ ਹੋ ਗਿਆ ਹੋਵੇ

अधिक–ਅਧਿਕ, ਵਿ., ਮੁਖ, ਖਾਸ, ਬਹੁਤ, ਅਨੇਕ, ਵਾਧੂ, ਬਚਿਆ ਹੋਇਆ ਪੁ., ਇਕ ਅਲੰਕਾਰ

अधिकतम–ਅਧਿਕਤਮ, ਵਿ., ਸਭ ਤੋਂ ਜ਼ਿਆਦਾ, ਬਹੁਤਾ

अधिकतर–ਅਧਿਕਤਰ, ਵਿ., ਦੋ ਚੀਜ਼ਾਂ ਤੋਂ ਜ਼ਿਆਦਾ, ਬਹੁਤੇ ਤੋਂ ਬਹੁਤਾ

अधिकता–ਅਧਿਕਤਾ, ਇ., ਬਹੁਤਾਇਤ, ਬੜ੍ਹਤੀ, ਵਾਧਾ

अधिकदंत–ਅਧਿਕਦੰਤ, ਪੁ., ਇਕ ਦੇ ਉਪਰ ਦੂਜਾ ਚੜ੍ਹਿਆ ਹੋਇਆ ਦੰਦ, ਹੁੱਡ

अधिकमास–ਅਧਿਕਮਾਸ, ਪੁ., ਮਲਮਾਸ, ਲੌਂਦ ਦਾ ਮਹੀਨਾਂ, ਜ ਸੂਰਜੀ ਸਾਲਾਂ ਨੂੰ ਪੂਰਾ ਕਰਨ ਲਈ ਜੋੜਿਆ ਜਾਂਦਾ ਹੈ

अधिकरण–ਅਧਿਕਰਣ, ਪੁ., ਅਧਾਰ, ਸਹਾਰਾ, ਵਿਆਕਰਣ ਤੇ ਕਿਰਿਆ ਦੇ ਅਧਾਰ ਨੂੰ ਅਧਿਕਰਣ ਆਖਦੇ ਹਨ । ਵਿਸ਼ਾ, ਪਰਕਰਣ

अधिकरण मंडप–ਅਧਿਕਰਣ ਮੰਡਪ, ਪੁ.,ਨਿਆਂ-ਘਰ, ਕਚਹਿਰੀ

अधिकर्म–ਅਧਿਕਰਮ, ਅਵਜ., ਵੱਡਾ ਕੰਮ, ਦੇਖ ਭਾਲ

अधिकवाक्योक्ति–ਅਧਿਕਵਾਕਜੋਕ੍ਤੀ, ਇ., ਬਹੁਤੀ ਵਡਿਆਈ ਬਹੁਤ ਤਾਰੀਫ਼

अधिकांश–ਅਧਿਕਾਂਸ਼, ਪੁ., ਅਧਿਕ ਭਾਗ, ਜ਼ਿਆਦਾ ਹਿੱਸਾ, ਵਡਾ ਟੁਕੜਾ

ਕ੍ਰਿ. ਵਿ., ਅਕਸਰ, ਆਮ ਤੌਰ ਤੇ, ਖਾਸ ਕਰ ਕੇ

अधिकांई–ਅਧਿਕਾਈ, ਇ., ਬਹੁਤਾਇਤ, ਜ਼ਿਆਦਤੀ, ਵਡਿਆਈ

अधिकाम–ਅਧਿਕਾਮ, ਪੁ., ਵੱਡੀ ਕਾਮਨਾ, ਅਧਿਕ ਲਾਲਸਾ, ਬਹੁਤੀ ਇਛਿਆ

अधिकार–ਅਧਿਕਾਰ, ਪੁ., ਹੱਕ, ਕਬਜ਼ਾ, ਕੰਮ ਦਾ ਭਾਰ, ਅਪਣਾ ਪਣ, ਅਹੁਦਾ, ਦੌਲਤ, ਸੰਬੰਧ, ਵਿਸ਼ਾ, ਮਿਸਾਲ, ਇਸ਼ਾਰਾ, ਪ੍ਰਾਪਤੀ, ਯੋਗੱਤਾ, ਕਾਬਲੀਅਤ

अधिकारी–ਅਧਿਕਾਰੀ. ਪੁ., ਮਾਲਕ, ਖਸਮ, ਸਵਾਮੀ, ਸ਼ਾਂਤ ਸੁਭਾਉ ਦਾ ਆਦਮੀ

अधिकृत–ਅਧਿਕ੍ਰਿਤ,ਵਿ., ਨਿਜੁਕਤ, ਅਧਿਕਾਰ ਦਿੱਤਾ ਹੋਇਆ, ਅਧਿਕਾਰੀ

अधिक्रम, अधिक्रमण–ਅਧਿਕ੍ਰਮ, ਅਧਿਕ੍ਰਮਣ–ਪੁ., ਧਾਵਾ, ਹਮਲਾ, ਹੱਲਾ

अधिक्षिप्त–ਅਧਿਕਸ਼ਿਪਤ, ਵਿ., ਥੱਲੇ ਸਿੱਟਿਆ ਹੋਇਆ, ਅਪਮਾਨਤ, ਬੇਇਜ਼ਤ ਕੀਤਾ ਹੋਇਆ

अधिक्षेप–ਅਧਿਕ੍ਸ਼ੇਪ, ਪੁ., ਨਿੰਦਿਆ, ਅਪਜਸ, ਬੇਇਜ਼ਤੀ

अधिगत–ਅਧਿਗਤ, ਵਿ., ਮਲੂਮ ਕੀਤਾ ਹੋਇਆ, ਜਾਣਿਆ ਹੋਇਆ, ਪ੍ਰਵਾਣਿਆ ਹੋਇਆ

अधिगम–ਅਧਿਗਮ, ਪੁ., ਗਿਆਨ, ਪ੍ਰਾਪਤੀ, ਲਾਭ, ਮਨਜ਼ੂਰੀ, ਜਮਾ ਕਰਨਾ, ਕਮਾਈ, ਪਹੁੰਚ

अधिगमन–ਅਧਿਗਮਨ, ਪੁ., ਪ੍ਰਾਪਤੀ, ਪੜ੍ਹਨ ਦਾ ਕੰਮ, ਕਾਢ, ਖੋਜ

अधिज–ਅਧਿਜ, ਵਿ., ਚੰਗੇ ਖਾਨਦਾਨ ਵਿਚ ਪੈਦਾ ਹੋਇਆ ਹੋਇਆ, ਖਾਨਦਾਨੀ

अधिजनन–ਅਧਿਜਨਨ, ਪੁ., ਉਤਪੱਤੀ ਪੈਦਾਇਸ਼, ਜਨਮ

अधित्यका–ਅਧਿਤਜਕਾ, ਇ., ਪਹਾੜ ਦੇ ਉਪਰਲੀ ਪੱਧਰ ਧਰਤੀ, ਪਹਾੜ ਦਾ ਉਪਰਲਾ ਮੈਦਾਨ

अधिदेव–ਅਧਿਦੇਵ, ਪੁ., ਸਾਰੇ ਦੇਵਤਿਆਂ ਦਾ ਮਾਲਕ ਪਰਮੇਸ਼ਵਰ

अधिदैव–ਅਧਿਦੈਵ, ਪੁ., ਪਰਮਾਤਮਾ, ਇਸ਼ਟਦੇਵਤਾ

अधिदैविक–ਅਧਿਦੈਵਿਕ, ਵਿ., ਰੱਬ ਜੀ ਆਤਮਾ ਸਬੰਧੀ

अधिनाथ अधिनायक अधिप अधिपति–ਅਧਿਨਾਥ ਅਧਿਨਾਯਕ ਅਧਿਪ ਅਧਿਪਤਿ, ਪੁ., ਰਾਜਾ, ਸਰਦਾਰ, ਮਾਲਿਕ, ਪਰਮਾਤਮਾ, ਰੱਬ

अधिपत्नी–ਅਧਿਪਤਨੀ, ਇ., ਵੱਡੀ ਰਾਣੀ, ਮਹਾਰਾਣੀ, ਪਟਰਾਣੀ

अधिपुरुष–ਅਧਿਪੁਰੁਸ਼, ਪੁ., ਪਰਮਾਤਮਾ, ਰੱਬ, ਭਲਾ ਆਦਮੀ

अधिभौतिक, आधिभौतिक–ਅਧਿਭੌਤਿਕ, ਆਧਿਭੌਤਿਕ, ਵਿ., ਕੁਦਰਤੀ, ਪਰਕਿਰਤੀ ਸੰਬੰਧੀ

अधिया–ਅਧਿਯਾ, ਪੁ., ਅੱਧਾ ਹਿੱਸਾ, ਪਿੰਡ ਦੇ ਅੰਧੇ ਹਿੱਸੇ ਦਾ ਮਾਲਕ, ਪਿੰਡ ਦੀ ਇਕ ਰਸਮ ਜਿਸ ਦੇ ਮੁਤਾਬਕ ਫਸਲ ਦਾ ਅੱਧਾ ਹਿੱਸਾ ਜ਼ਿਮੀਂਦਾਰ ਅਤੇ ਅੱਧਾ ਕਿਰਸਾਨ ਨੂੰ ਮਿਲਦਾ ਹੈ

अधियान–ਅਧਿਯਾਨ, ਪੁ., ਜਪ ਕਰਨ ਵਾਲੀ ਗੋਮੁਖੀ, ਮਾਲਾ ਦੀ ਗੁਥਲੀ

अधियोध–ਅਧਿਯੋਧ, ਪੁ., ਵਡਜੋਧ, ਸੂਰਮਾ

अधिरथ–ਅਧਿਰਥ, ਪੁ., ਰਥ ਉਤੇ ਚੜ੍ਹਿਆ ਹੋਇਆ ਜੋਧਾ, ਸਾਰਥੀ, ਰਥਵਾਨ, ਵੱਡਾ ਰਥ

अधिरथी–ਅਧਿਰਥੀ, ਪੁ.. ਸੂਰਜ, ਸਮੁੰਦਰ

अधिराज–ਅਧਿਰਾਜ, ਪੁ., ਚੱਕਰਵਰਤੀ ਰਾਜਾ, ਮਹਾਰਾਜਾ,

अधिराज्य–ਅਧਿਰਾਜਜ, ਪੁ., ਬਾਦਸ਼ਾਹਤ, ਸਾਮਰਾਜ

अधिराष्ट्र–ਅਧਿਰਾਸ਼ਟ੍ਰ, ਪੁ., ਰਾਜ, ਬਾਦਸ਼ਾਹਤ

अधिरोहण–ਅਧਿਰੋਹਣ, ਪੁ., ਉਪਰ ਦੀ ਚੜ੍ਹਾਈ, ਪੌੜੀ

अधिरोहिणी–ਅਧਿਰੋਹਿਣੀ, ਇ., ਸੀੜ੍ਹੀ, ਪੌੜੀ

अधिवाचन–ਅਧਿਵਾਚਨ. ਪੁ., ਨਿਰਵਾਚਨ, ਚੁਨਾਉ, ਚੋਣ

अधिवास–ਅਧਿਵਾਸ, ਪੁ., ਠਹਿਰਨ ਦੀ ਥਾਉਂ, ਨਿਵਾਸ,ਪੜੋਸੀ ਖੁਸ਼ਬੂ, ਦੂਜੇ ਦੇ ਘਰ ਵਿਚ ਰਹਿਣਾ, ਦੇਰ ਤਕ ਰਹਿਣਾ, ਵਿਆਹ ਤੋਂ ਪਹਿਲਾਂ ਮੁੰਡੇ ਤੇ ਕੁੜੀ ਦੇ ਬਟਣਾ ਲਾਉਣ ਦੀ ਰਸਮ

अधिवासी–ਅਧਿਵਾਸੀ. ਵਿ., ਰਹਿਣ ਵਾਲਾ, ਟਿਕਣ ਵਾਲਾ, ਵਸਨੀਕ

अधिवेशन–ਅਧਿਵੇਸ਼ਨ, ਪੁ., ਜਮਾਉ, ਬੈਠਕ, ਜਲਸਾ ਮੀਟਿੰਗ ਇਕਤਰਤਾ, ਇਕੱਠ

अधिश्रयणी–ਅਧਿਸ਼੍ਰਯਣੀ, ਇ., ਚੁਲ੍ਹਾ, ਭੱਠੀ, ਅੰਗੀਠੀ

अधिष्ठाता–ਅਧਿਸ਼ਠਾਤਾ, ਵਿ., ਮੁਖੀਆ, ਸਰਦਾਰ, ਰੱਖਕ, ਰਾਜਾ, ਰਾਖਾ, ਪਰਮਾਤਮਾ, ਕਿਸੇ ਕੰਮ ਨੂੰ ਵੇਖਣ ਵਾਲਾ, ਰੱਬ

अधिष्ठान–ਅਧਿਸ਼ਠਾਨ, ਪੁ., ਰਹਿਣ ਦੀ ਥਾਉਂ, ਨਗਰ, ਸਹਾਰਾ, ਆਸਰਾ, ਅਧਿਕਾਰ, ਭਰਮ ਪਾਉਣਾ, ਕਰਨ ਦੀ ਚੀਜ਼

अधिष्ठापक–ਅਧਿਸ਼ਠਾਪਕ, ਪੁ, ਦੇਖਣ ਜਾਂ ਰਖਿਆ ਕਰਨ ਵਾਲਾ ਨਿਗਰਾਨ

अधीत–ਅਧੀਤ, ਵਿ., ਪੜ੍ਹਿਆ ਹੋਇਆ

अधीन–ਅਧੀਨ, ਵਿ., ਮਤਹਿਤ, ਬੇਵਸ, ਦਬੈਲ

अधीनता–ਅਧੀਨਤਾ, ਇ., ਲਾਚਾਰੀ, ਬੇਵਸੀ, ਗੁਲਾਮੀ, ਦੀਨਤਾ

अधीयान–ਅਧੀਯਾਨ, ਪੁ., ਪੜ੍ਹਨ ਵਾਲਾ, ਪੜ੍ਹਾਕੂ, ਵਿਦਿਆਰਥੀ

अधीर–ਅਧੀਰ. ਵਿ., ਜੋ ਸਥਿਰ ਨਾ ਹੋਵੇ, ਬੇਸੰਤੋਖ, ਬੁਜ਼ਦਿਲ ਮਾੜਾ. ਬਿਨਾ ਧੀਰਜ, ਬੇਚੈਨ, ਮੂਰਖ. ਘਬਰਾਇਆ, ਹੋਇਆ

अधीरता–ਅਧੀਰਤਾ, ਇ., ਬੇਸਬਰੀ, ਅਬਿਰਤਾ, ਬੇਚੈਨੀ

अधीरा–ਅਧੀਰਾ, ਇ., ਬਿਜਲੀ, ਉਹ ਨਾਇਕਾ ਜੋ ਆਪਣੇ ਪਰੇਮੀ ਨੂੰ ਖੁਸ਼ ਦੇਖ ਕੇ ਧੀਰਜ ਛਡ ਬਹਿੰਦੀ ਹੈ

अधीश, अधीश्वर–ਅਧੀਸ਼, ਅਧੀਸ਼੍ਵਰ, ਪੁ., ਮਾਲਕ, ਰਾਜਾ, ਰਾਜਿਆਂ ਦਾ ਰਾਜਾ

अधुना—ਅਧੁਨਾ, ਅਵਜ.. ਹੁਣ, ਇਸ ਵੇਲੇ, ਅਜ ਕਲ, ਏਨ੍ਹੀਂ ਦਿਨੀਂ

अधुर—ਅਧੁਰ, ਵਿ , ਬੋਝ ਰਹਿਤ, ਭਾਰ ਤੋਂ ਬਿਨਾ

अधूत—ਅਧੂਤ, ਦੇਖੋ ਅਧੁਤ (अधुत)

अधूरा—ਅਧੂਰਾ, ਵਿ.. ਅੱਧ ਪਚੱਧਾ. ਜੋ ਪੂਰਾ ਤਿਆਰ ਨਹੀਂ ਹੋਇਆ. ਖੰਡਤ. ਕੱਚਾ, ਕਸਰ ਵਾਲਾ, ਕਸ਼ਰਾਧਾ. ਥੋੜਾ ਪੜ੍ਹਿਆ, ਅਣਪੜ੍ਹ. ਕਮਜ਼ੋਰ

अधृत—ਅਧ੍ਰਿਤ. ਵਿ., ਨਾ ਧਾਰਨ ਕੀਤਾ ਹੋਇਆ

अधृति—ਅਧ੍ਰਿਤਿ, ਇ., ਦੋਸ਼ ਦਾ ਹੋਣਾ, ਜਲਦੀ, ਹੈਰਾਨੀ, ਘਬਰਾਹਟ

अधृष्ठ—ਅਧ੍ਰਿਸ਼ਠ, ਵਿ., ਜੋ ਬਾਹਲਾ ਨਾ ਬੋਲਦਾ ਹੋਵੇ, ਸੰਗਾਊ, ਲੱਜਾ ਵਾਲਾ, ਸ਼ਰਮੀਲਾ

अधेड़—ਅਧੇੜ, ਵਿ., ਉਤਰਦੀ ਜੁਆਨੀ ਦਾ, ਪੱਕੀ ਉਮਰ ਦਾ

अधेली—ਅਧੇਲੀ, ਇ., ਅਠਿਆਨੀ

अधोगति, अधोगमन—ਅਧੋਗਤਿ, ਅਧੋਗਮਨ, ਇ , ਪੁ., ਹੇਠਾਂ ਨੂੰ ਜਾਣਾ, ਪਤਨ, ਗਿਰਨਾ, ਬੁਰੀ ਹਾਲਤ

अधोगामी—ਅਧੋਗਾਮੀ, ਵਿ., ਹੇਠਾਂ ਨੂੰ ਜਾਣ ਵਾਲਾ, ਨਰਕਗਾਮੀ

अधोत्तर—ਅਧੋਤੱਰ, ਪੁ., ਇਕ ਤਰ੍ਹਾਂ ਦਾ ਮੋਟਾ ਕਪੜਾ

अधोवन्धन—ਅਧੋਬੰਧਨ, ਪੁ., ਲੱਕ ਦੀ ਪੇਟੀ, ਅਜਾਰਬੰਦ, ਨਾਲਾ

अधोभाग—ਅਧੋਭਾਗ, ਪੁ., ਹੇਠਲਾ ਹਿੱਸਾ, ਯੋਨੀ, ਨਿਚਲਾ ਹਿੱਸਾ

अधोभुवन—ਅਧੋਭੁਵਨ, ਪੁ., ਪਤਾਲ, ਧਰਤੀ ਦਾ ਹੇਠਲਾ ਹਿੱਸਾ

अधोमार्ग—ਅਧੋਮਾਰਗ, ਪੁ., ਹੇਠਲਾ ਰਸਤਾ, ਸੁਰੰਗ, ਗੁਦਾ

अधोमुखी—ਅਧੋਮੁਖੀ, ਇ., ਅਨੰਤ ਮੂਲ ਦਾ ਬੂਟਾ

अधोयन्त्र—ਅਧੋਯੰਤ੍ਰ, ਪੁ., ਅਰਕ ਖਿੱਚਣ ਵਾਲਾ ਭਬਕਾ

अधोलम्ब—ਅਧੋਲੰਬ, ਪੁ., ਪਾਣੀ ਦੀ ਡੂੰਘਾਈ ਨੂੰ ਮਾਪਣ ਦਾ ਯੰਤਰ

अधोलोक—ਅਧੋਲੋਕ, ਪੁ., ਹੇਠਲੀ ਦੁਨੀਆ, ਪਤਾਲ

अधोवायु—ਅਧੋਵਾਜੁ, ਪੁ., ਗੁਦਾ ਵਿਚੋਂ ਨਿਕਲਣ ਵਾਲੀ ਹਵਾ, ਪੱਦ, ਵਾਤੁਕਾ

अधौड़ी—ਅਧੌੜੀ, ਇ., ਮੋਟੀ ਖੱਲ. ਕਿਸੇ ਪਸ਼ੂ ਦੇ ਪੂਰੇ ਚਮੜੇ ਦਾ ਅੱਧਾ ਹਿਸਾ, ਧੌੜੀ

अध्यक्ष—ਅਧਜਕਸ਼, ਪੁ., ਵੱਡਾ ਕੰਮ ਕਰਨ ਵਾਲਾ, ਮੁਖੀਆ, ਸਵਾਮੀ, ਲਾਣਦਾਰ, ਮਾਲਕ, ਪਰਧਾਨ ਅਧਿਕਾਰੀ

अध्ययन—ਅਧਜਯਨ, ਪੁ., ਪੜ੍ਹਾਈ-ਲਿਖਾਈ, ਮੁਤਾਲਾ

अध्ययनीय—ਅਧਜਯਨੀਯ, ਵਿ., ਪੜ੍ਹਨ ਜੋਗ

अध्यर्ध—ਅਧਜਰਧ, ਵਿ., ਇੱਕ ਅਤੇ ਅੱਧਾ, ਡਿਉਢਾ

अध्यवसान—ਅਧਜਵਸਾਨ, ਪੁ., ਮਨਸਾ, ਹੌਸਲਾ, ਮਤਲਬ, ਹਰਕਤ, ਉਤਸ਼ਾਹ

अध्यवसायी—ਅਧਜਵਸਾਯੀ ਵਿ., ਲਗਾਤਾਰ ਉੱਦਮ ਕਰਨ ਵਾਲਾ, ਉਤਸ਼ਾਹੀ. ਹਿੰਮਤੀ, ਉੱਦਮੀ

अध्यवसित—ਅਧਜਵਸਿਤ, ਵਿ., ਪੱਕਾ ਫ਼ੈਸਲਾ ਕੀਤਾ ਹੋਇਆ, ਪ੍ਰੋੜ੍ਹਤਾ ਕੀਤੀ ਹੋਈ

अध्यस्त—ਅਧਜਸਤ. ਵਿ., ਉੱਤੇ ਧਰਿਆ ਹੋਇਆ, ਛਿਪਿਆ ਹੋਇਆ, ਗੁਪਤ, ਜੋ ਪ੍ਰਤੱਖ ਨਾ ਹੋਵੇ

अध्यात्म—ਅਧਜਾਤਮ. ਪੁ., ਰੱਬ, ਪਰਮੇਸ਼ਵਰ, ਵਿ , ਆਤਮਾ ਜਾਂ ਬ੍ਰਹਮ ਸਬੰਧੀ

अध्यात्म ज्ञान—ਅਧਜਾਤਮ ਗਜਾਨ ਪੁ., ਰੱਬ ਅਤੇ ਆਤਮਾ ਦਾ ਗਿਆਨ

अध्यात्मिक—ਅਧਜਾਤਮਿਕ, ਵਿ., ਰੱਬ ਦਾ ਤੇ ਬੰਦੇ ਦੇ ਸਬੰਧ ਦਾ

अध्यापक—ਅਧਜਾਪਕ, ਪੁ., ਸਿੱਖਿਆ ਦੇਣ ਵਾਲਾ, ਗੁਰੂ, ਅਚਾਰਜ, ਪੜ੍ਹਾਉਣ ਵਾਲਾ, ਮਾਸਟਰ

अध्यापिकी—ਅਧਜਾਪਿਕੀ, ਇ., ਪੜ੍ਹਾਉਣ ਲਿਖਾਉਣ ਦਾ ਕੰਮ

अध्यापिका—ਅਧਜਾਪਿਕਾ, ਇ., ਪੜ੍ਹਾਉਣ ਲਿਖਾਉਣ ਵਾਲੀ ਤੀਵੀਂ, ਮਾਸਟਰਨੀ, ਉਸਤਾਨੀ

अध्यापित—ਅਧਜਾਪਿਤ, ਵਿ., ਪੜ੍ਹਾਇਆ ਲਿਖਾਇਆ ਹੋਇਆ

अध्याय—ਅਧਜਾਯ, ਪੁ., ਗ੍ਰੰਥ, ਪਾਠ, ਸਰਗ, ਅੰਕ, ਪਰਿੱਛੇਦ, ਪਰਕਰਣ, ਕਾਂਡ, ਪਰਵ, ਪੋਥੀ ਦਾ ਹਿੱਸਾ

अध्यायी—ਅਧਜਾਯੀ, ਵਿ., ਪੜ੍ਹਨ ਵਾਲਾ, ਪੜ੍ਹਨ ਲਿਖਣ ਵਿਚ ਲੱਗਿਆ ਹੋਇਆ

अध्यारूढ़—ਅਧਜਾਰੂੜ੍ਹ ਵਿ., ਚੜ੍ਹਿਆ ਹੋਇਆ. ਉੱਚਾ

अध्यारोप—ਅਧਜਾਰੋਪ, ਪੁ., ਚੜ੍ਹਨਾ, ਉਤਾਹਾਂ ਪਹੁੰਚਣਾ, ਝੂਠਾ ਖਿਆਲ ਥੋਪਣਾ

अध्यारोपण—ਅਧਜਾਰੋਪਣ, ਪੁ. ਅਨਾਜ ਦੀ ਬਿਜਾਈ

अध्यारोपित—ਅਧਜਾਰੋਪਿਤ, ਵਿ., ਝੂਠ ਥੋਪਿਆ ਹੋਇਆ

अध्यास—ਅਧਜਾਸ, ਪੁ., ਥੋਪਣਾ, ਝੂਠੀ ਸਮਝ

अध्यासन—ਅਧਜਾਸਨ, ਪੁ., ਵਾਸਾ, ਚੜ੍ਹਾਉ

अध्यासित, अध्यासीन—ਅਧਜਾਸਿਤ, ਅਧਜਾਸੀਨ, ਵਿ., ਵਧਿਆ ਹੋਇਆ, ਸਭਾਪਤੀ ਦੀ ਕੁਰਸੀ ਤੇ ਬੈਠਾ ਹੋਇਆ

अध्याहार—ਅਧਜਾਹਾਰ. ਪੁ., ਤਰਕ ਵਿਤਰਕ, ਬਹਿਸ, ਅਧੂਰੇ ਵਾਕ ਦੀ ਪੂਰਤੀ ਲਈ ਕੋਈ ਸ਼ਬਦ ਜੋੜਨਾ

अध्याहृत—ਅਧਜਾਹ੍ਰਿਤ, ਵਿ., ਤਰਕ ਕੀਤਾ ਹੋਇਆ, ਬਹਿਸ ਵਿਚ ਆਇਆ ਹੋਇਆ

अध्युढ़—ਅਧਜੁੜ੍ਹ, ਵਿ., ਬਹੁਤ, ਜ਼ਿਆਦਾ, ਭਰਪੂਰ

अध्युढ़ा—ਅਧਜੁੜ੍ਹਾ, ਇ., ਉਹ ਔਰਤ ਜਿਸ ਦੇ ਜੀਉਂਦਿਆਂ ਉਸ ਦਾ ਮਾਲਕ ਦੂਜੀ ਸ਼ਾਦੀ ਕਰ ਲਵੇ

अध्येतव्य, अध्येय—ਅਧਜੇਤਵਜ, ਅਧਜੇਯ, ਵਿ., ਪੜ੍ਹਨ ਜੋਗ

अध्रियमाण—ਅਧ੍ਰਿਯਮਾਣ, ਵਿ., ਨਾ ਫੜਿਆ ਹੋਇਆ, ਮਰਿਆ ਹੋਇਆ

अध्रुव—ਅਧ੍ਰੁਵ, ਵਿ., ਅਨਿਸਚਿਤ, ਵੱਖ ਕਰਨ ਜੋਗ, ਬਿਨਾ ਥਾਉਂ ਟਿਕਾਣੇ ਦੇ

अध्वग—ਅਧ੍ਵਗ, ਪੁ., ਮੁਸਾਫ਼ਰ, ਰਾਹਗੀਰ, ਰਾਹੀ, ਬੋਤਾ, ਉੱਠ

ਸੂਰਜ

अध्वन्–ਅਧ੍ਵਨ, ਇ., ਰਸਤਾ, ਧਰਤੀ, ਅਕਾਸ਼, ਦੂਰੀ, ਸਥਾਨ

अध्वर–ਅਧ੍ਵਰ, ਪੁ., ਜੱਗ, ਹੋਮ

अध्वर्यु–ਅਧ੍ਵਰਯੁ, ਪੁ., ਜਗ ਕਰਾਉਣ ਵਾਲਾ

अनइस–ਅਨਇਸ, ਵਿ., ਬੁਰਾ, ਨੀਚ, ਅਧਮ

अनइसी–ਅਨਇਸੀ, ਕ੍ਰਿ., ਬੁਰਾ ਸਮਝਣਾ, ਗੁੱਸੇ ਹੋਣਾ

अनकनना–ਅਨਕਨਨਾ, ਕ੍ਰਿ., ਸੁਣਨਾ, ਛੁਪ ਕੇ ਸੁਣਨਾ

अनक्षर–ਅਨਕਸ਼ਰ, ਪੁ., ਨਿੰਦਿਆ, ਗਾਲੀ, ਵਿ., ਮੂਰਖ

अनख–ਅਨਖ, ਪੁ., ਕਰੋਧ, ਈਰਖਾ, ਬੇਇਨਸਾਫ਼ੀ, ਕੱਜਲ ਦੀ ਬਿੰਦੀ ਜੋ ਬੱਚਿਆਂ ਦੇ ਮੱਥੇ ਤੇ ਨਜ਼ਰ ਨਾ ਲੱਗਣ ਲਈ ਲਾਈ ਜਾਂਦੀ ਹੈ

अनखी–ਅਨਖੀ, ਵਿ., ਕਰੋਧੀ, ਛੇਤੀ ਗੁੱਸ ਵਿਚ ਆਉਣ ਵਾਲਾ, ਗ਼ੈਰਤ ਮੰਦ, ਗੁਸੈਲਾ

अनखौहां–ਅਨਖੌਹਾਂ, ਵਿ., ਕਰੋਧ ਵਿਚ ਭਰਿਆ ਹੋਇਆ, ਚਿੜਚਿੜਾ, ਅਨੁਚਿਤ, ਬੁਰਾ, ਥੋੜੀ ਜਿਹੀ ਗੱਲ ਤੇ ਗੁਸੇ ਹੋਣ ਵਾਲਾ

अनगन–ਅਨਗਨ, ਵਿ., ਅਣਗਿਣਤ, ਬਹੁਤ

अनगैरी–ਅਨਗੈਰੀ, ਵਿ., ਬਿਨਾ ਜਾਣ ਪਛਾਣ ਦੇ, ਨਵਾਕਫ, ਅਪਰਿਚਤ

अनघ–ਅਨਘ, ਵਿ., ਪਾਪ ਰਹਿਤ, ਨਿਰਮਲ, ਸਾਫ, ਸੁੰਦਰ, ਦੁੱਖਾਂ ਤੋਂ ਬਿਨਾ, ਸਵੱਛ

अनघरी–ਅਧਘਰੀ, ਇ. ਕੁਸਮਾ, ਬੁਰਾ ਸਮਾ, ਭੈੜਾ ਵਕਤ

अनघैरी–ਅਨਘੈਰੀ, ਵਿ., ਨਾ ਨਿਉਂਦਿਆ ਹੋਇਆ, ਬਿਨਾ ਬੁਲਾਇਆ ਹੋਇਆ

अनघोर–ਅਨਘੋਰ, ਪੁ., ਅੱਤਿਆਚਾਰ, ਅੰਧੇਰ, ਜ਼ੁਲਮ

अङ्कुश–ਅੰਕੁਸ਼, ਵਿ., ਬਿਨਾ ਲੈਗ਼ਾਮ ਦੇ, ਉਦੰਡ, ਬੇ-ਨਕੇਲਾ, ਬੇ-ਮੁਹਾਰਾ

अनङ्ग–ਅਨੰਗ, ਪੁ., ਅਕਾਸ਼, ਕਾਮਦੇਵ, ਚਿੱਤ, ਮਨ

अनङ्गक्रीड़ा–ਅਨੰਗਕ੍ਰੀੜਾ, ਇ., ਸੰਭੋਗ, ਮਨੁੱਖ ਤੀਵੀਂ ਦਾ ਮੇਲ, ਸੋਲਾਂ ਅੱਖਰਾਂ ਦਾ ਇਕ ਛੰਦ

अनङ्गना–ਅਨੰਗਨਾ, ਕ੍ਰਿ., ਦੇਹ ਦੀ ਸੁੱਧ ਬੁੱਧ ਭੁੱਲ ਜਾਣਾ, ਪਰੇਮ ਵਿਚ ਮਤਵਾਲਾ ਹੋਣਾ

अनङ्ग लेख–ਅਨੰਗ ਲੇਖ, ਪੁ., ਪਿਆਰ ਨਾਲ ਭਰੀ ਹੋਈ ਚਿੱਠੀ, ਪਰੇਮ ਭਰਿਆ ਪਤਰ

अनङ्गवती–ਅਨੰਗਵਤੀ, ਇ., ਸੁੰਦਰੀ, ਕਾਮਨੀ, ਸੁਡੌਲ ਅੰਗਾਂ ਵਾਲੀ

अनङ्गारि–ਅਨੰਗਾਰਿ, ਪੁ., ਕਾਮਦੇਵ ਦਾ ਵੈਰੀ, ਸ਼ਿਵ

अनङ्गी–ਅਨੰਗੀ, ਵਿ., ਬਿਨਾ ਸਰੀਰੋਂ, ਦੇਹ ਰਹਿਤ

अनचहा, अनचाहत–ਅਨਚਹਾ, ਅਨਚਾਹਤ, ਵਿ., ਜਿਸ ਦੇ ਨਾਲ ਕੋਈ ਜਾਣ ਪਛਾਣ ਨਾ ਹੋਵੇ, ਅਣੋਭੜ, ਨਾਵਾਕਫ਼

अनजान–ਅਨਜਾਨ, ਵਿ., ਨਾ ਜਾਣਨ ਵਾਲਾ, ਅਪਰਿਚਿਤ, ਨਾਵਾਕਫ, ਅਣੋਭੜ

अनजोखा–ਅਨਜੋਖਾ, ਵਿ., ਬਿਨਾ ਤੋਲਿਆ ਹੋਇਆ, ਅਣ-ਤੋਲਿਆ

अनट–ਅਨਟ, ਪੁ., ਉਪੱਦਰ, ਅੱਤਿਆਚਾਰ, ਬਲਵਾ, ਰੌਲਾ, ਝਗੜਾ, ਫ਼ਸਾਦ

अनडीठ–ਅਨਡੀਠ, ਵਿ., ਬਿਨਾ ਦੇਖਿਆ ਹੋਇਆ, ਅਣ ਡਿੱਠਾ

अनत–ਅਨਤ, ਵਿ., ਜੋ ਝੁਕਿਆ ਨਾ ਹੋਵੇ, ਸਿੱਧਾ, ਖੜਾ, ਅਭਿਮਾਨੀ

अनत–ਅਨਤ, ਕ੍ਰਿ. ਵਿ., ਦੂਜੀ ਥਾਉਂ, ਹੋਰ ਜਗਾ

अनति–ਅਨਤਿ, ਵਿ., ਘੱਟ, ਇ., ਹੰਕਾਰ

अनतिक्रम–ਅਨਤਿਕ੍ਰਮ, ਪੁ., ਹੱਦ ਤੋਂ ਬਾਹਰ ਨਾ ਜਾਣਾ

अनदेखा–ਅਨਦੇਖਾ, ਇ., ਜੋ ਦੇਖਿਆ ਹੋਇਆ ਨਾ ਹੋਵੇ

अनद्यतन–ਅਨਦਜਤਨ, ਵਿ., ਜੋ ਅੱਜ ਦਾ ਨਾ ਹੋਵੇ

अनधिकार–ਅਨਧਿਕਾਰ, ਪੁ., ਅਧਿਕਾਰ ਦਾ ਨਾ ਹੋਣਾ, ਅਯੋਗਤਾ, ਲਚਾਰੀ, ਵਿ., ਅਜੋਗ, ਅਧਿਕਾਰ ਰਹਿਤ

अनधिगत–ਅਨਧਿਗਤ, ਵਿ., ਨਾਮਲੂਮ, ਬਿਨਾ ਸੋਚੇ ਸਮਝੇ

अनध्यवसाय–ਅਨਧੰਜਵਸਾਯ, ਪੁ., ਢਿੱਲਾ ਪਣ, ਸੁਸਤੀ, ਆਲਸ, ਕਮਜ਼ੋਰੀ

अनध्याय–ਅਨਧਜਾਯ, ਪੁ., ਛੁੱਟੀ ਦਾ ਦਿਨ, ਜਿਸ ਦਿਨ ਸ਼ਾਸਤਰ ਦੇ ਅਨੁਸਾਰ ਲਿਖਣ-ਪੜ੍ਹਨ ਦੀ ਮਨਾਹੀ ਹੋਵੇ

अनन्त–ਅਨੰਤ, ਪੁ., ਈਸ਼ਵਰ, ਬੱਦਲ, ਅਭਰਕ, ਸ਼ਿਵ, ਅਨੰਤ ਨਾਉਂ ਦਾ ਦੇਵਤਾ, ਚੌਦਸ ਵਾਲੇ ਦਿਨ ਬਾਰ ਤੇ ਬੰਨ੍ਹਣ ਵਾਲਾ ਡੋਰਾ, ਵਿ., ਬੇਹੱਦ, ਅਸੀਮ

अनन्तक–ਅਨੰਤਕ, ਪੁ., ਮੂਲੀ

अनन्तचतुर्दशी–ਅਨੰਤਚਤੁਰਦਸ਼ੀ, ਇ., ਭਾਦਰੋਂ ਸ਼ੁਦੀ ਚੌਦਸ ਜਿਸ ਦਿਨ ਵਿਸ਼ਨੂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਬਾਂਹ ਤੇ ਅਨੰਤ ਬੰਨ੍ਹਿਆ ਜਾਂਦਾ ਹੈ

अनन्तता–ਅਨੰਤਤਾ, ਇ., ਅਧਿਕਤਾ, ਜ਼ਿਆਦਤੀ, ਬੇਹੱਦਪਣਾ

अनन्तदृष्टि–ਅਨੰਤਦ੍ਰਿਸ਼੍ਰਿ–ਪੁ., ਇੰਦਰ, ਸ਼ਿਵ, ਰੱਬ

अनन्तदेव–ਅਨੰਤਦੇਵ, ਪੁ., ਸ਼ੇਸ਼ ਨਾਗ, ਸ਼ੇਸ਼ ਨਾਗ ਉਤੇ ਸੌਣ ਵਾਲੇ ਭਗਵਾਨ ਵਿਸ਼ਨੂ

अनन्तपार–ਅਨੰਤਪਾਰ, ਵਿ., ਬਹੁਤ ਲੰਮਾ ਚੌੜਾ, ਵਿਸ਼ਾਲ

अनन्तमूल–ਅਨੰਤਮੂਲ, ਪੁ., ਜੰਗਲੀ ਚੰਮੇਲੀ, ਇਕ ਪਰਸਿੱਧ ਬੂਟੀ

अनन्तर–ਅਨੰਤਰ, ਵਿ., ਬਿਨਾ ਛੁੱਟੀ ਦਾ, ਪਿੱਛੋਂ, ਮਗਰੋਂ, ਬਾਦ ਵਿਚ, ਕ੍ਰਿ. ਵਿ., ਲਗਾਤਾਰ

अनन्तविजय–ਅਨੰਤਵਿਜਯ, ਪੁ., ਯੁਧਿਸ਼੍ਰ ਦੇ ਸੰਖ ਦਾ ਨਾਉਂ

अनन्ता–ਅਨੰਤਾ, ਵਿ., ਜਿਸ ਦਾ ਅੰਤ ਨਾ ਹੋਵੇ, ਬੇਹੱਦਾ, ਇ., ਹਰੜ, ਮਘ, ਔਲਾ, ਧਰਤੀ, ਪਾਰਬਤੀ, ਦੁੱਬ

अनन्य–ਅਨਨਜ, ਵਿ., ਦੂਜੇ ਨਾਲ ਸਬੰਧ ਨਾ ਰੱਖਣ ਵਾਲਾ, ਇਕ ਤੇ ਜ਼ਿਆਦਾ ਨਹੀਂ, ਸਮੁੱਚਾ, ਸਭ ਤੋਂ ਅਲੱਗ, ਸੁਤੰਤਰ, ਅਜ਼ਾਦ

अनन्यचित–ਅਨੰਨਜਚਿਤ, ਵਿ., ਆਪਣੇ ਚਿਤ ਨੂੰ ਇਕ ਪਾਸੇ ਲਾਉਣ ਵਾਲਾ

अनन्यता,अनन्यत्व–ਅਨਨਜਤਾ.ਅਨਨਜਤ੍ਵ, ਇ., ਨਿਰਾਲਾਪਣ, ਅਨੋਖਾਪਣ

अनन्यपूर्वा–ਅਨਨਜਪੂਰਵਾ, ਇ., ਜਿਸ ਤੀਵੀਂ ਦਾ ਕਿਸੇ ਮਨੁੱਖ ਨਾਲ ਮੇਲ ਨਾ ਹੋਇਆ ਹੋਵੇ, ਅਣਵਿਆਹੀ, ਕੁਆਰੀ, ਨਾਬਾਲਗ਼ ਕੁੜੀ

अनन्यभव–ਅਨਨਜਭਵ. ਵਿ., ਆਪਣੇ ਆਪ ਹੀ ਪੈਦਾ ਹੋਣ ਵਾਲਾ

अनन्यभाव–ਅਨਨਜਭਾਵ, ਵਿ., ਕੇਵਲ ਰੱਬ ਵਲ ਧਿਆਨ ਲਾਉਣ ਵਾਲਾ

अनन्ययोग्य–ਅਨਨਜਯੋਗਜ, ਵਿ , ਜੋ ਕਿਸੇ ਦੂਜੇ ਦੀ ਵਰਤੋਂ ਵਿਚ ਨਾ ਆਉਂਦਾ ਹੋਵੇ

अनन्यार्थ–ਅਨਨਜਾਰਥ, ਵਿ., ਕਿਸੇ ਦੂਜੇ ਪਦਾਰਥ ਨਾਲ ਸਬੰਧ ਨਾ ਰੱਖਣ ਵਾਲਾ, ਪਰਧਾਨ

अनन्वय–ਅਨਨ੍ਵਯ, ਪੁ., ਇਕ ਅਲੰਕਾਰ ਜਿਸ ਵਿਚ ਕਿਸੇ ਵਾਕ ਦੀ ਇਕੋ ਚੀਜ਼ ਉਪਮਾਨ ਤੇ ਉਪਮੇਯ ਦੇ ਰੂਪ ਵਿਚ ਦਿਖਾਈ ਜਾਂਦੀ ਹੈ

अनन्वित–ਅਨਨ੍ਵਿਤ, ਵਿ., ਸਬੰਧ ਰਹਿਤ, ਬਿਨਾ ਸਿਲਸਿਲੇ, ਅੰਡਵੰਡ, ਬੇਤਰਤੀਬਾ

अनप–ਅਨਪ, ਵਿ., ਬਿਨਾ ਪਾਣੀ, ਜਲ ਰਹਿਤ

अनपकार–ਅਨਪਕਾਰ, ਪੁ., ਬੁਰਾ ਨਾ ਕਰਨ ਦਾ ਭਾਵ, ਸਿੱਧਾਪਣ, ਭੋਲਾਪਣ

अनपकारी–ਅਨਪਕਾਰੀ, ਵਿ., ਕਿਸੇ ਦਾ ਕੁਝ ਨਾ ਵਿਗਾੜਨ ਵਾਲਾ

अनपच–ਅਨਪਚ, ਪੁ., ਭੋਜਨ ਦਾ ਹਜ਼ਮ ਨਾ ਹੋਣਾ, ਬਦਹਜ਼ਮੀ, ਅਜੀਰਣ

अनपढ़–ਅਨਪੜ, ਵਿ., ਬੇ ਪੜ੍ਹਿਆ, ਮੂਰਖ, ਗਵਾਰ, ਬੁੱਧੂ, ਨਿਰੱਖਰ, ਓਮੀ

अनपत्य–ਅਨਪਤਜ, ਵਿ., ਬਿਨਾ ਸੰਤਾਨ ਤੋਂ, ਜਿਸ ਦੇ ਕੋਈ ਮੁੰਡਾ ਜਾਂ ਕੁੜੀ ਨਾ ਹੋਵੇ, ਔਤ, ਨਪੁੱਤਾ

अनपराध–ਅਨਪਰਾਧ, ਵਿ., ਬੇਕਸੂਰ, ਨਿਰਪਰਾਧ, ਨਿਰਦੋਸ਼

अनपेक्ष–ਅਨਪੇਕਸ਼, ਵਿ., ਪਰਵਾਹ ਨਾ ਕਰਨ ਵਾਲਾ, ਬੇਪਰਵਾਹ. ਪੱਖਪਾਤ ਤੋਂ ਰਹਿਤ

अनपेक्षा–ਅਨਪੇਕਸ਼ਾ, ਇ., ਪੱਖਪਾਤ ਬਿਨਾ ਹੋਣ ਦਾ ਭਾਵ

अनपेक्षित–ਅਨਪੇਕਸ਼ਿਤ, ਵਿ., ਧਿਆਨ ਨਾ ਦਿੱਤਾ ਹੋਇਆ

अनफांस–ਅਨਫਾਂਸ, ਇ., ਮੋਕਸ਼, ਮੁਕਤੀ, ਛੁਟਕਾਰਾ

अनबन–ਅਨਬਨ, ਇ., ਵਿਰੋਧ, ਝਗੜਾ, ਦਰੋਹ, ਝੰਜਟ, ਵਿਗਾੜ, ਵਿ., ਕਈ ਤਰ੍ਹਾਂ, ਭਿੰਨ, ਵੱਖ, ਅੱਡ

अनबिधा, अनबेध–ਅਨਬਿਧਾ, ਅਨਬੇਧ, ਵਿ., ਬਿਨਾ ਬਿੰਨ੍ਹਿਆਂ ਹੋਇਆ, ਜਿਸ ਵਿਚ ਛੇਕ ਨਾ ਹੋਵੇ

अनबोल–ਅਨਬੋਲ, ਵਿ., ਨਾ ਬੋਲਣ ਵਾਲਾ, ਮੋਨੀ, ਚੁੱਪ ਚੁਪੀਤਾ, ਗੁੰਗਾ, ਆਪਣਾ ਦੁੱਖ ਸੁਖ ਕਿਸੇ ਨੂੰ ਨਾ ਕਹਿਣ ਵਾਲਾ

अनब्याहा–ਅਨਬਜਾਹਾ, ਵਿ., ਬੇ-ਵਿਆਹਾ, ਕੰਵਾਰਾ, ਛੜਾ

अनभल–ਅਨਭਲ, ਪੁ., ਬੁਰਾਈ, ਹਾਨੀ, ਨੁਕਸਾਨ, ਬੁਰਾ

अनभला–ਅਨਭਲਾ, ਪੁ., ਜੋ ਭਲਾ ਨਾ ਹੋਵੇ, ਖਰਾਬ, ਬੁਰਾ, ਭੈੜਾ

अनभाइया, अनभावता–ਅਨਭਾਇਯਾ, ਅਨਭਾਵਤਾ, ਵਿ., ਜੋ ਚੰਗਾ ਨਾ ਲਗਦਾ ਹੋਵੇ

अनभिज्ञ–ਅਨਭਿਗਜ, ਵਿ.. ਬਿਨਾ ਜਾਣ ਪਛਾਣ ਦੇ. ਮੂਰਖ, ਨਾਦਾਨ, ਕਮਲਾ, ਅਗਿਆਨੀ

अनभिज्ञता–ਅਨਭਿਗਜਤਾ, ਇ., ਮੂਰਖਤਾ, ਨਾਦਾਨੀ, ਬੇਵਕੂਫੀ

अनभिधेय–ਅਨਭਿਧੇਯ, ਵਿ., ਜੋ ਕਹਿਆ ਨਾ ਜਾ ਸਕੇ

अनभिभव–ਅਨਭਿਭਵ, ਪੁ., ਜਿੱਤ ਨਾ ਹੋਣੀ, ਹਾਰ

अनभिरूप–ਅਨਭਿਰੂਪ, ਵਿ., ਕੁਰੂਪ, ਬੇਡੌਲ, ਭੱਦਾ, ਕੋਝਾ, ਕੁਸੋਭਲਾ

अनभिलाष–ਅਨਭਿਲਾਸ਼, ਪੁ , ਇੱਛਿਆ ਦਾ ਨਾ ਹੋਣਾ, ਸ਼ੌਕ ਨਾ ਹੋਣਾ

अनभिलाषी–ਅਨਭਿਲਾਸ਼ੀ, ਵਿ., ਇੱਛਿਆ ਨਾ ਰੱਖਣ ਵਾਲਾ

अनभीष्ट–ਅਨਭੀਸ਼੍ਟ, ਵਿ., ਬੁਰਿਆਈ ਕਰਨ ਵਾਲਾ

अनभो–ਅਨਭੋ, ਪੁ., ਅਸਚਰਜ, ਅਚੰਭਾ, ਅਣਹੋਣੀ ਘਟਨਾ, ਅਨੁਭਵ, ਵਿ., ਅਦਭੁਤ, ਬਿਚਿਤ੍ਰ, ਅਜੀਬ

अनभोरी–ਅਨਭੋਰੀ. ਇ., ਕਪਟ, ਛਲ, ਹੀਲਾ ਹਵਾਲਾ, ਧੋਖਾ. ਚਕਮਾ, ਭੁਲਾਵਾ, ਭੁਲੇਖਾ

अनभ्यसित, अनभ्यस्त–ਅਨਭਜਸਿਤ, ਅਨਭ੍ਯਸਤ, ਵਿ., ਅਭਿਆਸ ਨਾ ਕਰਨ ਵਾਲਾ, ਜਿਸ ਨੂੰ ਅਭਿਆਸ ਨਾ ਹੋਵੇ, ਕੱਚੀ ਉਮਰ ਦਾ

अनभ्यास–ਅਨਭਜਾਸ, ਪੁ., ਅਭਿਆਸ ਦਾ ਨਾ ਹੋਣਾ, ਮਸ਼ਕ ਨਾ ਹੋਣੀ, ਆਦਤ ਨਾ ਹੋਣੀ

अनभ्र–ਅਨਭ੍ਰ, ਵਿ.. ਬੱਦਲਾਂ ਬਿਨਾ

अनमना–ਅਨਮਨਾ, ਵਿ., ਜਿਸ ਦਾ ਚਿਤ ਨਾ ਲੱਗੇ, ਉਦਾਸ, ਰੋਗੀ, ਦੁਖੀ

अनमापा–ਅਨਮਾਪਾ, ਵਿ., ਅਣ ਤੋਲਿਆ, ਅਣਮਿਣਿਆ

अनमारग–ਅਨਮਾਰਗ, ਪੁ.. ਕੁਰਾਹ, ਬੁਰਾ ਰਸਤਾ, ਦੁਰਾਚਾਰ, ਵੈਲ

अनमिख–ਅਨਮਿਖ, ਪੁ., ਬਿਨਾ ਅੰਖ ਝਮਕੇ, ਟਿਕ ਟਿਕੀ ਬੰਨ੍ਹੇ ਹੋਏ

अनमिल, अनमिलत–ਅਨਮਿਲ, ਅਨਮਿਲਤ, ਵਿ., ਸਬੰਧ ਰਹਿਤ, ਅਲੱਗ, ਬੇਮੇਲ, ਵੱਖ

अनमीलना–ਅਨਮੀਲਨਾ, ਕ੍ਰਿ., ਦੇਖਣਾ, ਝਾਕਣਾ, ਅੱਖ ਪੁੱਟਣੀ

अनमेल–ਅਨਮੇਲ, ਵਿ., ਬਿਨਾ ਮਿਲਾਵਟ ਤੋਂ, ਖਾਲਸ, ਬੇਜੋੜ, ਬਿਨਾ ਸਬੰਧ ਤੋਂ, ਸਬੰਧ ਰਹਿਤ

अनमोल–ਅਨਮੋਲ, ਵਿ., ਬਹੁਮੁੱਲਾ, ਕੀਮਤੀ, ਬਹੁਤ ਵਧੀਆ, ਸੁੰਦਰ, ਵੱਡ ਮੁੱਲਾ

अनम्र–ਅਨਮ੍ਰ, ਵਿ., ਜਿਸ ਵਿਚ ਨਿੰਮਰਤਾ ਨਾ ਹਵੇ, ਖੋਟਾ,

ਖਚਰ੍ਹਾ, ਅੱਖੜ, ਹਕਾਰੀ

अनय–ਅਨਯ, ਪੁ., ਬੇਇਨਸਾਫੀ, ਬੁਰੀ ਨੀਤੀ, ਅੱਤਿਆਚਾਰ, ਬੁਰੀ ਘਟਨਾ, ਬੁਰੀ ਆਦਤ, ਅਨਿਆਂ, ਵੈਲ

अनयन–ਅਨਯਨ, ਵਿ , ਬਿਨਾ ਅਖਾਂ ਦੇ, ਅੰਨ੍ਹਾ, ਮੁਨਾਖਾ

अनयश–ਅਨਯਸ, ਵਿ., ਬੁਰਾ, ਭੈੜਾ, ਬੇਡੌਲ, ਕੋਝਾ

अनरना–ਅਨਰਨਾ, ਕ੍ਰਿ., ਹਤਕ ਕਰਨਾ, ਅਨਾਦਰ ਕਰਨਾ, ਅਪਮਾਨ ਕਰਨਾ

अनरस–ਅਨਰਸ, ਪੁ., ਰਸ ਰਹਿਤ ਪਦਾਰਥ. ਫਿੱਕਾਪਣ, ਰੁੱਖਾਪਣ, ਵੈਰ, ਦੁਖ, ਕਸ਼ਟ, ਮਨ ਮੁਟਾਵ, ਗੁੱਸਾ, ਉਹ ਘਟਨਾ ਜਿਸ ਵਿਚ ਕੋਈ ਪਰਧਾਨ ਰਸ ਨਾ ਦਰਸਾਇਆ ਜਾਵੇ

अनरसा–ਅਨਰਸਾ. ਇ., ਬੇਚੈਨੀ, ਬੀਮਾਰੀ, ਘਬਰਾਹਟ, ਪੁ., ਇਕ ਤਰ੍ਹਾਂ ਦੀ ਮਿਠਿਆਈ

अनराता–ਅਨਰਾਤਾ, ਵਿ., ਬਿਨਾ ਕਿਸੇ ਰੰਗ ਤੋਂ ਰੰਗਿਆ ਹੋਇਆ, ਸਾਦਾ, ਜਿਸ ਉਤੇ ਪ੍ਰੇਮ ਦਾ ਪਰਭਾਵ ਨਾ ਪਿਆ ਹੋਵੇ

अनरीति–ਅਨਰੀਤਿ, ਇ., ਬੁਰੀ ਚਾਲ, ਕੁਚਾਲ, ਕੁਰੀਤ, ਬੁਰਾ-ਵਿਉਹਾਰ, ਭੈੜੀ ਰਸਮ

अनरुचि–ਅਨਰੁਚਿ, ਇ., ਮਨ ਦੀ ਚਾਹਨਾ ਦੀ ਅਣਹੋਂਦ

अनर्कचतुर्दशी–ਅਨਰਕ ਚਤੁਰਦਸ਼ੀ, ਇ., ਕੱਤਕ ਸ਼ੁਦੀ ਚੌਦੇਂ, ਜੋ ਹਨੂਮਾਨੰ ਜੀ ਦਾ ਜਨਮ ਦਿਨ ਮੰਨਿਆ ਜਾਂਦਾ ਹੈ, ਇਸ ਦਿਨ ਹਨੂਮਾਨ ਜੀ ਦੀ ਪੂਜਾ ਹੁੰਦੀ ਹੇ

अनर्गल–ਅਨਰਗਲ. ਵਿ., ਬਿਨਾ ਰੋਕ ਟੋਕ ਦੇ, ਬੇ-ਮਾਅਨੇ, ਬੇਤੰਰਤੀਬਾਂ, ਅਘੜ ਦੁਘੜ

अनर्घ–ਅਨਰਘ, ਵਿ., ਬਹੁਮੁੱਲਾ, ਘਟਮੁੱਲਾ, ਸਸਤਾ

अनर्थ–ਅਨਰਥ, ਪੁ., ਉਲਟਾ ਅਰਥ, ਕੰਮ ਵਿਚ ਹਾਨੀ, ਦੁੱਖ, ਨਿਕੰਮੀ ਚੀਜ਼.

अनर्थक–ਅਨਰਥਕ, ਵਿ., ਅਰਥ ਰਹਿੰਤ, ਬੇਅਰਥ, ਬੇਮਤਲਬ, ਹਾਨੀਕਾਰਕ

अनर्थनाशी–ਅਨਰਥਨਾਸ਼ੀ, ਪੁ. ਬੁਰਿਆਈ ਦਾ ਨਾਸ ਕਰਨ ਵਾਲਾ, ਸ਼ਿਵ

अनर्थभाव–ਅਨਰਥਭਾਵ, ਈਰਖਾ, ਦਵੇਸ਼

अनल–ਅਨਲ, ਪੁ., ਅੱਗ, ਹਵਾ, ਰਕਾਰ ਅੱਖਰ, ਤਿੰਨ ਦੀ ਗਿਣਤੀ

अनलचूर्ण–ਅਨਲਚੂਰਣ, ਪੁ., ਬਰੂਦ

अनलपक्ष–ਅਨਲਪਕਸ਼, ਇ., ਇਕ ਚਿੜੀ ਜੋ ਹਰ ਵੇਲੇ ਅਸਮਾਨ ਉਤੇ ਉਡਦੀ ਹੈ ਅਤੇ ਅੰਡਾ ਭੀ ਉਥੇ ਹੀ ਦਿੰਦੀ ਹੈ ਜੋ ਡਿਗਣ ਤੇ ਫੁੱਟ ਜਾਂਦਾ ਹੈ ਤੇ ਬਚਾ ਨਿਕਲ ਆਉਂਦਾ ਹੈ

अनलप्रभा–ਅਨਲਪ੍ਰਭਾ, ਇ., ਰਤਨ ਜੋਤ ਨਾਉਂ ਦੀ ਲਾਲ ਰੱਗ਼ਾ ਦੀ ਇੱਕ ਬੂਟੀ

अनलमुख–ਅਨਲਮੁਖ, ਪੁ., ਦੇਵਤਾ, ਬ੍ਰਾਹਮਣ

अनलशिला–ਅਨਲਸ਼ਿਲਾ, ਇ., ਅੱਗ ਦੇ ਪੱਥਰ ਜਿਹੜੇ ਅਸਮਾਨ ਤੋਂ ਡਿਗਦੇ ਹਨ ਇਹ ਉਲਕਾਪਾਤ ਤੋਂ ਅੱਡ ਹੰਨ

अनलस–ਅਨਲਸ, ਵਿ., ਆਲਸ ਬਗੈਰ, ਫੁਰਤੀਲਾ, ਹੁਸ਼ਿਆਰ, ਛੁਹਲਾ

अनला–ਅਨਲਾ, ਇ., ਦੱਛ ਪ੍ਰਜਾ ਪਤ ਦੀ ਧੀ ਜੋ ਕੱਸ਼ਪ ਰਿਸ਼ੀ ਨੂੰ ਵਿਆਹੀ ਸੀ

अनल्पमन्यु–ਅਨਲਪਮਨਜੂ, ਪੁ., ਵੱਡਾ ਕਰੋਧੀ, ਗੁਸੈਲਾ

अनवकाश–ਅਨਵਕਾਸ਼, ਪੁ.. ਛੁੱਟੀ ਨਾ ਹੋਣਾ, ਵਿਹਲ ਨਾ ਹੋਣੀ

अनवगार–ਅਨਵਗਾਰ, ਵਿ., ਬਹੁਤਾ ਡੂੰਘਾ, ਬੇਥਾਹ, ਅਥਾਹ

अनवट–ਅਨਵਟ, ਪੁ., ਚਾਂਦੀ ਦਾ ਛਲਾ ਜਿਸ ਨੂੰ ਤੀਵੀਆਂ ਪੈਰ ਦੇ ਅੰਗੂਠੇ ਵਿਚ ਪਹਿਣਦੀਆਂ ਹਨ, ਕੋਹਲੂ ਦੇ ਬੈਲ ਦੇ ਅੱਖਾਂ ਉਤੇ ਬੰਨ੍ਹਣ ਵਾਲੇ ਖੋਪੇ

अनवद्य–ਅਨਵਦਜ, ਵਿ., ਨਿੰਦਾ ਤੋਂ ਰਹਿਤ, ਜਿਸ ਦੀ ਕੋਈ ਬੁਰਿਆਈ ਨਾ ਕਰੇ

अनवधान–ਅਨਵਧਾਨ, ਪੁ., ਅਸਾਵਧਾਨੀ, ਚਿੱਤ ਦਾ ਵਿਗਾੜ, ਕਮਲਾਪਣ,

अनवधि–ਅਨਵਧਿ, ਵਿ., ਬਿਨਾ ਹੱਦ ਤੋਂ, ਬੇਹੱਦ, ਕ੍ਰਿ. ਵਿ., ਹਰ ਵੇਲੇ, ਹਮੇਸ਼ਾ

अनवर–ਅਨਵਰ, ਵਿ., ਸਰੇਸ਼ਟ, ਚੰਗਾ, ਭਲਾਮਾਣਸ, ਸੱਭ, ਸਾਊ

अनवरत–ਅਨਵਰਤ, ਵਿ., ਨਿਰੰਤਰ, ਲਗਾਤਾਰ। ਅਵਜ., ਸਦਾ, ਹਰ ਵੇਲੇ, ਹਮੇਸ਼ਾ

अनवलम्ब–ਅਨਵਲੰਬ, ਵਿ., ਬੇ ਸਹਾਰੇ, ਬੇ ਆਸਰੇ

अनवसर–ਅਨਵਸਰ, ਵਿ.. ਛੁੱਟੀ ਤੋਂ ਬਿਨਾ, ਜਿਸ ਨੂੰ ਵਿਹਲ ਨਾ ਮਿਲੇ, ਇ., ਕੁਸਮਾ, ਬੇਮੌਕਾ

अनवसान–ਅਨਵਸਾਨ, ਵਿ., ਜੋ ਛੁਪੇ ਨਾ, ਅਨੰਤ, ਬੇਹੱਦ

अनवसित–ਅਨਵਸਿਤ, ਵਿ., ਅਧੂਰਾ, ਜੋ ਪੂਰਾ ਨਾ ਹੋਵੇ

अनवस्था–ਅਨਵਸਥਾ, ਇ., ਠਿਕਾਣੇ ਤੋਂ ਬਿਨਾ. ਅਧੀਰਤਾ, ਚਪਲਤਾ

अनवस्थित–ਅਨਵਸਥਿਤ, ਵਿ., ਅਥਿਰ, ਚੰਚਲ, ਬੇ ਆਸਰੇ, ਬੇ ਸਹਾਰਾ

अनवस्थिता–ਅਨਵਸਥਿਤਾ, ਇ., ਮਾੜੀ ਤੀਵੀਂ, ਵਿਭਚਾਰਣੀ ਤੀਵੀਂ

अनवस्थिति–ਅਨਵਸਥਿਤਿ, ਇ., ਅਧੀਰਜ, ਚੁਲਬੁਲਾਪਣ, ਚਿੱਤ ਦਾ ਥਿਰ ਨਾ ਰਹਿਣਾ, ਡਾਵਾਂ ਡੋਲ. ਚੰਚਲਤਾ

अनवांसना–ਅਨਵਾਂਸਨਾ, ਕ੍ਰਿ., ਕਿਸੇ ਨਵੇਂ ਭਾਂਡੇ ਨੂੰ ਪਹਿਲੇ ਪਹਿਲ ਵਰਤੋਂ ਵਿਚ ਲਿਆਉਣਾ

अनवांसा–ਅਨਵਾਂਸਾ, ਵਿ.. ਪਹਿਲੇ ਪਹਿਲ ਕੰਮ ਵਿਚ ਲਿਆਂਦਾ ਹੋਇਆ ਭਾਂਡਾ, ਕੱਟੀ ਹੋਈ ਖੇਤੀ ਦੀਆਂ ਬੰਨ੍ਹੀਆਂ ਹੋਈਆਂ ਭਰੀਆਂ

अनवाद–ਅਨਵਾਦ, ਪੁ., ਬੁਰਾ ਸ਼ਬਦ, ਕੌੜੀ ਗੱਲ

अनवाप्त–ਅਨਵਾਪਤ, ਵਿ., ਜੋ ਮਿਲਿਆ ਨਾ ਹੋਵੇ

अनशन–ਅਨਸ਼ਨ, ਪੁ., ਅੰਨ ਛੱਡਣਾ, ਵਰਤ

अनश्रु–ਅਨਸ਼੍ਰੂ, ਵਿ., ਜਿਸ ਦੇ ਹੰਝੂ ਨਾ ਡਿਗਦੇ ਹੋਣ

अनश्वर–ਅਨਸ਼੍ਵਰ, ਵਿ., ਨਸ਼ਟ ਨਾ ਹੋਣ ਵਾਲਾ, ਸਥਿਰ, ਅਟਲ. ਹਮੇਸ਼ਾ ਰਹਿਣ ਵਾਲਾ

अनसखरी–ਅਨਸਖਰੀ, ਵਿ., ਪਵਿੱਤਰ, ਕੇਵਲ ਦੁੱਧ ਤੇ ਘੀ ਨਾਲ ਬਣਿਆ ਪਕਵਾਨ ਜਿਸਦੇ ਬਣਾਉਣ ਵਿਚ ਪਾਣੀ ਦੀ ਵਰਤੋਂ ਨਾ ਕੀਤੀ ਗਈ ਹੋਵੇ

अनसड़–ਅਨਸੜੁ, ਵਿ., ਨੀਚ, ਕਮੀਣਾ

अनसत्त–ਅਨਸੱਤ,ਵਿ , ਅਸੱਤ, ਝੂਠ

अनसाना–ਅਨਸਾਨਾ, ਕ੍ਰਿ., ਬੁਰਾ ਮੰਨਣਾ, ਚਿੜਾਉਣਾ

अनसुना–ਅਨਸੁਨਾ, ਵਿ., ਅਣਸੁਣਿਆ

अनसूयक–ਅਨਸੂਯਕ, ਵਿ., ਦੂਜੇ ਦੇ ਗੁਣਾਂ ਤੇ ਈਰਖਾ ਨਾ ਕਰਨ ਵਾਲਾ

अनसूया–ਅਨਸੂਯਾ, ਇ., ਈਰਖਾ ਨਾ ਕਰਨਾ, ਸ਼ਕੁੰਤਲਾ ਦੀ ਸਹੇਲੀ ਤੇ ਅੱਤਰੀ ਰਿਖੀ ਦੇ ਘਰ ਵਾਲੀ

अनहक–ਅਨਹਕ, ਕ੍ਰਿ. ਵਿ., ਅਧਕਾਰ ਦਾ ਅਭਾਵ, ਬੇ ਅਰਥ

अनहंकार–ਅਨਹੰਕਾਰ, ਵਿ., ਹੰਕਾਰ ਤੋਂ ਬਿਨਾ, ਬਿਨਾ ਘਮੰਡ ਤੋਂ, ਸਿੱਧਾ ਸਾਦਾ

अनहदनाद–ਅਨਹਦਨਾਦ, ਪੁ., ਹੱਥ ਦੇ ਦੋਹਾਂ ਅੰਗੂਠਿਆਂ ਨਾਲ ਦੋਨੋਂ ਕੰਨ ਬੰਦ ਕਰਨ ਤੇ ਧਿਆਨ ਨਾਲ ਜੋ ਸ਼ਬਦ ਸੁਣਦਾ ਹੈ ਉਸ ਨੂੰ ਅਨਰਦ ਕਹਿੰਦੇ ਹਨ, ਜਿਸ ਦੀ ਹੱਦ ਨਾ ਹੋਵੇ, ਅਨਹਦ ਸ਼ਬਦ

अनहित–ਅਨਹਿਤ, ਪੁ., ਬੁਰਿਆਈ, ਵਿਗਾੜ, ਅਪਕਾਰ, ਵਿ., ਬੁਰਾ ਕਰਨ ਵਾਲਾ

अनहितु–ਅਨਹਿਤੁ, ਵਿ., ਭਲਾ ਨਾ ਚਾਹੁਣ ਵਾਲਾ, ਵੈਰੀ, ਦੁਸ਼ਮਣ

अनहोता–ਅਨਹੋਤਾ, ਵਿ., ਨਾ ਹੋਣ ਵਾਲਾ, ਖਾਲੀ, ਨਿਰਧਨ, ਦਲਿੱਦਰੀ

अनहोनी–ਅਨਹੋਨੀ, ਇ., ਨਾ ਹੋਣ ਵਾਲੀ ਗੱਲ, ਪੁ., ਅਨੋਖੀ ਘਟਨਾ

अनाकानी–ਅਨਾਕਾਨੀ, ਇ., ਜਾਣ ਬੁੱਝ ਕੇ ਟਾਲਣਾ, ਬਹਾਨੇ ਬਾਜ਼ੀ, ਟਾਲਮਟੋਲਾ

अनाकार–ਅਨਾਕਾਰ, ਵਿ., ਬਿਨਾ ਅਕਾਰ ਦੇ, ਕੁਸੋਹਣਾ, ਬੁਰਾ, ਭੱਦਾ

अनाकुल–ਅਨਾਕੁਲ, ਵਿ , ਗੰਭੀਰ, ਘਬਰਾਹਟ ਤੋਂ ਬਿਨਾ

अनाखर–ਅਨਾਖਰ, ਵਿ., ਅੱਖਰ ਨਾ ਪਹਿਚਾਨਣ ਵਾਲਾ, ਅਗੋਂ ਹੋਣ ਵਾਲਾ ਕ੍ਰਿ. ਵਿ., ਅਚਾਨਕ, ਇਕ ਦਮ

अनाचरण, अनाचार.–ਅਨਾਚਰਣ. ਅਨਾਚਾਰ, ਪੁ., ਬੁਰਾ ਚਾਲ ਚਲਣ, ਕੁਰੀਤ, ਧਰਮ ਸ਼ਾਸਤਰ ਦੇ ਦੱਸੇ ਹੋਏ ਰਾਹ ਤੋਂ ਉਲਟ ਚੱਲਣਾ, ਬੁਰੀ ਰਸਮ, ਭੈੜਾ ਚਾਲ ਚਲਣ

अनाचारी–ਅਨਾਚਾਰੀ, ਵਿ., ਕੁਕਰਮੀ, ਭੈੜਾ, ਬਦਚਲਣ, ਵੈਲੀ

अनाज–ਅਨਾਜ, ਪੁ., ਅੰਨ, ਧਾਨ, ਗੱਲਾ

अनाज्ञाकारी–ਅਨਾਗਜਾਕਾਰੀ, ਪੁ., ਹੁਕਮ ਨਾ ਮੰਨਣ ਵਾਲਾ

अनाड़ी–ਅਨਾੜੀ. ਵਿ., ਨਾ ਜਾਣਨ ਵਾਲਾ, ਨਾਦਾਨ, ਨਾ ਸਮਝ. ਮੂਰਖ, ਅਸੱਭ

अनाढ्य–ਅਨਾਢਯ. ਵਿ., ਧਨਹੀਨ, ਦਲਿੱਦਰੀ

अनातप–ਅਨਾਤਪ, ਪੁ., ਗਰਮੀ ਨਾ ਹੋਣੀ, ਠੰਢ

अनाथ–ਅਨਾਥ, ਵਿ., ਯਤੀਮ, ਮਾਲ ਰਹਿਤ, ਜਿਸ ਦੀ ਰੱਖਿਆ ਕਰਨ ਵਾਲਾ ਕੋਈ ਨਾ ਹੋਵੇ; ਬਿਨਾ ਸ਼ਰਣ ਤੋਂ ਗਰੀਬ, ਲਾਵਾਰਸ, ਦੁਖੀ, ਦੀਨ

अनाथालय अनाथालय–ਅਨਾਥਾਲਯ ਅਨਾਥਾਸ਼੍ਰਮ, ਪੁ.,ਗਰੀਬਾਂ ਤੇ ਯਤੀਮਾਂ ਨੂੰ ਰੱਖਣ ਦੀ ਥਾਉਂ, ਯਤੀਮਖਾਨਾ

अनादर–ਅਨਾਦਰ, ਪੁ., ਅਪਮਾਨ, ਹਤਕ, ਤਿਰਸਕਾਰ, ਬੇਇੱਜ਼ਤੀ

अनादरणीय–ਅਨਾਦਰਣੀਯ, ਵਿ., ਅਨਾਦਰ ਕਰਨ ਜੋਗ, ਜੋ ਇੱਜ਼ਤ ਕਰਨ ਦੇ ਜੋਗ ਨਾ ਹੋਵੇ

अनादि–ਅਨਾਦਿ, ਵਿ., ਜਿਸ ਦਾ ਮੁੱਢ ਨਾ ਹੋਵੇ, ਬ੍ਰਹਮ, ਰੱਬ, ਜਿਸ ਦਾ ਆਦ ਨਾ ਹੋਵੇ

अनाधार–ਅਨਾਧਾਰ, ਵਿ., ਬਿਨਾ ਸਹਾਰੇ, ਬੇਬੁਨਿਆਦ, ਬੇਓਟ

अनाना–ਅਨਾਨਾ, ਕ੍ਰਿ., ਲਿਆਉਣਾ, ਮੰਗਣਾ

अनाप शनाप–ਅਨਾਪ ਸ਼ਨਾਪ, ਪੁ., ਬੇਮਤਲਬੀ ਗੱਲ,ਬਕਵਾਸ, ਵਿ., ਗੜਬੜ ਸੜਬੜ, ਊਟ ਪਟਾਂਗ

अनाम–ਅਨਾਮ, ਵਿ., ਬਿਨਾ ਨਾਮ ਦੇ, ਬੇਮਸ਼ਹੂਰ, ਪੁ., ਲੌਂਦ ਦਾ ਮਹੀਨਾ

अनामय–ਅਨਾਮਯ, ਵਿ., ਰਾਜ਼ੀ, ਨਿਰੋਗ, ਰੋਗ ਤੋਂ ਬਿਨਾ, ਤੰਦਰੁਸਤ, ਪੁ., ਸ਼ਿਵ, ਮਹਾਦੇਵ

अनामा,अनामिका–ਅਨਾਮਾ, ਅਨਾਮਿਕਾ, ਇ., ਚੀਚੀ ਦੇ ਨਾਲ ਲਗਦੀ ਉਂਗਲ

अनामिष–ਅਨਾਮਿਸ਼, ਵਿ., ਮਾਸ ਤੋਂ ਬਿਨਾ, ਬੇਅਰਥ, ਫਜ਼ੂਲ, ਵਾਧੂ

अनायत–ਅਨਾਯਤ, ਵਿ., ਨਾ ਫੈਲਿਆ ਹੋਇਆ, ਪਾਸ ਦਾ, ਪਰਚੱਲਤ, ਨਜ਼ੀਕ ਦਾ

अनायास–ਅਨਾਯਾਸ, ਵਿ., ਬਿਨਾ ਕਲੇਸ਼ ਦੇ, ਬਿਨਾ ਹਿੰਮਤ ਦੇ, ਅਵਜ . ਸੌਖੇ ਹੀ, ਬਿਨਾ ਖੇਚਲ ਕੀਤੇ

अनायुध–ਅਨਾਯੁਧ, ਵਿ., ਬਿਨਾ ਹਥਿਆਰੋਂ, ਨਿਹੱਥਾ, ਬੇਹਥਿਆਰਾ

अनार–ਅਨਾਰ, ਪੁ., ਇੱਕ ਰੁੱਖ ਅਤੇ ਉਸ ਦਾ ਫਲ; ਦਾੜੂ, ਇਕ ਤਰ੍ਹਾਂ ਦੀ ਆਤਿਸ਼ਬਾਜ਼ੀ ਜਾਂ ਫੁਲਝੜੀ

अनार्जव–ਅਨਾਰਜਵ, ਵਿ., ਕੁਟਿਲ, ਵਿੰਗਾ, ਟੇਢਾ

अनार्तव–ਅਨਾਰਤਵ, ਵਿ., ਜਿਸ ਤੀਵੀਂ ਨੂੰ ਕਪੜੇ ਨਾ ਆਉਂਦੇ ਹੋਣ, ਕੁਰੁੱਤਾ

अनार्य–ਅਨਾਰਯ, ਵਿ., ਜੋ ਸੱਜਣ ਨਾ ਹੋਵੇ, ਅਪ੍ਰਧਾਨ,ਮਲੇਛ, ਦੁਸ਼ਟ

अनार्यता, अनार्यत्व–ਅਨਾਰਯਤਾ, ਅਨਾਰਯਤ, ਵਿ., ਦੁਸ਼ਟਤਾ,

ਨੀਚ੍ਤਾ, ਕਮੀਣਗੀ

अनालम्बी—ਅਨਾਲੰਬੀ, ਇ., ਸ਼ਿਵ ਦੀ ਵੀਣਾ ਦਾ ਨਾਉਂ

अनालाप—ਅਨਾਲਾਪ, ਵਿ., ਅਬੋਲਾ, ਚੁੱਪ, ਗੁੱਪ

अनावश्यक—ਅਨਾਵਸ਼ਜਕ. ਵਿ., ਜਿਸ ਦੀ ਲੋੜ ਨਾ ਹੋਵੇ, ਬੇਲੋੜਾ, ਬੇਅਰਥ

अनावृत—ਅਨਾਵ੍ਰਿਤ, ਵਿ., ਨਾ ਢਕਿਆ ਹੋਇਆ, ਖੁੱਲ੍ਹਾ

अनावृष्टि—ਅਨਾਵ੍ਰਿਸ਼੍ਟਿ, ਇ., ਵਰਖਾ ਦਾ ਨਾ ਹੋਣਾ, ਕਹਿਤ ਸਾਲੀ

अनावेदित—ਅਨਾਵੇਦਿਤ, ਵਿ., ਪਰਗਟ ਨਾ ਕੀਤਾ ਹੋਇਆ

अनाशु—ਅਨਾਸ਼ੁ, ਵਿ., ਸੁਸਤ ਨਪੈਥੱਰ

अनाश्रय अनाश्रित—ਅਨਾਰਸ਼੍ਰਯ ਅਨਾਸ਼੍ਰਿਤ, ਵਿ., ਅਨਾਥ, ਬੇਸਹਾਰਾ, ਗਰੀਬ

अनासिक—ਅਨਾਸਿਕ, ਵਿ., ਬਿਨਾ ਨੱਕ ਦੇ, ਨਕਟਾ

अनास्था—ਅਨਾਸਥਾ, ਇ., ਅਪਮਾਨ, ਅਨਾਦਰ,ਸਰਧਾ ਤੋਂ ਬਿਨਾ

अनाह—ਅਨਾਹ, ਪੁ., ਮਲਮੂਤਰ ਰੁਕਣ ਤੇ ਪੇਟ ਦਾ ਫੁੱਲ ਜਾਣਾ ਅਫਾਰਾ,ਵਿ., ਬੇਅਰਥ, ਝੂਠਮੂਠ

अनाहक—ਅਨਾਹਕ, ਕ੍ਰਿ., ਵਿ., ਬੇਫਾਇਦੇ, ਨਾਹਕ

अनाहत—ਅਨਾਹਤ, ਪੁ,. ਨਵਾਂ ਕੱਪੜਾ, ਜਿਸ ਨੂੰ ਚੋਟ ਨਾ ਲੱਗੀ ਹੋਵੇ

अनाहूत—ਅਨਾਹੂੰਤ ਵਿ., ਬਿਨਾ ਬੁਲਾਇਆ ਹੋਇਆ, ਅਣਸੱਦਿਆ

अनिकेत—ਅਨਿਕੇਤ੍, ਵਿ., ਬੇਘਰਾ, ਘਰ ਰਹਿਤ, ਪੁ., ਸੰਨਿਆਸੀ, ਫਕੀਰ

अनिच्छा—ਅਨਿੱਛਾ, ਇ., ਇੱਛਿਆ ਨਾ ਹੋਣੀ, ਅਨਿੱਛਿਆ, ਅਰੁਚੀ

अनिच्छु (क)—ਅਨਿੰਛੁ (ਕ) ਵਿ., ਇੱਛਿਆ ਨਾ ਰੱਖਣ ਵਾਲਾ ਬੇਲੋੜਾ

अनित्य—ਅਨਿਤਜ, ਵਿ., ਹਮੇਸ਼ਾ ਨਾ ਰਹਿਣ ਵਾਲਾ, ਅਨਿਸਚਿਤ

अनिद्र—ਅਨਿਦ੍ਰ, ਵਿ., ਜਿਸ ਨੂੰ ਨੀਂਦ ਨਾ ਆਉਂਦੀ ਹੋਵੇ, ਅਨੀਂਦਰਾ

अनिप—ਅਨਿਪ, ਪੁ., ਸੈਨਾਪਤੀ, ਫੌਜ ਦਾ ਮੁਖੀਆ

अनिमित्त—ਅੰਨਿਮਿੱਤ, ਪੁ., ਕਾਰਣ ਰਹਿਤ, ਕ੍ਰਿ. ਵਿ., ਝੂਠਮੂਠ

अनिमिष—ਅਨਿਮਿਸ਼, ਪੁ., ਦੇਵਤਾ, ਮਛਲੀ, ਵਿਸ਼ਨੂੰ, ਵਿ., ਅੱਖ ਨਾ ਝਮਕਾਉਣ ਵਾਲਾ

अनियत—ਅਨਿਯਤ, ਵਿ., ਜੋ ਟਿਕਾਉ ਨਾ ਹੋਵੇ, ਬੇਹੱਦਾ

अनियम—ਅਨਿਯਮ, ਪੁ., ਸ਼ੰਕਾ, ਦੁਰਾਚਾਰ, ਨਿਜਮ ਦਾ ਅਭਾਵ

अनियारा—ਅਨਿਯਾਰਾ, ਵਿ., ਨੁਕੀਲਾ, ਧਾਰਦਾਰ, ਤਿੱਖੀ ਧਾਰ ਵਾਲਾ

अनियुक्त—ਅਨਿਯੁਕਤ, ਵਿ., ਕਿਸੀ ਕੰਮ ਵਿਚ ਨਾ ਲਾਇਆ ਹੋਇਆ

अनिरुक्त—ਅਨਿਰੁੱਕਤ, ਵਿ., ਚੰਗੀ ਤਰ੍ਹਾਂ ਨਾ ਸਮਝਾਇਆ, ਹਇਆ

अनिरुद्ध—ਅਨਿਰੁੱਧ, ਵਿ., ਨਾ ਰੋਕਿਆ ਹੋਇਆ, ਸ੍ਰੀ ਕ੍ਰਿਸ਼ਣ ਜੀ ਦੇ ਪੋਤੇ ਦਾ ਨਾਉਂ

अनिर्जित—ਅਨਿਰਜਿਤ, ਵਿ., ਨਾ ਜਿੱਤਿਆ ਹੋਇਆ .

अनिल—ਅਨਿਲ, ਪੁ., ਹਵਾ, ਵਾਉ

अनिलकुमार—ਅਨਿਲਕੁਮਾਰ, ਪੁ., ਹਨੂਮਾਨ ਜੀ, ਮਹਾਵੀਰ

अनिलसखा—ਅਨਿਲ ਸਖਾ, ਪੁ., ਅਗਨੀ

अनिश—ਅਨਿਸ਼, ਵਿ., ਲਗਾਤਾਰ, ਨਿਰੰਤਰ

अनिश्चत—ਅਨਿਸ਼ਚਿਤ, ਵਿ., ਨਿਸਚਿਤ ਨਾ ਕੀਤਾ ਹੋਇਆ, ਕੱਚ ਪੱਕ

अनिष्ट—ਅਨਿਸ਼੍ਟ, ਪੁ., ਬੁਰਾਈ, ਹਾਨੀ ਬਖਾਧ, ਪਾਪ, ਦੁਖ, ਵਿ., ਅਸ਼ੁੱਧ, ਨੀਚ, ਭੈੜਾ

अनी—ਅਨੀ ਵਿ., ਨੋਕ, ਕੋਰ, ਸਿਰਾ, ਬੇੜੀ ਦਾ ਅਗਲਾ ਹਿੱਸਾ, ਸੈਨਾ, ਦੁਖ, ਗਲਾਨੀ

अनीक—ਅਨੀਕ, ਪੁ., ਸੈਨਾ, ਦਲ, ਫੌਜ, ਜੁੱਧ, ਝਗੜਾ ਵਿ., ਬੁਰਾ

अनीत अनीति—ਅਨੀਤ ਅਨੀਤਿ, ਇ., ਬੁਰੀ ਨੀਤੀ, ਬੇਇਨਸਾਫ, ਅੰਧੇਰ

अनीश—ਅਨੀਸ਼, ਪੁ.. ਵਿਸ਼ਨੂੰ । ਵਿ., ਨਤਾਕਤਾ, ਯਤੀਮ, ਅਧਿਕਾਰ, ਜੋ ਆਜ਼ਾਦ ਨਾ ਹੋਵੇ, ਗੁਲਾਮ

अनीश्वरवाद—ਅਨੀਸ਼੍ਵਰਵਾਦ, ਪੁ., ਰੱਬ ਨੂੰ ਨਾ ਮੰਨਣ ਦਾ ਮਤ ਨਾਸਤਕਪਣਾ

अनीसून—ਅਨੀਸੂਨ, ਪੁ.. ਸੌਂਫ

अनीह—ਅਨੀਹ, ਵਿ., ਬਿਨਾ ਹਰਕਤ

अनीहा—ਅਨੀਹਾ, ਇ., ਹਰਕਤ ਦਾ ਅਭਾਵ

अनु—ਅਨੁ, ਸੰਸਕ੍ਰਿਤ ਦਾ ਇੱਕ ਉਪ-ਸਰਗ ਜੋ ਪਿੰਛੇ ਨਾਲ ਨਾਲ ਇੱਧਰ ਉਧਰ ਅਤੇ ਹਰੇਕ ਅਰਥ ਵਿਚ ਸ਼ਬਦਾਂ ਦੇ ਪਹਿਲਾਂ ਲਾਇਆ ਜਾਂਦਾ ਹੈ

अनुकथन—ਅਨੁਕਥਨ, ਪੁ., ਕਹਾਵਤ, ਗੱਲ ਬਾਤ, ਕਹਾਣੀ

अनुकम्पक—ਅਨੁਕੰਪਕ. ਵਿ., ਦਿਆਲੂ, ਰਹਿਮ ਦਿਲ

अंनुकम्पा—ਅਨੁਕੰਪਾ, ਇ., ਕਿਰਪਾ, ਮਿਹਰ, ਹਮਦਰਦੀ

अनुकरण—ਅਨੁਕਰਣ ਪੁ., ਉਸੀ ਤਰ੍ਹਾਂ ਕਰਨਾ, ਨਕਲ

अनुकर्ता—ਅਨੁਕਰਤਾ, ਪੁ., ਅਨੁਕਰਣ ਕਰਨ ਵਾਲਾ, ਹੁਕਮ ਮੰਨਣ ਵਾਲਾ, ਨਕਲੀਆ

अनुकार—ਅਨੁਕਾਰ, ਪੁ , ਨਕਲ

अनुकारी—ਅਨੁਕਾਰੀ, ਵਿ., ਨਕਲੀਆ, ਆਗਿਆਕਾਰੀ

अनुकूल—ਅਨੁਕੂਲ, ਵਿ., ਸਹਾਇਕ, ਮਾਫਕ, ਮਦਦਗਾਰ, ਦਿਆਲੂ, ਉਹ ਨਾਇਕ ਜੋ ਇਕ ਤੀਵੀਂ ਤੇ ਹੀ ਮਸਤ ਹੋਵੇ

अनुकूलता—ਅਨੁਕੂਲਤਾ, ਇ., ਮਾਫਕ ਬੈਠਣਾ, ਸਹਾਇਤਾ

अनुकृति—ਅਨੁਕ੍ਰਿਤਿ, ਇ., ਨਕਲ

अनुक्रमण—ਅਨੁਕ੍ਰਮਣ, ਪੁ., ਪਿਛੇ ਨੂੰ ਚੱਲਣਾ

अनुक्रमणिका—ਅਨੁਕ੍ਰਮਣਿਕਾ, ਇ., ਸੂਚੀ ਪੱਤਰ, ਲਿਸਟ, ਫਹਿਰਿਸਤ, ਤਤਕਰਾ

अनुक्षण–ਅਨੁਕਸ਼ਣ, ਅਵਜ., ਨਿਰੰਤਰ, ਹਰ ਵੇਲੇ, ਲਗਾਤਾਰ, ਸਦੀਵੀ

अनुग–ਅਨੁਗ, ਵਿ., ਪਿੱਛੇ ਪਿੱਛੇ ਚੱਲਣ ਵਾਲਾ, ਸੇਵਕ, ਸੇਵਾਦਾਰ, ਨੌਕਰ, ਟਹਿਲੂਆ

अनुगत–ਅਨੁਗਤ, ਵਿ., ਅਧੀਨ, ਮਾਤਹਿਤ, ਆਸਰੇ, ਸਹਾਰੇ

अनुगति–ਅਨੁਗਤਿ. ਇ.,ਪਿੱਛੇ ਰਹਿਣ ਦੀ ਚਾਲ, ਨਕਲ, ਮੌਤ

अनुगामी–ਅਨੁਗਾਮੀ, ਵਿ., ਪਿੱਛੇ ਚੱਲਣ ਵਾਲਾ, ਨਕਲਚੀ, ਸਾਥੀ

अनुगुण–ਅਨੁਗੁਣ, ਵਿ., ਇਕੋ ਜੇਹੇ ਗੁਣਾਂ ਵਾਲਾ, ਲਾਇਕ, ਪੁ., ਸੁਭਾਵਕ ਗੁਣ. ਇਕ ਅਲੰਕਾਰ

अनुगृहीत–ਅਨੁਗ੍ਰਿਹੀਤ, ਵਿ., ਧੰਨਵਾਦੀ, ਮਸ਼ਕੂਰ, ਜਿਸ ਉਤੇ ਕਿਰਪਾ ਕੀਤੀ ਹੋਵੇ, ਕ੍ਰਿਤੱਗ

अनुग्रह–ਅਨੁਗ੍ਰਹਿ, ਪੁ., ਦਇਆ, ਕਿਰਪਾ, ਮਿਹਰਬਾਨੀ

अनुचर–ਅਨੁਚਰ, ਪੁ., ਨਾਲ ਨਾਲ ਚੱਲਣ ਵਾਲਾ, ਸਾਥੀ, ਦਾਸ, ਨੌਕਰ, ਸੇਵਾਦਾਰ

अनुचित–ਅਨੁਚਿਤ, ਵਿ., ਨਾਵਾਜਿਬ, ਬੁਰਾ, ਜੋ ਦਰੁਸਤ ਨਾ-ਹੋਵੇ, ਬੇਠੀਕ

अनुज–ਅਨੁਜ, ਪੁ., ਜੋ ਪਿੱਛੋਂ ਪੈਦਾ ਹੋਵੇ, ਛੋਟਾ ਭਾਈ

अनुजा–ਅਨੁਜਾ, ਇ., ਛੋਟੀ ਭੈਣ

अनुज्ञा–ਅਨੁਗਜਾ, ਇ., ਆਗਿਆ. ਹੁਕਮ, ਰਾਇ, ਸਲਾਹ, ਇਕ ਅਲੰਕਾਰ

अनुज्ञापक–ਅਨੁਗਜਾਪਕ, ਪੁ., ਸਲਾਹ ਦੇਣ ਵਾਲਾ. ਸਲਾਹਕਾਰ

अनुज्ञापन–ਅਨੁਗਜਾਪਨ, ਪੁ., ਆਗਿਆ, ਹੁਕਮ

अनुताप–ਅਨੁਤਾਪ, ਪੁ., ਪਛਤਾਵਾ, ਗਰਮੀ, ਪਛੋਤਾਉ

अनुतापी–ਅਨੁਤਾਪੀ, ਵਿ.. ਜੋ ਪਛੋਤਾਉ ਕਰ ਰਿਹਾ ਹੈ

अनुत्तम–ਅਨੁੱਤਮ, ਵਿ., ਸਭ ਤੋਂ ਵਧੀਆ, ਸਭ ਤੋਂ ਅੱਛਾ

अनुत्तर–ਅਨੁੱਤਰ. ਵਿ., ਬਹੁਤ ਚੰਗਾ ਬਿਨਾ ਜਵਾਬ ਤੋਂ, ਚੁੱਪ

अनुत्तान–ਅਨੁੱਤਾਨ, ਵਿ., ਨੀਵੀਂ ਪਾਏ ਹੋਏ, ਜਿਸ ਨੇ ਹੇਠਾਂ ਨੂੰ ਮੂੰਹ ਕੀਤਾ ਹੋਵੇ

अनुत्पत्ति–ਅਨੁਤਪੱਤਿ, ਇ., ਪੈਦਾ ਨਾ ਹੋਣ

अनुत्पन्न–ਅਨੁਤਪੰਨ, ਵਿ , ਜੋ ਪੈਦਾ ਨਾ ਹੋਇਆ ਹੋਵੇ, ਜੋ ਖਤਮ ਨਾ ਹੋਇਆ ਹੋਵੇ

अनुत्साह–ਅਨੁਤਸਾਹ, ਪੁ. ਉਤਸ਼ਾਹ ਦਾ ਅਭਾਵ, ਹਿੰਮਤ ਦਾ ਨਾ ਹੋਣਾ

अनुदक–ਅਨੁਦਕ, ਵਿ., ਜਲ ਰਹਿਤ, ਬਿਨਾ ਪਾਣੀ

अनुदात्त–ਅਨੁੱਦਾਤ. ਪੁ. ਜੋ ਉੱਚਾ ਨਾ ਹੋਵੇ ਥੋੜਾ ਨੀਵਾਂ ਸੁਰ

अनुदार–ਅਨੁਦਾਰ ਵਿ., ਸੂਮ, ਕੰਜੂਸ,

अनुदित–ਅਨੁਦਿਤ, ਵਿ., ਪਹੁ ਫੁੱਟਣ ਦਾ ਵੇਲਾ, ਪਹ ਫੁਟਾਲਾ, ਅਵਜ., ਹਰ ਰੋਜ਼, ਨਿਤ,

अनुद्धत–ਅਨੁੱਧਤ, ਵਿ., ਭਲਾਮਾਣਸ, ਸਾਊ, ਬੀਬਾ

अनुद्धार–ਅਨੁੱਧਾਰ, ਪੁ., ਛੁਟਕਾਰਾ ਨਾ ਪਾਉਣਾ, ਉਧਾਰ ਦਾ ਅਭਾਵ

अनुद्धृत–ਅਨੁੱਧ੍ਰਿਤ, ਵਿ., ਪ੍ਰਮਾਣ ਰਹਿਤ, ਉਧਾਰ ਨਾ ਕੀਤਾ ਹੋਇਆ

अनुद्यत–ਅਨੁਦਜਤ, ਵਿ., ਆਲਸੀ, ਉੱਦਮ ਰਹਿਤ, ਨਿਕੰਮਾ,

अनुद्यम–ਅਨੁਦਜਮ, ਪੁ , ਬੇਕਾਰੀ, ਉਦਮ ਦਾ ਨਾ ਹੋਣਾ

अनुद्यमी अनुद्योगी–ਅਨੁਦਜਮੀ, ਅਨੁਦਜੋਗੀ, ਵਿ., ਸੁਸਤ, ਆਲਸੀ, ਉੱਦਮ ਨਾ ਕਰਨ ਵਾਲਾ

अनुद्वाह–ਅਨੁਦ੍ਵਾਹ, ਪੁ., ਵਿਆਹ ਦਾ ਨਾ ਹੋਣਾ

अनुदवेग–ਅਨੁਦ੍ਵੇਗ, ਪੁ., ਘਬਰਾਹਟ ਦਾ ਨਾ. ਹੋਣਾ, ਬੇਫ਼ਿਕਰੀ

अनुधावन–ਅਨੁਧਾਵਨ ਪੁ., ਪਿੱਛੇ ਚੱਲਣ, ਖੋਜ, ਸਫਾਈ, ਸ਼ੁੱਧੀ

अनुनय–ਅਨੁਨਯ, ਪੁ., ਪਰਾਰਥਨਾ, ਬੇਨਤੀ, ਅਰਜ਼

अनुनयी–ਅਨੁਨਯੀ, ਵਿ., ਸੱਭ, ਭਲਾਮਾਣਸ, ਸਾਊ, ਬੀਬਾ.

अनुनाद–ਅਨੁਨਾਦ, ਪੁ., ਸ਼ਬਦ ਦੀ ਗੂੰਜ

अनुनासिक–ਅਨੁਨਾਸਿਕ, ਵਿ.. ਨੱਕ ਨਾਲ ਬੋਲੇ ਜਾਣ ਵਾਲੇ ਅੱਖਰ ਜਿਵੇਂ:–ਨ, ਮ, ਆਦਿ

अनुनीत–ਅਨੁਨੀਤ. ਵਿ.. ਨਿੰਮਰ, ਪਿਛੋਂ ਲਿਆ ਹੋਇਆ

अनुन्नत–ਅਨੁੱਨਤ. ਵਿ., ਨੀਵਾਂ,

अनुपकार–ਅਨੁਪਕਾਰ, ਪੁ., ਬੁਰਿਆਈ. ਖੁਟਾਈ

अनुपकारी–ਅਨੁਪਕਾਰੀ. ਵਿ., ਭਲਾ ਨਾ ਕਰਨ ਵਾਲਾ

अनुपथ–ਅਨੁਪਥ. ਵਿ . ਸਿੱਧੀ ਸੜਕ ਤੇ ਜਾਣਾ ਵਾਲਾ

अनुपदिष्ट–ਅਨੁਪਦਿਸ਼੍ਰ, ਵਿ., ਜਿਸ ਨੂੰ ਸਿੱਖਿਆ ਨਾ ਦਿੱਤੀ ਗਈ ਹੋਵੇ, ਅਣਪੜ੍ਹ, ਸਿਖਿਆ ਹੀਨ

अनुपम–ਅਨੁਪਮ, ਵਿ., ਉਪਮਾ ਰਹਿਤ, ਬੇ ਜੋੜ, ਬਹੁਤ ਵਧੀਆ

अनुपयुक्त–ਅਨੁਪਯੁਕ੍ਤ ਵਿ., ਅਨੁਚਿਤ, ਬੇਢਬ, ਵਰਤੋਂ ਵਿਚ ਨਾ ਲਿਆਂਦਾ ਹੋਇਆ

अनुपयोग–ਅਨੁਪਜੋਗ, ਪੁ., ਕੰਮ ਵਿਚ ਨਾ ਲਿਆਉਣ ਦੀ ਕਿਰਿਆ. ਵਿ . ਜਿਸ ਦੀ ਵਰਤੋਂ ਨਾ ਹੋਈ ਹੋਵੇ

अनुपयोगी–ਅਨਪਜੋਗੀ, ਵਿ., ਬੇਕਾਰ, ਨਿਹਫਲ, ਬੇਅਰਥ, ਵਾਧੂ

अनुपलब्ध–ਅਨੁਪਲਬਧ, ਵਿ., ਜੋ ਨਾ ਮਿਲੇ, ਨਾ ਮਲੂਮ

अनुपलब्धि–ਅਨੁਪਲਬਧਿ, ਇ., ਲਾਹੇ ਦੀ ਅਣਹੋਂਦ, ਨਾ ਮਿਲਣਾ

अनुपस्थित–ਅਨੁਪਸਥਿਤ, ਵਿ., ਜੋ ਪਾਸ ਨਾ ਹੋਵੇ, ਗੈਰ ਹਾਜ਼ਰ

अनुपस्थिति–ਅਨੁਪਸਥਿਤਿ, ਇ , ਗੈਰ ਹਾਜ਼ਿਰੀ

अनुपात–ਅਨੁਪਾਤ, ਪੁ., ਗਣਿਤ ਦੀ ਇੱਕ ਕਿਰਿਆ

अनुपातकी–ਅਨੁਪਾਤਕੀ, ਵਿ., ਬਹੁਤ ਵੱਡਾ ਪਾਪ ਕਰਨ ਵਾਲਾ, ਮਹਾ ਪਾਪੀ

अनुपान–ਅਨੁਪਾਨ, ਪੁ., ਦਵਾਈ ਦੇ ਨਾਲ ਮਿਲਾਂ ਕੇ ਜਾਂ ਪਿਛੋਂ ਜੋ ਚੀਜ਼ ਖਾਧੀ ਪੀਤੀ ਜਾਵੇ

अनुपुरुष–ਅਨੁਪੁਰੁਸ਼, ਪੁ., ਚੇਲਾ, ਸਿੱਖ

अनुप्रवेश–ਅਨੁਪ੍ਰਵੇਸ਼, ਪੁ., ਪੜਛਾਵਾਂ ਨਾ ਪੈਣਾ

अनुप्रास–ਅਨੁਪ੍ਰਾਸ, ਪੁ., ਇਕ ਅਲੰਕਾਰ

अनुबन्ध–ਅਨੁਬੰਧ, ਪੁ., ਬੰਧਨ, ਸਬੰਧ, ਸਿਲਸਿਲਾ, ਲਗਾਉ, ਭੇਤ, ਅੰਦਾਜ਼ਾ

अनुबोधन–ਅਨੁਬੋਧਨ, ਪੁ., ਯਾਦਗਾਰ, ਯਾਦਗੀਰੀ

अनुभव–ਅਨੁਭਵ, ਪੁ., ਤਜਰਬਾ

अनुभवसिद्ध–ਅਨੁਭਵਸਿੱਧ, ਵਿ., ਜੋ ਵਰਤੋਂ ਜਾਂ ਪ੍ਰੀਖਿਆ ਅਤੇ ਤਜਰਬੇ ਨਾਲ ਮਲੂਮ ਹੋਵੇ

अनुभवी–ਅਨੁਭਵੀ, ਵਿ., ਤਬਰਬੇਕਾਰ, ਜਾਣਕਾਰ

अनुभूत–ਅਨੁਭੁਤ, ਵਿ., ਤਜਰਬੇ ਵਿਚ ਆਇਆ ਹੋਇਆ, ਪਰਖਿਆ ਹੋਇਆ

अनुभूति–ਅਨੁਭੂਤਿ, ਇ., ਤਜਰਬਾ, ਅਨੁਭਵ

अनुभोग–ਅਨੁਭੋਗ, ਪੁ., ਬਿਨਾ ਲਗਾਨ ਦੀ ਭੋਂ, ਮਾਫੀ, ਖਿਦਮਤੀ

अनुभ्राता–ਅਨੁਭ੍ਰਾਤਾ, ਪੁ., ਛੋਟਾ ਭਾਈ

अनुमति–ਅਨੁਮਤਿ, ਇ., ਸੰਮਤੀ, ਆਗਿਆ, ਸਲਾਹ

अनुमति पत्र–ਅਨੁਮਤਿ ਪਤ੍ਰ, ਪੁ., ਇਕਰਾਰ ਨਾਮਾ

अनुमान–ਅਨੁਮਾਨ. ਪੁ., ਅੰਦਾਜ਼ਾ, ਅਟਕਲ, ਪ੍ਰਮਾਣ, ਵਿਚਾਰ, ਫੈਸਲਾ

अनुमोदन–ਅਨੁਮੋਦਨ, ਪੁ., ਪ੍ਰਸੰਨਤਾ ਦਿਖਾਉਣ, ਖੁਸ਼ ਕਰਨ, ਤਾਈਦ ਕਰਨ

अनुमोदक–ਅਨੁਮੋਦਕ, ਵਿ., ਤਾਈਦ ਕਰਨ ਵਾਲਾ, ਹਾਮੀ ਭਰਨ ਵਾਲਾ, ਪ੍ਰਵਾਨ ਕਰਨ ਵਾਲਾ

अनुमोदित–ਅਨੁਮੋਦਿਤ, ਵਿ., ਪ੍ਰਸੰਨ, ਪ੍ਰਵਾਨ ਕਰਨ ਜੋਗ, ਤਜਵੀਜ਼, ਕੀਤਾ ਹੋਇਆ

अनुयायी–ਅਨੁਯਾਯੀ, ਵਿ., ਪੱਛੋ ਚੱਲਣ ਵਾਲਾ, ਸੇਵਾਦਾਰ, ਨਕਲਚੀ, ਸਾਥੀ

अनुयोग–ਅਨੁਯੋਗ, ਪੁ., ਪੁੱਛ ਗਿੱਛ

अनुरक्त–ਅਨੁਰਕਤ, ਵਿ., ਪ੍ਰੇਮ ਯੁਕਤ, ਪਿਆਰਾ

अनुरक्ति–ਅਨੁਰਕਤਿ, ਇ., ਪਿਆਰ, ਪ੍ਰੀਤ

अनुरञ्जक–ਅਨੁਰੰਜਕ, ਵਿ. ਪਿਆਰ ਪੈਦਾ ਕਰਨ ਵਾਲਾ

अनुरञ्जन–ਅਨੁਰੰਜਨ, ਪੁ., ਅਨੁਰਾਗ, ਪ੍ਰੇਮ, ਪਿਆਰ, ਮਨ ਪਰਚਾਵਾ

अनुरञ्जित–ਅਨੁਰੰਜਿਤ, ਵਿ., ਪ੍ਰੀਤ ਨਾਲ ਖੁਸ਼ ਕੀਤਾ ਹੋਇਆ

अनुरति–ਅਨੁਰਤਿ, ਇ., ਪਿਆਰ, ਮੁਹੱਬਤ, ਪ੍ਰੀਤ

अनुराग–ਅਨੁਰਾਗ, ਪੁ., ਪ੍ਰੇਮ, ਪਿਆਰ, ਪ੍ਰੀਤ

अनुरागी–ਅਨੁਰਾਗੀ, ਵਿ., ਪ੍ਰੇਮ ਦਿਖਾਉਣ ਵਾਲਾ, ਪ੍ਰੇਮੀ, ਆਸ਼ਕ

अनुराध–ਅਨੁਰਾਧ, ਇ., ਬੇਨਤੀ, ਪ੍ਰਾਰਥਨਾ

अनुराधना–ਅਨੁਰਾਧਨਾ, ਕ੍ਰਿ., ਬੇਨਤੀ ਕਰਨੀ, ਅਰਜ਼ ਕਰਨੀ

अनुराधा–ਅਨੁਰਾਧਾ, ਇ., ਇਕ ਨਛੱਤਰ

अनुरुद्ध–ਅਨੁਰੁੱਧ, ਵਿ., ਪਰੇਰਤ, ਪ੍ਰਸੰਨ

अनुरूप–ਅਨੁਰੂਪ, ਵਿ., ਇਕੋ ਤਰ੍ਹਾਂ ਦਾ, ਇਕ ਜਿਹੀ ਰੂਹ ਦਾ, ਮਿਲਦਾ ਜੁਲਦਾ ਹੋਇਆ, ਪੁ., ਜੋਗ, ਸਮਾਨ

अनुरूपता–ਅਨੁਰੂਪਤਾ, ਇ., ਸਮਾਨਤਾ, ਬਰਾਬਰੀ, ਅਨੁਕੂਲਤਾ

अनुरोध–ਅਨੁਰੋਧ. ਪੁ.. ਰੁਕਾਵਟ. ਰੋਕ, ਪਰੇਰਨਾ, ਮਨਭਾਉਂਦੇ ਕੰਮ ਨੂੰ ਬਣਾਉਣ ਦੀ ਇੱਛਿਆ, ਹਠ, ਜ਼ਿੱਦ

अनुरोधक, अनुरोधी–ਅਨਰੋਧਕ, ਅਨਰੋਧੀ, ਵਿ., ਰੋਕਣ ਵਾਲਾ, ਨਾ ਜਾਣ ਲਈ ਹਠ ਕਰਨ ਵਾਲਾ

अनुलोम–ਅਨੁਲੋਮ, ਪੁ., ਸਿਲਸਿਲਾ, ਉਚੇ ਤੋਂ ਨੀਵੇਂ ਦਾ ਕਰਮ, ਅਵਜ., ਸਿਲਸਿਲੇਵਾਰ, ਨੰਬਰਵਾਰ

अनुवक्र–ਅਨੁਵਕ੍ਰ, ਵਿ., ਥੋੜਾ ਜਿਹਾ ਟੇਢਾ

अनुवचन–ਅਨੁਵਚਨ, ਪੁ., ਕਿਸੇ ਗੱਲ ਨੂੰ ਜਿਸ ਤਰ੍ਹਾਂ ਕੋਈ ਆਖੇ ਉਸੇ ਤਰ੍ਹਾਂ ਕਹਿਣਾ

अनुवर्तन–ਅਨੁਵਰਤਨ, ਪੁ., ਪਿੱਛੇ ਜਾਣਾ,, ਨਕਲ, ਸਿਲਸਿਲਾ, ਕਈ ਤਰ੍ਹਾਂ ਨਾਲ ਘਟਣਾ

अनुवर्ती–ਅਨੁਵਰਤੀ, ਵਿ., ਪਿਛੇ ਚੱਲਣ ਵਾਲਾ

अनुवा–ਅਨੁਵਾ, ਪੁ., ਜਿਸ ਥਾਂ ਤੇ ਖਲੋ ਕੇ ਖੂਹ ਵਿਚੋਂ ਪਾਣੀ ਕਢਦੇ ਹਨ, ਮੌਣ, ਮਣ

अनुवाद–ਅਨੁਵਾਦ, ਪੁ., ਦੋਬਾਰਾ ਲਿਖਿਆ ਹੋਇਆ ਲੇਖ, ਨਕਲ, ਉਲਥਾ, ਤਰਜਮਾ, ਇਨਸਾਫ ਵਿਚ ਕਿਸੇ ਬਾਤ ਦਾ ਠੀਕ ਠੀਕ ਦੁਹਰਾਉਣਾ

अनुवादक–ਅਨੁਵਾਦਕ, ਵਿ., ਅਨੁਵਾਦ ਜਾਂ ਉਲਥਾ ਕਰਨ ਵਾਲਾ, ਤਰਜਮਾ ਕਰਨ ਵਾਲਾ, ਉਲਥਾਕਾਰ

अनुवादित–ਅਨੁਵਾਦਿਤ, ਵਿ., ਉਲਥਾ ਕੀਤਾ ਹੋਇਆ

अनुवासन–ਅਨੁਵਾਸਨ, ਪੁ., ਧੂਪ ਆਦਿ ਨਾਲ ਸੁਗੰਧਤ ਕਰਨਾ

अनुवासित–ਅਨੁਵਾਸਿਤ. ਵਿ., ਸੁਗੰਧਤ, ਖੁਸ਼ਬੂਦਾਰ

अनुवृत्त–ਅਨੁਵ੍ਰਿੱਤ, ਵਿ., ਚੰਗੇ ਚਾਲ ਚਲਣ ਵਾਲਾ, ਸੁਸ਼ੀਲ, ਨੇਕ, ਸੁਸ਼ੀਲ, ਭਲਾਮਾਣਸ

अनुशासक–ਅਨੁਸ਼ਾਸਕ, ਵਿ., ਪ੍ਰਬੰਧ ਕਰਨ ਵਾਲਾ, ਹਾਕਮ ਦੇਣ ਵਾਲਾ, ਰਾਜ ਦਾ ਪ੍ਰਬੰਧ ਕਰਤਾ, ਹਾਕਮ

अनुशासन–ਅਨੁਸ਼ਾਸਨ, ਪੁ., ਸਿੱਖਿਆ, ਫਰਜ਼ ਦੱਸਣ ਵਾਲੀ ਗੱਲ

अनुशासनीय–ਅਨੁਸ਼ਾਸਨੀਯ, ਵਿ., ਸਿੱਖਿਆ ਦੇਣ ਵਾਲਾ ਸਿੱਖਿਆ ਦੇਣ ਜੋਗ

अनुशासित–ਅਨੁਸ਼ਾਸਿਤ, ਵਿ., ਉਪਦੇਸ਼ ਦਿੱਤਾ ਹੋਇਆ, ਪ੍ਰਬੰਧ ਕੀਤਾ ਹੋਇਆ

अनुशीलन–ਅਨੁਸ਼ੀਲਨ, ਪੁ., ਲਗਾਤਾਰ ਅਭਿਆਸ, ਵਿਚਾਰ, ਮਨਨ, ਸੇਵਾ ਜੋ ਬਾਰ ਬਾਰ ਕੀਤੀ ਜਾਵੇ

अनुशीलित–ਅਨੁਸ਼ੀਲਿਤ, ਵਿ., ਬਾਰ ਬਾਰ ਸੋਚਿਆ ਵਿਚਾਰਿਆ ਹੋਇਆ

अनुशोक-ਅਨੁਸ਼ੋਕ, ਪੁ., ਪਛਤਾਉਣ ਦਾ ਕੰਮ

अनुषक्त-ਅਨੁਸ਼ਕਤ, ਵਿ., ਮਿਲਿਆ ਹੋਇਆ, ਜੁੜਵਾਂ

अनुषङ्ग-ਅਨੁਸ਼ੰਗ, ਪੁ., ਸਬੰਧ, ਲਗਾਉ, ਰਿਸ਼ਤਾ, ਰਹਿਮ, ਕਿਰਪਾ, ਪਹਿਲੇ ਵਾਕ ਅੱਗੇ ਕੋਈ ਸ਼ਬਦ ਜੋੜਨਾ

अनुषङ्गिक-ਅਨੁਸ਼ੰਗਿਕ, ਵਿ., ਜੋੜਿਆਂ ਹੋਇਆ, ਮੇਲਿਆ ਹੋਇਆ

अनुष्टुप-ਅਨੁਸ਼੍ਟੁਪ. ਪੁ.. ਅੱਠ ਅੱਠ ਅੱਖਰਾਂ ਦਾ ਇਕ ਛੰਦ

अनुष्ठाता-ਅਨੁਸ਼ਠਾਤਾ,ਪੁ.. ਸਿਲਸਿਲੇ ਵਾਰ ਕੰਮ ਕਰਨ ਵਾਲਾ

अनुष्ठान-ਅਨੁਸ਼ਠਾਨ, ਪੁ., ਕੰਮ ਦਾ ਅਰੰਭ. ਨਿਜਮ ਨਾਲ ਕਿਸੇ ਕੰਮ ਨੂੰ ਕਰਨਾ, ਕਾਮਨਾ ਕਰ ਕੇ ਦੇਵਤਾ ਦੀ ਪੂਜਾ ਕਰਨੀ

अनुष्ठापक-ਅਨੁਸ਼ਠਾਪਕ, ਵਿ.: ਕੰਮ ਕਰਨ ਵਾਲਾ

अनुष्ण-ਅਨੁਸ਼ਣ, ਵਿ., ਜੋ ਗਰਮ ਨਾ ਹੋਵੇ, ਠੰਢਾ

अनुसंधान-ਅਨੁਸੰਧਾਨ, ਪੁ., ਪਿੱਛੇ ਨੂੰ ਜਾਣ, ਚਿੰਤਾ, ਢੰਡ, ਤਲਾਸ਼, ਖੋਜ, ਜਤਨ, ਕੋਸ਼ਸ਼

अनुसंधानना-ਅਨੁਸੰਧਾਨਨਾ, ਕ੍ਰਿ., ਢੂੰਡਣਾ, ਭਾਲਣਾ, ਖੋਜਣਾ, ਸੋਚਣਾ, ਸਮਝਣਾ, ਵਿਚਾਰ ਕਰਨਾ

अनुसरण-ਅਨੁਸਰਣ, ਪੁ., ਪਿੱਛੇ ਚੱਲਣਾ, ਨਕਲ, ਰਵਾਜ, ਸੁਭਾਉ

अनुसरना-ਅਨੁਸਰਨਾ, ਕ੍ਰਿ., ਪਿੱਛੇ ਚੱਲਣਾ, ਨਕਲ ਲਾਹੁਣੀ

अनुसार-ਅਨੁਸਾਰ, ਕ੍ਰਿ. ਵਿ., ਸਮਾਨ, ਬਰਾਬਰ, ਉਜੇਹਾ, ਅਨੁਕੂਲ,

अनुसाल-ਅਨੁਸਾਲ, ਪੁ., ਵਿਥਾ, ਪੀੜ, ਦੁਖ, ਤਕਲੀਫ

अनुसूया-ਅਨੁਸੂਯਾ, ਇ., ਸ਼ਕੁੰਤਲਾ ਦੀ ਸਹੇਲੀ ਦਾ ਨਾਉਂ

अनुसेवी-ਅਨੁਸੇਵੀ, ਵਿ., ਅਭਿਆਸ ਕਰਨ ਵਾਲਾ, ਖਿਦਮਤ ਕਰਨ ਵਾਲਾ, ਸੇਵਕ

अनुस्मरण-ਅਨੁਸਮਰਣ, ਪੁ., ਪੁਨਰ ਯਾਦ, ਪਿੱਛੋਂ ਯਾਦ ਆਉਣਾ, ਫੇਰ ਯਾਦ ਆਉਣਾ

अनुस्वार-ਅਨੁਸ੍ਵਾਰ, ਪੁ., ਨੱਕ ਵਿਚੋਂ ਬੋਲਣ ਵਾਲੇ ਅੱਖਰ ਜਿਸਦਾ ਦੂਜੇ ਅੱਖਰ ਨਾਲ ਮਿਲ ਕੇ ਉਚਾਰਨ ਹੋ ਜਾਂਦਾ ਹੈ, ਇਹ ਅੱਖਰ ਦੇ ਮੱਥੇ ਤੇ ਬਿੰਦੀ ਲਾ ਕੇ ਲਿਖਿਆ ਜਾਂਦਾ ਹੈ

अनुहरण-ਅਨੁਹਰਣ, ਪੁ., ਨਕਲ, ਬਰਾਬਰੀ ਦਾ ਪ੍ਰਕਾਸ਼ਨ ਉਜੇਹਾ ਵਿਖਾਲਾ

अनुहरना-ਅਨੁਹਰਨਾ, ਕ੍ਰਿ., ਨਕਲ ਕਰਨਾ, ਬਰਾਬਰੀ ਕਰਨਾ

अनुहार-ਅਨੁਹਾਰ. ਪੁ., ਨਕਲ, ਬਰਾਬਰੀ, ਵਿ., ਸਮਾਨ, ਬਰਾਬਰ

अनुहारक-ਅਨੁਹਾਰਕ, ਵਿ., ਨਕਲ ਕਰਨ ਵਾਲਾ

अनुहारना-ਅਨੁਹਾਰਨਾ, ਕ੍ਰਿ., ਉਸੇ ਤਰ੍ਹਾਂ ਕਰਨਾ, ਨਕਲ ਕਰਨਾ

अनुहारि-ਅਨੁਹਾਰਿ, ਵਿ., ਸਮਾਨ, ਬਰਾਬਰ, ਤੁੱਲ

अनुहारी-ਵਿ., ਨਕਲ ਕਰਨ ਵਾਲਾ

अनूक्त-ਅਨਕਤ, ਵਿ., ਪਿਛੋਂ ਕਿਹਾ ਹੋਇਆ, ਪੜ੍ਹਿਆ ਹੋਇਆ

अनूक्ति-ਅਨੂਕਿਤ, ਇ., ਦੁਬਾਰਾ ਕਹਿਣਾ, ਫੇਰ ਕਹਿਣਾ

अनुजरा-ਅਨੂਜਰਾ, ਵਿ., ਜੋ ਸਾਫ ਜਾਂ ਸਫੈਦ ਨਾ ਹੋਵੇ

अनूठा-ਅਨੂਠਾ, ਵਿ., ਅੱਛਾ, ਅਨੋਖਾ, ਉਮਦਾ, ਵਧੀਆ

अनूढ़-ਅਨੂੜ੍ਹ, ਵਿ., ਕੰਵਾਰਾ, ਛੜਾ.

अनूदित-ਅਨੂਦਿਤ, ਵਿ.. ਉਲਥਾ ਕੀਤਾ ਹੋਇਆ, ਅਨੁਵਾਦ ਕੀਤਾ ਹੋਇਆ

अनूप-ਅਨੂਪ, ਵਿ., ਸੁੰਦਰ. ਸੋਹਣਾ ਅੱਛਾ, ਵਧੀਆ, ਜਲ ਭਰਿਆ

अनूरु-ਅਨੂਰੁ, ਪੁ., ਸੂਰਜ ਦਾ ਰਥਵਾਨ, ਅਰੁਣ

अनृण-ਅਨ੍ਰਿਣ, ਵਿ., ਬੇ ਕਰਜ਼, ਕਰਜ਼ ਰਹਿਤ

अनृत-ਅਨ੍ਰਿਤ, ਪੁ., ਝੂਠ, ਮਿੱਥਿਆ, ਬਕਵਾਸ, ਅਸੱਤ

अनृशंस-ਅਨ੍ਰਿਸ਼ੰਸ, ਵਿ., ਜੋ ਜ਼ਾਲਮ ਨਾ ਹੋਵੇ, ਦਇਆ ਵਾਲਾ, ਰਹਿਮ ਦਿਲ

अनृशंसता-ਅਨ੍ਰਿਸ਼ੰਸਤਾ, ਇ., ਕੋਮਲਤਾ, ਦਿਆਲਤਾ, ਰਹਿਮਦਿਲੀ

अनेक-ਅਨੇਕ, ਵਿ., ਇਕ ਤੋਂ ਜ਼ਿਆਦਾ, ਅਣਗਿਣਤ

अनेकधा-ਅਨੇਕਧਾ, ਅਵਜ., ਅਕਸਰ

अनेकशः ਅਨੇਕਸ਼ਃ, ਅਵਜ.. ਕਈ ਵਾਰ, ਬਹੁਤ ਵਾਰ

अनेरा-ਅਨੇਰਾ, ਵਿ., ਝੂਠਾ, ਫਜ਼ੂਲ, ਬੇਮਤਲਬ, ਭੈੜਾ ਜ਼ਾਲਮ, ਦੁਸ਼ਟ, ਅਨਿਆਈ

अनैक्य-ਅਨੈਕਜ, ਪੁ., ਏਕਤਾ ਨਾ ਰਹਿਣੀ, ਫੁੱਟ. ਮੱਤ ਭੇਦ, ਮੇਲ ਨਾ ਰਹਿਣਾ

अनैठ-ਅਨੈਠ, ਪੁ.. ਬਜਾਰ ਬੰਦ ਰਹਿਣ ਦਾ ਦਿਨ, ਨਾਗ਼ਾ

अनैश्वर्य-ਅਨੈਸ਼੍ਵਰਯ, ਪੁ., ਰੱਬ ਦਾ ਨਾ ਹੋਣਾ. ਅਧੀਨਤਾ, ਮਾਤਹਿਤੀ

अनैस-ਅਨੈਸ. ਵਿ., ਨਸ਼ਟ, ਬੁਰਾ, ਖਰਾਬ, ਭੈੜਾ, ਭੱਦਾ

अनैसा-ਅਨੈਸਾ, ਵਿ., ਦੁਖਿਆਰਾ, ਬੁਰਾ, ਖਰਾਬ, ਭੱਦਾ

अनैहा-ਅਨੈਹਾ, ਪੁ., ਉਪੱਦਰ, ਉਤਪਾਤ. ਬਖੇੜਾ, ਝਗੜਾ, ਟੰਟਾ

अनोकह-ਅਨੋਕਹ, ਪੁ., ਰੁੱਖ, ਦਰਖਤ, ਪੇੜ, ਬੂਟਾ

अनोखा-ਅਨੋਖਾ, ਵਿ., ਨਿਰਾਲਾ, ਨਵਾਂ. ਸੰਦਰ, ਸੁਹਣਾ

अनौचित्य-ਅਨੌਚਿਤਜ. ਪੁ., ਠੀਕ ਨਾ ਹੋਣ, ਭੈੜਾ, ਖਰਾਬ

अन्त-ਅੰਤ, ਪੁ., ਆਖਰੀ. ਨਾਸ਼, ਮੌਤ, ਸੂਰਤ, ਹੱਦ, ਸਮਾਪਤੀ, ਪਰਲੋਂ, ਨੇੜੇ, ਹਿਸਾ

अन्तःकरण-ਅੰਤਃਕਰਣ. ਪੁ., ਮਨ, ਵਿਚਾਰ, ਸਮਝ, ਅਕਲ, ਆਤਮਾ, ਬੁਧੀ

अन्तःपट-ਅੰਤਃਪਟ, ਪੁ.,ਇਹੋ ਜਿਹਾ ਕੱਪੜਾ ਜੋ ਵਿਆਹ ਦੇ ਸਮੇ ਲਾੜੇ ਅਤੇ ਕੰਨਿਆਂ ਦੇ ਵਿਚਕਾਰ ਸੰਜੋਗ ਦੇ ਵੇਲੇ ਰੱਖਿਆ ਜਾਂਦਾ ਹੈ, ਗੰਢ ਜੋੜਾ, ਪਟਕਾ

अन्तःपुर-ਅੰਤਃਪੁਰ, ਪੁ., ਮਹਿਲ ਵਿਚ ਤੀਵੀਆਂ ਦੇ ਰਹਿਣ ਦੀ ਥਾਂ, ਜ਼ਨਾਨਖਾਨਾ, ਰਣਵਾਸ

अन्तक–ਅੰਤਕ, ਪੁ., ਮੌਤ, ਅੰਤ, ਜਮ ਰਾਜ, ਸ਼ਿਵ, ਈਸ਼ਵਰ, ਸੰਨਿਪਾਤ ਤਾਪ, ਵਿ., ਅੰਤ ਕਰਨ ਵਾਲਾ

अन्तकर–ਅੰਤਕਰ, ਵਿ., ਨਾਸ਼ਕਾਰੀ, ਅੰਤ ਕਰਨ ਵਾਲਾ, ਖਤਮ ਕਰਨ ਵਾਲਾ

अन्तकर्म–ਅੰਤਕਰਮ, ਪੁ., ਨਾਸ਼, ਦਾਹ ਸੰਸਕਾਰ ਪਿਛੋਂ ਸ਼ਾਸਤਰ ਅਨੁਸਾਰ ਕੀਤਾ ਕਰਮ

अन्तकाल–ਅੰਤਕਾਲ, ਪੁ., ਮੌਤ, ਵਿਨਾਸ਼. ਆਖਰੀ ਵਕਤ, ਖ਼ਾਤਮਾ

अन्ततः–ਅੰਤਤ:, ਅਵਜ., ਅੰਤ ਵਿਚ, ਅਖੀਰ ਵਿਚ, ਅੰਤ ਵੇਲੇ

अन्तपाल–ਅੰਤਪਾਲ, ਪੁ., ਦਰਬਾਨ, ਚੌਕੀਦਾਰ

अन्तर- ਅੰਤਰ, ਪੁ , ਭੇਦ, ਫਰਕ, ਛੁੱਟੀ, ਹੱਦ, ਵਿਚਕਾਰ, ਗੱਭੇ, ਦੂਰੀ, ਪਰਦਾ, ਓਟ, ਮਨ, ਅੰਤਹਿਕਰਣ, ਵਿ., ਹੋਰ, ਦੂਜਾ, ਕ੍ਰਿ ਵਿ., ਅੰਦਰ

अन्तरङ्ग–ਅੰਤਰੰਗ, ਵਿ., ਨਜਦੀਕੀ, ਗੁਪਤ ਭੇਦ ਨੂੰ ਜਾਣਨ ਵਾਲਾ

अन्तरा–ਅੰਤਰਾ, ਪੁ.. ਫਰਕ, ਕੋਨਾ, ਖੂੰਜਾ, ਨਾਗ਼ਾ, ਵਾਰੀ ਦਾ ਤਾਪ, ਗੀਤ ਦਾ ਦੂਜਾ ਪਦ, ਵਿ., ਇਕ ਪਿਛੋਂ ਦੂਜਾ, ਅਵਜ., ਵਿਚਕਾਰ, ਬਿਨਾ, ਕ੍ਰਿ. ਵਿ., ਸੂਰਜ ਦੇ ਚੜ੍ਹਨ ਤੇ ਛਿਪਣ ਦੇ ਵਿਚਕਾਰਲਾ ਸਮਾ, ਹੋਰ, ਸਿਵਾਇ

अन्तराय–ਅੰਤਰਾਯ, ਪੁ., ਰੁਕਾਵਟ, ਵਿਘਨ, ਰੋਕ, ਸ਼ਰਤ

अन्तराल–ਅੰਤਰਾਲ, ਪੁ., ਵਿਚਕਾਰਲਾ ਹਿੱਸਾ, ਮੰਡਲ, ਘੇਰਾ, ਛੁੱਟੀ, ਖਾਲੀ ਥਾਉਂ, ਵਿਹੜਾ

अन्तरिक्ष, अन्तरीक्ष–ਅੰਤਰਿਕਸ਼, ਅੰਤਰੀਕਸ਼, ਪੁ., ਅਕਾਸ਼, ਆਸਮਾਨ, ਸੁੰਨਸਾਨ, ਸੁਰਗ ਲੋਕ, ਵਿ., ਜੋ ਪਰਗਟ ਨਾ ਹੋਵੇ, ਗੁਪਤ

अन्तरिन्द्रिय–ਅੰਤਰਿੰਦ੍ਰਿਯ, ਪੁ., ਮੰਨੂ, ਬੁੱਧ, ਚਿਤ, ਹੰਕਾਰ

अन्तरीप–ਅੰਤਰੀਪ, ਪੁ., ਧਰਤੀ ਦਾ ਉਹ ਨੁਕੀਲਾ ਭਾਗ ਜੋ ਸਮੁੰਦਰ ਦੇ ਪਾਣੀ ਵਿਚ ਡੁੱਬਿਆ ਹੋਇਆ ਹੋਵੇ, ਟਾਪੂ

अन्तरीय–ਅੰਤਰੀਯ, ਪੁ., ਢਿੱਡ ਤੋਂ ਹੇਠਾਂ ਪਹਿਨਣ ਵਾਲਾ ਕੱਪੜਾ, ਧੋਤੀ. ਕੱਛ, ਤਹਿਮਤ

अन्तरौटा–ਅੰਤਰੌਟਾ, ਪੁ., ਸਾੜ੍ਹੀ ਦੇ ਹੇਠ ਪਹਿਨਣ ਵਾਲਾ ਬਰੀਕ ਕਪੜਾ. ਪੇਟੀ ਕੋਟ

अन्तर्गत–ਅੰਤਰਗਤ, ਵਿ., ਅੰਦਰ ਆਇਆ ਹੋਇਆ, ਵਿਚਕਾਰਲਾ, ਗੁਪਤ, ਲੁਕਿਆ ਹੋਇਆ, ਮਰਿਆ ਹੋਇਆ

अन्तर्गर्भा–ਅੰਤਰਗਰਭਾ., ਇ., ਗਰਭਵਤੀ, ਉਹ ਔਰਤ ਜਿਸ ਨੂੰ ਢਿੱਡ ਹੋਇਆ ਹੋਵੇ

अन्तर्जात–ਅੰਤਰਜਾਤ, ਵਿ., ਸ਼ਰੀਰ ਦੇ ਅੰਦਰ ਉਤਪੰਨ ਮਨ ਦੇ ਵਿਕਾਰ

अन्तर्ज्ञान–ਅੰਤਰਗਜਾਨ , ਪੁ , ਅੰਦਰਲੀ ਅਕਲ, ਸੂਝ

अन्तर्दशाह–ਅੰਤਰਦਸ਼ਾਹ, ਪੁ., ਦਸਾਹੀ, ਮਰਨ ਤੋਂ ਦਸ ਦਿਨ ਪਿਛੋਂ ਦੀ ਕਿਰਿਆ

अन्तर्दाह–ਅੰਤਰਦਾਹ, ਪੁ., ਸਰੀਰ ਦੇ ਅੰਦਰ ਦੀ ਜਲਨ.

अन्तर्द्वार–ਅੰਤਰਦ੍ਵਾਰ, ਪੁ., ਘਰ ਦਾ ਗੁਪਤ ਦਰਵਾਜਾ, ਚੋਰ ਦਰਵਾਜ਼ਾ, ਖਿੜਕੀ ਪੁ., ਛਿਪਾਉ, ਪੋਸ਼ੀਦਗੀ

अन्तर्धान–ਅੰਤਰਧਾਨ, ਵਿ., ਲੁਕਿਆ ਹੋਇਆ, ਗੁਪਤ, ਗਾਇਬ

अन्तर्निविष्ट–ਅੰਤਰਨਿਵਿਸ਼੍ਟ, ਵਿ., ਅੰਦਰ ਬੈਠਿਆ ਹੋਇਆ, ਦਿਲ ਵਿਚ ਬੈਠਿਆ ਹੋਇਆ

अन्तर्भाव–ਅੰਤਰਭਾਵ, ਪੁ., ਚਿੱਤ ਦੀ ਭਾਵਨਾ, ਮਤਲਬ, ਮਨ ਦਾ ਖਿਆਲ, ਅਭਿਲਾਖਾ, ਇੱਛਿਆ

अन्तर्भावना–ਅੰਤਰਭਾਵਨਾ, ਇ., ਚਿਹਰੇ ਤੋਂ ਮਾਲੂਮ ਨਾ ਹੋਣ ਵਾਲਾ ਫਿਕਰ, ਅੰਦਰੂਨੀ ਖਿਆਲ

अन्तर्भूमि–ਅੰਤਰਭੂਮਿ, ਇ., ਜ਼ਮੀਨ ਦਾ ਅੰਦਰਲਾ ਹਿੱਸਾ

अन्तर्मुख–ਅੰਤਰਮੁਖ, ਵਿ., ਜਿਸ ਦਾ ਮੂੰਹ ਅੰਦਰ ਨੂੰ ਹੋਵੇ, ਜੋ ਰਬ ਵਲ ਧਿਆਨ ਲਾਈ ਬੈਠਾ ਹੋਵੇ, ਪੁ., ਕੱਛੂ

अन्तर्मृत–ਅੰਤਰਮ੍ਰਿਤ., ਪੁ., ਢਿੜ ਵਿਚ ਮਰਿਆ ਹੋਇਆ ਬੱਚਾ

अन्तर्यामी–ਅੰਤਰਯਾਮੀ., ਪੁ., ਸਭ ਦੇ ਮਨ ਵਿਚ· ਵਸਿਆ ਹੋਇਆ, ਪਰਮਾਤਮਾ, ਰੱਬ, ਹਵਾ, ਵਿ., ਅੰਦਰ ਪਰਵੇਸ਼ ਕਰਨ, ਮਨ ਦੀਆਂ ਜਾਣਨ ਵਾਲਾ

अन्तर्योग–ਅੰਤਰਯੋਗ, ਪੁ., ਗੰਭੀਰ ਵਿਚਾਰ, ਡੂੰਘੀ ਸੋਚ

अन्तर्लापिका–ਅੰਤਰਲਾਪਿਕਾ, ਵਿ., ਉਹ ਬੁਝਾਰਤ ਜਿਸ ਦਾ ਜਵਾਬ ਉਸ ਦੇ ਵਿਚ ਹੀ ਹੋਵੇ

अन्तर्लीन–ਅੰਤਰਲੀਨ, ਵਿ., ਡੁੱਬਿਆ ਹੋਇਆ, ਅੰਦਰ ਲੁਕਿਆ ਹੋਇਆ

अन्तर्वर्ण–ਅੰਤਰਵਰਣ, ਪੁ., ਨੀਵੀਂ ਜਾਤ ਦਾ ਮਨੁੱਖ, ਸ਼ੂਦਰ

अन्तर्वाणी–ਅੰਤਰਵਾਣੀ, ਵਿ., ਵਿਦਵਾਨ, ਪੰਡਤ, ਸ਼ਾਸਤਰਾਂ ਦੇ ਜਾਣਨ ਵਾਲਾ

अन्तर्विकार–ਅੰਤਰ ਵਿਕਾਰ, ਪੁ., ਸ਼ਰੀਰ ਦੀ ਖਰਾਬੀ, ਜਿਵੇਂ ਭੁੱਖ ਤ੍ਰੇਹ ਆਦਿ

अन्तर्वाष्प–ਅੰਤਰਵਾਸ਼ਪ, ਪੁ., ਉਹ ਅੱਥਰੂ ਜੋ ਅੱਖਾਂ ਤੋਂ ਬਾਹਰ ਨਾ ਡਿੱਗੇ

अन्तर्वृद्धि–ਅੰਤਰਵ੍ਰਿੱਧੀ, ਪੁ., ਆਂਤਾਂ ਦੇ ਵਧਣ ਦਾ ਰੋਗ, ਆਂਤੜੀਆਂ ਦਾ ਵਧ ਜਾਣਾ

अन्तर्वेग–ਅੰਤਰਵੇਗ, ਪੁ., ਅੰਦਰਲੀ ਚਿੰਤਾ

अन्तर्वेश्म–ਅੰਤਰਵੇਸ਼ਮ, ਪੁ., ਰਣਵਾਸ, ਜ਼ਨਾਨਖਾਨਾ

अन्तर्वेश्मिक–ਅੰਤਰਵੇਸ਼ਮਿਕ, ਪੁ., ਰਣਵਾਸ ਦਾ ਰਾਖਾ

अन्तर्हास–ਅੰਤਰਹਾਸ, ਪੁ., ਗੁਪਤ ਹਾਸ, ਮੁਸਕਰਾਹਟ

अन्तर्हित–ਅੰਤਰਹਿਤ, ਵਿ., ਗੁਪਤ, ਲੁਕਿਆ ਹੋਇਆ

अन्तवासी–ਅੰਤਵਾਸੀ, ਪੁ., ਸਿਖ, ਚੇਲਾ

अन्तवेला–ਅੰਤ ਵੇਲਾ, ਇ., ਨਾਸ਼ ਦਾ ਸਮਾ, ਮਰਨ ਵੇਲਾ

अन्तशय्या–ਅੰਤ ਸ਼ੱਯਾ, ਇ., ਮਰਨ ਵੇਲੇ ਦਾ ਸੱਥਰ, ਸ਼ਮਸ਼ਾਨ, ਮਰਘਟ, ਮੌਤ

अन्तस्–ਅੰਤਸ, ਪੁ., ਹਿਰਦਾ, ਮਨ, ਦਿਲ

अन्तस्थ–ਅੰਤਸਥ, ਵਿ., ਵਿਚਕਾਰਲਾ ਗੱਭੇ ਦਾ, ਪੁ., ਯ, ਰ,

ਲ, ਵ, ਇਹ ਚਾਰ ਅੱਖਰ ਅੰਤਸਥ ਕਹਾਉਂਦੇ ਹਨ

अन्तस्नान–ਅੰਤਸਨਾਨ, ਪੁ., ਉਹ ਇਸ਼ਨਾਨ ਜੋ ਜੱਗ ਦੇ ਖਤਮ ਹੋਣ ਤੇ ਕੀਤਾ ਜਾਵੇ

अन्तस्सलिला–ਅੰਤਸਸਲਿਲਾ, ਇ., ਸਰਸਵਤੀ ਨਦੀ, ਫਲਗੂ ਨਦੀ

अन्तानल–ਅੰਤਾਨਲ, ਪੁ., ਪਰਲੋਂ ਵੇਲੇ ਦੀ ਅੱਗ

अन्तावशायी–ਅੰਤਾਵਸ਼ਾਯੀ, ਪੁ., ਪਿੰਡ ਦੀ ਹੱਦ ਤੋਂ ਬਾਹਰ ਰਹਿਣ, ਵਾਲਾ, ਚੰਡਾਲ, ਅਛੂਤ, ਨੀਚ

अन्तिक–ਅੰਤਿਕ, ਪੁ., ਪਾਸ, ਕੋਲ, ਪੜੋਸ, ਨੇੜੇ, ਨਜ਼ੀਕ, ਗੁਆਂਢ

अन्तिम–ਅੰਤਿਮ, ਵਿ.. ਅੰਤ ਦਾ, ਪਿਛੇ ਦਾ, ਸਭ ਤੋਂ ਵਧ ਕੇ, ਆਖਿਰੀ

अन्त्यज–ਅੰਤਜਜ, ਪੁ., ਸ਼ੁਦਰ, ਚੰਡਾਲ, ਨੀਚ

अन्त्यजगमन–ਅੰਤਜਜਗਮਨ, ਪੁ., ਉੱਚੀ ਜਾਤ ਦੀ ਤੀਵੀਂ ਦਾ ਸ਼ੂਦਰ ਨਾਲ ਰਹਿਣ

अन्त्यजागमन, ਅੰਤਜਜਾਗਮਨ, ਪੁ., ਉਚੀ ਜਾਤ ਦੇ ਮਨੁੱਖ ਦਾ ਨੀਵੀਂ ਜਾਤ ਦੀ ਤੀਵੀਂ ਨਾਲ ਰਹਿਣ

अन्त्ययुग–ਅੰਤਜਯੁਗ, ਪੁ., ਅੰਤਮ ਜੁਗ, ਕਲਜੁਗ, ਆਖਿਰੀ ਸਮਾ

अन्त्ययोनि–ਅੰਤਜਯੋਨਿ. ਪੁ,, ਸ਼ੁਦਰ, ਚੰਡਾਲ, ਨੀਚ

अन्त्या–ਅੰਤਜਾ. ਇ.. ਚੰਡਾਲ ਦੀ ਤੀਵੀਂ

अन्त्येष्टि–ਅੰਤਜੇਸ੍ਰਿ, ਇ., ਮਰਨ ਦੇ ਪਿਛੋਂ ਸਾੜਨ ਫੂਕਣ ਦਾ ਸਸਕਾਰ, ਕਰਮ ਹੋ ਜਾਣ ਤੇ ਸੰਸਕਾਰਾਂ ਦੀ ਕਿਰਿਆ

अन्त्र–ਅੰਤ੍ਰ. ਪੁ., ਅੰਤੜੀ, ਆਂਦਰ

अन्त्रकूज, अन्त्रकूजन–ਅੰਤ੍ਰਕੂਜ, ਅੰਤ੍ਰਕੂਜਨ, ਵਿ., ਆਂਦਰਾਂ ਵਿਚ ਗੜਗੜ ਦੀ ਆਵਾਜ਼ ਹੋਣੀ

अन्त्रवृद्धि–ਅੰਤ੍ਰਵ੍ਰਿੱਧੀ, ਇ., ਪਤਾਲੂ ਉਤਰਨ ਦੀ ਬਿਮਾਰੀ, ਆਂਦਰਾਂ ਦੀ ਬਿਮਾਰੀ

अन्दरूनी–ਅੰਦਰੂਨੀ, ਵਿ., ਅੰਦਰਲੀ

अन्दाज़–ਅੰਦਾਜ਼, ਪੁ., ਅਨੁਮਾਨ, ਮਾਪ, ਤੋਲ, ਅਟਕਲ, ਚੇਸ਼ਟਾ, ਢੰਗ, ਤਰੀਕਾ, ਤਰਜ਼, ਅੰਦਾਜ਼ਾ

अन्दाज़न–ਅੰਦਾਜ਼ਨ, ਕ੍ਰਿ. ਵਿ., ਲਗ ਭਗ, ਅੰਦਾਜ਼ੇ ਨਾਲ, ਅਟਕਲ ਪੱਚੂ

अन्दु, अन्दृ–ਅੰਦੁ, ਅੰਦੂ, ਇ., ਬੰਧਨ, ਹਾਥੀ ਦੇ ਪੈਰ ਬੰਨ੍ਹਣ ਦਾ ਲੋਹੇ ਦਾ ਸੰਗਲ, ਬਾਹਵਾਂ ਉਤੇ ਪਹਿਰਣ ਦਾ ਗਹਿਣਾ, ਬਾਜ਼ੂਬੰਦ

अन्दुआ–ਅੰਦੁਆ, ਪੁ., ਹਾਥੀ ਦੇ ਪਿਛਲੇ ਪੈਰ ਵਿਚ ਕੰਡਿਆਂ ਵਾਲਾ ਪਾਉਣ ਦਾ ਲਕੜ ਦਾ ਚੋਖਟਾ

अन्देशा–ਅੰਦੇਸ਼ਾ, ਪੁ., ਸੰਦੇਹ, ਫਿਕਰ, ਚਿੰਤਾ, ਸੰਸਾ, ਹਾਣ, ਭੈ, ਖਟਕਾ, ਸ਼ਕ

अन्दोर–ਅੰਦੋਰ, ਪੁ., ਸ਼ੋਰਗੁਲ, ਅੰਦੋਲਨ, ਹੱਲਾ, ਝਗੜਾ, ਰੌਲਾ

अन्दोलन–ਅੰਦੋਲਨ, ਇ., ਐਜੀਟੇਸ਼ਨ, ਝਗੜਾ, ਲਹਿਰ

अन्दोह–ਅੰਦੋਹ, ਪੁ., ਦੁਖ, ਸੋਗ, ਬੇਚੈਨੀ, ਵਿਆਕੁਲਤਾ

अन्ध–ਅੰਧ, ਵਿ., ਬਿਨਾ ਅੱਖਾਂ ਤੋਂ, ਨੇਤਰ ਹੀਨ, ਜਿਸ ਦੀਆਂ ਅੱਖਾਂ ਵਿਚ ਜੋਤ ਨਾ ਹੋਵੇ, ਬਿਨਾ ਅਕਲ ਦੇ, ਗਿਆਨ ਰਹਿਤ, ਮੂਰਖ, ਪਾਗਲ .

अन्धकार–ਅੰਧਕਾਰ, ਪੁ., ਹਨੇਰਾ, ਅਨ੍ਹੇਰਾ

अन्धखोपड़ी–ਅੰਧਖੋਪੜੀ. ਇ., ਬੇ ਅਕਲ. ਮੂਰਖ. ਉਜੱਡ, ਨਾਸਮਝ

अन्धड़–ਅੰਧੜ, ਪੁ., ਅਨ੍ਹੇਰੀ, ਧੂੜ ਨਾਲ ਭਰੀ ਹੋਈ ਤੇਜ਼ ਹਵਾ, ਵਰੋਲਾ

अन्धता–ਅੰਧਤਾ, ਇ., ਅੱਖਾਂ ਦਾ ਨਾ ਹੋਣਾ, ਅੰਧਾਪਣ

अन्धतामिस्त्र–ਅੰਧਤਾਮਿਸ੍ਰ, ਪੁ., ਹਨੇਰ ਘੁੱਪ, ਇਕ ਨਰਕ ਦਾ ਨਾਉਂ, ਨਾਸਤਕ ਬੁੱਧ,

अन्धपरम्परा–ਅੰਧਪਰੰਪਰਾ, ਵਿ., ਬਿਨਾ ਵਿਚਾਰੇ ਪੁਰਾਣੀਆਂ ਰਸਮਾਂ ਤੇ ਚੱਲਣਾ, ਅੰਧ ਵਿਸ਼ਵਾਸ

अन्धपूतना–ਅੰਧਪੂਤਨਾ, ਇ.. ਬੱਚਿਆਂ ਦੀ ਇਕ ਤਰ੍ਹਾਂ ਦੀ ਬੀਮਾਰੀ

अन्धरा–ਅੰਧਰਾ, ਵਿ., ਨੇਤਰ ਹੀਨ, ਮੁਨਾਖਾ, ਅੰਨ੍ਹਾ

अन्धरी–ਅੰਧਰੀ, ਇ., ਅਨ੍ਹੇਰੀ, ਤੂਫ਼ਾਨ, ਅੰਨ੍ਹੀ ਤੀਵੀਂ, ਪਹੀਏ ਦੀ ਨਾਭ ਦੇ ਅੰਦਰਲੀ ਚੂਲ

अन्धविश्वास–ਅੰਧਵਿਸ਼੍ਵਾਸ, ਪੁ., ਬਿਨਾ ਵਿਚਾਰੇ ਕਿਸੇ ਉਤੇ ਇਤਬਾਰ ਕਰਨਾ, ਬਿਨਾ ਸੋਚੇ ਸਮਝੇ ਵਿਸ਼ਵਾਸ ਕਰਨਾ

अन्धीकृत–ਅੰਧੀਕ੍ਰਿਤ, ਵਿ., ਅੰਨ੍ਹਾ ਕੀਤਾ ਹੋਇਆ

अन्न–ਅੰਨ, ਪੁ., ਅਨਾਜ, ਧਾਨ. ਦਾਣਾ ਪਾਣੀ, ਸੂਰਜ, ਪ੍ਰਾਣ, ਧਰਤੀ, ਖਾਣ ਚੀਜ਼

अन्नकाल–ਅੰਨਕਾਲ, ਪੁ., ਭੋਜਨ ਦਾ ਸਮਾ .

अन्नकूट–ਅੰਨਕੂਟ, ਪੁ., ਅੰਨ ਦਾ ਢੇਰ, ਵਰਾਗੀਆਂ ਦਾ ਇਕ ਉਤਸਵ ਜੋ ਕੱਤਕ ਸ਼ੁਦੀ ਏਕਮ ਨੂੰ ਮਨਾਉਂਦੇ ਹਨ ਉਸ ਦਿਨ ਕਈ ਤਰਾਂ ਦਾ ਸੁੰਦਰ ਭੋਜਨ ਬਣਾ ਕੇ ਭਗਵਾਨ ਨੂੰ ਭੋਗ ਲਾਉਂਦੇ ਹਨ

अन्नकोष्ठ–ਹੰਨਕੋਸ਼ਠ ਪੁ., ਅੰਨ ਰੱਖਣੇ ਦਾ ਕੋਠਾ, ਖੱਤੀ, ਬੁਖਾਰੀ

अन्नक्षेत्र–ਅੰਨਛੇਤ੍ਰ, ਪੁ., ਭੁੱਖੇ ਕੰਗਾਲਾਂ ਨੂੰ ਭੋਜਨ ਵਰਤਾਉਣ ਦੀ ਥਾਉਂ

अन्नज, अन्नजात–ਅੰਨਜ, ਅੰਨਜਾਤ, ਵਿ., ਅੰਨ ਤੋਂ ਪੈਦਾ ਹੋਇਆ

अन्नजल–ਅੰਨਜਲ, ਪੁ., ਦਾਣਾ ਪਾਣੀ, ਜੀਵਕਾ

अन्नद–ਅੰਨਦ, ਵਿ., ਅੰਨ ਦੇਣ ਵਾਲਾ

अन्नदा–ਅੰਨਦਾ, ਇ., ਅੰਨਪੂਰਣਾ ਦੇਵੀ

अन्नदाता–ਅੰਨਦਾਤਾ, ਵਿ., ਅੰਨ ਦੇਣ ਵਾਲਾ, ਮਾਲਕ, ਰੱਬ

अन्नपति–ਅੰਨਪਤਿ., ਪੁ., ਸ਼ਿਵ, ਮਹਾਦੇਵ

अन्नप्राशन–ਅੰਨਪ੍ਰਾਸ਼ਨ, ਪੁ., ਦਸ ਸੰਸਕਾਰ ਜਿਸ ਵਿਚੋਂ ਓਹ

ਸੰਸਕਾਰ ਜਿਸ ਵਿਚ ਛੇਵੇਂ ਜਾਂ ਅੱਠਵੇਂ ਮਹੀਨੇ ਦੇ ਬੱਚੇ ਨੂੰ ਪਹਿਲੀ ਵਾਰ ਅੰਨ ਖਵਾਇਆ ਜਾਂਦਾ ਹੈ

अन्नमल–ਅੰਨਮਲ, ਪੁ., ਅੰਨ ਵਿਚੋਂ ਕੱਢਿਆ ਹੋਇਆ ਰਸ

अन्नलिप्सा–ਅੰਨਲਿਪਸਾ, ਇ., ਭੋਜਨ ਦੀ ਇੱਛਿਆ, ਰੋਟੀ ਦੀ ਲੋੜ

अन्नविकार–ਅੰਨਵਿਕਾਰ. ਪੁ., ਅੰਨ ਦਾ ਬਦਲਿਆ ਹੋਇਆ ਰੂਪ

अन्न सत्र–ਅੰਨ ਸੱਤ੍ਰ, ਪੁ., ਉਹ ਥਾਉਂ ਜਿੱਥੇ ਭੁੱਖਿਆਂ ਨੂੰ ਅਤੇ ਕੰਗਾਲਾਂ ਨੂੰ ਅੰਨ ਵੰਡਿਆ ਜਾਂਦਾ ਹੇ

अन्ना–ਅੰਨਾ, ਇ., ਬੱਚੇ ਨੂੰ ਦੁੱਧ ਪਿਲਾਉਣ ਵਾਲੀ ਦਾਈ, ਆਇਆ

अन्य–ਅਨਜ, ਵਿ., ਹੋਰ ਕੋਈ, ਦੂਜਾ, ਓਪਰਾ, ਪਰਾਇਆ

अन्यग,अन्यगामी–ਅੰਨਜਗ, ਅੰਨਜਗਾਮੀ, ਵਿ., ਵਿਭਚਾਰੀ, ਦੁਸ਼ਟ, ਲੁੱਚਾ

अन्यच्च–ਅੰਨਜੱਚ, ਕ੍ਰਿ. ਵਿ., ਹੋਰ ਵੀ, ਹੋਰ, ਦੂਜਾ

अन्यतः–ਅੰਨਜਤः, ਅਵਜ., ਹੋਰ ਥਾਂ, ਕਿਤੇ ਹੋਰ, ਦੂਸਰੀ ਜਗਾ

अन्यत्र–ਅਨਜਤ੍ਰ, ਅਵਜ., ਦੂਜੀ ਥਾਂ, ਹੋਰ ਜਗਾ, ਹੋਰ ਥਾਂ

अन्यथा–ਅਨਜਥਾ,ਅਵਜ., ਹੋਰ ਤਰ੍ਹਾਂ, ਮਿੱਥਿਆ, ਝੂਠ, ਉਲਟਾ, ਹੋਰ ਦਾ ਹੋਰ

अन्यपुरुष–ਅਨਜਪੁਰੁਸ਼., ਪੁ., ਦੂਜਾ ਮਨੁੱਖ, ਗੈਰ ਪੁਰਸ਼, ਪਰਾਇਆ ਬੰਦਾ

अन्यपूर्वा–ਅੰਨਜਪੂਰਵਾ, ਇ., ਪਤੀ ਦੇ ਮਰਨ ਤੋਂ ਮਗਰੋਂ ਦੂਜੇ ਨਾਲ ਵਿਆਹ ਕਰਨ ਵਾਲੀ ਤੀਵੀਂ

अन्यमनस्क–ਅਨਜਮਨਸਕ, ਵਿ., ਅਨਮਨਾ, ਉਦਾਸ

अन्यराष्ट्रीय–ਅਨਜਰਾਸ਼ਟ੍ਰੀਯ, ਵਿ., ਦੂਜੇ ਦੇਸ਼ ਦਾ, ਬਿਦੇਸ਼ੀ

अन्याधीन–ਅਨਜਾਧੀਨ,ਵਿ., ਦੂਜੇ ਦੇ ਆਸਰੇ ਉਤੇ ਭਰੋਸਾ ਰਖਣ ਵਾਲਾ

अन्याय–ਅਨਜਾਯ,ਪੁ., ਬੁਰੀ ਨੀਤੀ,ਨਿਆਂ ਤੋਂ ਵਿਰੁੱਧ ਵਿਚਾਰ, ਅਤਿਆਚਾਰ, ਜ਼ੁਲਮ, ਅਨ੍ਹੇਰ, ਬੇਇਨਸਾਫ਼ੀ

अन्यायी–ਅਨਜਾਯੀ. ਵਿ., ਬੇਇਨਸਾਫ਼ੀ ਕਰਨ ਵਾਲਾ, ਦੁਰਾਚਾਰੀ

अन्योक्ति–ਅਨਜੋਕ੍ਤੀ, ਇ., ਉਹ ਬਾਤ ਜਿਸ ਦਾ ਅਰਥ ਸਮਾਨ ਧਰਮ ਦੇ ਵਿਚਾਰ ਨਾਲ ਦੂਜੇ ਤੇ ਘਟਾਇਆ ਜਾਵੇ, ਅਤਿਕਥਨ

अन्योदर्य–ਅਨਜੋਦਰਜ, ਪੁ., ਦੂਸਰੀ ਮਾਂ ਤੋਂ ਉਤਪੰਨ, ਸੌਤੇਲਾ ਭਰਾ

अन्योन्य–ਅਨਜੋਨਜ, ਪੁ., ਆਪਸ ਵਿਚ, ਪਰਸਪਰ, ਇਕ ਅਲੰਕਾਰ ਜਿਸ ਵਿਚ ਇਕ ਚੀਜ਼ ਦੇ ਜਾਣਨ ਲਈ ਦੂਜੀ ਕਿਸੇ ਚੀਜ਼ ਦੀ ਲੋੜ ਹੁੰਦੀ ਹੈ

अन्योन्याश्रय–ਅਨਯੋਨਯਾਸ਼੍ਰਯ, ਪੁ., ਆਪਸ ਦਾ ਆਸਰਾ, ਸਬੰਧ ਜਾਂ ਸਹਾਰਾ, ਨਿਆਂ ਵਿਚ ਇਕ ਚੀਜ਼ ਦੇ ਜਾਣਨ ਲਈ ਦੂਜੀ ਕਿਸੇ ਚੀਜ਼ ਦੀ ਲੋੜ

अन्वय–ਅਨ੍ਵਯ, ਪੁ., ਖਾਨਦਾਨ, ਮੇਲ, ਸੰਬੰਧ, ਔਲਾਦ, ਕਵਿਤਾ ਦੇ ਸ਼ਬਦਾਂ ਨੂੰ ਵਾਕ ਰਚਨਾ ਦੇ ਨਿਜਮ ਮੁਤਾਬਕ, ਕਰਤਾ, ਕਰਮ ਅਤੇ ਕਿਰਿਆ ਨੂੰ ਸਿਲਸਿਲੇਵਾਰ ਰਖਣਾ

अन्वीक्षण–ਅਨ੍ਵੀਕਸ਼ਣ, ਪੁ., ਖੋਜ, ਵਿਚਾਰ, ਧਿਆਨ ਨਾਲ ਵਿਖਾਈ

अन्वीक्षा–ਅਨ੍ਵੀਕਸ਼ਾ, ਇੰ., ਧਿਆਨ ਨਾਲ ਵੇਖਣ, ਖੋਜ, ਭਾਲ

अन्वेक्षक–ਅਨ੍ਵੇਕਸ਼ਕ, ਪੁ., ਭਾਲਣ ਵਾਲਾ, ਖੋਜ ਕਰਨ ਵਾਲਾ

अन्वेषण–ਅਨ੍ਵੇਸ਼ਣ, ਪੁ., ਖੋਜ, ਢੂੰਡ, ਤਲਾਸ਼, ਭਾਲ

अन्वेषित–ਅਨ੍ਵੇਸ਼ਿਤ, ਵਿ., ਭਾਲਿਆ ਹੋਇਆ, ਢੂੰਡਿਆ ਹੋਇਆ, ਤਲਾਸ਼ ਕੀਤਾ ਹੋਇਆ

अन्वेषी, अन्वेष्टा–ਅਨ੍ਵੇਸ਼ੀ, ਅਨ੍ਵੇਸ਼੍ਟਾ, ਵਿ., ਢੂੰਡਣ ਵਾਲਾ, ਖੋਜਣ ਵਾਲਾ, ਖੋਜੀ, ਕਾਢੂ

अन्हवाना, अन्हाना–ਅਨ੍ਹਵਾਨਾ, ਅਨ੍ਹਾਨਾ, ਕ੍ਰਿ., ਇਸ਼ਨਾਨ ਕਰਾਉਣਾ, ਨੁਹਾਉਣਾ

अप–ਅਪ, ਇ., ਜਲ, ਪਾਣੀ, ਆਸਮਾਨ, ਅਕਾਸ਼

अप–ਅਪ, ਅਵਜ., ਉਪਸਰਗ ਦੀ ਤਰ੍ਹਾਂ ਇਹ ਸ਼ਬਦ ਨਿਖੇਧ, ਅਨਾਦਰ ਤਿਆਗ ਵਿਯੋਗ ਬੁਰਾ ਜ਼ਿਆਦਾ ਵਿਰੋਧ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ

अपकरण–ਅਪਕਰਣ, ਪੁ., ਦੁਰਾਚਾਰ, ਬੁਰਾ ਵਿਉਹਾਰ, ਭੈੜੀ ਵਰਤੋਂ, ਬੁਰਿਆਈ, ਖੋਟ

अपकर्ता–ਅਪਕਰਤਾ, ਵਿ., ਬੁਰਾ ਕੰਮ ਕਰਨ ਵਾਲਾ, ਬਦਚਲਣ, ਬਦਮਾਸ਼

अपकर्म–ਅਪਕਰਮ, ਪੁ., ਕੁਕਰਮ, ਬੁਰਾ ਕੰਮ, ਪਾਪ, ਭੈੜਾ ਕੰਮ, ਵੈਲ

अपकर्षक–ਅਪਕਰਸ਼ਕ, ਵਿ., ਨਿਰਾਦਰ ਕਰਨ ਵਾਲਾ, ਬੇਇੱਜ਼ਤੀ ਕਰਨ ਵਾਲਾ

अपकलंक–ਅਪਕਲੰਕ, ਪੁ., ਵੱਡਾ ਕਲੰਕ ਜੋ ਮੇਟਿਆ ਨਾ ਜਾ ਸਕੇ, ਦੋਸ਼

अपकार–ਅਪਕਾਰ, ਪੁ., ਬੁਰਾ ਕੰਮ. ਨਿੰਦਿਆ, ਬੇਇੱਜ਼ਤੀ, ਬੁਰਿਆਈ ਨੁਕਸਾਨ

अपकारी–ਅਪਕਾਰੀ, ਵਿ., ਬੁਰਾ ਕਰਨ ਵਾਲਾ, ਵਿਰੋਧੀ, ਮੁਖਾਲਫ਼, ਨੁਕਸਾਨ ਪੁਚਾਉਣ ਵਾਲਾ

अपकीरति–ਅਪਕੀਰਤਿ, ਇ., ਨਿੰਦਿਆ, ਬੇਇਜ਼ਤੀ, ਬੇਪਤੀ

अपकृष्ट–ਅਪਕ੍ਰਿਸ਼੍ਟ, ਵਿ., ਭੈੜਾ, ਬੁਰਾ, ਕਮੀਣਾ, ਨੀਚ, ਦੁਸ਼ਟ, ਲੁੱਚਾ

अपकृष्टता–ਅਪਕ੍ਰਿਸ਼੍ਟਤਾ, ਇ., ਖਰਾਬੀ, ਨੀਚਤਾ, ਕਮੀਣਗੀ

अपक्रम–ਅਪਕ੍ਰਮ, ਪੁ., ਨਿਜਮ ਦਾ ਅਭਾਵ, ਉਲਟ ਪੁਲਟ ਹੋਣ ਦਾ ਭਾਵ, ਬੇਪਤੀ, ਗੜਬੜ

अपक्रमण–ਅਪਕ੍ਰਮਣ, ਪੁ., ਨਸਣਾ, ਨਸ ਜਾਣਾ

अपक्रोश–ਅਪਕ੍ਰੋਸ਼, ਪੁ., ਧਮਕੀ, ਝਿੜਕੀ, ਦਾਵਾ

अपक्व–ਅਪਕ, ਵਿ.. ਕੱਚਾ, ਬਿਨਾ ਪਕਿਆ, ਨਾ ਤਜਰਬਾਕਾਰ

अपक्ष–ਅਪਕਸ਼, ਵਿ., ਖੰਭਾ ਤੋਂ ਬਿਨਾ, ਸਹਾਇਕ ਤੋਂ ਬਿਨਾ, ਪੱਖਹੀਨ, ਜਿਸ ਦਾ ਕੋਈ ਸਹਾਇਕ ਨਾ ਹੋਵੇ

अपक्षपात–ਅਪਕਸ਼ਪਾਤ, ਪੁ., ਪੱਖਪਾਤ ਦਾ ਨਾ ਹੋਣ, ਬੇ ਰਿਆਇਤ, ਵਿਆਕੁਲ

अपगत–ਅਪਗਤ, ਵਿ., ਨੱਸਿਆ ਹੋਇਆ, ਨਸ਼ਟ, ਮਰਿਆ ਹੋਇਆ

अपघात–ਅਪਘਾਤ, ਪੁ., ਵਿਸ਼ਵਾਸ ਘਾਤ, ਧੋਖਾ, ਹਿੰਸਾ, ਮੌਤ

अपघातक अपघाती–ਅਪਘਾਤਕ ਅਪਘਾਤੀ, ਵਿ., ਖੁਦਕਸ਼ੀ ਕਰਨ ਵਾਲਾ, ਆਤਮ ਘਾਤੀ

अपच–ਅਪਚ, ਪੁ., ਅਜੀਰਣ, ਬਦਹਜ਼ਮੀ

अपच्छी–ਅਪੱਛੀ, ਵਿ., ਵਿਰੋਧੀ, ਵੈਰੀ, ਦੁਸ਼ਮਣ, ਮੁਖਾਲਫ਼

अपच्छेद–ਅਪੱਛੇਦ, ਪੁ., ਹਾਨੀ, ਰੁਕਾਵਟ, ਰੋਕ, ਨੁਕਸਾਨ

अपजय–ਅਪਜਯ, ਪੁ., ਹਾਰ, ਭਾਂਜ, ਨੁਕਸਾਨ,

अपटु–ਅਪਟੁ, ਵਿ., ਜੋ ਕੰਮ ਕਰਨ ਵਿਚ ਚਤਰ ਨਾ ਹੋਵੇ, ਆਲਸੀ, ਸੁਸਤ, ਨਿਖੱਟੂ

अपठ–ਅਪਠ, ਵਿ., ਅਣਪੜ੍ਹ, ਜੋ ਪੜ੍ਹਿਆ ਨਾ ਹੋਵੇ

अपत–ਅਪਤ. ਵਿ. ਬਿਨਾ ਪੱਤਿਆਂ ਦੇ, ਅਧਮ, ਨੀਚ, ਨਿਰਲੱਜ, ਬੇਇੱਜ਼ਤਾ

अपति–ਅਪਤਿ, ਇ., ਵਿਧਵਾ, ਰੰਡੀ, ਵੈਲਣ, ਭੈੜੀ, ਪਾਪਣ, ਨੀਚ, ਦੁਰਦਸ਼ਾ, ਬੁਰੀ ਹਾਲਤ, ਬੇਇੱਜ਼ਤੀ

अपत्य–ਅਪਤਜ, ਪੁ , ਬਾਲ ਬੱਚੇ, ਸੰਤਾਨ, ਔਲਾਦ,

अपत्यशत्रु–ਅਪਤਯਸ਼ਤ੍ਰੂ, ਪੁ., ਸੱਪ

अपत्र–ਅਪੱਤ੍ਰ, ਵਿ., ਟੁੰਡ-ਮੁੰਡ, ਬੇਪੱਤੇ

अपथ–ਅਪਥ, ਪੁ., ਭੈੜਾ ਰਾਹ, ਕੁਰਾਹ

अपथगामी–ਅਪਥਗਾਮੀ, ਵਿ., ਭੈੜੇ ਰਾਹ ਤੇ ਚੱਲਣ ਵਾਲਾ, ਕੁਰਾਹੀ

अपथ्य–ਅਪਥਜ, ਵਿ., ਬੁਰਾ, ਸਿਹਤ ਨੂੰ ਨੁਕਸਾਨ ਪੁਚਾਉਣ ਵਾਲਾ

अपद–ਅਪਦ, ਵਿ., ਬਿਨਾ ਪੈਰਾਂ ਤੋਂ ਚੱਲਣ ਵਾਲਾ, ਲੂਲਾ

अपदार्थ–ਅਪਦਾਰਥ. ਵਿ.. ਮਾਮੂਲੀ, ਨਾਚੀਜ਼, ਤੁੱਛ,

अपदेवता–ਅਪਦੇਵਤਾ, ਪੁ., ਦਾਨੋਂ, ਰਾਖਸ਼, ਦਿਉ

अपदेश–ਅਪਦੇਸ਼, ਪੁ., ਨਿਮਿੱਤ. ਬਹਾਨਾ, ਨਿਸ਼ਾਨਾ

अपद्वार–ਅਪਦ੍ਵਾਰ, ਪੁ., ਚੋਰ ਮੋਰੀ, ਖਿੜਕੀ

अपभ्रंश–ਅਪਭ੍ਰੰਸ਼, ਪੁ., ਵਿਗਾੜ, ਗਿਰਾਵਟ, ਵਿਗੜਿਆ ਹੋਇਆ ਸ਼ਬਦ

अपमान–ਅਪਮਾਨ, ਪੁ., ਅਨਾਦਰ, ਹਤਕ, ਬੇਇੱਜ਼ਤੀ

अपमृत्यु–ਅਪਮ੍ਰਿਤਜੁ, ਪੁ , ਬੇ ਮੌਕੇ ਮਰਨਾ, ਬੇਵਕਤੀ ਮੌਤ, ਕੁਵੇਲੇ ਦੀ ਮੌਤ, ਭੈੜੀ ਮੌਤ

अपयश–ਅਪਜਸ਼, ਪੁ., ਬੁਰਿਆਈ, ਬੇਇੱਜ਼ਤੀ, ਬਦਨਾਮੀ

अपयान–ਅਪਜਾਨ, ਪੁ., ਬੁਰੀ ਸਵਾਰੀ, ਭੈੜੀ ਸਵਾਰੀ

अपरंपार–ਅਪਰੰਪਾਰ, ਵਿ., ਬੇਹੱਦ, ਪਰੇ ਤੋਂ ਪਰੇ, ਅਪਾਰ

अपर–ਅਪਰ , ਵਿ., ਪਹਿਲਾ, ਇਸੇ ਵੇਲੇ, ਹੁਣੇ, ਦੂਜਾ, ਪਿਛਲਾ ਹੋਰ

अपरा–ਅਪਰਾ, ਇ., ਪੱਛਮ ਦਿਸ਼ਾ, ਪਦਾਰਥ ਵਿਦਿਆ

अपराजिता–ਅਪਰਾਜਿਤਾ, ਇ., ਦੁਰਗਾ, ਕੋਇਲ, ਕੌਂ ਟੂਟੀ, ਇਕ ਤਰ੍ਹਾਂ ਦਾ ਛੰਦ ਜਿਸ ਦੇ ਹਰੇਕ ਚਰਣ ਵਿਚ ਚੌਦਾਂ ਅੱਖਰ ਹੁੰਦੇ ਹਨ

अपराध–ਅਪਰਾਧ, ਪੁ., ਦੋਸ਼, ਪਾਪ, ਭੁੱਲ, ਕਸੂਰ, ਗੁਨਾਹ

अपराधी–ਅਪਰਾਧੀ, ਵਿ., ਦੋਸ਼ੀ, ਪਾਪੀ, ਕਸੂਰਵਾਰ, ਗੁਨਾਹੀ

अपराह्ण–ਅਪਰਾਨ੍ਹ, ਪੁ., ਤੀਜਾ ਪਹਿਰ

अपरिचय–ਅਪਰਿਚਯ, ਪੁ., ਨਾ ਵਾਕਫ਼ੀਅਤ, ਨਾ ਜਾਣਕਾਰੀ

अपरिछन्न–ਅਪਰਿਛੰਨ, ਵਿ., ਨੰਗਾ, ਕੱਪੜਿਆਂ ਬਿਨਾ, ਨੰਗ ਧੜੰਗਾ, ਬੇਪੜਦ

अपरिणीत–ਅਪਰਿਣੀਤ, ਵਿ., ਬਿਨਾ ਵਿਆਹਿਆ, ਕੰਵਾਰਾ

अपरिमित–ਅਪਰਿਮਿਤ, ਵਿ., ਬੇਹੱਦ, ਸੰਖਿਆ ਰਹਿਤ, ਅਣਗਿਣਤ

अपरिष्कार–ਅਪਰਿਸ਼ਕਾਰ, ਪੁ., ਮੈਲਾਪਣ, ਗੰਦਗੀ

अपरिष्कृत–ਅਪਰਿਸ਼ਕ੍ਰਿਤ. ਵਿ., ਮੈਲਾ ਕੁਚੈਲਾ, ਗੰਦਾ

अपरोक्ष–ਅਪਰੋਕਸ਼, ਅਵਜ , ਪ੍ਰਤੱਖ, ਸਾਹਮਣੇ, ਮੂਹਰੇ

अपर्णा–ਅਪਰਣਾ, ਇ., ਪਾਰਬਤੀ, ਦੁਰਗਾ

अपर्याप्त–ਅਪਰਯਾਪ੍ਤ. ਵਿ., ਜੋ ਪੂਰਾ ਨਾ ਹੋਵੇ, ਜੋ ਕਾਫ਼ੀ ਨਾ ਹੋਵੇ, ਥੋੜਾ, ਘੱਟ

अपर्याप्ति–ਅਪਰਯਾਪ੍ਤਿ, ਇ., ਤੋਟ, ਕਮੀ, ਘਾਟ, ਟੋਟਾ, ਥੁੜ

अपवर्तन–ਅਪਵਰਤਨ, ਪੁ., ਸੰਖੇਪ, ਉਲਟ ਫੇਰ, ਛੋਟਾਪਣ, ਕਮੀਣਗੀ

अपवर्तित–ਅਪਵਰਤਿਤ, ਵਿ , ਪਲਟਿਆ ਹੋਇਆ, ਬਦਲਿਆ ਹੋਇਆ, ਅਦਲ ਬਦਲ

अपवाद–ਅਪਵਾਦ, ਪੁ., ਨਿੰਦਿਆ, ਵਿਰੋਧ, ਬਖਾਧ, ਹੁਕਮ, ਝੂਠੀ ਗੱਲ, ਵਿਸ਼ਵਾਸ, ਭਰੋਸਾ

अपवादी–ਅਪਵਾਦੀ, ਵਿ., ਬੇਫਾਇਦਾ , ਰੌਲਾ ਪਾਉਣ ਵਾਲਾ, ਨਿੰਦਿਆ ਕਰਨ ਵਾਲਾ. ਬੁਰਿਆਈ ਕਰਨ ਵਾਲਾ, ਮੁਖਾਲਫ਼

अपवाहक–ਅਪਵਾਹਕ ਵਿ., ਇਕ ਥਾਂ ਤੋਂ ਦੂਜ਼ੀ ਥਾਂ ਤੇ ਲੈ ਜਾਣ ਵਾਲਾ

अपवित्र–ਅਪਵਿਤ੍ਰ, ਵਿ., ਅਸ਼ੁੱਧ, ਖੋਟਾ, ਨਪਾਕ, ਮਲੀਨ

अपविद्ध–ਅਪਵਿੱਧ, ਵਿ., ਛੱਡਿਆ ਹੋਇਆ, ਬੰਨ੍ਹਿਆ ਹੋਇਆ ਮਾਂ ਪਿਉ ਦਾ ਛੱਡਿਆ ਹੋਇਆ ਬਾਲਕ ਜਿਸ ਨੂੰ ਕੋਈ ਪੁੱਤਰ ਵਾਂਗ ਪਾਲ ਲਵੇ, ਲੈ ਪਾਲਿਆ ਬੱਚਾ

अपव्यय–ਅਪਵਜਯ, ਪੁ., ਫਜ਼ੂਲ ਖਰਚੀ

अपव्ययी–ਅਪਵਜਯੀ, ਵਿ., ਬੇਫਾਇਦਾ ਖਰਚ ਕਰਨ ਵਾਲਾ, ਫਜ਼ੂਲ ਖਰਚ

अपशकुन–ਅਪਸ਼ਕੁਨ, ਪੁ., ਕੁਸਗਨ, ਭੈੜਾ ਸਗਨ

अपशब्द–ਅਪਸ਼ਬਦ, ਪੁ., ਕੁਵਚਨ, ਗਾਲੀ ਗਲੋਚ, ਬੇਮਾਅਨੇ

ਸ਼ਬਦ, ਪਦ

अपसद्–ਅਪਸਦ, ਵਿ., ਨੀਚ, ਪਾਪੀ, ਕਮੀਣਾ, ਹਰਾਮੀ

अपसव्य–ਅਪਸਵਜ, ਪੁ., ਸੱਜਾ ਭਾਗ, ਸਰੀਰ ਦਾ ਸੱਜਾ ਪਾਸਾ

अपसर–ਅਪਸਰ, ਪੁ., ਬਹਾਨਾ

अपस्मार–ਅਪਸਮਾਰ,ਪੁ., ਮਿਰਗੀ ਦੀ ਬੀਮਾਰੀ, ਹਿਸਟੀਰਿਆ, ਉਹ ਰੋਗ ਜਿਸ ਵਿਚ ਮਨੁੱਖ ਬੇ ਹੋਸ਼ ਹੋ ਕੇ ਡਿਗ ਪੈਂਦਾ ਹੈ

अपस्मृति–ਅਪਸਮ੍ਰਿਤਿ. ਇ., ਛੇਤੀ ਭੁੱਲ ਜਾਣਾ, ਭੁਲੱਕੜਪਣ, ਕਮਜ਼ੋਰ ਯਾਦ ਦਾਸ਼ਤ

अपहरण–ਅਪਹਰਣ, ਪੁ, ਖੋਹ ਲੈਣਾ, ਲੁਕਾ ਦੇਣਾ, ਚੋਰੀ, ਡਾਕਾ

अपहरना–ਅਪਹਰਨਾ. ਕ੍ਰਿ., ਚੁਰਾਉਣਾ, ਲੁੱਟਣਾ, ਖੋਹਣਾ

अपहर्ता–ਅਪਹਰਤਾ, ਪੁ., ਚੋਰ, ਲੁਟੇਰਾ, ਡਾਕੂ, ਧਾੜਵੀ

अपहास–ਅਪਹਾਸ, ਪੁ., ਫਜ਼ੂਲ ਹਾਸਾ, ਮਖੌਲ ਬਾਜ਼ੀ, ਮਸਖਰੀ, ਠੱਠਾ

अपहारित–ਅਪਹਾਰਿਤ, ਵਿ., ਚੁਰਾਇਆ, ਖੋਹਿਆ ਹੋਇਆ

अपह्नव–ਅਪਨੁਵ, ਪੁ..ਜਾਣਦੇ ਹੋਏ ਭੀ ਕਿਸੇ ਗੱਲ ਨੂੰ ਛੁਪਾਉਣ

अपह्रास–ਅਪਰ੍ਹਾਸ, ਪੁ, ਕਮੀ, ਤੋਟ, ਘਾਟ

अपा–ਅਪਾ ਪੁ.. ਹੰਕਾਰ, ਅਭਿਮਾਨ, ਘਮੰਡ

अपांनिधि–ਅਪਾਨਿਧਿ, ਪੁ., ਸਮੁੰਦਰ, ਸਾਗਰ

अपांशुका–ਅਪਾਂਸ਼ੁਕਾ, ਇ.. ਪਤੀਵਰਤਾ ਤੀਵੀਂ

अपाक–ਅਪਾਕ, ਵਿ., ਨਾ ਪਚਿਆ ਹੋਇਆ, ਕਚਾ, ਕੱਚ-ਪੱਕ

अपामार्ग–ਅਪਮਾਰਗ. ਪੁ., ਪੁਠਕੰਡਾ, ਲਟਜੀਰਾ

अपार–ਅਪਾਰ, ਵਿ., ਬੇਹੱਦ, ਅਸੰਖ. ਸੀਮਾ ਰਹਿਤ

अपारां–ਅਪਾਰਾਂ. ਇ., ਦੁਰਗਾ, ਧਰਤੀ

अपार्थ–ਅਪਾਰਥ, ਵਿ., ਬੇਮਤਲਬ, ਬੇਅਰਥ

अपाहिज–ਅਪਾਹਿਜ. ਵਿ., ਅੰਗਹੀਨ, ਆਲਸੀ. ਸੁਸਤ, ਲੂਲਾ ਲੰਗੜਾ, ਕੰਮ ਕਰਨ ਦੇ ਅਜੋਗ ०

अपितु–ਅਪਿਤੁ, ਅਵਜ., ਕਿੰਤੂ, ਬਲਕਿ, ਲੇਕਿਨ

अपितृ–ਅਪਿਤ੍ਰਿ, ਪੁ., ਬਿਨਾ ਪਾਪ ਦੇ, ਮਛੋਹਰ

अपील–ਅਪੀਲ, ਇ., ਪਰਾਰਥਨਾ, ਬੇਨਤੀ, ਨਿਵੇਦਨ. ਹੇਠਲੀ, ਅਦਾਲਤ ਚੋਂ ਚੰਗਾ ਫੈਸਲਾ ਨਾ ਹੋਣ ਤੇ ਉਤਲੀ ਅਦਾਲਤ ਵਿਚ ਵਿਚਾਰ ਗੋਚਰੇ ਲਈ ਬੇਨਤੀ

अपुंस्त्व–ਅਪੁਸਤ੍ਵ, ਪੁ., ਨਾਮਰਦੀ

अपुत्र–ਅਪੁੱਤ੍ਰ. ਵਿ., ਬੇਉਲਾਦਾ, ਔਤ, ਨਪੁੱਤਾ

अपुरुष–ਅਪੁਰੁਸ਼. ਵਿ., ਜ਼ਨਾਨਾ, ਨਾਮਰਦ, ਹੀਜੜਾ

अपुरोदन्त–ਅਪੁਰੋਦੰਤ, ਵਿ., ਬਿਨਾ ਦੰਦਾ ਦੇ, ਪੋਪਲਾ

अपुष्ट–ਅਪੁਸ਼੍ਟ, ਵਿ., ਕਮਜ਼ੋਰ, ਮਾੜਾ

अपूज्य–ਅਪੂਜਜ, ਵਿ., ਜੋ ਪੂਜਾ ਦੇ ਜੋਗ ਨਾ ਹੋਵੇ, ਨਾ ਪੂਜਣ ਜੋਗ

अपूप–ਅਪੂਪ, ਪੁ., ਕਣਕ ਜਾਂ ਚਾਉਲਾਂ ਦੇ ਆਟੇ ਦੀ ਲੋਟੀ, ਗੋਈ

अपूर्णी–ਅਪਰਣੀ, ਇ., ਕਪਾਹ ਦਾ ਬਟਾ

अपूर्णता–ਅਪੂਰਣਤਾ, ਇ., ਕਮੀ, ਅਧੂਰਾਪਣ, ਘਾਟ, ਤ੍ਰੋਟ, ਥੁੜ

अपूर्व–ਅਪੂਰਵ, ਵਿ., ਅਨੋਖਾ, ਵਿਚਿਤ੍ਰ, ਨਿਰਾਲਾ, ਨਵਾਂ, ਉੱਤਮ, ਵਧੀਆ

अपूर्वता–ਅਪੂਰਵਤਾ, ਇ., ਅਨੋਖਾਪਣ, ਨਿਰਾਲਾਪਣ

अपृथक्–ਅਪ੍ਰਿਥਕ, ਅਵਜ., ਜੋ ਅੱਡ ਨਾ ਰਹੇ, ਮਿਲਿਆ ਹੋਇਆ, ਰਲਗਡ, ਮਿਲਗੋਭਾ

अपेक्षणीय–ਅਪੇਕਸ਼ਣੀਯ, ਵਿ., ਲੋੜੀਂਦਾ, ਚਾਹਿਆ ਹੋਇਆ, ਇੱਛਤ

अपेक्षा–ਅਪੇਕਸ਼ਾ, ਇ.. ਇੱਛਿਆ, ਮਿਲਾਉਣ, ਆਸ਼ਾ, ਕਿਸੇ ਇਕ ਪਦ ਦਾ ਦੂਜੇ ਪਦ ਨਾਲ ਸਬੰਧ, ਹਵਾਲਾ, ਚਾਹ, ਲਾਲਚ, ਆਸ਼ਾ, ਭਰੋਸਾ, ਤੁਲਣਾ,

अपेक्षित–ਅਪੇਕਸ਼ਿਤ ਵਿ., ਚਾਹਿਆ ਹੋਇਆ, ਜ਼ਰੂਰੀ, ਮਨ ਭਾਉਂਦਾ

अपेक्षी–ਅਪੇਕਸ਼ੀ, ਪੁ., ਰਾਹ ਦੇਖਣ ਵਾਲਾ

अपेय–ਅਪੇਯ, ਵਿ., ਜੋ ਪੀਣ ਦੇ ਲਾਇਕ ਨਾ ਹੋਵੇ

अपैठ–ਅਪੈਠ, ਵਿ., ਪਹੁੰਚ ਤੋਂ ਬਾਹਰ, ਜਿਥੇ ਪਹੁੰਚ ਨਾ ਹੋ ਸਕੇ

अपैतृक–ਅਪੈਤ੍ਰਿਕ,ਵਿ., ਜ ਦੌਲਤ ਪਿਉ ਤੋਂ ਨਾ ਮਿਲੀ ਹੋਵੇ, ਜੋ ਜੱਦੀ ਨਾ ਹੋਵੇ

अपौरुष–ਅਪੌਰੁਸ਼. ਪੁ, ਨਤਾਕਤੀ, ਨਾਮਰਦੀ, ਕਮਜ਼ੋਰੀ

अप्रकट, अप्रकटित–ਅਪ੍ਰਕਟ, ਅਪ੍ਰਕਟਿਤ, ਵਿ., ਗੁਪਤ, ਅਪਰਕਾਸ਼ਤ, ਜੋ ਪਰਕਾਸ਼ਨ ਵਿਚ ਨਾ ਆਵੇ

अप्रकाश–ਅਪ੍ਰਕਾਸ਼, ਪੁ., ਚਾਨਣਾ ਨਾ ਹੋਣਾ. ਹਨੇਰਾ

अप्रकाशमान, अप्रकाशित–ਅਪ੍ਰਕਾਸ਼ਮਾਨ, ਅਪ੍ਰਕਾਸ਼ਿਤ, ਵਿ., ਪਰਗਟ ਨਾ ਹੋਵੇ, ਗੁਪਤ, ਲੁਕਿਆ ਹੋਇਆ, ਜੋ ਛਪਿਆ ਨਾ ਹੋਵੇ

अप्रकाश्य–ਅਪ੍ਰਕਾਸ਼ਜ, ਵਿ., ਚਾਨਣਾ ਨਾ ਕਰਨ ਦੇ ਜੋਗ, ਲੁਕਵਾਂ

अप्रकृत–ਅਪ੍ਰਕ੍ਰਿਤ, ਵਿ., ਬਨਾਵਟੀ, ਝੂਠਾ, ਐਵੇਂ ਕਿਵੇਂ

अप्रतिष्ठ–ਅਪ੍ਰਤਿਸ਼ਠ, ਵਿ, ਜਿਸ ਦੀ ਪਰਤਿਸ਼ਠਾ ਨਾ ਹੋਵੇ, ਬੇਇੱਜ਼ਤ

अप्रतिष्ठा–ਅਪ੍ਰਤਿਸ਼ਠਾ, ਇ., ਬੇਇਜਤੀ, ਅਨਾਦਰ, ਅਪਮਾਨ

अप्रतिष्ठित–ਅਪ੍ਰਤਿਸ਼ਠਿਤ. ਵਿ., ਜਿਸ ਦੀ ਇੱਜ਼ਤ ਨਾ ਹੋਵੇ, ਬਦਨਾਮ, ਬੇਇੱਜ਼ਤ

अप्रधान–ਅਪ੍ਰਧਾਨ, ਵਿ, ਗੌਣ, ਮਾਮੂਲੀ, ਬੇ ਮਸ਼ਹੂਰ, ਜਿਸ ਨੂੰ ਕੋਈ ਨਾ ਜਾਣੇ, ਅਪਰਸਿੱਧ

अप्रधानता–ਅਪ੍ਰਧਾਨਤਾ, ਇ., ਅਧੀਨਤਾ, ਨੀਚਤਾ, ਗੁਲਾਮੀ

अप्रभ–ਅਪ੍ਰਭ, ਵਿ., ਤੇਜ ਰਹਿਤ, ਸੁਸਤ, ਬੇਚਮਕ

अप्रमाणिक–ਅਪ੍ਰਮਾਣਿਕ, ਵਿ., ਵਿਸ਼ਵਾਸ ਦੇ ਅਜੋਗ, ਮਿਸਾਲ ਰਹਿਤ, ਊਟ ਪਟਾਂਗ, ਮਨ ਮੰਨਿਆ, ਐਵੇਂ ਮੀਚੀ

अप्रमाद–ਅਪ੍ਰਮਾਦ, ਪੁ., ਮਸਤੀ ਦਾ ਨਾ ਹੋਣ, ਬੇਭੁਲੇਖੇ, ਵਿ.,

ਭਰਮ ਰਹਿਤ, ਜੇ ਮਤਵਾਲਾ ਨਾ ਹੋਵੇ, ਮੋਢੀ

अप्रमादी–ਅਪ੍ਰਮਾਦੀ, ਵਿ., ਚੌਕੰਨਾ, ਹੁਸ਼ਿਆਰ, ਸੋਫੀ, ਸਾਊ, ਚੇਕਸ

अप्रमेय–ਅਪ੍ਰਮੇਯ, ਵਿ., ਜੋ ਜਾਣਿਆ ਨਾ ਜਾ ਸਕੇ, ਨਾਪਿਆ ਨਾ ਜਾ ਸਕੇ, ਅਪਾਰ, ਪ੍ਰਮਾਣ ਨਾਲ ਸਿੱਧ ਨਾ ਹੋਣ ਜੋਗ ਅਤੋਲਵਾਂ, ਅਮਿਣਵਾਂ

अप्रयत्न–ਅਪ੍ਰਯਤ੍ਨ, ਪੁ., ਯਤਨ ਦਾ ਨਾ ਹੋਣਾ, ਬੇ ਪਰਵਾਹੀ, ਵਿ., ਬੇਪਰਵਾਹ, ਸੁਸਤ

अप्रयास–ਅਪ੍ਰਯਾਸ, ਪੁ., ਕਸ਼ਟ ਦਾ ਨਾ ਹੋਣਾ, ਆਰਾਮ, ਫਾਇਦਾ

अप्रलम्ब–ਅਪ੍ਰਲੰਬ, ਪੁ., ਛੇਤੀ, ਜਲਦੀ, ਫੁਰਤੀ, ਕਾਹਲੀ, ਉਤਾਵਲੀ

अप्रसन्न–ਅਪ੍ਰਸੰਨ, ਵਿ., ਨਿਰਾਸ, ਦੁਖੀ, ਉਦਾਸ

अप्रसव–ਅਪ੍ਰਸਵ, ਵਿ., ਬੱਚਾ ਨਾ ਦੇਣ ਵਾਲੀ, ਪੁ., ਔਲਾਦ ਦਾ ਹੋਣਾ, ਸੰਢ

अप्रस्तुत–ਅਪ੍ਰਸੁਤ, ਵਿ., ਜੋ ਮੌਜੂਦ ਨਾ ਹੋਵੇ, ਗੈਰ ਹਾਜ਼ਰ

अप्राण–ਅਪ੍ਰਾਣੱ, ਵਿ., ਮੁਰਦਾ, ਮਰਿਆ ਹੋਇਆ, ਬੇਪ੍ਰਾਣ

अप्राधान्य–ਅਪ੍ਰਾਧਾਨਜ, ਪੁ., ਅਧੀਨਤਾ, ਨੀਚਤਾ, ਗੁਲਾਮੀ

अप्राप्ता–ਅਪ੍ਰਾਤਾ, ਇ., ਬੇਵਿਆਹੀ ਲੜਕੀ, ਕੁਆਰੀ ਕੰਨਿਆ

अप्रासंगिक–ਅਪ੍ਰਾਸੰਗਿਕ, ਵਿ., ਪ੍ਰਸੰਗ ਰਹਿਤ, ਬਿਨਾ ਸਿਲਸਿਲੇ ਦੇ

अप्रिय–ਅਪ੍ਰਿਯ, ਵਿ , ਚੰਗਾ ਨਾ ਲਗਣ ਵਾਲਾ, ਭੈੜਾ, ਜੋ ਮਨ ਨੂੰ ਨਾ ਭਾਵੇ

अप्रीति–ਅਪ੍ਰੀਤਿ, ਇ., ਪਿਆਰ ਦਾ ਨਾ ਹੋਣਾ, ਨਾਰਾਜ਼ਗੀ, ਦੁਸ਼ਮਣੀ

अप्रौढ़–ਅਪ੍ਰੋੜ੍ਹ. ਵਿ.. ਬਿਨਾ ਸ੍ਵੈ ਅਭਿਮਾਨ ਤੋਂ, ਕਾਇਰ, ਬੁਜ਼ਦਿਲ, ਡਰਪੋਕ

अप्रौढ़ा–ਅਪ੍ਰੋੜ੍ਹਾ, ਇ., ਥੋੜੀ ਉਮਰ ਦੀ ਕੁੜੀ

अप्सरा–ਅਪਸਰਾ, ਇ., ਸੁਰਗ ਦੀ ਵੇਸਵਾ, ਦੇਵਤਾ ਦੀ ਤੀਵੀਂ, ਪਰੀ, ਬਹੁਤ ਹੀ ਸੋਹਣੀ ਤੀਵੀਂ, ਹੰਝੂਆਂ ਦੀ ਬੂੰਦ. ਤੁਬਕਾ, ਮੀਂਹ ਦੀਆਂ ਕਣੀਆਂ

अफ़रना–ਅਫਰਨਾ, ਕ੍ਰਿ., ਖੂਬ ਪੇਟ ਭਰ ਕੇ ਖਾਣਾ, ਪੇਟ ਫੁਲਣਾ

अफरा–ਅਫਰਾ, ਪੁ., ਪੇਟ ਫੁਲ ਜਾਣ ਦਾ ਰੋਗ, ਅਫਾਰਾ

अफल–ਅਫਲ, ਵਿ., ਨਿਹਫਲ, ਤਾਕਤਹੀਨ, ਬਾਂਝਾ

अफ़ला–ਅਫਲਾ, ਇ.. ਘੀਕੁਆਰ. ਕੁਆਰ ਗੰਦਲ

अफ़वाह–ਅਫਵਾਹ, ਇ. ਕੁਝ ਝੂਠ, ਗੱਪ, ਉੜਦੀ ਖਬਰ

अफ़साना–ਅਫਸਾਨਾ, ਪੁ., ਕਿੱਸਾ, ਕਹਾਣੀ, ਦਾਸਤਾਨ, ਨਾਵਲ

अफ़ीम–ਅਫੀਮ, ਇ., ਪੋਸਤ ਦੇ ਡੋਡੇ ਵਿਚੋਂ ਨਿਕਲੀ ਹੋਈ ਗੰਦ, ਫੀਮ

अब–ਅਬ, ਕ੍ਰਿ. ਵਿ., ਹੁਣ, ਏਸੇ ਵੇਲੇ, ਏਸੇ ਘੜੀ, ਇਸ ਵਾਰ

अबद्ध–ਅਬੱਧ, ਵਿ., ਨਾ ਬੰਨ੍ਹਿਆ ਹੋਇਆ,ਸੁਤੰਤਰ, ਜੋ ਕਿਸੇ ਦੇ ਅਧੀਨ ਨਾ ਹੋਵੇ, ਆਜ਼ਾਦ

अबधू–ਅਬਧੂ, ਵਿ., ਵੈਰਾਗੀ, ਸੰਤ, ਸਨਿਆਸੀ ਪੁ., ਅਗਿਆਨ

अबध्य–ਅਬਧਜ, ਵਿ., ਫਾਂਸੀ ਨਾ ਦੇਣ ਜੋਗ, ਜੋ ਮਾਰ ਦੇਣ ਲਾਇਕ ਨਾ ਹੋਵੇ

अबन्धू–ਅਬੰਧੂ, ਵਿ.,ਬੰਧੂਹੀਨ, ਬਿਨਾ ਸਾਕ ਸਬੰਧ ਦੇ, ਇਕੱਲਾ, ਬੇ ਬਾਹਾਂ, ਭਾਈਆਂ ਬਾਹਰਾ

अबर, अब्बर–ਅਬਰ, ਅੱਬਰ, ਵਿ., ਨਿਰਬਲ, ਕਮਜੋਰ, ਮਾੜਾ

अबरक–ਅਬਰਕ, ਪੁ., ਇਕ ਧਾਤ ਜਿਸ ਦੇ ਚਾਰ ਭੇਦ ਹਨ– (੧) ਪਿਨਾਕ (੨) ਦੁਰਦਰ (੩) ਨਾਗ (੪) ਬੱਜਰ, ਇਕ ਤਰ੍ਹਾਂ ਦਾ ਚੀਕਣਾ ਪੱਥਰ

अबल–ਅਬਲ, ਵਿ., ਦੁਰਬਲ, ਕਮਜ਼ੋਰ, ਨਤਾਕਤਾ, ਬਲਹੀਨ, ਮਾੜਚ

अबलखा–ਅਬਲਖਾ. ਪੁ.. ਇਕ ਚਿੜੀ ਜਿਸ ਦਾ ਪੇਟ ਸਫੈਦ ਅਤੇ ਸਰੀਰ ਕਾਲਾ ਹੁੰਦਾ ਹੈ

अबलग–ਅਬਲਗ. ਕ੍ਰਿ. ਵਿ., ਇਸ ਵੇਲੇ ਤਕ, ਹੁਣ ਤੀਕ

अबला–ਅਬਲਾ, ਇ., ਤੀਵੀਂ, ਔਰਤ, ਬਲ ਰਹਿਤ

अबलाबल–ਅਬਲਾਬਲ. ਪੁ., ਮਹਾਦੇਵ, ਸ਼ਿਵ

अबल्य–ਅਬਲਜ, ਪੁ.. ਦੁਰਬਲਤਾ. ਕਮਜ਼ੋਰੀ, ਨਤਾਕਤੀ

अबादान–ਅਬਾਦਾਨ, ਵਿ., ਅਬਾਦ, ਵਸਿਆ ਹੋਇਆ

अबादानी–ਅਬਾਦਾਨੀ, ਇ., ਬਸਤੀ, ਭਲਾਈ, ਚਹਿਲ ਪਹਿਲ, ਰੌਣਕ, ਰੌਲਾ ਰੱਪਾ

अबाधक–ਅਬਾਧਕ, ਵਿ., ਬਾਧਾ ਰਹਿਤ, ਬੇਰੋਕ, ਬਿਨਾ ਰੁਕਾਵਟ

अबार–ਅਬਾਰ. ਇ., ਦੇਰੀ, ਚਿਰ

अबालेंदू–ਅਬਾਲੇਂਦੁ, ਪੁ., ਪੂਰਾ ਚੰਦ, ਪੂਰਨਮਾਸੀ ਦਾ ਚੰਦ

अबास–ਅਬਾਸ, ਪੁ., ਰਹਿਣ ਦੀ ਥਾਉਂ, ਨਿਵਾਸ ਸਥਾਨ

अबिद्ध–ਅਬਿੱਧ, ਵਿ., ਨਾ ਛੇਦਿਆ ਹੋਇਆ, ਅਣਛੇਦ, ਅਣਵਿੱਧ

अबीर–ਅਬੀਰ, ਪੁ , ਗੁਲਾਲ

अबुद्धि–ਅਬੁੱਧਿ, ਇ., ਗਿਆਨ ਦਾ ਨਾ ਹੋਣ, ਬੇਸਮਝੀ, ਮੂਰਖਪਣ

अबुध–ਅਬੁਧ, ਪੁ., ਮੂਰਖ, ਗੰਵਾਰ, ਕਮਲਾ, ਪਾਗਲ

अबे–ਅਬੇ. ਅਵਜ , ਓ. ਅਰੇ, ਓਹ, ਕਿਉਂ ਬਈ, ਇਹ ਅਵਜਯ ਆਪਣੇ ਤੋਂ ਛੋਟੇ ਨੂੰ ਬੁਲਾਉਣ ਲਈ ਵਰਤਿਆ ਜਾਂਦਾ ਹੈ

अबेर–ਅਬੇਰ, ਇ., ਦੇਰ, ਕੁਵੇਲਾ, ਕੁਜੁੰਨ

अबोध–ਅਬੋਧ, ਵਿ., ਅਗਿਆਨ, ਨਾਸਮਝੀ, ਪੁ., ਨਾਦਾਨੀ, ਬੇ ਸਮਝੀ, ਮੂਰਖਤਾ, ਪਾਗਲਪਣ

अबोल–ਅਬੋਲ, ਵਿ., ਨਾ ਬੋਲਣ ਵਾਲਾ, ਮੋਨੀ, ਚੁਪੀਤਾ, ਜਿਸ ਦੇ ਵਾਰੇ ਕੁਝ ਕਿਹਾ ਨਾ ਜਾਵੇ, ਪੁ., ਬੁਰੀ ਗੱਲ, ਕੁਬੋਲ, ਖਰਾਬ ਬੋਲੀ, ਭੈੜੀਆਂ ਗੱਲਾਂ

अब्ज–ਅਬਜ, ਪੁ., ਜਲ ਚੋਂ ਨਿਕਲੀ ਹੋਈ ਚੀਜ਼, ਪਦਮ, ਕੰਵਲ, ਸੰਖ, ਕਪੂਰ, ਚੰਦ, ਧਨੰਤਰੀ ਵੈਦ, ਸੌ ਕਰੌੜ ਦੀ ਸੰਖਿਆ

अब्जबांधव–ਅਬਜਬਾਂਧਵ, ਪੁ., ਸੂਰਜ

अब्जयोनि–ਅਬਜਜੋਨਿ, ਪੁ., ਬ੍ਰਹਮਾ

अब्जवाहन–ਅਬਜਵਾਹਨ, ਪੁ., ਸ਼ਿਵ

अब्जा–ਅਬਜਾ, ਇ., ਲੱਛਮੀ

अब्द–ਅਬਦ, ਪੁ., ਬੱਦਲ, ਅਸਮਾਨ, ਸਾਲ, ਵਰ੍ਹਾ

अब्दवाहन–ਅਬਦਵਾਹਨ, ਪੁ., ਸ਼ਿਵ, ਇੰਦਰ

अब्दसार–ਅਬਦਸਾਰ, ਪੁ, ਕਪੂਰ

अब्धाग्नि–ਅਬਧਾਗਿ, ਪੁ, ਸਮੁੰਦਰ ਦੀ ਅੱਗ, ਬੜਵਾਨਲ

अब्धि–ਅਬਧਿ, ਪੁ., ਸਰੋਵਰ, ਤਲਾਉ, ਸਮੁੰਦਰ, ਚਾਰ ਜਾਂ ਸੱਤ ਦੀ ਸੰਖਿਆ

अब्धिजं–ਅਬਧਿਜ, ਵਿ., ਸਮੁੰਦਰ ਵਿਚੋਂ ਪੈਦਾ ਹੋਇਆ, ਪੁ., ਚੰਦ, ਸੰਖ, ਅਸੁਨੀ ਕੁਮਾਰ

अब्धिजा–ਅਬਧਿਜਾ, ਇ., ਲੱਛਮੀ, ਸ਼ਰਾਬ

अब्धिसार–ਅਬਧਿਸਾਰ, ਪੁ., ਰਤਨ, ਜਵਾਹਰ

अब्रह्मण्य–ਅਬ੍ਰਹਮਣਜ, ਪੁ., ਜੋ ਬ੍ਰਾਹਮਣ ਸ਼ੁਧ ਆਚਰਣ ਦਾ ਨਾ ਹੋਵੇ, ਚੰਡਾਲ

अभ्र–ਅਭ੍ਰ, ਪੁ., ਮੇਘ, ਬੱਦਲ, ਅਕਾਸ਼, ਸੁਵਰਨ, ਅਭਰਕ

अभ्रपुष्प–ਅਭ੍ਰਪੁਸ਼ਪ, ਪੁ., ਬੇਂਤ ਦਾ ਰੁੱਖ

अभ्रमातंग–ਅਭ੍ਰਮਾਤੰਗ, ਪੁ., ਇੰਦਰ ਦਾ ਹਾਥੀ, ਐਰਾਵਤ

अभक्ष्य–ਅਭਕਸ਼; ਵਿ., ਨਾ ਖਾਣ ਦੇ ਜੋਗ, ਅਪਵਿਤਰ, ਅਖਾਜ,

अभग्न–ਅਭਗ੍ਨ, ਵਿ., ਬਿਨਾ ਟੁਟਿਆ ਹੋਇਆ, ਸਮੁੱਚਾ, ਪੂਰਾ, ਸਬੂਤ, ਮੁਕੰਮਲ, ਅਖੰਡ

अभद्र–ਅਭੱਦ੍ਰ, ਵਿ., ਸ਼ੁਭ ਜਾਂ ਚੰਗਾ ਨਾ ਹੋਣਾ, ਖਰਾਬ, ਬੁਰਾ

अभय–ਅਭਯ, ਪੁ., ਡਰ ਨਾ ਹੋਣਾ, ਸ਼ਾਂਤੀ, ਰੱਖਿਆ, ਸ਼ਿਵ, ਮਹਾਦੇਵ, ਵਿ., ਡਰ ਰਹਿਤ. ਨਿਰਭੈ. ਨਿਡਰ

अभय देना–ਅਭਯ ਦੇਣਾ, ਕ੍ਰਿ; ਸ਼ਰਣ ਦੇਣਾ, ਦਿਲੋਂ ਡਰ ਦੂਰ ਕਰਨਾ, ਬੇਖ਼ੌਫ ਕਰਨਾ.

अभयपद–ਅਭਯਪਦ, ਪੁ., ਮੁਕਤੀ, ਮੋਖਸ਼

अभया–ਅਭਯਾ, ਇ., ਹਰੜ, ਭੰਗ

अभव्य–ਅਭਵ੍ਯ, ਪੁ, ਭੈੜਾ ਹਿਸਾ, ਬੁਰਾ ਭਾਗ ਵਿ., ਅਦਭੁਤ, ਅਨੋਖਾ. ਨਿਰਾਲਾ, ਅਸੱਭ ਨੀਚ

अभाग–ਅਭਾਗ, ਵਿ., ਬੇਭਾਗ, ਬਦਕਿਸਮਤ, ਨਭਾਗਾ, ਜਿਸ ਦਾ ਨਸੀਬ ਬੁਰਾ ਹੋਵੇ, ਬਦਨਸੀਬ, ਅਭਾਗਾ

अभाग्य–ਅਭਾਗ੍ਯ, ਪੁ., ਬਦਕਿਸਮਤੀ, ਬਦਨਸੀਬੀ, ਵਿ., ਅਭਾਗਾ, ਮੰਦਭਾਗ, ਬਦਕਿਸਮਤ

अभार्य–ਅਭਾਰਯ, ਪੁ., ਛੜਾ, ਬਿਨਾ ਤੀਵੀਂ ਤੋਂ

अभाव–ਅਭਾਵ, ਪੁ., ਘਾਟ, ਕਮੀ, ਅਣਹੋਂਦ, ਕੋਝਾ ਖਿਆਲ, ਅਪਰਣਤਾ

अभावना–ਅਭਾਵਨਾ, ਇ., ਵਿਚਾਰ ਦਾ ਨਾ ਹੋਣ, ਬੇਧਿਆਨ੍ਹ ਹੋਣ

अभि–ਅਭਿ, ਅਵਜ., ਇਹ ਸ਼ਬਦ ਉਪ ਸਰਗ ਦੀ ਤਰ੍ਹਾਂ ਹੇਠ ਲਿਖੇ ਅਰਥਾਂ ਵਿਚ ਵਰਤਿਆ ਜਾਂਦਾ ਹੈ, ਵੱਲ, ਅੰਦਰ, ਵਾਸਤੇ, ਲਈ, ਤੇ, ਪਰ, ਪਾਸ, ਸਾਹਮਣੇ, ਮੂਹਰੇ, ਜੰਗੀ ਤਰ੍ਹਾਂ, ਕੋਲ

अभिकांक्षा–ਅਭਿਕਾਂਕਸ਼ਾ, ਇ., ਅਭਿਲਾਖਾ, ਇੱਛਿਆ, ਚਾਹ, ਲੋੜ, ਜ਼ਰੂਰਤ

अभिकांक्षी–ਅਭਿਕਾਂਕਸ਼ੀ, ਵਿ., ਇੱਛਿਆ ਰੱਖਣ ਵਾਲਾ, ਅਭਿਲਾਖੀ, ਲੋੜਵੰਦ

अभिक्रम अभिक्रमण–ਅਭਿਕ੍ਰਮ, ਅਭਿਕ੍ਰਮਣ, ਪੁ, ਹਮਲਾ, ਚੜ੍ਹਾਈ, ਧਾਵਾ, ਹੱਲਾ

अभिक्रोश–ਅਭਿਕ੍ਰੋਸ਼, ਪੁ., ਨਿੰਦਿਆ, ਘਿਰਨਾ, ਨਫਰਤ

अभिख्यात–ਅਭਿਖਜਾਤ, ਵਿ., ਮਸ਼ਹੂਰ, ਪਰਸਿਧ

अभिख्यान–ਅਭਿਖਜਾਨ, ਪੁ., ਖਿਤਾਬ, ਪਦਵੀ ਨਾਮ, ਸੋਭਾ, ਉਪਾਧਿ. ਤਖ਼ਲੱਸ

अभिगम, अभिगमन–ਅਭਿਗਮ, ਅਭਿਗਮਨ, ਪੁ., ਕੋਲ ਜਾਣਾ, ਨੇੜੇ ਲਗਣਾ, ਪਹੁੰਚ, ਤੀਵੀਂ ਨਾਲ ਭੋਗ ਕਰਨਾ

अभिग्रह–ਅਭਿਗ੍ਰਹ, ਪੁ., ਮਨਜ਼ੂਰ, ਪ੍ਰਵਾਣ, ਮੁਕਦਮਾ, ਲੜਾਈ ਚੋਰੀ

अभिघात–ਅਭਿਘਾਤ, ਪੁ., ਤਾੜਨ, ਵਾਰ, ਚੋਟ, ਸੱਟਫੇਟ, ਦੋ ਚੀਜ਼ਾਂ ਦੀ ਆਪਸ ਵਿਚ ਰਗੜ, ਟਕਰ

अभिघातक, अभिघाती–ਅਭਿਘਾਤਕ, ਅਭਿਘਾਤੀ, ਵਿ., ਮਾਰਨ ਵਾਲਾ, ਦੁਸ਼ਮਣ

अभिघार–ਅਭਿਘਾਰ, ਪੁ., ਛਿੜਕਾਉ, ਘਿਉ ਦਾ ਛੌਂਕਾ, ਤੜਕਾ, ਗਾੜ੍ਹਾਬੀੜ੍ਹੀ

अभिचर–ਅਭਿਚਰ, ਪੁ., ਮੰਤ੍ਰ ਤੰਤ੍ਰ ਨਾਲ ਮਾਰਣ ਮੋਹਨ ਅਤੇ ਵਸ ਕਰਨ ਆਦਿ ਪਰਯੋਗ ਕਰਨੇ

अभिचारक–ਅਭਿਚਾਰਕ, ਵਿ., ਉਪਰੋਕਤ ਪਰਯੋਗ ਕਰਨ ਵਾਲਾ

अभिजन–ਅਭਿਜਨ, ਪੁ., ਕੁਲ, ਪਰਵਾਰ, ਖਾਨਦਾਨ, ਮਸ਼ਹੂਰੀ, ਜਨਮਭੂਮੀ

अभिजात–ਅਭਿਜਾਤ, ਵਿ., ਕੁਲੀਨ, ਚੰਗਾ, ਖਾਨਦਾਨੀ, ਪੰਡਿਤ, ਮਾਨ ਜੋਗ

अभिज्ञ–ਅਭਿਗਜ,ਵਿ., ਨਿਪੁੰਨ, ਜਾਣਕਾਰ, ਮਾਹਰ, ਬੁਧੀਮਾਨ, ਸਿਆਣਾ

अभिज्ञा–ਅਭਿਗਜਾ, ਇ., ਉਹ ਸੰਸਕਾਰ ਜੋ ਪਹਿਲਾਂ ਦੇਖੀ ਹੋਈ ਗਲ ਨਾਲ ਚਿਤ ਵਿਚ ਉਤਪੰਨ ਹੁੰਦਾ ਹੈ

अभिज्ञात–ਅਭਿਗਜਾਤ, ਵਿ., ਯਾਦ, ਨਿਸ਼ਾਨੀ, ਜਿਸ ਨੂੰ ਵੇਖਣ ਨਾਲ ਪਹਿਲੀ ਗੱਲ ਯਾਦ ਆ ਜਾਵੇ

अभिज्ञान–ਅਭਿਗਜਾਨ, ਪੁ., ਯਾਦ, ਨਿਸ਼ਾਨੀ, ਜਿਸ ਨੂੰ ਦੇਖ ਕੇ ਪਹਿਲੀਆਂ ਗੱਲਾਂ ਯਾਦ ਆ ਜਾਣ

अभिधा–ਅਭਿਧਾ, ਇ., ਕਥਨ, ਨਾਉਂ, ਅਲੰਕਾਰ ਵਿਚ

ਦੀ ਸੰਕੇਤਕ ਅਰਥ ਦਸਣ ਵਾਲੀ ਸ਼ਕਤੀ

अभिधान–ਅਭਿਧਾਨ, ਪੁ., ਨਾਮ, ਗੱਲਬਾਤ, ਸ਼ਬਦਾਰਥ ਪ੍ਰਕਾਸ਼ਕ ਗ੍ਰੰਥ

अभिधानी–ਅਭਿਧਾਨੀ, ਇ., ਰੱਸੀ, ਡੋਰੀ, ਲੱਜ

अभिधानीय–ਅਭਿਧਾਨੀਯ, ਵਿ., ਨਾਮ ਲਿਆ ਜਾਣ ਵਾਲਾ

अभिधायक–ਅਭਿਧਾਯਕ, ਵਿ., ਬੋਲਣ ਵਾਲਾ, ਬਤਲਾਉਣ ਵਾਲਾ, ਕਹਿਣ ਵਾਲਾ, ਨਾਉਂ ਲੈਣ ਵਾਲਾ

अभिधावक–ਅਭਿਧਾਵਕ, ਵਿ., ਹਮਲਾ ਕਰਨ ਵਾਲਾ, ਟੁਟ ਪੈਣ ਵਾਲਾ

अभिनत–ਅਭਿਨਤ, ਵਿ., ਝੁਕਿਆ ਹੋਇਆ

अभिनन्दन–ਅਭਿਨੰਦਨ, ਪੁ., ਅਨੰਦ, ਖੁਸ਼ ਕਰਨ ਲਈ ਕੀਤੀ ਤਾਰੀਫ, ਇੱਛਿਆ, ਹੱਲਾ ਸ਼ੇਰੀ

अभिनन्दनपत्र–ਅਭਿਨੰਦਨਪਤ੍ਰ, ਪੁ., ਕਿਸੇ ਵੱਡੇ ਆਦਮੀ ਦੇ ਆਉਣ ਤੇ ਸੰਤੋਖ ਅਤੇ ਖੁਸ਼ੀ ਪਰਗਟ ਕਰਨ ਲਈ ਭੇਟਾ ਕੀਤਾ ਮਾਨ ਪਤਰ (ਐਡਰੈਸ)

अभिनन्दित–ਅਭਿਨੰਦਿਤ. ਵਿ., ਤਾਰੀਫ ਕੀਤਾ ਹੋਇਆ

अभिनम्र–ਅਭਿਨਮ੍ਰ, ਵਿ., ਅੱਗੇ ਨੂੰ ਝੁਕਿਆ ਹੋਇਆ

अभिनय–ਅਭਿਨਯ, ਪੁ., ਸਰੀਰ ਦੇ ਅੰਗਾਂ ਦੀ ਹਰਕਤ (ਚੇਸ਼ਟਾ) ਕਰਨ ਨਾਲ ਦਿਲ ਦੇ ਭਾਵਾਂ ਨੂੰ ਦੱਸਣਾ, ਸਾਂਗ, ਨਾਟਕ ਦਾ ਖੇਲੁ

अभिनव–ਅਭਿਨਵ, ਵਿ., ਨਵਾਂ. ਨਵੀਨ, ਹਾਲ ਦਾ, ਤਾਜ਼ਾ, ਅਨੁਭਵ ਹੀਨ

अभिनवयौवन–ਅਭਿਨਵਯੌਵਨ, ਪੁ., ਨਵੀਂ ਜੁਆਨੀ. ਜੁਆਨ ਉਮਰ

अभिनिविष्ट–ਅਭਿਨਿਵਿਸ਼੍ਟ, ਵਿ., ਖੁਭਿਆ ਹੋਇਆ, ਘਬਰਾਇਆ ਹੋਇਆ, ਮਗਨ

अभिनिवेश–ਅਭਿਨਿਵੇਸ਼, ਪੁ., ਪਰਵੇਸ਼, ਵਿਚਾਰ ਲੀਨਤਾ, ਪੱਕਾ ਸੰਕਲਪ, ਦ੍ਰਿੜ੍ਹਤਾ

अभिनीत–ਅਭਿਨੀਤ, ਵਿ., ਕੋਲ ਲਿਆਂਦਾ ਹੋਇਆ, ਲਾਇਕ ਕਿਰਪਾਲੂ. ਖੋਹਿਆ ਹੋਇਆ

अभिनेता–ਅਭਿਨੇਤਾ, ਪੁ., ਸਾਂਗ ਦਿਖਾਉਣ ਵਾਲਾ, ਨਾਟਕ ਦਾ ਪਾਤਰ, ਐਕਟਰ

अभिनेत्री–ਅਭਿਨੇਤ੍ਰੀ, ਇ., ਨਾਟਕ ਦੀ ਪਾਤਰਾ, ਐਕਟਰਸ

अभिनेय–ਅਭਨੇਯ, ਵਿ., ਸਰੀਰ ਦੀਆਂ ਹਰਕਤਾਂ ਰਾਹੀਂ ਨਕਲ ਕਰਨ ਜੋਗ, ਖੇਲਿਆ ਜਾਣ ਵਾਲਾ ਨਾਟਕ

अभिन्न–ਅਭਿੰਨ, ਵਿ., ਜੋ ਵੱਖ ਨਾ ਹੋਵੇ, ਇਕੋ ਜਿਹਾ, ਇਕੱਠਾ ਅਨਿਖੜਵਾਂ

अभिन्नता–ਅਭਿੰਨਤਾ, ਇ., ਰਲਗੱਡ, ਅਖੰਡਤਾ, ਪੂਰਣਤਾ

अभिप्राय–ਅਭਿਪ੍ਰਾਯ, ਪੁ., ਤਾਤਪਰਜ, ਅਰਥ, ਮਤਲਬ, ਮਨੋਰਥ, ਮਨਸਾ

अभिप्रेत–ਅਭਿਪ੍ਰੇਤ, ਵਿ., ਮਨ ਮੰਨਿਆ, ਲੋੜੀਂਦਾ

अभिभव–ਅਭਿਭਵ. ਪੁ., ਹਾਰ, ਅਨਾਦਰ, ਬੇਇੱਜ਼ਤੀ

अभिभावक–ਅਭਿਭਾਵਕ, ਵਿ., ਹਰਾਉਣ ਵਾਲਾ, ਅਪਮਾਨ ਕਰਨ ਵਾਲਾ, ਰੱਖਕ, ਨਿਜੀ

अभिभूत–ਅਭਿਭੂਤ, ਵਿ., ਘਬਰਾਇਆ ਹੋਇਆ, ਹਰਾਇਆ ਹੋਇਆ. ਵਸ ਵਿਚ ਕੀਤਾ ਹੋਇਆ, ਵਿਆਕੁਲ

अभिमत–ਅਭਿਮਤ, ਵਿ., ਰਾਇ ਮੇਲਣ ਵਾਲਾ, ਪ੍ਰਵਾਣ ਕੀਤਾ ਹੋਇਆ, ਸਹਿਮਤ, ਪੁ., ਅਭਿਲਾਖਾ, ਸੰਮਤੀ, ਵਿਚਾਰ

अभिमतता, अभिमति–ਅਭਿਮਤਤਾ ਅਭਿਮਤਿ, ਇ., ਇੱਛਿਆ, ਪਿਆਰ. ਮੁਹੱਬਤ, ਮਿੱਥਿਆ ਗਿਆਨ

अभिमन्यु–ਅਭਿਮੰਨਜੁ, ਪੁ., ਅਰਜੁਨ ਦਾ ਪੁੱਤਰ

अभिमन्त्रित–ਅਭਿਮੰਤ੍ਰਿਤ, ਵਿ., ਸੰਸਕਾਰਿਆ ਹੋਇਆ. ਜਾਦੂ ਕੀਤਾ ਹੋਇਆਂ

अभिमर्दन–ਅਭਿਮਰਦਨ, ਪੁ., ਜੁੱਧ, ਲੜਾਈ, ਦੁਸ਼ਮਣ ਰਾਹੀਂ ਮੁਲਖ ਦਾ ਨਾਸ

अभिमर्दी–ਅਭਿਮਰਦੀ, ਵਿ., ਪੀੜ ਦੇਣ ਵਾਲਾ, ਤਕਲੀਫ ਪੁਚਾਉਣ ਵਾਲਾ

अभिमर्ष–ਅਭਿਮਰਸ਼, ਪੁ., ਘਿਸੜ, ਸਪਰਸ਼, ਰਗੜ

अभमाद्–ਅਭਿਮਾਦ, ਪੁ.. ਨਸ਼ਾ

अभिमान–ਅਭਿਮਾਨ, ਪੁ., ਹੰਕਾਰ, ਝੂਠਾ ਗਿਆਨ, ਨਖਰਾ

अभिमानित, अभिमानी–ਅਭਿਮਾਨਿਤ, ਅਭਿਮਾਨੀ. ਵਿ., ਘਮੰਡੀ, ਹੰਕਾਰੀ, ਹੈਂਕੜਬਾਜ਼

अभिमुख–ਅਭਿਮੁਖ, ਕ੍ਰਿ ਵਿ., ਸੌਂਹੇ. ਸਨਮੁਖ. ਸਾਹਮਣੇ, ਮੂਹਰੇ

अभिमूर्छित–ਅਭਿਮੂਰਛਿਤ, ਵਿ., ਪਾਗਲ, ਮਸਤ, ਮਤਵਾਲਾ, ਵਿਆਕੁਲ

अभिम्लान–ਅਭਿਮਲਾਨ, ਵਿ., ਕੁਮਲਾਇਆ ਹੋਇਆ, ਮੁਰਝਾਇਆ ਹੋਇਆ

अभियाता–ਅਭਿਯਾਤਾ. ਪੁ.; ਸਾਹਮਣੇ ਧਾਵਾ ਕਰਨ ਵਾਲਾ, ਮੂਹਰੋਂ ਹੱਲਾ ਕਰਨ ਵਾਲਾ

अभियान–ਅਭਿਯਾਨ, ਪੁ., ਆਕਰਮਣ, ਚੜ੍ਹਾਈ, ਹਮਲਾ

अभियुक्त–ਅਭਿਯੁਕ੍ਤ, ਵਿ.. ਅਸਾਮੀ, ਮੁਲਜਮ, ਮੁਦਾਲੇ, ਜਿਸ ਤੇ ਮਕੱਦਮਾ ਚਲਦਾ ਹੋਵੇ

अभियोक्ता–ਅਭਿਯੋਕ੍ਤਾ. ਨਾਲਿਸ਼ ਕਰਨ ਵਾਲਾ, ਮੁਦਈ, ਮੁਕੱਦਮਾ ਕਰਨ ਵਾਲਾ

अभियोग–ਅਭਿਯੋਗ, ਪੁ., ਮੁਕੱਦਮਾ, ਹਮਲਾ, ਦੋਸ਼ ਲਗਾਉਣਾ, ਨਾਲਸ਼

अभियोगपत्र–ਅਭਿਯੋਗਪੱਤ੍ਰ. ਪੁ., ਅਰਜ਼ੀ ਦਾਵਾ, ਮੁਕੱਦਮੇ ਦਾ ਬੇਨਤੀ ਪੱਤਰ

अभियोगी–ਅਭਿਯੋਗੀ, ਪੁ., ਨਾਲਸ਼ ਕਰਨ ਵਾਲਾ, ਮੁਕੱਦਮਾ ਕਰਨ ਵਾਲਾ

अभिरक्षण–ਅਭਿਰਕਸ਼ਨ, ਇ., ਮੰਤ੍ਰ ਪੜ੍ਹ ਕੇ ਭੂਤ ਪ੍ਰੇਤ ਤੋਂ ਬਚਣ ਲਈ ਚਹੁਆਂ ਪਾਸੇ ਸਰ੍ਹੋਂ ਚਾਉਲ ਆਦਿ ਸੁਟਣੇ

अभिरञ्जित–ਅਭਿਰੰਜਿਤ, ਵਿ., ਰੰਗਿਆ ਹੋਇਆ

अभिरत–ਅਭਿਰਤ, ਵਿ., ਪ੍ਰਿਆਰ ਵਾਲਾ, ਖੁਸ਼, ਮਸਤ

अभिरति–ਅਭਿਰਤਿ, ਇ., ਬਹੁਤ ਲਗਨ, ਅਤੀ ਪਿਆਰ, ਖੁਸ਼ੀ

अभिरना–ਅਭਿਰਨਾ, ਕ੍ਰਿ., ਸਾਹਮਣਾ ਕਰਨਾ, ਭਿੜਨਾ, ਮਿਲਾਉਣਾ

अभिरमण–ਅਭਿਰਮਣ, ਪੁ., ਪਿਆਰ, ਖੁਸ਼ੀ

अभिरमणीय, अभिरम्य–ਅਭਿਰਮਣੀਯ, ਅਵਿਰਮਜ, ਵਿ.; ਸੁੰਦਰ, ਸੋਹਣਾ, ਖੇਲ੍ਹ ਕਰਨ ਜੋਗ

अभिराम–ਅਭਿਰਾਮ, ਵਿ., ਸੁੰਦਰ, ਸੋਹਣਾ, ਖੁਸ਼ ਕਰਨ ਵਾਲਾ, ਸੁਨੱਖਾ, ਖੂਬਸੂਰਤ

अभिरामता–ਅਭਿਰਾਮਤਾ, ਇ., ਖੂਬਸੂਰਤੀ, ਸੁੰਦਰਤਾ

अभिरामी–ਅਭਿਰਾਮੀ, ਵਿ., ਅਨੰਦ ਕਰਨ ਵਾਲਾ, ਮਜ਼ੇ ਲੈਣ ਵਾਂਲਾ

अभिरुचि–ਅਭਿਰੁਚਿ, ਇ., ਭਲਾਈ, ਇੱਛਿਆ, ਸੁਆਦ, ਮਜ਼ਾ, ਪਸੰਦਗੀ

अभिरूप–ਅਭਿਰੂਪ, ਵਿ., ਸੁੰਦਰ, ਮਨੋਹਰ, ਪਿਆਰਾ, ਠੀਕ

अभिलक्ष्य–ਅਭਿਲਕਸ਼ਜ, ਵਿ., ਨਿਸ਼ਾਨਾ ਲਾਉਣ ਜੋਗ

अभिलषण–ਅਭਿਲਸ਼ਣ, ਪੁ., ਲਾਲਚ, ਵੱਡੀ ਚਾਹ

अभिलषित–ਅਭਿਲਸ਼ਿਤ, ਵਿ., ਚਾਹਿਆ ਹੋਇਆ, ਮਨ ਮੰਗੀ ਮੁਰਾਦ ਲੋੜੀਂਦਾ

अभिलाष, अभिलाख, अभिलाषा–ਅਭਿਲਾਸ਼, ਅਭਿਲਾਖ, ਅਭਿਲਾਸ਼ਾ, ਇ., ਇੱਛਿਆ. ਕਾਮਨਾ, ਚਾਹ. ਲੋੜ, ਜ਼ਰੂਰਤ. ਲੋਭ, ਲਾਲਚ, ਅਨੁਰਾਗ

अलिभाषी–ਅਭਿਲਾਸ਼ੀ, ਵਿ., ਇੱਛਿਆ ਰਖਣ ਵਾਲਾ, ਚਾਹੁਣ ਵਾਲਾ, ਲਾਲਚੀ

अभिलीन–ਅਭਿਲੀਨ, ਵਿ., ਚਿਮੜਿਆ ਹੋਇਆ, ਛਾਤੀ ਨਾਲ ਲਾਇਆ ਹੋਇਆ

अभिलुप्त–ਅਭਿਲੁਪ੍ਤ. ਵਿ., ਘਬਰਾਇਆ ਹੋਇਆ

अभिलेखन–ਅਭਿਲੇਖਨ, ਪੁ., ਪੱਥਰ ਤੇ ਅੱਖਰਾਂ ਦੀ ਖੁਦਾਈ, ਸਿਲਾ ਲੇਖ

अभिवन्दन, अभिवन्दना–ਅਭਿਵੰਦਨ, ਅਭਿਵੰਦਨਾ, ਪੁ., ਇ., ਪਰਣਾਮ. ਨਿਮਸ਼ਕਾਰ

अभिवर्ती–ਅਭਿਵਰਤੀ, ਵਿ., ਸਾਹਮਣੇ ਜਾਣ ਵਾਲਾ, ਸੌਂਹੇ ਤੁਰਨ ਵਾਲਾ

अभिवर्षण–ਅਭਿਵਰਸ਼ਣ, ਪੁ., ਚਹੁੰ ਪਾਸੇ ਦਾ ਮੀਂਹ, ਬਹੁਤ ਬਾਰਸ਼

अभिवाञ्छित–ਅਭਿਵਾਂਛਿਤ, ਵਿ., ਚਾਹਿਆ ਹੋਇਆ

अभिवाद, अभिवादन–ਅਭਿਵਾਦ, ਅਭਿਵਾਦਨ, ਪੁ., ਨਿਮਸ਼ਕਾਰ, ਮੱਥਾ ਟੇਕਣਾ, ਪਰਣਾਮ, ਉਸਤਤ, ਬੰਦਨਾ

अभिवादित–ਅਭਿਵਾਦਿਤ, ਵਿ., ਨਿਮਸ਼ਕਾਰ ਕੀਤਾ ਹੋਇਆ

अभिवाद्य- ਅਭਿਵਾਦਜ, ਵਿ., ਨਿਮਸ਼ਕਾਰ ਕਰਨ ਜੋਗ

अभिवास, अभिवासन–ਅਭਿਵਾਸ, ਅਭਿਵਾਸਨ, ਪੁ., ਦੁਪੱਟਾ, ਸਿਰ ਤੇ ਲੈਣ ਵਾਲਾ ਕਪੜਾ

अभिविख्यात–ਅਭਿਵਿਖਜਾਤ, ਵਿ., ਬਹੁਤ ਮਸ਼ਹੂਰ

अभिविज्ञप्त–ਅਭਿਵਿਗਜਪ੍ਤ, ਵਿ.. ਸਾਰਿਆਂ ਨੂੰ ਚੰਗੀ ਤਰ੍ਹਾਂ ਦਸਿਆ ਹੋਇਆ, ਸੂਚਤ ਕੀਤਾ ਹੋਇਆ

अभिनीत–ਅਭਿਨੀਤ, ਵਿ., ਸਾਊ. ਸੱਜਣ

अभिव्यक्त–ਅਭਿਵਜਕ੍ਤ, ਵਿ., ਪਰਕਾਸ਼ਤ. ਦੱਸਿਆ ਹੋਇਆ

अभिव्यक्ति–ਅਭਿਵਜਕ੍ਤਿ, ਇ., ਪਰਕਾਸ਼ਨ, ਐਲਾਨ, ਢਿੰਡੋਰਾ, ਆਮਣੋ ਸਾਹਮਣੇ, ਸਾਂਖ ਮਤ ਅਨੁਸਾਰ ਕਿਸੇ ਪਦਾਰਥ ਦਾ ਇਕ ਰੂਪ ਚੋਂ ਦੂਸਰੇ ਵਿਚ ਬਦਲਣਾ

अभिव्यञ्जक–ਅਭਿਵਜੰਜਕ, ਵਿ., ਪਰਕਾਸ਼ਕ, ਦੱਸਣ ਵਾਲਾ

अभिव्यापक–ਅਭਿਵਜਾਪਕ, ਵਿ., ਸਭ ਥਾਂ ਤੇ ਰਹਿਣ ਵਾਲਾ, ਸਮੂਹ ਸੰਸਾਰ ਵਿਆਪੀ

अभिव्याप्त–ਅਭਿਵਯਾਪਤ, ਵਿ., ਮਿਲਿਆ ਹੋਇਆ

अभिव्याप्ति–ਅਭਿਵਜਾਪ੍ਤਿ, ਇ.. ਸਾਰ੍ਹੇ ਪਾਸੇ ਹੋਣਾ

अभिव्याहृत–-ਅਭਿਵਯਾਰ੍ਹਿਤ, ਵਿ., ਬੋਲਿਆ ਹੋਇਆ, ਕਹਿਆ ਹੋਇਆ

अभिशङ्क–ਅਭਿਸ਼ੰਕ, ਵਿ.. ਹਰ ਤਰ੍ਹਾਂ ਨਾਲ ਸੰਸਾ ਕਰਨ ਵਾਲਾ

अभिशङ्का–ਅਭਿਸ਼ੰਕਾ, ਇ., ਸੰਸਾ, ਭਰਮ

अभिशङ्कित–ਅਭਿਸ਼ੰਕਿਤ, ਵਿ., ਡਰਿਆ ਹੋਇਆ, ਸੰਸੇ ਵਿਚ ਪਿਆ ਹੋਇਆ

अभिशप्त–ਅਭਿਸ਼ਪ੍ਤ. ਵਿ., ਸਰਾਪ ਦਿਤਾ ਹੋਇਆ, ਸਰਾਪਿਆ ਹੋਇਆ

अभिशस्त–ਅਭਿਸ਼ਸ੍ਤ, ਵਿ., ਝੂਠਾ ਕਲੰਕ ਲਗਿਆ ਹੋਇਆ

अभिशाप–ਅਭਿਸ਼ਾਪ, ਪੁ., ਝੂਠੀ ਬਦਨਾਮੀ, ਕੋਸਣਾ, ਕੌੜਾ ਵਾਕ, ਸਰਾਪ

अभिशापित–ਅਭਿਸ਼ਾਪਿਤ, ਵਿ., ਬਦਨਾਮ ਕੀਤਾ ਹੋਇਆ, ਸਰਾਪਿਆ ਹੋਇਆ, ਕੋਸਿਆ ਹੋਇਆ

अभिषक्त–ਅਭਿਸ਼ਕ੍ਤ. ਵਿ., ਹਾਰਿਆ, ਬਦਨਾਮ, ਨਿੰਦਤ

अभिषङ्ग–ਅਭਿਸ਼ੰਗ, ਪੁ., ਸੌਂਹ, ਹਾਰ, ਐਬ, ਲਗਨ, ਸੰਗਤ, ਪੂਰਾ ਮੇਲ

अभिषिक्त–ਅਭਿਸ਼ਿਕਤ, ਵਿ., ਵਿਧੀ ਨਾਲ ਨਲ੍ਹਾਇਆ ਹੋਇਆ ਮੰਤ੍ਰਾਂ ਨਾਲ ਮਾਰਜਨ ਕੀਤਾ ਹੋਇਆ

अभिषेक–ਅਭਿਸ਼ੇਕ, ਪੁ., ਵੇਦ ਮੰਤ੍ਰਾਂ ਨਾਲ ਇਸ਼ਨਾਨ ਕਰਾਉਣਾ, ਅਧਿਕਾਰੀ ਬਣਨ ਲਈ ਇਸ਼ਨਾਨ, ਕਿਸੇ ਦੇਵੀ ਦੇਵਤਾ ਦੇ ਪਾਠ ਕਰਨ ਪਿਛੋਂ ਮੰਤ੍ਰਾਂ ਨਾਲ ਸਿਰ ਤੇ ਪਾਣੀ ਛਿੜਕਣਾ, ਸ਼ਿਵ ਲਿੰਗ ਤੇ ਹੌਲੇ ਹੌਲੇ ਪਾਣੀ ਕੇਰਨਾ

अभिषेचन–ਅਭਿਸ਼ੇਚਨ, ਪੁ., ਦੇਖੋ ਅਭਿਸ਼ੇਕ (अभिषेक)

अभिष्यंद–ਅਭਿਸ਼ਜੰਦ, ਪੁ., ਬਹੁਤ ਵਿਰਧੀ, ਬਹਾਉ, ਪਾਣੀ ਦਾ ਗਿਰਨਾ, ਅੱਖ ਦੀ ਬੀਮਾਰੀ

अभिष्यन्दी–ਅਭਿਸ਼ਜੰਦੀ, ਵਿ., ਟਪਕਣ ਵਾਲਾ, ਚੂਣ ਵਾਲਾ

अभिष्वङ्ग–ਅਭਿਸ਼੍ਵੰਗ, ਪੁ., ਅਤੀ ਪਿਆਰ, ਵੱਡਾ ਮੇਲ

अभिसंधि–ਅਭਿਸੰਧਿ, ਇ., ਧੋਖਾ, ਜਾਲ, ਛਲ, ਕਪਟ. ਮਕਰ,

ਫਰੇਬ

अभिसंक्षेप–ਅਭਿਸੰਕਸ਼ੇਪ, ਪੁ., ਬੋਧ, ਅਕਲ, ਸਮਝ

अभिसन्तप्त–ਅਭਿਸੰਤਪ੍ਤ, ਵਿ., ਬਹੁਤ ਦੁਖੀ, ਪੀੜਤ

अभिसन्धक–ਅਭਿਸੰਧਕ, ਵਿ., ਇਤਰਾਜ਼ ਕਰਨ ਵਾਲਾ

अभिसन्धान–ਅਭਿਸੰਧਾਨ, ਪੁ., ਅੰਤਮ ਆਸ਼ਾ, ਅਖੀਰੀ ਮਕਸਦ

अभिसन्धि–ਅਭਿਸੰਧਿ, ਪੁ., ਦੇਖੋ ਅਭਿਸੰਧਾਨ (अभिसन्धान)

अभिसर–ਅਭਿਸਰ, ਪੁ., ਨੌਕਰ, ਸੇਵਾਦਾਰ, ਗੁਲਾਮ

अभिसरण–ਅਭਿਸਰਣ, ਪੁ., ਸਾਹਮਣੇ ਜਾਣ

अभिसरना–ਅਭਿਸਰਨਾ, ਕ੍ਰਿ., ਜਾਣਾ, ਦੱਸੀ ਹੋਈ ਥਾਂ ਤੇ ਪਹੁੰਚਣਾ

अभिसार–ਅਭਿਸਾਰ, ਪੁ., ਨਾਇਕ ਦਾ ਨਾਇਕਾ ਨੂੰ ਮਿਲਣ ਲਈ ਦੱਸੀ ਹੋਈ ਥਾਂ ਤੇ ਜਾਣ, ਲੜਾਈ, ਜੁੱਧ, ਹਮਲਾ

अभिसारिका–ਅਭਿਸਾਰਿਕਾ, ਇ., ਉਹ ਨਾਇਕਾ ਜੋ ਕਾਮ ਦੀ ਸਤਾਈ ਹੋਈ ਆਪਣੇ ਪਿਆਰੇ ਨੂੰ ਮਿਥੀ ਹੋਈ ਥਾਂ ਤੇ ਭੇਜੇ ਤੇ ਆਪ ਵੀ ਜਾਵੇ

अभिसारिणी–ਅਭਿਸਾਰਿਣੀ, ਇ., ਨੌਕਰਾਣੀ, ਦਾਸੀ,

अभिसारी–ਅਭਿਸਾਰੀ. ਵਿ.. ਸੌਹੇਂ ਜਾਣ ਵਾਲਾ, ਹੱਲਾ ਕਰਨ ਵਾਲਾ ਸਾਧਕ, ਸਹਾਇਕ

अभिहत–ਅਭਿਹਤ. ਵਿ., ਮਾਰਿਆ ਕੱਟਿਆ ਹੋਇਆ, ਦੁਖੀ, ਗਣਿਤ ਵਿਚ ਗੁਣਾ ਕੀਤਾ ਹੋਇਆ

अभिहर–ਅਭਿਹਰ, ਵਿ., ਚੁਕ ਕੇ ਲੈ ਜਾਣ ਵਾਲਾ

अभिहार–ਅਭਿਹਾਰ, ਪੁ., ਅਲਿੰਗਨ, ਗਲਵੱਕੜੀ, ਥੰਨੁਣ, ਮੁਕੱਦਮਾ

अभिहित–ਅਭਿਹਿਤ, ਵਿ., ਕਹਿਆ ਹਇਆ

अभी–ਅਭੀ, ਵਿ., ਭੈ ਰਹਿਤ, ਨਿਡਰ, ਨਿਰਭੈ, ਬੇਖੌਫ਼, ਕ੍ਰਿ., ਇਸੀ ਵਕਤ, ਤੁਰਤ ਫੁਰਤ, ਏਸੇ ਵੇਲੇ. ਹੁਣੇ

अभीक, अभीत–ਅਭੀਕ, ਅਭੀਤ, ਵਿ., ਨਿਰਭੈ. ਨਿਡਰ, ਬੇਖੌਫ਼

अभीप्सित–ਅਭੀਪਸਿਤ, ਵਿ., ਚਾਹਿਆ ਹੋਇਆ, ਮਨ ਮੰਨਿਆ ਲੋੜੀਂਦਾ

अभीर–ਅਭੀਰ, ਪੁ.. ਗੁਆਲਾ, ਅਹੀਰ. ਇਕ ਛੰਦ, ਗੁੰਜਰ

अभीरी–ਅਭੀਰੀ, ਇ., ਗੁਆਲਿਆਂ ਦੀ ਬੋਲੀ

अभीरु–ਅਭੀਰੂ, ਵਿ., ਨਿਰਭੈ, ਨਿਡਰ

अभीष्ट–ਅਭੀਸ਼੍ਟ, ਵਿ., ਚਾਹਿਆ ਹੋਇਆ, ਪਿਆਰਾ

अभुक्त–ਅਭੁਕਤ, ਵਿ., ਵਰਤੋਂ ਵਿਚ ਨਾ ਲਿਆਂਦਾ ਹੋਇਆ, ਨਾ ਖਾਧਾ ਹੋਇਆ

अभुग्न–ਅਭੁਗ੍ਨ, ਵਿ., ਅਰੋਗ, ਤੰਦਰੁਸਤ, ਤਕੜਾ, ਬਿਨਾ ਬਿਮਾਰੀ ਤੋਂ

अभू–ਅਭੂ, ਪੁ , ਵਿਸ਼ਨੂੰ, ਨਾਰਾਇਣ, ਕ੍ਰਿ. ਵਿ., ਏਸੇ ਵੇਲੇ, ਹੁਣੇ

अभूतपूर्व–ਅਭੂਤਪੂਰਵ. ਵਿ., ਪਹਿਲਾਂ ਨਾ ਹੋਣ ਵਾਲਾ, ਜੋ ਪਹਿਲਾਂ ਨਾ ਹੋਇਆ ਹੋਵੇ

अभूरि–ਅਭੂਰਿ, ਵਿ., ਕੁਛ. ਥੋੜਾ, ਮਾਮਲੀ

अभेद–ਅਭੇਦ, ਪੁ., ਇੱਕੋ ਰੂਪ, ਬਰਾਬਰੀ, ਮੇਲ, ਭੇਦ ਦਾ ਅਭਾਵ, ਵਿ., ਅਣਵੰਡਵਾਂ, ਬਰਾਬਰ

अभेदवादी–ਅਭੇਦਵਾਦੀ, ਪੁ., ਜੋ ਮਨੁੱਖ ਰੱਬ ਅਤ ਜੀਵਆਤਮਾ ਵਿਚ ਫਰਕ ਨਾ ਸਮਝੇ

अभेद्य–ਅਭੇਦਜ, ਵਿ., ਜਿਸ ਦੇ ਟੋਟੇ ਨਾ ਹੋ ਸਕਣ, ਜੋ ਵਿਨ੍ਹਿਆ ਨਾ ਜਾ ਸਕੇ, ਵੱਖੋ ਵੱਖ ਨਾ ਕੀਤਾ ਜਾ ਸਕੇ, ਅਨਿਖੜਵਾਂ

अभेरा–ਅਭੇਰਾ, ਪੁ., ਜੁੱਧ, ਝਗੜਾ, ਲੜਾਈ, ਟੱਕਰ, ਸਾਹਮਣਾ, ਮੁਠ ਭੇੜ, ਹੱਥੋਪਾਈ

अभेव–ਅਭੇਵ, ਪੁ., ਦੇਖੋ ਅਭੇਦ (अभेद)

अभोग्य–ਅਭੋਗਜ, ਵਿ., ਕੰਮ ਵਿਚ ਲਿਆਉਣ ਦੇ ਅਜੋਗ, ਨਿਕੰਮਾ, ਜੋ ਵਰਤੋਂ ਵਿਚ ਨਾ ਆ ਸਕੇ

अभ्यङ्ग–ਅਭਜੰਗ, ਪੁ., ਸਰੀਰ ਉਰੇ ਤੇਲ ਦੀ ਮਾਲਸ਼, ਲਿੱਪਣਾ, ਪੋਚਣਾ

अभ्यञ्जन–ਅਭਜੰਜਨ, ਪੁ., ਤੇਲ ਦੀ ਮਾਲਸ਼, ਅੱਖਾਂ ਵਿਚ ਸੁਰਮਾ ਪਾਉਣਾ, ਸਜਾਵਟ, ਗਹਿਣਾ

अभ्यन्तर–ਅਭਜੰਤਰ, ਪੁ., ਵਿਚਕਾਰਲੀ ਥਾਉਂ, ਮਨ, ਹਿਰਦਾ ਵਿ.. ਵਿਚਕਾਰਲਾ

अभ्यर्चन–ਅਭਜਰਚਨ, ਪੁ., ਪੂਜਨ, ਪੂਜਾ

अभ्यर्थना–ਅਭਜਰਥਨਾ, ਇ., ਸਨਮੁਖ ਬੇਨਤੀ, ਅਗਵਾਨੀ, ਆਦਰ ਦੀ ਬੇਨਤੀ. ਦਰਖਾਸਤ, ਪਰਾਰਥਨਾ

अभ्यर्थित–ਅਭਜਰਥਿਤ, ਵਿ., ਬੇਨਤੀ ਕੀਤਾ ਹੋਇਆ

अभ्यर्थी–ਅਭਜਰਥੀ, ਵਿ., ਪਰਾਰਥਨਾ ਕਰਨ ਵਾਲਾ, ਪਰਾਰਥਕ

अभ्यसन–ਅਭਜਸਨ, ਪੁ., ਅਭਿਆਸ, ਕਸਰਤ

अभ्यस्त–ਅਭਜਸ੍ਤ, ਵਿ., ਅਭਿਆਸ ਕੀਤਾ ਹੋਇਆ, ਪੱਕੀ ਹੋਈ ਆਦਤ

अभ्यागम–ਅਭਜਾਗਮ, ਪੁ., ਜੋਗ, ਜੁੱਧ, ਲੜਾਈ, ਪੜੋਸ, ਗੁਆਂਢ, ਜੁੱਧ ਭੂਮੀ

अभ्यास–ਅਭਜਾਸ, ਪੁ., ਸਾਧਨ, ਸਿੱਖਿਆ, ਆਦਤ, ਬਾਣ

अभ्यासी–ਅਭਜਾਸੀ ਵਿ., ਅਭਿਆਸ ਕਰਨ ਵਾਲਾ. ਮਸ਼ਕ ਕਰਨ ਵਾਲਾ

अभ्याहत–ਅਭਜਾਹਤ, ਵਿ., ਜ਼ਖਮੀ. ਫਟੜ

अभ्युत्थान–ਅਭਜੁਥੱਾਨ, ਪੁ., ਕਿਸੇ ਦਾ ਮਾਨ ਵਧਾਉਣ ਲਈ ਉਠ ਕੇ ਖੜੇ ਹੋ ਜਾਣਾ, ਉੱਨਤੀ, ਉੱਚ ਪਦ ਦੀ ਪ੍ਰਾਪਤੀ, ਉਦੈ

अभ्युत्थायी–ਅਭਜੁੱਥਾਯੀ, ਵਿ., ਉਠਣ ਵਾਲਾ, ਆਦਰ ਕਰਨ ਵਾਲਾ, ਉੱਚਾ ਹੋਣ ਵਾਲਾ

अभ्युदय–ਅਭਜੁਦਯ, ਪੁ., ਮਨੋਰਥ ਦਾ ਸਿੱਧ ਹੋਣਾ, ਬੜ੍ਹਤੀ, ਉੱਨਤੀ, ਚੰਗਾ ਮੌਕਾ, ਚੜ੍ਹਾਉ

अभ्युन्नत–ਅਭਜੁੱਨਤ, ਵਿ., ਉੱਠਿਆ ਹੋਇਆ, ਵਧਿਆ ਚੜ੍ਹਿਆ

अभ्र–ਅਭ੍ਰ, ਪੁ., ਅਭਰਕ, ਸੋਨਾ, ਸੋਹਣਾ ਰੰਗ, ਬੱਦਲ, ਅਸਮਾਨ

अभ्रक–ਅਭ੍ਰਕ, ਪੁ., ਇਕ ਧਾਤ

अभ्रमाला–ਅਭ੍ਰਮਾਲਾ, ਇ., ਘਟਾ, ਬੱਦਲਾਂ ਦਾ ਇਕੱਠ

अभ्रसार–ਅਭ੍ਰਸਾਰ, ਪੁ., ਭੀਮਸੈਨੀ ਕਪੂਰ

अभ्रान्त–ਅਭ੍ਰਾਂਤ, ਵਿ., ਨਾ ਘਬਰਾਇਆ ਹੋਇਆ, ਸ਼ਾਂਤ, ਸਾਫ਼, ਅਡੋਲ, ਗੰਭੀਰ, ਭਰਮ ਰਹਿਤ

अभ्रान्ति–ਅਭ੍ਰਾਂਤਿ, ਇ., ਘਬਰਾਹਟ ਨਾ ਹੋਣ, ਸ਼ਕ ਨਾ ਪੈਣ, ਸੰਦੇਹ ਨਾ ਹੋਣ

अमंगल–ਅਮੰਗਲ, ਵਿ., ਭੈੜਾ, ਬੁਰਾ, ਅਸ਼ੁਭ, ਪੁ., ਰਿੰਡ ਦਾ ਰੁੱਖ

अमंद–ਅਮੰਦ, ਵਿ., ਤੇਜ਼, ਉੱਤਮ, ਸੋਹਣਾ, ਜੋ ਮੰਦਾ ਨਾ ਹੋਵੇ

अमका–ਅਮਕਾ, ਪੁ., ਫਲਾਣਾ, ਐਸਾ, ਅਜੇਹਿਆ

अमचूर–ਅਮਚੂਰ, ਪੁ., ਸੁੱਕੇ ਅੰਬ ਦਾ ਚੂਰਾ, ਖਟਾਈ

अमड़ा–ਅਮੜਾ, ਪੁ., ਇੱਕ ਰੁੱਖ ਦਾ ਨਾਂਉਂ ਜਿਸ ਨੂੰ ਬੇਰ ਵਰਗੇ ਫਲ ਲਗਦੇ ਹਨ ਜੋ ਖੱਟੇ ਹੁੰਦੇ ਹਨ ਅਤੇ ਅਚਾਰ ਪਾਉਣ ਦੇ ਕੰਮ ਵਿਚ ਆਉਂਦੇ ਹਨ

अमत्त–ਅਮੱਤ, ਵਿ., ਹੰਕਾਰ ਤੋਂ ਰਹਿਤ, ਨਿਰਅਭਿਮਾਨ

अमन–ਅਮਨ, ਪੁ., ਸ਼ਾਂਤੀ, ਚੈਨ, ਬਚਾਉ, ਰੱਖਿਆ, ਅਨੰਦ

अमनस्क–ਅਮਨਸਕ, ਵਿ., ਗਿਆਨ ਹੀਨ, ਉਦਾਸੀਨ

अमनिया–ਅਮਨਿਯਾ, ਵਿ., ਸ਼ੁੱਧ, ਸੁੱਚਾ, ਪਵਿੱਤਰ, ਸਿੱਧਾ, ਰਸੋਈ ਦਾ ਆਟਾ ਆਦਿ ਕੱਚਾ ਸਮਾਨ, ਅਛੂਤਾ

अमनैक–ਅਮਨੈਕ, ਪੁ., ਸਰਦਾਰ, ਅਵਧ ਪ੍ਰਾਂਤ ਦੇ ਇਕ ਖਾਸ ਤਰ੍ਹਾਂ ਦੇ ਕਾਸ਼ਤਕਾਰ ਦਾ ਨਾਉਂ, ਉੱਦਮੀ

अमर–ਅਮਰ, ਵਿ., ਨਾ ਮਰਨ ਵਾਲਾ, ਪੁ., ਦੇਵਤਾ, ਪਾਰਾ, ਥੋਹਰ ਦਾ ਬੂਟਾ, ਸੋਨਾ, ਰੁਦਰਾਖਸ਼, ਹਾਥੀ

अमरकाष्ठ–ਅਮਰਕਾਸ਼ਠ, ਪੁ., ਦੇਵਦਾਰ, ਦਿਆਰ, ਬਿਆੜ

अमरकुसुम–ਅਮਰਕੁਸੁਮ, ਪੁ., ਲੌਂਗ

अनरत्व–ਅਮਰਤ੍ਵ, ਪੁ., ਕਦੇ ਵੀ ਨਾ ਮਰਨ ਦੀ ਹਾਲਤ, ਚਿਰ ਜੀਵਨ, ਜੰਮਣ ਮਰਨ ਤੋਂ ਰਹਿਤ

अमरनाथ–ਅਮਰਨਾਥ; ਪੁ., ਦੇਵਤਾ, ਇੰਦਰ, ਹਿੰਦੂਆਂ ਦਾ ਇਕ ਤੀਰਥ ਜੋ ਕਸ਼ਮੀਰ ਵਿਚ ਹੈ

अमरपति–ਅਮਰਪਤਿ, ਪੁ., ਦੇਵਤਿਆਂ ਦਾ ਰਾਜਾ, ਇੰਦਰ

अमरपद–ਅਮਰਪਦ, ਪੁ., ਮੋਕਸ਼, ਸੁਰਗ, ਮੁਕਤੀ, ਛੁਟਕਾਰਾ,

अमरपुर–ਅਮਰਪੁਰ, ਪੁ., ਅਮਰਾਵਤੀ, ਦੇਵਤਿਆਂ ਦਾ ਨਗਰ, ਇੰਦਰ ਦੀ ਰਾਜਧਾਨੀ, ਸੁਰਗਪੁਰੀ

अमरबेल–ਅਮਰਬੇਲ, ਇ., ਇਕ ਪੀਲੀ ਜਿਹੀ ਬੇਲ ਜ ਦਰਖਤਾਂ ਦੇ ਉਤੇ ਲਗਦੀ ਹੈ ਇਸਦੀ ਜੜ ਨਹੀਂ ਹੁੰਦੀ

अमरलोक–ਅਮਰਲੋਕ, ਪੁ., ਦੇਵਲੋਕ, ਸੁਰਗ

अमरस–ਅਮਰਸ, ਪੁ., ਅਮਚੂਰ

अमरसरित–ਅਮਰਸਰਿਤ, ਇ., ਗੰਗਾ

अमरस्त्री–ਅਮਰਸਤ੍ਰੀ, ਇ., ਦੇਵਤਿਆਂ ਦੀ ਤੀਵੀਂ ਅਪਸਰਾ, ਪਰੀ, ਹੂਰ

अमरा–ਅਮਰਾ, ਇ., ਦੁੱਧ, ਘੀ ਕੁਆਰ, ਇੰਦਰ ਦੀ ਪੁਰੀ, ਢਿੱਡ ਦੀ ਨਾੜ

अमराधिप–ਅਮਰਾਧਿਪ, ਪੁ., ਦੇਵਤਿਆਂ ਦਾ ਮਾਲਕ, ਇੰਦਰ

अमराव–ਅਮਰਾਵ, ਪੁ., ਅੰਬਾਂ ਦਾ ਬਾਗ

अमरावती–ਅਮਰਾਵਤੀ, ਇ., ਦੇਵਤਿਆਂ ਦੀ ਨਗਰੀ, ਇੰਦਰ ਦੀ ਪੁਰੀ

अमरेश–ਅਮਰੇਸ਼, ਪੁ., ਇੰਦਰ, ਸ਼ਿਵ

अमर्त्य–ਅਮਰਤ੍ਯ, ਵਿ., ਜੋ ਕਦੀ ਮਰਦਾ ਨਾ ਹੋਵੇ, ਅਮਰ

अमर्याद–ਅਮਰਯਾਦ, ਵਿ., ਸੀਮਾ ਰਹਿਤ, ਬੇਹੱਦ, ਅਸੀਮ, ਬਿਨਾਂ ਹੱਦੋਂ

अमर्ष, अमर्षण–ਅਮਰਸ਼, ਅਮਰਸ਼ਣ, ਪੁ., ਕਰੋਧ, ਹੌਸਲਾ, ਹਿੰਮਤ, ਈਰਖਾ

अमर्षी–ਅਮਰਸ਼ੀ, ਵਿ., ਕਰੋਧੀ, ਗੁਸੈਲਾ, ਕਰੋਧਵਾਨ, ਈਰਖਾਲੂ

अमल–ਅਮਲ, ਵਿ., ਸਾਫ਼, ਨਿਰਮਲ, ਪੁ., ਅਬਰਕ, ਮੁਸ਼ਕ ਕਪੂਰ, ਪਰਮਾਤਮਾ, ਵਿਹਾਰ, ਹਕੂਮਤ, ਨਸ਼ਾ, ਬੁਰੀ ਆਦਤ, ਪਰਭਾਵ, ਸਮਾ, ਕੰਮ

अमलतास–ਅਮਲਤਾਸ, ਪੁ., ਇੱਕ ਤਰ੍ਹਾਂ ਦਾ ਰੁੱਖ ਜਿਸ ਨੂੰ ਫੁਟ ਡੇਢ ਫੁਟ ਲੰਮੀ ਫਲੀ ਲਗਦੀ ਹੈ ਇਸ ਦਾ ਗੁੱਦਾ ਦਵਾਈਆਂ ਦੇ ਕੰਮ ਆਉਂਦਾ ਹੈ, ਗੁੜਲੱਕੜ, ਅੰਸ ਫਲੀ

अमलपट्टा–ਅਮਲਪੱਟਾ, ਪੁ., ਅਧਿਕਾਰ ਪੱਤਰ ਜੋ ਗੁਮਾਸਤੇ ਨੂੰ ਕੰਮ ਵਿਚ ਵਰਤਣ ਲਈ ਦਿੱਤਾ ਜਾਂਦਾ ਹੈ

अमलपतत्री–ਅਮਲਪਤਤ੍ਰੀ, ਪੁ., ਜੰਗਲੀ ਮੁਰਗਾ, ਜੰਗਲੀ ਹੰਸ

अमलबेत–ਅਮਲਬੇਤ, ਪੁ., ਪਾਲਕ, ਚੂਕ, ਲੰਬਰੀ, ਇਕ ਮਸ਼ਹੂਰ ਬੂਟੀ

अमला–ਅਮਲਾ, ਇ., ਲੱਛਮੀ

अमली–ਅਮਲੀ, ਇ., ਇਮਲੀ, ਖਟਾਈ ਵਾਲੀ ਚੀਜ਼, ਵਿ., ਨਸ਼ਈ, ਵਰਤੋਂ ਵਿਚ ਲਿਆਉਣ ਵਾਲਾ, ਅਮਲ ਕਰਨ ਵਾਲਾ,

अमा–ਅਮਾ, ਇ., ਅਮਾਵਸ, ਮੱਸਿਆ

अमातना–ਅਮਾਤਨਾ, ਕ੍ਰਿ., ਬੁਲਾਵਾ ਭੇਜਣਾ, ਨਿਉਂਦਾ ਦੇਣਾ, ਸੱਦਾ ਦੇਣਾ, ਨੇਉਂਦਣਾ

अमात्य–ਅਮਾਤ੍ਯ, ਪੁ., ਮੰਤਰੀ, ਵਜ਼ੀਰ, ਦਰਬਾਰੀ, ਅਹਿਲਕਾਰ

अमानत–ਅਮਾਨਤ, ਇ., ਧਰੋਹਰ, ਕਿਸੇ ਪਾਸ ਕੁਝ ਦੇਰ ਵਾਸਤੇ ਰਖੀ ਹੋਈ ਚੀਜ਼

अमानी–ਅਮਾਨੀ, ਵਿ., ਅਭਿਮਾਨ ਰਹਿਤ, ਬਿਨਾ ਹੰਕਾਰ ਦੇ, ਮਨ ਮੰਨਿਆ ਕੰਮ ਕਰਨ ਵਾਲਾ, ਇ., ਜ਼ਮੀਨ ਦਾ ਕੋਈ ਕੰਮ ਜੋ ਆਪਣੇ ਹੀ ਹੱਥ ਹੇਠ ਹੋਵੇ

अमानुष–ਅਮਾਨੁਸ਼, ਵਿ., ਮਨੁੱਖ ਦੇ ਵਸੋਂ ਬਾਹਰ

अमानुषी–ਅਮਾਨੁਸ਼ੀ, ਵਿ., ਮਨੁੱਖ ਦੇ ਸੁਭਾਅ ਤੋਂ ਖਿਲਾਫ, ਬੇਇਨਸਾਨੀਅਤ

अमारी–ਅਮਾਰੀ, ਇ., ਹਾਥੀ ਦਾ ਹੌਦਾ ਜਿਸ ਉਤੇ ਛਾਂ ਕਰਨ ਲਈ ਚੰਦੋਆ ਬੱਨ੍ਹਿਆ ਹੁੰਦਾ ਹੈ

अमावट–ਅਮਾਵਟ, ਇ., ਅੰਬ ਦਾ ਸੁੱਕਿਆ ਹੋਇਆ ਰਸ ਜ ਬਹੁਤ ਸਾਰੀਆਂ ਤਹਿਆਂ ਵਿਚ ਜਮਾਇਆ ਰਹਿੰਦਾ ਹੈ ਅੰਬ ਪਾਪੜ, ਅਮਰਸ

अमावस, अमावस्या–ਅਮਾਵਸ, ਅਮਾਵਸਜਾ, ਇ., ਮੱਸਿਆ

अमाह–ਅਮਾਹ, ਪੁ., ਅੱਖ ਦਾ ਇਕ ਰੋਗ ਜਿਸ ਵਿਚ ਲਾਲ ਮਾਸ ਨਿਕਲ ਆਉਂਦਾ ਹੈ, ਨਖੂਨਾ

अमिउ–ਅਮਿਉ, ਪੁ., ਅੰਮ੍ਰਿਤ, ਅਮੀ

अमिट–ਅਮਿਟ, ਵਿ., ਜੋ ਮਿਟ ਨਾ ਸਕੇ, ਅਵੱਸ਼, ਜ਼ਰੂਰੀ ਹੋਣ ਵਾਲਾ ਅਟੱਲ,

अमित–ਅਮਿਤ, ਵਿ., ਬਹੁਤ ਜ਼ਿਆਦਾ, ਬੇਹੱਦ

अमिताशन–ਅਮਿਤਾਸ਼ਨ, ਵਿ., ਬਹੁਤ ਭੋਜਨ ਖਾਣ ਵਾਲਾ, ਪੇਟੂ

अमिय–ਅਮਿਯ, ਪੁ., ਅੰਮ੍ਰਿਤ, ਅਮੀ

अमिरती–ਅਮਿਰਤੀ, ਇ., ਇਮਰਤੀ, ਜਲੇਬੀ ਵਰਗੀ ਇਕ ਮਿਠਿਆਈ

अमिश्रण–ਅਮਿਸ਼੍ਰਣ, ਵਿ., ਮਿਲਾਵਟ ਦਾ ਨਾ ਹੋਣਾ, ਬੇ ਮਿਲਾਵਟ, ਖਾਲਸ, ਸ਼ੁੱਧ

अमी–ਅਮੀ, ਪੁ., ਅੰਮ੍ਰਿਤ

अमीत–ਅਮੀਤ, ਪੁ., ਵੈਰੀ,ਦੁਸ਼ਮਨ, ਵਿਰੋਧੀ

अमीर–ਅਮੀਰ, ਪੁ., ਧਨਵਾਨ, ਦੌਲਤ ਵਾਲਾ, ਸਰਦਾਰ, ਸਰਮਾਏਦਾਰ, ਧਨੀ

अमुक–ਅਮੁਕ, ਵਿ., ਫਲਾਣਾ, ਧਿਮਕਾ, ਅਮਕਾ

अमूर्त, अमूर्ति–ਅਮੂਰਤ, ਅਮੂਰਤਿ, ਵਿ., ਜਿਸ ਦਾ ਕੋਈ ਰੂਪ ਨਾ ਹੋਵੇ, ਅਰੂਪ, ਪੁ., ਪਰਮਾਤਮਾ, ਆਤਮਾ, ਸ਼ਿਵ, ਅਕਾਸ਼, ਹਵਾ

अमूल–ਅਮੂਲ. ਵਿ., ਬਿਨਾ ਜੜ ਦੇ, ਮੂਲ ਰਹਿਤ, ਨਿਰਮੂਲ

अमूल्य–ਅਮੂਲਜ, ਵਿ., ਅਨਮੋਲ, ਜਿਸ ਦਾ ਮੱਲ ਪਾਇਆ ਨਾ ਜਾ ਸਕਦਾ ਹੋਵੇ, ਬੇਕੀਮਤਾ, ਅਮਲ

अमृत–ਅਮ੍ਰਿਤ, ਵਿ., ਜੋ ਮਰੇ ਨਾ, ਪਿਆਰਾ, ਸੁੰਦਰ, ਪੁ., ਦੇਵਤਾ, ਸੂਰਜ, ਇੰਦਰ, ਉਹ ਜਲ ਜਿਸ ਨੂੰ ਪੀ ਕੇ ਮਨੁੱਖ ਮਰਦਾ ਨਹੀਂ, ਆਤਮਾ, ਸ਼ਿਵ, ਘੀ, ਦੁੱਧ, ਅੰਨ, ਹੋਰ ਸਵਾਦੀ ਚੀਜ਼ਾਂ, ਰੋਗ ਨੂੰ ਨਾਸ ਕਰਨ ਵਾਲੀ ਦਵਾਈ, ਧਨ, ਮੁਕਤੀ. ਬੈਕੁੰਠ, ਚਮਤਕਾਰ

अमृतकर–ਅਮ੍ਰਿਤਕਰ, ਪੁ., ਚੰਦਰਮਾ, ਚੰਨ, ਚੰਦ

अमृतगर्भ–ਅਮ੍ਰਿਤਗਰਭ, ਪੁ., ਜੀਵ. ਬ੍ਰਹਮਾ

अमृतत्व–ਅਮ੍ਰਿਤਤ੍ਵ, ਪੁ., ਮੁਕਤੀ, ਮਰਣ ਨਾ ਹੋਣ, ਮੋਕਸ਼

अमृतधारा–ਅਮ੍ਰਿਤਧਾਰਾ, ਇ., ਇਕ ਛੰਦ, ਇਕ ਮਸ਼ਹੂਰ ਦਵਾਈ

अमृतफल–ਅਮ੍ਰਿਤ ਫਲ, ਪੁ., ਔਲਾ

अमृतवान–ਅਮ੍ਰਿਤਵਾਨ, ਪੁ., ਲਾਖ ਦਾ ਰੋਗਨ ਕੀਤਾ ਮਿਟੀ ਦਾ ਭਾਂਡਾ ਜੋ ਘਿਉ ਤੇਲ ਆਦਿਕ ਰੱਖਣ ਦੇ ਕਮ ਆਉਂਦਾ ਹੈ

अमृतमय–ਅਮ੍ਰਿਤਮਯ, ਵਿ., ਅੰਮ੍ਰਿਤ ਦਾ ਭਰਿਆ, ਅਮਰ

अमृतरश्मि–ਅਮ੍ਰਿਤਰਸ਼ਮਿ, ਪੁ., ਚੰਦ, ਚੰਦਰਮਾ

ईक्षक–ਈਕਸ਼ਕ, ਵਿ., ਦੇਖਣ ਵਾਲਾ, ਦਰਸ਼ਕ

ईक्षण–ਈਕਸ਼ਣ, ਪੁ., ਦਰਸ਼ਨ, ਦੇਖਣ ਦਾ ਕੰਮ, ਚੌਕਸੀ, ਜਾਂਚ, ਵਿਚਾਰ

ईक्षित–ਈਕਸ਼ਿਤ, ਵਿ., ਦੇਖਿਆ ਹੋਇਆ, ਸਮਝਿਆ ਹੋਇਆ

ईख–ਈਖ. ਇ., ਗੰਨਾ. ਕਮਾਦ, ਇੱਖ

ईखना–ਈਖਨਾ, ਕ੍ਰਿ., ਦੇਖਣਾ

ईछन–ਈਛਨ, ਪੁ., ਅੱਖ, ਨੇਤਰ

ईछना–ਈਛਨਾ, ਕ੍ਰਿ., ਇੱਛਿਆ ਕਰਨੀ, ਚਾਹੁਣਾ, ਲੋੜ ਰੱਖਣੀ

ईज़ा–ਈਜ਼ਾ, ਇ., ਦੁਖ, ਤਕਲੀਫ, ਕਸ਼ਟ

ईठ–ਈਠ, ਪੁ., ਮਿੱਤਰ, ਦੋਸਤ

ईठी–ਈਠੀ, ਇ., ਬਰਛੀ, ਭਾਲੱਾ

ईड़ा–ਈੜਾ, ਇ., ਤਾਰੀਫ਼, ਉਪਮਾ, ਉਸਤਤ

ईड़ित–ਈੜਤ, ਵਿ., ਸਲਾਹਿਆ ਹੋਇਆ

ईढ, ईढा–ਈਢ, ਈਢਾ, ਪੁ., ਹਠ, ਜ਼ਿੱਦ, ਸਿਰੜ

ईढी–ਈਢੀ, ਵਿ., ਸਿਰੜੀ, ਹਠੀ, ਜ਼ਿੱਦੀ

ईत–ਈਤ, ਇ., ਵੱਡਾ ਮੱਛਰ, ਡਾਂਸ, ਜੰਗਲੀ ਮੱਖੀ

ईतर–ਈਤਰ, ਪੁ., ਆਂਪਣੀ ਵਡਿਆਈ ਆਪ ਕਰਨ ਵਾਲਾ, ਸ਼ੇਖੀ ਖੋਰਾ

ईद–ਈਦ, ਇ., ਮੁਸਲਮਾਨਾਂ ਦਾ ਇਕ ਤਿਉਹਾਰ

ईदगाह–ਈਦਦਾਹ, ਇ., ਇਕ ਚੌਤਰਾ ਜਿਹਾ ਜਿੱਥੇ ਮੁਸਲਮਾਨ ਇਕੱਠੇ ਹੋ ਕੇ ਨਿਵਾਜ਼ ਪੜ੍ਹਦੇ ਹਨ

ईप्सा–ਈਪਸਾ, ਇ., ਇੱਛਿਆ, ਕਾਮਨਾ

ईमान–ਈਮਾਨ, ਪੁ.. ਧਰਮ, ਭਰੋਸਾ, ਸਚਿਆਈ

ईमानदार–ਈਮਾਨਦਾਰ, ਵਿ., ਜਿਸ ਤੇ ਭਰੋਸਾ ਹੋਵੇ, ਸੱਚਾ

ईमानदारी–ਈਮਾਨਦਾਰੀ, ਇ., ਸਚਿਆਈ, ਨੇਕਨੀਅਤੀ

ईर्षा–ਈਰਸ਼ਾ, ਇ., ਕਰੋਧ, ਡਾਹ, ਈਰਖਾ, ਹਸਦ

ईर्षालु–ਈਰਸਾਲੂ, ਵਿ., ਈਰਖਾ ਕਰਨ ਵਾਲਾ

ईश–ਈਸ਼, ਪੁ., ਪਰਮਾਤਮਾ, ਰੱਬ, ਸ਼ਿਵ, ਨੇਤਾ, ਰਾਜਾ

ईशान–ਈਸ਼ਾਨ, ਪੁ., ਸ਼ਿਵ, ਮਹਾਦੇਵ, ਪੂਰਬ ਅਤੇ ਉੱਤਰ ਦੇ ਵਿਚਕਾਰਲੀ ਦਿਸ਼ਾ

ईश्वर–ਈਸ਼ਰ. ਪੁ., ਪਰਮਾਤਮਾ, ਰੱਬ. ਮਾਲਿਕ, ਰਾਜਾ, ਪਾਰਾ

ईश्वरनिष्ट–ਈਸ਼੍ਵਰਨਿਸ਼ਠ, ਵਿ., ਰੱਬ ਨੂੰ ਮੰਨਣ ਵਾਲਾ

ईषत्–ਈਸ਼ਤ, ਅਵਜ.. ਮਾਮੂਲੀ. ਥੋੜਾ, ਕੁਝ ਘੱਟ

ईसवी–ਈਸਵੀ. ਪੁ., ਇਕ ਸੰਮਤ ਜਿਸ ਦਾ ਅਰੰਭ ਈਸਾ ਮਸੀਹ ਦੇ ਜਨਮ ਤੋਂ ਮੰਨਦੇ ਹਨ

ईसा–ਈਸਾ, ਪੁ., ਈਸਾਈ ਧਰਮ ਦਾ ਬਾਨੀ

ईसाई–ਈਸਾਈ, ਵਿ., ਈਸਾ ਮਸੀਹ ਦੇ ਧਰਮ ਨੂੰ ਮੰਨਣ ਵਾਲਾ

ईहा–ਈਹਾ, ਇ., ਇੱਛਿਆ, ਲੋੜ, ਚਾਹ, ਖਾਹਸ਼

उ–ਉ

उ–ਉ, ਹਿੰਦੀ ਵਰਣ ਮਾਲਾ ਦਾ ਪੰਜਵਾਂ ਸਵਰ ਵਰਣ ਹੈ ਇਸ ਦਾ ਉਚਾਰਣ ਹੇਠ ਹੈ, ਹਾਂ, ਠੀਕ, ਭੀ, ਪੁ., ਸ਼ਿਵ, ਬ੍ਰਹਮਾ, ਮਨੁੱਖ

उं–ਉਂ, ਇ., ਮੂੰਹ ਦੇ ਅੰਦਰ ਦੀ ਆਵਾਜ਼

उंकोत–ਉਂਕੋਤ, ਪੁ . ਬਰਖਾ ਵਿਚ ਪੈਰਾਂ ਦੇ ਗਲ ਜਾਣ ਦਾ

ਰੋਗ, ਕਰੇਹੀ

उंखारी–ਉਂਖਾਰੀ, ਇ., ਗੰਨਿਆਂ ਦਾ ਖੇਤ

उंगनी–ਉਂਗਨੀ, ਇ., ਗੱਡੀ ਦੇ ਪਹੀਏ ਨੂੰ ਤੇਲ ਦੇਣ ਦੀ ਕਿਰਿਆ, ਗਡੀ ਬਾਂਗਣ ਦਾ ਕਰਮ

उंघाई–ਉਂਘਾਈ, ਪੁ., ਨੀਂਦ, ਝਪਕੀ

उंचन–ਉਂਚਨ, ਪੁ., ਮੰਜੇ ਦੀ ਦੌਣ

उंचना–ਉਂਚਨਾ, ਕ੍ਰਿ., ਦੌਣ ਕਸਣੀ, ਮੰਜਾ ਕਸਣਾ

उंचाई–ਉਂਚਾਈ, ਇ., ਉੱਚਤਾ, ਵਡੱਪਣ

उंचान–ਉਂਚਾਨ, ਪੁ., ਦੇਖੋ ਊਂਚਾਈ, (ऊंचाई)

उंचाना–ਉਂਚਾਨਾ, ਕ੍ਰਿ., ਉੱਚਾ ਕਰਨਾ,

उंचाव–ਉਂਚਾਵ, ਪੁ., ਉੱਚਤਾ, ਵਡਿਆਈ, ਉਚਾਪਣ, ਵਡੱਪਣ

उंचौनी–ਉਂਚੌਨੀ, ਇ., ਹੋਣਹਾਰ, ਭਾਵੀ

उंछ–ਉਂਛ, ਇ., ਸਿਲਾ, ਖੇਤ ਵਿਚ ਖਿੰਡੇ ਦਾਣੇ ਚੁਗਣ ਦੀ ਕਿਰਿਆ

उंदर–ਉਂਦਰ, ਪੁ., ਚੂਹਾ

उंदरी–ਉਂਦਰੀ, ਵਿ., ਗੰਜਾ, ਵਾਲਚਰ, ਟੋਟਰੂ

उंदरू–ਉਂਦਰੂ, ਪੁ., ਦੇਖੋ ਕੁੰਦਰੂ (कुन्दरू)

उंह–ਉਂਹ, ਅਵਜ., ਅਫਸੋਸ ਦੁਖ ਸੂਚਕ ਸ਼ਬਦ

उअना–ਉਅਨਾ, ਕ੍ਰਿ., ਉਦੇ ਹੋਣਾ ਨਿਕਲਣਾ, ਉਗਣਾ

उआना–ਉਆਨਾ, ਕ੍ਰਿ., ਉਠਾਉਣਾ, ਜਗਾਉਣਾ, ਮੁੱਕਾ ਮਾਰਣ ਲਈ ਉੱਗਰਨਾ

उऋण–ਉਰਿਣ, ਵਿ., ਜਿਸ ਨੇ ਕਰਜਾ ਲਾਹ ਦਿੱਤਾ ਹੋਵੇ

उचकन–ਉਚਕਨ, ਪੁ., ਇਕ ਤਰ੍ਹਾਂ ਦਾ ਫੁੱਲ

उचकना–ਉਚਕਨਾ, ਕ੍ਰਿ., ਨਿਕਲ ਜਾਣਾ, ਉਖੜਨਾ, ਵੱਖ ਹੋਣਾ, ਨੱਸਣਾ

उकटना–ਉਕਟਨਾ, ਕ੍ਰਿ., ਉਖਾੜਨਾ, ਤੋੜਨਾ, ਲਭਣਾ, ਯਾਦ ਕਰਨਾ, ਲੁੱਟਣਾ, ਬੇਇੱਜ਼ਤ ਕਰਨਾ, ਭੇਦ ਲੈਣਾ, ਗਾਲ ਕਢਣੀ

उकटा–ਉਕਟਾ, ਵਿ., ਘੜੀ ਮੁੜੀ ਉਪਕਾਰ ਯਾਦ ਕਰਾਉਣ ਵਾਲਾ, ਹਲਕਾ, ਘਟੀਅਲ, ਕਮੀਣਾ

उकठना–ਉਕਠਨਾ, ਕ੍ਰਿ., ਖੁਸ਼ਕ ਹੋਣਾ, ਸੁੱਕਣਾ

उकठा–ਉਕਠਾ, ਵਿ., ਖ਼ੁਸ਼ਕ, ਸੁੱਕਿਆ ਹੋਇਆ, ਟੁੰਡ, ਟੋਰੜਾ

उकताना–ਉਕਤਾਨਾ, ਕ੍ਰਿ., ਘਬਰਾਉਣਾ, ਕਾਹਲੇ ਪੈਣਾ, ਉਤਾਉਲਾ ਹੋਣਾ

उकलना–ਉਕਲਨਾ, ਕ੍ਰਿ., ਤਹਿ ਫੁਟਣੀ, ਉਧੜਨਾ

उकलाना–ਉਕਲਾਨਾ, ਕ੍ਰਿ., ਉਗਲਣਾ, ਉਲਟੀ ਕਰਨਾ, ਕੈ ਕਰਨਾ

उकसाना–ਉਕਸਾਨਾ, ਕ੍ਰਿ., ਉਭਾਰਨਾ, ਉਤਾਹਾਂ ਚੁੱਕਣਾ, ਉੱਚਾ ਉਠਾਉਣਾ

उकाब–ਉਕਾਬ, ਪੁ., ਗਿੱਧ, ਗਰੜ, ਉਡਦੀ ਖਬਰ

उक्त–ਉਕ੍ਤ, ਵਿ., ਕਹਿਆ ਹੋਇਆ

उचड़ना–ਉਚੜਨਾ, ਕ੍ਰਿ., ਵੱਖ ਹੋਣਾ, ਛਿਲਿਆ ਜਾਣਾ ਉਚੜਿਆ ਜਾਣਾ

उकवां–ਉਕਵਾਂ, ਕ੍ਰਿ. ਵਿ., ਅਨੁਮਾਨ ਨਾਲ, ਅੰਦਾਜ਼ੇ ਨਾਲ, ਅਟਕਲ ਪੱਚੂ

उकसना–ਉਕਸਨਾ, ਕ੍ਰਿ., ਉਬਲਣਾ, ਫੁੱਲਣਾ, ਫੁੱਟਣਾ, ਉਭਰਨਾ, ਨਿਕਲਣਾ, ਬਾਹਰ ਨਿਕਲਣ ਲਈ ਉਪਾਉ ਕਰਨਾ

उकसनि–ਉਕਸਨਿ, ਇ., ਉਭਾਰ, ਘਬਰਾਹਟ, ਉਕਾਸਣ

उकसाना–ਉਕਸਾਨਾ, ਕ੍ਰਿ., ਉਭਾਰਨਾ, ਚੜ੍ਹਾਉਣਾ, ਹਟਾਉਣਾ, ਗੁੱਸੇ ਕਰਨਾ, ਅਗੇ ਵਧਾਉਣਾ, ਸੁਲਗਾਉਣਾ, ਭੜਕਾਉਣਾ, ਲਾਲਚ ਵਿਖਾਉਣਾ, ਛੇੜਨਾ

उकासना–ਉਕਾਸਨਾ, ਕ੍ਰਿ., ਉਭਾਰਨਾ, ਖੋਲਣਾ, ਉੱਪਰ ਨੂੰ ਸੁਟਣਾ

उकीरना–ਉਕੀਰਨਾ, ਕ੍ਰਿ., ਖੋਦਣਾ, ਉਖਾੜਨਾ, ਨੋਚਣਾ

उकुसना–ਉਕੁਸਨਾ, ਕ੍ਰਿ., ਉਜਾੜਨਾ, ਉਧੇੜਨਾ

उकेलना–ਉਕੇਲਨਾ, ਕ੍ਰਿ., ਉਚੇੜਨਾ, ਨੋਚਣਾ, ਛਿੱਲਣਾ, ਤਹਿ ਅਲੱਗ ਕਰਵਾਉਣੀ

उकेला–ਉਕੇਲਾ, ਇ., ਰੱਸੀ ਦੀ ਆਕੜ, ਤਹਿ ਕੰਬਲ ਦਾ ਬਾਣਾ

उक्ति–ਉਕ੍ਤਿ. ਇ., ਕਥਨ, ਬਚਨ, ਇਸ਼ਾਰਾ, ਬਿਆਨ

उक्ष–ਉਕਸ਼, ਵਿ., ਬਹੁਤ, ਵਡਾ, ਸ਼ੁੱਧ

उखटना–ਉਖਟਨਾ, ਕ੍ਰਿ., ਲੜਖੜਾਉਣਾ, ਹੌਲੀ ਹੌਲੀ ਚਲਣਾ

उखम–ਉਖਮ, ਪੁ., ਗਰਮੀ, ਤਾਪ, ਤਾਅ

उखमज–ਉਖਮਜ, ਵਿ., ਗਰਮੀ ਤੋਂ ਉਤਪੰਨ, ਪੁ., ਹਲਚਲ

उखर–ਉਖਰ. ਪੁ., ਹਲ ਦੀ ਪੂਜਾ ਜਿਸ ਨੂੰ ਕਿਰਸਾਨ ਗੰਨਾ ਬੀਜਣ ਤੋਂ ਮਗਰੋਂ ਕਰਦੇ ਹਨ

उखलना–ਉਖਲਨਾ, ਕ੍ਰਿ:, ਖੌਲਣਾ, ਉਬਲ਼ਣਾ, ਗਰਮ ਹੋਣਾ

उखाड़–ਉਖਾੜ, ਪੁ., ਪੁੱਟਣ, ਪੁੱਟਣ ਦਾ ਕੰਮ, ਕੁਸ਼ਤੀ ਦਾ ਇਕ ਦਾਉ

उखारी–ਉਖਾਰੀ, ਇ., ਕਮਾਦ ਦਾ ਖੇਤ. ਗੰਨੇ ਦੀ ਖੇਤੀ

उखेलना–ਉਖੇਲਨਾ, ਕ੍ਰਿ., ਲਿਖਣਾ, ਚਿਤ੍ਰ ਬਣਾਉਣਾ

उगटना–ਉਗਟਨਾ, ਕ੍ਰਿ., ਖੋਲਣਾ, ਉਘੇੜਨਾ, ਮਖੌਲ ਉਡਾਉਣਾ

उगदना–ਉਗਦਨਾ, ਕ੍ਰਿ., ਬੋਲਣਾ, ਦਸਣਾ, ਆਖਣਾ, ਕਹਿਣਾ, ਵਾਚਣਾ

उगना–ਉਗਨਾ, ਕ੍ਰਿ., ਨਿਕਲਣਾ, ਪਰਗਟ ਹੋਣਾ, ਅੰਗੂਰ ਫੁਟਣਾ, ਜੰਮਣਾ, ਉਤਪੰਨ ਹੋਣਾ, ਪੈਦਾ ਹੋਣਾ

उगार–ਉਗਾਰ. ਪੁ., ਥੁੱਕ, ਖੰਘਾਰ, ਨੁਚੜਿਆ ਹੋਇਆ ਪਾਣੀ

उगाला–ਉਗਾਲਾ, ਪੁ., ਬੂਟੇ ਨੂੰ ਖਾ ਜਾਣ ਵਾਲਾ ਇਕ ਕੀੜਾ

उग्र–ਉੱਗ੍ਰ, ਵਿ., ਪਰਚੰਡ, ਰਿੱਲਤੀ, ਤਿੱਖਾ, ਨਿਰਦਈ, ਗਰਮ ਪੁ., ਸ਼ਿਵ, ਮਹਾਦੇਵ, ਵਿਸ਼ਨੂੰ, ਸੂਰਜ, ਸੁਹਾਂਜਣੇ ਦਾ ਬੂਟਾ, ਮਾਲਾਵਾਰ ਦੇਸ

उग्रगन्धा–ਉਗ੍ਰਗੰਧਾ, ਇ., ਬਚ, ਪਾਨ ਦੀ ਜੜ

उग्रगन्धी–ਉਗੱਰਗੰਧੀ, ਵਿ., ਤੇਜ਼ ਖੁਸ਼ਬ ਵਾਲਾ, ਖੁਸ਼ਬੂਦਾਰ,

ਸੁਗੰਧਤ

उग्रता–ਉੱਗ੍ਰਤਾ, ਇ., ਤੇਜ਼ੀ, ਕੌੜਾਪਣ

उघटना–ਉਘਟਨਾ, ਕ੍ਰਿ.. ਖੋਲਣਾ, ਉਦਘਾਟਨ ਕਰਨਾ, ਉਭਾਰਨਾ, ਮਖੌਲ. ਉਡਾਉਣਾ, ਨਿੰਦਿਆ ਕਰਨੀ, ਖੋਟੀ ਖਰੀ ਸੁਣਾਉਣਾ

उघटा–ਉਘਟਾ, ਵਿ., ਖੋਲਣ ਵਾਲਾ, ਕੀਤੀ ਭਲਾਈ ਨੂੰ ਮੁੜ ਮੁੜ ਕੇ ਦੱਸਣ ਵਾਲਾ

उघड़ना–ਉਘੜਨਾ, ਕ੍ਰਿ., ਖੁਲ੍ਹਣਾ, ਨੰਗਾ ਹੋ ਜਾਣਾ, ਪਰਕਾਸ਼ਤ ਹੋਣਾ, ਪਰਗਟ ਹੋਣਾ

उघन्नी–ਉਘੰਨੀ, ਇ., ਕੁੰਜੀ, ਚਾਬੀ

उघरारा–ਉਘਰਾਰਾ, ਵਿ., ਖੁਲ੍ਹਿਆ ਹੋਇਆ

उघाई–ਉਘਾਈ, ਇ., ਮਹਿਸੂਲ ਲੈਣ ਦੀ ਕਿਰਿਆ, ਜੋੜਿਆ ਜਾਣ ਵਾਲਾ ਧਨ

उघाना–ਉਘਾਨਾ,ਕ੍ਰਿ.,ਇਕੱਠਾ ਕਰਨਾ,ਜੋੜਨਾ,ਮੇਲਣਾ,ਮਿਲਾਉਣਾ

उचकन–ਉਚਕਨ, ਪੁ., ਆੜ, ਓਹਲਾ, ਟੇਕ, ਆਸਰਾ, ਇੱਟ ਦਾ ਟੁਕੜਾ, ਠੁੰਮਣਾ, ਸਹਾਰਾ

उचकना–ਉਚਕਨਾ, ਕ੍ਰਿ., ਖੋਹਣਾ, ਦਬਾਉਣਾ, ਲੈ ਨਸਣਾ, ਕੁੱਦਣਾ, ਉਛਲਣਾ, ਪੱਬਾਂ ਭਾਰ ਖਲੋਣਾ, ਲਲਚਾਉਣਾ, ਬਹੁਤਾ ਮੁੱਲ ਦੇਣਾ

उचका–ਉਚਕਾ, ਕ੍ਰਿ. ਵਿ., ਇਕੱਲਾ

उचकौना–ਉਚਕੌਨਾ, ਵਿ., ਖੋਹਣ ਵਾਲਾ, ਪੱਬਾਂ ਭਾਰ ਖੜਾ ਹੋਣ ਵਾਲਾ

उचटना–ਉਚਟਨਾ,ਕ੍ਰਿ., ਗਿਰਨਾ, ਪਲਟਣਾ, ਕੁੱਦਣਾ, ਸਰਕਣਾ, ਧੜਕਣਾ, ਗੁੰਸੇ ਹੋਣਾ

उचटाना–ਉਚਟਾਨਾ, ਕ੍ਰਿ., ਵੰਡਣਾ, ਵੱਖ ਕਰਨਾ, ਭੜਕਾਉਣਾ, ਨਿਰਾਸ ਕਰਨਾ

उचन–ਉਚਨ, ਇ., ਉਭਾਰ, ਉਠਾਣ

उचना–ਉਚਨਾ, ਪੁ., ਉੱਚੇ ਜਾਣ, ਉੱਤੇ ਉਠਾਣ

उचरंग–ਉਚਰੰਗ, ਪੁ., ਇਕ ਤਰ੍ਹਾਂ ਦਾ ਪਤੰਗਾ, ਫੰਘਾਂ ਵਾਲਾ ਕੀੜਾ

उचरना–ਉਚਰਨਾ, ਕ੍ਰਿ., ਉਚਾਰਨ ਕਰਨਾ, ਬਲਣਾ

उचाट–ਉਚਾਟ. ਪੁ., ਬੇਚੈਨੀ, ਨਿਰਾਸਾ, ਥਕੇਵਾਂ, ਉਪਾਉ. ਦੁਖ

उचाटी–ਉਚਾਟੀ, ਵਿ., ਉਦਾਸ, ਬੇਚੈਨ, ਵਿਆਕੁਲ

उचाना–ਉਚਾਨਾ, ਕ੍ਰਿ., ਉੱਚਾ ਕਰਨਾ, ਉੱਤੇ ਕਰਨਾ

उचापत–ਉਚਾਪਤ, ਇ., ਵਿਸਵਾਸ਼, ਧੋਖਾ, ਛਲ

उचावा–ਉਚਾਵਾ, ਪੁ., ਸੁਪਨੇ ਵਿਚ ਬੋਲਣ ਦੀ ਕਿਰਿਆ

उचित–ਉਚਿਤ, ਵਿ., ਜੋਗ, ਠੀਕ, ਸਹੀ, ਦਰੁਸਤ

उचौहा–ਉਚੋਹਾ, ਵਿ., ਉੱਚਾ ਉਭਰਿਆ ਹੋਇਆ, ਉਤਾਹਾਂ ਨੂੰ ਉਠਿਆ ਹੋਇਆ

उच्च–ਉੱਚ, ਵਿ., ਵੱਡਾ, ਸ੍ਰੇਸ਼ਟ, ਉੱਚਾ

उच्चटा–ਉੱਚਟਾ, ਇ., ਲਾਲ ਰੱਤਕ, ਘੁੰਗਚੀ, ਰੱਤੀ, ਲਾਲੜੀ

उच्चतम–ਉੱਚਤਮ, ਵਿ., ਸਭ ਤੋਂ ਉੱਚਾ

उच्चतरू–ਉੱਚਤਰੂ, ਪੁ., ਨਾਰੀਅਲ, ਬਰੋਟਾ

उच्चता–ਉੱਚਤਾ, ਇ., ਉਚਾਈ, ਵਡੱਪਣ

उच्चभाषी–ਉੱਚਭਾਸ਼ੀ, ਵਿ., ਜ਼ੋਰ ਨਾਲ ਬੋਲਣ ਵਾਲਾ, ਉੱਚਾ ਬੋਲਣ ਵਾਲਾ

उच्चारण–ਉੱਚਾਰਣ, ਪੁ., ਕਥਨ, ਸ਼ਬਦ ਵਰਤੋਂ, ਬੋਲਣ ਦਾ ਕੰਮ

उच्चारित–ਉੱਚਾਰਿਤ, ਵਿ., ਕਹਿਆ ਹੋਇਆ, ਉੱਚਰਿਆ ਹੋਇਆ

उच्चावच–ਉੱਚਾਵਚ, ਵਿ., ਉੱਚਾ ਨੀਵਾਂ

उच्चैश्रवा–ਉਚੈਸ਼੍ਰਵਾ, ਪੁ., ਖੜ੍ਹੇ ਕੰਨ, ਸਫੇਦ ਰੰਗ, ਸਤ ਮੂਹਾਂ ਵਾਲਾ ਇੰਦਰ ਦਾ ਘੋੜਾ ਜੋ ਸਮੁੰਦਰ ਰਿੜਕਣ ਨਾਲ ਨਿਕਲਿਆ ਸੀ, ਵਿ., ਬੋਲਾ, ਉੱਚਾ ਸੁਣਨ ਵਾਲਾ, ਘਟ ਸੁਣਨ ਵਾਲਾ, ਜਿਸ ਨੂੰ ਘਟ ਸੁਣੇ

उच्छ–ਉੱਛ, ਇ., ਔਖਾ ਸਾਹ, ਇਕ ਤਰ੍ਹਾਂ ਦੀ ਖੰਘ ਜੋ ਖਾਣ-ਪੀਣ ਵੇਲੇ ਗਲ ਵਿਚ ਕੁਝ ਰੁਕ ਜਾਣ ਕਰਕੇ ਆਇਆ ਕਰਦੀ ਹੈ

उच्छिन्न–ਉੱਛਿੰਨ, ਵਿ., ਜੜ੍ਹਾਂ ਤੋਂ ਪੁੱਟਿਆ ਹੋਇਆ, ਨੀਵਾਂ, ਨਸ਼ਟ, ਬਰਬਾਦ

उच्छिष्ट–ਉੱਛਿਸ਼੍ਟ, ਵਿ., ਖਾਣ ਤੋਂ ਮਗਰੋਂ ਬਚਿਆ ਹੋਇਆ, ਜੂਠ, ਦੂਜੇ ਦੀ ਵਰਤੋਂ ਵਿਚ ਆਇਆ ਹੋਇਆ, ਅਪਵਿੱਤਰ ਪੁ., ਜੂਠੀ ਚੀਜ਼, ਸ਼ਹਿਦ

उच्छृंखल–ਉੱਛ੍ਰਿੰਖਲ, ਵਿ., ਅਵਾਰਾ, ਨਿਜਮ ਰਹਿਤ,ਮਨ ਮੌਜੀ, ਗੁੰਡਾ

उच्छ्रित–ਉੱਛ੍ਰਿਤ, ਵਿ., ਉੰਨਤ, ਉੱਠਿਆ ਹੋਇਆ, ਉਭਰਿਆ ਹੋਇਆ, ਉਛਲਿਆ ਹੋਇਆ

उच्छ्वसित–ਉੱਛ੍ਵਸਿਤ, ਵਿ., ਖਿੜਿਆ, ਪਰਫੁੱਲਤ, ਕੰਬਦਾ ਹੋਇਆ, ਹਫਦਾ ਹੋਇਆ

उच्छ्वास–ਉੱਛ੍ਵਾਸ, ਪੁ., ਉਪਰ ਨੂੰ ਖਿਚਿਆ ਹੋਇਆ ਸੁਆਸ, ਫੁਰਤੀਲਾਪਣ, ਪਰਕਰਣ, ਅਧਿਆਇ, ਗ੍ਰੰਥ ਦਾ ਹਿੱਸਾ

उछंग–ਉਛੰਗ. ਪੁ., ਗੋਦ, ਕਰੋਧ, ਹਿਰਦਾ

उछकना–ਉਛਕਨਾ. ਕ੍ਰਿ., ਚੌਂਕਣਾ, ਹੈਰਾਨ ਹੋਣਾ

उछलकूद–ਉਛਲਕੂਦ, ਇ., ਨੱਸ ਭੱਜ, ਖੇਲ ਕੁਦ, ਮੌਜ ਮੇਲਾ

उछलना–ਉਛਲਨਾ, ਕ੍ਰਿ., ਛਾਲ ਮਾਰਨੀ, ਕੁੱਦਣਾ, ਟਪਣਾ, ਉੱਪਰ ਨੂੰ ਕੁੱਦ ਕੇ ਹੇਠ ਨੂੰ ਆਉਣਾ, ਛੇਤੀ ਨਾਲ ਬਾਹਰ ਆਉਣਾ, ਅਨੰਦ ਕਰਨਾ, ਖੁਸ਼ੀ ਨਾਲ ਫੁਲਣਾ, ਉਭਰਨਾ, ਉਤਰਨਾ, ਕਰੋਧ ਨਾਲ ਤਪਣਾ, ਤੜਫਣਾ

उछांटना–ਉਛਾਂਟਨਾ, ਕ੍ਰਿ., ਹਟਾਉਣਾ, ਭਜਾਉਣਾ, ਨਸਾਉਣਾ

उछार, उछाल–ਉਛਾਰ, ਉਛਾਲ, ਇ., ਨੱਸ ਟੱਪ, ਕਰੋਧ, ਜੁੱਧ, ਲੜਾਈ, ਉਲਟੀ, ਪਾਣੀ ਦਾ ਛਿੱਟਾ

उछीड़–ਉਛੀੜ, ਇ., ਘਾਟ, ਕਮੀ, ਹੋਛਾ ਪਣ

उछीनना–ਉਛੀਨਨਾ, ਕ੍ਰਿ., ਨੱਚਣਾ, ਪੁੱਟਣਾ, ਉਖਾੜਨਾ

उछीर–ਉਛੀਰ, ਕ੍ਰਿ. ਵਿ., ਉਸ ਪਾਸੇ, ਉਸ ਤਰਫ

उजका–ਉਜਕਾ, ਪੁ., ਡਰ, ਭੈ, ਖੌਫ,

उजट–ਉਜਟ, ਪੁ., ਕੱਖਾਂ ਕਾਨਿਆਂ ਦੀ ਕੁੱਲੀ, ਝੁੰਬੀ

उजड़ना–ਉਜੜਨਾ, ਕ੍ਰਿ., ਜੜ ਤੋਂ ਪੁਟਣਾ, ਸੁਕਣਾ, ਗਿਰਨਾ, ਲੁਟਣਾ, ਲੋਕੀ ਤੋਂ ਬਿਨਾ ਹੋਣਾ, ਉਜੱੜ ਜਾਣਾ, ਘਰੋਂ ਬੇ ਘਰ ਹੋ ਜਾਣਾ

उजड़वाना–ਉਜੜਵਾਨਾ, ਕ੍ਰਿ., ਉਜਾੜਨਾ, ਨਾਸ ਕਰਨਾ, ਘਰੋਂ ਬੇਘਰ ਕਰ ਦੇਣਾ

उजड़ा–ਉਜੜਾ, ਵਿ., ਨਸ਼ਟ, ਨੀਵਾਂ, ਉਜੜਿਆ ਹੋਇਆ, ਘਰੋਂ ਬੇਘਰ

उजड–ਉਜਡ, ਵਿ.. ਅਸਲੋਂ ਮੂਰਖ, ਬਦਤਮੀਜ਼, ਤੁੱਛ, ਭੈੜਾ, ਬਦਚਲਣ, ਸ਼ਰਾਰਤੀ, ਮਨ ਮੌਜੀ

उजराई–ਤੁਜਰਾਈ, ਇ., ਚਾਨਣੀ, ਉਜਿਆਲੀ, ਚਮਕ, ਸਫਾਈ, ਰੋਸ਼ਨੀ

उज्जलवाना–ਉੱਜਲਵਾਨਾ, ਕ੍ਰਿ., ਲਿਸ਼ਕਾਉਣਾ, ਚਮਕਾਉਣਾ, ਮੈਲ ਦੂਰ ਕਰਾਉਣਾ

उजला–ਉਜਲਾ, ਵਿ., ਉਜਲ, ਨਿਰਮਲ, ਚਮਕੀਲਾ, ਸਾਫ਼, ਪਵਿਤਰ

उजवाना–ਉਜਵਾਨਾ, ਕ੍ਰਿ., ਢਾਲਣਾ, ਖਾਲੀ ਕਰਾਉਣਾ

उजागर–ਉਜਾਗਰ, ਵਿ., ਪਰਗਟ, ਉੱਘਾ, ਚਮਕੀਲਾ,ਪਰਸਿਧ, ਮਸ਼ਹੂਰ

उजाड़–ਉਜਾੜ, ਪੁ., ਜੰਗਲ, ਰੋਹੀ. ਬੀਆਬਾਨ, ਨਾਸ਼, ਵਿਗਾੜ ਸੁੰਨਸਾਨ, ਉਹ ਥਾਂ ਜਿਥੇ ਵਸੋਂ ਨਾ ਹੋਵੇ

उजाड़ना–ਉਜਾੜਨਾ, ਕ੍ਰਿ., ਪੁਟਣਾ, ਨਾਸ ਕਰਨਾ, ਲੁਟਣਾ, ਕਢਣਾ,ਖਾਲੀ ਕਰਨਾ, ਥੇਹ ਕਰਨਾ, ਉਧੇੜਨਾ, ਤੋੜਨਾ, ਟਕੜੇ ਟਕੜੇ ਕਰਨਾ, ਘਰੋਂ ਬੇਘਰ ਕਰਨਾ

उजार–ਉਜਾਰ, ਪੁ., ਦੇਖੋ ਉਜਾੜ (उजाड़)

उजाला–ਉਜਾਲਾ, ਪੁ., ਰੋਸ਼ਨੀ, ਚਮਕ, ਚਾਨਣ, ਇਕਲੌਤਾ ਪੁੱਤਰ

उजाली–ਉਜਾਲੀ, ਇ., ਪਰਕਾਸ਼, ਚਾਨਣੀ, ਰੋਸ਼ਨੀ

उजावना–ਉਜਾਵਨਾ, ਕ੍ਰਿ., ਚਮਕਾਉਣਾ, ਰਗੜਨਾ, ਮਾਂਜਣਾ, ਸਾਫ ਕਰਨਾ, ਪਰਕਾਸ਼ਤ ਕਰਨਾ

उजूबा–ਉਜੂਬਾ, ਪੁ., ਦੇਖੋ ਅਜੂਬਾ. (अजूबा)

उजूर–ਉਜੂਰ, ਪੁ., ਵਿਰੋਧ, ਮੁਖਾਲਫਤ

उजेर–ਉਜੇਰ, ਪੁ., ਦੇਖੋ ਉਜਾਲਾ (उजाला)

उजेरा, उजेला–ਉਜੇਰਾ, ਉਜੇਲਾ, ਪੁ., ਪਰਕਾਸ਼, ਚਾਨਣ, ਰੋਸ਼ਨੀ

उज्जयिनी–ਉੱਜਯਿਨੀ, ਇ., ਮਾਲਵਾ ਦੇਸ਼ ਦੀ ਪੁਰਾਣੀ ਰਾਜਧਾਨੀ, ਉਜੈਨ

उज्जर–ਉੱਜਰ, ਵਿ., ਦੇਖੋ, ਉੱਜਲ, (उज्जल)

उज्जल–ਉੱਜਲ, ਵਿ., ਸਾਫ, ਚਿਟਾ, ਸਫੇਦ, ਨਿਰਮਲ, ਕ੍ਰਿ. ਵਿ., ਨਦੀ ਦੇ ਵਹਿਣ ਵੱਲ

उज्वल–ਉੱਜ੍ਵਲ, ਵਿ., ਚਮਕੀਲਾ, ਸਾਫ, ਸੁਥਰਾ, ਖਿੜਿਆ ਹੋਇਆ, ਸੋਹਣਾ

उज्वलता–ਉਜ੍ਵਲਤਾ, ਇ., ਜੋਤ, ਚਮਕ, ਸੁੰਦਰਤਾ, ਸਫੇਦੀ, ਚਾਨਣੀ

उज्झड़–ਉੱਝੜ, ਵਿ., ਨਿਪਟ ਮੂਰਖ, ਬੇਅਕਲ

उझरना–ਉਝਰਨਾ, ਕ੍ਰਿ., ਉਪਰ ਵਲ ਉਠਣਾ, ਉੱਤੇ ਨੂੰ ਹੋਣਾ

उझिला–ਉਝਿਲਾ, ਇ., ਖੇਤ ਦੀ ਮਿੱਟੀ ਜੋ ਉੱਚੀ ਥਾਂ ਤੋਂ ਚੱਕੀ ਗਈ ਹੋਵੇ

उटकना-ਉਟਕਨਾ, ਕ੍ਰਿ., ਉਛਲਣਾ, ਟੱਪਣਾ, ਕੁੱਦਣਾ, ਅਨੁਮਾਨ ਕਰਨਾ, ਅੰਦਾਜ਼ਾ ਲਾਉਣਾ

उटकनाटक–ਉਟਕਨਾਟਕ, ਵਿ., ਅਣੋਖਾ, ਹੈਰਾਨੀ ਵਾਲਾ, ਨਿਰਾਲਾ

उटज–ਉਟਜ, ਪੁ., ਕੁੰਲੀ, ਝੋਂਪੜੀ, ਝੁੰਬੀ

उटड़पा–ਉਟੜਪਾ, ਪੁ , ਬੈਲ ਗੱਡੀ ਦਾ ਟੇਟੂਆ

उठंगन–ਉਠੰਗਨ, ਪੁ., ਆੜ, ਆਸਰਾ, ਓਟ, ਥਮ੍ਹੀ, ਸਹਾਰਾ

उठंगल–ਉਠੰਗਲ, ਵਿ., ਮੂਰਖ, ਬੇ ਅਕਲ, ਬੇਵਕੂਫ

उठक–ਉਠਕ, ਇ., ਤਰੱਕੀ, ਉੱਚੇ ਹੋਣ ਦਾ ਭਾਵ

उठना–ਉਠਨਾ, ਕ੍ਰਿ., ਉਭਰਣਾ, ਰਗੜਖਾਣਾ, ਜਾਗਣਾ, ਖੜ੍ਹੇ ਹੋਣਾ

उठल्लू–ਉਠੱਲੂ.ਵਿ., ਆਵਾਰਾਗਰਦ, ਐਵੇਂ ਫਿਰਨ ਤੁਰਨ ਵਾਲਾ

उठाईगीरा–ਤੁਠਾਈਗੀਰਾ, ਪੁ., ਉਚੱਕਾ, ਚੋਰ, ਗੰਢਾਂ ਚੁਕਣ ਵਾਲਾ

उड़ंक–ਉੜੰਕ, ਵਿ., ਬਹੁਤ ਉਡਣ ਵਾਲਾ, ਕਾਹਲੀ ਨਾਲ ਕੰਮ ਕਰਨ ਵਾਲਾ, ਨੱਸਣ ਭੱਜਣ ਵਾਲਾ, ਉਡਾਰ

उड़–ਉੜ, ਪੁ.. ਤਾਰਾ

उड़द–ਉੜਦ, ਪੁ., ਮਾਂਹ, ਇਕ ਤਰ੍ਹਾਂ ਦਾ ਅੰਨ

उड़नखाई–ਉੜਨਖਾਈ, ਇ., ਛਲ, ਫਰੇਬ, ਧੋਖਾ

उड़प–ਉੜਪ, ਪੁ., ਨੱਚਣ ਦੀ ਇਕ ਵਿਧੀ, ਨਾਚ ਦਾ ਇਕ ਢੰਗ

उड़पति–ਉੜਪਤਿ, ਪੁ., ਚੰਨ, ਚੰਦਰਮਾ

उड़व–ਉੜਵ, ਪੁ., ਇਕ ਰਾਗ ਜਿਸ ਵਿਚ ਕੇਵਲ ਪੰਜਾਂ ਸੁਰਾਂ ਦੀ ਵਰਤੋਂ ਹੁੰਦੀ ਹੈ

उड़ाल–ਉੜਾਲ, ਇ., ਕਚਨਾਰ ਦੇ ਬੂਟੇ ਦੀ ਛਿੱਲੜ

उड़ास–ਉੜਾਸ, ਇ., ਰਹਿਣ ਦੀ ਥਾਂ, ਨਿਵਾਸ ਸਥਾਨ, ਵਸੋਂ ਦੀ ਥਾਂ

उडु–ਉੜੁ, ਪੁ., ਨਛੱਤਰ, ਤਾਰਾ, ਪੰਛੀ, ਪਾਣੀ

उडुपति–ਉੜੁਪਤਿ, ਪੁ., ਚੰਨ, ਚਦਰਮਾ, ਸਮੁੰਦਰ, ਵਰੁਣ

उडुप्रिया–ਉੜੁਪ੍ਰਿਯਾ, ਇ., ਕੰਵਲਨੀ, ਭੰਬੂਲ, ਨੀਲੋਫਰ

उड़ैनी–ਉੜੈਨੀ, ਇ., ਟਟਹਿਣਾ, ਜੁਗਨੂ, ਪਟਵੀਜਣਾ

उड़ौहा–ਉੜੌਹਾ, ਵਿ., ਉੱਡਣ ਵਾਲਾ

उढरी–ਉੱਡੀ, ਇ., ਖਾਨਾ ਬਦੋਸ਼ ਔਰਤ, ਅਵਾਰਾ ਤੀਵੀਂ

उढकन–ਉਢਕਨ, ਇ., ਆਸਰਾ, ਸਹਾਰਾ, ਸਰ੍ਹਾਣਾ, ਤਕੀਆ

उढारना–ਉਢਾਰਨਾ, ਕ੍ਰਿ., ਕਿਸੇ ਦੀ ਤੀਵੀਂ ਨੂੰ ਉਧਾਲ ਕੇ ਲੈ

ਜਾਣਾ, ਉਧਾਲਣਾ

उढावनी–ਉਢਾਵਨੀ, ਇ., ਚੱਦਰ, ਦੁਪੱਟਾ, ਓਢਨੀ

उतंग–ਉਤੰਗ, ਵਿ., ਉੱਚਾ, ਵੱਡਾ, ਉੱਚੇ ਦਰਜੇ ਦਾ

उतन्ना–ਉਤੰਨਾ, ਪੁ. ਕੰਨ ਵਿਚ ਪਾਉਣ ਦੀ ਵਾਲੀ, ਕੰਨ ਦਾ ਗਹਿਣਾ

उतपात–ਉਤਪਾਤ, ਪੁ., ਝਗੜਾ, ਰੌਲਾ, ਬਖੇੜਾ, ਸ਼ਰਾਰਤ, ਔਲੋ

उतपातना–ਉਤਪਾਤਨਾ. ਕ੍ਰਿ. ਉਪਜਾਉਣਾ, ਪੈਦਾ ਕਰਨਾ

उतमंग–ਉਤਮੰਗ. ਪੁ., ਮਸਤਕ, ਮੱਥਾ

उतरन–ਉਤਰਨ, ਇ., ਫਟਿਆ ਪੁਰਾਣਾ ਕਪੜਾ, ਉਹ ਚੀਜ਼ ਜੋ ਮੁੜ ਵਰਤੋਂ ਵਿਚ ਨਾ ਆਵੇ

उतरा–ਉਤਰਾ, ਵਿ., ਘਟਿਆ ਹੋਇਆ

उतराई–ਉਤਰਾਈ, ਇ., ਨਦੀ ਤੋਂ ਪਾਰ ਉਤਰਣ ਦੀ ਮਜ਼ਦੂਰੀ, ਘਾਟੀ ਤੋਂ ਉਤਰਣ ਦਾ ਭਾਵ

उतरायल–ਉਤਰਾਯਲ, ਵਿ., ਪਹਿਨਿਆ ਹੋਇਆ, ਉਤਾਰ

उतरास–ਉਤਰਾਸ, ਇ., ਉਤਰਣ ਦੀ ਇੱਛਿਆ

उतान–ਉਤਾਨ, ਵਿ., ਪਿੱਠ ਪਰਨੇ, ਚਿੱਤ

उतायल–ਉਤਾਯਲ, ਪੁ., ਛੇਤੀ, ਸ਼ੀਘਰਤਾ, ਉਤਾਵਲੀ ਕਾਹਲੀ

उतायली–ਉਤਾਯਲੀ, ਵਿ., ਦੇਖੋ ਉਤਾਵਲੀ (उतावली)

उतार–ਉਤਾਰ, ਪੁ., ਉਪਰ ਤੋਂ ਹੇਠਾਂ, ਘਾਟਾ, ਕਮੀ, ਕੀਮਤ, ਘਟਨ ਦੀ ਕਿਰਿਆ, ਖਰਚ ਦੀ ਕਮੀ, ਨਾਸ਼, ਉਤਰਨ ਵਾਲੀ ਥਾਂ, ਕਿਸੇ ਚੀਜ਼ ਦੀ ਮੁਟਾਈ, ਸਮੁੰਦਰ ਦਾ ਭਾਟਾ, ਟੋਟਕਾ, ਉਤਾਰਾ, ਅਸਲ ਦੀ ਨਕਲ

उतारन–ਉਤਾਰਨ, ਪੁ., ਪਾਇਆ ਕਪੜਾ ਜੋ ਪੁਰਾਣਾ ਹੋ ਗਿਆ ਹੋਵੇ, ਨਛਾਵਰ ਉਤਾਰਾ, ਤੁੱਛ ਪਦਾਰਥ

उतारना–ਉਤਾਰਨਾ, ਕ੍ਰਿ., ਉਪਰ ਤੋਂ ਹੇਠਾਂ ਕਰਨਾ, ਫੋਟੋ ਲਾਹੁਣੀ

उतारू–ਉਤਾਰੂ, ਵਿ., ਜੋ ਆਪਣੇ ਥਾਂ ਤੋਂ ਹਿਲ ਜਾਏ, ਤਿਆਰ, ਉਤਾਰਣ ਵਾਲਾ

उताल–ਉਤਾਲ, ਕ੍ਰਿ. ਵਿ., ਕਾਹਲੀ ਨਾਲ, ਝਟ ਪਟ, ਤੁਰਤ ਫੁਰਤ, ਇ., ਰਫਤਾਰ, ਛੇਤੀ

उताली–ਉਤਾਲੀ, ਵਿ., ਦੇਖੋ ਉਤਾਲ (उताल)

उतावल–ਉਤਾਵਲ, ਇ., ਬੇਚਨੀ, ਹਿੰਮਤ. ਕਾਹਲਾਪਣ, ਘਬਰਾਹਟ

उतावली–ਉਤਾਵਲੀ, ਇ., ਛੇਤੀ, ਜਲਦੀ, ਕਾਹਲੀ, ਚਪਲਤਾ, ਬੇਚੈਨੀ

उतृण–ਉਤ੍ਰਿਣ, ਵਿ., ਜਿਸ ਦਾ ਕਰਜਾ ਲਥ ਗਿਆ ਹੋਵੇ, ਸੁਰਖਰੂ

उत्कट–ਉਤਕਟ, ਵਿ., ਮਤਵਾਲਾ, ਬੇਚੈਨ

उत्कण्ठ–ਉਤਕੰਠ, ਵਿ., ਜੋ ਧੌਣ ਉੱਚੀ ਰੱਖੇ, ਹੈਂਕੜ ਬਾਜ਼, ਅਭਮਾਨੀ

उत्कण्ठा–ਉਤਕੰਠਾ, ਇ., ਬੇਚੈਨੀ, ਉਤਾਵਲੀ, ਕਿਸੇ ਕਮ ਦੇ ਕਰਨ ਦੀ ਚਾਹਨਾ ਤੇ ਕਾਹਲੀ

उत्कम्प–ਉਤਕੰਪ, ਪੁ., ਕਾਂਬਾ, ਦੰਦ ਵਜਣ ਦੀ ਕਿਰਿਆ, ਦੰਦੋੜਿਕਾ, ਕੰਬਣੀ, ਥਰਥਰਾਹਟ

उत्कर्ष–ਉਤਕਰਸ਼, ਪੁ., ਵਡਿਆਈ, ਉੱਚਤਾ.ਸ੍ਰੇਸ਼ਟਤਾ,ਪਰਸ਼ੰਸਾ ਅਭਿਮਾਨ, ਸ਼ੇਖੀ

उत्कर्षक–ਉਤਕਰਸ਼ਕ, ਵਿ., ਉਘਾੜਣ ਵਾਲਾ, ਉਨੰਤੀ ਕਰਨ ਵਾਲਾ, ਭਾਗਵਾਨ

उत्कल–ਉਤਕਲ, ਪੁ., ਉੜੀਸਾ ਪ੍ਰਾਂਤ

उत्कृष्ट–ਉਤਕ੍ਰਿਸ਼੍ਟ, ਵਿ., ਸ੍ਰੇਸ਼ਟ, ਉੱਤਮ, ਉਚੇ ਉਹਦੇ ਵਾਲਾ, ਖਿਚਿਆ ਹੋਇਆ

उत्क्रान्ति–ਉਤਕ੍ਰਾਂਤਿ, ਇ., ਉਲੰਘ. ਉਭਾਰ, ਅੱਗੇ ਵਧਣ ਦੀ ਹਾਲਤ

उतंग–ਉਤੰਗ, ਵਿ., ਉੱਚਾ

उत्त–ਉੱਤ, ਪੁ., ਹੈਰਾਨੀ, ਸ਼ਕ, ਅਚੰਭਾ, ਚਕਮਾ

उत्तप्त–ਉੱਤਪ੍ਤ, ਵਿ., ਦੁਖੀ, ਕਲੇਸੀ, ਕਰੋਧੀ, ਗੁਸੈਲ

उत्तम–ਉੱਤਮ, ਵਿ., ਸ੍ਰੇਸ਼ਟ, ਵੱਡਾ, ਵਧੀਆ

उत्तमगंधा–ਉੱਤਮਗੰਧਾ, ਇ., ਚਮੇਲੀ

उत्तम श्लोक–ਉੱਤਮ ਸ਼ਲੋਕ, ਵਿ., ਜਿਸ ਨੂੰ ਲੋਕ ਚੰਗਾ ਸਮਝਣ, ਪਰਸਿੱਧ, ਪੁੰਨ, ਭਗਵਾਨ, ਪੁ., ਨਾਰਾਇਣ, ਵਿਸ਼ਨੂੰ, ਸੁਖਮਨੀ

उत्तमतया–ਉੱਤਮਤਯਾ, ਕ੍ਰਿ. ਵਿ., ਭਲੀ ਭਾਂਤ, ਚੰਗੀ ਤਰ੍ਹਾਂ, ਭਲੀ ਪਰਕਾਰ

उत्तमता–ਉੱਤਮਤਾ, ਇ., ਸ਼੍ਰੇਸ਼ਟਤਾ, ਭਲਾਈ, ਅਛਾਈ

उत्तमपुरुष–ਉੱਤਮਪੁਰੁਸ਼, ਪੁ., ਇੱਜ਼ਤ ਵਾਲਾ ਬੰਦਾ, ਚੰਗੇ ਚਾਲ ਚਲਣ ਵਾਲਾ ਬੰਦਾ, ਭਲਾਮਾਣਸ ਆਦਮੀ

उत्तमांग–ਉੱਤਮਾਂਗ, ਪੁ., ਸਿਰ, ਮੱਥਾ

उत्तमोत्तम–ਉਤਮੋਤੱਮ, ਵਿ., ਚੰਗੇ ਤੋਂ ਚੰਗਾ, ਬਹੁਤ ਚੰਗਾ ਵਧੀਆ

उत्तर–ਉੱਤਰ, ਪੁ.,ਇਕ ਦਿਸ਼ਾ, ਜਵਾਬ, ਬਦਲਾ, ਰਾਜਾ ਵਿਰਾਟ ਦਾ ਪੁੱਤਰ

उत्तरक्रिया–ਉੱਤਰਕ੍ਰਿਯਾ, ਇ., ਮੁਰਦਾ ਸਾੜਨ ਤੋਂ ਮਗਰੋਂ ਦੀ ਰਸਮ

उत्तरदाता–ਉੱਤਰਦਾਤਾ, ਵਿ., ਉੱਤਰ ਦੇਣ ਵਾਲਾ, ਜਵਾਬ ਦੇਹੀ

उत्तरदायित्व–ਉੱਤਰਦਾਯਿਤ੍ਵ, ਪੁ., ਜ਼ਿਮੇਵਾਰੀ

उत्तरा–ਉੱਤਰਾ, ਇ., ਰਾਜੇ ਵਿਰਾਟ ਦੀ ਧੀ ਜਿਸ ਦਾ ਵਿਆਹ ਅਭਿਮੰਨਯੂ ਨਾਲ ਹੋਇਆ ਸੀ

उत्तरोत्तर–ਉੱਤਰੋਤਰ, ਵਿ., ਇਕ ਤੋਂ ਮਗਰੋਂ ਦੂਜਾ, ਅਵਜ., ਹੌਲੀ-ਹੌਲੀ, ਸਿਲਸਿਲੇਵਾਰ, ਤਰਤੀਬ ਨਾਲ

उत्तराखंड–ਉੱਤਰਾਖੰਡ, ਪੁ., ਹਿਮਾਲਾ ਦੇ ਨਜ਼ੀਕ ਦਾਂ ਉੱਤਰ ਵਾਲਾ ਪਾਸਾ,

उत्तराधिकार–ਉੱਤਰਾਧਿਕਾਰ, ਪੁ., ਵਰਾਸਤ, ਹੱਕ, ਵਿਰਸਾ

उत्तराधिकारी–ਉਤਰਾਧਿਕਾਰੀ, ਪੁ., ਵਾਰਿਸ, ਹੱਕੀ

उत्तरायण–ਉੱਤਰਾਯਣ, ਪੁ., ਸੂਰਜ ਦਾ ਉੱਤਰ ਵਲ ਜਾਣ ਦਾ ਭਾਵ, ਮਾਘ ਦੀ ਸੰਗਰਾਂਦ ਤੋਂ ਛੇ ਮਹੀਨੇ ਤਕ ਦਾ ਸਮਾ

उत्तरार्ध–ਉੱਤਰਾਰਧ, ਪੁ., ਪਿੱਛਲ ਦਾ ਅੱਧਾ ਭਾਗ, ਕਪੜਾ

उत्ताप–ਉੱਤਾਪ, ਪੁ., ਗਰਮੀ, ਤਾਪ, ਦੁਖ, ਚਿੰਤਾ, ਤੇਜੀ, ਸੋਗ, ਜਤਨ

उत्तारक–ਉੱਤਾਰਕ, ਵਿ., ਪਾਰ ਲਾਉਣ ਵਾਲਾ, ਪਾਰ ਕਰਨ ਵਾਲਾ

उत्ताल–ਉੱਤਾਲ, ਵਿ., ਸਰੇਸ਼ਟ, ਭਾਰੀ, ਤੇਜ, ਕਠਨ, ਔਖਾ

उत्तीर्ण–ਉੱਤੀਰਣ, ਵਿ., ਪਾਰ ਲਗਿਆ ਹੋਇਆ, ਨਿਕਲਿਆ ਹੋਇਆ, ਇਮਤਹਾਨ ਵਿਚ ਪਾਸ, ਮੁਕਤ

उत्तुङ्ग–ਉੱਤੁੰਗ, ਵਿ., ਬਹੁਤ ਉੱਚਾ

उत्तुङ्गता–ਉੱਤੁੰਗਤਾ, ਇ., ਉਚਾਈ, ਉਚੱਤਾ

उत्तू–ਉੱਤੂ, ਪੁ., ਕਪੜੇ ਤੇ ਵੇਲ ਬੂਟੇ ਕਢਣ ਦਾ ਕੰਮ

उत्तेजक–ਉੱਤੇਜਕ,ਵਿ.,ਹੱਲਾ ਸ਼ੇਰੀ ਦੇਣ ਵਾਲਾ,ਹੌਸਲਾ ਵਧਾਊ, ਭੜਕਾਉਣ ਵਾਲਾ,

उत्तेजित–ਉੱਤੇਜਿਤ, ਵਿ., ਪਰੇਰਤ, ਉਭਾਰਿਆ ਹੋਇਆ, ਭੜਕਾਇਆ ਹੋਇਆ

उत्थान–ਉੱਥਾਨ, ਪੁ., ਉੱਨਤੀ, ਉੱਦਮ, ਤਰੱਕੀ

उत्पत्ति–ਉਤਪੱਤਿ, ਇ., ਪੈਦਾਵਾਰ, ਜਨਮ, ਉਪਜ, ਆਰੰਭ, ਲਾਭ

उत्पन्न–ਉਤਪੰਨ, ਵਿ., ਪੈਦਾ ਹੋਇਆ, ਜਨਮਿਆ ਹੋਇਆ, ਲੱਭਿਆ ਹੋਇਆ

उत्पल–ਉਤਪਲ, ਪੁ., ਕੰਵਲ, ਪਦਮ

उत्पात–ਉਤਪਾਤ, ਪੁ., ਰੱਬੀ ਕਰੋਪੀ, ਦੁਰਘਟਨਾ, ਪਾਪ, ਉਪੱਦਰ, ਹਲਚਲ

उत्पाती–ਉਤਪਾਤੀ, ਵਿ., ਸ਼ਰਾਰਤੀ, ਇੱਲਤੀ

उत्पादक–ਉਤਪਾਦਕ, ਵਿ., ਪੈਦਾ ਕਰਨ ਵਾਲਾ, ਉਤਪੰਨ ਕਰਨ ਵਾਲਾ, ਕਮਾਉਣ ਵਾਲਾ

उत्पादन–ਉਤਪਾਦਨ, ਪੁ., ਉਤਪੰਨ ਕਰਨ ਦੀ ਕਿਰਿਆ, ਪੈਦਾ ਕਰਨ ਦਾ ਭਾਵ, ਕਮਾਈ

उत्पीड़–ਉਤਪੀੜ ਪੁ., ਸ਼ਰਾਬ ਦੀ ਝੱਗ, ਰੁਕਾਵਟ. ਰੋਕ, ਕਸ਼ਟ, ਦੁਖ

उत्स–ਉਤਸ, ਪੁ., ਸਰੋਤ, ਪਾਣੀ ਦਾ ਚਸ਼ਮਾ, ਸੋਤਾ ਵਹਿਣ

उत्सर्ग–ਉਤਸਰਗ, ਪੁ., ਤਿਆਗ, ਦਾਨ, ਇਨਸਾਫ, ਨਿਆਂ, ਸਮਾਪਤੀ, ਬਖਸੀਸ

उत्सर्जन–ਉਤਸਚਜਨ, ਪੁ., ਦਾਨ, ਤਿਆਗ, ਬਖਸ਼ੀਸ਼

उत्सव–ਉਤਸਵ, ਪੁ., ਖ਼ੁਸ਼ੀ ਦਾ ਕੰਮ, ਆਨੰਦ ਪੁਰਬ, ਤਿਉਹਾਰ ਜਲਸਾ

उत्साह–ਉਤਸਾਹ, ਪੁ., ਉੱਦਮ, ਖ਼ੁਸ਼ੀ, ਉਮੰਗ

उत्साही–ਉਤਸਾਹੀ, ਵਿ., ਉੱਦਮੀ, ਹਿੰਮਤੀ

उत्सुक–ਉਤਸੁਕ, ਵਿ., ਇੱਛਕ, ਵਿਆਕੁਲ, ਬੇਚੈਨ, ਫਿਕਰ ਮੰਦ

उत्सुकता–ਉਤਸੁਕਤਾ, ਇ., ਘਬਰਾਹਟ, ਬੇਚੈਨੀ, ਪਿਆਰ, ਪਛੋਤਾਵਾ

उथल–ਉਥਲ, ਇ., ਅਸਥਿਰਤਾ, ਡਾਵਾਂ ਡੋਲ ਹੋਣ ਦਾ ਭਾਵ

उथलना–ਉਥਲਨਾ, ਕ੍ਰਿ., ਡਾਵਾਂ ਡੋਲ ਹੋਣਾ, ਸਥਿਰ ਨਾ ਰਹਿਣਾ

उथला–ਉਥਲਾ, ਵਿ., ਘਟ ਡੂੰਘਾ, ਛੇਪਰਾ

उथलाना–ਉਥਲਾਨਾ. ਕ੍ਰਿ., ਗੜਬੜ ਕਰਨਾ, ਏਧੱਰ ਉਧੱਰ ਕਰਨਾ

उदक–ਉਦਕ. ਪੁ., ਜਲ, ਪਾਣੀ, ਹਾਥੀ ਬੰਨ੍ਹਣ ਦੀ ਸੰਗਲ

उदकना–ਉਦਕਨਾ, ਕ੍ਰਿ., ਉੱਪਰ ਉਠਣਾ, ਨਿਕਲਣਾ, ਕੁਦਣਾ

उद्गरना–ਉਦਗਰਨਾ, ਕ੍ਰਿ.. ਅੰਦਰੋ ਬਾਹਰ ਨਿਕਲਣਾ, ਖੁਲ੍ਹ ਜਾਣਾ, ਪਰਕਾਸ਼ਤ ਹੋਣਾ, ਬੇਚੈਨ ਹੋਣਾ

उद्गारना–ਉਦਗਾਰਨਾ, ਕ੍ਰਿ., ਬਾਹਰ ਨਿਕਾਲਣਾ, ਉਭਾਰਨਾ, ਭੜਕਾਉਣਾ

उद्गाती–ਉਦਗਾਰੀ, ਵਿ., ਕੈ ਕਰਨ ਵਾਲਾ, ਉਲਟਣ ਵਾਲਾ

उद्ग्र–ਉਦੱਗ੍ਰ, ਵਿ., ਵਿਸ਼ਾਲ, ਵਸੀਹ, ਉੱਚਾ, ਵੱਡਾ

उद्घटना–ਉਦਘਟਨਾ, ਕ੍ਰਿ., ਨਿਕਲਣਾ, ਪਰਗਟ ਹੋਣਾ, ਖੁਲ੍ਹਣਾ

उद्घाटना–ਉਦਘਾਟਨਾ, ਕ੍ਰਿ., ਉਦਘਾਟਨ ਕਰਨਾ, ਆਰੰਭਕ ਰਸਮ ਕਰਨੀ, ਖੋਲ੍ਹਣਾ. ਪਰਕਾਸ਼ਤ ਕਰਨਾ

उदङ्क–ਉਦੰਕ, ਪੁ.. ਘਿਉ ਜਾਂ ਤੇਲ ਪਾਉਣ ਵਾਲਾ ਚੰਮ ਦਾ ਕੁੱਪਾ

उद्थ–ਉਦਥ, ਪੁ., ਸੂਰਜ

उदधि–ਉਦਧਿ. ਪੁ., ਸਮੁੰਦਰ, ਮੇਘ, ਬੱਦਲ, ਕੰਢਾ, ਤਟ, ਝੀਲ, ਘੜਾ

उदपात्र–ਉਦਪਾਤ੍ਰ, ਪੁ., ਗੰਗਾ ਸਾਗਰ. ਲੋਟਾ, ਗੜਵਾ

उद्वस–ਉਦਬਸ, ਵਿ.. ਖਾਲੀ, ਸੁੰਨਾ. ਉਜਾੜ, ਕਿਸੇ ਥਾਂ ਤੋਂ ਹਟਾਇਆ ਹੋਇਆ

उद्भट–ਉਦਭਟ, ਵਿ., ਬਲਵਾਨ. ਸ੍ਰੇਸ਼ਟ, ਗੁਣੀ. ਤਕੜਾ

उद्भार–ਉਦਭਾਰ, ਪੁ.. ਮੀਂਹ ਮੇਘ ਬੱਦਲ

उद्भौत–ਉਦਭੌਤ, ਪੁ.. ਅਣੋਖੀ ਗੱਲ, ਅਚੰਭੇ ਵਾਲੀ ਵਾਰਤਾ

उद्मदना–ਉਦਮਦਨਾ, ਕ੍ਰਿ., ਪਾਗਲ ਹੋਣਾ. ਘਾਬਰਨਾ

उद्मादी–ਉਦਮਾਦੀ, ਵਿ., ਪਾਗਲ, ਬਕਵਾਸੀ, ਗੱਪੀ

उद्य–ਉਦਯ, ਪੁ., ਖੁਸ਼ੀ, ਮੰਗਲ, ਜੋਤੀ, ਉੱਨਤੀ, ਤਰੱਕੀ, ਵਡਿਆਈ

उदर–ਉਦਰ, ਪੁ., ਪੇਟ, ਢਿਡ, ਕਿਸੇ ਚੀਜ਼ ਦਾ ਗੱਭਾ

उदरिणी–ਉਦਰਿਣੀ, ਇ., ਗਰਭਵਤੀ ਤੀਵੀਂ, ਢਿਡ ਹੋਏ ਵਾਲੀ ਤੀਵੀਂ

उदवना–ਉਦਵਨਾ, ਕ੍ਰਿ., ਦਿਸਣਾ, ਪਰਗਟ ਹੋਣਾ

उदवासना–ਉਦਵਾਸਨਾ, ਕ੍ਰਿ., ਉਜੜਨਾ, ਘਰੋਂ ਬੇਘਰ ਹੋਣਾ

उदसना–ਉਦਸਨਾ, ਕ੍ਰਿ., ਉਖੜਨਾ, ਨਾਸ ਹੋਣਾ, ਘਰੋਂ ਬੇਘਰ ਹੋਣਾ

उदस्त–ਉਦਸੁ, ਵਿ., ਸੁਟਿਆ ਹੋਇਆ, ਤਿਆਗਿਆ ਹੋਇਆ

उदात्त–ਉਦੱਤ, ਪੁ., ਇਕ ਤਰ੍ਹਾਂ ਦਾ ਸੁਰ, ਵਿ., ਸੋਹਣਾ, ਪਿਆਰਾ

उदायन–ਉਦਾਯਨ. ਪੁ., ਬਾਗ. ਬਗੀਚਾ, ਫੁਲਵਾੜੀ

उदार–ਉਦਾਰ, ਵਿ , ਦਾਤਾ, ਦੇਣ ਵਾਲਾ, ਉੱਚਾ, ਵੱਡਾ, ਸ੍ਰੇਸ਼ਟ, ਗੰਭੀਰ. ਸਰਲ, ਸਿੱਧਾ, ਮਹਾਤਮਾ, ਸਾਊ

उदाराशय–ਉਦਾਰਾਸ਼ਯ, ਵਿ., ਉੱਚ ਵਿਚਾਰ ਵਾਲਾ, ਚੰਗੇ ਖਿਆਲਾਂ ਦਾ

उदास–ਉਦਾਸ, ਵਿ., ਬੇ ਪਰਵਾਹ, ਵੈਰਾਗੀ

उदासी–ਉਦਾਸੀ, ਪੁ., ਵਿਰਕਤ, ਸਨਿਆਸੀ, ਤਿਆਗੀ, ਨਾਨਕ ਪੰਥੀ, ਸਾਧੂ, ਇ., ਸੁਸਤੀ, ਗ਼ਮੀ, ਵਿਆਕੁਲਤਾ

उदासीन–ਉਦਾਸੀਨ, ਵਿ., ਵੈਰਾਗੀ, ਸੰਸਾਰਕ ਝਗੜਿਆਂ ਤੋਂ ਵੱਖਰਾ

उदासीनता–ਉਦਾਸੀਨਤਾ, ਇ., ਤਿਆਗ, ਵੈਰਾਗੀ, ਉਪਰਾਮਤਾ, ਉਦਾਸੀ, ਵਿ., ਉਦਾਸੀ, ਵੈਰਾਗੀ, ਝਗੜਿਆਂ ਵਿਚ ਨਾ ਪੈਣ ਵਾਲਾ, ਨਾਵਾਕਫ, ਨਿਰਾਲਾ, ਨਿਰਪੱਖ, ਲਾਗ ਲਪੇਟ ਤੋਂ ਬਿਨਾ

उदाहट–ਉਦਾਹਟ, ਇ., ਨੀਲੇ ਰੰਗ ਵਿਚ ਲਾਲੀ ਦੀ ਭਾ

उदाहरण–ਉਦਾਹਰਣ, ਪੁ., ਦ੍ਰਿਸਟਾਂਤ, ਮਿਸਾਲ

उदाहृत–ਉਦਾਹ੍ਰਿਤ, ਵਿ., ਵਰਣਨ ਕੀਤਾ ਹੋਇਆ, ਕਹਿਆ ਹੋਇਆ, ਉਦਾਹਰਣ ਦਿੱਤਾ ਹੋਇਆ

उदित–ਉਦਿਤ, ਵਿ., ਉੱਨਤ, ਉੱਠਿਆ ਹੋਇਆ, ਚੜ੍ਹਿਆ ਹੋਇਆ, ਉਤਪੰਨ, ਨਿਕਲਿਆ ਹੋਇਆ, ਕਹਿਆ ਹੋਇਆ, ਪੈਦਾ ਹੋਇਆ, ਸਵੱਛ, ਪਰਸੰਨ

उदियाना–ਉਦਿਯਾਨਾ, ਕ੍ਰਿ., ਘਬਰਾਉਣਾ, ਡਰਣਾ

उदीपन–ਉਦੀਪਨ, ਪੁ , ਦੇਖੋ ਉੱਦੀਪਨ. (उद्दीपन)

उदुम्बर–ਉਦੁੰਬਰ, ਪੁ., ਗੁੱਲਰ. ਦੇਹਲੀ, ਵਿ , ਨਪੁੰਸਕ, ਨਾ-ਮਰਦ, ਚੌਗਾਠ, ਇਕ ਤਰ੍ਹਾਂ ਦਾ ਕੋਹੜ, ਦੋ ਤੋਲਾ ਵਜਨ

उदै–ਉਦੈ, ਪੁ., ਦੇਖੋ, ਉਦਯ (उदय)

उदोत–ਉਦੋਤ, ਪੁ.. ਪਰਕਾਸ਼, ਰੋਸ਼ਨੀ, ਚਮਕ, ਵਿ., ਪਰਕਾਸ਼ਤ, ਚਮਕੀਲਾ. ਸਾਫ. ਸਫ਼ੇਦ, ਉੱਜਲ

उदोती–ਉਦ੍ਰੋਤੀ, ਵਿ.. ਪਰਕਾਸ਼, ਦੇਣ ਵਾਲਾ, ਰੋਸ਼ਨੀ ਕਰਨ ਵਾਲਾ

उदौ–ਉਦੌ, ਪੁ., ਦੇਖੋ, ਉਦਯ. (उदय)

उद्गार–ਉਦਗਾਰ, ਪੁ., ਕੈ, ਉਲਟੀ. ਡਕਾਰ, ਚੋਣ, ਥੁੱਕ, ਉਚਾਰਣ

उद्गीत–ਉਦਗੀਤ, ਵਿ., ਉੱਚੇ ਸੁਰ ਨਾਲ ਗਾਇਆ ਹੋਇਆ

उद्ग्रीव–ਉਦਗ੍ਰੀਵ, ਵਿ., ਉੱਚੀ ਗਰਦਨ ਵਾਲਾ, ਧੌਣ ਵਾਲਾ

उद्घटन–ਉਦਘਟਨ, ਪੁ., ਚੋਟ, ਸੱਟ, ਜ਼ਖਮ ਰਗੜ

उद्घटित–ਉਦਘਟਿਤ, ਵਿ., ਆਜ਼ਾਦ, ਖੁਲ੍ਹਿਆ ਹੋਇਆ

उद्घाट–ਉਦਘਾਟ, ਪੁ., ਪਹਿਰਾ, ਚੌਕੀ, ਚੁੰਗੀਖਾਨਾ

उद्घाटक–ਉਦਘਾਟਕ, ਪੁ., ਕੁੰਜੀ, ਚਾਬੀ, ਵਿ., ਖੋਲ੍ਹਣ ਵਾਲਾ

उद्घाटन–ਉਦਘਾਟਨ, ਪੁ., ਪਰਕਾਸ਼ਨ, ਪਰਗਟ ਕਰਨ ਦਾ ਭਾਵ, ਖੋਲ੍ਹਣ ਦੀ ਰਸਮ

उद्घात–ਉਦਘਾਤ, ਪੁ., ਝਾਕੀ, ਸੂਚਨਾ, ਆਰੰਭ, ਖਬਰ, ਰੁਕਾਵਟ, ਠੋਕਰ

उद्घातक–ਉਦਘਾਤਕ, ਵਿ., ਠੋਕਰ ਮਾਰਨ ਵਾਲਾ. ਪੁ,, ਨਾਟਕ ਦਾ ਮੁੱਖਬੰਧ ਜਿਸ ਵਿਚ ਕੋਈ ਪਾਤਰ ਸੂਤਰਧਾਰ ਜਾਂ ਨਟੀ ਦੀ ਗੱਲ ਸੁਣ ਕੇ ਹੋਰ ਦਾ ਹੋਰ ਅਰਥ ਕਢਦਾ ਹੈ

उद्दीपक–ਉੱਦੀਪਕ, ਵਿ., ਪਰਕਾਸ਼ ਕਰਨ ਵਾਲਾ, ਭੜਕਾਉਣ ਵਾਲਾ

उद्दीपन–ਉੱਦੀਪਨ, ਪੁ., ਪਰਕਾਸ਼, ਤਲਖੀ, ਤੇਜ਼ੀ, ਹੌਸਲਾ

उद्देश–ਉੱਦੇਸ਼, ਪੁ., ਅਭਿਲਾਖਾ, ਨਿਸ਼ਾਨਾ, ਇਸ਼ਾਰਾ, ਉਪਦੇਸ਼, ਫੈਸਲਾ, ਮੰਤਵ, ਆਸ਼ਾ, ਕਾਰਨ, ਹੇਤੂ, ਸੰਖੇਪ,

उद्देश्य–ਉਦੇਸ਼ਜ, ਪੁ., ਨਸ਼ਾਨ, ਮਤਲਬ, ਮੰਤਵ, ਭਾਵ

उद्दोतिताई–ਉੱਦੋਤਿਤਾਈ, ਇ., ਪਰਕਾਸ਼, ਉਜਿਆਲੀ

उद्ध–ਉੱਧ, ਕ੍ਰਿ. ਵਿ., ਉੱਪਰ

उद्धम–ਉੱਧਮ, ਵਿ., ਦੇਖੋ ਉੱਤਮ (उत्तम)

उद्धरण–ਉੱਧਰਣ, ਪੁ., ਮੁਕਤੀ, ਛੁਟਕਾਰਾ, ਕਰਜਾ ਉਤਰਣ ਦਾ ਭਾਵ ਉਠਾਉ, ਪੜ੍ਹੇ ਹੋਏ ਨੂੰ ਮੁੜ ਪੜ੍ਹਨ ਦਾ ਭਾਵ

उद्धार–ਉੱਧਾਰ, ਪੁ., ਮੁਕਤੀ, ਛੁਟਕਾਰਾ, ਭਾਈਚਾਰੇ ਵਿਚ ਮਿਲਾਉਣਾ, ਸੁਧਾਰ, ਉੱਨਤੀ

उद्धृत–ਉੱਧ੍ਰਿਤ, ਵਿ.. ਜਿਉਂ ਕਾ ਤਿਉਂ ਲਿਆ ਹੋਇਆ, ਰੈਫਰੈਂਸ

उद्ध्वस्त–ਉੱਧ੍ਰਸੁ. ਵਿ., ਨਸ਼ਟ, ਟੁਟਿਆ ਫੁਟਿਆ

उद्बाहु–ਉਦਬਾਹੁ, ਵਿ., ਹਥ ਉਪਰ ਨੂੰ ਖੜੇ ਰਖਣ ਵਾਲਾ

उद्बुद्ध–ਉਦਬੁੱਧ, ਵਿ., ਖਿੜਿਆ ਹੋਇਆ, ਫੁੱਲਿਆ ਹੋਇਆ, ਸਿਆਣਾ, ਉਠਿਆ ਹੋਇਆ, ਤਿਆਰ, ਚੈਤੰਨ, ਗਿਆਨੀ, ਚਮਕ ਦੇਣ ਵਾਲਾ

उद्बोध–ਉਦਬੋਧ, ਪੁ., ਭੁਲੀ ਹੋਈ ਦੀ ਜਾਦ, ਥੋੜਾ ਗਿਆਨ

उद्बोधक–ਉਧਬੋਧਕ, ਵਿ., ਚੈਤੰਨ ਕਰਨ ਵਾਲਾ, ਪਰਕਾਸ਼ਕ, ਖਬਰ ਦੇਣ ਵਾਲਾ, ਤੇਜੀ ਪੈਦਾ ਕਰਨ ਵਾਲਾ

उद्भास–ਉਦਭਾਸ, ਵਿ., ਪਰਕਾਸ਼. ਚਮਕ, ਸੋਭਾ

उद्भेद–ਉਦਭੇਦ, ਵਿ., ਫੁੱਟ ਕੇ ਨਿਕਲਿਆ ਹੋਇਆ, ਉਦੇ, ਪਰਗਟ, ਪੁ., ਪਰਕਾਸ਼ਨ, ਰੋਮਾਂਸ, ਮਿਲਾਨ, ਅੰਕੁਰ

उद्भ्रम–ਉਦਭ੍ਰਮ, ਪੁ., ਵਿਆਕੁਲਤਾ, ਵੈਰਾਗ

उद्भ्रान्त–ਉਦਭ੍ਰਾਂਤ, ਵਿ., ਵਿਆਕੁਲ, ਹੱਕਾ ਬੱਕਾ, ਭੁਲਿਆ ਭਟਕਿਆ ਹੋਇਆ, ਅਕਲੋਂ ਮਾਰਿਆ ਹੋਇਆ, ਸ਼ਰਾਰਤੀ

उद्यत–ਉੱਦਜਤ, ਵਿ., ਲਗਿਆ ਹੋਇਆ, ਜੁਟਿਆ ਹੋਇਆ, ਮੌਜੂਦਾ, ਹਾਜ਼ਿਰ, ਕੰਮ ਕਰਨ ਵਾਲਾ, ਛੁਹਿਆ ਹੋਇਆ

उद्यम–ਉਦਜਮ, ਪੁ., ਜਤਨ, ਹਿੰਮਤ, ਉਤਸ਼ਾਹ, ਮਿਹਨਤ, ਵਪਾਰ

उद्यमी–ਉਦਜਮੀ, ਵਿ., ਹਿੰਮਤੀ, ਤਿਆਰ ਬਰ ਤਿਆਰ, ਹਿੰਮਤ ਕਰਨ ਵਾਲਾ

उद्यान–ਉਦਜਾਨ, ਪੁ., ਬਾਗ, ਬਗੀਚਾ, ਉਪਬਨ, ਫੁਲਵਾੜੀ

उद्योग–ਉਦਜੋਗ, ਪੁ., ਹਿੰਮਤ, ਜਤਨ, ਉੱਦਮ ਮਿਹਨਤ

उद्योत–ਉਦਜੋਤ, ਪੁ., ਪਰਕਾਸ਼, ਚਮਕ, ਉਜਿਆਲਾ, ਰੋਸ਼ਨੀ

उद्रेक–ਉਦ੍ਰੇਕ, ਪੁ., ਬੜ੍ਹਤੀ, ਬਹੁਤਾਤ, ਜ਼ਿਆਦਤੀ ਆਰੰਭ

उद्विग्न–ਉਦ੍ਵਿਗ੍ਨ. ਵਿ., ਵਿਆਕੁਲ, ਘਬਰਾਇਆ ਹੋਇਆ, ਬੇਚੈਨ

उद्वेग–ਉਦ੍ਵੇਗ, ਪੁ., ਘਬਰਾਹਟ, ਬੇਚੈਨੀ, ਵਿਆਕੁਲਤਾ, ਚਿੰਤਾ ਫਿਕਰ, ਚਮਤਕਾਰ. ਹੈਰਾਨੀ

उद्वेजक–ਉਦ੍ਵੇਜਕ, ਵਿ., ਦੁਖਦਾਈ, ਦੁਖ ਦੇਣ ਵਾਲਾ.

उधम–ਉਧਮ, ਪੁ., ਦੇਖੋ ਊਧਮ (ऊधम)

उधर–ਉਧਰ. ਪੁ., ਉਸ ਪਾਸੇ, ਉਸ ਬੰਨੇ, ਉਸ ਵਲ

उधरना–ਉਧਰਨਾ, ਕ੍ਰਿ., ਉਧਾਰ ਹੋਣਾ, ਅਲੱਗ ਹੋਣਾ, ਉਧਾਰ ਕਰਨਾ, ਅਜ਼ਾਦ ਕਰਨਾ

उधलना–ਉਧਲਨਾ, ਕ੍ਰਿ., ਮਸਤ ਹੋਣਾ, ਕਾਮਾਤੁਰ ਹੋਣਾ, ਨਸ਼ਟ ਹੋਣਾ, ਵਿਗੜਨਾ, ਦੂਜੇ ਬੰਦੇ ਨਾਲ ਨੱਸ ਜਾਣਾ, ਘਰੋਂ ਨਸ ਜਾਣਾ

उधली–ਉਧਲੀ, ਇ., ਬਦਚਲਣ ਔਰਤ, ਵਿਭਚਾਰਨੀ ਤੀਵੀਂ ਦੂਜੇ ਬੰਦੇ ਨਾਲ ਨਸੀ ਹੋਈ ਤੀਵੀਂ

उधाड़–ਉਧਾੜ, ਪੁ, ਉਖੇੜ, ਕੁਸ਼ਤੀ ਦਾ ਇਕ ਦਾਉ

उधार–ਉਧਾਰ, ਪੁ., ਕਰਜ਼ਾ, ਦੇਣ, ਛੁਟਕਾਰਾ, ਮੁਕਤੀ, ਮੋਖ

उधारना–ਉਧਾਰਨਾ, ਕ੍ਰਿ., ਛੱਡਣਾ, ਮੁਕਤ ਕਰਨਾ

उधेड़ना–ਉਧੇੜਨਾ, ਕ੍ਰਿ., ਵੱਖੋ ਵੱਖ ਕਰਨਾ, ਖੋਲ੍ਹਣਾ, ਤਹਿ ਵੱਖ ਕਰਨੀ, ਉਲਝਾਉਣਾ, ਤੋੜਨਾ, ਸਿਲਾਈ ਖੋਲਣੀ, ਵਖੇਰਨਾ, ਬੇਇੱਜ਼ਤ ਕਰਨਾ, ਕੱਟਣਾ

उधेड़बुन–ਉਧੇੜਬੁਨ, ਇ., ਉਪਾਉ, ਜਗਤ ਫਿਕਰ, ਸੋਚ, ਚਿੰਤਾ

उनदा, उनदौहां–ਉਨਦਾ, ਉਨਦੋਹਾਂ, ਵਿ., ਉਣੀਂਦਾ,ਉਘਾਇਆ

उनमद–ਉਨਮਦ, ਵਿ., ਦੇਖੋ ਉਨਮੱਤ. (उन्मत्त)

उनमाथना–ਉਨਮਾਥਨਾ, ਕ੍ਰਿ., ਰਿੜਕਣਾ, ਮਥਣਾ

उनमान–ਉਨਮਾਨ, ਵਿ, ਅਨੁਮਾਨ. ਅਟਕਲ. ਅੰਦਾਜ਼ਾ, ਉਜੇਹਾ, ਬਰਾਬਰ, ਪੁ., ਨਾਪ, ਤੋਲ, ਬਲ, ਤਾਕਤ, ਥਾਹ

उनमुलना–ਉਨਮੁਲਨਾ, ਕ੍ਰਿ., ਜੜ ਤੋਂ ਪੁਟਣਾ. ਗਾਚੀ ਕਰਨੀ

उनमेख–ਉਨਮੇਖ, ਪੁ., ਅਖ ਖੁੱਲ੍ਹਣ ਦੀ ਕਿਰਿਆ, ਖਿੜਨ ਦੀ ਕਿਰਿਆ

उनवना–ਉਨਵਨਾ, ਕ੍ਰਿ, ਝੁਕਣਾ, ਲਟਕਣਾ, ਅਚਾਣਕ ਆ ਜਾਣਾ, ਛਾ ਜਾਣਾ

उनवर–ਉਨਵਰ, ਵਿ., ਘਟ, ਅਲਪ, ਥੋੜਾ, ਕਮ

उनवान–ਉਨਵਾਨ, ਪੁ, ਦੇਖੋ ਅਨੁਮਾਨ (अनुमान)

उनहार–ਉਨਹਾਰ, ਵਿ., ਸਮਾਨ, ਉਜੇਹਾ, ਬਰਾਬਰੀ ਦਾ, ਇਕੋ ਜੇਹਾ

उनाना–ਉਨਾਨਾ, ਕ੍ਰਿ., ਝੁਕਾਉਣਾ, ਮੋੜਨਾ, ਲਗਾਉਣਾ

उनाला–ਓਨਾਲਾ, ਪੁ., ਗਰਮੀ ਦੀ ਮੌਸਮ, ਵਿ., ਓਨ੍ਹੇ ਦਾ ਫਣਿਆ ਹੋਇਆ

उनींद–ਉਨੀਂਦ, ਇ., ਊਂਘ, ਨੀਂਦ ਨਾ ਆਉਣ ਦਾ ਭਾਵ

उनींदा–ਉਨੀਂਦਾ, ਵਿ., ਜੋ ਸੁਤਾ ਨਾ ਹੋਵੇ ਉਣੀਂਦਾ

उन्नत–ਉੱਨਤ. ਵਿ., ਉੱਚਾ ਉਠਿਆ ਹੋਇਆ, ਵੱਡਾ, ਵਧਿਆ ਹੋਇਆ, ਖੁਸ਼ਹਾਲ. ਪੂਰਣ, ਭਰਿਆ ਹੋਇਆ

उन्नति–ਉੱਨਤਿ, ਇ., ਤਰੱਕੀ, ਉਚਾਈ, ਚੜ੍ਹਾਉ, ਮਾਣ, ਇੱਜ਼ਤ

उन्निद्र–ਉੱਨਿੱਦ੍ਰ, ਵਿ., ਖਿੜਿਆ ਹੋਇਆ, ਪਰਸੰਨ, ਫੁੱਲਿਆ ਹੋਇਆ, ਉਣੀਂਦਾ, ਜਾਗਦਾ, ਚਮਕੀਲਾ

उन्निद्रता–ਨਿੱਦ੍ਰਤਾ, ਇ., ਉਣੀਂਦ, ਨੀਂਦ ਨਾ ਆਉਣ ਦੀ ਹਾਲਤ

उन्मत्त–ਉਨਮੱਤ, ਵਿ., ਮਤਵਾਲਾ, ਪਾਗਲ, ਕਮਲਾ, ਸੁਦਾਈ ਬੇਸੁਧ, ਬੋਲਾ

उन्मत्तता–ਉਨਮੱਤਾ, ਇ., ਪਾਗਲਪੁਣ, ਸੁਦਾਪੁਣਾ

उन्माद–ਉਨਮਾਦ, ਪੁ.. ਕਮਲਾਪਣ, ਪਾਗਲਪਣ

उन्मादन–ਉਨਮਾਦਨ, ਪੁ.,ਪਾਗਲਪਣ, ਕਾਮਦੇਵ ਦੇ ਪੰਜਾਂ ਬਾਣਾਂ ਵਿਚੋਂ ਇਕ ਬਾਣ

उन्मादी–ਉਨਮਾਦੀ, ਵਿ., ਪਾਗਲ, ਮਤਵਾਲਾ, ਨਸ਼ਈ

उन्मादनी–ਉਨਮਾਦਨੀ, ਇ., ਭੰਗ. ਸੁੱਖਾ,ਨਸ਼ਾ ਚੜ੍ਹਾਉਣ ਵਾਲੀ ਚੀਜ਼

उन्मान–ਉਨਮਾਨ, ਪੁ., ਮੂਲ, ਅੰਦਾਜ਼ਾ, ਅਟਕਲ

उन्मार्ग–ਉਨਮਾਰਗ, ਪੁ., ਭੈੜਾ ਰਸਤਾ, ਕੁਰਾਹ, ਖੋਟਾ ਰਾਹ

उन्मीलन–ਉਨਮੀਲਨ. ਪੁ., ਵਿਕਾਸ,ਖੇੜਾ,ਅਖ ਖੁਲਣ ਦਾ ਭਾਵ

उन्मुक्त–ਉਨਮੁਕੁ, ਵਿ., ਬੰਧਨ ਰਹਿਤ, ਖੁਲ੍ਹਾ, ਸੁਤੰਤਰ,ਆਜ਼ਾਦ

उन्मूल–ਉਨਮੂਲ, ਵਿ., ਜੜੋਂ ਉਖੜਿਆ ਹੋਇਆ

उन्मूलक–ਉਨਮੂਲਕ, ਵਿ., ਨਿਰਮੂਲ ਕਰਨ ਵਾਲਾ, ਜੜੋਂ ਪੁਟਣ ਵਾਲਾ, ਬਰਬਾਦ ਕਰਨ ਵਾਲਾ, ਤਬਾਹੀ ਮਚਾਉਣ ਵਾਲਾ

उन्मेष–ਉਨਮੇਸ਼, ਪੁ., ਪਰਕਾਸ਼, ਚਮਕ, ਅੱਖ ਖੁਲ੍ਹਣ ਦਾ ਭਾਵ

उप–ਉਪ, ਅਵਜ., ਸੰਗਿਆ ਅਤੇ ਕਿਰਿਆ ਵਿਚ ਲਾਉਣ ਤੋਂ ਜ਼ਿਆਦਤੀ ਅਨੇਕਤਾ ਨੇੜ ਸਮਾਨਤਾ ਸਮਰਥਾ ਸ਼ਕਤੀ ਪੂਜਾ ਹਿੰਸਾ ਆਦਿਕ ਦਾ ਬੋਧ ਹੁੰਦਾ ਹੈ

उपकृष्ट–ਉਪਕਸ਼੍ਰ, ਵਿ., ਨੇੜ, ਸਮੀਪਤਾ, ਕੋਲ, ਪੁ., ਨੇੜ, ਪਿੰਡ ਦੀ ਹਦ

उपकन्या–ਉਪਕਨਜਾ, ਇ., ਧੀ ਦੀ ਸਹੇਲੀ, ਕੁੜੀ ਦੀ ਸਾਥਣ

उपकरण–ਉਪਕਰਣ, ਪੁ., ਸਮੱਗਰੀ, ਸਮਾਨ, ਰਾਜੇ ਦਾ ਛਤਰ, ਚੋਰ ਆਦਿ

उपकरना–ਉਪਕਰਨਾ, ਕ੍ਰਿ., ਉਪਕਾਰ ਕਰਨਾ, ਭਲਾ ਕਰਨਾ

उपकर्णिका–ਉਪਕਰਣਿਕਾ, ਇ., ਚੁਗਲੀ, ਨਿੰਦਿਆ

उपकर्ता–ਉਪਕਰਤਾ, ਵਿ., ਉਪਕਾਰ ਕਰਨ ਵਾਲਾ, ਭਲਾ ਕਰਨ ਵਾਲਾ

उपकल्पित–ਉਪਕਲਪਿਤ, ਵਿ., ਤਿਆਰ ਕੀਤਾ ਹੋਇਆ,

ਬਣਾਇਆ ਹੋਇਆ

उपकार–ਉਪਕਾਂਰ, ਪੁ., ਸਹਾਇਤਾ, ਮਦਦ, ਭਲਾਈ, ਕਿਰਪਾ, ਲਾਭ

उपकारी–ਉਪਕਾਰੀ, ਵਿ., ਫਾਇਦਾ ਕਰਨ ਵਾਲਾ, ਅਹਿਸਾਨ ਕਰਨ ਵਾਲਾ, ਉਪਕਾਰ ਕਰਨ ਵਾਲਾ, ਭਲਾ ਚਾਹੁਣ ਵਾਲਾ, ਦਿਆਲੂ

उपकेश–ਉਪਕੇਸ਼, ਇ , ਬਨਾਵਟੀ ਵਾਲ

उपक्रम–ਉਪਕ੍ਰਮ, ਪੁ., ਕੰਮ ਦਾ ਆਰੰਭ, ਵਾਧਾ, ਉਪਾਉ, ਇਲਾਜ, ਮੁਖਬੰਧ, ਭੂਮਕਾ, ਉੱਦਮ, ਹਾਜਰੀ

उपक्रोश–ਉਪਕ੍ਰੋਸ਼, ਪੁ., ਨਿੰਦਿਆ, ਅਪਮਾਨ, ਬੇਇੱਜ਼ਤੀ, ਹਤਕ

उपखान–ਉਪਖਾਨ, ਪੁ., ਦੇਖੋ ਉਪਾਖਜਾਨ, (उपाख्यान)

उपग्रह–ਉਪਗ੍ਰਹ, ਪੁ., ਬੰਨੁਨ, ਵਰਤੋਂ, ਕਿਰਪਾਲਤਾ, ਗੁਰੂ ਕੇਤੂ ਆਦਿ ਮਾਮੂਲੀ ਤਾਰਾ, ਕਿਸੇ ਬੜੇ ਵੱਡੇ ਗ੍ਰਹਿ ਦੇ ਚੋਹੀਂ ਪਾਸੀਂ ਘੁੰਮਣ ਵਾਲਾ ਛੋਟਾ ਗ੍ਰਹਿ

उपचर्या–ਉਪਚਰਯਾ, ਇ., ਇਲਾਜ, ਸੇਵਾ, ਦਵਾਬੂਟੀ

उपचार–ਉਪਚਾਰ, ਪੁ., ਇਲਾਜ, ਸੇਵਾ, ਵਰਤੋਂ, ਧਰਮ ਦਾ ਕੰਮ, ਵੱਢੀ. ਰਿਸ਼ਵਤ

उपचारक–ਉਪਚਾਰਕ, ਵਿ., ਵੈਦ, ਡਾਕਟਰ, ਸੇਵਕ, ਸੇਵਾਦਾਰ

उपचारी–ਉਪਚਾਰੀ, ਵਿ., ਵੈਦ, ਡਾਕਟਰ, ਸੇਵਾਦਾਰ

उपज–ਉਪਜ, ਇ., ਉਤਪੱਤੀ, ਪੈਦਾਵਾਰ, ਫਸਲ ਮਨਘੜਤ, ਨਵੀਂ ਸੂਝ, ਮਨ ਮੰਨੀ

उपजना–ਉਪਜਨਾ, ਕ੍ਰਿ , ਜੰਮਣਾ, ਪੈਦਾ ਹੋਣਾ, ਉਗਣਾ, ਨਿਕਲਣਾ

उपजाऊ–ਉਪਜਾਊ, ਵਿ , ਬਹੁਤੀ ਪੈਦਾਵਾਰ ਦੇਣ ਵਾਲੀ, ਫਸਲ ਜੋਗ

उपजाना–ਉਪਜਾਨਾ, ਕ੍ਰਿ., ਪੈਦਾ ਕਥਨਾ, ਉਪਜਾਉਣਾ, ਬੀਜਣਾ

उपजीवक–ਉਪਜੀਵਕ, ਵਿ., ਆਸਰਾ ਦੇਣ ਵਾਲਾ, ਰੋਜੀ ਚਲਾਉਣ ਵਾਲਾ, ਕੰਮ ਤੇ ਲਾਉਣ ਵਾਲਾ, ਰੋਜ਼ਗਾਰ ਤੇ ਲਾਉਣ ਵਾਲਾ,

उपटा– ਉਪਟਾ. ਵਿ., ਬਰਬਾਦ, ਤਬਾਹ, ਪੁ., ਠੋਕਰ, ਧੱਕਾ

उपटारना–ਉਪਟਾਰਨਾ, ਕ੍ਰਿ., ਥਾਂ ਤੋਂ ਪਰੇ ਕਰ ਦੇਣਾ, ਉਠਾਉਣਾ

उपटौकन–ਉਪਟੌਕਨ, ਪੁ., ਇਨਾਮ, ਭੇਟਾ, ਤੋਹਫਾ, ਬਖਸ਼ੀਸ਼

उपत्यका–ਉਪਤਜਕਾ, ਇ , ਘਾਟੀ, ਪਹਾੜ ਦਾ ਨੀਵਾਂ ਪਾਸਾ, ਤਰੀ ਵਾਲੀ ਥਾਂ

उपदंश–ਉਪਦੰਸ਼, ਪੁ , ਆਤਸ਼ਕ, ਗਰਮੀ ਦੀ ਬਿਮਾਰੀ

उपदग्ध–ਉਪਦਗਧ, ਵਿ , ਥੋੜਾ ਜਿਹਾ ਜਲਿਆ ਹੋਇਆ, ਮੱਚਿਆ ਹੋਇਆ

उपदर्शक–ਉਪਦਰਸ਼ਕ ਪੁ., ਪਹਿਰੇਦਾਰ, ਸਿਪਾਹੀ

उपदेश–ਉਧਦੇਸ਼, ਪੁ., ਮਤਾ, ਸਲਾਹ, ਆਗਿਆ, ਸਿੱਖਿਆ, ਦੀਖਿਆ, ਮੰਤਰ ਕਥਨ

उपद्रव–ਉਪਦੋਂਵ, ਪੁ., ਹਲਚਲ, ਉਤਪਾਤ, ਅਤਿਆਚਾਰ, ਗੜਬੜੀ, ਜ਼ੁਲਮ

उपद्रवी–ਉਪਦ੍ਰਵੀ, ਵਿ., ਇੱਲਤੀ, ਸ਼ਰਾਰਤੀ, ਉਪੱਦਰੀ

उपद्वीप–ਉਪਦ੍ਵੀਪ, ਪੁ.. ਛੋਟਾ ਟਾਪੂ

उपधरना–ਉਪਧਰਨਾ, ਕ੍ਰਿ , ਪ੍ਰਵਾਣ ਕਰਨਾ, ਸਵੀਕਾਰ ਕਰਨਾ, ਅਪਨਾਉਣਾ

उपधातु–ਉਪਧਾਤੁ, ਪੁ., ਅਠ ਪਰਸਿੱਧ ਧਾਤਾਂ ਵਾਂਙ ਹੋਰ ਧਾਤ ਜਿਵੇਂ ਸੋਨਮਖੀ ਕਾਂਸੀ ਸ਼ਿਲਾਜੀਤ ਆਦਿ

उपधान–ਉਪਧਾਨ, ਪੁ., ਸਰ੍ਹਾਣਾ, ਦੁਪੱਟਾ, ਪਿਆਰ, ਚੁੰਨੀ

उपधि–ਉਪਧਿ, ਪੁ., ਛਲ, ਕਪਟ, ਭੈ, ਡਰ, ਖੌਫ਼

उपनत–ਉਪਨਤ, ਵਿ., ਝੁਕਿਆ ਹੋਇਆ, ਨਿੰਮਰਤਾ ਵਾਲਾ

उपनना–ਉਪਨਨਾ, ਕ੍ਰਿ., ਉਪਜਨਾ, ਪੈਦਾ ਹੋਣਾ

उपनाम–ਉਪਨਾਮ, ਪੁ., ਪਦਵੀ, ਤਖੱਲਸ, ਦੂਜਾ ਨਾਉਂ, ਪਿਆਰ ਦਾ ਨਾਉਂ

उपनिधि–ਉਪਨਿਧਿ, ਪੁ., ਧਰੋਹਰ, ਅਮਾਨਤ, ਥੈਲੀ, ਵਾਸਣੀ

उपनिबन्ध–ਉਪਨਿਬੰਧ, ਪੁ., ਰਚਨਾ, ਬਨਾਵਟ. ਗੋਂਦ

उपनिवेश–ਉਪਨਿਵੇਸ਼, ਪੁ., ਦੂਸਰੇ ਦੇਸ ਤੋਂ ਆਏ ਹੋਏ ਲੋਕਾਂ ਦੀ ਬਸਤੀ ਜਾਂ ਆਬਾਦੀ

उपनिषत्–ਉਪਨਿਸ਼ਤ, ਇ., ਕੋਲ ਬੈਠਣਾ, ਮਤਲਬ, ਭੇਦ, ਬੀਆਬਾਨ, ਵੇਦ ਦਾ ਹਿੱਸਾ, ਬ੍ਰਾਹਮਣ ਗ੍ਰੰਥ, ਬ੍ਰਹਮ-ਵਿਦਿਆ, ਅਗਿਆਨ ਦੂਰ ਕਰਨ ਵਾਲੀ ਵਿਦਿਆ

उपनिहित–ਉਪਨਿਹਿਤ, ਵਿ., ਥਾਪਿਆ ਹੋਦਿਆ, ਰਖਿਆ ਹੋਇਆ,

उपनीत–ਉਪਨੀਤ, ਵਿ., ਕੋਲ ਲਿਆਂਦਾ ਹੋਇਆ, ਰੱਖਿਆ ਹੋਇਆ, ਪਰਾਪਤ, ਹਾਜਰ, ਪੁੱਜਿਆ ਹੋਇਆ

उपनीता–ਉਪਨੀਤਾ, ਇ., ਵਿਆਹ ਕੇ ਲਿਆਂਦੀ ਹੋਈ ਤੀਵੀਂ

उपनेता–ਉਪਨੇਤਾ, ਪੁ., ਲੈ ਕੇ ਜਾਣ ਵਾਲਾ, ਭੇਟਾ ਚੜ੍ਹਾਉਣ ਵਾਲਾ, ਕਿਸੇ ਦਲ ਦਾ ਮੀਤ ਪ੍ਰਧਾਨ

उपनेत्र–ਉਪਨੇਤ੍ਰ, ਪੁ., ਐਨਕ, ਚਸ਼ਮਾ

उपन्यास–ਉਪਨਜਾਸ, ਪੁ., ਵਾਕ ਦੀ ਵਰਤੋਂ, ਵਾਕ ਦਾ ਆਰੰਭ, ਲੇਖ, ਮਜ਼ਮੂਨ ਵਿਚਾਰ, ਧਰੋਹਰ, ਸੁਆਦਲੀ ਕਹਾਣੀ, ਕਿੱਸਾ, ਨਾਵਲ

उपपति–ਉਪਪਤਿ, ਪੁ., ਜਾਰ, ਧਗੜਾ

उपपत्ति–ਉਪਪੱਤੀ, ਇ., ਜੁਗਤੀ, ਤਦਬੀਰ, ਉਪਾਉ

उपपत्नी–ਉਪਪਤਨੀ, ਇ., ਭਰਜਾਈ, ਦੂਜੀ ਤੀਵੀਂ, ਪਰਾਈ ਔਰਤ

उपपादक–ਉਪਪਾਦਕ, ਵਿ., ਸਹਿ ਸੰਪਾਦਕ,ਸਹਾਇਕ ਐਡੀਟਰ

उपपादन–ਉਪਪਾਦਨ, ਪੁ., ਸਿੱਧ ਕਰਨ ਦਾ ਕੰਮ, ਇਕੱਠਾ ਕਰਨ, ਸਿਲਸਿਲੇਵਾਰ ਕਰਨ ਦਾ ਭਾਵ

उपपालित–ਉਪਪਾਲਿਤ, ਵਿ., ਪਾਲਿਆ ਹੋਇਆ, ਸੁਰੱਖਤ

उपपीड़ित–ਉਪਪੀੜਿਤ, ਵਿ., ਦੁਖੀਆ, ਸਤਾਇਆ ਹੋਇਆ, ਦੁਖੀ, ਮੁਸੀਬਤਜ਼ਦਾ

उपपुराण–ਉਪਪੁਰਾਣ, ਪੁ., ਵਿਆਸ ਤੋਂ ਬਿਨਾ ਦੂਸਰੇ ਰਿਸ਼ੀਆਂ

ਦੇ ਲਿਖੇ ਹੋਏ ਪੁਰਾਣ

उपप्लव–ਉਪਪਲੱਵ, ਪੁ., ਆਸਮਾਨ ਤੋਂ ਤਾਰਾ ਟੁਟਣ ਦਾ ਭਾਵ, ਬਗ਼ਾਵਤ, ਵਿਪਤਾ, ਵਲਵਾ

उपबर्हण–ਉਪਬੱਰੁਣ, ਪੁ., ਸਰ੍ਹਾਣਾ, ਤਕੀਆ

उपबाहु–ਉਪਬਾਹੁ, ਪੁ., ਪੰਜੇ ਤੋਂ ਕੂਹਣੀ ਤਕ ਦੀ ਬਾਂਹ

उपभोग–ਉਪਭੋਗ, ਪੁ., ਵਿਚਾਰ, ਸੁਖ ਦੀ ਸਮੱਗਰੀ, ਕਿਸੇ ਚੀਜ਼ ਦੀ ਵਰਤੋਂ ਦਾ ਸੁਖ.

उपमा–ਉਪਮਾ, ਇ.. ਤੁਲਨਾ, ਬਰਾਬਰੀ, ਵਡਿਆਈ, ਇਕ ਅਲੰਕਾਰ

उपमाता–ਉਪਮਾਤਾ, ਇ., ਮਤਰੇਈ. ਦਾਈ, ਆਇਆ

उपमान–ਉਪਮਾਨ, ਪੁ., ਬਰਾਬਰ, ਜਿਸ ਨਾਲ ਤੁਲਨਾ ਕੀਤੀ ਜਾਵੇ, ਉਹ ਚੀਜ਼ ਜਿਸ ਨਾਲ ਅਸਲੀ ਚੀਜ਼ ਦੀ ਤੁਲਨਾ ਕੀਤੀ ਜਾਵੇ

उपमित–ਉਪਮਿਤ, ਵਿ., ਜਿਸ ਦੀ ਉਪਮਾ ਦਿੱਤੀ ਗਈ ਹੋਵੇ, ਸਮਾਨ, ਤੁੱਲ

उपमेय–ਉਪਮੇਯ, ਵਿ., ਉਪਮਾ ਦਾ ਵਰਣਨ ਕਰਨ ਜੋਗ, ਜਿਸ ਦੀ ਉਪਮਾ ਦਿੱਤੀ ਜਾਵੇ

उपयुक्त–ਉਪਯੁਕ੍ਤ, ਵਿ., ਜੋਗ, ਸਹੀ, ਦਰੁਸਤ, ਰਚਤ, ਠੀਕ

उपयोग–ਉਪਯੋਗ, ਪੁ., ਵਰਤੋਂ, ਕੰਮ, ਜੋਗਤਾ, ਜ਼ਰੂਰਤ, ਲੋੜ, ਪਰਯੋਜਨ

उपयोगिता–ਉਪਯੋਗਿਤਾ, ਇ., ਵਰਤੋਂ, ਦਰੁਸਤੀ, ਜ਼ਰੂਰਤ,ਲੋੜ

उपयोगी–ਉਪਯੋਗੀ, ਵਿ., ਜੋਗ. ਲਾਇਕ, ਅਨੁਕੂਲ, ਸਹੀ, ਦਰੁਸਤ, ਫਾਇਦੇਮੰਦ, ਲਾਭਦਾਇਕ, ਵਰਤੋਂ ਜੋਗ

उपरवार–ਉਪਰਵਾਰ, ਇ., ਉੱਚ ਭੂਮੀ, ਉੱਚੀ ਧਰਤੀ

उपरस–ਉਪਰਸ, ਪੁ., ਮਾਮੂਲੀ ਰਸ, ਵੈਦਕ ਅਨੁਸਾਰ ਪਾਰਾ, ਸੁਰਮਾ, ਸੰਧੂਰ, ਸ਼ਿਲਾਜੀਤ, ਗੋਰੋਚਨ ਵਗੈਰਾ ਉਪਰਸ ਹਨ

उपरांठा–ਉਪਰਾਂਠਾ, ਪੁ., ਪਰੌਂਠਾ, ਬਾਹਰ ਅੰਦਰ ਘਿਉ ਲਾ ਕੇ ਤਵੇ ਤੇ ਪਕਾਈ ਹੋਈ ਰੋਟੀ

उपरा–ਉਪਰਾ, ਪੁ., ਪਾਥੀ, ਕੰਡਾ

उपराग–ਉਪਰਾਗ, ਪੁ., ਰੰਗ, ਉਪਾਧੀ, ਵਾਸਨਾ, ਚੰਦ ਦਾ ਗ੍ਰਹਿਣ

उपराचढ़ी–ਉਪਰਾਚੜ੍ਹੀ, ਇ., ਈਰਖਾ, ਡਾਹ

उपराज–ਉਪਰਾਜ, ਪੁ , ਵਾਇਸਰਾਇ, ਰਾਜਾ ਦਾ ਪ੍ਰਤਿਨਿਧ

उपराजना–ਉਪਰਾਜਨਾ, ਕ੍ਰਿ., ਪੈਦਾ ਕਰਨਾ, ਉਤਪੰਨ ਕਰਨਾ, ਕਮਾਉਣਾ

उपराना–ਉਪਰਾਨਾ, ਕ੍ਰਿ., ਉੱਪਰ ਚੜ੍ਹਨਾ, ਪਰਗਟ ਹੋਣਾ, ਦੇਣਾ, ਤਰੱਕੀ ਕਰਨਾ

उपरान्त–ਉਪਰਾਂਤ, ਅਵਜ., ਪਿੱਛੋਂ, ਬਾਦ, ਮਗਰੋਂ

उपराम–ਉਪਰਾਮ, ਪੁ., ਬੇਪਰਵਾਹੀ, ਮੌਤ, ਸਨਿਆਸ, ਵਿ., ਬੇਪਰਵਾਹ

उपराला–ਉਪਰਾਲਾ, ਪੁ.. ਹਿੰਮਤ, ਜਤਨ, ਰੱਖਿਆ

उपरावटा–ਉਪਰਾਵਟਾ, ਵਿ., ਅਭਮਾਨ, ਘਮੰਡ, ਹੰਕਾਰ, ਹੈਂਕੜ

उपराहना–ਉਪਰਾਹਨਾ. ਕ੍ਰਿ., ਪਰਸ਼ੰਸਾ ਕਰਨਾ, ਤਾਰੀਫ਼ ਕਹਨਾ, ਉਸਤੁਤ ਕਰਨਾ

उपराही–ਉਪਰਾਹੀ, ਵਿ., ਉਤਲਾ, ਸ੍ਰੇਸ਼ਟ, ਚੰਗਾ, ਭਲਾਮਾਣਸ

उपरि–ਉਪਰਿ, ਅਵਜ., ਉੱਪਰ, ਪਿਛੋਂ, ਬਾਦ, ਮਗਰੋਂ

उपरूपक–ਉਪਰੂਪਕ. ਪੁ., ਇਕ ਛੋਟਾ ਨਾਟਕ

उपरैना–ਉਪਰੈਨਾ, ਪੁ., ਦੁਪੱਟਾ, ਚਾਦਰ, ਚੁੰਨੀ

उपरैनी–ਉਪਰੈਨੀ. ਇ., ਚਾਦਰ, ਓਢਨੀ, ਚੁੰਨੀ

उपरुक्त–ਉਪਰੁਕ੍ਤ, ਵਿ.. ਉਪਰੋਕਤ ਉੱਮਰ ਕਹਿਆ ਹੋਇਆ ਉਤਲਾ

उपरोध–ਉਪਰੋਧ. ਪੁ., ਰੁਕਾਵਟ, ਲੁਕਾਉਣ. ਕੱਜਣ, ਰੋਕ

उपरोधन–ਉਪਰੋਧਨ, ਪੁ., ਅੜਚਣ, ਰੁਕਾਵਟ, ਰੋਕ

उपरोहित–ਉਪਰੋਹਿਤ. ਪੁ.. ਪੁਰੋਹਤ

उपरौंछा–ਉਪਰੌਂਛਾ, ਕ੍ਰਿ. ਵਿ., ਉਪਰਲੇ ਪਾਸੇ, ਉਤਾਹਾਂ ਵਲ, ਉਪਰ ਨੂੰ

उपरौंटा–ਉਪਰੌਂਟਾ, ਪੁ., ਉਤਲਾ ਹਿਸਾ, ਉਤਲਾ ਪਲਾ

उपरौंठा–ਉਪਰੌਂਠਾ, ਵਿ., ਉੱਪਰਲਾ, ਉਤਲਾ

उपर्युक्त–ਉਪਰਯੁਕ੍ਤ, ਵਿ., ਉੱਤੇ ਕਹਿਆ ਹੋਇਆ, ਉਪਰੋਕਤ, ਉਤਲਾ

उपल–ਉਪਲ. ਪੁ., ਪੱਥਰ, ਰਤਨ, ਜਵਾਹਰ. ਮੇਘ, ਬੱਦਲ

उपलक्षण–ਉਪਲਕਸ਼ਣ, ਪੁ., ਆਪਣੇ ਵਾਂਙ ਦੂਜੀ ਚੀਜ਼ ਨੂੰ ਦੱਸਣ ਵਾਲਾ ਸ਼ਬਦ, ਵਿਸ਼ੇਸ਼ਣ ਧਿਆਨ. ਦੇਖ ਭਾਲ

उपलक्षित–ਉਪਲਕਸ਼ਿਤ, ਵਿ., ਸੈਨਤ ਨਾਲ ਸਮਝਿਆ ਹੋਇਆ

उपलब्ध–ਉਪਲਬਧ, ਵਿ., ਪਰਾਪਤ, ਮਿਲਿਆ ਹੋਇਆ, ਸਮਝਿਆ ਹੋਇਆ, ਹਾਸਲ ਕੀਤਾ ਹੋਇਆ

उपलब्धि–ਉਪਲਬਧਿ, ਇ., ਗਿਆਨ. ਸਮਝ, ਅਨੁਮਾਨ, ਪਰਾਪਤੀ

उपला–ਉਪਲਾ, ਇ., ਸ਼ੱਕਰ, ਚੀਨੀ. ਰੇਤਾ, ਇੰਧਨ. ਕੰਡਾ, ਬਾਲਣ, ਪਾਥੀ

उपलिप्त–ਉਪਲਿਪ੍ਤ, ਵਿ.. ਲਪੇਟਿਆ ਹੋਇਆ, ਚੋਪੜਿਆ ਹੋਇਆ, ਕੱਜਿਆ ਹੋਇਆ, ਲਿਪਿਆ ਹੋਇਆ

उपलेपन–ਉਪਲੇਪਨ, ਪੁ., ਲਿੱਪਣ ਪੋਚਣ ਦਾ ਕੰਮ. ਵਟਣਾ ਮਲਣ ਦੀ ਕਿਰਿਆ

उपल्ला–ਉਪੱਲਾ, ਪੁ.. ਉਪਟਲਾ ਪੱਲਾ, ਉਤਲਾ ਹਿੱਸਾ

उपवन–ਉਪਵਨ. ਪੁ., ਛੋਟਾ ਬੀੜ ਬਾਗ, ਬਗੀਚੀ, ਫੁਲਵਾੜੀ

उपवना–ਉਪਵਨਾ, ਕ੍ਰਿ., ਉੱਡ ਜਾਣਾ, ਓਝਲ ਹੋ ਜਾਣਾ, ਗਾਇਬ ਹੋ ਜਾਣਾ. ਲੁਕ ਜਾਣਾ

उपवाद–ਉਪਵਾਦ, ਪੁ.. ਨਿੰਦਿਆ, ਬੁਰਾਈ, ਚੁਗਲੀ

उपवास–ਉਪਵਾਸ, ਪੁ., ਵਰਤ, ਫਾਕਾ

उपवासी–ਉਪਵਾਸੀ, ਵਿ., ਵਰਤ ਰੱਖਣ ਵਾਲਾ, ਨਿਰਾਹਾਰ, ਭੁੱਖਾ, ਵਰਤੀ

उपविष्ट–ਉਪਵਿਸ਼੍ਟ, ਵਿ., ਬੈਠਿਆ ਹੋਇਆ, ਸਥਿਤ

उपवीत–ਉਪਵੀਤ, ਪੁ., ਜਨੇਊ, ਜੰਞੂ

उपवेद्–ਉਪਵੇਦ, ਪੁ.. ਵੇਦ ਤੋਂ ਨਿਕਲੀ ਹੋਈ ਵਿਦਿਆ, ਆਯੁਰ-ਵੇਦ ਧਨੁਰ ਵੇਦ ਗੰਧਰਵ ਵੇਦ ਵਗੈਰਾ

उपवेश–ਉਪਵੇਸ਼, ਪੁ , ਬੈਠਕ, ਹਾਲਤ

उपवेशन–ਉਪਵੇਸ਼ਨ, ਪੁ.. ਆਸਨ ਸਥਾਪਨ, ਬੈਠਣ ਦੀ ਕਿਰਿਆ, ਜੰਮਣ ਦਾ ਭਾਵ

उपवेशित–ਉਪਵੇਸ਼ਿਤ. ਵਿ., ਬੈਠਾ ਹੋਇਆ, ਸਥਾਪਿਤ

उपशप–ਉਪਸ਼ਪ, ਪੁ., ਇੰਦਰੀਆਂ ਦਾ ਕਾਬੂ, ਇਛਿਆ ਦਾ ਨਾਸ, ਰੋਗ ਤੋਂ ਛੁਟਕਾਰਾ

उपशाई–ਉਪਸ਼ਾਈ, ਵਿ., ਨੀਂਦ ਲਿਆਉਣ ਵਾਲਾ

उपसंवाद–ਉਪਸੰਵਾਦ, ਪੁ., ਪ੍ਰਤਿੱਗਿਆ, ਇਕਰਾਰ, ਵਚਨ ਦੇਣ ਦਾ ਕੰਮ

उपसंहार–ਉਪਸੰਹਾਰ, ਪੁ., ਸਮਾਪਤੀ, ਸੰਗ੍ਰਹਿ, ਖੋਹਣਾ, ਹਰਣ, ਨਾਸ, ਆਕਰਮਣ, ਵਾਰ, ਹੱਲਾ, ਸੰਕੋਚ, ਨਿਕਾਸ, ਸਾਰੰਸ਼, ਕਿਸੇ ਪੁਸਤਕ ਦੇ ਅੰਤਲਾ ਪਾਠ ਜਿਸ ਵਿਚ ਸੰਖੇਪਤਾ ਨਾਲ ਮੰਤਵ ਦਸਿਆ ਜਾਂਦਾ ਹੈ

उपस्–ਉਪਸ, ਇ., ਦੁਰਗੰਧ, ਬਦਬੂ

उपसर्ग–ਉਪਸਰਗ, ਪੁ., ਭੁਚਾਲ, ਉਤਪਾਤ, ਨਾਸ, ਦੁਖ, ਕਲੇਸ਼, ਅਗਨ. ਵਿਆਕਰਣ ਅਨੁਸਾਰ ਉਹ ਅਵਜਯ ਜੋ ਸ਼ਬਦ ਤੋਂ ਪਹਿਲਾਂ ਜੋੜਿਆ ਜਾਂਦਾ ਹੈ ਅਤੇ ਅਰਥ ਵਿਚ ਵਿਸ਼ੇਸ਼ਤਾ ਲਿਆਉਂਦਾ ਹੈ

उपसागर–ਉਪਸਾਗਰ, ਪੁ., ਛੋਟਾ ਸਮੁੰਦਰ, ਖਾੜੀ

उपसाना–ਉਪਸਾਨਾ, ਕ੍ਰਿ., ਬੇਹਾ ਕਰਨਾ, ਸਾੜਨਾ

उपसेचन–ਉਪਸੇਚਨ, ਪੁ., ਪਾਣੀ ਛਿੜਕਣ ਦਾ ਕੰਮ, ਸਿੰਜਣ

उपस्कृत–ਉਪੱਸਕ੍ਰਿਤ, ਵਿ., ਸਜਾਇਆ ਹੋਇਆ

उपस्कर–ਉਪਸਕਰ, ਪੁ., ਹਿੰਸਾ, ਦਾਲ ਦਾ ਮਸਾਲਾ, ਘਰ ਦਾ ਸਾਮਾਨ

उपस्थ–ਉਪਸਥ, ਪੁ., ਚਿੱਤੜ, ਆਦਮੀ ਤੀਵੀਂ ਦਾ ਚਿੰਨ੍ਹ. ਵਿ., ਕੋਲ ਬੈਠਿਆ ਹੋਇਆ

उपस्थान–ਉਪਸਥਾਨ, ਪੁ., ਖੜੇ ਹੋ ਕੇ ਪੂਜਾ ਕਰਨ ਦਾ ਭਾਵ, ਪਰਾਪਤੀ, ਹਾਜਰ ਹੋਣ ਦਾ ਕਰਮ, ਤੀਰਥ ਸਥਾਨ

उपस्थित–ਉਪਸਥਿਤ, ਵਿ., ਨੇੜੇ. ਕੋਲ ਆਇਆ ਹੋਇਆ, ਮੌਜੂਦ ਹਾਜਰ

उपस्थिति–ਉਪਸਥਿਤਿ, ਇ., ਮੌਜੂਦਗੀ, ਕੋਲ ਹੋਣ ਦਾ ਭਾਵ, ਪਹੁੰਚ

उपहसित–ਉਪਹਸਿਤ, ਵਿ., ਭੰਡਿਆ ਹੋਇਆ, ਬਦਨਾਮ, ਜਿਸ ਦਾ ਮਖੌਲ ਉੜਾਇਆ ਜਾ ਸਕੇ

उपहार–ਉਪਹਾਰ, ਪੁ., ਭੇਟਾ, ਆਦਰ ਵਜੋਂ ਦਿੱਤੀ ਹੋਈ ਚੀਜ਼

उपहास–ਉਪਹਾਸ, ਪੁ., ਮਜ਼ਾਕ, ਹਾਸਾ-ਮਖੌਲ, ਬਦਨਾਮੀ, ਮਸਖਰੀ

उपहासास्पद–ਉਪਹਾਸਾਸਪਦ, ਪੁ., ਨਿੰਦਣ ਜੋਗ, ਹੱਸਣ ਜੋਗ, ਮਖੌਲ ਕਰਨ ਲਾਇਕ

उपह्री–ਉਪਹੀ, ਪੁ., ਦੂਜੇ ਦੇਸ ਦਾ ਬੰਦਾ, ਨਾਵਾਕਫ਼ ਆਦਮੀ.

उपांग–ਉਪੁਾਂਗ, ਪੁ., ਤਿਲਕ, ਟਿੱਕਾ, ਅੰਗ ਦਾ ਕੋਈ ਹਿੱਸਾ

उपादान–ਉਪਾਦਾਨ, ਪੁ., ਪਰਾਪਤੀ, ਵਰਣਨ, ਬੋਧ, ਗਿਆਨ, ਸਮਝ

उपादेय–ਉਪਾਦੇਯ, ਵਿ., ਵਰਤੋਂ ਵਿਚ ਆਉਣ ਵਾਲਾ, ਜ਼ਰੂਰੀ, ਸ੍ਰੇਸ਼ਟ ਉੱਤਮ, ਚੰਗਾ

उपाधि–ਉਪਾਧਿ, ਪੁ., ਵਿਸੇਸ਼ਣ, ਜ਼ਾਤ, ਵੰਸ, ਕੌਮ, ਧਰਮ, ਚਿੰਤਾ, ਛਲ, ਕਾਰਣ, ਖਿਤਾਬ, ਸਨਦ

उपाधी–ਉਪਾਧੀ, ਵਿ., ਉਪੱਦਰੀ, ਖਰੂਦੀ ਸ਼ਰਾਰਤੀ, ਭੈੜਾ, ਇੱਲਤੀ

उपाध्याय–ਉਪਾਧਜਾਯ, ਪੁ., ਪੜ੍ਹਾਉਣ ਵਾਲਾ ਪੰਡਿਤ, ਬ੍ਰਾਹਮਣਾਂ ਦੀ ਇਕ ਪਦਵੀ,

उपाध्याया–ਉਪਾਧੱਜਾਯਾ, ਇ., ਪੜ੍ਹਾਉਣ ਵਾਲੀ ਵਾਲੀ ਤੀਵੀਂ, ਉਸਤਾਨੀ, ਅਧਿਆਪਿਕਾ

उपान–ਉਪਾਨ, ਇ., ਘਰ ਦਾ ਆਸਰਾ, ਥਮ੍ਹਲੇ ਦੀ ਚੌਕੀ, ਮਕਾਨ ਦੀ ਕੁਰਸੀ

उपाना–ਉਪਾਨਾ, ਕ੍ਰਿ., ਉਤਪੰਨ ਕਰਨਾ, ਪੈਦਾ ਕਰਨਾ, ਬੀਜਣਾ

उपानत्–ਉਪਾਨਤ, ਵਿ., ਖੜਾਵਾਂ, ਪਊਏ, ਜੁੱਤੀ, ਨੇੜੇ, ਕੋਲ, ਕਿਨਾਰਾ, ਕੰਢਾ, ਕੋਨਾ

उपानह्–ਉਪਾਨਹ, ਪੁ., ਜੁੱਤੀ

उपाय–ਉਪਾਯ, ਪੁ., ਸਾਧਨ, ਜੁਗਤੀ, ਵੈਰੀ ਨੂੰ ਜਿੱਤਣ ਦੀ ਸਕੀਮ. ਸਿਲਸਿਲਾ, ਤਰਕੀਬ, ਢੰਗ, ਤਰੀਕਾ

उपायन–ਉਪਾਯਨ, ਪੁ., ਭੇਟਾ, ਭੇਟਾ ਕਰਨ ਦੀ ਵਸਤੂ

उपारम्भ–ਉਪਾਰੰਭ, ਪੁ., ਅਰੰਭ, ਮੁੱਢ, ਸ਼ੁਰੂ

उपार्जक–ਉਪਾਰਜਕ, ਵਿ., ਕਮਾਉਣ ਵਾਲਾ

उपार्जन–ਉਪਾਰਜਨ, ਪੁ., ਕਮਾਈ, ਲਾਭ, ਫਾਇਦਾ, ਖੱਟੀ

उपालम्भ–ਉਪਾਲੰਭ, ਵਿ., ਉਲਾਂਭਾ, ਨਿੰਦਿਆ

उपाव–ਉਪਾਵ, ਪੁ., ਦੇਖੋ ਉਪਾਯ, (उपाय)

उपास्–ਉਪਾਸ, ਪੁ., ਦੇਖੋ ਉਪਵਾਸ, (उपवास)

उपासक–ਉਪਾਸਕ, ਵਿ., ਸੇਵਕ. ਭਗਤ, ਉਪਾਸ਼ਨਾ ਕਰਨ ਵਾਲਾ

उपासना–ਉਪਾਸਨਾ, ਇ., ਕੋਲ ਬੈਠਨ ਦਾ ਕੰਮ, ਪੂਜਾ, ਅਰਾਧਨਾ

उपासनीय–ਉਪਾਸਨੀਯ. ਵਿ., ਜੋ ਉਪਾਸਨਾ ਕਰਨ ਜੋਗ ਹੋਵੇ, ਅਰਾਧਨ ਜੋਗ, ਪੂਜਨੀਯ, ਪੂਜਾ ਕਰਨ ਜੋਗ, ਪੂੱਜ

उपासा–ਉਪਾਸਾ, ਵਿ., ਵਰਤੀ, ਅੰਨ ਜਲ ਨਾ ਵਰਤਣ ਵਾਲਾ, ਨਿਰਾਹਾਰੀ

उपासित–ਉਪਾਸਿਤ ਵਿ., ਪੂਜਣ ਜੋਗ, ਪੂਜਨੀਯ, ਪੂੱਜ, ਸਨਮਾਨ ਜੋਗ

उपास्थि–ਉਪਾਸਥਿ, ਇ., ਕੋਮਲ ਹੱਡੀ, ਨਰਮ ਹੱਡ

उपेक्षक–ਉਪੇਕਸ਼ਕ, ਵਿ., ਲਾਪਰਵਾਹ, ਪਰਵਾਹ ਨਾ ਕਰਨ ਵਾਲਾ

उपेक्षण–ਉਪੇਕਸ਼ਣ, ਪੁ., ਅਨਾਦਰ, ਬੇਇੱਜ਼ਤੀ, ਨਫ਼ਰਤ, ਘਿਰਣਾ

उपेक्षा–ਉਪੇਕਸ਼ਾ, ਇ., ਅਨਾਦਰ, ਬੇਇੱਜ਼ਤੀ, ਨਫ਼ਰਤ, ਬੇਪਰਵਾਹੀ

उपेन्द्र–ਉਪੇਂਦ੍ਰ, ਪੁ., ਇੰਦਰ ਦਾ ਛੋਟਾ ਭਾਈ, ਵਾਮਨ, ਵਿਸ਼ਨੂੰ

उपैना–ਉਪੈਨਾ, ਵਿ., ਨੰਗਾ, ਖੁਲ੍ਹਾ, ਉਘਾੜਿਆ ਹੋਇਆ

उपोद्घात–ਉਪੋਦਘਾਤ, ਪੁ., ਭੂਮਕਾ, ਆਰੰਭ, ਮੁਖਬੰਧ

उफनना–ਉਫਨਨਾ, ਕ੍ਰਿ., ਝਗੜਾ ਕਰਨ ਲਈ ਉਭਰਨਾ

उफान–ਉਫਾਨ, ਪੁ., ਝੱਗ, ਉਬਾਲ

उफाल–ਉਫਾਲ, ਪੁ., ਲੰਮੀ ਡਿੰਗ, ਲੰਮੀ ਪਲਾਂਘ

उबकना–ਉਬਕਨਾ, ਕ੍ਰਿ., ਉਗੱਲਣਾ, ਕੈ ਕਰਨਾ, ਉਜਲਣਾ

उबका–ਉਬਕਾ, ਪੁ., ਸਰਕਨ ਵਾਲੀ ਗੱਠ ਜਾਂ ਫੰਦਾ, ਸਿਰਕ ਫਰਾਹੀ

उबकाई–ਉਬਕਾਈ, ਇ., ਕੈ, ਉਲਟੀ

उबछना–ਉਬਛਨਾ, ਕ੍ਰਿ., ਪਾਣੀ ਉੱਤੇ ਨੂੰ ਸਿਟਣਾ, ਛਿੜਕੇ ਪਾਉਣਾ

उबट–ਉਬਟ, ਪੁ., ਉਬੜ ਖਾਬੜ ਧਰਤੀ, ਭੈੜਾ ਰਸਤਾ, ਖੋਟਾ ਮਾਰਗ, ਕੁਰਾਹ

उबटन–ਉਬਟਨ, ਪੁ., ਵਟਨਾ, ਲ਼ੇਪ

उबटना–ਉਬਟਨਾ, ਕ੍ਰਿ., ਵਟਨਾ ਮਲਣਾ, ਲ਼ੇਪ ਕਰਨਾ

उबना–ਉਬਨਾ, ਕ੍ਰਿ., ਅੰਕੁਰ ਫੁੱਟਣਾ, ਜੰਮਣਾ, ਤੂਈ ਨਿਕਲਣੀ

उबरना–ਉਬਰਨਾ, ਕ੍ਰਿ., ਮੁਕਤ ਹੋਣਾ, ਆਜ਼ਾਦ ਹੋਣਾ, ਬਚ ਜਾਣਾ

उबराऊ–ਉਬਰਾਊ, ਪੁ., ਟੋਆ, ਪਤਾਲ, ਖੋਢ

उबरा–ਉਬਰਾ, ਵਿ., ਬਚਿਆ ਖੁਚਿਆ, ਜੂਠਾ

उबलना–ਉਬਲਨਾ, ਕ੍ਰਿ., ਉੱਪਰ ਉੱਠਣਾ, ਭਾਂਡੇ ਤੋਂ ਬਾਹਰ ਨਿਕਲਣਾ, ਉਬਾਲ ਆਉਣਾ

उबसन–ਉਬਸਨ, ਪੁ., ਭਾਂਡੇ ਮਾਂਜਣ ਦਾ ਰੇਤਾ

उबसना–ਉਬਸਨਾ, ਕ੍ਰਿ., ਚਿਪ ਚਿਪਾ ਹੋਣਾ, ਮੈਲਾ ਹੋਣਾ, ਕਮਜ਼ੋਰ ਹੋਣਾ, ਭਾਂਡੇ ਮਾਂਜਣਾ

उबहन–ਉਬਹਨ, ਇ., ਪਾਣੀ ਦਾ ਡੋਲ ਖਿੱਚਣ ਦੀ ਲੱਜ, ਡੋਰੀ, ਰੱਸਾ

उबहना–ਉਬਹਨਾ, ਕ੍ਰਿ., ਹਥਿਆਰ ਚੁੱਕਣਾ, ਮਿਆਨ ਤੋਂ ਤਲਵਾਰ ਧੂਣਾ, ਉਬਰਨਾ, ਜੋੜਨਾ, ਉਪਰ ਵਲ ਕੁੱਦਣਾ, ਵਿ., ਨੰਗਪੈਰਾ, ਪੈਰਾਂ ਤੋਂ ਨੰਗਾ

उबरनी–ਉਬਰਨੀ, ਇ., ਰੱਸੀ, ਲੱਜ, ਡੋਰੀ

उबांत–ਉਬਾਂਤ, ਇ., ਕੈ, ਉਲਟੀ

उबाना–ਉਬਾਨਾ, ਕ੍ਰਿ., ਬੀਜਣਾ, ਕਮਾਉਣਾ. ਵਧਾਉਣਾ, ਉਗਾਉਣਾ ਵਿ., ਨੰਗਾ

उबार–ਉਬਾਰ, ਪੁ., ਮੁਕਤੀ, ਆਜ਼ਾਦੀ, ਛੁਟਕਾਰਾ

उबारना–ਉਬਾਰਨਾ, ਕ੍ਰਿ., ਮੁਕਤੀ ਦੇਣਾ, ਛੁਟਕਾਰਾ ਦੇਣਾ, ਮੁਕਤ ਕਰਨਾ

उबारा–ਉਬਾਰਾ, ਪੁ., ਪਸੂ ਦੇ ਪਾਣੀ ਪੀਣ ਦਾ ਕੁੰਡ, ਖੇਲ

उबाल–ਉਬਾਲ, ਪੁ., ਅੱਗ ਦੇ ਸੇਕ ਨਾਲ ਚੀਜ਼ ਦਾ ਕੰਢਿਆਂ ਤੋਂ ਬਾਹਰ ਹੋਣ ਦਾ ਭਾਵ

उबालना–ਉਬਾਲਨਾ, ਕ੍ਰਿ,, ਗਰਮ ਕਰਨਾ, ਜੋਸ਼ ਦੇਣਾ

उबासी- ਉਬਾਸੀ, ਇ., ਜੰਭਾਈ, ਉਕਾਸੀ, ਆਲਸ ਵਜੋਂ ਅੰਗਾਂ ਦੇ ਮੜਾਉਣ ਦੀ ਹਾਲਤ

उबिठना–ਉਬਿਠਨਾ, ਕ੍ਰਿ., ਦਿਲ ਭਰ ਜਾਣਾ, ਫਿੱਕਾ ਲਗਣਾ ਇ., ਉਦਾਸੀ, ਘਬਰਾਹਟ

उबीधा–ਉਬੀਧਾ, ਵਿ., ਫਸਿਆ ਹੋਇਆ, ਧਸਿਆ ਹੋਇਆ, ਗਡਿਆ ਹੋਇਆ

ਕੰਡਿਆਲਾ, ਕੰਡਿਆਂ ਨਾਲ ਭਰਿਆ ਹੋਇਆ

उबेना–ਉਬੇਨਾ, ਵਿ., ਨੰਗ ਪੈਰਾ, ਪੈਰਾਂ ਤੋਂ ਨੰਗਾ

उबेरना–ਉਬੇਰਨਾ, ਕ੍ਰਿ., ਦੇਖੋ ਉਬਾਟਨਾ (उबारना)

उभय–ਉਭਯ, ਵਿ., ਦੋਵੇਂ, ਦੋਨੋਂ

उभरना–ਉਭਰਨਾ, ਕ੍ਰਿ., ਉੱਠਣਾ, ਵਧਣਾ, ਜਵਾਨ ਹੋਣਾ, ਉਛਲਣਾ ਫੁਲਣਾ, ਭਖਣਾ, ਚਲੇ ਜਾਣਾ, ਪਰਕਾਸ਼ਤ ਹੋਣਾ, ਉਤਰਨਾ, ਖੁਲ੍ਹਣਾ, ਉਤਪੰਨ ਹੋਣਾ

उभाड़ना–ਉਭਾੜਨਾ, ਕ੍ਰਿ., ਭਖਾਉਣਾ, ਗੁੱਸੇ ਕਰਨਾ, ਉਕਸਾਉਣਾ ਚੱਕਣਾ, ਬਹਿਕਾਉਣਾ

उभाड़–ਉਭਾੜ, ਪੁ., ਉਚਾਣ, ਉਚਾਈ

उभाना–ਉਭਾਨਾ, ਕ੍ਰਿ., ਸਿਰ ਹਲਾਉਂਦਿਆਂ ਹਥ ਪੈਰ ਪਟਕਣੇ

उमंग–ਉਮੰਗ, ਇ., ਖੁਸ਼ੀ, ਇਛਿਆ. ਮੌਜ, ਲਹਿਰ, ਪੂਰਨਤਾ, ਸੁਆਦ

उमंड–ਉਮੰਡ, ਪੁ., ਵੇਗ, ਉਠਾਣ, ਲਹਿਰ, ਉਮੰਗ

उमगन–ਉਮਗਨ, ਇ., ਖੁਸ਼ੀ, ਪਰਸੰਨਤਾ

उमगना–ਉਮਗਨਾ, ਕ੍ਰਿ., ਵਧਣਾ, ਪਰਸੰਨ ਹੋਣਾ, ਖੁਸ਼ ਹੋਣਾ

उमचना–ਉਮਚਨਾ, ਕ੍ਰਿ., ਪੈਰਾਂ ਨਾਲ ਕੁਚਲਣਾ, ਦਬਾਉਣਾ, ਹੈਰਾਨ ਹੋਣਾ

उमड़–ਉਮੜ, ਇ., ਹੜ੍ਹ, ਉਭਾਰ, ਚੜ੍ਹਾਉ, ਧਾਵਾ, ਘੇਰਾ

उमदना–ਉਮਦਨਾ, ਕ੍ਰਿ., ਮਸਤ ਹੋਣਾ, ਪਾਗਲ ਪਣ ਆਉਣਾ, ਭਖਣਾ, ਉਠੱਣਾ

उमदाई–ਉਮਦਾਈ, ਇ., ਅਛਾਈ, ਖੂਬੀ, ਚੰਗੀ ਹਾਲਤ

उमर–ਉਮਰ, ਇ., ਉਮਰ, ਆਯੂ

उमस–ਉਮਸ, ਇ., ਹੁਮਸ. ਗਰਮੀ, ਵੱਟ

उमा–ਉਮਾ, ਇ., ਪਾਰਬਤੀ, ਦੁਰਗਾ, ਲੱਛਮੀ, ਅਲਸੀ, ਕੀਰਤੀ, ਵਡਿਆਈ, ਸ਼ਾਂਤੀ, ਬ੍ਰਹਮ ਵਿਦਿਆ

उमाकना–ਉਮਾਕਨਾ, ਕ੍ਰਿ., ਜੜ੍ਹੋਂ ਪੱਟਣਾ, ਨਾਸ ਕਰਨਾ, ਸੁੱਟਣਾ

उमाकिनी–ਉਮਾਕਿਨੀ, ਵਿ., ਪੁਟਣ ਵਾਲੀ, ਜੜ੍ਹੋਂ ਕੱਢਣ ਵਾਲੀ

उमाचना–ਉਮਾਚਨਾ, ਕ੍ਰਿ., ਪੁਟਣਾ, ਕਢਣਾ, ਉਤਾਹਾ ਖਿੱਚਣਾ

उमाद–ਉਮਾਦ, ਪੁ., ਦੇਖੋ, ਉਨਮਾਦ (उमाद)

उमाधव–ਉਮਾਧਵ, ਪੁ,, ਸ਼ੰਕਰ, ਸ਼ਿਵ, ਮਹਾਦੇਵ,

उमापति–ਉਮਾਪਤਿ, ਪੁ., ਮਹਾਦੇਵ, ਸ਼ਿਵ

उमाह–ਉਮਾਹ, ਪੁ., ਹੈਰਾਨੀ. ਉਤਸ਼ਾਹ, ਉਮੰਗ. ਚਾਉ, ਖੁਸ਼ੀ

उमाहल–ਉਮਾਹਲ, ਵਿ., ਖੁਸ਼ੀ ਭਰਿਆ, ਚਾਉ ਭਰਪੂਰ

उमेठन–ਉਮੇਠਨ, ਇ., ਵਲ, ਮਰੋੜ, ਆਕੜ

उमेठना–ਉਮੇਠਨਾ, ਕ੍ਰਿ. ਮਰੋੜਨਾ, ਅਕੜਾਉਣਾ

उमेश–ਉਮੇਸ਼, ਪੁ. ਸ਼ਿਵ, ਸ਼ੰਕਰ, ਮਹਾਦੇਵ

उम्मस–ਉੱਮਸ, ਇ., ਪੀੜ, ਦੁਖ, ਤਕਲੀਫ

उर–ਉਰ, ਪੁ., ਛਾਤੀ, ਮਨ. ਚਿਤ, ਦਿਲ. ਹਿਰਦਾ, ਸੀਨਾ

उरक्षत–ਉਰਕਸ਼ਤ, ਪੁ., ਛਾਤੀ ਦਾ ਜ਼ਖਮ, ਖਈ ਰੋਗ ਦਮਾ

उरस्थल–ਉਰਸਥਲ, ਪੁ., ਦਿਲ, ਹਿਰਦਾ, ਛਾਤੀ

उरग–ਉਰਗ, ਪੁ., ਸੱਪ, ਸਰਪ, ਨਾਗ

उरगड्डी–ਉਰਗੱਡੀ, ਇ., ਜੁਲਾਹੇ ਦੀ ਧਰਤੀ ਵਿਚ ਟੋਇਆ ਪੁਟਣ ਦੀ ਕਿੱਲੀ

उरगना–ਉਰਗਨਾ, ਕ੍ਰਿ., ਬਰਦਾਸ਼ਤ ਕਰਨਾ, ਪ੍ਰਵਾਣ ਕਰਨਾ, ਸਹਿਣਾ, ਸਹਾਰਨਾ

उरगाय–ਉਰਗਾਯ, ਪੁ., ਵਿਸ਼ਨੂੰ

उरद–ਉਰਦ, ਪੁ., ਦੇਖੋ ਉੜਦ (ਉੜਦ)

उरमना–ਉਰਮਨਾ, ਕ੍ਰਿ., ਝੂਮਣਾ, ਲਟਕਣਾ, ਲਮਕਣਾ, ਝੂਟੇ ਲੈਣਾ

उरमाना–ਉਰਮਾਨਾ, ਕ੍ਰਿ., ਲਟਕਾਉਣਾ, ਸੁਟਣਾ. ਲਮਕਾਉਣਾ

उरमाल–ਉਰਮਾਲ, ਪੁ., ਰੁਮਾਲ, ਪਰਨਾ

उरला–ਉਰਲਾ, ਵਿ., ਪਿਛਲਾ, ਇਸ ਪਾਸੇ ਦਾ, ਇਧਰਲਾ

उरविज–ਉਰਵਿਜ, ਪੁ., ਮੰਗਲ ਗ੍ਰਹਿ

उरस–ਉਰਸ. ਪੁ., ਛਾਤੀ, ਦਿਲ, ਹਿਰਦਾ

उरसना–ਉਰਸਨਾ, ਕ੍ਰਿ., ਚੰਚਲ ਹੋਣਾ, ਹਿੱਲਣਾ, ਡੋਲਣਾ, ਹੇਠਾਂ ਉੱਤੇ ਕਰਨਾ, ਉੱਚਾ ਨੀਵਾਂ ਕਰਨਾ

उरसाना–ਉਰਸਾਨਾ, ਕ੍ਰਿ., ਹੌਸਲਾ ਵਧਾਉਣਾ

उरसिज–ਉਰਸਿਜ, ਪੁ., ਤ੍ਰੀਵੀਆਂ ਦੀ ਛਾਤੀ, ਮੰਮੇ, ਦੁੱਧੀ

उरहना–ਉਰਹਨਾ, ਪੁ., ਉਲਾਂਭਾ

उरा–ਉਰਾ, ਇ., ਧਰਤੀ, ਜ਼ਮੀਨ

उराऊ–ਉਰਾਊ, ਪੁ., ਉਮੰਗ, ਖ਼ੁਸ਼ੀ, ਚਾਉ, ਹੌਸਲਾ

उराना–ਉਰਾਨਾ, ਕ੍ਰਿ., ਭੁੱਲ ਜਾਣਾ

उरारा–ਉਰਾਰਾ, ਪੁ., ਹਾਹੁਕਾ, ਚਾਉ, ਅਭਿਲਾਖਾ, ਉਮੰਗ, ਉਤਸ਼ਾਹ

उराश–ਉਰਾਸ਼, ਵਿ., ਵੱਡਾ, ਦੀਰਘ, ਉੱਚਾ

उराहना–ਉਰਾਹਨਾ, ਪੁ., ਦੇਖੋ ਉਰਹਨਾ (उरहना)

उरिण–ਉਰਿਣ, ਵਿ., ਜਿਸ ਦਾ ਕਦਜ਼ਾ ਲਥ ਗਿਆ ਹੋਵੇ

उरिन–ਉਰਿਨ, ਵਿ., ਦੇਖੋ ਉਰਿਣ (उरिण)

उरू–ਉਰੂ, ਵਿ., ਫੈਲਿਆ ਹੋਇਆ, ਵਡਮੁੱਲਾ, ਪੁ., ਜੰਘਾ, ਪੱਟ

उरूज–ਉਰੂਜ, ਪੁ., ਬੜ੍ਹਤੀ, ਵਾਧਾ

उरूवा–ਉਰੂਵਾ, ਪੁ., ਉੱਲੂ

उरूक–ਉਰੂਕ, ਪੁ., ਦੇਖੋ, ਉਰੂਵਾ (उरूवा)

उरे–ਉਰੇ, ਕ੍ਰਿ. ਵਿ., ਉਸ ਪਾਸੇ, ਅੱਗੇ, ਨੇੜੇ, ਇੱਥੇ

उरेह–ਉਰੇਹ, ਪੁ., ਚਿਤਰਕਾਰੀ, ਨੱਕਾਸ਼ੀ, ਤਸਵੀਰ ਖਿੱਚਣ ਦਾ ਕੰਮ

उरेहना–ਉਰੇਹਨਾ, ਕ੍ਰਿ., ਚਿਤਰ ਖਿੱਚਣਾ, ਰੰਗ ਭਰਨਾ

उरोज–ਉਰੋਜ, ਪੁ., ਮੰਮੇ, ਕੁਚ, ਦੁੱਧੀਆਂ

उर्णा–ਉਰਣਾ, ਇ., ਭੇਡ ਦੇ ਵਾਲ, ਉੱਨ

उर्दू–ਉਰਦੂ, ਇ., ਫਾਰਸੀ ਅਰਬੀ ਹਿੰਦੀ ਪੰਜਾਬੀ ਮਿਲੀ ਬੋਲੀ ਭਾਸ਼ਾ ਜੋ ਫਾਰਸੀ ਲਿਪੀ ਵਿਚ ਲਿਖੀ ਜਾਂਦੀ ਹੈ

उर्दूबाजार–ਉਰਦੂਬਾਜ਼ਾਰ, ਪੁ., ਫੌਜੀਆਂ ਦਾ ਬਾਜ਼ਾਰ, ਬੜਾ ਬਾਜ਼ਾਰ

उर्मि–ਉਰਮਿ, ਇ., ਦੇਖੋ ਊਰਮਿ (ऊर्मि)

उर्मिला–ਉਰਮਿਲਾ, ਇ., ਲਛਮਣ ਜੀ ਦੀ ਪਤਨੀ ਦਾ ਨਾਉਂ

उर्वरा–ਉਰਵਰਾ, ਇ., ਉਪਜਾਊ ਧਰਤੀ, ਇਕ ਅਪੱਛਰਾ ਦਾ ਨਾਉਂ, ਘੁੰਘਰਾਲੇ ਵਾਲ

उर्वशी–ਉਰਵਸ਼ੀ, ਇ., ਸੁਰਗ ਦੀ ਇਕ ਵੇਸਵਾ, ਇਕ ਪਰੀ

उलंग–ਉਲੰਗ, ਵਿ., ਅਣਕਜਿਆ, ਨੰਗਾ

उलंगना–ਉਲੰਗਨਾ, ਕ੍ਰਿ., ਲੰਘਣਾ, ਡਾਕਣਾ, ਟਾਲਣਾ

उलगट–ਉਲਗਟ, ਇ., ਉਲੰਘਣਾ, ਕੁਦਾਈ, ਟਪਾਈ, ਕੁੱਦ

उलगना–ਉਲਗਨਾ, ਕ੍ਰਿ., ਉਛੱਲਣਾ, ਕੁੱਦਣਾ

उलगाना–ਉਲਗਾਨਾ, ਕ੍ਰਿ., ਕੁਦਾਉਣਾ, ਪਾਰ ਲੰਘਾਉਣਾ

उलचना–ਉਲਚਨਾ, ਕ੍ਰਿ., ਦੇਖੋ ਉਲੀਚਨਾ, (उलीचना)

उलछना–ਉਲਛਨਾ, ਕ੍ਰਿ., ਬਖੇਰਨਾ, ਇਧਰ ਉਧਰ ਸੁਟਣਾ, ਖਿੰਡਾਉਣਾ

उलंडा–ਉਲੰਡਾ, ਪੁ., ਖੇਤ ਵਿਚ ਬੀਜਣ ਦਾ ਕੰਮ

उलझन–ਉਲਝਨ, ਇ., ਅਟਕਾਉ, ਫਸਾਉ, ਉਲਝੇਵਾਂ

उलझना–ਉਲਝਨਾ, ਕ੍ਰਿ., ਉਲਝੇਵਾਂ ਪੈਣਾ, ਅਟਕਣਾ,

उलझा–ਉਲਝਾ, ਪੁ., ਦੇਖੋ ਉਲਝਨ (उलझन)

उलट–ਉਲਟ, ਪੁ., ਤਬਦੀਲੀ, ਹੇਰ ਫੇਰ

उलट पुलट–ਉਲਟ ਪੁਲਟ, ਪੁ., ਫੇਰ ਫਾਰ, ਗੜਬੜੀ,

उलटा–ਉਲਟਾ, ਵਿ., ਹੇਠਲਾ, ਉਤੇ, ਪੁੱਠਾ, ਉਲਟਾ

उलटी–ਉਲਟੀ, ਇ., ਕੈ, ਉਲਟੀ, ਉਕਾਰੀ

उलटी रुमाली–ਉਲਟੀ ਰੁਮਾਲੀ, ਇ., ਮੁਗਦਰ ਦੀ ਇਕ ਕਸਰਤ

उलटे–ਉਲਟੇ, ਕ੍ਰਿ. ਵਿ., ਖਲਾਫ, ਬੇਇਨਸਾਫੀ, ਬੇਤਰਤੀਬੀ

उलथना–ਉਲਥਨਾ, ਕ੍ਰਿ., ਹੇਠਾਂ ਉਤੇ ਕਰਨਾ, ਉਲਟਾਉਣਾ, ਪਲਟਾਉਣਾ

उलथा–ਉਲਥਾ, ਪੁ., ਅਨੁਵਾਦ, ਇਕ ਤਰ੍ਹਾਂ ਦਾ ਨਾਚ ਜਿਸ ਵਿਚ ਤਾਲ ਤੇ ਉਛਲਿਆ ਜਾਂਦਾ ਹੈ, ਪਾਸਾ ਪਰਤਣਾ

उलद–ਉਲਦ, ਇ., ਵਰਖਾ ਦੀ ਝੜੀ, ਮੁਧਾਉਣ ਦੀ ਕਿਰਿਆ, ਮੂਧਾ ਕਰਨ ਦਾ ਭਾਵ

उलमना–ਉਲਮਨਾ, ਕ੍ਰਿ., ਸਹਾਰਾ ਲੈਣਾ, ਲਟਕਣਾ, ਲਮਕਣਾ

उलरना–ਉਲਰਨਾ, ਕ੍ਰਿ., ਕੁੱਦਣਾ, ਲੰਘਣਾ, ਹੇਠਾਂ ਉਤੇ ਹੋਣਾ, ਪਿਛੇ ਨੂੰ ਡਿਗਣਾ

उलरुवा–ਉਲਰੁਵਾ, ਪੁ., ਗੱਡਾ ਉਲਰਣ ਦੇ ਰੋਕਣ ਲਈ ਪਿੱਛੇ

ਬੱਧੀ ਲਕੜੀ, ਟੇਟੂਆ

उललना—ਉਲਲਨਾ, ਕ੍ਰਿ., ਕਸਣਾ, ਗਿਰਨਾ, ਪਲਟਾ ਖਾਣਾ, ਇੱਧਰ ਉਧਰ ਹੋਣਾ

उलसना—ਉਲਸਨਾ, ਕ੍ਰਿ., ਚਮਕਾਉਣਾ, ਪਰਫੁੱਲਤ ਹੋਣਾ

उलहना—ਉਲਹਨਾ, ਕ੍ਰਿ., ਅੰਗੂਰ ਫੁੱਟਣਾ, ਫੁੱਲਣਾ, ਪਰਫੁੱਲਤ ਹੋਣਾ, ਉਭਰਨਾ

उला—ਉਲਾ, ਭੇਡ ਦਾ ਬੱਚਾ, ਲੇਲਾ

उलाटना—ਉਲਾਟਨਾ, ਕ੍ਰਿ., ਦੇਖੋ ਉਲਟਨਾ (उलटना)

उलार—ਉਲਾਰ, ਵਿ., ਗੱਡੇ ਜਾਂ ਜੱਕੇ ਵਗੈਰਾ ਦੇ ਪਿਛਲੇ ਪਾਸੇ ਝੁਕਣ ਦੀ ਕਿਰਿਆ

उलारना—ਉਲਾਰਨਾ, ਕ੍ਰਿ., ਉਤੇ ਸੁਟਣਾ, ਉਛਾਲਣਾ

उलाहन—ਉਲਾਹਨ, ਪੁ., ਉਲਾਂਭਾ, ਨਿੰਦਿਆ, ਸ਼ਿਕਾਇਤ

उलूक—ਉਲੂਕ, ਪੁ., ਉੱਲੂ, ਇੰਦਰ, ਉੱਖਲੀ, ਵਿਸਵਾਮਿੱਤਰ ਦਾ ਇਕ ਪੁੱਤਰ, ਦੁਰਯੋਧਨ ਦਾ ਇਕ ਦੂਤ

उलेल—ਉਲੇੱਲ, ਇ.. ਉੱਨਤੀ, ਖ਼ੁਸ਼ੀ, ਖੇਲ੍ਹ ਕੁੱਦ

उल्का—ਉਲਕਾ, ਇ., ਪਰਕਾਸ਼, ਉਜਾਲਾ, ਤੇਜ, ਮਸਾਲ, ਆਕਾਸ਼ ਤੋਂ ਡਿੱਗੀ ਹੋਈ ਅੱਗ, ਟੁੱਟਦਾ ਤਾਰਾ, ਉਪੱਦਰ, ਹਲ ਚਲ, ਗੜਬੜੀ, ਵਿਘਨ

उल्था—ਉਲਥਾ, ਪੁ., ਅਨੁਵਾਦ, ਤਰਜਮਾ

उल्मुक—ਉਲਮੁਕ, ਪੁ., ਅੰਗਿਆਰ, ਚੰਗਿਆੜੀ, ਜਲਦਾ ਬਲਦਾ ਕਲਾ

उल्लसन—ਉੱਲਸਨ, ਪੁ., ਲੂੰ ਕੰਡੇ, ਖੁਸ਼ੀ

उल्लापन—ਉੱਲਾਪਨ. ਪੁ., ਖੁਸ਼ਾਮਦ, ਇਲਾਜ, ਚਾਪਲੂਸੀ

उल्लास—ਉੱਲਾਸ. ਪੁ., ਖੁਸ਼ੀ, ਪਰਕਾਸ਼, ਖੇੜਾ, ਚਿਹਰੇ ਦੀ ਰੌਣਕ

उल्लासना—ਉੱਲਾਸਨਾ, ਕ੍ਰਿ.. ਪਰਕਾਸ਼ਤ ਕਰਨਾ, ਪਰਗਟ ਕਰਨਾ

उल्लासी—ਉੱਲਾਸੀ, ਵਿ., ਖੁਸ਼ੀ ਮਨਾਉਣ ਵਾਲਾ, ਪਰਸੰਨ ਰਹਿਣ ਵਾਲਾ, ਚਮਕਦਾਰ

उल्लिखित—ਉੱਲਿਖਿਤ, ਵਿ., ਉੱਤੇ ਲਿਖਿਆ ਹੋਇਆ, ਖਿੱਚਿਆ ਹੋਇਆ, ਛਿੱਲਿਆ ਹੋਇਆ

उल्लेख—ਉੱਲੇਖ, ਪੁ., ਚਰਚਾ, ਲੇਖ, ਇਕ ਅਲੰਕਾਰ ਜਿਸ ਵਿਚ ਇਕ ਹੀ ਚੀਜ਼ ਅਨੇਕ ਰੂਪਾਂ ਵਿਚ ਵਰਣਨ ਕੀਤੀ ਜਾਂਦੀ ਹੈ

उल्लेखनीय—ਉੱਲੇਖਨੀਜ, ਵਿ., ਲਿਖਣ ਜੋਗ

उल्लोल—ਉੱਲੋਲ, ਪੁ. ਲਹਿਰ, ਤਰੰਗ, ਵੇਗ, ਵਲਵਲਾ, ਜਜ਼ਬਾ

उल्व—ਉਲ੍ਵ. ਪੁ., ਓਹ ਝਿੱਲੀ ਜਿਸ ਵਿਚ ਬੱਚਾ ਲਿਪਟਿਆ ਹੀ ਪੈਦਾ ਹੁੰਦਾ ਹੈ, ਔਲ, ਜੇਰ

उवना—ਉਵਨਾ, ਕ੍ਰਿ., ਨਿਕਲਣਾ, ਤਿਆਰ ਹੋਣਾ

उवनि—ਉਵਨਿ, ਇ., ਉਦੈ, ਨਿਕਾਸ, ਉਠਾਉ, ਉਭਾਰ

उसवा—ਉਸਵਾ, ਪੁ., ਇਕ ਖੂਨ ਸਾਫ ਕਰਨ ਵਾਲੀ ਪਰਸਿੱਧ ਬਟੀ

उशीर—ਉਸ਼ੀਰ, ਪੁ., ਖਸ

उषा—ਉਸ਼ਾ, ਇ., ਵੇਦ ਦੀ ਇਕ ਦੇਵੀ, ਸਵੇਰਾ, ਪਰਭਾਤ, ਸੰਝ ਦੀ ਲਾਲੀ, ਬਾਣਾਸੁਰ ਦੀ ਧੀ

उष्ट्र—ਉਸ਼ਟ੍ਰ, ਪੁ., ਉੱਠ, ਬੋਤਾ,

उष्ण—ਉਸ਼ਣ, ਵਿ., ਗਰਮ, ਤੱਤਾ

उष्ण कटिबंध—ਉਸ਼ਣ ਕਟਿਬੰਧ, ਪੁ., ਧਰਤੀ ਦਾ ਉਹ ਹਿੱਸਾ ਜੋ ਕਰਕ ਅਤੇ ਮਕਰ ਰੇਖਾਵਾਂ ਦੇ ਵਿਚਕਾਰ ਹੁੰਦਾ ਹੈ

उष्णता—ਉਸ਼ਣਤਾ, ਇ., ਗਰਮੀ, ਭੜਦਾਹ, ਤਾਪ

उष्णीश—ਉਸ਼ਣੀਸ਼, ਇ., ਸਾਫ਼ਾ, ਤਾਜਾ, ਪੱਗ, ਦਸਤਾਰ

उष्म—ਉਸ਼ਮ, ਵਿ., ਗਰਮ, ਤੱਤਾ

उष्मज—ਉਸ਼ਮਜ, ਪੁ., ਪਸੀਨਾ ਅਤੇ ਗਰਮੀ ਤੋਂ ਪੈਦਾ ਹੋਣ ਵਾਲਾ ਕੀੜਾ

उष्मा—ਉਸ਼ਮਾ, ਇ., ਗਰਮੀ, ਕਰੋਧ, ਗੁੱਸਾ

उस—ਉਸ, ਸਰਵ., ਵੋਹ ਦਾ ਰੂਪ ਜੋ ਕਾਰਕ ਲੱਗਣ ਤੇ ਉਸ ਬਣ ਜਾਂਦਾ ਹੈ, ਉਹ

उसकन—ਉਸਕਨ, ਪੁ., ਮਾਂਜਾ,. ਭਾਂਡੇ ਮਾਂਜਣ ਦਾ ਘਾਹ ਦਾ ਮੁੱਠਾ

उसगन—ਉਸਗਨ; ਪੁ., ਦੇਖੋ ਅਪਸ਼ਕੁਨ (अपशकुन)

उसनना—ਉਸਨਨਾ, ਕ੍ਰਿ., ਉਬਾਲਣਾ, ਪਕਾਉਣਾ, ਪਾਣੀ ਪਾ ਕੇ ਗੁੰਨ੍ਹਣਾ

उसबा—ਉਸਬਾ, ਪੁ., ਦੇਖੋ ਉਸਵਾ (उसवा)

उसनीश—ਉਸਨੀਸ਼, ਪੁ., ਦੇਖੋ ਉਸ਼ਣੀਸ਼ (उष्णीश)

उसमा—ਉਸਮਾ; ਪੁ., ਬਸਮਾ, ਬਟਣਾ

उसरना—ਉਸਰਨਾ, ਕ੍ਰਿ., ਸਰਕਣਾ, ਵੱਖ ਹੋਣਾ ਬੀਤਣਾ, ਪੂਰਾ ਹੋਣਾ, ਭੁਲ ਜਾਣਾ, ਬਣ ਕੇ ਖੜਾ ਹੋਣਾ

उसलना—ਉਸਲਨਾ, ਕ੍ਰਿ., ਦੇਖੋ ਉਸਰਨਾ (उसरना)

उसवा—ਉਸਵਾ, ਪੁ., ਇਕ ਬੂਟੀ

उसवाना—ਉਸਵਾਨਾ, ਕ੍ਰਿ., ਸੁਜਣਾ, ਫੁੱਟਣਾ

उससना—ਉਸਸਨਾ, ਕ੍ਰਿ., ਉਸਰਨਾ, ਸਰਕਣਾ, ਟਲਣਾ, ਸਾਹ ਕੱਢਣਾ

उसांस—ਉਸਾਂਸ. ਪੁ., ਹੌਕਾ, ਲੰਮਾ ਸਾਹ

उसांसी—ਉਸਾਂਸੀ, ਇ., ਛੁੱਟੀ

उसीला—ਉਸੀਲਾ, ਪੁ., ਵਸੀਲਾ

उसीसा—ਉਸੀਸਾ, ਪੁ., ਸਰ੍ਹਾਣਾ, ਤਕਿਆ

उसूल—ਉਸੂਲ, ਪੁ., ਸਿਧਾਂਤ, ਮਤ, ਨਿਜਮ, ਰੀਤ

उसेना—ਉਸੇਨਾ, ਕ੍ਰਿ., ਉਬਾਲਣਾ

उहवां—ਉਹਵਾਂ, ਕ੍ਰਿ. ਵਿ., ਉੱਥੇ, ਉਸ ਜਗਾ

उहि—ਉਹਿ, ਸਰਵ., ਓਹੀ, ਉਹ

उही—ਉਹੀ, ਪੁ., ਉਹੀ, ਓਹੀ

उहार—ਉਹਾਰ, ਪੁ., ਪਰਦਾ

उहूल—ਉਹੂਲ, ਪੁ., ਲਹਿਰ, ਤਰੰਗ

ऊ-ਊ

ऊ-ਊ, ਸੰਸਕ੍ਰਿਤ ਅਤੇ ਹਿੰਦੀ ਦੇ ਸ੍ਵਰ ਅੱਖਰਾਂ ਦਾ ਛਵਾਂ ਅੱਖਰ ਹੈ ਇਹ 'ਉ' ਦਾ ਦੀਰਘ ਰੂਪ ਹੈ, ਇਸ ਦੇ ਬੋਲਣ ਵਾਲਾ ਥਾਂ ਹੋਠ ਜਾਂ ਬੁਲ੍ਹ ਹਨ, ਪੁ., ਮਹਾਦੇਵ, ਇੰਦਰ, ਪਾਲਕ, ਸਰਵ., ਉਹ

ऊअना-ਊਅਨਾ, ਕ੍ਰਿ., ਚੜ੍ਹਨਾ, ਨਿਕਲਣਾ, ਉਗੱਣਾ, ਉਦੇ ਹੋਣਾ

ऊआबाई-ਊਆਬਾਈ, ਵਿ., ਬੇਅਰਥ, ਅੰਡਵੰਡ, ਫਜ਼ੂਲ ਵਾਧੂ

ऊंख-ਊਂਖ, ਇ., ਇੱਖ, ਗੰਨਾ, ਪੋੱਨਾ, ਕਮਾਦ

ऊंग-ਊਂਗ, ਇ., ਊਂਘੇ, ਨੀਂਦ ਦਾ ਦੌਰਾ, ਝਪਕੀ, ਧੁਰੇ ਵਿਚ ਲਪੇਟੀ ਹੋਈ ਸੂਤ ਦੀ ਅੱਟੀ

ऊंगना-ਊਂਗਨਾ, ਪੁ., ਪਸ਼ੂਆਂ ਦਾ ਇਕ ਰੋਗ ਜਿਸ ਵਿਚ ਸਰੀਰ ਠੰਢਾ ਪੈ ਜਾਂਦਾ ਹੈ

ऊंगा-ਊਂਗਾ, ਪੁ., ਪੁਠਕੰਡਾ

ऊंघ-ਊਂਘ, ਇ., ਦੇਖੋ ਊਂਗ (ऊंग)

ऊंघना-ਊਂਘਨਾ, ਕ੍ਰਿ., ਝਪਕੀ ਲੈਣਾ, ਜਾਗੋ ਮੀਚੀ ਹੋਣਾ, ਉਂਘਣਾ

ऊंच, ऊंचा-ਊਂਚ, ਊਂਚਾ, ਵਿ., ਉਚਾ, ਉਚੇ ਤੋਂ ਉਚਾ

ऊंचनीच-ਊਂਚਨੀਚ, ਪੁ., ਛੋਟਾ ਵੱਡਾ, ਹਾਨ ਲਾਭ

ऊंचाई-ਊਂਚਾਈ, ਇ., ਉਚਾਈ

ऊंचे-ਊਂਚੇ, ਕ੍ਰਿ. ਵਿ., ਉਪਰ ਨੂੰ ਜ਼ੋਰ ਨਾਲ

ऊंछना-ਊਂਛਨਾ, ਕ੍ਰਿ., ਵਾਲ ਝਾੜਨਾ, ਕੰਘਾ ਕਰਨਾ

ऊंट-ਊਂਟ, ਪੁ., ਉੱਠ, ਬੋਤਾ

ऊंटकटारा-ਊਂਟਕਟਾਰਾ, ਪੁ., ਇਕ ਕੰਡਿਆਲੀ ਬੂਟੀ

ऊंटगाड़ी-ਊਂਟਗਾੜੀ, ਇ., ਇਕ ਤਰ੍ਹਾਂ ਦੀ ਗੱਡੀ ਜਿਸ ਅੱਗੇ ਉੱਠ ਨੂੰ ਜੋੜਦੇ ਹਨ

ऊंटवान-ਊਂਟਵਾਨ, ਪੁ., ਉੱਠ ਵਾਲਾ, ਬੋੱਤੇ ਵਾਲਾ

ऊंड़ा-ਊਂੜਾ, ਪੁ., ਉਹ ਭਾਂਡਾ ਜਿਸ ਨੂੰ ਰੁਪਏ ਪੈਸੇ ਗਹਿਣੇ ਆਦਿ ਨਾਲ ਭਰ ਕੇ ਧਰਤੀ ਵਿਚ ਗੱਡ ਦੇਂਦੇ ਹਨ, ਤਹਿਖਾਨਾ, ਚੁਬੱਚਾ, ਵਿ., ਡੂੰਘਾ, ਗਹਿਰਾ

ऊंदर-ਊਂਦਰ, ਪੁ., ਚੂਹਾ

ऊंधा-ਊਂਧਾ, ਵਿ., ਮੂਧਾ, ਉਲਟਾ, ਮੂਧੇ ਮੂੰਹ

ऊंहूं-ਊਂਹੂੰ, ਅਵਜ., ਨਾ, ਕਦੇ ਨਾ, ਇਹ ਨਹੀਂ

ऊकना-ਊਕਨਾ, ਕ੍ਰਿ., ਚੁੱਕਣਾ, ਭੁੱਲਣਾ, ਤਾਪ ਦੇ ਨਾਲ ਤਪਣਾ

ऊख-ਊਖ, ਇ., ਇੱਖ, ਗੰਨਾ, ਕਮਾਦ, ਪੁ., ਗਰਮੀ, ਵੱਟ, ਭੜਦਾਹ, ਵਿ., ਬੇਚੈਨ

ऊखल-ਊਖਲ, ਪੁ., ਵੱਡੀ ਉਖਲੀ, ਉੱਖਲ

ऊगना-ਊਗਨਾ, ਕ੍ਰਿ., ਜੰਮਣਾ, ਜੜ ਫੜਨਾ, ਪੈਦਾ ਹੋਣਾ, ਤਈ ਨਿਕਲਣੀ, ਅੰਗੂਰ ਫੁੱਟਣਾ

ऊगरा-ਉਗਰਾ, ਪੁ., ਉਬਾਲੀ ਹੋਈ ਖਾਣ ਚੀਜ਼

ऊज-ਊਜ, ਪੁ., ਉਤਪਾਤ ਬਖੇੜਾ, ਤੁਹਮਤ, ਕਲੰਕ, ਦਾਗ਼

ऊजर-ਊਜਰ, ਵਿ., ਉਜਲਾ, ਸਾਫ, ਉਜਾੜ

ऊजाड़-ਊਜਾੜ, ਵਿ., ਸੁਨਸਾਨ, ਉਜਾੜ, ਬੀਆਬਾਣ, ਵਸੋਂ ਰਹਿਤ

ऊटना-ਊਟਨਾ, ਕ੍ਰਿ., ਸੋਚਣਾ, ਵਿਚਾਰਨਾ, ਲਹਿਰ ਵਿਚ ਆਉਣਾ

ऊटपटांग-ਊਟਪਟਾਂਗ, ਵਿ., ਬੇਢੰਗਾ, ਬੇਮਾਹਨੇ, ਅੰਡ ਵੰਡ, ਵਾਹੀਹਾਤ, ਟੇਢਾ, ਡਿੰਗਾ

ऊड़ा-ਊੜਾ, ਪੁ., ਕਮੀ, ਘਾਟ, ਕਾਲ, ਨਾਸ, ਭੁੱਖ

ऊड़ी-ਊੜੀ, ਇ., ਜੁਲਾਹੇ ਦੀ ਫਿਰਕੀ, ਡੁਬਕੀ, ਚੁੱਬੀ, ਗੁੱਚੀ, ਗੋਤੱਾ

ऊढ़-ਊੜ੍ਹ, ਵਿ., ਵਿਆਹਿਆ ਹੋਇਆ, ਪ੍ਰਵਾਣ ਕੀਤਾ ਹੋਇਆ

ऊढ़ना-ਊੜ੍ਹਨਾ, ਕ੍ਰਿ., ਸੋਚਣਾ, ਅਨੁਮਾਨ ਕਰਨਾ, ਅੰਦਾਜ਼ਾ ਲਾਉਣਾ

ऊढ़ा-ਊੜ੍ਹਾ, ਇ., ਵਿਆਹੀ ਹੋਈ ਤੀਵੀਂ

ऊत-ਊਤ, ਵਿ., ਬੁਣਿਆ ਹੋਇਆ, ਗੁੰਦਿਆ ਹੋਇਆ, ਔਤ, ਬੇਉਲਾਦਾ, ਮੂਰਖ, ਪਰੇਤ

ऊतला-ਊਤਲਾ, ਵਿ., ਉਤਾਵਲਾ, ਜਲਦਬਾਜ਼, ਕਾਹਲਾ

ऊताताई-ਊਤਾਤਾਈ, ਵਿ., ਉਜੱਡ, ਨਾਸਮਝ, ਮੂਰਖ, ਕਮੱਕਲ

ऊद-ਊਦ, ਪੁ., ਅਗਰ ਦਾ ਰੁੱਖ, ਊਦ ਬਿਲਾਉ

ऊदल-ਊਦਲ, ਪੁ., ਆਲ੍ਹਾ ਦਾ ਛੋਟਾ ਭਾਈ ਜੋ ਮਹੋਵੇ ਵਿਚ ਰਾਜਾ ਪਰਮਾਲ ਦਾ ਮੁੱਖ ਸਰਦਾਰ ਸੀ

ऊधम-ਊਧਮ, ਪੁ., ਉਤਪਾਤ, ਹੁੱਲੜ, ਬਖੇੜਾ

ऊधमी-ਊਧਮੀ, ਵਿ., ਉਤਪਾਤੀ, ਬਖੇੜਾ ਪਾਉਣ ਵਾਲਾ, ਇੱਲਤੀ, ਫਸਾਦੀ

ऊन-ਊਨ, ਵਿ,, ਛੋਟਾ, ਕਮ, ਅਧੂਰਾ, ਥੋੜਾ, ਘਟ ਪੁ., ਭੇਡ ਬਕਰੀ ਦੀ ਜੱਤ ਜਿਸ ਦੇ ਕੰਬਲ ਅਤੇ ਪਹਿਨਣ ਦੇ ਕਪੜੇ ਆਦਿ ਬਣਦੇ ਹਨ, ਉੱਨ

ऊनता-ਊਨਤਾ, ਇ., ਕਮੀ, ਘਾਟ, ਥੁੜ,

ऊनित-ਊਨਿਤ, ਵਿ., ਘਟਾਇਆ ਹੋਇਆ

ऊनी-ਊਨੀ, ਵਿ., ਉੱਨ ਦਾ ਬਣਿਆ ਹੋਇਆ, ਇ., ਘਾਟਾ, ਕਮੀ, ਉਦਾਸੀ, ਦੁਖ, ਪੀੜ

ऊप-ਊਪ, ਪੁ., ਅੰਨ ਦਾ ਸੂਦ ਜੋ ਕਿ ਕਿਰਸਾਣ ਮਹਾਜਨਾਂ ਤੋਂ ਬੀਜਣ ਲਈ ਅੰਨ ਲੈ ਕੇ ਉਸ ਦਾ ਸਵਾਯਾ ਦੇਂਦਾ ਹੈ

ऊपा-ਊਪਾ, ਇ., ਸੂਦ ਤੇ ਸਵਾਏ ਅੰਨ ਦਾ ਕਰਜ਼ਾ ਦੇਣ ਦੀ ਕਿਰਿਆ

ऊपर-ਊਪਰ, ਵਿ., ਉਪੱਰ, ਉਤੇ ਕ੍ਰਿ. ਵਿ., ਉੱਚੀ ਥਾਂ ਤੇ, ਉਚਾਈ ਪੁਰ, ਅੱਗੇ, ਜ਼ਿਆਦਾ

ऊपरी-ਊਪਰੀ, ਵਿ., ਬਾਹਰੀ, ਢਿੱਲਾ, ਬਾਹਰ ਦਾ, ਪਰਾਇਆ ਬਣਾਉਟੀ

ऊब-ਊਬ, ਇ., ਘਬਰਾਹਟ, ਹੌਸਲਾ

ऊबट-ਊਬਟ, ਪੁ., ਔਖਾ ਰਾਹ, ਉੱਚਾ ਨੀਵਾਂ ਰਸਤਾ

ऊबड़खाबड़–ਊਬੜਖਾਬੜ, ਵਿ., ਉੱਚਾ, ਨੀਵਾਂ

ऊबना–ਊਬਨਾ, ਕ੍ਰਿ., ਉਕਤਾਉਣਾ, ਘਬਰਾਉਣਾ, ਨਫਰਤ ਕਰਨਾ, ਹੈਰਾਨ ਹੋਣਾ

ऊभा–ਊਭਾ; ਪੁ., ਟੋਆ, ਖੋਹ

ऊभासांसी–ਊਭਾਸਾਂਸੀ, ਇ., ਘਬਰਾਹਟ, ਬੇਚੈਨੀ

ऊमक–ਊਮਕ, ਇ., ਹੜ੍ਹ, ਝਪਟ, ਵੇਗ, ਪਾਣੀ ਦਾ ਬਹਾਉ, ਕਾਂਗ

ऊरू–ਊਰੂ, ਪੁ., ਗੋਡਾ, ਪੱਟ

ऊरूसम्भव–ਊਰੂਸੰਭਵ, ਪੁ., ਵੈਸ਼

ऊर्ज–ਊਰਜ, ਵਿ., ਬਲਵਾਨ, ਤਾਕਤ ਵਾਲਾ, ਤਕੜਾ, ਪੁ., ਤਾਕਤ, ਬਲ, ਕੱਤਕ ਦਾ ਮਹੀਨਾ, ਹੋਸਲਾ, ਜ਼ਿੰਦਗੀ, ਵੀਰਜ, ਪਾਣੀ, ਮੱਲ

ऊर्जस्वी–ਊਰਜਸ੍ਵੀ, ਪੁ., ਇਕ ਅਲੰਕਾਰ ਜਿਸ ਵਿਚ ਬਹੁਤ ਹੰਕਾਰ ਦਿਖਾਇਆ ਗਿਆ ਹੋਵੇ, ਵਿ., ਬਹੁਤ ਤਾਕਤਵਰ, ਪਰਾਕਰਮੀ, ਬਲਵਾਨ, ਹਿੰਮਤੀ

ऊर्जा–ਊਰਜਾ, ਇ., ਭਲ, ਹੌਸਲਾ, ਅਕਲ, ਤਾਕਤ

ऊर्ण–ਊਰਣ ਪੁ., ਭੇਡ ਜਾਂ ਬਕਰੀ ਦੀ ਜੱਤ, ਉੱਨ

ऊर्दर–ਊਰਦਰ, ਪੁ., ਬੀਰ, ਬਹਾਦੁਰ, ਜੋਧਾ

ऊर्ध्व–ਊਰਧ੍ਵ. ਵਿ., ਉੱਚਾ. ਉਪਰਲਾ, ਉਤਲਾ, ਪੁ., ਉਚਾਈ, ਉੱਚਾਪਣ

ऊर्ध्वकण्ठ–ਊਰਧ੍ਵ ਕੰਠ. ਵਿ.. ਉੱਚੀ ਧੌਣ ਵਾਲਾ

ऊर्ध्वकर्ण–ਊਰਧ੍ਵ ਕਰਣ. ਵਿ., ਖੜੇ ਕੰਨਾਂ ਵਾਲਾ

ऊर्ध्वकर्म–ਊਰਣ ਕਰਮ, ਵਿ., ਮਰੇ ਹੋਏ ਆਦਮੀ ਦਾ ਕੀਤਾ ਜਾਣ ਵਾਲਾ ਸਰਾਧ

ऊर्ध्वकाय–ਊਰਧ੍ਵਕਾਯ, ਵਿ., ਉੱਚੇ ਸਰੀਰ ਵਾਲਾ

ऊर्ध्वकेतु–ਊਰਧ੍ਵਕੇਤੁ, ਵਿ., ਉੱਚੀ ਧਜਾ ਵਾਲਾ. ਜਿਸ ਦਾ ਝੰਡਾ ਬਹੁਤ ਉੱਚਾ ਹੋਵੇ

ऊर्ध्वकेश–ਊਰਧ੍ਵਕੇਸ਼. ਵਿ., ਜਿਸ ਦੇ ਵਾਲ ਖੜੇ ਹੋਣ

ऊर्ध्वग–ਊਰਧ੍ਵਗ, ਵਿ., ਸੁਰਗ ਨੂੰ ਜਾਣ ਵਾਲਾ, ਉਚਾ ਜਾਣ ਵਾਲਾ

ऊर्ध्वगत–ਊਰਧ੍ਵਗਤ, ਵਿ.. ਉਪਰ ਗਿਆ ਹੋਇਆ

ऊर्ध्वगति–ਊਰਧ੍ਵਗਤਿ, ਇ.. ਚੜ੍ਹਾਈ, ਮੁਕਤੀ

ऊर्ध्वचरण–ਊਰਧ੍ਵਚਰਣ, ਇ., ਧਰਤੀ ਤੇ ਸਿਰ ਰਖ ਕੇ ਤੇ ਪੈਰਾਂ ਨੂੰ ਉੱਪਰ ਚੁਕ ਕੇ ਤਪੱਸਿਆ ਕਰਨ ਵਾਲਾ, ਸਾਧੂ

ऊर्ध्वता–ਊਰਧ੍ਵਤਾ, ਇ., ਉਚਾਈ

ऊर्ध्वतिक्त–ਊਰਧ੍ਵਤਿਕ੍ਤ, ਪੁ , ਚਿਰਾਇਤਾ, ਪਾਪੜਾ, ਸਾਹਤਰਾ

ऊर्ध्वदृष्टि–ਊਰਧ੍ਵਦ੍ਰਿਸ਼੍ਟਿ, ਵਿ., ਉੱਚੀ ਨਿਗਾਹ ਵਾਲਾ, ਇ.. ਉਚੀ ਨਿਗਾਹ

ऊर्ध्वद्वार–ਊਰਧ੍ਵਦ੍ਵਾਰ, ਪੁ., ਉੱਚਾ ਦਰਵਾਜਾ, ਬ੍ਰਹਮਰੰਧ੍ਰ

ऊर्ध्वपथ–ਊਰਧ੍ਵਪਥ, ਪੁ., ਉਪਰਲਾ ਰਾਹ, ਅਸਮਾਨ, ਅਕਾਸ਼

ऊर्ध्वभाक–ਊਰਧ੍ਵਭਾਕ, ਪੁ., ਸਮੁੰਦਰ ਦੇ ਪਾਣੀ ਨੂੰ ਖਪਾਉਣ ਵਾਲੀ ਅੱਗ, ਬੜਵਾਨਲ

ऊर्ध्वमुख–ਊਰਧ੍ਵਮੁਖ, ਪੁ., ਅੱਗ, ਵਿ., ਜਿਸ ਦਾ ਮੂੰਹ ਉਤਾਹਾਂ ਨੂੰ ਹੋਵੇ, ਉਚੇ ਮੂੰਹ ਵਾਲਾ

ऊर्ध्वरेखा–ਊਰਧ੍ਵਰੇਖਾ. ਇ., ਪੈਰ ਦੀ ਉਹ ਰੇਖਾ ਜੋ ਗੂੱਠੇ ਨਾਲ ਦੀ ਉਂਗਲ ਤੋਂ ਸ਼ੁਰੂ ਹੋ ਕੇ ਅੱਡੀ ਤਕ ਜਾਂਦੀ ਹੈ ਜਿਸ ਦੇ ਇਹ ਰੇਖਾ ਹੁੰਦੀ ਹੈ ਉਹ ਅੰਸ਼ਾਵਤਾਰੀ ਦੱਸਿਆ ਜਾਂਦਾ ਹੈ, ਖੜੀ ਲਕੀਰ

ऊर्ध्वरेता–ਊਰਧ੍ਵਰੇਤਾ, ਪੁ., ਮਹਾਦੇਵ, ਭੀਸ਼ਮ, ਹਨੂਮਾਨ ਸਨਕਾਦਿਮੁਨੀ, ਸੰਨਿਆਸੀ. ਵਿ., ਜੋ ਵੀਰਜ ਨੂੰ ਖਰਾਬ ਨਾ ਕਰਦਾ ਹੋਵੇ, ਬ੍ਰਹਮਚਾਰੀ

ऊर्ध्वरोमा–ਊਰਧ੍ਵਰੋਮਾ, ਵਿ., ਜਿਸ ਦੇ ਰੋਂਗਟੇ ਖੜੇ ਹੋਏ ਹੋਣ, ਲੂੰ ਕੰਡਿਆਂ ਵਾਲਾ

ऊर्ध्वलिङ्ग–ਊਰਧਲਿੰਗ, ਪੁ., ਮਹਾਦੇਵ

ऊर्ध्वलोक–ਊਰਧ੍ਵਲੋਕ, ਖੁ., ਸੁਰਗ, ਵੈਕੁੰਠ, ਅਕਾਸ਼

ऊर्ध्वशाई–ਊਰਧਵਸ਼ਾਈ, ਵਿ., ਉਤਾਹਾਂ ਸੌਣ ਵਾਲਾ, ਛਤ ਤੇ ਸੌਣ ਵਾਲਾ, ਪੁ., ਮਹਾਦੇਵ

ऊर्ध्वश्वास–ਊਰਧ੍ਵਸ਼੍ਵਾਸ, ਪੁ., ਮਰਨ ਦੇ ਵੇਲੇ ਦਾ ਸਾਹ, ਲੰਮਾ ਸਾਹ

ऊर्ध्वस्थित–ਊਰਧ੍ਵਸਥਿਤ, ਵਿ., ਉਪਰ ਰਹਿਣ ਵਾਲਾ

ऊर्ध्वङ्ग–ਊਰਧ੍ਵੰਗ, ਪੁ., ਮਸਤਕ, ਸਿਰ, ਮੱਥਾ

ऊर्मि–ਊਰਮਿ, ਪੁ., ਤਰੰਗ, ਲਹਿਰ, ਉਭਾਰ, ਚਕਾਚੌਂਧ. ਭੁੱਲ, ਪੀੜਾ. ਘੋੜੇ ਦੀ ਲਹਿਰੀਆ ਚਾਲ, ਸ਼ੋਕ, ਮੋਹ. ਬੁੜ੍ਹਾਪਾ, ਮੌਤ, ਭੁੱਖ ਪਿਆਸ,

ऊर्मिका–ਊਰਮਿਕਾ, ਇ., ਅੰਗੂਠੀ, ਭੌਰੇ ਦੀ ਗੁਣ ਗੁਣ

ऊर्मिमाली–ਊਰਮਿਮਾਲੀ, ਪੁ., ਸਮੁੰਦਰ

ऊर्मिला–ਊਰਮਿਲਾ, ਇ., ਸੀਤਾ ਜੀ ਦੀ ਭੈਣ, ਲਛਮਨ ਜੀ ਦੀ ਪਤਨੀ

ऊर्वस्थि–ਊਰਵਸਥਿ, ਪੁ., ਪੱਟ ਦੀ ਹੱਡੀ

ऊलजलूल–ਊਲਜਲੂਲ, ਵਿ., ਊਤ ਪਟਾਂਗ, ਬੇਸਿਰ ਪੈਰ ਦਾ, ਅਸੱਭ, ਮੂਰਖ, ਗੰਵਾਰ

ऊलर–ਉਲਰ, ਇ., ਕਸ਼ਮੀਰ ਦੀ ਇਕ ਝੀਲ ਦਾ ਨਾਉਂ

ऊश–ਊਸ਼ ਪੁ., ਖਾਰੀ ਮਿੱਟੀ, ਕੰਨ ਦਾ ਛੇਕ, ਤੜਕਾ

ऊषर–ਊਸ਼ਰ. ਪੁ., ਕੱਲਰ ਧਰਤੀ

ऊषा–ਊਸ਼ਾ, ਇ., ਸਵੇਰ, ਪਹੁ ਹੋਣ ਦਾ ਵੇਲਾ, ਵਾਣਾਸੂਰ ਦੀ ਪੁਤਰੀ ਜੋ ਕ੍ਰਿਸ਼ਨ ਦੇ ਪੋਤੇ ਅਨਿਰੁੱਧ ਦੀ ਤੀਵੀਂ ਸੀ. ਪਹੁ ਫੁਟਾਲਾ, ਪਰਭਾਤ

ऊषाकाल–ਊਸ਼ਾਕਾਲ, ਪੁ., ਸਵੇਰਾ, ਤੜਕਾ, ਪਰਭਾਤ

ऊष्म–ਊਸ਼ਮ, ਵਿ., ਗਰਮੀ, ਧੁੱਪ, ਭਾਫ, ਭੜਦਾਹ

ऊष्मवर्ण–ਉਸ਼ਮਵਰਣ, ਪੁ., ਵਿਆਕਰਣ ਵਿਚ ਸ਼, ਖ, ਸ, ਹ, ਚਾਰ ਅੱਖਰ ਊਸ਼ਮ ਕਹੇ ਜਾਂਦੇ ਹਨ, श, ष, स, ह

ऊष्मा–ਊਸ਼ਮਾ, ਇ., ਗਰਮੀ, ਤਪਸ, ਵੱਟ

ऊसर–ਊਸਰ, ਪੁ., ਕੱਲਰ, ਬੰਜਰ

ऊह–ਉਹ, ਪੁ., ਤਰਕ, ਬਹਸ, ਪਰੀਖਿਆ

ऊहन्–ਊਹਨ, ਪੁ., ਤਰਕ, ਬਹਸ

ऊहित–ਊਹਿੱਤ, ਵਿ., ਬਹਸ ਕੀਤਾ ਹੋਇਆ

ऊहापोह–ਊਹਾਪੋਹ, ਵਿ., ਬਹਸ ਰਾਹੀਂ ਸੰਸਾ ਦੂਰ ਕੀਤਾ ਹੋਇਆ, ਬੇਧੜਕ ਦਾਨ ਦੇਣ ਵਾਲਾ

ऋ–ਰਿ

ऋ–ਰਿ., ਇਹ ਸ੍ਵਰ ਅੱਖਰਾਂ ਦਾ ਸੱਤਵਾਂ ਅੱਖਰ ਹੈ ਇਸ ਦਾ ਉੱਚਾਰਣ ਮੱਥੇ ਵਿਚੋਂ ਹੁੰਦਾ ਹੈ ਇ., ਦੇਵਤਿਆਂ ਦੀ ਮਾਂ ਅਦਿਤੀ, ਨਿੰਦਿਆ, ਪਰਾਪਤੀ, ਅਵਜ., ਹਾਸਾ

ऋक्–ਰਿਕ, ਇ., ਰਿਗਵੇਦ, ਰਿਗਵੇਦ ਦੇ ਮੰਤਰ, ਉਸਤੁਤਿ, ਪੂਜਾ

ऋक्थ–ਰਿਕਥ, ਪੁ., ਧਨ, ਦੌਲਤ, ਸੋਨਾ, ਮਿਲੀ ਹੋਈ ਦੌਲਤ

ऋक्ष–ਰਿਕਸ਼, ਪੁ,, ਤਾਰਾ, ਝੁੰਡ, ਰਿੱਛ, ਨਛੱਤਰ

ऋक्षचिन्ह–ਰਿਕਸ਼ਚਿੰਨ੍ਹ, ਪੁ.. ਇਕ ਤਰ੍ਹਾਂ ਦਾ ਕੋੜ੍ਹ ਦਾ ਰੋਗ

ऋक्षनाथ–ਰਿਕਸ਼ਨਾਥ, ਪੁ., ਚੰਦ, ਚੰਦਰਮਾ, ਚੰਨ

ऋक्षवान–ਰਿਕਸ਼ਵਾਨ, ਪੁ.. ਰਿਕਸ਼ ਪਹਾੜ ਜੋ ਨਰਵਦਾ ਨਦੀ ਦੇ ਕੰਢੇ ਤੋਂ ਲੈ ਕੇ ਗੁਜਰਾਤ ਤਕ ਫੈਲਿਆ ਹੋਇਆ ਹੈ

ऋग्वेद–ਰਿਗਵੇਦ, ਪੁ., ਚਾਰ ਵੇਦਾਂ ਵਿਚੋਂ ਪਹਿਲਾ ਵੇਦ

ऋगवेदी–ਰਿਗਵੇਦੀ ਵਿ., ਰਿਗਵੇਦ ਦੇ ਪੜ੍ਹਨ ਜਾ ਜਾਣਨ ਵਾਲਾ

ऋचा–ਰਿਚਾ, ਇ , ਵੇਦ ਮੰਤਰ, ਉਸਤੁਤਿ, ਪੂਜਾ

ऋच्छका–ਰਿੱਛਕਾ, ਇ. ਅਭਲਾਖਾ, ਇੱਛਿਆ, ਲੋੜ, ਚਾਹ

ऋजु–ਰਿਜੁ. ਵਿ., ਸਿੱਧਾ, ਜੋ ਟੇਢਾ ਨਾ ਹੋਵੇ, ਸਰਲ, ਸੁਹਣਾ, ਸੌਖਾ, ਪੁ.. ਵਸੁਦੇਵ ਦੇ ਇਕ ਪੁੱਤਰ ਦਾ ਨਾਉਂ

ऋजुता–ਰਿਜੁਤਾ, ਇ., ਸਿੱਧਾਪਣ, ਸਰਲਤਾ, ਈਮਾਨਦਾਰੀ, ਸਾਦਗੀ

ऋण–ਰਿਣ, ਪੁ., ਉਧਾਰ, ਕਰਜ਼

ऋणकर्ता–ਰਿਣਕਰਤਾ, ਵਿ., ਕਰਜ਼ਦਾਰ, ਕਰਜਾਈ, ਦੇਣਦਾਰ

ऋणग्रस्त–ਰਿਣਗ੍ਰਸ੍ਤ, ਵਿ., ਕਰਜ਼ੇ ਨਾਲ ਦਬਿਆ ਹੋਇਆ, ਕਰਜਾਈ

ऋणमोक्ष–ਰਿਣਮੋਕਸ਼, ਪੁ., ਕਰਜ਼ੇ ਤੋਂ ਛੁਟਕਾਰਾ

ऋत–ਰਿਤ, ਵਿ., ਸੱਚਾ, ਪੁ., ਸਚਾਈ. ਧਰਮਨੀਤੀ, ਸੂਰਜ,

ऋतधामा–ਰਿਤਧਾਮਾ, ਪੁ., ਵਿਸ਼ਨੂ, ਪਰਮੇਸਰ, ਰੱਬ, ਵਿ., ਸ਼ੁੱਧ ਸੁਭਾਉ ਵਾਲਾ, ਪੂਜਣ ਜੋਗ

ऋतम्भर–ਰਿਤੰਭਰ, ਵਿ., ਸੱਚਾ, ਗਿਆਨੀ, ਪੁ., ਰੱਬ

ऋतम्भरा–ਰਿਤੰਭਰਾ, ਇ., ਬੁੱਧ, ਗਿਆਨ, ਅਕਲ

ऋति–ਰਿਤਿ: ਇ., ਭਲਾਈ, ਹਮਲਾ, ਤਰੀਕਾ

ऋतु–ਰਿਤੁ, ਪੁ., ਸਮਾ, ਮੌਸਮ, ਬਸੰਤ ਸ਼ੀਤ ਬਸੰਤ ਗਰਮੀ ਵਰਖਾ ਅਤੇ ਸਰਦ ਇਹ ਛੇ ਰਿਤੂਆਂ ਹਨ, ਤੀਵੀਂ ਦਾ ਰਜ, ਚਮਕ

ऋतुकर–ਰਿਤੁਕਰ, ਪੁ., ਮਹਾਦੇਵ, ਸ਼ੰਕਰ, ਸ਼ਿਵ

ऋतुकाल–ਰਿਤੁਕਾਲ, ਪੁ., ਤੀਵੀਂਆਂ ਦੀ ਮਾਹਵਾਰੀ ਆਉਣ ਦਾ ਵੇਲਾ, ਤੀਵੀਂ ਦੇ ਲਹੂ ਦਿਖਾਈ ਦੇਣ ਦੀ ਪਹਿਲੀ ਰਾਤ ਤੋਂ ਸੋਲ੍ਹਵੀਂ ਰਾਤ ਤਕ ਦਾ ਸਮਾ

ऋतुगमन–ਰਿਤੁਗਮਨ, ਪੁ., ਮਾਹਵਾਰੀ ਵਿਚ ਤੀਵੀਂ ਨਾਲ ਭੋਗ ਕਰਨ ਦਾ ਕੰਮ

ऋतुगामी–ਰਿਤੁਗਾਮੀ, ਵਿ., ਮਾਹਵਾਰੀ ਸਮੇ ਤੀਵੀਂ ਨਾਲ ਭੋਗ ਕਰਨ ਵਾਲਾ

ऋतुमती–ਰਿਤੁਮਤੀ, ਇ., ਉਹ ਤੀਵੀਂ ਜਿਸ ਨੂੰ ਮਾਹਵਾਰੀ ਆਈ ਹੋਵੇ

ऋतुराज–ਰਿਤੁਰਾਜ, ਪੁ., ਬਸੰਤ ਰੁੱਤ

ऋतुस्नाता–ਰਿਤੁਸ੍ਨਾਤਾ, ਇ., ਮਾਹਵਾਰੀ ਤੋਂ ਮਗਰੋਂ ਚੌਥੇ ਦਿਨ ਨ੍ਹਾਉਣ ਵਾਲੀ ਤੀਵੀਂ

ऋतुस्नान–ਰਿਤੁਸਨਾਨ, ਪੁ., ਮਾਹਵਾਰੀ ਦਾ ਖ਼ੂਨ ਦਿਖਾਈ ਦੇਣ ਤੋਂ ਮਗਰੋਂ ਚੌਥੇ ਦਿਨ ਦਾ ਨ੍ਹਾਉਣ

ऋत्विक्–ਰਿਤ੍ਵਿਕ, ਵਿ., ਪਰੋਹਤ, ਵੇਦ ਦੇ ਮੰਤ੍ਰਾਂ ਨਾਲ ਜੱਗ ਵਿਚ ਕਰਮਕਾਂਡ ਕਰਾਉਣ ਵਾਲਾ

ऋद्ध–ਰਿਧ, ਵਿ., ਦੌਲਤਮੰਦ, ਧਨੀ, ਧਨਵਾਨ, ਸਰਮਾਏਦਾਰ

ऋद्धि–ਰਿਧਿ, ਇ., ਬੜ੍ਹਤੀ, ਸਿੱਧੀ

ऋद्धिसिद्धि–ਰਿਧਿਸਿੱਧਿ. ਇ., ਸੁਖਸੰਪਤੀ, ਗਣੇਸ਼ ਜੀ ਦੀਆਂ ਦੋ ਗੋਲੀਆਂ ਦੇ ਨਾਉਂ

ऋभु–ਰਿਭੁ, ਪੁ., ਜੱਗ ਦਾ ਦੇਵਤਾ

ऋषभ–ਰਿਸ਼ਭ, ਪੁ., ਬੈਲ, ਇਹ ਸ਼ਬਦ ਹੋਰ ਸ਼ਬਦਾਂ ਦੇ ਪਿੱਛੇ ਲੱਗਣ ਤੇ ਸ਼੍ਰੇਸ਼ਟ ਨੂੰ ਦਸਦਾ ਹੈ, ਇਕ ਖ਼ਾਸ ਦਵਾ

ऋषि–ਰਿਸ਼ਿ, ਵਿ., ਰਿਚਾ ਬਣਾਉਨ ਵਾਲਾ, ਵੇਦ ਮੰਤਰਾਂ ਦਾ ਜਾਣਕਾਰ, ਗਿਆਨ ਰਾਹੀਂ ਸੰਸਾਰ ਨੂੰ ਪਾਰ ਕਰਨ ਵਾਲਾ

ऋषिपञ्चमी–ਰਿਸ਼ਿਪੰਚਮੀ, ਭਾਦੋਂ ਦੇ ਪਿਛਲੇ ਪੱਖ ਦੀ ਪੰਚਮੀ

ऋष्यमूक–ਰਿਸ਼ਯਮੂਕ, ਪੁ., ਭਾਰਤ ਦੇ ਦੱਖਣ ਦਾ ਇੱਕ ਪਹਾੜ ਜਿਸ ਦਾ ਵਰਣਨ ਰਮਾਇਣ ਵਿਚ ਕੀਤਾ ਗਿਆ ਹੈ

ऋष्यशृङ्ग–ਰਿਸ਼ਯਸ਼੍ਰਿੰਗ, ਪੁ., ਇਕ ਰਿਸ਼ੀ ਦਾ ਨਾਉਂ, ਇਹ ਵਿਸਾਂਡਕ ਰਿਸ਼ੀ ਦਾ ਪੁੱਤਰ ਸੀ

ॠ–ਰੀ

ॠ–ਰੀ, ਹਿੰਦੀ ਅਤੇ ਸੰਸਕ੍ਰਿਤ ਸ੍ਵਰ ਦਾ ਅੱਠਵਾਂ ਅੱਖਰ, ਜੋ ਜੋ ਮੂਰਧਾ ਤੋਂ ਬੋਲਿਆ ਜਾਂਦਾ ਹੈ, ਇ., ਛਾਤੀ, ਦੇਵਤਾ, ਯਾਦ, ਪੁ., ਮਹਾਦੇਵ, ਭੈਰਵ, ਖਾਤੀ

ऌ, ॡ–ਲ੍ਰਿ, ਲ੍ਰੀ

ऌ–ਲ੍ਰਿ, ਹਿੰਦੀ ਤੇ ਸੰਸਕ੍ਰਿਤ ਸ੍ਵਰ ਦਾ ਨੌਵਾਂ ਅੱਖਰ. ਇਸ ਦ ਬੋਲਣ ਦੀ ਥਾਂ ਦੰਦ ਹੈ, ਇ., ਦੇਵਮਾਤਾ ਧਰਤੀ

ॡ–ਲ੍ਰੀ, ਸ੍ਵਰ ਵਰਣਾਂ ਦਾ ਦਸਵਾਂ ਅੱਖਰ, ਇਸ ਦਾ ਵੀ ਉੱਚਾਰਣ ਦੰਦਾਂ ਤੋਂ ਹੀ ਹੁੰਦਾ ਹੈ, ਪਾਣਿਨੀ ਰਿਸ਼ੀ ਦੇ ਕਹਿਣ ਅਨੁਸਾਰ ਲ੍ਰਿ ਦਾ ਦੀਰਘ ਨਹੀਂ ਹੁੰਦਾ ਇ., ਦੇਵਨਾਰੀ, ਮਾਤਾ, ਦੈਤਾਂ ਦੀ ਤੀਵੀਂ ਕਾਮਧੇਨ, ਪੁ., ਸ਼ੰਕਰ, ਮਹਾਦੇਵ

ए–ਏ

ए–ਏ, ਸ੍ਵਰ ਵਰਣਾਂ ਦਾ ਗਿਆਰੁਵਾਂ ਅੱਖਰ ਹੈ ਇਹ ਕੰਠ ਤੇ ਤਾਲੂਏ ਤੋਂ ਬੋਲਿਆ ਜਾਂਦਾ ਹੈ, ਪੁ., ਵਿਸ਼ਨੂੰ, ਸਰਵ., ਇਹ, ਅਵਜ., ਸੰਬੋਧਨ ਜਾਂ ਬੁਲਾਉਣ ਦੀ ਵਰਤੋਂ ਵਿਚ ਆਉਂਦਾ ਹੈ

एंच–ਏਂਚ, ਇ., ਕਮੀ, ਘਾਟ, ਦੇਰ

एंचना–ਏਂਚਨਾ, ਕ੍ਰਿ., ਲਕੀਰ ਖਿੱਚਣਾ, ਕੱਢਣਾ, ਲੈ ਜਾਣਾ, ਰੱਖਣਾ ਧਰਨਾ, ਸੁਕਾਉਣਾ

एंचपेंच–ਏਂਚਪੇਂਚ, ਪੁ., ਹੇਰਫੇਰ, ਉਲਝਣ, ਟੇਢੀ ਚਾਲ, ਵਿੰਗੀ ਡਿੰਗ

एंचातानां–ਏਂਚਾਤਾਨਾ, ਵਿ., ਭੈਂਗਾ. ਟੇਢਾ ਦੇਖਣ ਵਾਲਾ, ਟੀਰਾ

एंचातानी–ਏਂਚਾਤਾਨੀ, ਇ., ਔਖ, ਖਿੱਚੋਤਾਣ, ਝਗੜਾ

एंडाबेंडा–ਏਂਡਾ ਬੇਂਡਾ,ਵਿ., ਉਲਟ ਪੁਲਟ,ਅੰਡ ਬੰਡ,ਉੱਚਾ ਨੀਵਾਂ

एंड़ी–ਏਂੜੀ, ਇ., ਇਕ ਤਰ੍ਹਾਂ ਦਾ ਰੇਸ਼ਮ ਦਾ ਕੀੜਾ ਜੋ ਰਿੰਡ ਦੇ ਪੱਤੇ ਖਾਂਦਾ ਹੈ, ਇਸ ਕੀੜੇ ਦਾ ਰੇਸ਼ਮ, ਅੰਡੀ

एंडुवा–ਏਂਡਵਾ, ਪੁ., ਬਿੰਨਾ, ਇੰਨੂੰ

एक–ਏਕ, ਵਿ., ਪਰਧਾਨ, ਸੱਚਾ, ਸਮਾਨ, ਕੇਵਲ, ਇਕੱਲਾ, ਦੂਜਾ, ਥੋੜਾ, ਬਰਾਬਰ, ਪਹਿਲਾ, ਕੋਈ ਕੋਈ, ਪੁ., ਰੱਬ, ਅਗਨੀ, ਸੂਰਜ, ਜਮ

एकांग–ਏਕੰਗ, ਵਿ., ਇਕੱਲਾ

एकांगा–ਏਕੰਗਾ, ਵਿ., ਇਕ ਪਾਸੀਆ, ਇਕ ਤਰਫਾ, ਇਕੋ ਪਾਸੇ ਰਹਿਣ ਵਾਲਾ, ਇਕ ਵਾਗਾ

एकांडिया–ਏਕੰਡਿਆ, ਵਿ., ਇਕ ਗੱਠ ਵਾਲਾ, ਇਕ ਪਤਾਲੂ ਵਾਲਾ, ਇਕ ਨਲੀਆ

एकांत–ਏਕੰਤ, ਇ., ਨਿਰਾਲਾ, ਸੁਨਸਾਨ, ਇਕਾਂਤ

एकक–ਏਕਕ, ਵਿ., ਇਕੱਲਾ

एककालीन–ਏਕਕਾਲੀਨ, ਵਿ., ਇਕੋ ਵੇਲੇ ਪੈਦਾ ਹੋਣ ਵਾਲਾ

एकचक्र–ਏਕਚੱਕ੍ਰ, ਪੁ., ਸੂਰਜ ਦਾ ਰਥ, ਇਕ ਰਾਖਸ਼ ਦਾ ਨਾਉਂ, ਵਿ., ਚਕ੍ਰਵਰਤੀ

एकचर–ਏਕਚਰ, ਪੁ., ਗੈਂਡਾ, ਵਿ., ਇਕੱਲਾ ਘੁੰਮਣ ਵਾਲਾ, ਇਕ ਨੌਕਰ ਵਾਲਾ

एकचारिणी–ਏਕਚਾਰਿਣੀ, ਇ., ਪਤਿਵਰਤਾ ਤੀਵੀਂ, ਭਲੀ ਮਾਣਸ ਤੀਵੀਂ

एकचित्त–ਏਕਚਿੱਤ, ਵਿ., ਇਕ ਪਾਸੇ ਧਿਆਨ ਰੱਖਣ ਵਾਲਾ

एकचोबा–ਏਕਚੋਬਾ, ਪੁ., ਤੰਬੂ, ਇਕ ਚੋਬਾ ਤੰਬੂ

एकछत्र–ਏਕਛੱਤ੍ਰ, ਵਿ., ਬਿਨਾ ਕਿਸੇ ਦੂਜੇ ਮਾਲਿਕ ਤੋਂ, ਚਕ੍ਰਵਰਤੀ, ਪੁ., ਅਜ਼ਾਦ ਹਕੂਮਤ, ਖੁਦ ਮੁਖਤਿਆਰ ਰਾਜਾ

एकजन्मा–ਏਕਜਨਮਾ, ਪੁ., ਰਾਜਾ, ਸ਼ੂਦਰ

एकजात–ਏਕਜਾਤ, ਵਿ., ਇਕ ਮਾਂ ਬਾਪ ਤੋਂ ਜੰਮਿਆ ਹੋਇਆ, ਸਕਾ

एकटंगा–ਏਕਟੰਗਾ, ਵਿ., ਇਕ ਪੈਰ ਵਾਲਾ, ਲੰਗੜਾ, ਲੰਙਾ

एकटकी–ਏਕਟਕੀ, ਇ., ਟਕਟਕੀ, ਅੱਖ ਨਾ ਝਮਕਣ ਦਾ ਭਾਵ

एकट्ठा–ਏਕੱਠਾ, ਵਿ., ਇਕੱਠਾ, ਜਮਾ ਕੀਤਾ ਹੋਇਆ, ਜੋ ਵੱਖ ਨਾ ਹੋਵੇ

एकड़–ਏਕੜ, ਪੁ., ਜਮੀਨ ਦਾ ਇਕ ਮਾਪ ਜੋ ਇਕ ਬਿੱਘਾ ਬਾਰ੍ਹਾਂ ਬਿਸਵੇ ਦੇ ਲਗ ਭਗ ਹੁੰਦਾ ਹੈ

एकडाल–ਏਕਡਾਲ, ਵਿ., ਇਕੋ ਜਿਹਾ, ਪੁ., ਉਹ ਛੁਰਾ ਜਿਸ ਦਾ ਮੂੰਹ ਅਤੇ ਦਸਤਾ ਇਕੋ ਲੋਹੇ ਦੇ ਟੁਕੜੇ ਦਾ ਬਣਿਆ ਹੁੰਦਾ ਹੈ

एकतः–ਏਕਤਃ, ਅਵਜ., ਇਕ ਪੱਖ ਨਾਲ, ਪਾਸਿਓਂ ਇਕ ਇਕੱਲੇ ਹੀ

एकतरा–ਏਕਤਰਾ, ਪੁ., ਇਕ ਦਿਨ ਦਾ ਫਰਕ ਪਾ ਕੇ ਚੜਨ ਵਾਲਾ ਬੁਖਾਰ, ਵਾਰੀ ਦਾ ਤਾਪ, ਤੇਈਆ

एकता–ਏਕਤਾ, ਇ., ਮੇਲ ਜੋਲ, ਇਤਫਾਕ, ਬਰਾਬਰੀ

एकतान–ਏਕਤਾਨ, ਵਿ., ਇਕਾਗਰ, ਇਕਸਾਰ ਕੰਮ ਕਰਨ ਵਾਲਾ, ਪੁ., ਗਾਉਣ ਤੇ ਬਜਾਉਣ ਦਾ ਮੇਲ

एकताला–ਏਕਤਾਲਾ, ਪੁ., ਇਕੋ ਹੀ ਤਾਲ ਦਾ ਗਾਉਣਾ ਬਜਾਉਣਾ, ਜਿਸ ਵਿਚ ਦੂਜੇ ਤਾਲ ਦੀ ਲੋੜ ਨਾ ਪਵੇ

एकत्र–ਏਕਤ੍ਰ, ਅਵਜ., ਇਕੋ ਹੀ ਥਾਂ ਤੇ ਮਿਲ ਜੁਲ ਕੇ, ਇਕੱਠੇ

एकत्रित–ਏਕਤ੍ਰਿਤ, ਵਿ., ਇਕੱਠਾ ਕੀਤਾ ਹੋਇਆ, ਜਮਾਂ ਕਰਿਆ ਹੋਇਆ

एकत्व–ਏਕਤ੍ਵ, ਪੁ., ਇਤਫਾਕ, ਏਕਤਾ, ਮੇਲ, ਬਰਾਬਰੀ

एकदंत–ਏਕਦੰਤ, ਪੁ., ਗਣੇਸ਼ ਜੀ

एकदा–ਏਕਦਾ, ਅਵਜ., ਇਕਬਾਰ, ਇਕੋ ਹੀ ਵੇਲੇ,ਕਿਸੇ ਵਕਤ, ਇਕ ਸਮੇਂ

एकदृष्टि–ਏਕਦ੍ਰਿਸ਼੍ਟਿ, ਇ., ਇਕ ਚੀਜ਼ ਉਤੇ ਟਿਕੀ ਹੋਈ ਨਜ਼ਰ, ਵਿ., ਕਾਣਾ, ਪੁ., ਕਾਂ

एकदेव–ਏਕਦੇਵ, ਪੁ., ਰੱਬ, ਅਕਾਲ ਪੁਰਖ

एकदेशी, एकदेशीय–ਏਕਦੇਸ਼ੀ, ਏਕਦੇਸ਼ੀਯ, ਵਿ., ਇਕ ਮੁਲਖ ਦਾ, ਜੋ ਹਰ ਥਾਂ ਵਿਆਪਕ ਨਾ ਹੋਵੇ, ਇਕ ਮੌਕੇ ਹੋਣ ਵਾਲਾ

एकधर्मी–ਏਕਧਰਮੀ, ਵਿ., ਸਮਾਨ ਧਰਮਵਾਲਾ, ਹਮ ਸ਼ਜ਼ੁਬ

एकधा–ਏਕਧਾ. ਅਵਜ., ਇਕ ਵਾਰ, ਇਕ ਪਰਕਾਰ; ਇਕੱਲੇ

एकनयन–ਏਕਨਯਨ, ਵਿ., ਕਾਣਾ, ਪੁ., ਕੁਬੇਰ, ਕਾਂ

एकनिष्ठ–ਏਕਨਿਸ਼ਠ, ਵਿ., ਇਕ ਤੇ ਮਸਤ, ਇਕ ਪਾਸੇ ਲਗਿਆ ਰਹਿਣ ਵਾਲਾ

एकपक्ष–ਏਕਪਕਸ਼, ਵਿ., ਇਕ ਪੱਖ ਵਾਲਾ, ਪੱਖਪਾਤੀ, ਇਕ ਪਾਸੇ ਰਹਿਣ ਵਾਲਾ

एकपद्–ਏਕਪਦ, ਵਿ., ਇਕ ਪੈਰ ਵਾਲਾ

एकपद–ਏਕਪਦ, ਪੁ., ਸਾਧਾਰਣ ਸ਼ਬਦ, ਵੈਕੁੰਠ

एकपदी–ਏਕਪਦੀ, ਇ., ਪਗਡੰਡੀ

एकपिण्ड–ਏਕਪਿੰਡ, ਵਿ., ਨਾਤੇਦਾਰ, ਸੰਬੰਧੀ, ਸਾਕ ਅੰਗ

एकपुत्र–ਏਕਪੁਤ੍ਰ, ਵਿ., ਜਿਸ ਦਾ ਇਕ ਹੀ ਪੁੱਤਰ ਹੋਵੇ

एकपेचा–ਏਕਪੇਚਾ, ਪੁ., ਇਕ ਤਰ੍ਹਾਂ ਦੀ ਪਤਲੀ ਪੱਗ

एकप्रभुत्व–ਏਕਪ੍ਰਭੁਤ੍ਵ, ਪੁ., ਉਹ ਰਾਜ ਜਿਸ ਵਿਚ ਦੂਜੇ ਦਾ ਦਖਲ ਨਾ ਹੋਵੇ, ਇਕੋ ਦੀ ਹਕੂਮਤ, ਸਲਤਨਤ, ਖੁਦ-ਮੁਖਤਾਰ ਹਕੂਮਤ

एकबारगी–ਏਕਬਾਰਗੀ, ਕ੍ਰਿ. ਵਿ., ਇਕ ਬਾਰ, ਬਿਲਕੁਲ ਅਚਾਣਕ

एकभुक्त–ਏਕਭੁਕ੍ਤ, ਵਿ., ਦਿਨ ਰਾਤ ਵਿਚ ਇਕੋ ਵਾਰ ਖਾਣਾ ਖਾਣ ਵਾਲਾ, ਅਨ ਪਹਿਰੀਆ

एकमत–ਏਕਮਤ, ਵਿ., ਇਕ ਰਾਇ ਵਾਲਾ, ਹਾਂ ਵਿਚ ਹਾਂ ਮਿਲਾਉਣ ਵਾਲਾ

एकरंग–ਏਕਰੰਗ, ਵਿ., ਬਰਾਬਰ, ਇਕੋ ਜਿਹੇ ਰਗ ਦਾ ਚਹੁਆਂ ਪਾਸਿਆਂ ਤੋਂ ਬਰਾਬਰ, ਇਕੋ ਸਾਰ, ਸਾਫ ਦਿਲ ਦਾ

एकरदन–ਏਕਰਦਨ, ਪੁ., ਗਣੇਸ਼ ਜੀ

एकरूप–ਏਕਰੂਪ, ਪੁ., ਮਿਲਦੀ ਜੁਲਦੀ ਸ਼ਕਲ ਦਾ, ਇਕੋ ਸ਼ਕਲ ਦਾ

एकरूपता–ਏਕਰੂਪਤਾ, ਇ., ਬਰਾਬਰੀ, ਇਕੋ ਜਿਹਾ ਪਣ,

एकला–ਏਕਲਾ, ਵਿ., ਇਕੱਲਾ

एकलिङ्ग–ਏਕਲਿੰਗ, ਪੁ., ਕੁਬੇਰ, ਮਹਾਦੇਵ

एकलौता–ਏਕਲੌਤਾ, ਵਿ., ਅਪਨੇ ਮਾਂ ਬਾਪ ਦਾ ਇਕੋ ਇਕ ਪੁੱਤਰ

एकवचन–ਏਕਵਚਨ, ਪ., ਵਿਆਕਰਣ ਦਾ ਵਚਨ ਜਿਸ ਨਾਲ ਇਕ ਦਾ ਬੋਧ ਹੁੰਦਾ ਹੈ

एकवांज–ਏਕਵਾਂਜ, ਇ., ਜਿਸ ਤੀਵੀਂ ਦੀ ਇਕੋ ਉਲਾਦ ਹੋਈ ਹੋਵੇ

एकवाद्या–ਏਕਵਾਦਜਾ, ਇ., ਡਾਇਨ, ਚੁੜੇਲ, ਭੂਤਨੀ

एकवेणी–ਏਕਵੇਣੀ, ਇ., ਉਹ ਤੀਵੀਂ ਜਿਸ ਦਾ ਪਤੀ ਦੂਰ ਦੇਸ ਵਿਚ ਗਿਆ ਹੋਇਆ ਹੋਵੇ, ਵਿਧਵਾ, ਵਿਜੋਗਣ ਦੇ ਵਾਲ

एकशृङ्ग–ਏਕਸ਼੍ਰਿੰਗ, ਵਿ., ਇਕ ਸਿੰਗ ਵਾਲਾ, ਪੁ., ਵਿਸ਼ਨੂੰ

एकहत्था–ਏਕਹੱਥਾ, ਵਿ., ਇਕ ਹੱਥ ਨਾਲ ਕੰਮ ਕਰਨ ਵਾਲਾ

एका–ਏਕਾ, ਇ., ਦੁਰਗਾ, ਵਿ., ਇਕੱਲੀ, ਜਿਸ ਵਰਗੀ ਹੋਰ ਨਾ ਹੋਵੇ, ਪੁ., ਮੇਲਜੋਲ ਇਤਫਾਕ

एकाई–ਏਕਾਈ, ਇ.. ਇਕ ਦਾ ਭਾਵ ਵਾਚਕ ਸ਼ਬਦ, ਬਰਕਤ

एकाएक–ਏਕਾਏਕ, ਕ੍ਰਿ. ਵਿ., ਅਚਾਣਕ, ਯਕਲਖ਼ਤ, ਇਕ ਦਮ

एकांश–ਏਕਾਂਸ਼, ਪੁ., ਇਕ ਭਾਗ ਜਾਂ ਹਿੱਸਾ

एकाकी–ਏਕਾਕੀ, ਵਿ., ਇਕੱਲਾ, ਅਸਹਾਇ

एकाक्ष–ਏਕਾਕਸ਼, ਵਿ., ਇਕ ਅੱਖ ਵਾਲਾ, ਕਾਣਾ, ਪੁ., ਸ਼ੁਕ੍ਰਾਚਾਰਜ, ਕਾਂ

एकाक्षर–ਏਕਾਕਸ਼ਰ, ਪੁ., ਇਕ ਸਰ ਵਰਣ, ਓਂਕਾਰ

एकाग्र–ਏਕਾਗ੍ਰ, ਵਿ., ਇਕ ਪਾਸੇ ਮਨ ਲਗਾਣ ਵਾਲਾ ਜਿਸ਼ ਦਾ ਮਨ ਸਥਿਰ ਹੋਵੇ

एकाग्र चित्त–ਏਕਾਗ੍ਰ ਚਿੱਤ, ਵਿ., ਜਿਸ ਦਾ ਮਨ ਇਕ ਪਾਸੇ ਲਗਿਆ ਹੋਵੇ, ਸਥਿਰ ਚਿਤ

एकाग्रता–ਏਕਾਗ੍ਰਤਾ, ਇ., ਮਨ ਦਾ ਇਕ ਪਾਸੇ ਵਲ ਲਗਾਣ ਦਾ ਭਾਵ, ਲਗਣ

एकाङ्ग–ਏਕਾਂਗ, ਪੁ., ਬੁਧ ਗ੍ਰਹਿ

एकात्मवादी–ਏਕਾਤਮਵਾਦੀ, ਵਿ., ਵੇਦਾਂਤ ਮਤ ਦਾ ਆਸਰਾ ਲੈਣ ਵਾਲਾ

एकात्मा–ਏਕਾਤਮਾ, ਵਿ., ਇਕ ਰੂਪ

एकादश–ਏਕਾਦਸ਼, ਵਿ., ਗਿਆਰਾਂ, ਗਿਆਰ੍ਹਵਾਂ, ਯਾਰਾਂ

एकादशी–ਏਕਾਦਸ਼ੀ, ਇ., ਹਰ ਇਕ ਪੱਖ ਦੀ ਗਿਆਰ੍ਹਵੀਂ ਤਿਥ

एकादेश–ਏਕਾਦੇਸ਼, ਪੁ., ਇਕ ਹੁਕਮ, ਵਿਆਕਰਣ ਵਿਚ ਦੋ ਸ਼ਬਦਾਂ ਦੀ ਥਾਂ ਤੇ ਇਕੋ ਆਦੇਸ

एकाधिपति–ਏਕਾਧਿਪਤਿ, ਪੁ., ਚਕ੍ਰਵਰਤੀ, ਵੱਡਾ ਮਾਲਕ

एकान्त–ਏਕਾਂਤ, ਪੁ., ਗੁਝਾ ਥਾਂ, ਅਕੇਲਾਪਣ, ਵਿ., ਅਕੇਲਾ, ਨਿਰਾਲਾ, ਸੁੰਨਾ

एकान्तता–ਏਕਾਂਤਤਾ, ਇ., ਇਕੱਲਾਪਣ, ਸੁਨਸਾਨ, ਬੀਹੜ

एकान्त निवासी–ਏਕਾਂਤ ਨਿਵਾਸੀ, ਵਿ., ਸੁੰਨੇ ਥਾਂ ਤੇ ਰਹਿਣ ਵਾਲਾ, ਇਕੱਲਾ ਰਹਿਣ ਵਾਲਾ, ਇਕਾਂਤ ਵਾਸੀ

एकार्थ, एकार्थक–ਏਕਾਰਥ, ਏਕਾਰਥਕ, ਵਿ., ਜਿਸ ਦਾ ਇਕ ਹੀ ਅਰਥ ਹੋਵੇ, ਸਮਾਨ ਅਰਥ ਵਾਲਾ

एकावली–ਏਕਾਵਲੀ, ਇ., ਇਕ ਲੜੀ ਦੀ ਮਾਲਾ, ਇਕ ਅਲੰਕਾਰ

एकाश्रम–ਏਕਾਸ਼੍ਰਮ, ਪੁ., ਸੁਨਸਾਨ ਥਾਂ, ਜੰਗਲ

एकाह–ਏਕਾਹ, ਵਿ., ਇਕ ਦਿਨ ਵਿਚ ਪੂਰਾ ਹੋਣ ਵਾਲਾ, ਇਕ ਦਿਨ ਦਾ

एकीकरण–ਏਕੀਕਰਣ, ਪੁ., ਇਕੱਠਾ ਕਰਨ ਦਾ ਕੰਮ, ਬਟੋਰਣ

एकीकृत–ਏਕੀਕ੍ਰਿਤ, ਵਿ., ਇਕੱਠਾ ਕਰਿਆ ਹੋਇਆ

एकीभूत–ਏਕੀਭੂਤ, ਵਿ.. ਮਿਲਿਆ ਹੋਇਆ, ਇਕ ਮਿੱਕ

एकेक्षण–ਏਕੇਕਸ਼ਣ, ਵਿ., ਇਕ ਅੱਖ ਵਾਲਾ, ਕਾਣਾ, ਇਕ ਅੱਖਾ

एकेन्द्रिय–ਏਕੇਂਦ੍ਰਿਯ, ਪੁ., ਇੰਦਰੀਆਂ ਨੂੰ ਬੁਰੀਆਂ ਚੰਗੀਆਂ ਗੱਲਾਂ ਤੋਂ ਵੱਖ ਰਖਦੇ ਹੋਏ ਮਨ ਵਲ ਲਾਉਣ ਦਾ ਕੰਮ

एकैक–ਏਕੈਕ, ਵਿ., ਇਕੱਲਾ, ਇਕੋ ਇਕ

एकोदर–ਏਕੋਦਰ, ਪੁ., ਸਕਾ, ਇਕ ਢਿੱਡੋਂ ਜੰਮਿਆ ਹੋਇਆ

एकोदृष्ट–ਏਕੋਦ੍ਰਿਸ਼ਟ, ਪੁ., ਮਰੇ ਹੋਏ ਪਿਛੋਂ ਕਰਿਆ ਜਾਣ ਵਾਲਾ ਸਰਾਧ

एक्का–ਏਕੱਾ, ਵਿ., ਇਕੱਲਾ, ਇਕ ਨਾਲ ਸਬੰਧ ਰਖਣ ਵਾਲਾ ਪੁ., ਦੋ ਪਹੀਆ ਗੱਡੀ ਜਿਸ ਨੂੰ ਬੈਲ ਜਾਂ ਘੋੜਾ ਖਿੱਚਦਾ ਹੈ, ਜੱਕਾ, ਇਕ ਟਿਮਕਣੇ ਵਾਲਾ ਤਾਸ਼ ਦਾ ਪਤਾ

एक्कावान–ਏਕੱਾਵਾਨ, ਪੁ.. ਜੱਕਾ ਹੱਕਣ ਵਾਲਾ ਆਦਮੀ

एक्की–ਏੱਕੀ, ਇ., ਇਕ, ਕਿਸਮ ਦੀ ਗੱਡੀ ਜਿਸ ਨੂੰ ਬਲੁਦ ਜੁੜਦਾ ਹੈ

एजेन्ट–ਏਜੇਂਟ, (Agent) ਪੁ., ਪ੍ਰਤੀਨਿਧ, ਗੁਮਾਸ਼ਤਾ, ਕਾਰਿੰਦਾ

एजेन्सी–ਏਜੇਂਸੀ, ਇ., ਆੜ੍ਹਤ

एड़–ਏੜ, ਇ., ਅੱਡੀ

एडीटर–ਏਡੀਟਰ, ਪੁ., ਅਖਬਾਰਾਂ ਦਾ ਪਰਮੁਖ ਲੇਖਕ, ਸੰਪਾਦਕ

एड़ी–ਏੜੀ, ਇ., ਅੱਡੀ

एडीकांग–ਏਡੀਕਾਂਗ, ਪੁ., ਸੇਨਾਪਤਿ ਦਾ ਸਹਾਇਕ

एडरेस–ਏਡ੍ਰੇਸ, ਪੁ., ਮਾਨ ਖੱਤਰ, ਸਰਨਾਮਾ, ਪਤਾ, ਠਿਕਾਣਾ

एढ़ा–ਏੜ੍ਹਾ, ਵਿ., ਭਾਕਤਵਰ, ਤਕੜਾ, ਬਲਵਾਨ

एतक़ाद–ਏਤਕਾਦ, ਪੁ., ਵਿਸ੍ਵਾਸ, ਪੱਕਾ ਭਰੋਸਾ

एतद्–ਏਤਦ, ਸਰਵ., ਇਹ

एतदर्थ–ਏਤਦਰਥ, ਅਵਜ., ਇਸ ਦੇ ਲਈ

एतदवधि–ਏਤਦਵਧਿ, ਅਵਜ., ਇਥੇ ਤਕ

एतदेव–ਏਤਦੇਵ, ਅਵਜ., ਇਹੀ, ਇਹੋ

एतद्देशीय–ਏਤੱਦੇਸ਼ੀਯ, ਵਿ., ਇਸ ਦੇਸ਼ ਦਾ, ਇਸ ਮੁਲਖ ਦਾ

एतबार–ਏਤਬਾਰ, ਪੁ., ਭਰੋਸਾ, ਵਿਸਵਾਸ, ਯਕੀਨ

एतराज़–ਏਤਰਾਜ਼, ਪੁ., ਉਜ਼ਰ, ਵਿਰੋਧ, ਇਤਰਾਜ਼

एता–ਏਤਾ, ਵਿ., ਇਤਨਾ, ਏਤਨਾ, ਏਨਾ

एतावत्–ਏਤਾਵਤ, ਵਿ., ਇਤਨਾ, ਏਨਾ

एरंड–ਏਰੰਡ, ਪੁ., ਰਿੰਡ ਦਾ ਰੁੱਖ

एलची–ਏਲਚੀ, ਪੁ., ਸਰਕਾਰੀ ਸੰਦੇਸਾ ਲੈ ਕੇ ਜਾਣ ਵਾਲਾ ਰਾਜ ਦੂਤ

एला–ਏਲਾ, ਇ., ਇਲਾਇਚੀ

एलवा–ਏਲਵਾ, ਪੁ., ਕਾਲਾ ਸੁਹਾਗਾ, ਇਕ ਬੂਟੀ

एवं–ਏਵੰ, ਕ੍ਰਿ. ਵਿ., ਇਸੇ ਤਰਾਂ, ਇੰਝ, ਇਵੇਂ

एवमस्तु–ਏਵਮਸਤੁ, ਅਵਜ.. ਇਸੇ ਤਰ੍ਹਾਂ ਹੀ ਹੋਵੇ, ਇਵੇਂ ਹੋਵੇ, ਇੰਝ ਹੀ

एवज़–ਏਵਜ਼, ਪੁ., ਬਦਲੀ, ਤਬਾਦਲਾ, ਕੰਮ ਕਰਨ ਵਾਲਾ ਬੰਦਾ

एवज़ी–ਏਵਜ਼ੀ, ਵਿ., ਦੂਜੇ ਦੀ ਥਾਂ ਕੰਮ ਕਰਨ ਵਾਲਾ

एशियाई–ਏਸ਼ਿਯਾਈ, ਵਿ., ਏਸ਼ੀਆ ਮਹਾਦੀਪ ਨਾਲ ਸਬੰਧ ਰਖਣ ਵਾਲਾ, ਏਸ਼ੀਆ ਦਾ

एषिता–ਏਸ਼ਿਤਾ, ਵਿ., ਚਾਹੁਣ ਵਾਲਾ, ਇੱਛੁਕ, ਅਭਿਲਾਖੀ

एह्–ਏਹ, ਸਰਵ., ਇਹ, ਇਹੋ

एहतियात–ਏਹਤਿਯਾਤ, ਇ., ਸਾਵਧਾਨੀ, ਚੌਕਸੀ, ਪਰਹੇਜ਼, ਹੋਸ਼ਿਆਰੀ

एहसान–ਏਹਸਾਨ, ਪੁ.. ਉਪਕਾਰ, ਭਲਾ

एहसानमन्द–ਏਹਸਾਨਮੰਦ, ਵਿ., ਉਪਕਾਰ ਮੰਨਣ ਵਾਲਾ, ਕਦਰਦਾਨ

एहि–ਏਹਿ, ਸਰਵ., ਇਹ

एहो–ਏਹੋ, ਅਵਜ., ਸੰਬੋਧਨ ਦਾ ਸ਼ਬਦ, ਅਰੇ, ਹੇ, ਏਹੀ

ਏ–ਐ

ऐ–ਐ, ਹਿੰਦੀ ਵਰਣ ਮਾਲਾ ਦਾ ਬਾਰ੍ਹਵਾਂ ਅੱਖਰ ਹੈ ਜਿਸ ਦਾ ਉਚਾਰਣ ਕੰਠ ਅਤੇ ਤਾਲੂ ਹੈ, ਅਵਜ., ਬੁਲਾਵਾ, ਪੁ., ਮਹਾਦੇਵ,

ऐं–ਐਂ, ਅਵਜ., ਇਹ ਚੰਗੀ ਤਰ੍ਹਾਂ ਸੁਣੀ ਨਾ ਗਈ ਗੱਲ ਵਾਸਤੇ ਵਰਤਿਆ ਜਾਂਦਾ ਹੈ, ਹੈਰਾਨੀ ਪਰਗਟਾਊ ਅਵਾਜ਼

ऐंचना–ਐਂਚਨਾ, ਕ੍ਰਿ., ਖਿੱਚਣਾ, ਤਾਣਨਾ, ਉਤੇ ਲੈਣਾ

ऐंचाताना–ਐਂਚਾਤਾਨਾ, ਵਿ., ਭੈਂਗਾ, ਐਚੋਤਾਣਾ, ਟੀਰਾ

ऐंचातानी–ਐਂਚਾਤਾਨੀ, ਇ., ਖੋਹਾ ਖੋਹੀ, ਖੈਂਚਾ ਖੈਂਚੀ

ऐंचीला–ਐਂਚੀਲਾ, ਵਿ., ਲਚਕਦਾਰ

ऐंछना–ਐਂਛਨਾ, ਕ੍ਰਿ., ਝਾੜਨਾ, ਵਾਲਾਂ ਨੂੰ ਕੰਘੀ ਕਰਨਾ, ਸਾਫ ਕਰਨਾ

ऐंठ–ਐਂਠ, ਇ., ਮਰੋੜ, ਆਕੜ, ਵਿਰੋਧ, ਘਮੰਡ, ਬੁਰਾ ਭਾਵ, ਹੰਕਾਰ, ਲਪੇਟਾ

ऐंठन–ਐਂਠਨ, ਇ., ਪੇਚਾ ਲਪੇਟ, ਮਰੋੜਾ, ਵਟ

ऐंठा–ਐਂਠਾ, ਪੁ.. ਰੱਸੀ ਨੂੰ ਵਟਾ ਦੇਣ ਵਾਲਾ ਢੇਰਾ

ऐंठा बैंठा–ਐਂਠਾ ਬੈਂਠਾ, ਵਿ., ਐਵੇਂ ਕਿਵੇਂ, ਅੰਡ ਵੰਡ, ਟੇਢਾ, ਵਿੰਗਾ

ऐंठी–ਐਂਠੀ, ਇ., ਮੁੜੀ ਹੋਈ, ਵੱਟੀ ਹੋਈ

ऐंठू–ਐਂਠੂ, ਵਿ., ਹੈਂਕੜ ਬਾਜ਼, ਹੰਕਾਰੀ, ਘਮੰਡੀ

ऐंड़–ਐਂੜ, ਇ., ਆਕੜ, ਘਮੰਡ, ਹੰਕਾਰ ਪਾਣੀ ਦਾ ਭੰਵਰ, ਵਿ., ਨਿਕੰਮਾ, ਨਿਠੱਲਾ

ऐंड़दार–ਐਂੜਦਾਰ, ਵਿ., ਅਭਮਾਨੀ, ਘਮੰਡੀ, ਫਸਾਦੀ, ਟੇਢਾ, ਹੰਕਾਰੀ. ਹੈਂਕੜਬਾਜ਼

ऐंड़ना–ਐਂੜਨਾ, ਕ੍ਰਿ., ਵਲ ਖਾਣਾ, ਆਕੜਨਾ, ਹੰਕਾਰ ਕਰਨਾ, ਘੁੰਮਣਾ, ਉਬਾਸੀ ਆਉਣੀ

ऐंड़ बैंड़–ਐਂੜ ਬੇੜ, ਵਿ., ਟੇਢਾ, ਡਿੰਗਾ, ਜਿਸ ਵਿਚ ਵਲ ਹਣ

ऐंड़ा–ਐਂੜਾ, ਵਿ., ਆਕੜਿਆ, ਹੋਇਆ, ਘੁਮਣ ਵਾਲਾ, ਟੇਢਾ

ऐंड़ाना–ਐਂੜਾਨਾ, ਕ੍ਰਿ., ਅੰਗੜਾਈ ਲੈਣਾ, ਆਕੜ ਦਿਖਾਉਣਾ, ਸਰੀਰ ਤੋੜਨਾ, ਆਕੜਨਾ, ਤਿਤ੍ਰੇੜੀ ਪਾਉਣਾ, ਮੱਥੇ ਵੱਟ ਪਾਉਣਾ,

ऐंढा–ਐਂਢਾ, ਪੁ., ਇਕ ਤਰ੍ਹਾਂ ਦਾ ਗੰਡਾਸਾ

ऐकमत्य–ਐਕਮਤਯ, ਪੁ., ਇਕ ਰਾਇ, ਇਕ ਮੱਤ

ऐक्य–ਐਕਯ, ਪੁ., ਏਕਤਾ, ਬਰਾਦਰੀ, ਤੁੱਲਤਾ, ਸਮਾਨਤਾ

ऐच्छिक–ਐੱਛਿਕ, ਵਿ., ਇਛਾ ਅਨੁਸਾਰ, ਮਨ ਮਰਜ਼ੀ ਨਾਲ

ऐतिहासिक–ਐਤਹਾਸਿਕ, ਵਿ., ਇਤਹਾਸ ਸਬੰਧੀ ਜਿਸ ਦਾ ਇਤਿਹਾਸ ਤੋਂ ਪਤਾ ਲਗੇ, ਇਤਹਾਸ ਪੜ੍ਹਨ ਵਾਲਾ

ऐतिह्य–ਐਤਿਹਮ, ਪੁ , ਦੰਦ ਕਥਾ, ਉਹ ਗਲ ਜੋ ਬਹੁਤ ਦਿਨਾਂ ਤੋਂ ਸੁਣੀ ਜਾਂਦੀ ਹੋਵੇ

ऐन–ਐਨ, ਕ੍ਰਿ. ਵਿ., ਠੀਕ, ਸਹੀ. ਪੂਰਾ

ऐनक–ਐਨਕ, ਇ., ਅੱਖਾਂ ਦਾ ਚਸ਼ਮਾ

ऐना–ਐਨਾ, ਪੁ., ਸ਼ੀਸ਼ਾ, ਦਰਪਨ

ऐन्द्रजालिक–ਐਂਦ੍ਰਜਾਲਿਕ. ਪੁ., ਜਾਦੂਗਰ, ਮਦਾਰੀ, ਵਿ., ਤਮਾਸ਼ਾ ਕਰਨ ਵਾਲਾ, ਮਾਇਆ ਰਚਾਉਣ ਵਾਲਾ

ऐपन–ਐਪਨ, ਪੁ.. ਹਲਦੀ ਤੇ ਚਾਉਲਾਂ ਦਾ ਪੀਹ ਕੇ ਬਣਾਇਆ ਹੋਇਆ ਲੇਪ, ਵਟਣਾ

ऐब–ਐਬ, ਪੁ.,ਦੋਸ਼, ਅਵਗੁਣ, ਬੁਰਾਈ, ਕਲੰਕ, ਭੈੜ, ਖੁਟਾਈ, ਬੁਰੀ ਆਦਤ

ऐबासा–ਐਬਾਸਾ, ਪੁ., ਭੇਡ ਬਕਰੀ ਬੰਨ੍ਹਣ ਦਾ ਵਾੜਾ

ऐरागैरा–ਐਰਾਗੈਰਾ, ਵਿ., ਨਾਵਾਕਫ਼, ਨੀਵਾਂ, ਤੁੱਛ, ਮਾਮੂਲੀ

ऐरावत–ਐਰਾਵਤ, ਪੁ., ਇੰਦਰ ਦਾ ਹਾਥੀ, ਸਤਰੰਗੀ ਪੀਂਘ, ਬਿਜਲੀ, ਨਾਰੰਗੀ

ऐरावती–ਐਰਾਵਤੀ, ਇ., ਐਰਾਵਤ ਦੀ ਤੀਵੀਂ,ਬਿਜਲੀ, ਰਾਵੀ ਦਰਿਆ

ऐश्वर्य–ਐਸ਼੍ਵਰਜ, ਵਿ., ਦੌਲਤ. ਮਲਕੀਅਤ, ਪੈਸਾ, ਹਕੂਮਤ, ਅਣਿਮਾ ਆਦਿ ਸਿੱਧੀਆਂ

ऐसा–ਐਸਾ, ਕ੍ਰਿ. ਵਿ., ਇੰਝ, ਇਵੇਂ, ਇਸ ਤਰ੍ਹਾਂ, ਇਤ੍ਹੇਂ, ਵਿ., ਅਜੇਹਾ, ਇਸ ਪਰਕਾਰ ਦਾ, ਇਸ ਢੰਗ ਦਾ

ऐसे–ਐਸੇ, ਕ੍ਰਿ. ਵਿ.. ਇਸ ਤਰ੍ਹਾਂ ਜਾਂ ਢੰਗ ਨਾਲ

ऐहिक–ਐਹਿਕ, ਵਿ., ਇਸ ਲੋਕ ਦਾ, ਦੁਨਿਆਵੀ, ਸੰਸਾਰੀ

* * *

ओ–ਓ

ओ–ਓ, ਹਿੰਦੀ ਵਰਣਮਾਲਾ ਦਾ ਤੇਰ੍ਹਵਾਂ ਅੱਖਰ ਇਸ ਦਾ ਉਚਾਰਣ ਗਲ ਅਤੇ ਬੁਲ੍ਹਾਂ ਤੋਂ ਹੁੰਦਾ ਹੈ, ਪੁ., ਬ੍ਰਹਮਾ

ओं–ਓਂ, ਅਵਜ., ਓਂਕਾਰ, ਪਾਰਬ੍ਰਹਮ ਵਾਚਕ ਸ਼ਬਦ, ਅਜੇਹਾ ਹੀ ਹੋਵੇਗਾ, ਬਹੁਤ ਅੱਛਾ

ओंकार–ਓਂਕਾਰ, ਪੁ., ਓਮ

ओंगना–ਓਂਗਨਾ, ਕ੍ਰਿ., ਬਾਂਗਣਾ, ਪਹੀਆਂ ਨੂੰ ਤੇਲ ਦੇਣਾ

ओंगा–ਓਂਗਾ, ਪੁ., ਪੁਠਕੰਡਾ

ओंठ–ਓਂਠ, ਪੁ., ਬੁਲ੍ਹ

ओंड़ा–ਓਂੜਾ, ਵਿ , ਡੂੰਘਾ, ਪੁ., ਟੋਆ, ਪਾੜ, ਮੋਰਾ

ओंध–ਓਂਧ. ਪੁ.. ਛੱਪਰ ਬੰਨ੍ਹਣ ਦੀ ਰੱਸੀ

ओआ–ਓਆ, ਪੁ., ਹਾਥੀ ਨੂੰ ਫੜਨ ਲਈ ਪੁੱਟਿਆ ਹੋਇਆ ਟੋਆ

ओक–ਓਕ, ਪੁ., ਘਰ, ਮਕਾਨ, ਕੁਟੀਆ

ओकना–ਓਕਨਾ, ਕ੍ਰਿ., ਉਕਾਰੀ ਕਰਨੀ, ਰਿੰਗਣਾ, ਕੈ ਕਰਨੀ, ਮੱਝ ਵਾਂਙ ਅੜਾਉਣਾ

ओकपति–ਓਕਪਤਿ, ਪੁ., ਸੂਰਜ ਜਾਂ ਚੰਨ

ओकाई–ਓਕਾਈ, ਪੁ., ਕੈ ਕਰਨ ਦੀ ਇੱਛਿਆ, ਉਕਾਰੀ ਕਰਨ ਦਾ ਭਾਵ

ओकार–ਓਕਾਰ, ਪੁ., 'ਓ' ਅੱਖਰ

ओकारांत–ਓਕਾਰਾਂਤ, ਵਿ., ਜਿਸ ਦੇ ਅੰਤ ਵਿਚ 'ਓ' ਅੱਖਰ ਹਵੇ

ओकी–ਓਕੀ, ਇ., ਉਕਾਰੀ, ਕੈ, ਉਛਾਲੀ

ओखद–ਓਖਦ, ਇ., ਦਵਾਈ. ਦਵਾ ਬੂਟੀ

ओखरी–ਓਖਰੀ, ਇ., ਦੇਖੋ ਓਖਲੀ (ओखली)

ओखल–ਓਖਲ, ਪੁ., ਵੱਡੀ ਉੱਖਲੀ, ਉੱਖਲ

ओखली–ਓਖਲੀ, ਇ., ਛੋਟੀ ਉੱਖਲ

ओखा–ਓਖਾ, ਪੁ., ਬਹਾਨਾ, ਟਾਲਾ, ਵਿ.,ਸੁੱਕਾ, ਖੋਟਾ, ਵਿਰਲਾ, ਛਿੱਦਾ, ਟੇਢਾ

ओग–ਓਗ, ਪੁ., ਚੰਦਾ, ਮਹਿਸੂਲ, ਲਗਾਣ, ਮਾਮਲਾ

ओगरना–ਓਗਰਨਾ, ਕ੍ਰਿ., ਚਿਉਣਾ, ਤਰੁਪ ਕੇ ਡਿੱਗਣਾ

ओगल–ਓਗਲ, ਪੁ., ਕ਼ੱਲਰ ਧਰਤੀ

ओघ–ਓਘ, ਪੁ., ਸਮੂਹ, ਢੇਰ, ਪਾਣੀ ਦਾ ਵਹਿਣ, ਹੜ੍ਹ, ਇਕੱਠ, ਉਪਦੇਸ਼, ਪੁਰਾਣੀ ਰੀਤ

ओछना–ਓਛਨਾ, ਕ੍ਰਿ., ਵਾਲ ਝਾੜਨਾ, ਕੰਘੀ ਕਰਨਾ

ओछा–ਓਛਾ, ਵਿ., ਕਮਜ਼ੋਰ, ਨਤਾਕਤਾ, ਮਾੜਚੂ

ओछाई–ਓਛਾਈ, ਇ., ਦੇਖੋ ਓਛਾਪਨ (ओछापन)

ओछापन–ਓਛਾਪਨ, ਪੁ., ਨੀਚਤਾ, ਹਲਕਾਪਣ. ਹੋਛਾਪਣ, ਕਮੀਣਗੀ

ओज–ਓਜ, ਪੁ., ਬਲ, ਪਰਤਾਪ, ਚਮਕ

ओजना–ਓਜਨਾ, ਕ੍ਰਿ., ਰੋਕਣਾ, ਰੁਕਾਵਟ ਪਾਉਣੀ, ਵਿਘਨ ਪਾਉਣਾ

ओजस्विता–ਓਜ਼ੱਸ੍ਵਿਤਾ, ਇ., ਚਮਕ, ਨਿੱਗਰਪਣ, ਤੇਜ, ਤਾਕਤ

ओजस्वी–ਓਜੱਸ੍ਵੀ, ਵਿ., ਪਰਤਾਪੀ, ਪ੍ਰਭਾਵਸ਼ਾਲੀ, ਤਾਕਤਵਰ, ਤੇਜਵਾਨ

ओझ–ਓਝ, ਪੁ., ਢਿੱਡ, ਆਂਤੜੀ, ਆਂਦਰ

ओझर–ਓਝਰ, ਪੁ., ਢਿੱਡ

ओझरी–ਓਝਰੀ, ਇ., ਦੇਖੋ ਓਝਰ (ओझर)

ओझल–ਓਝਲ, ਇ., ਪਰਛਾਵਾਂ, ਵਿ., ਲੁਕਿਆ ਹੋਇਆ, ਛਿਪਿਆ ਹੋਇਆ

ओझला–ਓਝਲਾ, ਪੁ., ਬੱਚੇ ਦਾ ਦੁਧ ਪੀ ਕੇ ਉਗਲਣ ਦਾ ਭਾਵ

ओझा–ਓਝਾ, ਵਿ., ਭੂਤ ਪਰੇਤਾਂ ਦਾ ਮੰਤ੍ਰ ਕਰਨ ਵਾਲਾ, ਬਾਜੀਗਰ, ਚਲਾਕ, ਮਦਾਰੀ

ओट–ਓਟ, ਇ., ਰੁਕਾਵਟ, ਰੋਕ, ਆੜ, ਪਰਛਾਵਾਂ, ਗੁਝਾ ਥਾਂ, ਓਹਲਾ, ਘੁੰਡ, ਆੜ, ਸਹਾਰਾ, ਰੱਖਿਆ

ओटन–ਓਟਨ, ਇ., ਕਪਾਹ ਦਾ ਵੇਲਣ

ओटना–ਓਟਨਾ, ਕ੍ਰਿ., ਕਪਾਹ ਵੇਲਣੀ, ਗੱਲ ਟੁੱਕਣੀ,

ਆਪਣੀਆਂ ਕਹਿਣਾ

ओटनी, ओटी–ਓਟਨੀ, ਓਟੀ, ਇ., ਦੇਖੋ ਓਟਨ (ओटन)

ओठंगना–ਓਠੰਗਨਾ, ਕ੍ਰਿ., ਅਰਾਮ ਕਰਨਾ, ਸਹਾਰਾ ਲੈਣਾ

ओठगाना–ਓਠਗਾਨਾ, ਕ੍ਰਿ., ਬੂਹਾ ਬੰਦ ਕਰਨਾ, ਸਹਾਰੇ ਨਾਲ ਟੇਕਣਾ

ओड़–ਓੜ, ਇ., ਓਟ, ਆੜ

ओड़चा–ਓੜਚਾ, ਪੁ., ਖੇਤੀ ਸਿੰਜਣ ਦਾ ਟੋਕਰੀ ਵਰਗਾ ਲੱਕੜ ਦਾ ਭਾਂਡਾ

ओड़ना–ਓੜਨਾ, ਕ੍ਰਿ., ਰੋਕਣਾ, ਪਸਾਰਨਾ; ਫੈਲਾਉਣਾ

ओड़व–ਓੜਵ, ਪੁ., ਇਕ ਰਾਗ

ओड़ा–ਓੜਾ, ਪੁ., ਟੋਕਰਾ, ਖੌਂਚਾ, ਟੋਆ; ਪਾੜ

ओडन–ਓਢਨ, ਇ , ਕਪੜੇ ਨਾਲ ਸਰੀਰ ਢਕਣ ਦਾ ਕੰਮ

ओढना–ਓਢਨਾ,ਇ., ਚਾਦਰ ਜਾਂ ਕਪੜੇ ਨਾਲ ਸਰੀਰ ਕੱਜਣਾ, ਉਤੇ ਲੈਣਾ

ओढनी–ਓਢਨੀ, ਇ.; ਤੀਵੀਂ ਦਾ ਦੁਪੱਟਾ, ਚਾਦਰ, ਚੁੰਨੀ

ओढर–ਓਢਰ, ਪੁ.; ਛਲ, ਧੋਖਾ, ਬਹਾਨਾ, ਟਾਲਾ

ओत–ਓਤ, ਵਿ., ਭਰਿਆ ਹੋਇਆ, ਬੁਣਿਆ ਹੋਇਆ, ਇ., ਅਰਾਮ, ਆਲਸ, ਸੁਸਤੀ, ਲਾਭ, ਬੱਚਤ, ਤਾਣੇ ਦਾ ਸੂਤ

ओतप्रोत–ਓਤਪ੍ਰੋਤ, ਵਿ., ਜਕੇਬੰਦ, ਇਕ ਦੂਜੇ ਨਾਲ ਮਿਲਿਆ ਹੋਇਆ, ਪੁ., ਤਾਣਾ ਬਾਣਾ, ਗਾੜ੍ਹਾ ਬੀੜੀ

ओता–ਓਤਾ, ਵਿ., ਉਤਨਾ, ਉਸ ਜਿਤਨਾ

ओद–ਓਦ, ਪੁ., ਗਿੱਲ, ਸੇਗਲ, ਸਲ੍ਹਾਭ, ਵਿ., ਗਿੱਲਾ

ओदन–ਓਦਨ, ਪੁ., ਰਿੱਝੇ ਚਾਉਲ

ओदनी–ਓਦਨੀ, ਵਿ., ਬਾਜ਼ੂ ਬੰਦ

ओदा–ਓਦਾ, ਵਿ., ਗਿੱਲਾ, ਸਲਾਭਾ

ओदारना–ਓਦਾਰਨਾ. ਕ੍ਰਿ., ਤੋੜਨਾ, ਟੁਕੜੇ ਟੁਕੜੇ ਕਰਨਾ, ਪਾੜਨਾ, ਨਾਸ ਕਰਨਾ

ओधना–ਓਧਨਾ, ਕ੍ਰਿ., ਬੰਧਨ ਵਿਚ ਪੈਣਾ, ਅਟਕਣਾ

ओधे–ਓਧੇ, ਪੁ., ਮਾਲਕ

ओनचन–ਓਨਚਨ, ਇ , ਮੰਜੇ ਦੀ ਦੌਣ

ओनचना–ਓਨਚਨਾ, ਕ੍ਰਿ., ਦੌਣ ਕਸਣਾ

ओना–ਓਨਾ, ਪੁ., ਤਲਾਉ ਵਗੈਰਾ ਦਾ ਪਾਣੀ ਕੱਢਣ ਦਾ ਰਸਤਾ

ओनाड़–ਓਨਾੜ, ਵਿ., ਤਾਕਤਵਰ, ਤਕੜਾ, ਬਲਵਾਨ

ओप–ਓਪ, ਇ., ਸੋਭਾ, ਰੰਗ, ਪਾਲਸ, ਸੁੰਦਰਤਾ

ओपची–ਓਪਚੀ, ਪੁ., ਸੰਜੋਇਧਾਰੀ ਜੋਧਾ

ओपना–ਓਪਨਾ, ਕ੍ਰਿ., ਚਮਕਾਉਣਾ, ਪਾਲਸ਼ ਕਰਨਾ, ਘੋਟਣਾ, ਮਾਂਜਣਾ

ओपनी–ਓਪਨੀ, ਇ., ਮਾਂਜਣ ਦਾ ਸੰਦ

ओवरी–ਓਬਰੀ, ਇ., ਕੋਠੜੀ

ओम्–ਓਮ, ਅਵਜ., ਰੱਬੀ ਸ਼ਬਦ

ओर–ਓਰ, ਇ., ਦਿਸ਼ਾ, ਪਾਸਾ, ਪੱਖ, ਪੁ., ਪੱਲਾ, ਕਿਨਾਰਾ, ਅੰਤ, ਅਰੰਭ

ओरमा–ਓਰਮਾ, ਇ., ਕਪੜੇ ਦੇ ਪੱਲਿਆਂ ਦੀ ਇਕ ਤਰ੍ਹਾਂ ਦੀ ਸਿਲਾਈ

ओरवना–ਓਰਵਨਾ, ਕ੍ਰਿ., ਗਊ ਮਝ ਦੇ ਥਣਾਂ ਵਿਚ ਦੁੱਧ ਆਉਣਾ. ਪਸਮਾ ਜਾਣਾ

ओराना–ਓਰਾਨਾ. ਕ੍ਰਿ.. ਖਤਮ ਹੋਣਾ

ओराहना–ਓਰਾਹਨਾ, ਪੁ., ਉਲਾਂਭਾ

ओरिया–ਓਰਿਯਾ, ਇ., ਕਿੱਲੇ ਕੋਲ ਦੀ ਲੱਕੜ

ओरी–ਓਰੀ, ਇ.. ਦੇਖੋ ਓਲਤੀ (ओलती। ਆਵਾਜ਼, ਤੀਵੀਆਂ ਨੂੰ ਬੁਲਾਉਣ ਦਾ ਸ਼ਬਦ

ओलंबा–ਓਲੰਬਾ, ਪੁ., ਉਲਾਂਭਾ, ਗਿਲਾ

ओल–ਓਲ, ਪੁ., ਜ਼ਿਮੀਕੰਦ; ਇ., ਬਹਾਨਾ, ਗੋਦ, ਆੜ, ਰੱਖਿਆ, ਜਮਾਨਤ, ਸਰਣ

ओलती–ਓਲਤੀ, ਇ., ਛੱਪਰ ਤੋਂ ਮੀਂਹ ਦਾ ਪਾਣੀ ਡਿੱਗਣ ਦਾ ਥਾਂ

ओलना–ਓਲਨਾ, ਕ੍ਰਿ., ਛਿਪਾਉਣਾ, ਓਟ ਕਰਨੀ, ਪਰਦਾ ਕਰਨਾ, ਰੋਕਣਾ, ਉੱਪਰ ਲੈਣਾ

ओला–ਓਲਾ, ਪੁ., ਪੜਦਾ, ਆੜ, ਛਿਪੀ ਗੱਲ; ਮੀਂਹ ਨਾਲ ਗਿਰਿਆ ਬਰਫ਼ ਦਾ ਟੁਕੜਾ,ਬੜੇਵਾਂ. ਗੜਾ,ਕਾਕੜਾ,ਮਿਸਰੀ ਦਾ ਲੱਡੂ, ਵਿ., ਸਫੇਦ, ਬਹੁਤ ਠੰਢਾ

ओलाना–ਓਲਾਨਾ, ਕ੍ਰਿ., ਭੁੰਨਣਾ, ਸੇਕਣਾ

ओलिक–ਓਲਿਕ, ਪੁ., ਓਟ, ਸਹਾਰਾ, ਆਸਰਾ

ओली–ਓਲੀ. ਇ., ਗੋਦ, ਪੱਲਾ, ਝੋਲੀ

ओलौना–ਓਲੌਨਾ, ਪੁ., ਉਦਾਹਰਣ, ਮਿਸਾਲ, ਦਲੀਲ

ओषधि–ਓਸ਼ਧਿ, ਇ., ਜੜੀ ਬੂਟੀ; ਦਵਾਈ

ओषधिपति,ओषधीश–ਓਸ਼ਧਿਪਤਿ, ਓਸ਼ਧੀਸ਼, ਪੁ., ਚੰਦ, ਵੈਦ, ਕਪੂਰ

ओष्ठ–ਓਸ਼ਠ. ਪੁ., ਬੁਲ੍ਹ

ओष्ण–ਓਸ਼ਣ, ਵਿ., ਥੋੜਾ ਗਰਮ, ਸੀਤ ਗਰਮ, ਕੋਸਾ

ओस–ਓਸ. ਇ., ਤਰੇਲ

ओसर–ਓਸਰ, ਇ , ਔਸਰ ਝੋਟੀ ਉਹ ਝੋਟੀ ਜੋ ਅਜੇ ਆਸ ਨਾ ਲਗੀ ਹੋਵੇ

ओसरा–ਓਸਰਾ, ਪੁ., ਮੌਕਾ, ਅਵਸਰ, ਸਮਾ

ओसाई–ਓਸਾਈ, ਇ., ਦਾਣੇ ਉਡਾ ਕੇ ਸਾਫ਼ ਕਰਨ ਦਾ ਭਾਵ

ओसारा–ਓਸਾਰਾ, ਪੁ., ਦਾਲਾਨ, ਛੱਪਰ

ओह–ਓਹ, ਅਵਜ., ਦੁਖ ਵਾਚਕ ਸ਼ਬਦ

ओहर–ਓਹਰ, ਅਵਜ., ਉਸ ਪਾਸੇ. ਉਸ ਤਰਫ਼

ओहरना–ਓਹਰਨਾ, ਕ੍ਰਿ., ਉਪਰ ਤੋਂ ਹੇਠਾਂ ਨੂੰ ਆਉਣਾ, ਰੁਤਬਾ ਘਟਣਾ

ओहरी–ਓਹਰੀ, ਇ., ਸੁਸਤੀ, ਥਕਾਣ, ਥਕੇਵਾਂ

ओहार- ਓਹਾਰ, ਪੁ., ਗੱਡੀ ਪਾਲਕੀ ਆਦਿ ਉਤੇ ਪਾਉਣ ਦਾ ਕਪੜਾ, ਪਰਦਾ, ਝੰਮਣ

ओहरूवा-ਓਹਰੂਵਾ, ਪੁ., ਝਾਲਰ, ਪਰਦਾ

ओहा-ਓਹਾ, ਪੁ., ਗਊ ਦਾ ਥਣ

ओहि-ਓਹਿ, ਸਰਵ., ਉਹ

ओहो-ਓਹੋ, ਅਵਜ., ਹੈਰਾਨੀ ਅਤੇ ਖੁਸ਼ੀ ਪਰਗਟ ਕਰਨ ਵਾਲਾ ਸ਼ਬਦ

औ-ਔ

औ-ਔ, ਹਿੰਦੀ ਸ੍ਵਰ ਵਰਣਾਂ ਦਾ ਚੌਧਵਾਂ ਅੱਖਰ ਇਹ ਬੁਲ੍ਹ ਤੇ ਕੰਠ ਤੋਂ ਉਚਾਰਣ ਹੁੰਦਾ ਹੈ, ਸ਼ੂਦਰਾਂ ਦਾ ਓਂਕਾਰ, ਅਨੰਤ, ਜਿਸ ਦਾ ਅੰਤ ਨਾ ਹੋਵੇ, ਧਰਤੀ, ਅਵਜ., ਹੋਰ

औंगना-ਔਂਗਨਾ, ਕ੍ਰਿ., ਪਹੀਏ ਦੇ ਧੁਰੇ ਵਿਚ ਤੇਲ ਦੇਣਾ, ਬਾਂਗਣਾ

औंगा-ਔਂਗਾ, ਵਿ., ਗੂੰਗਾ, ਚੁਪਚਾਪ, ਖਾਮੋਸ਼, ਅਬੋਲ

औंगी-ਔਂਗੀ, ਇ., ਗੂੰਗਾਪਣ, ਖਾਮੋਸ਼ੀ

औंघ-ਔਂਘ. ਇ., ਗੌਣ ਤੋਂ ਪਹਿਲਾਂ ਦੀ ਹਾਲਤ. ਉਂਘ, ਹਲਕੀ ਨੀਂਦ

औंजना-ਔਂਜਨਾ, ਕ੍ਰਿ., ਘਬਰਾਉਣਾ, ਤੰਗ ਆਉਣਾ,ਦੁਖੀ ਹੋਣਾ

औंटन-ਔਂਟਨ, ਪੁ., ਚਾਰਾ ਕੱਟਣ ਦੀ ਲੱਕੜ. ਠੀਹਾ, ਅੱਡਾ

औंटना-ਔਂਟਨਾ, ਕ੍ਰਿ., ਉਬਲਣਾ, ਪਕਾਉਣਾ, ਰਿੰਨ੍ਹਣਾ

औंठ-ਔਂਠ, ਇ., ਉਠਿਆ ਹੋਇਆ ਕੰਢਾ

औंड़-ਔਂੜ, ਪੁ., ਬੇਲਦਾਰ, ਮਿਟੀ ਪੁੱਟਣ ਵਾਲਾ ਮਜ਼ਦੂਰ

औंड़ा-ਔਂੜਾ, ਵਿ., ਡੂੰਘਾ, ਪੁੱਟਿਆ ਹੋਇਆ

औंदना-ਔਂਦਨਾ, ਕ੍ਰਿ., ਮਸਤ ਹੋਣਾ, ਘ੍ਬਰਾਉਣਾ, ਬੇਸੁਧ ਹੋਣਾ, ਮੂਰਛਤ ਹੋਣਾ, ਉੜਾਉਣਾ, ਗਸ਼ ਪੈਣੀ

औंदाना-ਔਂਦਾਨਾ, ਕ੍ਰਿ., ਘਬਰਾਉਣਾ, ਤੰਗ ਆਉਣਾ, ਦੁਖੀ ਹੋਣਾ

औंधना-ਔਂਧਨਾ, ਕ੍ਰਿ., ਉਲਟੇ ਮੂੰਹ ਹੋ ਜਾਣਾ, ਮੂੰਹ ਭਾਰ ਡਿੱਗਣਾ, ਟੇਢਾ ਕਰ ਦੇਣਾ

औंधा-ਔਂਧਾ, ਵਿ, ਉਲਟਾ, ਮੂਧਾ, ਟੇਢਾ, ਮੂਰਖ. ਬੇਅਕਲ, ਕ੍ਰਿ. ਵਿ.. ਉਲਟ ਕੇ

औंहर-ਔਂਹਰ, ਇ., ਅੜਚਨ, ਉਲਝਣ , ਰੋਕ, ਰੁਕਾਵਟ

औकान-ਔਕਾਨ, ਪੁ. ਕੱਟੇ ਹੋਏ ਅੰਨ ਦਾ ਢੇਰ, ਬੋਹਲ

औखल-ਔਖਲ, ਪੁ., ਨਵੇਂ ਸਿਰੇ ਵਾਹੀ ਹੋਈ ਧਰਤੀ

औखा-ਔਖਾ, ਪੁ., ਗਤ੍ਰੂ ਬਲ੍ਹਦ ਦਾ ਚੰਮ

औखी-ਔਖੀ, ਇ., ਟੇਢੀ ਗੱਲ, ਪੇਂਡੂ ਬੋਲੀ

औगत-ਔਗਤ, ਇ., ਬੁਰੀ ਗਤ,ਬੁਰੀ ਹਾਲਤ

औगल-ਔਗਲ, ਇ., ਸੇਗਲ, ਜ਼ਮੀਨ ਦੇ ਹੇਠਾਂ ਦੀ ਸਿਲ੍ਹ

औगाह-ਔਗਾਹ, ਵਿ., ਡੂੰਘਾ

औगाहना-ਔਗਾਹਨਾ, ਕ੍ਰਿ., ਪਰਵੇਸ਼ ਕਰਨਾ, ਘੁਸਣਾ

औगी-ਔਗੀ, ਇ., ਹਾਥੀ ਫਸਾਉਣ ਦਾ ਟੋਆ, ਬਲਦਾਂ ਦੇ ਹੱਕਣ ਦੀ ਛਟੀ, ਪਰਾਣੀ

औगुनी-ਔਗੁਨੀ, ਵਿ., ਨਿਗੁਣਾ, ਐਬੀ, ਬੁਰਿਆਰਾ, ਨਕਾਰਾ, ਵੈਲੀ

औघ-ਔਘ, ਇ., ਬਾੜ੍ਹ, ਹੜ੍ਹ, ਕਾਂਗ

औघट-ਔਘਟ, ਵਿ., ਕਠਨ, ਔਖਾ, ਮੁਸ਼ਕਲ, ਢਾਲਵਾਂ

औघड़-ਔਘੜ, ਵਿ., ਅਨਾੜੀ, ਉਲਟਾ ਪੁਲਟਾ, ਘੋਰੀ, ਅਘੋਰ ਪੰਥੀ

औघर-ਔਘਰ, ਵਿ., ਉਲਟ, ਖਿਲਾਫ, ਵਿਲੱਖਣ, ਅਜੀਬ

औचक-ਔਚਕ, ਕ੍ਰਿ. ਵਿ., ਅਚਾਣਕ, ਧੋਖੇ ਨਾਲ, ਯਕਲਖ਼ਤ

औचट-ਔਚਟ, ਕ੍ਰਿ. ਵਿ., ਅਚਾਣਕ, ਤੁਰਤ, ਝਟਪਟ, ਭੁਲੇ ਚੁਕੇ, ਇ., ਔਖਿਆਈ, ਸੰਕਟ, ਔਖ, ਭੀੜਾ ਥਾਂ

औचित्य-ਔਚਿਤਜ, ਪੁ., ਦਰੁਸਤੀ, ਸੱਚ, ਸਚਾਈ, ਵਾਜਬੀ

औज-ਔਜ, ਪੁ., ਸਭ ਤੋਂ ਉੱਚੀ ਥਾਉਂ, ਉੱਚਾ ਰੁਤਬਾ

औजड़-ਔਜੜ, ਵਿ., ਗੰਵਾਰ, ਅਸੱਭ, ਬਦਤ੍ਮੀਜ਼, ਕਮੱਕਲ

औज़ार-ਔਜ਼ਾਰ, ਪੁ., ਲੁਹਾਰ ਤਰਖਾਨ ਦੇ ਕੰਮ ਵਾਲਾ ਸੰਦ, ਹਥਿਆਰ

औझक-ਔਝਕ, ਕ੍ਰਿ. ਵਿ., ਇਕ ਦਮ, ਝਟਪਟ, ਤੁਰਤ ਫੁਰਤ, ਛੇਤੀ ਨਾਲ

औझड़-ਔਝੜ, ਇ., ਧੱਕਾ, ਵਾਰ, ਹਮਲਾ, ਕ੍ਰਿ. ਵਿ., ਝਟਕੇ ਨਾਲ. ਉੱਛਲ ਕੇ, ਲਗਾਤਾਰ, ਇਕੋ ਸਾਹ

औटन-ਔਟਨ, ਇ., ਗਰਮ ਕਰਨ ਦੀ ਹਾਲਤ. ਉਬਾਲ

औटना-ਔਟਨਾ, ਕ੍ਰਿ., ਉਬਾਲਣਾ, ਗਰਮ ਕਰ ਕੇ ਗਾੜ੍ਹਾ ਕਰਨਾ, ਘੁੰਮਣਾ ਫਿਰਨਾ, ਗੁੱਸੇ ਨਾਲ ਲਾਲ ਹੋਣਾ

औटनी-ਔਟਨੀ, ਇ., ਹਲਵਾਈ ਦਾ ਚਾਸਣੀ ਘੋਟਣ ਦਾ ਡੰਡਾ, ਮਕਸੂਦ, ਮਸੱਦ

औटा-ਔਟਾ, ਵਿ., ਉਬਾਲਿਆ ਹੋਇਆ

औटाना-ਔਟਾਨਾ, ਕ੍ਰਿ., ਉਬਾਲਣਾ, ਰੇੜ੍ਹੇ ਪਾਉਣਾ

औटी-ਔਟੀ, ਇ., ਉਬਾਲ ਕੇ ਗਾੜ੍ਹੀ ਕੀਤੀ ਹੋਈ ਦਵਾਈ

औढव-ਔਢਵ, ਵਿ., ਬੇਢੰਗਾ, ਊਤਪਟਾਂਗ, ਬੇਢਬ

औढर-ਔਢਰ, ਵਿ., ਇੱਧਰ ਉੱਧਰ ਘੁੰਮਣ ਵਾਲਾ, ਆਵਾਰਾ ਮਨਮੌਜੀ, ਮਨਮਤੀਆ

औत्सुक्य-ਔਤਸੁਕਜ, ਪੁ., ਬੇਚੈਨੀ, ਉਤਾਵਲੀ, ਭਾਰੀ ਚਾਹਨਾ, ਅਲੰਕਾਰ ਵਿਚ ਬਿਨਾ ਪ੍ਰਾਪਤੀ ਤੇ ਪੈਦਾ ਹੋਣ ਵਾਲਾ ਭਾਵ

औदमिक-ਔਦਮਿਕ, ਪੁ., ਰੋਟੀ ਬਣਾਉਨ ਵਾਲਾ, ਲਾਂਗਰੀ, ਰਸੋਈਆ

औदरिक-ਔਦਰਿਕ, ਵਿ., ਭੁੱਖਾ, ਬਹੁਤ ਖਾਣ ਵਾਲਾ, ਪੇਟੂ, ਭੁੱਖੜ

औदस-ਔਦਸ, ਪੁ., ਅਪਜਸ, ਨਿੰਦਿਆ

औदसा-ਔਦਸਾ, ਇ., ਬੁਰੀ ਹਾਲਤ, ਬੁਰੀ ਕਿਸਮਤ, ਆਫ਼ਤ

औदार्य-ਔਦਾਰਯ, ਪੁ., ਭਲਮਾਣਸੀ, ਵਾਕ ਦੇ ਅਰਥਾਂ ਦਾ ਵਡੱਪਣ, ਆਦਰ, ਵੇਦਾਂਤ ਦੇ ਅਨੁਸਾਰ ਮਨ ਦੀ ਵਿਰਤੀ

औदासीन्य-ਔਦਾਸੀਨਜ, ਪੁ., ਉਦਾਸੀ, ਵਰਾਗ, ਉਪਰਾਮਤਾ

ਮਤਾ

औदुम्बर–ਔਦੁੰਬਰ, ਵਿ., ਤਾਂਬੇ ਦਾ ਬਣਿਆ ਹੋਇਆ ਜੱਗ ਦਾ ਭਾਂਡਾ, ਉੱਖਲੀ, ਤਾਂਬਾ

औद्धत्य–ਔਧਤਜ, ਪੁ., ਅੱਖੜਪਣ, ਬੇਹਿਆਈ, ਉਜੱਡਤਾ ਗੁਸਤਾਖੀ

औधमोहरा–ਔਧਮੋਹਰਾ, ਪੁ., ਸਿਰ ਉਪਰ ਚੁਕ ਕੇ ਚਲਣ ਵਾਲਾ ਹਾਥੀ

औधिया–ਔਧਿਯਾ, ਪੁ., ਚੋਰ, ਠੱਗ

औनापौना–ਔਨਾਪੌਨਾ, ਵਿ., ਲਗਭਗ, ਤਿੰਨ ਹਿਸੇ ਦਾ, ਥੋੜਾ ਬਹੁਤ, ਕ੍ਰਿ. ਵਿ., ਕੁਝ ਘੱਟ, ਵੱਧ ਘੱਟ

औपकाय–ਔਪਕਾਯ, ਪੁ., ਮਕਾਨ. ਡੇਰਾ, ਕੁਟੀਆ

औपचारिक–ਔਪਚਾਰਿਕ, ਵਿ., ਜੇਵਾ ਸਹਿਤ, ਰੰਗੀਨ, ਨਕਲੀ ਅਲੰਕਾਰ ਭਰਿਆ

औपन्यासिक–ਔਪਨਯਾਸਿਕ, ਵਿ., ਉਪਨਿਆਸ ਪਾਰੇ, ਅਣੋਖਾ ਨਿਰਾਲਾ, ਵਿਲਖਣ

औपनिषद्–ਔਪਨਿਸ਼ਦ, ਵਿ., ਉਪਨਿਸ਼ਦਾਂ ਦੇ ਉਪਦੇਸ਼ ਅਨੁਸਾਰ ਚੱਲਣ ਵਾਲਾ

औपपत्तिक–ਔਪਪੱਤਿਕ. ਵਿ., ਮਤਲਬ ਕੱਢਣ ਵਾਲਾ, ਪੁ., ਲਿੰਗ. ਸਰੀਰ

औपम्य–ਔਪਮਜ, ਪੁ., ਬਰਾਬਰੀ, ਉਜੇਹਾਪਣ, ਸਮਤਾ

औपशमिक–ਔਪਸ਼ਮਿਕ. ਵਿ., ਠੰਢਾ ਕਰਨ ਵਾਲਾ

औपस्थिका–ਔਪਸਥਿਕਾ. ਇ., ਵੇਸਵਾ, ਰੰਡੀ, ਕੰਜਰੀ

और–ਔਰ, ਵਿ., ਹੋਰ, ਦੂਜਾ, ਕੇਵਲ, ਜ਼ਿਆਦਾ, ਪੁ., ਦੂਜਾ ਪੁਰਖ. ਅਵਜ., ਪਰ, ਪਰੰਤੂ, ਲੇਕਨ

औरत–ਔਰਤ, ਇ., ਤੀਵੀਂ. ਜੋਰੂ, ਲੁਗਾਈ, ਰੰਨ

औरस–ਔਰਸ, ਪੁ., ਇਕ ਜਾਤ ਦੀ ਵਿਆਹੀ ਹੋਈ ਤੀਵੀਂ ਤੋਂ ਪੈਦਾ ਹੋਇਆ ਪੁੱਤਰ

औरसक–ਔਰਸਕ, ਵਿ., ਉੱਤਮ, ਅੱਛਾ, ਵਧੀਆ

औरसना–ਔਰਸਨਾ, ਕ੍ਰਿ.. ਗੁੱਸੇ ਹੋਣਾ ਬਿਗੜਨਾ

औरेब–ਔਰੇਬ, ਪੁ., ਉਲਟੀ ਚਾਲ, ਕਪੜੇ ਦੀ ਵਿੰਗੀ ਕਾਟ. ਪੇਚੀਦਾ ਗੱਲ, ਔਖਾ ਲੇਖ

औल–ਔਲ, ਪੁ., ਜੰਗਲੀ ਬੋਲੀ

औलफ़ाल–ਔਲਫ਼ੀਲ, ਪੁ., ਗਾਲੀ ਗਲੋਚ, ਬਕਵਾਸ, ਉੱਚਾ ਨੀਵਾਂ ਬੋਲ

औलाद–ਔਲਾਦ, ਇ., ਨਿਆਣਾ, ਸੰਤਾਨ. ਉਲਾਦ, ਪੋਂਤ ਪੋਤੇ

औलामौला–ਔਲਾਮੌਲਾ, ਵਿ., ਮਨਮੌਜੀ, ਸਿੱਧਾ ਸਾਦਾ, ਕਮਲਾ ਰਮਲਾ, ਸਾਧੂ

औलिया–ਔਲਿਯਾ, ਪੁ., ਸਿੱਧ ਪੁਰਖ, ਦਰਵੇਸ਼, ਪਹੁੰਚਿਆ ਹੋਇਆ ਫਕੀਰ

औली–ਔਲੀ, ਇ., ਤਾਜ਼ੀ ਤੋੜੀ ਹੋਈ ਅੰਨ ਦੀ ਬੱਲੀ

औलू–ਔਲੂ, ਵਿ., ਨਵਾਂ, ਅਨੋਖਾ, ਕਠਨ

औवल–ਔਵਲ, ਵਿ., ਪਹਿਲਾ, ਸੇਸ਼ਟ, ਪਰਧਾਨ, ਸਭ ਤੋਂ ਚੰਗਾ, ਆਰੰਭ

औषध,औषधि–ਔਸ਼ਧ, ਔਸ਼ਧਿ, ਇ., ਦਵਾ, ਦਵਾਈ, ਬੂਟੀ

औसत–ਔਸਤ, ਪੁ., ਵਿਚਕਾਰਲੀ ਹਾਲਤ, ਸਰਸਰੀ, ਸਭ ਤੋਂ ਵੱਡੇ ਤੇ ਸਭ ਤੋਂ ਛੋਟੇ ਦੀ ਵਿਚਕਾਰਲੀ ਸੰਖਿਆ, ਵਿ., ਵਿਚਕਾਰਲਾ

औसन–ਔਸਨ, ਇ.. ਗਰਮੀ. ਤਪਸ਼, ਘੰਬਰਾਹਟ, ਬੇਚੈਨੀ ਗਰਮਾਈ

औसना–ਔਸਨਾ, ਕ੍ਰਿ., ਗਰਮੀ ਵਧਣੀ, ਘਬਰਾਉਣਾ, ਸਾੜਨਾ

औसर–ਔਸਰ, ਪੁ.. ਮੌਕਾ, ਵੇਲ਼ਾ, ਅਵਸਰ

औसाना–ਔਸਾਨਾ, ਕ੍ਰਿ.. ਪਕਾਉਣਾ

औसेर–ਔਸੇਰ, ਇ.. ਦੇਰ, ਸੋਚ. ਫ਼ਿਕਰ, ਦੁਖ

औहत–ਔਹਤ, ਇ.. ਦੁਰਦਸ਼ਾ, ਬੁਰਾ ਹਾਲ

* * *

क–ਕ

क–ਕ, ਹਿੰਦੀ ਵਰਣਮਾਲਾ ਦਾ ਪਹਿਲਾ ਵਿਅੰਜਨ ਅੱਖਰ, ਜਿਸ ਦੇ ਉਚਾਰਣ ਦੀ ਥਾਂ ਕੰਠ ਹੈ, ਪੁ., ਬ੍ਰਹਮਾ, ਵਿਸ਼ਨੂ, ਸੂਰਜ, ਕਾਮਦੇਵ, ਰੁੱਦਰ, ਮਨ, ਸਰੀਰ, ਕਾਲ, ਧਨ, ਚਾਨਣ, ਸ਼ਬਦ, ਅੱਗ, ਹਵਾ, ਪਰਜਾਪਤਿ, ਮੋਰ

क–ਕ. ਪੁ., ਜਲ, ਪਾਣੀ, ਸੁਖ, ਰੋਮ, ਕੇਸ. ਮੱਥਾ

कइत–ਕਇਤ, ਇ., ਕੰਢਾ ਕਿਨਾਰਾ

कई–ਕਈ, ਵਿ., ਬਹੁਤ, ਅਨੇਕ, ਕਿੰਨੇ ਹੀ

कउवा–ਕਉਵਾ, ਪੁ., ਦੇਖੋ, ਕੌਵਾ (कौवा)

कं–ਕੰ, ਅਵ., ਥੋੜ੍ਹਾ, ਕਮ, ਘੱਟ, ਪੁ., ਪਾਣੀ, ਜਲ

कंउधा–ਕੰਉਧਾ, ਪੁ., ਦੂਰ ਤੋਂ ਬਿਜਲੀ ਲਿਸ਼ਕਣ ਦੀ ਚਮਕ, ਬਿਜਲੀ ਦਾ ਲਿਸ਼ਕਾਰਾ

कंकड़–ਕੰਕੜ, ਪੁ., ਇਕ ਤਰ੍ਹਾਂ ਦੇ ਪੱਥਰ ਦੇ ਟੁਕੜੇ ਜਿਨ੍ਹਾਂ ਨੂੰ ਸਾੜ ਕੇ ਚੂਨਾ ਬਣਾਉਂਦੇ ਹਨ। ਇਹ ਸੜਕਾਂ ਤੇ ਵੀ ਕੁੱਟ ਕੁੱਟ ਕੇ ਜਮਾਏ ਜਾਂਦੇ ਹਨ, ਕਿਸੇ ਚੀਜ਼ ਦਾ ਪੀਸਣ ਲਾਇਕ ਛੋਟਾ ਟੁਕੜਾ, ਸੁੱਕਾ ਤਮਾਕੂ. ਰਤਨ

कंकड़ी–ਕੰਕੜੀ, ਇ., ਛੋਟਾ ਕੰਕਰ, ਛੋਟਾ ਟੁਕੜਾ, ਡਲੀ

कंकड़ीला–ਕੰਕੜੀਲਾ, ਵਿ., ਕੰਕਰ ਮਿਲਿਆ ਹੋਇਆ, ਜਿਸ ਵਿੱਚ ਮਿੱਟੀ ਤੇ ਰੋੜ ਮਿਲੇ ਹੋਏ ਹੋਣ

कंकन–ਕੰਕਨ, ਪੁ., ਦੇਖੋ ਕੰਕਣ (कङ्कण)

कंकर–ਕੰਕਰ, ਪੁ., ਦੇਖੋ ਕੰਕੜ (कंकड़)

कंकरीट–ਕੰਕਰੀਟ, ਪੁ., ਘਰ ਉਸਾਰਨ ਦਾ ਇਕ ਮਸਾਲਾ ਜਿਸ ਵਿਚ ਪੱਥਰ ਦੇ ਛੋਟੇ ਛੋਟੇ ਟੁਕੜੇ ਅਤੇ ਚੂਨਾ ਮਿਲਿਆ ਹੁੰਦਾ ਹੈ

कंकरीला–ਕੰਕਰੀਲਾ, ਵਿ., ਦੇਖੋ, ਕੰਕੜੀਲਾ (कंकड़ीला)

कंकरेत–ਕੰਕਰੇਤ, ਪੁ., ਦੇਖੋ, ਕੰਕਰੀਟ (कंकरीट)

कंकाली–ਕੰਕਾਲੀ, ਪੁ., ਇਕ ਕੌਮ, ਨਟ

कंकोल–ਕੰਕੋਲ, ਪੁ., ਸੀਤਲ ਚੀਨੀ

कंखवारी-ਕੰਖਵਾਰੀ, ਇ., ਕੱਛ ਵਿੱਚ ਹੋਣ ਵਾਲੀ ਫਿਨਸੀ, ਕਛਰਾਲੀ

कंखौरी-ਕੰਖੌਰੀ, ਇ., ਕੱਛ, ਕੱਛ ਦਾ ਛੋਟਾ ਫੋੜਾ, ਕਛਰਾਲੀ

कंग-ਕੰਗ, ਪੁ., ਕਵਚ, ਸੰਜੋਅ

कंगन-ਕੰਗਨ, ਪੁ., ਦੇਖੋ, ਕੰਕਣ (कङ्कण)

कंगना-ਕੰਗਨਾ, ਪੁ., ਕੰਗਣ, ਉਹ ਗੀਤ ਜਿਸ ਨੂੰ ਤੀਵੀਆਂ ਕੰਗਣਾ ਬੰਨ੍ਹਣ ਤੇ ਖੋਲ੍ਹਣ ਵੇਲੇ ਗਾਉਂਦੀਆਂ ਹਨ

कंगनी-ਕੰਗਨੀ, ਇ., ਛੋਟਾ ਕੰਗਣ, ਛੱਤ ਦੇ ਹੇਠਾਂ ਦੀ ਕੰਧ ਦਾ ਉਭਰਿਆ ਹੋਇਆ ਹਿੱਸਾ, ਇਕ ਤਰ੍ਹਾਂ ਦਾ ਚਾਉਲਾਂ ਵਰਗਾ ਅੰਨ

कंगला-ਕੰਗਲਾ, ਵਿ., ਦੇਖੋ, ਕੰਗਾਲ (कंगाल)

कंगलापण-ਕੰਗਲਾਪਣ. ਪੁ., ਗਰੀਬੀ, ਨਿਰਧਨਤਾ, ਕੰਗਾਲੀ

कंगसी-ਕੰਗਸੀ, ਇ., ਗੱਠ, ਪਹਿਲਵਾਨ ਦੀ ਇਕ ਕਸਰਤ

कंगही-ਕੰਗਹੀ, ਇ., ਦੇਖੋ. ਕੰਘੀ (कंघी)

कंगारू-ਕੰਗਾਰੂ, ਪੁ., ਇਕ ਘਾਹ ਖਾਣ ਵਾਲਾ ਜਾਨਵਰ ਜਿਸ ਦੀਆਂ ਪਿਛਲੀਆਂ ਟੰਗਾਂ ਅਗਲੀਆਂ ਟੰਗਾਂ ਨਾਲੋਂ ਬਹੁਤ ਵੱਡੀਆਂ ਹੁੰਦੀਆਂ ਹਨ ਇਸ ਦੇ ਢਿੱਡ ਵਿਚ ਇਕ ਥੈਲੀ ਹੁੰਦੀ ਹੈ ਜਿਸ ਵਿਚ ਆਪਣੇ ਬੱਚੇ ਨੂੰ ਰੱਖ ਲੈਂਦਾ ਹੈ

कंगाल-ਕੰਗਾਲ, ਵਿ., ਨਿਰਧਨ, ਗਰੀਬ, ਭੁੱਖੜ

कंगाली-ਕੰਗਾਲੀ, ਇ., ਗਰੀਬੀ, ਨਿਰਧਨਤਾ .

कंगुरिया-ਕੰਗੁਰਿਯਾ. ਇ., ਚੀਚੀ ਉਂਗਲ

कंगूरा-ਕੰਗੂਰਾ, ਪੁ., ਮਹਿਲ ਦੀ ਟੀਸੀ, ਕਿੰਗਰਾ, ਬੁਰਜੀ, ਅਟਾਰੀ, ਤੀਵੀਆਂ ਦਾ ਇਕ ਗਹਿਣਾ

कंगूरेदार-ਕੰਗੂਰੇਦਾਰ, ਵਿ., ਕਿੰਗਰਿਆਂ ਵਾਲਾ, ਟੀਸੀ ਵਾਲਾ

कंघा-ਕੰਘਾ. ਪੁ., ਵਾਲ ਸਾਫ ਕਰਨ ਦੀ ਪਰਸਿੱਧ ਚੀਜ਼, ਜੁਲਾਹਿਆਂ ਦਾ ਇਕ ਸੰਦ

कंघी-ਕੰਘੀ, ਇ , ਛੋਟਾ ਕੰਘਾ, ਜੁਲਾਹਿਆਂ ਦਾ ਇਕ ਸੰਦ. ਅਤੀ ਬਲਾ ਨਾਉਂ ਦੀ ਇਕ ਬੂਟੀ

कंघीचोटी-ਕੰਘੀਚੋਟੀ, ਇ., ਵਾਲਾਂ ਦੀ ਸਫਾਈ ਅਤੇ ਸਜਾਵਟ

कंघेरा-ਕੰਘੇਰ੍ਹਾ, ਪੁ., ਕੰਘੇ, ਕੰਘੀਆਂ ਬਣਾਉਣ ਵਾਲਾ, ਕੰਘੀ ਘਾੜ੍ਹਾ

कंचनी-ਕੰਚਨੀ, ਇ., ਕੰਜਰੀ, ਵੇਸਵਾ, ਰੰਡੀ

कंचेरा-ਕੰਚੇਰਾ. ਪੁ., ਕੱਚ ਦਾ ਕੰਮ ਕਰਨ ਵਾਲਾ

कंचेली-ਕੰਚੇਲੀ, ਪੁ., ਰੁੱਖ ਦੀ ਕੋਮਲ ਤੇ ਨਰਮ ਟਾਹਣੀ

कंजई-ਕੰਜਈ, ਵਿ., ਧੂਏਂ ਰੰਗਾ, ਖਾਕੀ ਪੁ., ਖਾਕੀ ਰੰਗ, ਉਹ ਘੋੜਾ ਜਿਸ ਦੀਆਂ ਅੱਖਾਂ ਕੰਜਈ ਰੰਗ ਦੀਆਂ ਹੁੰਦੀਆਂ ਹਨ

कंजड़ा-ਕੰਜੜਾ, ਪੁ., ਇਕ ਖਾਨਾਬਦੋਸ਼ ਕੌਮ, ਇਕ ਕੌਮ ਦੇ ਲੋਕੀ ਜੋ ਰੱਸੇ ਬਣਾ ਕੇ ਵੇਚਦੇ ਹਨ, ਵਿ., ਕੰਜਰ, ਭੜੂਆ

कंजा-ਕੰਜਾ, ਵਿ., ਖਾਕੀ, ਨੀਲਾ, ਪੁ., ਨੀਲੀ ਅੱਖ ਵਾਲਾ ਮਨੁੱਖ, ਇਕ ਕੰਡਿਆਲਾ ਝਾੜ, ਕਰੰਜੂਆ ਨਾਉਂ ਦੀ ਬੂਟੀ. ਦੀ ਫਲੀ ਜੋ ਦਵਾਈ ਵਿਚ ਵਰਤੀ ਜਾਂਦੀ ਹੈ

कंजास-ਕੰਜਾਸ, ਪੁ., ਮੈਲਾ, ਕੂੜਾ, ਕਵਾੜ, ਰੂੜੀ

कंजियाना-ਕੰਜਿਯਾਨਾ, ਕ੍ਰਿ., ਧੀਮਾ ਜਾਂ ਮੰਦਾ ਪੈਣਾ .

कंजुवा-ਕੰਜੁਵਾ, ਪੁ., ਕਰੰਜੂਆ ਨਾਉਂ ਦੀ ਪਰਸਿੱਧ ਬੂਟੀ

कंजूस-ਕੰਜੂਸ, ਵਿ., ਸੂਮ. ਘੱਟ ਖਰ੍ਚ ਕਰਨ ਵਾਲਾ

कंजूसी-ਕੰਜੂਸੀ, ਇ., ਸੂਮਪਣਾ. ਕਿਰਪਣਤਾ

कंटर-ਕੰਟਰ, ਪੁ., ਕੱਚ ਦਾ ਭਾਂਡਾ, ਕਰੂਆ, ਸ਼ਰਾਬ ਰੱਖਣ ਦੀ ਵੇਲ ਬੂਟੇਦਾਰ ਵੱਡੀ ਬੋਤਲ

कंटाइन-ਕੰਟਾਇਨ, ਇ., ਚੁੜੇਲ, ਡਾਇਣ, ਭੈੜੀ ਤੀਵੀਂ, ਕ੍ਰਿ. ਵਿ., ਠੀਕ, ਅੱਛੀ ਤਰ੍ਹਾਂ, ਪੂਰੀ ਤਰ੍ਹਾਂ

कंटिया-ਕੰਟਿਯਾ, ਇ., ਛੋਟੀ ਮੇਖ, ਮੱਛੀ ਫਸਾਉਣ ਦੀ ਕੁੰਡੀ, ਖੂਹ ਵਿਚੋਂ ਭਾਂਡੇ ਕੱਢਣ ਦਾ ਕੰਡਾ, ਇਕ ਸਿਰ ਦਾ ਗਹਿਣਾ

कंटीला-ਕੰਟੀਲਾ, ਵਿ., ਕੰਡਿਆਂ ਵਾਲਾ, ਕੰਡੀਲਾ, ਕੰਡਿਆਲਾ

कंटोप-ਕੰਟੋਪ, ਪੁ., ਸਿਰ ਅਤੇ ਕੰਨ ਢਕਣ ਦੀ ਟੋਪੀ

कंठला-ਕੰਠਲਾ, ਪੁ., ਬੱਚਿਆਂ ਦੇ ਗਲੇ ਵਿਚ ਪਾਉਣ ਦਾ ਗਹਿਣਾ, ਕੰਠਾ

कंठा-ਕੰਠਾ, ਪੁ., ਤੋਤੇ ਦੇ ਗਲ ਦਾ ਗੋਲ ਨਿਸ਼ਾਨ, ਗਲ ਦਾ ਇਕ ਗਹਿਣਾ, ਫੁੱਲਾਂ ਦਾ ਹਾਰ, ਹੰਸਲੀ, ਕੁੜਤੇ ਦੇ ਗਲੇ ਦੀ ਚੰਦ ਦੀ ਸ਼ਕਲ ਦੀ ਕਾਟ

कंठी-ਕੰਠੀ, ਇ., ਛੋਟੇ ਦਾਣਿਆਂ ਦਾ ਕੰਠਾ, ਤੁਲਸੀ ਦੀ ਮਾਲਾ

कंड़रा-ਕੰੜਰਾ, ਪੁ., ਸਰ੍ਹੋਂ ਜਾਂ ਮੂਲੀ ਦੀ ਗੰਦਲ

कंडा-ਕੰਡਾ, ਪੁ., ਗੋਹੇ ਦੀ ਪਾਥੀ

कंडारी-ਕੰਡਾਰੀ. ਪੁ., ਬੇੜੀ ਚਲਾਉਣ ਵਾਲਾ ਮਲਾਹ

कंडाल-ਕੰਡਾਲ, ਪੁ., ਰਣਸਿੰਗਾ, ਖੁਲ੍ਹੇ ਮੂੰਹ ਦਾ ਭਾਂਡਾ

कंडी-ਕੰਡੀ, ਇ., ਛੋਟਾ ਕੰਡਾ, ਪਹਾੜੀਆਂ ਦਾ ਬੋਝ ਢੋਣ ਦਾ ਪਿੱਠੂ

कंडील-ਕੰਡੀਲ, ਇ., ਲਾਲਟੈਣ, ਕਾਗਜ਼ ਜਾਂ ਅਬਰਕ ਦਾ ਦੀਵਾ ਰਖਣ ਦਾ ਗੜਥੜਾ

कंडीलिया-ਕੰਡੀਲਿਆ, ਇ., ਚਾਨਣ ਮੁਨਾਰਾ, ਰੋਸ਼ਨੀ ਕਰਨ ਦਾ ਉਹ ਉੱਚਾ ਥਾਉਂ ਜਿਸ ਨੂੰ ਰਾਤੀਂ ਵੇਖ ਕੇ ਜਹਾਜ਼ ਵਾਲੇ ਰਸਤਾ ਲਭਦੇ ਹਨ

कंडेरा-ਕੰਡੇਰਾ, ਪੁ.. ਪੇਂਜਾ, ਰੂੰ ਪਿੰਜਣ ਵਾਲਾ

कंडौर-ਕੰਡੌਰ, ਪੁ., ਗੁਹਾਰਾ, ਕੰਡਿਆਂ ਦਾ ਢੇਰ, ਪਥਵਾੜਾ

कंत-ਕੰਤ, ਪੁ., ਮਾਲਕ, ਪਤੀ, ਗੱਭਰੂ, ਖਸਮ

कंदा-ਕੰਦਾ, ਪੁ., ਸ਼ਕਰਕੰਦੀ, ਅਰਬੀ

कंदैला-ਕੰਦੈਲਾ. ਵਿ., ਗੰਦਾ, ਮੈਲਾ

कंध-ਕੰਧ, ਪੁ., ਕੰਨ੍ਹਾਂ, ਕੰਧਾ, ਮੋਢਾ

कंधनी-ਕੰਧਨੀ, ਇ., ਤੜਾਗੀ

कंधार-ਕੰਧਾਰ, ਪੁ., ਅਫਗਾਨਿਸਤਾਨ ਦਾ ਇਕ ਸੂਬਾ, ਮਲਾਹ

कंधावर-ਕੰਧਾਵਰ, ਇ., ਜੂਲੇ ਦਾ ਉਹ ਹਿੱਸਾ ਜੋ ਬਲਦਾਂ ਦੇ ਕੰਨ੍ਹੇ ਉਪੱਰ ਰੱਖਿਆ ਜਾਂਦਾ ਹੈ, ਕੰਨ੍ਹੇ ਤੇ ਰੱਖਣ ਦਾ ਦੁਪੱਟਾ ਜਾਂ ਚਾਦਰ

कंधियाना–ਕੰਧਿਯਾਨਾ, ਕ੍ਰਿ., ਕੰਨ੍ਹਾਂ ਦੇਣਾ, ਕੰਨੇ ਤੇ ਰੱਖਣਾ

कंपेला–ਕੰਪੇਲਾ, ਪੁ., ਸਾੜ੍ਹੀ ਦਾ ਉਹ ਪਾਸਾ ਜੋ ਤੀਵੀਆਂ ਦੇ ਮੋਢੇ ਤੇ ਆ ਕੇ ਗਿਰਦਾ ਹੈ

कंपेली–ਕੰਪੇਲੀ, ਇ., ਅੰਡੇ ਦੀ ਸ਼ਕਲ ਦੀ ਤੜਾਗੀ ਜੋ ਗੱਡੀ ਵਿਚ ਜੁੜੇ ਹੋਏ ਘੋੜੇ ਦੀ ਗਰਦਨ ਤੇ ਰੱਖੀ ਜਾਂਦੀ ਹੈ, ਜੋਤ

कंपकंपी–ਕੰਪਕੰਪੀ, ਇ., ਕਾਂਬਾ, ਥਰਥਰਾਹਟ, ਕੰਬਣ

कंपना–ਕੰਪਨਾ, ਕ੍ਰਿ., ਥਰਥਰਾਉਣਾ, ਕੰਬਣਾ

कंपनी–ਕੰਪਨੀ, ਇ., ਵਪਾਰੀਆਂ ਦਾ ਜੱਥਾ, ਦਲ

कंपा–ਕੰਪਾ, ਪੁ.. ਲਾਸਾ ਲੱਗਿਆ ਹੋਇਆ ਲੰਬਾ, ਬਾਂਸ, ਜਿਸ ਨਾਲ ਚਿੜੀ ਮਾਰ ਜਾਨਵਰਾਂ ਨੂੰ ਫਸਾ ਕੇ ਫੜਦੇ ਹਨ, ਲੇਸਲੀ ਚੀਜ਼

कंपाना–ਕੰਪਾਨਾ, ਕ੍ਰਿ., ਇੱਧਰ ਉਧੱਰ ਫਿਰਨਾ, ਹਿੱਲਣਾ, ਡਰਨਾ, ਭੈ ਦਿਖਾਉਣਾ, ਡਰ ਦੇਣਾ

कंपास–ਕੰਪਾਸ, ਇ., ਕੁਤਬਨੁਮਾ, ਪੈਮਾਇਸ਼ ਕਰਨ ਦਾ ਇਕ ਜੰਤਰ

कंपू–ਕੰਪੂ, ਪੁ., ਫੌਜ ਦੇ ਰਹਿਣ ਦਾ ਥਾਂ, ਕੈਂਪ, ਡੇਰਾ, ਛਾਉਣੀ

कंपोज़–ਕੰਪੋਜ਼, ਪੁ., ਛਾਪਣ ਲਈ ਅੱਖਰਾਂ (ਟਾਈਪ) ਲਗਾਂ ਆਦਿ ਦਾ ਜੋੜਨ

कंपोज़िङ्–ਕੰਪੋਜ਼ਿੰਗ, ਪੁ., ਅੱਖਰ (ਟਾਈਪ) ਲਗਾਂ ਆਦਿ ਜੋੜਨ ਦਾ ਕੰਮ

कंपोज़िटर–ਕੰਪੋਜ਼ੀਟਰ, ਪੁ.. ਛਾਪਣ ਦੇ ਅੱਖਰ ਆਦਿ (ਟਾਈਪ) ਜੋੜਨ ਵਾਲਾ

कंवल–ਕੰਵਲ, ਪੁ., ਕੰਵਲ

कंवलगट्टा–ਕੰਵਲਗੱਟਾ, ਪੁ.. ਕੰਵਲ ਦਾ ਬੀਜ, ਕੌਲਡੋਡਾ

कंवासा–ਕੰਵਾਸਾ, ਪੁ., ਕੁੜੀ ਦੇ ਪੁੱਤਰ ਦਾ ਪੁੱਤਰ, ਦੋਹਤੇ ਦਾ ਮੁੰਡਾ

कंस–ਕੰਸ, ਪੁ., ਭਾਂਡਾ, ਪਿਆਲਾ. ਕਟੋਰਾ, ਸ੍ਰੀ ਕ੍ਰਿਸ਼ਨ ਜੀ ਦੇ ਮਾਮੇ ਦਾ ਨਾਉਂ, ਅੱਠ ਸੇਰ ਦਾ ਤੋਲ

कंसकार–ਕੰਸਕਾਰ, ਪੁ., ਕਸੇਰਾ

कंसर्ट–ਕੰਸਰਟ, ਪੁ.. ਗਾਉਣ ਵਾਲਿਆਂ ਦੀ ਮੰਡਲੀ, ਸੰਗੀਤ ਮੰਡਲੀ

कंसुला–ਕੰਸੁਲਾ. ਪੁ., ਇਕ ਤਰ੍ਹਾਂ ਦੀ ਧਾਂਤ ਦਾ ਬਣਿਆ ਟੋਆ ਜਿਸ ਵਿਚ ਸੁਨਿਆਰ ਘੁੰਗਰੂ ਆਦਿ ਬਣਾਉਂਦਾ ਹੈ

कंसुवा–ਕਸੁਵਾ. ਪੁ., ਇਕ ਕੀੜਾ ਜੋ ਗੰਨੇ ਦੀ ਖੇਤੀ ਦਾ ਨਾਸ ਕਰਦਾ ਹੈ

ककई–ਕਕਈ, ਇ., ਕੰਘੀ, ਪੁਰਾਣੀ ਛੋਟੀ ਇੱਟ

ककड़ी–ਕਕੜੀ, ਇ., ਜ਼ਮੀਨ ਵਿਚ ਫੈਲਣ ਵਾਲੀ ਵੇਲ, ਜਿਸ ਨੂੰ ਲੰਬਾ ਫਲ ਲਗਦਾ ਹੈ, ਤਰ

ककना–ਕਕਨਾ, ਪੁ., ਕੰਗਣ, ਇਮਲੀ ਦਾ ਫਲ, ਇਮਲੀ

ककनी–ਕਕਨੀ, ਇ., ਛੋਟਾ ਕੰਗਣ, ਇਮਲੀ ਦਾ ਛੋਟਾ ਫਲ, ਇਕ ਤਰ੍ਹਾਂ ਦੀ ਮਿਠਿਆਈ

ककराली–ਕਕਰਾਲੀ, ਇ., ਕਛਰਾਲੀ, ਕੱਛ ਵਿਚ ਹੋਣ ਵਾਲਾ ਫੋੜਾ

ककरी–ਕਕਰੀ, ਇ., ਕਕੜੀ, ਤਰ

ककवा–ਕਕਵਾ, ਪੁ., ਇਕ ਸੰਦ ਜਿਸ ਨਾਲ ਜੁਲਾਹੇ ਕਰਘੇ ਵਿਚ ਭਰਨੀ ਦੇ ਧਾਗੇ ਭਰਦੇ ਹਨ

ककहरा–ਕਕਹਰਾ, ਪੁ., 'ਕ' ਤੋਂ 'ਹ' ਤੱਕ ਦੇ ਅੱਖਰ

ककही–ਕਕਹੀ, ਇ., ਕੰਘੀ, ਇਕ ਤਰ੍ਹਾਂ ਦੀ ਕਪਾਹ

ककुद्–ਕਕੁਦ, ਪੁ., ਬਲਦ ਦੀ ਢੁੱਠ, ਚੋਟੀ, ਟੀਸੀ

ककुभ–ਕਕੁਭ, ਪੁ., ਅਰਜਨ ਨਾਉਂ ਦਾ ਰੁੱਖ, ਪਾਸਾ, ਦਿਸ਼ਾ, ਇਕ ਰਾਗਣੀ

ककुह–ਕਕੁਹ, ਪੁ., ਬੱਘੀ ਵਾਲੇ ਦੇ ਬੈਠਣ ਦੀ ਥਾਂ

ककोड़ा–ਕਕੋੜਾ, ਪੁ., ਪੁਠਕੰਡਾ

कक्खड़–ਕੱਕੜ, ਪੁ., ਤਮਾਕੂ ਦੀ ਸੇਕੀ ਹੋਈ ਜਾਂ ਸੁੱਕੀ ਹੋਈ ਪੱਤੀ ਧਤੂਰੀ ਚਿਲਮ ਵਿਚ ਰੱਖ ਕੇ ਪੀਂਦੇ ਹਨ

कक्का–ਕੱਕਾ, ਪੁ., ਕੈ ਕੈ ਦੇਸ਼ ਜੋ ਕਸ਼ਮੀਰ ਵਿਚ ਹੈ, ਨਗਾਰਾ, ਨਿੱਕਾ, ਕਾਕਾ, ਬੱਚਾ

कक्ष–ਕਕਸ਼, ਪੁ., ਬਗਲ, ਕੱਛ, ਵੇਲ, ਲਾਂਗੜ, ਸੁੱਕਾ ਜੰਗਲ, ਪਾਪ, ਕੰਧ, ਕਮਰਾ, ਕਛਰਾਲੀ, ਗ੍ਰਹਾਂ ਦੇ ਘੁੰਮਣ ਦਾ ਰਾਹ, ਵਰੋਪ, ਲੱਕ ਦੀ ਪੇਟੀ, ਰਣਵਾਸ, ਝੋਟਾ, ਫੌਜ ਦੇ ਦੋਹਾਂ ਪਾਸਿਆਂ ਦਾ ਹਿੱਸਾ, ਸਮਤਾ, ਬਰਾਬਰੀ, ਗ੍ਰਿਹ, ਤੱਕੜੀ ਦਾ ਪਾਲੜਾ

कक्षप–ਕਕਸ਼ਪ, ਪੁ., ਕੱਛੂ

कक्षा–ਕਕਸ਼ਾ, ਇ., ਹਾਥੀ ਦੇ ਬੰਨ੍ਹਣ ਦਾ ਰੱਸਾ, ਕੋਠੜੀ, ਕੰਧ, ਬਰਾਬਰੀ, ਕੱਛ, ਮੁਖਾਲਫ਼ਤ, ਰਾਜੇ ਦਾ ਰਣਵਾਸ, ਸ਼ਰੇਣੀ, ਦਰਜਾ, ਜਮਾਤ

कक्षापट–ਕਕਸ਼ਾਪਟ, ਪੁ., ਕੁਪੀਨ, ਕੱਛ

कगदही–ਕਗਦਹੀ, ਇ., ਕਾਗਜ਼ ਆਦਿ ਬੰਨ੍ਹਣ ਦਾ ਬਸਤਾ

कगर–ਕਗਰ, ਪੁ., ਉੱਚਾ ਕੰਢਾ, ਬੁਲ੍ਹ, ਹੱਦ, ਹੋਂਠ, ਬੰਨ੍ਹ, ਕੰਗਣੀ, ਕ੍ਰਿ. ਵਿ., ਕੰਢੇ ਤੇ, ਵੱਖਰਾ ਪਣ

कगार–ਕਗਾਰ. ਪੁ.. ਨਦੀ ਦਾ ਕੰਢਾ, ਉੱਚਾ ਟਿੱਬਾ

कङ्क–ਕੰਕ, ਪੁ., ਕੂੰਜ ਨਾਉਂ ਦਾ ਜਾਨਵਰ, ਸਫੈਦ ਇਲ, ਬਗਲਾ, ਜਮਰਾਜ, ਪਖੰਡੀ ਬ੍ਰਾਹਮਣ,ਚੰਦਨ, ਇਕ ਤਰ੍ਹਾਂ ਦਾ ਵਡਾ ਅੰਬ, ਦਸੌਂਟਾ ਕੱਟਣ ਸਮੇ ਤੇਰ੍ਹਵੇਂ ਸਾਲ ਵਿਚ ਯੁਧਿਸ਼ਟਰ ਨੇ ਆਪਣਾ ਨਾਉਂ ਕੰਕ ਰਖਿਆ ਸੀ

कङ्कण–ਕੰਕਣ, ਪੁ., ਹੱਥ ਵਿਚ ਪਹਿਨਣ ਦੀ ਚੂੜੀ, ਕੜਾ, ਕੰਗਣਾ, ਵਿਆਹ ਵੇਲੇ ਕੁੜੀ ਮੁੰਡੇ ਦੇ ਹੱਥ ਵਿੱਚ ਬੰਨ੍ਹਣ ਦਾ ਧਾਗਾ, ਚੋਟੀ, ਟੀਸੀ,

कङ्कणी–ਕੰਕਣੀ, ਇ., ਘੁਣ ਘੁਣ ਕਰਨ ਵਾਲੀ ਘੰਟੀ, ਘੁੰਗਰੂ

कङ्कत–ਕੰਕਤ, ਪੁ., ਕੰਘਾ

कङ्कतिका–ਕੰਕਤਿਕਾ, ਇ., ਛੋਟਾ ਕੰਘਾ, ਕੰਘੀ

कङ्कपत्र–ਕੰਕਪੱਤ੍ਰ, ਪੁ., ਤੀਰ, ਬਾਣ

कङ्कमुख–ਕੰਕਮੁਖ, ਪੁ., ਸੰਡਾਸੀ, ਸੰਨ੍ਹੀ

कङ्कर-ਕੰਕਰ, ਪੁ., ਮੱਠਾ, ਦਸ ਕਰੋੜ ਦੀ ਸੰਖਿਆ, ਕੱਕਰ

कङ्काल-ਕੰਕਾਲ, ਪੁ., ਸਰੀਰ ਦਾ ਥੋਥਾਪਣ, ਹੱਡੀਆਂ ਦਾ ਢਾਂਚਾ

कङ्कालमालिनी-ਕੰਕਾਲਮਾਲਿਨੀ, ਇ., ਕਾਲੀ ਦੇਵੀ

कङ्कालिना-ਕੰਕਾਲਿਨੀ, ਇ., ਮਹਾਕਾਲੀ ਦੀ ਮੂਰਤੀ

कङ्काली-ਕੰਕਾਲੀ, ਇ.. ਦੇਖੋ ਕੰਕਾਲਿਨੀ कङ्कालिनी)

कङ्कोल-ਕੰਕੋਲ, ਪੁ , ਸੀਤਲ ਚੀਨੀ

कच-ਕਚ, ਪੁ., ਕੇਸ, ਵਾਲ, ਸੁਕਿਆ ਹੋਇਆ ਜ਼ਖਮ, ਬੱਦਲ, ਬੰਨ੍ਹਣ, ਝੁੰਡ. ਬੱਚਾ, ਬ੍ਰਿਹਸਪਤੀ ਦਾ ਪੁੱਤਰ ਕਪੜੇ ਦਾ ਪੱਲਾ, ਸੋਭਾ

कचक-ਕਚਕ, ਇ , ਦੱਬੇ ਜਾਂ ਮਿੱਧੇ ਜਾਣ ਤੇ ਲੱਗੀ ਹੋਈ ਸੱਟ

कचकच-ਕਚਕਚ, ਪੁ., ਗੱਲਾਂ ਦਾ ਝਗੜਾ, ਰੌਲਾ ਰੱਪਾ, ਚੀਂਘ ਚਿੰਘਿਆੜ, ਚਬਰ ਚਬਰ

कचकचाना-ਕਚਕਚਾਨਾ, ਕ੍ਰਿ., ਕਚ ਕਚ ਕਰਨਾ, ਗੱਲਾਂ ਵਿਚ ਝਗੜਾ ਛੇੜਨਾ, ਦੰਦ ਪੀਹਣਾ, ਗੁੱਸੇ ਹੋਣਾ

कचकड़-ਕਚਕੜ, ਪੁ., ਕੱਛੂ ਦੀ ਖੋਪਰੀ

कचकना-ਕਚਕਨਾ, ਕ੍ਰਿ., ਕੁਚਲਿਆ ਜਾਣਾ, ਮਸਲਿਆ ਜਾਣਾ, ਠੋਕਰ ਖਾਣਾ, ਮਿੱਧਿਆ ਜਾਣਾ

कचकाना-ਕਚਕਾਨਾ, ਕ੍ਰਿ , ਚੋਭਣਾ, ਤੋੜਨਾ, ਗੱਡਣਾ

कचकोल-ਕਚਕੋਲ, ਪੁ., ਕਪਾਲ. ਖੋਪਰੀ, ਖੱਪਰ, ਨਾਰੀਅਲ ਦਾ ਬਣਿਆ ਹੋਇਆ ਖੱਪਰ

कचट-ਕਚਟ, ਪੁ., ਟੱਕਰ, ਠੇਸ. ਇੱਕ ਤਰ੍ਹਾਂ ਦਾ ਸਾਗ

कचड़पचड़-ਕਚੜਪਚੜ. ਪੁ., ਕਚਪਚ, ਬਕਵਾਸ, ਵਾਧੂ ਬੋਲਣ, ਰੌਲਾ ਰੱਪਾ

कचड़ा-ਕਚੜਾ, ਪੁ., ਕੂੜਾ ਕਰਕਟ, ਝਾੜਨ, ਕਪਾਹ, ਬੜੇਵੇਂ, ਖਲਵਾੜੇ ਦਾ ਅੰਨ, ਸੇਵਾ

कचदिला-ਕਚਦਿਲਾ, ਵਿ., ਕਮਜ਼ੋਰ ਦਿਲ ਦਾ, ਡਰਪੋਕ, ਕਮਦਿਲਾ

कचनार-ਕਚਨਾਰ, ਪੁ., ਖੁਸ਼ਬੂਦਾਰ ਫੁੱਲਾਂ ਦਾ ਇਕ ਰੁੱਖ ਇਸ ਦੀਆਂ ਕਲੀਆਂ ਦੀ ਭਾਜੀ ਬਣਦੀ ਹੈ

कचपच-ਕਚਪਚ, ਪੁ., ਭੀੜ ਭਾੜ, ਕਚਕਚ, ਗੁੱਥਮ ਗੁੱਥਾ

कचपची-ਕਚਪਚੀ, ਇ , ਕ੍ਰਿਤਿਕਾ ਨਛੱਤਰ ਜਿਸ ਵਿਚ ਅਨੇਕਾਂ ਛੋਟੇ ਛੋਟੇ ਨਛੱਤਰ ਰਹਿੰਦੇ ਹਨ,ਤੀਵੀਆਂ ਦੇ ਮੱਥੇ ਲਾਉਣ ਦੀ ਟਿੱਕੀ

कचपेंदिया-ਕਚਪੇਂਦਿਯਾ, ਵਿ., ਕੱਚੀ ਪਿਉਂਦ ਦਾ, ਊਤ ਪਟਾਂਗ ਬਕਣ ਵਾਲਾ, ਕੱਚਾ

कचरकूट-ਕਚਰਕੂਦ; ਇ., ਮਾਰਕੁੱਟ, ਜਤ ਪਤਾਣ, ਢਿੱਡ ਭਰ ਕੇ ਖਾਣ ਦਾ ਭਾਵ

कचरधान-ਕਚਰਘਾਨ, ਪੁ., ਗੁੱਥਮਗੁੱਥਾ, ਮਾਰ ਕੁੱਟ

कचरना-ਕਚਰਨਾ, ਕ੍ਰਿ., ਪੈਰਾਂ ਨਾਲ ਮਿੱਧਣਾ, ਖੂਬ ਢਿੱਡ ਭਰ ਕੇ ਖਾਣਾ, ਲਤਾੜਨਾ

कचरपचर-ਕਚਰਪਚਰ, ਪੁ., ਕਿਚ ਕਿਚ

कचरा-ਕਚਰਾ, ਪੁ., ਕੱਚਾ ਖਰਬੂਜ਼ਾ, ਕੂੜਾ ਕਰਕਟ, ਕਕੜੀ, ਤਰ, ਕੱਚੀ ਫੁੱਟ, ਮਾਂਹ ਜਾਂ ਛੋਲਿਆਂ ਦੀ ਪੀਠੀ, ਛਿਲਕੇ ਵਾਲੀ ਦਾਲ, ਸਮੁੰਦਰੀ ਜਾਲਾ

कचराई-ਕਚਰਾਈ, ਇ., ਲਤਾੜਾਈ, ਮਿਧਾਈ

कचरी-ਕਚਰੀ, ਇ., ਕੱਕੜੀ ਦੀ ਜਾਤ ਦੀ ਇਕ ਵੇਲ, ਛਿਲਕੇ ਵਾਲੀ ਦਾਲ, ਵੜੇਵਾਂ

कचलम्पट-ਕਚਲੰਪਟ, ਵਿ., ਵੈਲੀ, ਰੰਡੀਬਾਜ਼, ਟੌਂਡਾ

कचला-ਕਚਲਾ, ਇ., ਕਾਲੀ ਚੀਉਂਕਣੀ ਮਿੱਟੀ

कचलौदा-ਕਚਲੌਂਦਾ, ਪੁ., ਕੱਚੇ ਆਟੇ ਦਾ ਬਣਿਆ ਹੋਇਆ ਪੇੜਾ, ਲੋਈਆ

कचवांसी-ਕਚਵਾਂਸੀ, ਇ., ਇਕ ਵਿਸਵੇ ਦਾ ੨੦ਵਾਂ ਹਿੱਸਾ

कचहरी-ਕਚਹਰੀ, ਇ., ਇਨਸਾਫ ਘਰ, ਅਦਾਲਤ, ਦਫਤਰ, ਰਾਜਸਭਾ, ਦਰਬਾਰ, ਭੀੜ

कचाई-ਕਚਾਈ, ਇ., ਕੱਚਾਪਣ, ਨਾਤਜਰਬੇਕਾਰੀ, ਅਞਾਣਤਾ

कचाकची-ਕਚਾਕਚੀ, ਇ., ਝਗੜਾ

कचाना-ਕਚਾਨਾ, ਕ੍ਰਿ., ਕੱਚੇ ਪੈਣਾ, ਹਿੰਮਤ ਹਾਰਨਾ

कचालू-ਕਚਾਲੂ, ਪੁ., ਅਰਬੀ, ਇੱਕ ਤਰ੍ਹਾਂ ਦੀ ਚਾਟ, ਇੱਕ ਸਬਜ਼ੀ

कचास-ਕਚਾਸ, ਇ., ਦੇਖੋ ਕਚਾਈ (कचाई)

कचावट-ਕਚਾਵਟ, ਇ.. ਅੰਬ ਦੀ ਖਟਾਈ

कचियाना-ਕਚਿਯਾਨਾ, ਕ੍ਰਿ., ਹਿੰਮਤ ਹਾਰਨਾ, ਡਰਨਾ, ਸ਼ਰਮ ਖਾਣਾ, ਕੱਚਾ ਹਣਾ

कचीची-ਕਚੀਚੀ, ਇ., ਕ੍ਰਿਤਿਕਾ ਨਛੱਤਰ, ਜਾੜ੍ਹ, ਜਬਾੜਾ, ਗੁੱਸੇ ਨਾਲ ਦੰਦ ਪੀਹਣ ਦੀ ਅਵਸਥਾ

कंचूमर-ਕਚੂਮਰ, ਪੁ., ਉਹ ਅਚਾਰ ਜੋ ਬਰੀਕ ਕਰ ਕੇ ਬਣਾਇਆ ਹੋਵੇ, ਨਾਸ, ਤਬਾਹੀ, ਬਰਬਾਦੀ

कचोना-ਕਚੋਨਾ, ਕ੍ਰਿ., ਘੁੱਮਣਾ, ਗੱਡਣਾ

कचोरा-ਕਚੋਰਾ, ਇ., ਇੱਕ ਤਰ੍ਹਾਂ ਦਾ ਧਾਨ, ਪੁ., ਕਟੋਰਾ, ਪਿਆਲਾ

कचोरी-ਕਚੋਰੀ, ਇ., ਕਟੋਰੀ, ਪਿਆਲੀ

कचौरी, कचौड़ी-ਕਚੌਰੀ, ਕਚੌੜੀ, ਇ.. ਮਸਾਲੇ ਵਾਲੀ ਮਾਂਹ ਦੀ ਪੀਠੀ ਪਾ ਕੇ ਤਲੀ ਹੋਈ ਪੂੜੀ

कच्चर-ਕੱਚਰ, ਵਿ., ਮੈਲਾ ਕੁਚੈਲਾ, ਦੁਸ਼ਟ, ਬਦਮਾਸ਼, ਮਲੀਨ

कच्चा-ਕੱਚਾ, ਵਿ., ਬਿਨਾ ਪੱਕਿਆ, ਅਪੱਕ, ਹਰਾ, ਕਮਜ਼ੋਰ, ਬਿਨਾ ਨਿਯਮ ਤੋਂ, ਨੀਰਸ, ਪੁ., ਧਾਗਾ, ਤੋਪਾ ਤੜੱਪਾ,ਢਾਂਚਾ ਜਬਾੜੇ ਦਾ ਜੋੜ, ਜਾੜ੍ਹ, ਤਾਂਬੇ ਦਾ ਛੋਟਾ ਸਿੱਕਾ, ਰਜਿਸਟ੍ਰੀ ਨਾ ਕੀਤਾ ਹੋਇਆ (ਕਾਗਜ਼ ਜਾਂ ਲਿਖਤ)

कच्चा चिट्ठा-ਕੱਚਾ ਚਿੱਠਾ, ਪੁ., ਪੂਰਾ ਤੇ ਠੀਕ ਹਾਲ, ਸੱਚੀ ਗੱਲ, ਭੇਦ

कच्ची-ਕੱਚੀ, ਵਿ., ਅਣਰਿੱਝੀ, ਅਪੱਕ

कच्ची घड़ी-ਕੱਚੀ ਘੜੀ, ਇ., ਚੌਬੀਸ ਮਿੰਟ ਦਾ ਸਮਾ

कच्ची जाकड़, कच्ची बही–ਕੱਚੀ ਜਾਕੜ, ਕੱਚੀ ਬਹੀ, ਇ., ਠੀਕ ਚੰਗੀ ਤਰ੍ਹਾਂ ਨਾ ਬਿਕੇ ਹੋਏ ਮਾਲ ਦੇ ਲੈਣ ਦੇਣ ਦੀ ਬਹੀ

कच्चीरसोई–ਕੱਚੀ ਰਸੋਈ. ਇ., ਕੇਵਲ ਪਾਣੀ ਵਿਚ ਪੱਕਿਆ ਭੋਜਨ ਜਿਵੇਂ, ਦਾਲ, ਚੌਲ, ਰੋਟੀ

कच्ची रोकड़–ਕੱਚੀ ਰੋਕੜ. ਇ., ਹਰ ਰੋਜ਼ ਦੀ ਆਮਦਨ ਅਤੇ ਖਰਚ ਲਿਖਣ ਦੀ ਬਹੀ

कच्चू-ਕੱਚੂ, ਇ., ਅਰਬੀ, ਗਾਗਟੀ, ਕਚਾਲੂ

कच्चे बच्चे–ਕੱਚੇ ਬੱਚੇ, ਪੁ., ਛੋਟੇ ਬੱਚੇ, ਬਹੁਤ ਬੱਚੇ, ਨਿਆਣੇ ਨਿੱਕੇ, ਮੁੰਡੇ ਕੁੜੀਆਂ, ਬਾਲ ਬੱਚੜ

कच्छ–ਕੱਛ, ਪੁ., ਪਾਣੀ ਦੇ ਲਾਗੇ ਦੀ ਭੋਂ. ਨਦੀ ਜਾਂ ਤਲਾਉ ਦੇ ਅੱਗੇ ਦਾ ਮੈਦਾਨ, ਪਾਣੀ ਨਾਲ ਭਰਿਆ ਹੋਇਆ ਥਾਂ, ਇਕ ਪੁਰਾਣੇ ਸ਼ਹਿਰ ਦਾ ਨਾਉਂ, ਕੱਛੂ, ਧੋਤੀ ਦੀ ਲਾਂਗੜ

कच्छप–ਕੱਛਪ, ਪੁ., ਕੱਛੂ,ਵਿਸ਼ਨੂੰ ਮਹਾਰਾਜ ਦਾ ਇਕ ਅਵਤਾਰ, ਕੁਬੇਰ ਦਾ ਇੱਕ ਖਜ਼ਾਨਾ, ਕੁਸ਼ਤੀ ਦਾ ਇੱਕ ਦਾਉ, ਸ਼ਰਾਬ ਖਿੱਚਣ ਦਾ ਇਕ ਭਬਕਾ, ਵਿਸ਼ਵਾਮਿੱਤਰ ਦਾ ਇਕ ਪੁੱਤਰ, ਦੋਹੇ ਦਾ ਇਕ ਭੇਦ

कच्छपिका–ਕੱਛਪਿਕਾ, ਇ., ਛੋਟੀ ਛੋਟੀ ਫਿਨਸੀਆਂ ਦੀ ਇਕ ਬੀਮਾਰੀ

कच्छपी–ਕੱਛਪੀ, ਇ., ਕੱਛੂ ਦੀ ਮਦੀਨ. ਸਰਸੁਤੀ ਦੀ ਵੀਣਾ

कच्छा–ਕੱਛਾ, ਇ.. ਬੇੜੀ, ਕਿਸ਼ਤੀ ਜਿਸ ਦੇ ਸਿਰੇ ਚਿਪਟੇ ਤੇ ਚੌੜੇ ਹੁੰਦੇ ਹਨ, ਕਈ ਕਿਸ਼ਤੀਆਂ ਨੂੰ ਮਿਲ ਕੇ ਬਣਾਇਆ ਹੋਇਆ ਬੇੜਾ

कच्छू–ਕੱਛੂ, ਪੁ., ਪਾਣੀ ਦਾ ਜਾਨਵਰ

कछना–ਕਛਨਾ, ਪੁ., ਗੋਡਿਆਂ ਤਕ ਚੜ੍ਹਾ ਕੇ ਪਹਿਨੀ ਹੋਈ ਧੋਤੀ

कछनी–ਕਛਨੀ, ਇ., ਛੋਟੀ ਧੋਤੀ, ਕੱਛ, ਕਛਹਿਰਾ

कछरा–ਕਛਰਾ, ਪੁ.. ਛੋਟੇ ਮੂੰਹ ਦਾ ਘੜਾ

कछरी–ਕਛਰੀ, ਇ . ਗਾਗਰ

कछवारा–ਕਛਵਾਰਾ, ਪੁ , ਸਾਗ ਭਾਜੀ ਬੀਜਣ ਦਾ ਖੇਤ, ਬਾੜਾ

कछवाहा–ਕਛਵਾਹਾ ਪੁ., ਰਾਜਪੂਤਾਂ ਦੀ ਇਕ ਜਾਤ

कछियाना–ਕਛਿਯਾਨਾ, ਪੁ., ਕਿਸਾਨਾਂ ਦੀ ਬਸਤੀ, ਕਾਮਿਆਂ ਦੇ ਘਰ

कछोटा, कछौटा–ਕਛੋਟਾ, ਕਛੌਟਾ, ਪੁ., ਕਛਨੀ, ਲਾਂਗੜ, ਕੱਛ, ਕਛਹਿਰਾ

कज–ਕਜ, ਇ., ਟੇਢਾਪਣ, ਦੋਸ਼, ਐਬ

कजक–ਕਜਕ, ਪੁ., ਹਾਥੀ ਦੇ ਚਲਾਉਣ ਦਾ ਅੰਕੁਸ਼, ਕੁੰਡਾ

कजकोल–ਕਜਕੋਲ, ਪੁ., ਖੈਰ ਮੰਗਣ ਦਾ ਖੱਪਰ

कजनी–ਕਜਨੀ, ਇ., ਭਾਂਡੇ ਖੁਰਚਣ ਦਾ ਇਕ ਸੰਦ, ਖੁਰਚਣੀ

कजरा–ਕਜਰਾ, ਪੁ., ਕੱਜਲ, ਕਾਲੀ ਅੱਖ ਦਾ ਬਲੁਦ, ਵਿ., ਜਿਸ ਦੀ ਅੱਖਾਂ ਵਿਚ ਕੱਜਲ (ਸੁਰਮਾ) ਦਿਸੇ

कजराई–ਕਜਰਾਈ, ਇ., ਕਾਲਾਪਣ, ਕਾਲਸ

कजरारा–ਕਜਰਾਰਾ, ਵਿ.. ਸੁਰਮੇ ਵਾਲਾ, ਕਾਲੇ ਰੰਗ ਦਾ, ਕਾਲਾ

क़जरी–ਕਜਰੀ, ਪੁ., ਕਾਲੇ ਰੰਗ ਦਾ ਇਕ ਧਾਨ

कजरौटा–ਕਜਰੌਟਾ, ਪੁ., ਕੱਜਲ ਰੱਖਣ ਦੀ ਡੱਬੀ ਜਿਸ ਨਾਲ ਡੰਡੀ ਹੁੰਦੀ ਹੈ

क़जल–ਕਜਲ, ਪੁ., ਕੱਜਲ, ਵਿ., ਕਾਲੀ ਅੱਖ ਵਾਲਾ

क़जली–ਕਜਲੀ, ਇ., ਕਾਲਖਪਣ, ਪਾਰਾ ਤੇ ਗੰਧਕ ਪੀਹ ਕੇ ਬਣਾਇਆ ਧੂੜਾ, ਕਾਲੀ ਅੱਖ ਵਾਲੀ ਗਊ, ਭਾਦੋਂ ਵਦੀ ਤੀਜ ਦਾ ਤਿਉਹਾਰ, ਇਕ ਤਰ੍ਹਾਂ ਦਾ ਗੰਨਾ, ਬਰਸਾਤ ਵਿਚ ਗਾਉਣ ਦਾ ਇਕ ਗੀਤ, ਇਕ ਸੰਘਣਾ ਬਣ

क़ज़ा–ਕਜ਼ਾ. ਇ., ਮੌਤ

क़ज़ावा–ਕਜ਼ਾਵਾ, ਪੁ., ਪਲਾਣਾ, ਉਠ ਦੀ ਪਿੱਠ ਤੇ ਰੱਖਣ ਵਾਲੀ ਕਾਠੀ

क़ज़िया–ਕਜ਼ਿਯਾ, ਪੁ., ਝਗੜਾ, ਬਖਾਧ, ਤਕਰਾਰ, ਟੰਟਾ

कज्जल–ਕੱਜਲ, ਪੁ., ਅੰਜਨ, ਸੁਰਮਾ, ਕਾਲਖ, ਬੱਦਲ, ਚੌਦਾਂ ਮਾਤਰਾ ਦਾ ਇਕ ਛੰਦ

क़ज़्ज़ाक–ਕੱਜ਼ਾਕ, ਵਿ., ਡਾਕੂ, ਲੁਟੇਰਾ, ਧੋਖੇਬਾਜ਼

क़ज़्ज़ाक़ी–ਕੱਜ਼ਾਕੀ, ਇ., ਲੁਟੇਰਾਪਣ, ਧੋਖੇਬਾਜ਼ੀ,ਡਾਕਾਜ਼ਨੀ

कञ्चन–ਕੰਚਨ, ਪੁ., ਕਕਨਾਰ ਦਾ ਰੁੱਖ

कञ्चुक–ਕੰਚੁਕ, ਪੁ., ਸੱਪ ਦੀ ਕੰਜ, ਅੰਗੀ, ਕਵਚ, ਇਕ ਤਰ੍ਹਾਂ ਦੀ ਦਵਾ, ਕਮੀਜ਼

कञ्चुकित–ਕੰਚੁਕਿਤ, ਵਿ., ਜਿਸ ਨੇ ਸੰਜੋਇ ਧਾਰਣ ਕੀਤਾ ਹੋਵੇ

कञ्चुकी–ਕੰਚੁਕੀ, ਪੁ., ਰਾਜੇ ਦੇ ਰਣਵਾਸ ਦਾ ਪਹਿਰੇਦਾਰ, ਜੌਂ ਜਾਂ ਛੋਲਿਆਂ ਦਾ ਬੂਟਾ, ਸੱਪ, ਇ., ਚੋਲੀ, ਅੰਗੀ

कञ्ज–ਕੰਜ, ਪੁ., ਕੇਸ, ਵਾਲ, ਬ੍ਰਹਮਾ, ਕੰਵਲ, ਅੰਮ੍ਰਿਤ

कञ्जन–ਕੰਜਨ, ਪੁ., ਕਾਮਦੇਵ, ਮੈਨਾ

कञ्जमूल–ਕੰਜਮੂਲ, ਪੁ., ਕੰਵਲ ਦੀ ਜੜ

कञ्जर–ਕੰਜਰ. ਪੁ., ਸੂਰਜ, ਬ੍ਰਹਮਾ, ਢਿੱਡ, ਹਾਥੀ, ਮੋਰ. ਦਾਈ, ਬਰਸਾਤੀ ਧਾਨ

कट–ਕਟ, ਪੁ., ਹਾਥੀ ਦੀ ਪੁੜਪੁੜੀ, ਕਮਰ, ਘਾਹ ਦਾ ਪੜਦਾ, ਮੁਰਦਾ, ਚਟਾਈ, ਘਾਹ ਫੂਸ, ਟੱਟੀ, ਬਹੁਤਾਤ, ਇਕ ਤਰ੍ਹਾਂ ਦਾ ਘਾਹ, ਅਰਥੀ, ਸ਼ਮਸ਼ਾਨ, ਘੁੜਦੌੜ ਦਾ ਮੈਦਾਨ, ਚਟਾਈ. ਵਿ., ਕਾਲਾ, ਰੰਗਕਾਟ

कटक–ਕਟਕ, ਪੁ., ਪਹਾੜ ਦੇ ਵਿਚਕਾਰ ਦੀ ਥਾਂ, ਚੱਕਰ, ਚੂੜੀ, ਫੌਜ, ਹਾਥੀ ਦੇ ਦੰਦਾਂ ਦਾ ਗਹਿਣਾ, ਸੇਂਧਾ ਲੂਣ, ਰਾਜਧਾਨੀ, ਕੈਂਪ, ਡੇਰਾ, ਹੱਸੀ, ਪਹਾੜ ਦੀ ਪੱਧਰ ਧਰਤੀ, ਝੁੰਡ, ਕੰਗਣ, ਕੜਾ, ਘਾਹ ਫੂਸ ਦੀ ਬਣੀ ਹੋਈ ਚਟਾਈ, ਉੜੀਸਾ ਪ੍ਰਾਂਤ ਦੇ ਇਕ ਜ਼ਿਲੇ ਦਾ ਨਾਉਂ

कटकई–ਕਟਕਈ, ਇ.; ਫੌਜ

कटकटिका–ਕਟਕਟਿਕਾ, ਇ., ਬੁਲਬੁਲ ਪੰਛੀ

कटकार–ਕਟਕਾਰ, ਵਿ., ਚਟਾਈ ਆਦਿ ਬਣਾਉਨ ਵਾਲਾ ਭੰਜੜਾ, ਸਫਾਂ ਬੁਣਨ ਵਾਲਾ

कटकी–ਕਟਕੀ, ਪੁ., ਹਾਥੀ, ਫੌਜ,ਵਿ., ਕਟਕ ਦੇ ਰਹਿਣ ਵਾਲਾ, ਛਾਉਣੀ ਦਾ ਵਸਨੀਕ

कटकुटी–ਕਟਕੁਟੀ, ਇ , ਪੱਤਿਆਂ ਦੀ ਕੁਟੀ. ਝੌਂਪੜੀ, ਝੁੱਗੀ

कटखना–ਕਟਖਨਾ, ਵਿ., ਦੰਦ ਕਟਾ, ਦੰਦ ਕੱਟਣ ਵਾਲਾ ਪੁ., ਕਾਂਟ ਛਾਂਟ, ਚਾਲਾਕੀ, ਹੱਥ ਦੀ ਸਫਾਈ

कटजीरा–ਕਟਜੀਰਾ, ਪੁ., ਕਾਲਾ ਜੀਰਾ

कटड़ा–ਕਟੜਾ, ਪੁ., ਮੱਝ ਦਾ ਨਰ ਬੱਚਾ. ਕੱਟਾ, ਝੋਟਾ

कटती–ਕਟਤੀ, ਇ., ਵਿਕਰੀ

कटना–ਕਟਨਾ, ਕ੍ਰਿ., ਕਿਸੇ ਧਾਰ ਵਾਲੇ ਤਿੱਖੇ ਹਥਿਆਰ ਨਾਲ ਦੋ ਟੁੱਕ ਹੋ ਜਾਣਾ. ਪੀਹਿਆ ਜਾਣਾ, ਬਰੀਕ ਹੋਣਾ, ਫੱਟੜ ਹੋਣਾ, ਡਾਹ ਕਰਨਾ. ਮੋਹਤ ਹੋਣਾ. ਖਪਣਾ, ਮਿਟਣਾ, ਨਾਸ ਹੋਣਾ, ਮਿਟ ਜਾਣਾ, ਪੂਰਾ ਪੂਰਾ ਵੰਡਿਆ ਜਾਣਾ ਜਿਸ ਵਿਚ ਬਾਕੀ ਨਾ ਬਚੇ. ਟੋਟੇ ਹੋਣਾ

कटनास–ਕਟਨਾਸ, ਪੁ., ਨੀਲ ਕੰਠ, ਗਰੜ ਢੰਘ

कटनि–ਕਟਨਿ, ਇ., ਕਾਂਟ ਛਾਂਟ, ਤਲਾਸ਼

कटनी–ਕਟਨੀ, ਇ., ਕੈਂਚੀ, ਕੱਟਣ ਦਾ ਸੰਦ, ਕਟਾਈ, ਟੇਢੀ ਦੌੜ

कटपीस–ਕਟਪੀਸ, ਪੁ., ਕਪੜੇ ਦਾ ਥਾਣ ਵਿਚੋਂ ਕਟਿਆ ਹੋਇਆ ਕਪੜਾ

कटर–ਕਟਰ, ਇ., ਇਕ ਤਰ੍ਹਾਂ ਦਾ ਘਾਹ, ਪੁ., ਛੋਟੀ ਕਿਸ਼ਤੀ, ਕੱਟਣ ਦਾ ਸੰਦ, ਸਰੋਤਾ

कटरा–ਕਟਰਾ, ਪੁ., ਛੋਟਾ ਬਾਜ਼ਾਰ, ਮੱਝਾਂ ਦਾ ਬਾੜਾ

कटरिया–ਕਟਰਿਯਾ, ਪੁ., ਇਕ ਤਰ੍ਹਾਂ ਦਾ ਧਾਨ

कटरी–ਕਟਰੀ, ਇ., ਨਦੀ ਦੇ ਕੰਢੇ ਦੀ ਹੇਠਲੀ ਧਰਤੀ

कटरेती–ਕਟਰੇਤੀ, ਇ., ਲਕੜੀ ਰੇਤਣ ਦਾ ਇਕ ਸੰਦ, ਰੇੱਤੀ

कटल्लू–ਕਟੱਲੂ, ਪੁ., ਬੁੱਚੜ, ਕਸਾਈ

कटवां–ਕਟਵਾਂ, ਵਿ., ਕਟਿਆ ਹੋਇਆ, ਕਟਣ ਨਾਲ ਬਣਿਆ ਹੋਇਆ

कटहर–ਕਟਹਰ, ਪੁ., ਦੇਖੋ ਕਟਹਲ, (कटहल)

कटहरा–ਕਟਹਰਾ, ਪੁ., ਕਾਠ ਦਾ ਜੰਗਲ਼ੇਦਾਰ ਘਰ

कटहल–ਕਟਹਲ, ਪੁ., ਇਕ ਰੁੱਖ ਜਿਸ ਵਿਚ ਹੱਥ-ਭਰ ਲੰਮੇ ਛਿਲਕੇ ਉੱਤੇ ਕੰਡੇਦਾਰ ਮੋਟੇ ਫਲ ਲਗਦੇ ਹਨ

कटहा–ਕਟਹਾ, ਵਿ., ਦੰਦ ਕੱਟਣ ਵਾਲਾ

कटा–ਕਟਾ, ਇ., ਮਾਰਕਾਟ, ਹੱਤਿਆ, ਵਿ.. ਕੱਟਿਆ ਹੋਇਆ, ਟੁਟਿਆ ਫੁੱਟਿਆ

कटाई–ਕਟਾਈ, ਇ., ਵਾਲ ਕੱਟਣ ਦਾ ਕੰਮ, ਅੰਨ ਦੀ ਫਸਲ ਦੀ ਕਟਾਈ, ਕੱਟਣ ਦੀ ਮਜ਼ਦੂਰੀ

कटाऊ–ਕਟਾਊ, ਵਿ., ਕਾਟ ਛਾਂਟ ਕੀਤਾ ਹੋਇਆ, ਕਾਂਟਿਆ ਛਾਂਟਿਆ

कटाकट–ਕਟਾਕਟ, ਪੁ., ਕੱਟ ਵੱਢ, ਕਟਕਟ ਦਾ ਸ਼ਬਦ, ਲੜਾਈ, ਝਗੜਾ, ਕਟਾਵੱਢੀ

कटाकटी–ਕਟਾਕਟੀ, ਇ., ਮਾਰਕੁੱਟ, ਕੱਟ ਵੱਢ

कटाक्ष–ਕਟਾਕਸ਼, ਪੁ., ਟੇਢੀ ਨਜ਼ਰ, ਨਜ਼ਾਰਾ, ਅੱਖ ਮਟੱਕਾ, ਨਖਰਾ

कटाग्नि–ਕਟਾਗ੍ਨਿ, ਪੁ., ਘਾਹ ਫੂਸ ਨਾਲ ਮਚਾਈ ਹੋਈ ਅੱਗ

कटाछनी–ਕਟਾਛਨੀ, ਇ., ਖੂਨ, ਕਤਲ, ਮਾਰਕੁੱਟ, ਜੁੱਧ, ਤਰਕ

कटान–ਕਟਾਨ, ਇ., ਕੱਟਣ ਦਾ ਕੰਮ. ਕਟਾਈ

कटार–ਕਟਾਰ, ਇ., ਦੋਹਾਂ ਪਾਸਿਉਂ ਤਿੱਖਾ ਹਥਿਆਰ, ਦੁਧਾਰੀ ਤਲਵਾਰ

कटारा–ਕਟਾਰਾ, ਪੁ., ਵੱਡੀ ਕਟਾਰ, ਇਮਲੀ ਦਾ ਫਲ

कटारिया–ਕਟਾਰਿਯਾ, ਪੁ., ਇਕ ਤਰ੍ਹਾਂ ਦਾ ਰੇਸ਼ਮੀ ਕਾਪੜਾ

कटारी–ਕਟਾਰੀ, ਇਕ ਤਰ੍ਹਾਂ ਦਾ ਹਥਿਆਰ. ਤਲਵਾਰ, ਛੁਰੀ

कटाव–ਕਟਾਵ, ਪੁ., ਕਾਟ ਛਾਂਟ, ਕਤਰ ਬਿਅੰਤ, ਬਣਾਉਟੀ ਬੇਲ ਬੂਟੇ ਜੋ ਕੱਪੜੇ ਤੇ ਕਸੀਦੇ ਨਾਲ ਬਣਾਏ ਜਾਂਦੇ ਹਨ

कटावदार–ਕਟਾਵਦਾਰ, ਵਿ., ਜਿਸ ਪੱਥਰ ਜਾਂ ਲੱਕੜੀ ਉੱਤੇ ਖਰਾਦ ਕੇ ਜਾਂ ਕੱਟ ਕੇ ਵੇਲ ਬੂਟੇ ਬਣਾਏ ਗਏ ਹੋਣ

कटास–ਕਟਾਸ, ਪੁ., ਤਲਵਾਰ, ਇਕ ਤਰ੍ਹਾਂ ਦੀ ਜੰਗਲੀ ਬਿੱਲੀ, ਬਣ ਬਿੱਲਾ

कटासी–ਕਟਾਸੀ, ਇ., ਮੁਰਦਾ ਦੱਬਣ ਦੀ ਥਾਂ, ਕਬਰਸਥਾਨ

कटाह–ਕਟਾਹ, ਪੁ., ਕੱਛੂ ਦੀ ਖੋਪਰੀ, ਤੇਲ ਜਾ ਘਿਉ ਰੱਖਣ ਦਾ ਭਾਂਡਾ, ਕੜਾਹ, ਇਕ ਨਰਕ, ਮੱਝ ਦੇ ਸਿੰਗ, ਪੈਦਾ ਹੁੰਦਾ ਹੋਇਆ ਬੱਚਾ, ਸੂਰਜ. ਖੂਹ, ਉੱਚਾ ਟਿੱਬਾ

कटि–ਕਟਿ, ਇ., ਸਰੀਰ ਦਾ ਵਿਚਕਾਰਲਾ ਹਿੱਸਾ, ਕਮਰ, ਲੱਕ, ਹਾਥੀ ਦੀ ਪੁੜਪੁੜੀ, ਮੰਦਰ ਦਾ ਦਰਵਾਜ਼ਾ

कटिका–ਕਟਿਕਾ, ਇ., ਪਤਲੇ ਲੱਕ ਵਾਲੀ ਤੀਵੀਂ

कटिकूप–ਕਟਿਕੂਪ, ਪੁ., ਚਿੱਤੜਾਂ ਦਾ ਟੋਆ

कटितट–ਕਟਿਤਟ, ਪੁ., ਕਮਰ, ਲੱਕ, ਚਿੱਤੜ

कटित्र–ਕਟਿੱਤ੍ਰ, ਪੁ., ਕਮਰਬੰਧ, ਪੇਟੀ, ਤੜਾਗੀ

फटिबद्ध–ਕਟਿਬੱਧ, ਵਿ., ਤਿਆਰ, ਤਿਆਰ-ਬਰਤਿਆਰ, ਜਿਸ ਦਾ ਲੱਕ ਬੰਨ੍ਹਿਆ ਹੋਵੇ

कटिबन्ध–ਕਟਿਬੰਧ, ਪੁ., ਕਮਰਬੰਧ, ਜ਼ਮੀਨ ਦਾ ਤੱਤਾ ਠੰਢਾ ਭਾਗ

कटिया–ਕਟਿਯਾ, ਇ., ਨਗੀਨੇ ਬਣਾਉਣ ਵਾਲਾ ਔਜ਼ਾਰ, ਪਸੂਆਂ ਦਾ ਇਕ ਚਾਰਾ, ਮੱਥੇ ਦਾ ਇਕ ਗਹਿਣਾ, ਮੱਛੀ ਫਸਾਉਣ ਦੀ ਕੁੰਡੀ

कटियाना–ਕਟਿਯਾਨਾ, ਕ੍ਰਿ., ਰੌਂਗਟੇ ਖੜੇ ਹੋਣਾ, ਲੂੰ ਕੰਡੇ ਹੋਣਾ

कटिशूल–ਕਟਿਸ਼ੂਲ, ਪੁ., ਲੱਕ ਦਰਦ, ਲੱਕ ਪੀੜ, ਕਮਰ ਦਰਦ

कटिसूत्र–ਕਟਿਸੂਤ੍ਰ, ਪੁ., ਲਕ ਦਾ ਗਹਿਣਾ, ਪੇਟੀ

कटीरा–ਕਟੀਰਾ, ਪੁ., ਦੇਖੋ ਕਤੀਰਾ (कतीरा)

कटील–ਕਟੀਲ, ਇ., ਇਕ ਤਰ੍ਹਾਂ ਦੀ ਕਪਾਹ

कटीला–ਕਟੀਲਾ, ਵਿ , ਕੱਟਣ, ਵਾਲਾ, ਤਿੱਖਾ, ਪੈਨਾ, ਨੋਕਦਾਰ, ਮੋਹਤ ਕਰਨ ਵਾਲਾ, ਕੰਡੇਦਾਰ, ਪੁ., ਇਕ ਨੋਕਦਾਰ ਲੱਕੜ ਜੋ ਗਾਂ ਜਾਂ ਮੱਝ ਦੇ ਬੱਚਿਆਂ ਦੇ ਮੂੰਹ ਤੇ ਦੁੱਧ ਪੀਣ ਤੋਂ ਬੰਨ੍ਹੀ

ਦਿੰਦੇ ਹਨ

कटु–ਕਟੁ, ਵਿ., ਕੌੜਾ, ਕਸੈਲਾ, ਦੁਪਿਆਰਾ,ਤੇਜ਼,ਗਰਮ, ਨਿੰਦਤ, ਖਰਾਬ, ਬੇਰਸ

कटुक–ਕਟੁਕ, ਵਿ., ਜੋ ਸਹਿਆ ਨਾ ਜਾ ਸਕੇ

कटुकन्द–ਕਟੁਕੰਦ, ਪੁ., ਲਸਣ, ਥੋਮ

कटुग्रन्थि–ਕਟੁਗ੍ਰੰਥਿ, ਪੁ., ਸੁੰਢ, ਲਸਣ

कटुता–ਕਟੁਤਾ, ਇ., ਤੇਜ਼ੀ, ਕੌੜਾਪਣ, ਕੁੜੱਤਣ

कटुतुम्बी–ਕਟੁਤੁੰਬੀ, ਇ., ਕੌੜੀ, ਤੂੰਬੀ

कटुफल–ਕਟੁਫਲ, ਪੁ., ਕੌੜੀ, ਕਕੜੀ, ਕਰੇਲਾ, ਕੌੜਾ ਫਲ

कटूभाषी–ਕਟੁਭਾਸ਼ੀ, ਵਿ., ਕੌੜਾ ਬੋਲਣ ਵਾਲਾ

कटुरा–ਕਟੁਰਾ, ਇ., ਕੱਚੀ ਹਲਦੀ

कटुवा–ਕਟੁਵਾ, ਪੁ., ਵਪਾਰੀ ਕੋਲ ਰੋਜ਼ ਆਉਣ ਵਾਲੀ ਚੀਜ਼, ਜਿਸ ਦਾ ਮੁੱਲ ਮਗਰੋਂ ਇਕੱਠਾ ਹੁੰਦਾ ਹੈ

कटूक्ति–ਕਟੂਕ੍ਤਿ. ਇ., ਬੁਰੀ ਲੱਗਣ ਵਾਲੀ ਗੱਲ, ਕੌੜੀ ਗੱਲ, ਖੋਟਾ ਵਾਕ

कटूमर–ਕਟੂਮਰ, ਪੁ., ਜੰਗਲੀ ਗੁੱਲਰ

कटेली–ਕਟੇਲੀ, ਇ., ਇਕ ਤਰ੍ਹਾਂ ਦੀ ਕਪਾਹ

कटैया–ਕਟੈਯਾ, ਵਿ., ਕੱਟਣ ਵਾਲਾ, ਕਾਟੂ

कटोरदान–ਕਟੋਰਦਾਨ, ਪੁ., ਉਹ ਭਾਂਡਾ ਜਿਸ ਵਿਚ ਖਾਣ ਚੀਜ਼ਾਂ ਰੱਖੀਆਂ ਜਾਂਦੀਆਂ ਹਨ, ਡੱਬਾ

कटोरा–ਕਟੋਰਾ, ਪੁ., ਚੌੜੀ ਪੇਂਦੀ ਦਾ ਖੁੱਲ੍ਹੇ ਮੂੰਹ ਵਾਲਾ ਭਾਂਡਾ, ਕੌਲ, ਕੌਲਾ

कटोरिया–ਕਟੋਰਿਯਾ, ਇ., ਛੋਟਾ ਕੌਲ, ਕੌਲੀ

कटोरी–ਕਟੋਰੀ. ਇ., ਕੌਲੀ, ਤਲਵਾਰ ਦੇ ਮੁੱਠੇ ਦਾ ਉੱਵਰਿਆ ਹੋਇਆ ਹਿੱਸਾ, ਫੁੱਲ ਦਾ ਉੱਪਰਲਾ ਗੋਲ ਹਿੱਸਾ, ਕੁੜਤੇ ਦਾ ਉਹ ਹਿੱਸਾ ਜਿਥੇ ਮੰਮੇ ਹੁੰਦੇ ਹਨ

कटौती–ਕਟੌਤੀ, ਇ., ਕੱਟ ਕੇ ਕੱਢੀ ਜਾਣ ਵਾਲੀ ਚੀਜ਼, ਵਪਾਰ ਆਦਿ ਵਿਚੋਂ ਧਰਮ ਅਰਥ ਕੱਢਿਆ ਪਦਾਰਥ, ਕਾਟ

कटौनी–ਕਟੌਨੀ. ਇ., ਖੇਤੀ ਕੱਟਣ ਦਾ ਕੰਮ, ਵਾਢੀ

कटौवा–ਕਟੌਵਾ, ਇ., ਕੱਟਣ ਵਾਲਾ, ਕਾਟੂ

कट्टर–ਕੱਟਰ, ਵਿ., ਕਾਟ ਪਾਉਣ ਵਾਲਾ. ਹਠੀ. ਜ਼ਿੱਦੀ, ਅੰਨ੍ਹਿਆਂ ਦੀ ਤਰ੍ਹਾਂ ਵਿਸ਼ਵਾਸ ਕਰਨ ਵਾਲਾ. ਆਪਣੇ ਭਰੋਸੇ ਨਾ ਰਹਿਣ ਵਾਲਾ. ਦੂਜੇ ਦੀ ਗੱਲ ਨੂੰ ਨਾ ਮੰਨਣ ਵਾਲਾ, ਕੱਟਣ ਦਾ ਕਾਰੀਗਰ

कट्टहा–ਕੱਟਹਾ, ਪੁ.. ਮਹਾਬ੍ਰਾਹਮਣ, ਡਕੌਂਤ

कट्ठा–ਕੱਠਾ, ਪੁ.. ਜ਼ਮੀਨ ਦਾ ਇਕ ਮਾਪ ਜੋ ਪੰਜ ਹੱਥ ਚਾਰ ਉਂਗਲ ਹੁੰਦਾ ਹੈ. ਧਾਤ ਗਾਲਣ ਦੀ ਭੱਠੀ, ਅੰਨ ਅੰਦਾਜ਼ਣ ਦਾ ਭਾਂਡਾ, ਖਰਾਬ ਕਣਕ

कटवार–ਕਟਵਾਰ, ਪੁ., ਕਟਾਰ, ਕਟਾਰੀ. ਤਲਵਾਰ, ਛੁਰੀ

कठंगर–ਕਠੰਗਰ, ਵਿ., ਮੋਟਾ, ਕਰੜਾ

कठ–ਕਠ, ਪੁ., ਇਕ ਰਿਸ਼ੀ ਦਾ ਨਾਉਂ, ਯਜੁਰਵੇਦ ਦਾ ਇਕ ਉਪਨਿਸ਼ਦ, ਇਕ ਵੇਦ ਦਾ ਮੰਤ੍ਰ. ਬ੍ਰਾਹਮਣ ਦੇਵਤਾ, ਇਕ ਤਰ੍ਹਾਂ ਦਾ ਪੁਰਾਣਾ ਵਾਜਾ

कठकीली–ਕਠਕੀਲੀ, ਇ., ਲੱਕੜ ਦੀ ਫਾਕੜ, ਫੱਚੜ, ਪੱਚਰ

कठकेला–ਕਠਕੇਲਾ, ਪੁ , ਜੰਗਲੀ ਕੇਲਾ ਜਿਸ ਦਾ ਫਲ ਰੁੱਖਾ ਅਤੇ ਫਿੱਕਾ ਹੁੰਦਾ ਹੈ

कठकोला–ਕਠਕੋਲਾ, ਪੁ., ਦੱਕੀਰਾਹ ਪੰਛੀ

कठड़ा–ਕਠੜਾ, ਪੁ., ਲਕੜੀ ਦਾ ਵੱਡਾ ਸੰਦੂਕ

कठताल–ਕਠਤਾਲ, ਇ., ਲੱਕੜ ਦੀ ਖੜਤਾਲ

कठपुतली–ਕਠਪੁਤਲੀ, ਇ., ਲਕੜ ਦੀ ਗੁੱਡੀ ਜਿਸ ਨੂੰ ਤਾਰ ਬੰਨ੍ਹ ਕੇ ਨਚਾਉਂਦੇ ਹਨ, ਪੁਤਲੀ

कठफुला–ਕਠਫੁਲਾ, ਪੁ., ਖੁੰਬ, ਛਤਰੀ ਆਦਿ ਜੋ ਸਾਉਣ ਭਾਦੋਂ ਦੀਆਂ ਬਾਰਸ਼ਾਂ ਮਗਰੋਂ ਆਪ ਮੁਹਾਰੀਆਂ ਉਗ ਪੈਂਦੀਆਂ ਹਨ

कठफोड़वा–ਕਠਫੋੜਵਾ, ਪੁ., ਭੂਰੇ ਰੰਗ ਦੀ ਚਿੜੀ ਜਿਸ ਦੀ ਚੁੰਝ ਲੰਮੀ ਹੁੰਦੀ ਹੈ ਇਹ ਰੁੱਖ ਦੀ ਛਿੱਲ ਲਾਹ ਕੇ ਵਿਚੋਂ ਕੀੜੇ ਮਕੌੜੇ ਖਾਂਦੀ ਹੈ

कठबन्धन–ਕਠਬੰਧਨ, ਪੁ., ਲੱਕੜ ਦੀ ਬੇੜੀ, ਹਾਥੀ ਦੇ ਪੈਰ ਬੰਨ੍ਹਣ ਦੀ ਬੇੜੀ

कठमलिया–ਕਠਮਲਿਯਾ, ਪੁ., ਕਾਠ ਦੀ ਮਾਲਾ ਪਹਿਰਣ ਵਾਲਾ ਸਾਧ, ਝੂਠਾ ਫਕੀਰ. ਬਣਾਉਟੀ ਸਾਧ

कठमस्त–ਕਠਮਸ੍ਤ, ਵਿ., ਰਿਸ਼ਟ ਪੁਸ਼ਟ, ਹੱਟਾ ਕੱਟਾ, ਬਦ ਚਲਣ, ਗੁੰਡਾ, ਵੈਲੀ

कठला–ਕਠਲਾ,ਪੁ., ਬੱਚਿਆਂ ਦੇ ਗਲ ਵਿਚ ਨਜ਼ਰ ਤੋਂ ਬਚਾਉਣ ਲਈ ਪਾਉਣ ਦਾ ਗਹਿਣਾ, ਨਜ਼ਰ ਬੱਟੂ

कठारी–ਕਠਾਰੀ, ਇ., ਕਮੰਡਲ, ਲੋਟਾ

कठिन–ਕਠਿਨ, ਵਿ., ਕਰੜਾ, ਕਠੋਰ, ਤੇਜ਼, ਤਿੱਖਾ, ਸਖਤ

कठिन चित्त–ਕਠਿਨ ਚਿੱਤ, ਵਿ., ਨਿਰਦਈ, ਬੇਰਹਮ, ਜ਼ਾਲਮ

कठिनता–ਕਠਿਨਤਾ, ਇ., ਕਰੜਾਪਣ; ਕਠੋਰਤਾ, ਤਿੱਖਾਪਣ, ਸਖਤੀ, ਬੇਰਹਮੀ

कठिनपृष्ठ–ਕਠਿਨਪ੍ਰਿਸ਼ਠ. ਪੁ., ਕੱਛੂ

कठिनहृदय–ਕਠਿਨਹ੍ਰਿਦਯ, ਵਿ., ਸਖਤ ਦਿਲ, ਬੇਰਹਿਮ, ਕਠੋਰ

कठिना–ਕਠਿਨਾ, ਇ., ਸ਼ੱਕਰ, ਚੀਨੀ

कठिनाई–ਕਠਿਆਈ, ਇ., ਕਠੋਰਤਾ, ਕਰੜਾਪਣ, ਕਰੜਾਈ

कठेठ, कठेठा–ਕਠੇਠ, ਕਠੇਠਾ, ਵਿ., ਕਰੜਾ, ਮਜ਼ਬੂਤ, ਸਖਤ

कठेल–ਕਟੇਲ, ਪੁ., ਪੇਂਜੇ ਦੀ ਧੁਣਕੀ ਜਿਸ ਨਾਲ ਰੂਈਂ ਪਿੰਜਦੇ ਹਨ, ਤਾੜਾ

कठैली–ਕਠੈਲੀ, ਇ., ਲੱਕੜ ਦੀ ਪਰਾਂਤ, ਕਾਠੜੀ

कठोर–ਕਠੋਰ, ਵਿ., ਕਠਿਨ, ਸਖਤ, ਕਰੜਾ, ਬੇਤਰਸ, ਤਿੱਖਾ ਖੋਟਾ

कठोरता–ਕਠੋਰਤਾ, ਇ., ਕਰੜਾਪਣ, ਸਖਤਾਈ, ਕਰੜਾਈ

कठौता-ਕਠੌਤਾ, ਪੁ., ਕਠੌਲੀ, ਕਾਠੜਾ

कड़--ਕੜ, ਪੁ., ਕਮਰ, ਲੱਕ, ਫੁੱਲਾਂ ਦਾ ਬੀਜ

कड़क-ਕੜਕ. ਪੁ., ਸਮੰਦਰੀ ਲੂਣ, ਇ., ਕਠੋਰ ਸ਼ਬਦ, ਬਿਜਲੀ, ਘੋੜੇ ਦੀ ਇਕ ਚਾਲ. ਇੰਦਰੀਆਂ ਵਿਚ ਦਾਹ ਹੋਣ ਦਾ ਇਕ ਰੋਗ, ਕਰੜਾਈ, ਸਦਤੀ

कड़कड़-ਕੜਕੜ, ਪੁ., ਦੋ ਚੀਜ਼ਾਂ ਦੇ ਆਪਸ ਵਿਚ ਟਕਰਾਉਣ ਦੀ ਅਵਾਜ਼, ਕਰੜਾ ਸ਼ਬਦ

कड़नड़ाना-ਕੜਕੜਾਨਾ, ਕ੍ਰਿ., ਜ਼ੋਰ ਜ਼ੋਰ ਨਾਲ ਬੋਲਣਾ, ਕੜ ਕੜ ਕਰਨਾ, ਦੰਦ ਵੱਜਣੇ

कड़कना-ਕੜਕਨਾ, ਕ੍ਰਿ., ਤੜਪਣਾ, ਕਰੜਾ ਹੋਣਾ, ਟੁੱਟਣਾ, ਫੁੱਟਣਾ, ਝਿੜਕਣਾ, ਫਟਣਾ, ਜ਼ੋਰ ਜ਼ੋਰ ਨਾਲ ਬੋਲਣਾ

कड़कनाल-ਕੜਕਨਾਲ, ਇ., ਚੌੜੇ ਮੂਹ ਦੀ ਤੋਪ

कड़कवांका-ਕੜਕਬਾਂਕਾ, ਪੁ., ਤਾਕਤਵਰ ਬੰਦਾ, ਜਵਾਨ ਮਨੁੱਖ, ਤਕੜਾ ਆਦਮੀ

कड़कविजली-ਕੜਕਬਿਜਲੀ, ਇ., ਤੀਵੀਆਂ ਦਾ ਇਕ ਕੰਨ ਦਾ ਗਹਿਣਾ, ਚੰਦਬਾਂਕਾ

कड़का-ਕੜਕਾ, ਪੁ, ਖੜਕਾ, ਆਵਾਜ਼, ਸ਼ਬਦ

कड़खा-ਕੜਖਾ, ਜੁੱਧ ਵੇਲੇ ਦਾ ਰਾਗ

कड़खैत-ਕੜਖੈਤ, ਪੁ., ਜੰਗ ਦਾ ਗੀਤ ਗਾਉਣ ਵਾਲਾ, ਭੱਟ

कड़कड़ा-ਕੜਕੜਾ, ਵਿ., ਕੁਝ ਸਫੈਦ ਤੇ ਕੁਝ ਕਾਲੇ ਰੰਗ ਦਾ

कड़छी-ਵੱਡਾ ਚਮਚਾ, ਦਾਲ ਭਾਜੀ ਕਰਨ ਦਾ ਚਮਚਾ

कड़वा-ਕੜਵਾ, ਦੇਖੋ-ਕਟੁ, (कटु)

कड़वी-ਕੜਵੀ, ਇ., ਮੱਕੀ ਤੇ ਜੁਆਰ ਦੇ ਟਾਂਡੇ ਜਿਨ੍ਹਾਂ ਨੂੰ ਕੱਟ ਕੇ ਪਸ਼ੂਆਂ ਨੂੰ ਪਾਉਂਦੇ ਹਨ, ਟਾਂਡੇ, ਕੜਵ, ਵਿ., ਕੌੜੀ

कड़हन-ਕੜਹਨ, ਪੁ., ਜੰਗੀ ਧਾਨ

कड़ा-ਕੜਾ, ਹੱਥ ਜਾਂ ਪੈਰ ਵਿਚ ਪਾਉਣ ਦਾ ਕੰਙਣ, ਚੂੜਾ, ਲੋਹੇ ਦਾ ਕੁੰਡਾ, ਇਕ ਕਿਸਮ ਦਾ ਕਬੂਤਰ, ਵਿ., ਨਾ ਦਬਣ ਵਾਲਾ, ਸਖਤ, ਕਠੋਰ, ਠੋਸ, ਰੁੱਖਾ, ਚੁਸਤ, ਜੋ ਢਿੱਲਾ ਨਾ ਹੋਵੇ, ਬੁਰਾ ਲੱਗਣ ਵਾਲਾ, ਖਰੁਵਾ, ਭੈੜਾ

कड़ाई-ਕੜਾਈ, ਇ., ਸਖਤੀ, ਕਰੜਾਪਣ

कड़ाका-ਕੜਾਕਾ, ਪੁ., ਕਿਸੇ ਸਖਤ ਚੀਜ਼ ਦੇ ਟੁੱਟਣ ਦਾ ਸ਼ਬਦ, ਫਾਕਾ, ਵਰਤ

कड़ावीन-ਕੜਾਬੀਨ,ਇ., ਚੌੜੇ ਮੂੰਹ ਵਾਲੀ ਬੰਦੂਕ, ਛੋਟੀ ਬੰਦੂਕ, ਤਮੰਚਾ

कड़ाहा-ਕੜਾਹਾ, ਪੁ., ਲੋਹੇ ਦੀ ਵੱਡੀ ਕੜਾਹੀ ਜਿਸ ਨੂੰ ਚੱਕਣ ਲਈ ਦੋਹੀਂ ਪਾਸੀਂ ਕੁੰਡੇ ਲੱਗੇ ਹੁੰਦੇ ਹਨ

कड़ियल-ਕੜਿਯਲ, ਪੁ., ਮਿੱਟੀ ਦੇ ਭਾਂਡੇ ਦਾ ਟੁੱਟਿਆ ਹੋਇਆ ਟੁਕੜਾ, ਠੀਕਰਾ

कड़ियाली-ਕੜਿਯਾਲੀ, ਇ., ਘੋੜੇ ਦੀ ਲਗਾਮ, ਕੜਿਆਲਾ

कड़ी-ਕੜੀ, ਇ., ਜੰਜੀਰ ਦੀ ਲੜੀ ਦਾ ਇਕ ਛੱਲਾ, ਛੋਟਾ ਛੱਲਾ, ਅੜਚਨ, ਸੰਕਟ, ਦੁੱਖ, ਘੋੜੇ ਦੀ ਲਗਾਮ, ਪਸ਼ੂ ਦੀ ਛਾਤੀ ਵਾਲੀ ਹੱਡੀ, ਵਿ., ਸਖਤ, ਕਰੜੀ, ਕਠੋਰ

कड़ीदार-ਕੜੀਦਾਰ, ਵਿ., ਛੱਲੇਦਾਰ, ਸੰਗਲੀਦਾਰ

कड़ुआ-ਕੜੁਆ, ਵਿ., ਦੇਖੋ ਕਟੁ (कटु)

कड़ुआना-ਕੜੁਆਨਾ, ਕ੍ਰਿ., ਕੌੜਾ ਲੱਗਣਾ, ਗੁੱਸਾ ਕਰਨਾ, ਵਿਗੜਨਾ, ਦਰਦ ਹੋਣਾ

कड़ आहट-ਕੜੁਆਹਟ, ਪੁ., ਦੇਖੋ-ਕਟੁਤਾ (कटुता)

कड़ुई-ਕੜੁਈ, ਵਿ., ਕੌੜੀ, ਚਰਪਰੀ

कड़ू-ਕੜੂ, ਵਿ., ਦੇਖੋ-(कटू)

कड़ेरा-ਕੜੇਰਾ, ਪੁ., ਖਰਾਦ ਤੇ ਚੀਜ਼ਾਂ ਬਣਾਉਣ ਵਾਲਾ ਬੰਦਾ

कड़ोड़ा-ਕੜੋੜਾ, ਪੁ., ਉਚੇ ਦਰਜੇ ਦਾ ਅਧਿਕਾਰੀ, ਖਰਾਦੀਆ

कडढा-ਕੱਢਾ, ਵਿ., ਕਰਜ਼ਾ ਲੈ ਕੇ ਕੰਮ ਚਲਾਉਣ ਵਾਲਾ

कढना-ਕਢਨਾ, ਕ੍ਰਿ., ਬਾਹਰ ਕਰਨਾ, ਨਿਕਾਲਣਾ, ਦਿਖਾਉਣਾ, ਦਿਖਾਉਣਾ, ਖਿੱਚਣਾ, ਸਾੜਾ ਹੋਣਾ, ਤੀਵੀਂ ਨੂੰ ਉਸ ਦੇ ਘਰੋਂ ਲੈ ਜਾਣਾ

कढनी-ਕਢਨੀ, ਇ., ਮਧਾਣੀ ਦੀ ਰੱਸੀ, ਨੇਤਰਾ

कढलाना-ਕਢਲਾਨਾ, ਕ੍ਰਿ., ਹੱਥ ਜਾਂ ਪੈਰ ਫੜ ਕੇ ਘਸੀਟਣਾ, ਲਤਾੜਨਾ

कढाई-ਕਢਾਈ, ਇ., ਕੱਢਣ ਦਾ ਕੰਮ, ਕੱਢਣ ਦੀ ਮਜ਼ਦੂਰੀ, ਸੂਈ ਦਾ ਕੰਮ, ਕਸੀਦਾ, ਕਸੀਦਾ ਕੱਢਣ ਦੀ ਮਜ਼ਦੂਰੀ

कढाना कढवाना-ਕਢਾਨਾ ਕਢਵਾਨਾ, ਕ੍ਰਿ., ਬਾਹਰ ਕਰਾਉਣਾ, ਕੱਢਣ ਦਾ ਕੰਮ ਦੂਸਰੇ ਤੋਂ ਕਰਾਉਣਾ

कढाव-ਕਢਾਵ, ਪੁ., ਕਸੀਦੇ ਚਾ ਕੰਮ, ਸੂਈ ਨਾਲ ਵੇਲ ਬੂਟੇ ਬਣਾਉਨ ਦਾ ਕੰਮ, ਕਢਾਈ

कढ़ी-ਕੜ੍ਹੀ, ਇ., ਇਕ ਤਰ੍ਹਾਂ ਦੀ ਲਾਪਸੀ ਜੇਹੀ ਜੋ ਵੇਸਣ ਨੂੰ ਪਾਣੀ ਵਿਚ ਘੋਲ ਕੇ ਕੜਾਹੀ ਵਿਚ ਖੂਬ ਉਬਾਲ ਕੇ ਗਾੜ੍ਹੀ ਕਰਦੇ ਹਨ, ਕੜ੍ਹੀ

कड़ेवा-ਕਢੇਵਾ, ਪੁ., ਕੱਢਿਆ, ਬੇਹਾ ਅੰਨ, ਕਰਜ਼ਾ, ਮਿੱਟੀ ਦਾ ਕਸੋਰਾ

कढेरना-ਕਢੇਰਨਾ, ਪੁ., ਵੇਲ ਬੂਟੇ ਕੱਢਣ ਦਾ ਇਕ ਸੰਦ

कढैया-ਕਢੈਯਾ, ਵਿ., ਕੱਢਣ ਵਾਲਾ, ਵੱਖ ਕਰਨ ਵਾਲਾ, ਇ., ਕੜਾਹੀ, ਲੋਂਢਾ

कढोरना-ਕਢੋਰਨਾ, ਕ੍ਰਿ., ਘਸੀਟਣਾ, ਖਿੱਚਣਾ

कण-ਕਣ, ਪੁ., ਕਿਣਕਾ, ਧੂੜ ਦਾ ਕਣ, ਬਹੁਤ ਛੋਟਾ ਟੁਕੜਾ, ਪਾਣੀ ਦੀ ਕਣੀ, ਚਿੰਗਾੜੀ, ਚਾਉਲਾਂ ਦਾ ਬਰੀਕ ਟੁਕੜਾ, ਕਣਕ ਦੀ ਬੱਲੀ, ਭਿੱਛਿਆ

कणकच-ਕਣਕਚ, ਪੁ., ਇਕ ਫਲ, ਕਰੌਂਦਾ

कणप--ਕਣਪ, ਪੁ., ਬਰਛਾ, ਭਾਲਾ

कणाद-ਕਣਾਦ, ਪੁ., ਵੈਸ਼ੇਸ਼ਕ ਦਰਸ਼ਨ ਬਣਾਉਣ ਵਾਲੇ ਰਿਸ਼ੀ ਦਾ ਨਾਉਂ

कणान्न-ਕਣੱਨ, ਵਿ., ਅੰਨ ਦੇ ਭੋਰੇ ਤੇ ਗੁਜ਼ਾਰਾ ਕਰਨ ਵਾਲਾ, ਸਿਲਾ ਚੁਗਕੇ ਨਿਰਵਾਹ ਕਰਨ ਵਾਲਾ

कणिका-ਕਣਿਕਾ, ਇ., ਬਹੁਤ ਬਰੀਕ ਚੀਜ਼, ਟੁਕੜਾ, ਕਿਣਕਾ

कणित–ਕਣਿਤ, ਪੁ., ਪੀੜ ਵਾਲਾ ਸ਼ਬਦ, ਦੁਖ ਭਰੀ ਅਵਾਜ਼

कणिष्ठ–ਕਣਿਸ਼ਠ. ਵਿ., ਦੂਸਰੇ ਤੋਂ ਛੋਟਾ

कणी–ਕਣੀ, ਇ., ਦੇਖੋ, ਕਣਿਕਾ, (कणिका)

कणेरा–ਕਣੇਰਾ, ਇ., ਹਾਥੀ, ਵੇਸਵਾ, ਰੰਡੀ, ਕੰਜਰੀ

कण्टक–ਕੰਟਕ, ਪੁ., ਸੂਈ ਦੀ ਨੋਕ, ਕੰਡਾ, ਨਹੁੰ, ਤਿੱਖੀ ਪੀੜ, ਦੁਖ ਦਾ ਕਾਰਣ, ਵਿਘਨ ਅੜਚਣ, ਦੋਸ਼, ਔਥ, ਕਿੱਕਰ, ਕੋਲਡੋਡਾ

कण्टकित–ਕੰਟਕਿਤ, ਵਿ., ਕੰਡਿਆਂ ਵਾਲਾ, ਔਖਾ, ਕੰਡੀਲਾ

कण्टाल–ਕੰਟਾਲ. ਪੁ., ਕਟਹਲ ਦਾ ਰੁੱਖ

कण्ठ–ਕੰਠ, ਪੁ., ਗਰਦਨ ਦਾ ਮੂਹਰਲਾ ਹਿੱਸਾ, ਹਲੁਕ, ਟੇਟੂਆ, ਅਵਾਜ਼. ਗਲਾ

कण्ठक–ਕਠਕ, ਪੁ., ਗਰਦਣ, ਧੌਣ

कण्ठगत–ਕੰਠਗਤ, ਵਿ.. ਗਲੇ ਤਕ ਪਹੁੰਚਿਆ ਹੋਇਆ

कण्ठबन्ध–ਕੰਠਬੰਧ. ਪੁ., ਹਾਥੀ ਦੇ ਗਲੇ ਵਿਚ ਬੰਨ੍ਹਣ ਦੀ ਰੱਸੀ, ਗਲ ਦੀ ਡੋਰੀ

कण्ठमाला–ਕਠਮਾਲਾ, ਇ., ਗਲ ਵਿਚ ਪਹਿਰਣ ਦਾ ਗਹਿਣਾ, ਗਲਹੀਰਾ ਰੋਗ

कण्ठसूत्र–ਕੰਠਸੂਤ੍ਰ, ਪੁ., ਮਾਲਾ, ਗਲੇ ਦਾ ਹਾਰ

कण्ठस्थ–ਕੰਠਸਥ, ਵਿ.. ਮੂੰਹ ਜ਼ਬਾਨੀ ਯਾਦ ਕੀਤਾ ਹੋਇਆ, ਗਲੇ ਵਿਚ ਲਗਿਆ ਹੋਇਆ, ਗਲ ਚੋਂ ਨਿੱਕਲਣ ਵਾਲਾ ਸ਼ਬਦ

कण्ठाभरण–ਕੰਠਾਭਰਣ, ਪੁ., ਗਲ਼ ਦਾ ਗਹਿਣਾ, ਹਾਰ, ਲੌਕਟ

कण्ठाला–ਕੰਠਾਲਾ, ਇ., ਫਾਂਸੀ ਦੀ ਰੱਸੀ

कण्ठिका–ਕੰਠਿਕਾ, ਇ., ਗਲ ਵਿਚ ਪਹਿਰਣ ਦੀ ਛੋਟੀ ਮਾਲਾ

कण्ठया–ਕੰਠਜਾ, ਪੁੰ., ਗਲੇ ਤੋਂ ਉਚਾਰਿਆ ਗਿਆ ਅੱਖਰ, ਗਲੇ ਦੀ ਅਵਾਜ਼

कण्डण–ਕੰਡਣ, ਪੁ. ਅੰਨ ਤੋਂ ਉਤਾਰਿਆ ਹੋਇਆ ਛਿਲਕਾ, ਫੂਸ

कण्डनी–ਕੰਡਨੀ, ਇ., ਉੱਖਲੀ

कण्डरा–ਕੰਡਰਾ, ਇ., ਸਰੀਰ ਦੀ ਮੋਟੀ ਰਗ, ਮਹਾਨਾੜੀ

कण्डू–ਕੰਡੂ, ਇ., ਖੁਜਲੀ, ਕੰਨ ਦਾ ਇਕ ਰੋਗ, ਖਾਜ

कण्डूयमान–ਕੰਡੂਯਮਾਨ, ਵਿ., ਖੁਜਲਾਉਣ ਵਾਲਾ, ਖੁਰਕਣ ਵਾਲਾ

कण्डूर–ਕੰਡੂਰ, ਪੁ.. ਲਾਲ ਲਾਲ ਫਲਾਂ ਵਾਲੀ ਵੇਲ

कण्व–ਕਣ੍ਵ, ਪੁ., ਇਕ ਰਿਸ਼ੀ ਦਾ ਨਾਉਂ, ਵਿ., ਉਸਤਤੀ ਕਰਨ ਵਾਲਾ, ਅਕਲ ਵਾਲਾ, ਬੋਲਾ. ਬੁੱਧਮਾਨ

कण्वसुता–ਕਣ੍ਵਸੁਤਾ, ਇ., ਸ਼ਕੁੰਤਲਾ

क़त–ਕਤ, ਪੁ.. ਟੇਢਾ ਟੱਕ

कत–ਕਤ, ਅਵਜ., ਕਿਸ ਲਈ, ਕਿਸ ਕਰਕੇ

कतकवृक्ष–ਕਤਕਵ੍ਰਿਕਸ਼, ਪੁ., ਰੀਠੇ ਦਾ ਰੁੱਖ

कतना–ਕਤਨਾ, ਕ੍ਰਿ., ਕੱਤਿਆ ਜਾਣਾ, ਤਿਆਰ ਹੋਣਾ, ਕ੍ਰਿ. ਵਿ., ਕਿਤਨਾ, ਕਿਸ ਕਦਰ

कतनी–ਕਤਨੀ, ਇ., ਸੂਤ ਕੱਤਣ ਦੀ ਟੋਕਰੀ, ਕੱਤਣੀ

कतन्नी–ਕਤੱਨੀ, ਇ., ਕੈਂਚੀ

कतरछांट–ਕਤਰਛਾਂਟ, ਇ., ਕਾਂਟ ਛਾਂਟ, ਕਤਰ ਵਿਉਂਤ

कतरन–ਕਤਰਨ, ਇ., ਕਾਤਰ, ਕਪੜੇ ਜਾਂ ਕਾਗਜ਼ ਦਾ ਕੱਟਿਆ ਹੋਇਆ ਵਾਧੂ ਕਪੜਾ, ਲੀਰ, ਫਾਕ

कतरना–ਕਤਰਨਾ, ਕ੍ਰਿ., ਕੈਂਚੀ ਨਾਲ ਕੱਟਣਾ; ਟੁਕੜੇ ਕਰਨਾ

कतरनी–ਕਤਰਨੀ, ਇ., ਕਪੜੇ ਆਦਿ ਕੱਟਣ ਦੀ ਕੈਂਚੀ

कतरब्योंत–ਕਤਰਬਯੋਂਤ, ਪੁ., ਕਾਟ ਛਾਂਟ, ਕਤਰਾਈ, ਹੇਰ ਫ਼ੇਰ, ਉਲਟ ਪੁਲਟ, ਸੋਚ ਵਿਚਾਰ, ਜੁਗਤੀ, ਚੋਰੀ, ਹਿਸਾਬ ਕਿਤਾਬ. ਜੋੜਤੋੜ, ਢੰਗ

कतरवाई–ਕਤਰਵਾਈ, ਇ., ਕਟਾਉਣ ਦਾ ਕੰਮ, ਕਟਾਈ ਦੀ ਮਜ਼ਦੂਰੀ

कतरा–ਕਤਰਾ, ਪੁ., ਬੂੰਦ, ਕਣੀ, ਤੁਥਕਾ

कतरी–ਕਤਰੀ, ਇ., ਕੋਹਲੂ ਦੀ ਗੱਦੀ ਜਿੱਥੇ ਬੈਠ ਕੇ ਮਨੁੱਖ ਬਲ੍ਹਦ ਹਕਦਾ ਹੈ, ਕਾਤਰ, ਹੱਥ ਵਿਚ ਪਹਿਰਣ ਦਾ ਇਕ ਪਿੱਤਲ ਦਾ ਗਹਿਣਾ, ਕਤਰਨੀ, ਕੈਂਚੀ, ਲੀਰ

कतल–ਕਤਲ ਪੁ., ਹੱਤਿਆ, ਖ਼ੂਨ, ਜਾਨੋਂ ਮਾਰਣ ਮੁਕਾਉਣ ਦਾ ਕਮ

कतलबाज़–ਕਤਲਬਾਜ਼, ਪੂ., ਜਲਾਦ, ਕਸਾਈ. ਖੂੰਨੀ, ਕਾਤਲ

कतलाम–ਕਤਲਾਮ. ਪੁ., ਹਰ ਇਕ ਦੀ ਮਾਰਕਾਟ

कतली–ਕਤਲੀ, ਇ., ਚੌਰਸ, ਕਟੀ ਹੋਈ ਮਿਠਿਆਈ

कतवार–ਕਤਵਾਰ, ਪੁ., ਨਿਕੰਮਾ ਘਾਹ ਫੂਸ. ਕੂੜਾ ਕਰਕਟ

कतहुं–ਕਤਹੁੰ, ਅਵਜ., ਕਿਸ ਵਲ, ਕਿੱਧਰ, ਕਿਸ ਥਾਂ ਤੇ

कता–ਕਤਾ, ਇ., ਰੂਪ, ਸੂਰਤ, ਬਣਾਵਟ, ਸ਼ਕਲ, ਢੰਗ, ਕਾਟ ਛਾਂਟ, ਸਫਾਈ, ਵਜਾ

कताई–ਕਤਾਈ, ਇ., ਕੱਤਣ ਦਾ ਕੰਮ ਜਾਂ ਮਜ਼ਦੂਰੀ

कतान–ਕਤਾਨ, ਪੁ., ਇਕ ਤਰ੍ਹਾਂ ਦਾ ਰੇਸ਼ਮ ਜਿਸ ਤੇ ਕਲਾਬੱਤੂ ਬਣਦਾ ਹੈ, ਇਸ ਨਾਲ ਬੁਣਿਆ ਹੋਇਆ ਕਪੜਾ

कतार–ਕਤਾਰ, ਇ., ਪੰਗਤ, ਢੇਰ, ਝੁੰਡ, ਡਾਰ, ਪਾਲ

कतारा–ਕਤਾਰਾ, ਪੁ., ਲਾਲ ਪੋਂਨੀ, ਇਕ ਤਰ੍ਹਾਂ ਦਾ ਪੋਨੱਾ, ਗੰਨਾ ਜਿਸ ਦੀ ਛਿੱਲੜ ਹੁੰਦੀ ਹੈ ਅਤੇ ਗੁਦ ਮਿੱਠੀ ਹੁੰਦੀ ਹੈ

कतारी–ਕਤਾਰੀ. ਇ., ਕਤਾਰ, ਪੰਗਤ, ਕਤਾਰੇ ਦੀ ਜਾਤ ਦਾ ਛੋਟਾ ਗੰਨਾ, ਡਾਰ, ਪਾਲ

कति–ਕਤਿ, ਵਿ., ਕਿਸ ਤੋਲ ਦਾ, ਕਿਤਨਾ, ਬਹੁਤ ਸਾਰਾ, ਅਣਗਿਣਤ. ਖਾਸਾ

कतिपय–ਕਤਿਪਯ, ਵਿ., ਕੁਝ, ਕਿਤਨਾ ਹੀ, ਕੁਝ ਥੋੜਾ ਜਿਹਾ, ਕਈ ਇਕ

कतीरा–ਕਤੀਰਾ, ਪੁ., ਗੁਲੂ ਨਾਉਂ ਦੇ ਰੁੱਖ ਦਾ ਗੂੰਦ ਜੋ ਦਵਾਈ ਵਿਚ ਵਰਤਿਆ ਜਾਂਦਾ ਹੈ

कतेक–ਕਤੇਕ, ਵਿ., ਕਿਤਨੇ ਕੁ

कत्तर–ਕੱਤਰ, ਪੁ., ਤੀਵੀਆਂ ਦੀ ਗੁੱਤ ਬੰਨ੍ਹਣ ਦੀ ਡੋਰੀ, ਰਿਬਨ

कत्तल–ਕੱਤਲ, ਪੁ., ਪੱਥਰ ਦਾ ਟੁਕੜਾ, ਕਤਰਾ, ਫਾਂਕੜ

कत्ता–ਕੱਤਾ, ਪੁ., ਬਾਂਸ ਚੀਰਣ ਦਾ ਇਕ ਸੰਦ

कत्ती–ਕੱਤੀ, ਇ., ਛੁਰੀ, ਛੋਟੀ ਤਲਵਾਰ, ਇਕ ਤਰ੍ਹਾਂ ਦੀ ਕੈਂਚੀ ਜਿਸ ਨੂੰ ਸੁਨਿਆਰ ਵਰਤਦੇ ਹਨ, ਇਕ ਤਰ੍ਹਾਂ ਦੀ ਪਗੜੀ

कत्थ–ਕੱਥ, ਪੁ., ਦੇਖੋ ਕੱਥਾ (कत्था)

कत्थक–ਕੱਥਕ, ਪੁ., ਇਕ ਖਾਸ ਕੌਮ ਜਿਸ ਦੇ ਲੋਕੀ ਨਚਦੇ ਤੇ ਗਾਉਂਦੇ ਹਨ

कत्था–ਕੱਥਾ, ਪੁ., ਖੈਰ ਦੀ ਲਕੜਾਂ ਨੂੰ ਉਬਾਲ ਕੇ ਕੱਢਿਆ ਹੋਇਆ ਸਤ ਜੋ ਪਾਨ ਵਿਚ ਪਾ ਕੇ ਖਾਂਦੇ ਹਨ

कथं–ਕਥੰ, ਅਵਜ., ਕਿਸ ਤਰ੍ਹਾਂ ਨਾਲ, ਕਿਤੁੰ, ਕਿੱਥੋਂ, ਕਿਵੇਂ, ਕਿੱਕਣ

कथक–ਕਥਕ, ਪੁ., ਪੁਰਾਣਾਂ ਆਦਿ ਦੀ ਕਥਾ ਵਾਚਣ ਵਾਲਾ ਪਡਿਤ, ਕਥਾ ਵਾਚਕ ਬ੍ਰਾਹਮਣ

कथक्कड़–ਕਥਕੜ, ਪੁ., ਖੂਬ ਕਿੱਸੇ ਕਹਾਣੀਆਂ ਕਹਿਣ ਵਾਲਾ

कथञ्चन–ਕਥੰਚਨ, ਅਵਜ., ਕਿਸੇ ਤਰ੍ਹਾਂ ਵੀ ਨਹੀਂ, ਕਿਵੇਂ ਵੀ ਨਹੀਂ

कथञ्चित्–ਕਥੰਚਿਤ, ਅਵਜ., ਕੁਝ, ਕਿਸੇ ਤਰ੍ਹਾਂ ਨਾਲ, ਕਿਵੇਂ

कथन–ਕਥਨ, ਪੁ., ਕਥਾ, ਵਾਕ, ਬਿਆਨ, ਗੱਲ ਬਾਤ

कथना–ਕਥਨਾ, ਕ੍ਰਿ., ਬੋਲਣਾ, ਕਹਿਣਾ, ਕਾਵ ਰਚਨਾ ਕਰਨਾ, ਨਿੰਦਿਆ ਕਰਨਾ

कथनी–ਕਥਨੀ, ਇ., ਗੱਲਬਾਤ, ਬਕਵਾਸ. ਬੜਬੜਾਹਟ, ਹੁੱਜਤ

कथनीय–ਕਥਨੀਜ, ਵਿ., ਵਰਣਨ ਜੋਗ, ਕਹਿਣ ਜੋਗ, ਖਰਾਬ

कथमपि–ਕਥਮਪਿ, ਅਵਜ., ਕਿਸੇ ਤਰ੍ਹਾਂ ਨਾਲ, ਪੱਕੇ ਰੂਪ ਵਿਚ

कथरी–ਕਥਰੀ, ਇ., ਨਾਗਫਣੀ, ਪੁਰਾਣੀਆਂ ਲੀਰਾਂ ਨੂੰ ਜੋੜ ਕੇ ਬਣਾਇਆ ਹੋਇਗਾ ਗੁੱਦੜ, ਜੁੱਲੀ, ਵਛਾਉਣੀ

कथा–ਕਥਾ, ਇ., ਕਿੱਸਾ, ਕਹਾਣੀ, ਬਾਤ, ਵਾਕ, ਧਰਮ, ਲੇਖ, ਭਾਸ਼ਣ, ਚਰਚਾ, ਉਪਨਿਆਸ, ਹਾਲਚਾਲ, ਝਗੜਾ

कथानक–ਕਥਾਨਕ, ਪੁ.. ਗਲਪ ਕਹਾਣੀ, ਕਥਾ, ਛੋਟਾ ਕਿਸਾ, ਕਥੋਲੀ

कथानुराग–ਕਥਾਨੁਰਾਗ, ਪੁ., ਗੱਲਾਂ ਬਾਤਾਂ ਨਾਲ ਮਨ ਪਰਚਾਵਾ

कथान्त–ਕਥਾਂਤ, ਪੁ., ਗੱਲ ਬਾਤ ਦੀ ਸਮਾਪਤੀ, ਕਥਾ ਦਾ ਖਾਤਮਾ

कथान्तर–ਕਥਾਂਤਰ, ਪੁ., ਦੂਜੀ ਗੱਲ, ਕਲਹ, ਝਗੜਾ, ਵਾਧੂ ਝਗੜਾ

कथामय–ਕਥਾਮਜ, ਵਿ., ਕਿੱਸਿਆਂ ਨਾਲ ਭਰਿਆ ਹੋਇਆ, ਕਥਾ ਦੇ ਢੰਗ ਨਾਲ ਵਰਣਨ ਕੀਤਾ ਹੋਇਆ

कथामुख–ਕਥਾਮੁਖ, ਪੁ., ਕਥਾ, ਗ੍ਰੰਥ ਦੀ ਭੂਮਕਾ

कथायोग–ਕਥਾਜੋਗ, ਪੁ., ਕਥਾ ਕਿੱਸੇ ਜਾਂ ਕਹਾਣੀ ਦਾ ਅਰੰਭ, ਮੁੱਢ

कथारम्भ–ਕਥਾਰੰਭ, ਪੁ., ਕਥਾ ਦਾ ਆਰੰਭ

कथालाप–ਕਥਾਲਾਪ, ਇ., ਗੱਲਬਾਤ, ਬਾਤਚੀਤ, ਵਾਰਤਾਲਾਪ

कथावस्तु–ਕਥਾਵਸ੍ਤੁ, ਇ., ਉਪਨਿਆਸ ਜਾਂ ਕਥਾ ਦਾ ਢਾਂਚਾ, ਕਥਾਨਕ

कथावार्ता–ਕਥਾਵਾਰਤਾ, ਇ., ਇਕ ਤਰ੍ਹਾਂ ਦੀ ਗੱਲ ਬਾਤ, ਕਿੱਸਾ, ਕਹਾਣੀ

कथाशेष–ਕਥਾਸ਼ੇਸ਼, ਪੁ., ਕਥਾ ਦੀ ਸਮਾਪਤੀ, ਖਾਤਮਾ

कथित–ਕਥਿਤ, ਵਿ., ਕਹਿਆ ਹੋਇਆ, ਸਮਝਾਇਆ ਹੋਇਆ, ਆਖਿਆ ਹੋਇਆ

कथीर–ਕਥੀਰ, ਪੁ., ਕਲੀ

कथोदय–ਕਥੋਦਜ, ਪੁ., ਕਥਾ ਦਾ ਮੁੱਢ, ਕਥਾ ਸ਼ੁਰੂ, ਕਥਾ ਦਾ ਅਰੰਭ

कथोद्घात–ਕਥੋਦਘਾਤ, ਪੁ., ਨਾਟਕ ਦੀ ਪ੍ਰਸਤਾਵਨਾ, ਦਾ ਕਥਾ ਸ਼ੁਰੂ, ਨਾਟਕ ਕਰਨ ਵਾਲਾ ਸੂਤਰਧਾਰ ਜੋ ਕਿਸੇ ਵਾਕ ਨੂੰ ਲ ਕੇ ਪ੍ਰਵੇਸ਼ ਕਰਦਾ ਹੈ

कथोपकथन–ਕਥੋਪਕਥਨ, ਪੁ.,ਕਹਾਣੀ ਤੇਕਹਾਣੀ, ਬਹੁਤ ਗੱਲਾਂ, ਵੱਖੋ ਵੱਖਰੀ ਗੱਲ ਬਾਤ, ਨਾਟਕੀ ਗੱਲ ਬਾਤ

कथ्यमान–ਕਥਜਮਾਨ, ਵਿ., ਕਹਿਆ ਜਾਣ ਵਾਲਾ, ਆਖਣ ਵਾਲਾ

क़द–ਕ਼ਦ, ਪੁ., ਡੀਲਡੋਲ, ਲੰਮਾਈ, ਚੁੜਾਈ

कद–ਕਦ, ਇ., ਈਰਖਾ, ਫਰਕ, ਦੁਸ਼ਮਣੀ, ਹਠ, ਅਣਬਣ, ਕਦੋਂ. ਕਿਸ ਵੇਲੇ

कदक्षर–ਕਦਕਸ਼ਰ, ਪੁ., ਬੁਰੀ ਲਿਖਾਵਟ, ਰਿੱਧ ਮਿੱਧ ਲਿਖਤ

कदध्व–ਕਦਧਵ, ਪੁ., ਖੋਟਾ ਰਾਹ, ਗਲਤ ਰਸਤਾ, ਕੁਰਾਹ

कदन–ਕਦਨ, ਪੁ., ਭੈੜੀ ਚਾਲ, ਪਾਪ, ਮਲਾਈ, ਜੁੱਧ, ਲੜਾਈ, ਮਰਣ, ਦੁਖ, ਹਿੰਸਾ

कदन्न–ਕਦੰਨ, ਪੁ., ਬੁਰਾ ਅੰਨ, ਮੋਟਾ ਅਨਾਜ, ਭੱਦਾ ਅਨਾਜ

कदभ्यास–ਕਦਭਜਾਸ, ਪੁ., ਬੁਰਾ ਅਭਿਆਸ ਜਾਂ ਆਦਤ, ਭੈੜੀ ਆਦਤ

कदंम–ਕਦਮ, ਪੁ., ਇਕ ਰੁੱਖ

क़दम–ਕ਼ਦਮ, ਪੁ., ਪੈਰ, ਪਲ੍ਹਾਂਘ, ਘੋੜੇ ਦੀ ਚਾਲ, ਧੜ ਜਾਂ ਚਿੱਕੜ ਵਿਚ ਪਿਆ ਹੋਇਆ ਪੈਰ ਦਾ ਨਿਸ਼ਾਨ

कदमा–ਕਦਮਾ, ਪੁ., ਇਕ ਤਰ੍ਹਾਂ ਦੀ ਮਿਠਿਆਈ

कदम्ब–ਕਦੰਬ, ਪੁ., ਇਕ ਸਦਾ ਬਹਾਰ ਰੁੱਖ ਇਸ ਦਾ ਫਲ ਕੁਝ ਖੱਟਾ ਮਿੱਠਾ ਹੁੰਦਾ ਹੈ, ਸਰ੍ਹੋਂ ਦਾ ਬੂਟਾ, ਝੁੰਡ, ਸਮੂਹ ਇੱਕਠ

कदम्बक–ਕਦੰਬਕ, ਪੁ., ਸਮੂਹ, ਜੱਥਾ, ਝੁੰਡ, ਹਲਦੀ ਦਾ ਬੂਟਾ

कदर–ਕਦਰ, ਇ., ਇੱਜ਼ਤ, ਆਦਰ, ਵਡਿਆਈ

कदरई–ਕਦਰਈ, ਇ., ਬੁਜ਼ਦਿਲੀ, ਡਰ

कदरदान–ਕਦਰਦਾਨ, ਵਿ., ਇੱਜ਼ਤ ਕਰਨ ਵਾਲਾ, ਕਦਰ ਕਰਨ ਵਾਲਾ

कदरमस–ਕਦਰਮਸ, ਇ., ਮਾਰਕੁੱਟ, ਬਖੇੜਾ, ਲੜਾਈ, ਝਗੜਾ

कदराना–ਕਦਰਾਨਾ, ਕ੍ਰਿ., ਡਰਨਾ, ਭੈ ਮੰਨਣਾ, ਖੌਫ ਮੰਨਣਾ

कदरी–ਕਦਰੀ, ਇ., ਮੈਨਾ ਵਰਗਾ ਪੰਛੀ

कदर्थ–ਕਦੱਰਥ, ਪੁ., ਕੂੜਾ ਕਰਕਟ, ਖਰਾਬ ਚੀਜ਼, ਭੈੜੀ ਵਸਤ ਵਿ., ਖਰਾਬ, ਫਜ਼ੂਲ, ਬੇਅਰਥ, ਵਾਧੂ

कदर्थन–ਕਦੱਰਥਨ, ਪੁ., ਪੀੜਾ, ਦਰਦ, ਕਸ਼ਟ, ਤਕਲੀਫ, ਦੁਖ

कदर्थना–ਕਦਰਥਨਾ, ਇ., ਬੁਰੀ ਹਾਲਤ, ਬੁਰਿਆਈ, ਦੁਰਦਸ਼ਾ

कदर्थित–ਕਦਰਥਿਤ, ਵਿ., ਵਿਗਾੜਿਆ ਹੋਇਆ, ਦੁਸ਼ਟ, ਬੁਰੀ ਹਾਲਤ ਵਿਚ

कदर्य–ਕਦੱਰਯ, ਵਿ., ਕਮ ਦਿਲਾ, ਸੂਮ, ਕੰਜੂਸ

कदर्यता–ਕਦੱਰਯਤਾ, ਇ., ਛੋਟਾਪਣ, ਬੁਰਿਆਈ, ਲੋਭ, ਸੂਮਪਣਾ, ਕੰਜੂਸੀ

कदली–ਕਦਲੀ, ਇ., ਕੇਲਾ, ਇਕ ਤਰ੍ਹਾਂ ਦਾ ਮਿਰਗ

कदश्व–ਕਦਸ਼੍ਵ, ਪੁ., ਖਰਾਬ ਘੋੜਾ, ਅੜੀਅਲ ਟੱਟੂ, ਨਿਕੰਮਾ ਘੋੜਾ

कदा–ਕਦਾ, ਅਵਜ., ਕਦੋਂ, ਕਿਸ ਵੇਲੇ, ਕਿਸ ਸਮੇ

कदाकार–ਕਦਾਕਾਰ, ਵਿ., ਬਦਸੂਰਤ, ਭੈੜ ਮੂਹਾਂ, ਬਦਸ਼ਕਲ, ਕਰੂਪ

कदाचन–ਕਦਾਚਨ, ਅਵਜ., ਕਿਸੇ ਦਿਨ, ਇਕ ਦਿਨ, ਇਕ ਵਾਰ, ਕਦੇ

कदाचार–ਕਦਾਚਾਰ, ਪੁ., ਵੈਲ, ਐਬ, ਭੈੜਾ ਆਚਰਣ

कदाचारी–ਕਦਾਚਾਰੀ, ਵਿ., ਭੈੜੇ ਆਚਰਣ ਵਾਲਾ, ਵੈਲੀ, ਐਬੀ

कदाचित–ਕਦਾਚਿਤ, ਅਵਜ., ਇਕ ਵਾਰ, ਕਦੇ, ਸ਼ਾਇਦ

कदापि–ਕਦਾਪਿ; ਅਵਜ., ਕਦੇ ਕਦੇ, ਕਿਸੇ ਵੇਲੇ, ਵੇਲੇ ਸਿਰ

कदी–ਕਦੀ, ਵਿ., ਹਠੀ. ਜ਼ਿੱਦ ਕਰਨ ਵਾਲਾ, ਕਿਸੇ ਸਮੇ

क़दीम–ਕ਼ਦੀਮ, ਵਿ., ਪੁਰਾਣਾ, ਪੁ., ਲੋਹੇ ਦਾ ਡੰਡਾ ਜਿਸ ਨਾਲ ਜਹਾਜ਼ਾਂ ਵਿਚ ਬੋਝ ਚੁੱਕਿਆ ਜਾਂਦਾ ਹੈ

क़दीमी–ਕ਼ਦੀਮੀ; ਵਿ., ਪੁਰਾਣਾ, ਬਹੁਤ ਦਿਨਾਂ ਤੋਂ ਚਲ਼ਿਆ ਆਉਂਦਾ ਹੋਇਆ, ਪੁਰਾਤਨ

कदुष्ण–ਕਦੁਸ਼ਣ, ਵਿ., ਥੋੜਾ ਤੱਤਾ, ਮਾਮੂਲੀ ਗਰਮ, ਖੂਹ ਨਵ੍ਹਾਇਆ

कदूरत–ਕਦੂਰਤ, ਇ., ਅਣਬਣ, ਭੈੜਾ ਖਿਆਲ, ਮਨ ਮੁਟਾਉ

कद्दावर–ਕੱਦਾਵਰ, ਵਿ., ਬੜੇ ਡੀਲ ਡੌਲ ਦਾ, ਸੋਹਣਾ ਜਵਾਨ

कद्दी–ਕੱਦੀ, ਵਿ., ਹਠੀ, ਜ਼ਿੱਦੀ, ਅਮੋੜ

कद्दू–ਕੱਦੂ, ਪੁ., ਘੀਆ, ਇਕ ਭਾਜੀ

कद्दूकश–ਕੱਦੂਕਸ਼, ਪੁ., ਕੱਦੂ ਦੇ ਛਿੱਲੜ ਬਣਾਉਣ ਦਾ ਸੰਦ. ਕੱਦੂਕਸ

कद्रु कद्रू–ਕੱਦ੍ਰੁ ਕੱਦ੍ਰੂ, ਇ., ਨਾਗ ਮਾਤਾ

कभी–ਕਭੀ, ਕ੍ਰਿ. ਵਿ., ਕਦੇ, ਕਿਸੇ ਵੇਲੇ

कन–ਕਨ, ਪੁ., ਮਾਮੂਲੀ, ਬਹੁਤ ਛੋਟਾ ਟੁਕੜਾ, ਅੰਨ ਦਾ ਦਾਣਾ, ਅੰਨ ਦੇ ਦਾਣੇ ਦਾ ਟੁਕੜਾ, ਭਿੱਛਿਆ, ਭਿੱਛਿਆ ਰਾਹੀਂ ਮੰਗਿਆ ਹੋਇਆ ਅੰਨ, ਜੂਠਨ, ਬੂੰਦ, ਕਣੀ, ਰੇਤੀ ਦਾ ਕਣ, ਤਾਕਤ, ਜੁੜਵਿਆਂ ਅੱਖਰਾਂ ਵਿਚ ਕਨ ਸ਼ਬਦ ਤੋਂ ਕਰਣ ਸ਼ਬਦ ਦਾ ਬੋਧ ਹੁੰਦਾ ਹੈ, ਜਿਵੇਂ:–ਕਨਟੋਪ, ਕਨਫਟਾ ਆਦਿ

कनई–ਕਨਈ, ਇ., ਨਵੀਂ ਸ਼ਾਖ. ਕੋਂਪਲ, ਚਿੱਕੜ, ਗਿੱਲੀ ਮਿੱਟੀ

कनउंगली–ਕਨਉਂਗਲੀ, ਇ., ਚੀਚੀ ਉਂਗਲ

कनक–ਕਨਕ, ਪੁ., ਸੋਨਾ, ਕੇਸੂ ਦਾ ਰੁੱਖ, ਧਤੂਰਾ, ਨਾਗ ਕੇਸਰ, ਪਲਾਹ, ਚੰਪੇ ਦਾ ਰੁੱਖ, ਕਚਨਾਰ ਦਾ ਰੁੱਖ, ਕਾਲਾ ਧਤੂਰਾ, ਕਣਕ ਦਾ ਆਟਾ, ਖਜੂਰ, ਛੱਪੈ ਛੰਦ ਦਾ ਇਕ ਭੇਦ

कनक कली–ਕਨਕ ਕਲੀ, ਇ., ਕੰਨ ਵਿਚ ਪਹਿਰਣ ਦਾ ਇਕ ਗਹਿਣਾ

कनकक्षार–ਕਨਕਕਸ਼ਾਰ, ਪੁ , ਸੁਹਾਗਾ

कनकचूर–ਕਨਕਚੂਰ, ਪੁ., ਇਕ ਤਰ੍ਹਾਂ ਦਾ ਧਾਨ

कनकटा–ਕਨਕਟਾ, ਵਿ., ਜਿਸ ਦਾ ਕੰਨ ਕਟਿਆ ਹੋਇਆ ਹੋਵੇ, ਬੁੱਚਾ, ਕੰਨ ਕੱਟਣ ਵਾਲਾ

कनकना–ਕਨਕਨਾ, ਵਿ., ਨਾਜ਼ੁਕ, ਮਾਮੂਲੀ ਜਿਹੀ ਚੋਟ ਲੱਗੇ ਤੋਂ ਟੁੱਟਣ ਵਾਲਾ, ਨਰਮ, ਕਨਕਨਾਹਟ ਕਰਨ ਵਾਲਾ, ਖਾਣ ਵਿਚ ਬੁਰਾ ਲੱਗਣ ਵਾਲਾ, ਚਿੜਚਿੜਾ, ਅਸਹਿ

कनकनाना–ਕਨਕਨਾਨਾ. ਕ੍ਰਿ., ਮੂੰਹ ਦਾ ਸੁਆਦ ਵਿਗਾੜਨਾ, ਬੁਰਾ ਲੱਗਣਾ. ਭੜਕਣਾ, ਹੈਰਾਨ ਹੋਣਾ

कनकपल–ਕਨਕਪਲ, ਪੁ., ਸੋਨਾ ਤੋਲਣ ਦਾ ਸੋਲਾਂ ਮਾਸ਼ੇ ਦਾ ਤੋਲ

कनकपुरी–ਕਨਕਪੁਰੀ, ਇ., ਲੰਕਾ

कनकप्रभा– ਕਨਕਪ੍ਰਭਾ, ਪੁ., ਵੱਡੀ ਰਤਨ ਜੋਤ, ਤੇਰ੍ਹਾਂ ਅੱਖਰਾਂ ਦਾ ਚਾਰ ਚਰਣਾਂ ਦਾ ਛੰਦ

कनकफल–ਕਨਕਫਲ, ਪੁ., ਧਤੂਰੇ ਦਾ ਫਲ, ਜਮਾਲ ਗੋਟਾ, ਜਾਇਫਲ

कनकबीज–ਕਨਕਬੀਜ, ਪੁ., ਧਤੂਰੇ ਦਾ ਬੀ

कनकमृग–ਕਨਕਮ੍ਰਿਗ, ਪੁ., ਸੋਨੇ ਦਾ ਹਿਰਨ, ਸਵਰਨ ਮਿਰਗ

कनकरस–ਕਨਕਰਸ, ਪੁ., ਹੜਤਾਲ, ਗਲਿਆਂ ਹੋਇਆ ਸੋਨਾ

कनकस्थली–ਕਨਕਸਥਲੀ, ਇ., ਸੋਨੇ ਦੀ ਖਾਣ

कनकाचल–ਕਨਕਾਚਲ, ਪੁ., ਸੁਮੇਰ ਪਰਬਤ, ਸੋਨੇ ਦਾ ਪਹਾੜ

कनकानी–ਕਨਕਾਨੀ, ਪੁ., ਇੱਕ ਤਰ੍ਹਾਂ ਦਾ ਤੇਜ਼-ਚੱਲਣ ਵਾਲਾ ਘੋੜਾ

कनकूत–ਕਨਕੂਤ, ਪੁ., ਖੜੀ ਫਸਲ ਦੇ ਅੰਨ ਦਾ ਅੰਦਾਜ਼ਾ

कनकैया–ਕਨਕੈਯਾ, ਇ., ਗੁੱਡੀ, ਪਤੰਗ, ਪਤੰਗੀ

कनकौवा–ਕਨਕੌਵਾ, ਪੁ., ਕਾਗਜ਼ ਦੀ ਵੱਡੀ ਪਤੰਗ, ਵੱਡੀ ਗੁੱਡੀ

कनखजूरा–ਕੰਨਖਜੂਰਾ, ਪੁ., ਕੰਨ ਘੁਰਲ, ਸੌਟੰਗੀ, ਕੰਨ ਸਲਾਈ

कनखिया–ਕਨਖਿਯਾ, ਇ.,ਅੱਖ ਦਾ ਇਸ਼ਾਰਾ, ਟੇਢੀ ਨਜ਼ਰ,

कनखियाना–ਕਨਖਿਆਨਾ, ਕ੍ਰਿ., ਟੇਢੀ ਨਜ਼ਰ ਨਾਲ ਵੇਖਣਾ, ਝਾਕਣਾ

कनखी–ਕਨਖੀ, ਇ., ਇਸ਼ਾਰਾ, ਅਖਮਟੱਕਾ, ਸੈਨਤ, ਟੇਢੀ ਨਜ਼ਰ

कनखैया–ਕਨਖੈਯਾ, ਇ., ਟੇਢੀ ਨਜ਼ਰ, ਵਿ., ਅੱਖ ਨਾਲ ਇਸ਼ਾਰਾ ਕਰਨ ਵਾਲਾ, ਕਣੱਖਾ

कनगुज–ਕਨਗੁਜ, ਪੁ., ਕੰਨ ਦਾ ਇਕ ਰੋਗ

कनगुरिया–ਕਨਗੁਰਿਆ, ਇ., ਹੱਥ ਦੀ ਸਭ ਤੋਂ ਛੋਟੀ ਉਂਗਲ, ਚੀਚੀ ਉਂਗਲ

कनटोप–ਕਨਟੋਪ, ਪੁ., ਦੋਹਾਂ ਕੰਨਾਂ ਨੂੰ ਢਕਣ ਵਾਲੀ ਵੱਡੀ ਟੋਪੀ

कनधार–ਕਨਧਾਰ, ਪੁ., ਦੇਖੋ ਕਰਣਧਾਰ, (कर्णधार)

कनपट–ਕਨਪਟ, ਪੁ., ਕੰਨ ਤੇ ਅੱਖਾਂ ਦੇ ਵਿਚਕਾਰਲੀ ਥਾਂ, ਕਨਪਟੀ, ਪੁੜਪੁੜੀ, ਥੱਪੜ, ਲਫੇੜਾ, ਚਪਤ

कनपटी–ਕਨਪਟੀ, ਇ., ਪੁੜਪੁੜੀ

कनपेड़ा–ਕਨਪੇੜਾ, ਪੁ., ਕੰਨ ਦੀ ਇਕ ਬਿਮਾਰੀ

कनफटा–ਕਨਫਟਾ, ਪੁ., ਸ਼ੈਵ ਸੰਪਰਦਾਇ ਦੇ ਜੋਗੀ ਜੋ ਦੋਹਾਂ ਕੰਨਾਂ ਨੂੰ ਪੜਵਾ ਕੇ ਮੁੰਦਰੀਆਂ ਪਾਉਂਦੇ ਹਨ

नक़फूंकवा–ਕਨਫੂੰਕਵਾ, ਕੰਨ ਫੂਕਣ ਵਾਲਾ, ਮੰਤ੍ਰ ਦੇਣ ਵਾਲਾ

कनफुंका–ਕਨਫੂੰਕਾ, ਵਿ., ਦੀਖਿਆ ਦੇਣ ਵਾਲਾ, ਮੰਤ੍ਰ ਸਿਖਾਉਣ ਵਾਲਾ, ਪੁ., ਗੁਰੂ

कनफुसका–ਕਨਫੁਸਕਾ, ਵਿ., ਹੌਲੀ ਹੌਲੀ ਬੋਲਣ ਵਾਲਾ, ਨਿੰਦਕ, ਚੁਗਲਖੋਰ

कनफुसकी–ਕਨਫੁਸਕੀ, ਇ., ਚੁਗਲੀ ਦੀ ਗੱਲ

कनफूल–ਕਨਫੂਲ, ਪੁ., ਕੰਨ ਦਾ ਇਕ ਗਹਿਣਾ, ਕੰਨ ਫੁੱਲ

कनफेड़–ਕਨਫੇੜ, ਪੁ., ਕੰਨ ਦੇ ਕੋਲ ਹੋਣ ਵਾਲੀ ਗਿਲ਼ਟੀ, ਕਣੇਡੂ

कनविधा–ਕਨਵਿਧਾ, ਵਿ., ਕੰਨ ਵਿੰਨ੍ਹਿਆ ਹੋਇਆ, ਕਨਪਾਟਾ

कनमनाना–ਕਨਮਨਾਨਾ. ਕ੍ਰਿ., ਨੀਂਦਰੋਂ ਉਠੇ ਬੰਦੇ ਦਾ ਹੌਲੀ ਹੌਲੀ ਸੁਚੇਤ ਹੋਣਾ ਅਤੇ ਹਿੱਲਣਾ ਜੁੱਲਣਾ

कनमैलिया–ਕਨਮੈਲਿਯਾ, ਪੁ., ਕੰਨ ਦੀ ਮੈਲ ਕੱਢਣ ਵਾਲਾ

कनय–ਕਨਯ, ਪੁ., ਦੇਖੋ, ਕਨਕ (कनक)

कनरस–ਕਨਰਸ, ਪੁ., ਗਾਉਣ ਵਜਾਉਣ ਦਾ ਸੁਆਦ, ਨਿੰਦਿਆ ਚੁਗਲੀ

कनरसिया–ਕਨਰਸਿਯਾ, ਪੁ., ਗਾਉਣ ਵਜਾਉਣ ਦਾ ਸ਼ੌਕੀਨ, ਗੱਲਾਂ ਸੁਣਨ ਦੀ ਆਦਤ

कनवई–ਕਨਵਈ, ਇ., ਛਟਾਂਕ ਦਾ ਵੱਟਾ, ਛਟੰਕੀ ਦਾ ਤੋਲ

कनवांसा–ਕਨਵਾਂਸਾ, ਪੁ., ਦੋਹਤੇ ਦਾ ਪੁੱਤਰ

कनवास–ਕਨਵਾਸ, ਪੁ., ਸਣ ਦਾ ਕਪੜਾ, ਟਾਟ

कनवी–ਕਨਵੀ, ਇ., ਕਪਾਹ ਦੀ ਇਕ ਨਸਲ

कनसलाई–ਕਨਸਲਾਈ, ਇ., ਕੰਨਖਜੂਰ ਜਿਹਾ ਇਕ ਕੀੜਾ

कनसार–ਕਨਸਾਰ, ਵਿ., ਤਾਂਬੇ ਦੇ ਪੱਤੇ ਉਤੇ ਨਾਉਂ ਲਿਖਣ ਵਾਲਾ

कनसाल–ਕਸਨਸਾਲ, ਪੁ., ਮੰਜੇ ਦਾ ਅਜੇਹਾ ਟੇਢਾ ਛੇਕ ਜੋ ਮੰਜੇ ਨੂੰ ਵੀ ਟੇਢਾ ਕਰ ਦਿੰਦਾ ਹੈ, ਮੰਜੇ ਦੀ ਕਾਣ

कनसुई–ਕਨਸੁਈ, ਇ., ਆਹਟ, ਬਿੜਕ, ਖੜਾਕ

कनसुर–ਕਨਸੁਰ, ਵਿ., ਨਾਰਾਜ਼, ਗੁੱਸੇ

कनहा–ਕਨਹਾ, ਪੁ., ਫਸਲ ਦੀ ਪੈਦਾਵਾਰ ਦਾ ਅੰਦਾਜ਼ਾ ਲਾਉਣ ਵਾਲਾ

कनहार–ਕਨਹਾਰ, ਪੁ., ਮਲਾਹ

कना–ਕਨਾ, ਪੁ., ਦੇਖੋ, ਕਨ (कन)

कनाई–ਕਨਾਈ, ਇ., ਗੰਦਲ, ਕੂਲੀ ਲਗਰ, ਨਰਮ ਟਾਹਣੀ

कनागत–ਕਨਾਗਤ, ਪੁ., ਅਸੂ ਦਾ ਸਰਾਧਾਂ ਦਾ ਪੱਖ

कनात–ਕਨਾਤ, ਇ., ਕਪੜੇ ਦਾ ਮੋਟਾ ਪੜਦਾ, ਵਾੜ, ਓਟ

कनार–ਕਨਾਰ, ਪੁ., ਘੋੜੇ ਦੀ ਪਰਸਿੱਧ ਬੀਮਾਰੀ

कनारी–ਕਨਾਰੀ, ਇ., ਕੰਨੀ, ਮਦਰਾਸ ਦੇ ਕਨਾੜਾ ਜ਼ਿਲੇ ਦੀ ਬੋਲੀ, ਕਨਾੜੀ

कनावड़ा–ਕਨਾਵੜਾ, ਪੁ., ਧੰਨਵਾਦੀ, ਅਹਿਸਾਨਮੰਦ, ਮਸ਼ਕੂਰ, ਕਿਰਤੱਗ

कनासी–ਕਨਾਸੀ, ਇ., ਆਰਾ ਤੇਜ ਕਰਨ ਦਾ ਟਕੋਰਾ, ਰੇਤੀ

कनिक–ਕਨਿਕ, ਇ., ਕਣਕ ਦਾ ਮੋਟਾ ਆਟਾ

कनिका–ਕਨਿਕਾ, ਇ., ਦੇਖੋ ਕਣਿਕਾ (कणिका)

कनिगर–ਕਨਿਗਰ, ਪੁ.. ਆਪਣੀ ਇਜ਼ਤ ਕਾਇਮ ਰਖਣ ਵਾਲਾ

कनियां–ਕਨਿਯਾਂ, ਇ., ਗੋਦ, ਗੋਦੀ

कनियाना–ਕਨਿਯਾਨਾ, ਕ੍ਰਿ., ਸਾਥ ਛੱਡਨਾ, ਕਤਰਾਉਣਾ, ਅੱਖ ਬਚਾ ਕੇ ਭੱਜਣਾ, ਪਤੰਗ ਦਾ ਇਕ ਪਾਸੇ ਝੁਕ ਜਾਣਾ, ਕੰਨੀ ਖਾਣੀ, ਗੋਦ ਲੈਣਾ

कनियार–ਕਨਿਯਾਰ, ਪੁ., ਇਕ ਕਿਸਮ ਦਾ ਰੁੱਖ

कनिष्क–ਕਨਿਸ਼ਕ, ਪੁ., ਇਕ ਪੁਰਾਣੇ ਰਾਜੇ ਦਾ ਨਾਉਂ

कनिष्ठ–ਕਨਿਸ਼ਠ, ਵਿ., ਛੋਟਾ, ਛੋਟੀ ਉਮਰ ਵਾਲਾ

कनिष्ठता–ਕਨਿਸ਼ਠਤਾ, ਇ., ਛੁਟਾਈ, ਛੋਟਾਪਣ

कनिष्ठा–ਕਨਿਸ਼ਠਾ, ਇ., ਚੀਚੀ ਉਂਗਲ, ਅਜੇਹੀ ਨਾਇਕਾ ਜਿਸ ਨੂੰ ਮਾਲਕ ਦਾ ਬਹੁਤ ਥੋੜਾ ਪਿਆਰ ਭਰੇ, ਵਿ., ਸਭ ਤੋਂ ਛੋਟੀ

कनिष्ठिका–ਕਨਿਸ਼ਠਿਕਾ, ਇ., ਸਭ ਤੋਂ ਛੋਟੀ ਉਂਗਲ, ਚੀਚੀ ਉਂਗਲ

कनी–ਕਨੀ, ਇ., ਹੀਰੇ ਦਾ ਕਣ, ਚੌਲ ਦਾ ਵਿਚਕਾਰਲਾ ਹਿੱਸਾ ਬੂੰਦ, ਮੀਂਹ ਦੀ ਛਿੱਟ, ਛੋਟਾ ਟੁਕੜਾ

कनीनिका–ਕਨੀਨਿਕਾ, ਇ.. ਅਖ ਦੀ ਪੁਤਲੀ, ਕੁੜੀ, ਗੁੱਡੀ, ਕੀਚੀ ਉਂਗਲ, ਕਠ ਪੁਤਲੀ

कनु–ਕਨੁ, ਪੁ., ਕਣ, ਦਾਣਾ, ਟੁਕੜਾ, ਤਾਕਤ, ਬਲ, ਕਿਣਕਾ

कने–ਕਨੇ, ਕ੍ਰਿ. ਵਿ., ਕੋਲ. ਨੇੜੇ, ਪਾਸੇ, ਲਵੇ, ਕਬਜ਼ੇ ਵਿਚ

कनेखी–ਕਨੇਖੀ, ਇ., ਅੱਖ ਦਾ ਇਸ਼ਾਰਾ

कनेठा–ਕਨੇਠਾ, ਪੁ., ਕੋਹਲੂ ਵਿਚ ਲਗੀ ਲੱਕੜ ਜੋ ਚਹੁੰਆਂ

काय–ਕਾਯ, ਪੁ., ਸਰੀਰ, ਦੇਹ, ਮੂਰਤੀ ਸਮੂਹ, ਸੁਭਾਉ, ਆਦਤ, ਘਰ, ਬ੍ਰਹਮਾ, ਨਿਸ਼ਾਨ, ਮੂਲਧਨ, ਰੁੱਖ ਦਾ ਤਣਾ, ਤੀਰਥ

कायजा–ਕਾਯਜਾ, ਪੁ., ਲਗਾਮ ਦੀ ਡੋਰੀ, ਰਾਸ, ਵਾਗ

कायथ–ਕਾਯਥ, ਪੁ., ਇਕ ਜਾਤ, ਕੈਥ

कायदा–ਕਾਯਦਾ, ਪੁ., ਨਿਯਮ, ਰੀਤ, ਢੰਗ, ਵਿਧੀ, ਤਰੀਕਾ, ਵਿਧਾਨ, ਕਾਨੂੰਨ

कायफल–ਕਾਯਫਲ, ਪੁ., ਇਕ ਰੁੱਖ ਜਿਸ ਦਾ ਛਿਲਕਾ ਦਵਾਈ ਦੇ ਵਿਚ ਵਰਤਿਆ ਜਾਂਦਾ ਹੈ

कायम–ਕਾਯਮ, ਵਿ., ਮੁਕੱਰਰ, ਲਗਿਆ ਹੋਇਆ, ਠਹਿਰਿਆ

ਹੋਇਆ, ਸਮਾਨ, ਬਰਾਬਰ

कायर–ਕਾਯਰ, ਪੁ., ਡਰਪੋਕ, ਕਮਦਿਲਾ, ਬੁਜ਼ਦਿਲ

कायरता–ਕਾਯਰਤਾ, ਇ., ਡਰਪੋਕਪਣ, ਕਮਦਿਲੀ

कायली–ਕਾਯਲੀ, ਇ., ਸ਼ਰਮ, ਲਾਜ

कायस्थ–ਕਾਯਸਥ, ਪੁ., ਸਰੀਰ ਵਿਚ ਰਹਿਣ ਵਾਲਾ ਰੱਬ, ਇਕ ਜਾਤ ਜੋ ਚਿਤ੍ਰਗੁਪਤਦੇਵ ਨੂੰ ਆਪਣਾ ਆਦਿ ਪੁਰਖ ਮੰਨਦੀ ਹੈ

कायस्था–ਕਾਯਸਥਾ, ਇ., ਵੱਡੀ ਇਲਾਇਚੀ, ਤੁਲਸੀ, ਔਲਾ, ਹਰੜ

काया–ਕਾਯਾ, ਇ., ਸਰੀਰ, ਦੇਹ

कायाकल्प–ਕਾਯਾਕਲਪ, ਪੁ., ਦਵਾ ਦੀ ਵਰਤੋਂ ਨਾਲ ਬੁਢੇ ਨੂੰ ਜੁਆਨ ਬਣਾਉਣ ਦਾ ਢੰਗ

कायापलट–ਕਾਯਾਪਲਟ, ਇ., ਬਦਲ, ਵੱਡਾ ਹੇਰ ਫੇਰ, ਇਕ ਸਰੀਰ ਦੇ ਰੂਪ ਨੂੰ ਦੂਜੇ ਸਰੀਰ ਵਿਚ ਪਲਟਣ ਦਾ ਭਾਵ

कायिक–ਕਾਯਿਕ, ਵਿ., ਸਰੀਰ ਸਬੰਧੀ, ਸਰੀਰ ਤੋਂ ਪੈਦਾ ਕੀਤਾ ਹੋਇਆ, ਸਰੀਰ ਤੋਂ ਉਤਪੰਨ

कार–ਕਾਰ, ਪੁ., ਕਤਲ, ਨਿਸ਼ਚੈ, ਕੰਮ

कारक–ਕਾਰਕ, ਵਿ., ਕਰਨਵਾਲਾ, ਵਿਆਕਰਣ ਵਿਚ ਕ੍ਰਿਯਾ ਨਾਲ ਸਬੰਧ ਪਰਗਟ ਕਰਨ ਵਾਲੇ ਨੂੰ ਕਾਰਕ ਕਹਿੰਦੇ ਹਨ

कारख़ाना–ਕਾਰਖਾਨਾ, ਪੁ., ਉਹ ਥਾਂ ਜਿਥੇ ਕੋਈ ਚੀਜ ਬਣਾਈ ਜਾਂਦੀ ਹੈ, ਧੰਦਾ, ਕਾਰੋਬਾਰ, ਮਾਮਲਾ, ਨਜ਼ਾਰਾ, ਵਪਾਰ, ਕੰਮ, ਤਮਾਸ਼ਾ, ਦਫਤਰ

कारज-ਕਾਰਜ, ਪੁ., ਕੰਮ

कारटून–ਕਾਰਟੂਨ, ਪੁ., ਹਾਸਾ ਪੈਦਾ ਕਰਨ ਵਾਲੀ ਮੂਰਤ

कारड–ਕਾਰਡ, ਪੁ., ਚਿੱਠੀ ਲਿਖਣ ਦਾ ਮੋਟਾ ਕਾਗਜ਼, ਤਾਸ਼, ਖਤ

कारण–ਕਾਰਣ, ਪੁ., ਸਬੱਬ, ਵਜਹ, ਨਿਮਿੱਤ, ਮਿਸਾਲ, ਮੂਲ, ਜੜ. ਆਦਿ, ਸਰੀਰ, ਕੰਮ, ਕਾਰਵਾਈ

कारणमाला–ਕਾਰਣਮਾਲਾ, ਇ., ਇਕ ਅਲੰਕਾਰ

कारणविहीन–ਕਾਰਣਵਿਹੀਨ, ਵਿ., ਕਾਰਣ ਰਹਿਤ, ਬੇ ਸਬੱਬ

कारणा–ਕਾਰਣਾ, ਇ., ਪੀੜ, ਵੱਡਾ ਦੁਖ, ਤਕਲੀਫ, ਕਸ਼ਟ

कारणिक-ਕਾਵਣਿਕ, ਵਿ., ਪਰੀਖਿਆ ਲੈਣ ਵਾਲਾ, ਜਾਚ ਕਰਨ ਵਾਲਾ, ਪੜਤਾਲੀਆ

कारण्डव–ਕਾਰੰਡਵ, ਪੁ., ਇਕ ਤਰ੍ਹਾਂ ਦਾ ਹੰਸ, ਬੱਤਖ

कारन–ਕਾਰਨ, ਪੁ., ਸਬੱਬ, ਕਾਰਣ, ਮਿਹਰ, ਰਹਿਮ

कारनी–ਕਾਰਨੀ, ਵਿ., ਪਰੇਰਨਾ ਕਰਨ ਵਾਲਾ, ਭੇਦੀ, ਪੁ., ਰੱਬ, ਪਰਮਾਤਮਾ

कारा–ਕਾਰਾ, ਇ., ਜੇਲ੍ਹ, ਕੈਦਖਾਨਾ, ਬੰਨ੍ਹਣ, ਪੀੜਾ, ਕਸ਼ਟ, ਸ਼ਬਦ, ਦੁਖ, ਕਾਲਾ

कारागार, कारागृह–ਕਾਰਾਗਾਰ, ਕਾਰਾਗ੍ਰਿਹ, ਪੁ., ਕੈਦਖਾਨਾ, ਜੇਲ੍ਹ

कारापाल–ਕਾਰਾਪਾਲ, ਪੁ., ਜੇਲ੍ਹ ਦਾ ਦਰੋਗਾ

कारावास–ਕਾਰਾਵਾਸ, ਪੁ., ਕੈਦ, ਸਜ਼ਾ

कारिक–ਕਾਰਿਕ, ਪੁ., ਕਰਘੇ ਦਾ ਤਾਣਾ ਠੀਕ ਕਰਨ ਦੀ ਚਿਉਂਕਣੀ ਲੱਕੜੀ

क़ारिक–ਕ਼ਾਰਿਕ, ਵਿ., ਕੁਰਕੀ ਕਰਨ ਵਾਲਾ

कारिका–ਕਾਰਿਕਾ, ਇ., ਨਾਇਕਾ, ਕੰਮ, ਚੰਗੀ ਕਵਿਤਾ, ਨਟੀ, ਮਰਜਾਦਾ, ਹੱਦ

कारिख–ਕਾਰਿਖ, ਇ., ਸਿਆਹੀ, ਕਾਲਾਪਣ, ਕੱਜਲ, ਕਲੰਕ, ਧੱਬਾ, ਕਾਲਿਖ, ਕਾਲਸ

कारिणी–ਕਾਰਿਣੀ, ਇ., ਆਪਣਾ ਕਮ ਕਰਨ ਵਾਲੀ ਤੀਵੀਂ

कारी–ਕਾਰੀ, ਵਿ., ਕਰਨ ਵਾਲਾ, ਬਣਾਉਣ ਵਾਲਾ

कारीगर–ਕਾਰੀਗਰ, ਪੁ., ਹਥ ਨਾਲ ਕੰਮ ਕਰਨ ਵਾਲਾ, ਦਸਤਕਾਰ, ਵਿ., ਨਿਪੁਨ, ਹੁਨਰਮੰਦ

कारु–ਕਾਰੁ, ਵਿ., ਕਾਰੀਗਰ, ਦਸਤਕਾਰ

कारुण्य–ਕਾਰੁਣਯ, ਪੁ., ਮਿਹਰ, ਕਿਰਪਾ, ਕ੍ਰਿਪਾਲਤਾ

कारो–ਕਾਰੋ, ਵਿ., ਕਾਲਾ

कारोबार–ਕਾਰੋਬਾਰ, ਪੁ., ਕੰਮ ਕਾਜ, ਕੰਮ, ਧੰਧਾ

कार्क–ਕਾਰਕ, ਪੁ., ਦੇਖੋ ਕਾਕ (काक)

कार्ड–ਕਾਰਡ, ਪੁ., ਕਾਗਜ਼ ਦਾ ਟੁਕੜਾ, ਖਤ, ਚਿੱਠੀ

कार्तवीर्य–ਕਾਰਤਵੀਰਯ, ਪੁ., ਚੰਦ੍ਰਵੰਸੀ ਰਾਜਾ ਕ੍ਰਿਤਵੀਰਯ ਦਾ ਪੁੱਤਰ, ਸਹਸ੍ਰਾਰਜੁਨ

कार्तिक–ਕਾਰਤਿਕ, ਪੁ., ਬਾਰਾਂ ਮਹੀਨਿਆਂ ਵਿਚੋਂ ਸੱਤਵਾਂ ਮਹੀਨਾ, ਕੱਤਕ

कार्तिकेय–ਕਾਰਤਿਕੇਯ, ਵਿ., ਕ੍ਰਿਤਿਕਾ ਨਛੱਤਰ ਵਿਚ ਜੰਮਿਆ ਹੋਇਆ, ਪੁ., ਕਾਰਤਿਕ ਸਵਾਮੀ

कार्पण्य–ਕਾਰਪਣਯ, ਪੁ., ਸੂਮਪਣਾ, ਕੰਜੂਸੀ, ਦੀਨਤਾ, ਗਰੀਬੀ

कार्पास–ਕਾਰਪਾਸ, ਪੁ., ਕਪਾਹ ਦਾ ਬੂਟਾ

कार्मण–ਕਾਰਮਣ, ਪੁ., ਜਾਦੂ, ਟੂਣਾ, ਵਿ., ਚਤਰ, ਕੰਮ ਵਿਚ ਹੁਸ਼ਿਆਰ

कार्मुक-ਕਾਰਮੁਕ, ਪੁ., ਧਨੁਸ਼, ਧਨੁਸ਼ ਵਰਗਾ ਇਕ ਹਥਿਆਰ, ਬਾਂਸ, ਤਾੜਾ, ਚਿੱਟਾ ਖੈਰ, ਡੇਕ

कार्य–ਕਾਰਯ, ਪੁ., ਕੰਮ, ਕਰਤੱਵ, ਵਪਾਰ, ਧੰਦਾ, ਫਲ, ਮਤਲਬ, ਨਤੀਜਾ, ਵਿ., ਕਰਨ ਜੋਗ

कार्यकर्ता–ਕਾਰਯਕਰਤਾ, ਵਿ., ਕੰਮ ਕਰਨ ਵਾਲਾ, ਕਰਮਚਾਰੀ, ਕਾਮਾ

कार्यकारण–ਕਾਰਯਕਾਰਣ, ਪੁ., ਕਾਰਜ ਅਤੇ ਕਾਰਣ ਦਾ ਪਰਸਪਰ ਸਬੰਧ

कार्यकारणभाव–ਕਾਰਯਕਾਰਣਭਾਵ, ਪੁ., ਕਾਰਯ ਤੇ ਕਾਰਣ ਦਾ ਸਬੰਧ

कार्यकारी–ਕਾਰਯਕਾਰੀ, ਵਿ., ਕੰਮ ਕਰਨ ਵਾਲਾ, ਕਾਮਾ, ਕਰਮਚਾਰੀ

कार्यकुशल–ਕਾਰਯਕੁਸ਼ਲ, ਵਿ., ਕੰਮ ਵਿਚ ਹੁਸ਼ਿਆਰ ਕਾਰੀਗਰ

कार्यवश–ਕਾਰਜਵਸ਼, ਕ੍ਰਿ. ਵਿ., ਕੰਮ ਦੇ ਸਬੱਬ ਨਾਲ

कार्यशेष–ਕਾਰਜਸ਼ੇਸ਼, ਪੁ., ਕੰਮ ਦੀ ਬਾਕੀ

कार्यसाधक–ਕਾਰਜਸਾਧਕ, ਵਿ., ਕੰਮ ਪੂਰਾ ਕਰਨ ਵਾਲਾ

कार्यसाधन–ਕਾਰਜਸਾਧਨ, ਪੁ., ਕਾਰਜ ਸਿੱਧੀ, ਕਾਮਿਆਬੀ, ਸਫਲਤਾ

कार्यहन्ता–ਕਾਰਜਹੰਤਾ, ਵਿ., ਕੰਮ ਵਿਗਾੜਨ ਵਾਲਾ

कार्याधिकारी–ਕਾਰਜਾਧਿਕਾਰੀ, ਪੁ., ਅਫਸਰ, ਅਹਿਲਕਾਰ

कार्यान्तर–ਕਾਰਜਾਂਤਰ, ਪੁ., ਦੂਜਾ ਕੰਮ, ਹੋਰ ਕੰਮ

कार्यार्थी–ਕਾਰਜਾਰਥੀ, ਵਿ., ਆਸ਼ਾਵਾਨ, ਕੰਮ ਹੋਣ ਦੀ ਇੱਛਿਆ ਵਾਲਾ, ਉਮੀਦਵਾਰ, ਪੈਰੋਕਾਰ

कार्यालय–ਕਾਰਜਾਲਯ, ਪੁ., ਕੰਮ ਦੀ ਥਾਂ, ਕਾਰਖਾਨਾ, ਦਫਤਰ

कार्षापण–ਕਾਰਸ਼ਾਪਣ, ਪੁ., ਪੁਰਾਣੇ ਸਮੇਂ ਦੀ ਇਕ ਮੁਹਰ

काल–ਕਾਲ, ਪੁ., ਮੌਤ, ਮਹਾ ਕਾਲ, ਸਮਾ, ਸ਼ਨੀ ਗ੍ਰਹਿ, ਸ਼ਿਵ, ਵਿਸ਼ਨੂੰ, ਜਮ, ਮੌਕਾ, ਅੰਨ ਦਾ ਨਾ ਹੋਣ, ਮਹਿੰਗਾਈ, ਕਾਲਾ ਰੰਗ

कालण्ठ–ਕਾਲੰਠ, ਪੁ., ਅੰਨ੍ਹਾ ਕਾਂ, ਸ਼ਿਵ, ਮਹਾਦੇਵ, ਮੋਰ, ਮਮੋਲਾ, ਜਲਮੁਰਗਾ

काल कर्णिका–ਕਾਲ ਕਰਣਿਕਾ, ਇ., ਗਰੀਬੀ, ਨਿਰਧਨਤਾ, ਕੰਗਾਲੀ

कालधर्म–ਕਾਲਧਰਮ, ਪੁ., ਮੌਤ

कालिका–ਕਾਲਿਕਾ, ਇ., ਕੱਸ਼ਪ ਦੀ ਤੀਵੀਂ

कालकुण्ठ–ਕਾਲਕੁੰਠ, ਪੁ., ਜਮ

कालकूट–ਕਾਲਕੂਟ, ਪੁ., ਇਕ ਜ਼ਹਿਰ, ਇਕ ਪਹਾੜ

कालकूटक–ਕਾਲਕੂਟਕ, ਪੁ., ਕੁਚਲੇ ਦਾ ਰੁੱਖ, ਸ਼ਿਵ, ਮਹਾਦੇਵ

कालकेशी–ਕਾਲਕੇਸ਼ੀ, ਇ., ਕਾਲੇ ਵਾਲਾਂ ਵਾਲੀ ਤੀਵੀਂ

कालकोठरी–ਕਾਲਕੋਠਰੀ, ਇ., ਕੈਦਖਾਨੇ ਦੀ ਭੀੜੀ ਤੇ ਹਨੇਰੀ ਕੋਠੜੀ ਜਿਸ ਵਿਚ ਵਖੋ ਵਖ ਰਹਿਣ ਵਾਲੇ ਕੈਦੀ ਬੰਦ ਕੀਤੇ ਜਾਂਦੇ ਹਨ

कालखण्ड–ਕਾਲਖੰਡ, ਪੁ., ਜਿਗਰ, ਕਲੇਜਾ, ਕਲੇਜੇ ਦਾ ਇਕ ਰੋਗ

कालगङ्गा–ਕਾਲਗੰਗਾ, ਇ., ਜਮਨਾ ਨਦੀ

कालगण्डैत–ਕਾਲਗੰਡੈਤ, ਪੁ., ਕਾਲੀ ਚਿੱਤੀਆਂ ਵਾਲਾ ਸੱਪ

कालचक्र–ਕਾਲਚੱਕ੍ਰ, ਪੁ., ਸਮੇ ਦਾ ਉਲਟ ਫੇਰ, ਇਕ ਖਾਸ ਹਥਿਆਰ

कालज्ञ–ਕਾਲਗਜ, ਪੁ., ਕੁਕੜ, ਮੁਰਗਾ, ਵਿ., ਠੀਕ ਸਮੇ ਨੂੰ ਜਾਣਨ ਵਾਲਾ, ਜੋਤਸ਼ੀ

कालज्ञान–ਕਾਲਗਜਾਨ, ਪੁ., ਮਰਣ ਸਮੇ ਦਾ ਗਿਆਨ

कालञ्जर–ਕਾਲੰਜਰ, ਵਿ., ਮੌਤ ਨੂੰ ਹਟਾਉਣ ਵਾਲਾ

कालत्रय–ਕਾਲਤ੍ਰਯ, ਪੁ., ਭੂਤ ਭਵਿੱਖ ਤੇ ਵਰਤਮਾਨ ਕਾਲ, ਤੀਹੋਂ ਨਾਲ

कालदण्ड–ਕਾਲਦੰਡ, ਪੁ., ਮੌਤ ਦਾ ਲਫੇੜਾ, ਮੌਤ ਦਾ ਡੰਡਾ

कालनाग–ਕਾਲਨਾਗ, ਪੁ., ਕਾਲਾ ਸੱਪ ਜਿਸ ਦੇ ਕੱਟਣ ਨਾਲ ਮੌਤ ਜ਼ਰੂਰੀ ਹੁੰਦੀ ਹੈ

कालनाथ–ਕਾਲਨਾਥ, ਪੁ., ਮਹਾਦੇਵ, ਭੈਰਵ

कालनिशा–ਕਾਲਨਿਸ਼ਾ, ਇ., ਦੀਵਾਲੀ ਦੀ ਰਾਤ, ਅਨ੍ਹੇਰੀ ਰਾਤ, ਮੌਤ ਦੀ ਰਾਤ

कालनेमि–ਕਾਲਨੇਮਿ, ਪੁ., ਰੌਣ ਦਾ ਮਾਮਾ, ਇਕ ਰਾਖਸ਼ ਜਿਸ ਨੇ ਦੇਵਤਿਆਂ ਨੂੰ ਜਿਤ ਕੇ ਸੁਰਗ ਤੇ ਅਧਕਾਰ ਜਮਾ ਲਿਆ ਸੀ

कालपर्णी–ਕਾਲਪਰਣੀ, ਇ., ਕਾਲੀ ਤੁਲਸੀ

कालपाश–ਕਾਲਪਾਸ਼, ਪੁ., ਸਮੇ ਦਾ ਬੰਨ੍ਹਣ, ਮੌਤ ਦਾ ਫੰਦਾ, ਫਾਂਸੀ, ਵੇਲੇ ਦਾ ਉਹ ਨਿਯਮ ਜਿਸ ਕਰਕੇ ਭੂਤ ਪਰੇਤ ਬੰਨ੍ਹੇ ਰਹਿੰਦੇ ਹਨ ਅਤੇ ਕਿਸੇ ਤਰ੍ਹਾਂ ਦਾ ਰੌਲਾ ਨਹੀਂ ਪਾਉਂਦੇ

कालपुरुष–ਕਾਲਪੁਰੁਸ਼, ਪੁ., ਪਰਮੇਸ਼ਰ ਦਾ ਵਿਰਾਟ ਰੂਪ, ਜਮ

कालबूत–ਕਾਲਬੂਤ, ਪੁ., ਲਕੜ ਦਾ ਸੰਚਾ, ਜੁੱਤੀ ਸੀਉਣ ਦਾ ਚਮਾਰ ਦਾ ਫਰਮਾ, ਰੱਸੀ ਵੱਟਨ ਦਾ ਫੰਦਾ

कालभक्ष–ਕਾਲਭਕਸ਼, ਪੁ., ਮਹਾਦੇਵ, ਸ਼ਿਵ

कालभैरव–ਕਾਲਭੈਰਵ, ਪੁ., ਸ਼ਿਵ ਦੇ ਮੁਖੀ ਗਣਾਂ ਵਿਚੋਂ ਇਕ ਗਣ

कालमेघ–ਕਾਲਮੇਘ, ਪੁ., ਇਕ ਬੂਟੀ

कालयवन–ਕਾਲਯਵਨ, ਪੁ., ਇਕ ਰਾਜਾ ਜਿਸ ਨੇ ਮਥੁਰਾ ਵਿਚ ਜਰਾਸੰਧ ਨਾਲ ਜੁਧ ਕੀਤਾ ਸੀ

कालयापन–ਕਾਲਯਾਪਨ, ਪੁ., ਵੇਲਾ ਲੰਘਾਉਣ, ਗੁਜ਼ਾਰਾ, ਵਕਤ ਟਪਾਉਣ

कालर–ਕਾਲਰ, ਪੁ., ਕੁੜਤੇ ਦੇ ਗਲੇ ਦੇ ਚੰਦ ਪਾਸੀਂ ਲਗਾਉਣ ਦੀ ਪਟੀ

कालरात्रि–ਕਾਲਰਾਤ੍ਰਿ, ਇ., ਪਰਲੋਂ ਦੀ ਰਾਤ ਜਿਸ ਵਿਚ ਸਾਰੀ ਸ੍ਰਿਸ਼ਟੀ ਨਾਸ ਹੋ ਜਾਂਦੀ ਹੈ, ਹਨੇਰੀ ਤੇ ਡਰਾਉਣੀ ਰਾਤ, ਦੀਵਾਲੀ ਦੀ ਰਾਤ,ਦੁਰਗਾ ਦੀ ਇਕ ਮੂਰਤੀ,ਜਮਰਾਜ ਦੀ ਭੈਣ, ਮਨੁੱਖ ਦੀ ਉਮਰ ਵਿਚ ੭੭ ਸਾਲ ੭ਵਾਂ ਮਹੀਨਾ ੭ਵੇਂ ਦਿਨ ਦੀ ਰਾਤ ਇਸ ਤੋਂ ਮਗਰੋਂ ਮਨੁੱਖ ਨਿਤਨੈਮਿਤਕ ਕਰਮ ਤੋਂ ਛੁਟਕਾਰਾ ਪਾਉਂਦਾ ਹੈ

कालसार–ਕਾਲਸ਼ਾਰ, ਪੁ., ਕਾਲਾ ਹਿਰਣ, ਕਾਲੀ ਤੁਲਸੀ, ਹੜਤਾਲ

कालसूत्र–ਕਾਲਸੂਤ੍ਰ, ਪੁ., ਫਾਂਸੀ ਦੀ ਰੱਸੀ

काला–ਕਾਲਾ, ਵਿ., ਸਿਆਹ, ਬੁਰਾ, ਕਾਲਾ ਸੱਪ

काला कलूटा–ਕਾਲਾਕਲੂਟਾ, ਵਿ., ਬਹੁਤ ਕਾਲੇ ਰੰਗ ਦਾ

कालाचोर–ਕਾਲਾਚੋਰ, ਪੁ., ਚਤੁਰ ਚੋਰ, ਬੁਰਾ ਮਨੁੱਖ, ਭੈੜਾ ਆਦਮੀ

कालाजीरा–ਕਾਲਾਜੀਤਾ, ਪੁ., ਇਕ ਤਰ੍ਹਾਂ ਦਾ ਧਾਨ

कालातिक्रम–ਕਾਲਾਤਿਕ੍ਰਮ, ਪੁ., ਵੇਲਾ ਕੱਢਣ ਦਾ ਕੰਮ

कालात्यय–ਕਾਲਾਤਜਯ, ਪੁ., ਸਮੇ ਦਾ ਖਰਾਬ ਕਰਨ, ਵੇਲੇ ਦੀ ਬਰਬਾਦੀ

कालादाना–ਕਾਲਾਦਾਨਾ, ਪੁ., ਇਕ ਤਰ੍ਹਾਂ ਦੀ ਵੇਲ ਜਿਸ ਨੂੰ ਨੀਲਾ ਫੁੱਲ ਲਗਦਾ ਹੈ ਇਸ ਦੇ ਫੁੱਲ ਤੇ ਬੀਜ ਦਸਤਾਵਰ ਹੁੰਦੇ ਹਨ, ਸਤਿਆਨਾਸੀ

कालाध्यक्ष–ਕਾਲਾਧਜਕਸ਼, ਪੁ., ਸੂਰਜ

कालान्तक–ਕਾਲਾਂਤਕ, ਪੁ., ਜਮਰਾਜ

कालान्तर–ਕਾਲਾਂਤਰ, ਪੁ., ਦੂਜਾ ਸਮਾ, ਉਤਪੱਤੀ ਦੇ ਮਗਰੋਂ ਦਾ ਸਮਾ

कालाप–ਕਾਲਾਪ, ਪੁ., ਸੱਪ ਦਾ ਫਣ, ਰਾਖਸ਼

काला पानी–ਕਾਲਾ ਪਾਨੀ, ਪੁ., ਦੇਸ਼ ਨਿਕਾਲੇ ਦੀ ਸਜ਼ਾ, ਜਲਾਵਤਨੀ, ਅੰਡੇਮਾਨ ਅਤੇ ਨਿਕੋਬਾਰ ਟਾਪੂ ਜਿਥੇ ਦੇਸ ਨਿਕਾਲੇ ਦੇ ਕੈਦੀ ਘੱਲੇ ਜਾਂਦੇ ਸਨ

कालाभ्र–ਕਾਲਾਭ੍ਰ, ਪੁ., ਕਾਲਾ ਬੱਦਲ, ਸ਼ਰਾਬ

काला मोहरा–ਕਾਲਾ ਮੋਹਰਾ, ਪੁ., ਇਕ ਤਰ੍ਹਾਂ ਦਾ ਜਹਰੀਲਾ ਬੂਟਾ

कालावधि–ਕਾਲਾਵਧਿ, ਪੁ., ਨਿਯਤ ਸਮਾ, ਮੁਕੱਰਰ ਵਕਤ

कालिका–ਕਾਲਿਕਾ, ਇ., ਕਾਲੀ, ਚੰਡਿਕਾ, ਚੰਡੀ, ਰੋਮ, ਨਵਾਂ ਬੱਦਲ, ਕਾਂ ਦੀ ਮਦੀਣ, ਜਟਾਮਾਸੀ, ਗਿਦੜੀ, ਦੁੱਧ ਦਾ ਕੀੜਾ, ਸਿਆਹੀ. ਸ਼ਰਾਬ, ਸੋਨੇ ਦਾ ਖੋਟ, ਕਾਕੜਾ ਸਿੰਗੀ, ਬਿਛੂਆ ਬੂਟੀ. ਕਕੜੀ ਦੀ ਵੇਲ, ਨੀਲ ਦਾ ਰੁੱਖ, ਬਿੱਛੂ

कालिका पुराण–ਕਾਲਿਕਾ ਪੁਰਾਣ, ਪੁ., ਇਕ ਉਪ ਪੁਰਾਣ ਜਿਸ ਵਿਚ ਕਾਲੀ ਦੇਵੀ ਦਾ ਮਹਾਤਮ ਵਰਣਨ ਕੀਤਾ ਹੈ

कालिख–ਕਾਲਿਖ, ਇ., ਸਿਆਹੀ, ਕਾਲਾਪਣ,

कालिङ्ग–ਕਾਲਿੰਗ, ਪੁ., ਉੜੀਸਾ ਨਾਮੀ ਦੇਸ, ਇਕ ਤਰ੍ਹਾਂ ਦਾ ਮਤੀਰਾ, ਹਾਥੀ, ਸੱਪ, ਇਕ ਤਰ੍ਹਾਂ ਦਾ ਲੋਹਾ, ਇੰਦਰ ਜੌਂ, ਕਾਲਿੰਗ ਦੇਸ ਦਾ ਰਾਜਾ

कालिङ्गी–ਕਾਲਿੰਗੀ, ਇ., ਕਕੜੀ, ਤਰ

कालिज–ਕਾਲਿਜ, ਪੁ., ਵੱਡਾ ਵਿਦਿਆਲਾ, ਪਾਠਸ਼ਾਲਾ ਜਿਸ ਵਿਚ ਉਚੇਰੀ ਸਿੱਖਿਆ ਦਿਤੀ ਜਾਂਦੀ ਹੈ

कालिञ्जर–ਕਾਲਿੰਜਰ, ਪੁ., ਉੱਤਰ ਪਰਦੇਸ ਦੇ ਬਾਂਦਾ ਜ਼ਿਲੇ ਦਾ ਇਕ ਨਗਰ ਪੁਰਾਨੇ ਜ਼ਮਾਨੇ ਤੋਂ ਇਹ ਤੀਰਥ ਮੰਨਿਆ ਜਾਂਦਾ ਹੈ

कालिदास–ਕਾਲਿਦਾਸ, ਪੁ., ਭਾਰਤ ਦੇ ਪਰਸਿੱਧ ਮਹਾ ਕਵੀ ਦਾ ਨਾਉਂ

कालिन्द–ਕਾਲਿੰਦ, ਪੁ., ਮਤੀਰਾ, ਤਰਬੂਜ਼

कालिन्दी–ਕਾਲਿੰਦੀ, ਇ., ਜਮਨਾ ਨਦੀ, ਕ੍ਰਿਸ਼ਣ ਦੀ ਪਤਨੀ

कालिमा–ਕਾਲਿਮਾ, ਇ., ਸਿਆਹੀ, ਕਾਲਾਪਣ, ਮੈਲ, ਕਲੰਕ, ਧੱਬਾ

कालिय–ਕਾਲਿਯ, ਪੁ., ਇਕ ਸੱਪ ਜਿਸ ਨੂੰ ਸ੍ਰੀ ਕ੍ਰਿਸ਼ਣ ਨੇ ਆਪਣੇ ਕਾਬੂ ਕੀਤਾ ਸੀ, ਕਲਜੁਗ

काली–ਕਾਲੀ, ਇ., ਦੁਰਗਾ, ਪਾਰਵਤੀ, ਕਾਲੀ ਦੇਵੀ, ਅਗਨੀ, ਰਾਤ, ਘਟਾ, ਸਿਆਹੀ, ਕਾਲੀ ਤੀਵੀਂ, ਕਾਲਾ ਜੀਰਾ

कालीक–ਕਾਲੀਕ, ਪੁ., ਇਕ ਤਰ੍ਹਾਂ ਦਾ ਬਗਲਾ. ਕੂੰਜ ਪੰਛੀ

कालीघटा–ਕਾਲੀਘਟਾ, ਇ., ਕਾਲਾ ਬੱਦਲ. ਮੀਂਹ ਪੈਣ ਦੀ ਹਾਲਤ

कालीजीरी–ਕਾਲੀਜੀਰੀ, ਇ., ਛੋਟੀ ਜੀਰੀ, ਇਕ ਦਵਾਈ

कालीदह–ਕਾਲੀਦਹ. ਪੁ., ਬ੍ਰਿੰਦਾਵਨ ਵਿਚ ਜਮਨਾ ਦੇ ਜਿਸ ਹਿੱਸੇ ਵਿਚ ਕਾਲੀ ਨਾਗ ਰਹਿੰਦਾ ਸੀ ਉਹ ਹਿਸਾ

कालीन–ਕਾਲੀਨ, ਵਿ., ਇਹ ਸ਼ਬਦ ਵਿਅਕਤੀ ਦੀ ਤਰ੍ਹਾਂ ਇਸੀ ਅਰਥ ਵਿਚ ਵਰਤਿਆ ਜਾਂਦਾ ਹੈ, ਜਿਕੁਰ ਪੂਰਬ ਕਾਲੀਨ, ਉੱਤਰ ਕਾਲੀਨ ਆਦਿ

काली शीतला–ਕਾਲੀ ਸ਼ੀਤਲਾ, ਇ., ਕਾਲੇ ਦਾਣਿਆਂ ਵਾਲੀ ਮਾਤਾ

कालू–ਕਾਲੂ, ਇ., ਉਹ ਮੱਛੀ ਜੋ ਸਿੱਪ ਵਿਚ ਹੁੰਦੀ ਹੈ

कालेय–ਕਾਲੇਯ, ਵਿ., ਸਵੇਰੇ ਕੀਤਾ ਜਾਣ ਵਾਲਾ

काल्पनिक–ਕਾਲਪਨਿਕ, ਵਿ., ਖਿਆਲੀ, ਅੰਦਾਜ਼ੇ ਨਾਲ ਮੰਨਿਆ ਹੋਇਆ

कावर–ਕਾਵਰ, ਪੁ., ਛੋਟਾ ਬਰਛਾ

कावरी–ਕਾਵਰੀ ਇ., ਰੱਸੇ ਦਾ ਫੰਦਾ

कावेर–ਕਾਵੇਰ, ਪੁ., ਕੇਸਰ, ਰੋਲੀ, ਗੁਲਾਲ

कावेरी–ਕਾਵੇਰੀ, ਇ., ਇਕ ਪਰਸਿੱਧ ਨਦੀ

काव्य–ਕਾਵਜ, ਪੁ., ਕਵਿਤਾ ਗ੍ਰੰਥ, ਮਿੱਠਾ ਵਚਨ, ਮਿੱਠੀ ਬੋਲੀ. ਖੁਸ਼ੀ, ਸੁੱਖਸਾਂਦ, ਅਕਲਮੰਦੀ, ਸੁੰਦਰ ਵਾਕ ਰਚਨਾ, ਵਿ., ਕਵੀ ਦੇ ਗੁਣ ਰਖਣ ਵਾਲਾ

काव्यचोर–ਕਾਵਜਚੋਰ. ਪੁ., ਦੂਸਰੇ ਦੀ ਰਚੀਆਂ ਕਵਿਤਾਵਾਂ ਨੂੰ ਆਪਣੀਆਂ ਦਸਣ ਵਾਲਾ

काव्यलिङ्ग–ਕਾਵਜਲਿੰਗ, ਪੁ., ਉਹ ਅਰਥਾਲੰਕਾਰ ਜਿਸ ਵਿਚ ਕਹੀ ਹੋਈ ਗੱਲ ਦਾ ਕਾਰਣ ਵਾਕ ਜਾਂ ਪਦ ਰਾਹੀਂ ਦਿਖਾਇਆ ਜਾਂਦਾ ਹੈ

काव्यहास्य–ਕਾਵਜਹਾਸਜ, ਪੁ., ਨਕਲ, ਹਾਸਾ, ਠੱਠਾ,

काश–ਕਾਸ਼, ਇ., ਇਕ ਤਰ੍ਹਾਂ ਦਾ ਘਾਹ, ਖੰਘ, ਖਾਂਸੀ

काशिप–ਕਾਸ਼ਿਪ, ਪੁ., ਸ਼ਿਵ, ਮਹਾਦੇਵ, ਕਾਸ਼ੀ ਦਾ ਰਾਜਾ

काशी–ਕਾਸ਼ੀ, ਇ., ਬਨਾਰਸ, ਭਾਰਤ ਦਾ ਇਕ ਪਰਸਿੱਧ ਸ਼ਹਿਰ

काशी करवट–ਕਾਸ਼ੀ ਕਰਵਟ, ਪੁ., ਇਕ ਤੀਰਥ ਜਿਥੇ ਪੁਰਾਣੇ ਜ਼ਮਾਨੇ ਦੇ ਲੋਗ ਆਰੇ ਦੇ ਹੇਠਾਂ ਕਟ ਕੇ ਮਰ ਜਾਣਾ ਮੁਕਤੀ ਸਮਝਦੇ ਸਨ

काशेय–ਕਾਸ਼ੇਯ, ਵਿ., ਕਾਸ਼ੀ ਵਿਚ ਜੰਮਿਆ ਹੋਇਆ,ਕਾਸ਼ੀ ਦਾ

काश्त–ਕਾਸ਼੍ਤ, ਇ., ਖੇਤੀ, ਫਸਲ

काश्तकार–ਕਾਸ਼ਤਕਾਰ, ਪੁ., ਕਿਸਾਨ, ਕਾਮਾ

काश्मरी–ਕਾਸ਼ਮਰੀ, ਇ., ਗੰਭੀਰੀ ਨਾਉਂ ਦਾ ਰੁੱਖ ਇਸ ਦੀ ਜੜ ਦਵਾਈ ਵਿਚ ਵਰਤੀ ਜਾਂਦੀ ਹੈ

काश्यप–ਕਾਸ਼ਜਪ, ਪੁ., ਕਣਾਦ ਰਿਸ਼ੀ, ਇਕ ਗੋਤ

काश्यपि–ਕਾਸ਼ਜਪਿ, ਪੁ., ਸੂਰਜ ਦਾ ਰਥਬਾਹੀ, ਅਰੁਣ

काषाय–ਕਾਸ਼ਾਯ, ਵਿ., ਗੇਰੂਆ, ਭਗਵਾ, ਮਿੱਟੀ ਰੰਗਾ

काष्ठ–ਕਾਸ਼ਠ, ਪੁ., ਲਕੜ, ਕਾਠ, ਬਾਲਣ

काष्ठपुष्पा–ਕਾਸ਼ਠਪੁਸ਼ਪਾ, ਇ., ਕੇਤਕੀ ਦਾ ਰੁੱਖ

काष्ठफलक–ਕਾਸ਼ਠਫਲਕ, ਪੁ., ਲਕੜ ਦਾ ਤਖਤਾ

काष्ठा–ਕਾਸ਼ਠਾ, ਇ., ਹਾਲਤ, ਹੱਦ, ਵਡਿਆਈ, ਹਲਦੀ, ਪਾਸਾ, ਚੰਦਰਮਾ ਦੀ ਕਲਾ, ਤਰਫ

काष्ठागार–ਕਾਸ਼ਠਾਗਾਰ, ਪੁ., ਲਕੜ ਦਾ ਘਰ, ਕਾਠ ਦਾ ਮਕਾਨ

काष्ठासन–ਕਾਸ਼ਠਾਸਨ, ਪੁ., ਲਕੜ ਦੀ ਚੋਕੀ, ਪੀੜ੍ਹਾ

कास–ਕਾਸ, ਪੁ., ਖੰਘ, ਖਾਂਸੀ, ਕਫ, ਇਕ ਘਾਹ

कासनी–ਕਾਸਨੀ, ਇ., ਇਕ ਬੂਟੀ, ਨੀਲਾ ਰੰਗ

कासर–ਕਾਸਰ, ਇ., ਕਾਲੀ ਭੇੜ ਜਿਸ ਦੇ ਢਿੱਡ ਦੇ ਲੂੰ ਲਾਲ ਹੁੰਦੇ ਹਨ, ਪੁ., ਵੱਡਾ ਤਲਾਉ, ਮਾਂਹ, ਸੰਘਾੜਾ

कास्टिक–ਕਾਸਟਿਕ, ਪੁ., ਸਾੜ ਦੇਣ ਵਾਲੀ ਚੀਜ਼, ਤਿਜ਼ਾਬ, ਨੀਲਾਥੋਥਾ

काह–ਕਾਹ, ਕ੍ਰਿ. ਵਿ., ਕੀ, ਕਿਹੜੀ ਚੀਜ਼

काहि–ਕਾਹਿ, ਸਰਵ., ਕਿਸ ਨੂੰ

काहिल–ਕਾਹਿਲ, ਵਿ., ਸੁਸਤ, ਕਮਜ਼ੋਰ, ਬੀਮਾਰ, ਆਲਸੀ, ਨਪੈਥਰ

काही–ਕਾਹੀ, ਵਿ., ਘਾਹ ਵਰਗੇ ਰੰਗ ਦਾ, ਕਾਲ਼ੇ ਹਰੇ ਰੰਗ ਦਾ

काहु–ਕਾਹੁ, ਸਰਵ., ਕਿਸੇ, ਕਿਸ

काहू–ਕਾਹੂ, ਪੁ., ਇਕ ਤਰ੍ਹਾਂ ਦੀ ਬੂਟੀ

काहे–ਕਾਹੇ, ਵਿ., ਕਿਉਂ, ਕਿਸ ਲਈ, ਕਾਹ ਤੋਂ

काहे को–ਕਾਹੇ ਕੋ, ਕ੍ਰਿ. ਵਿ., ਕਿਸ ਲਈ, ਕਿਉਂ, ਕਿਸ ਕਰਕੇ ਕਾਹ ਤੋਂ

किं–ਕਿੰ, ਅਵਜ., ਕੀ

किंगरी–ਕਿੰਗਰੀ. ਇ., ਛੋਟੀ ਸਾਰੰਗੀ ਵਰਗਾ ਇਕ ਵਾਜਾ

किंशुक–ਕਿੰਸ਼ੁਕ, ਪੁ., ਢਕ ਦਾ ਰੁੱਖ. ਕੇਸੂ. ਪਲਾਹ

किङ्किणी–ਕਿੰਕਿਣੀ, ਇ., ਛੋਟਾ ਘੁੰਗਰੂ. ਪੇਟੀ

किङ्कर–ਕਿੰਕਰ, ਪੁ., ਦਾਸ, ਨੌਕਰ, ਗੁਲਾਮ, ਸੇਵਾਦਾਰ

किङ्करी–ਕਿੰਕਰੀ, ਇ., ਦਾਸੀ, ਨੌਕਰਾਨੀ, ਗੋੱਲੀ

किङ्कर्तव्यता–ਕਿੰਕਰਤਵਜਤਾ, ਇ., ਕੀ ਕਰੀਏ ਕੀ ਨਾ ਕਰੀਏ ਇਹੋ ਜਿਹੀ ਚਿੰਤਾ

किङ्कर्तव्यविमूढ़–ਕਿੰਕਰਤਵਜਵਿਮੂੜ੍ਹ, ਵਿ., ਘਰਾਇਆ ਹੋਇਆ, ਹੈਰਾਨ ਪਰੇਸ਼ਾਨ

किङ्किर–ਕਿੰਕਿਰ, ਪੁ, ਹਾਥੀ ਦਾ ਮੱਥਾ, ਭੌਰਾ, ਕਾਮਦੇਵ ਕੋਇਲ

किचकिच–ਕਿਚਕਿਚ, ਇ., ਝੂਠਾ ਝਗੜਾ, ਫਜ਼ੂਲ ਬਕਵਾਦ, ਬਕਬਕ

किचकिचाना–ਕਿਚਕਿਚਾਨਾ, ਕ੍ਰਿ., ਗੁੱਸੇ ਨਾਲ ਦੰਦ ਪੀਹਣਾ, ਪਰੀ ਤਾਕਤ ਲਾਉਣਾ, ਗੁੱਸੇ ਹੋਣਾ

किञ्चन–ਕਿੰਚਨ, ਅਵਜ., ਮਾਮੂਲੀ, ਥੋੜਾ, ਕੁਝ

किञ्चित्–ਕਿੰਚਿਤ, ਅਵਜ., ਕਮ, ਥੋੜਾ, ਘਟ, ਮਾਮੂਲੀ

किञ्चिन्मात्र–ਕਿੰਚਿਤਮਾਤ੍ਰ, ਵਿ., ਥੋੜਾ ਜਿਹਾ, ਮਾਮੂਲੀ

किञ्जल्क–ਕਿੰਜਲਕ, ਪੁ., ਨਾਗਕੇਸਰ, ਕੰਵਲ, ਕੰਵਲ ਦਾ ਕੇਸਰ

किटकिट–ਕਿਟਕਿਟ, ਪੁ.. ਝਗੜਾ, ਝੰਝਟ. ਬਖੇੜਾ, ਬਕਬਕ

किटकिटाना–ਕਿਟਕਿਟਾਨਾ, ਕ੍ਰਿ., ਦੰਦ ਪੀਹਣਾ, ਕਿਚਕਿਚਾਉਨਾ

किटकिना–ਕਿਟਕਿਨਾ, ਪੁ., ਉਹ ਮੁਹਰ ਜਿਸ ਰਾਹੀਂ ਠੇਕੇਦਾਰ ਆਪਣਾ ਠੇਕਾ ਦੂਜੇ ਦੇ ਨਾਉਂ ਕਰ ਦਿੰਦਾ ਹੈ, ਸੁਨਿਆਰ ਦਾ ਠੱਪਾ, ਚਾਲਾਕੀ, ਹੁਸ਼ਿਆਰੀ

किटिम–ਕਿਟਿਮ, ਪੁ., ਵਾਲਾਂ ਦੀਆਂ ਜੂਆਂ

किट्ट–ਕਿੱਟ, ਪੁ., ਧਾਤ ਦੀ ਮੈਲ, ਜਰ, ਕੰਨ ਦੀ ਮੈਲ

किण–ਕਿਣ, ਪੁ., ਮਾਸ ਦੀ ਗੱਠ

कित–ਕਿਤ, ਕ੍ਰਿ. ਵਿ., ਕਿਥੇ, ਕਿਸ ਪਾਸੇ, ਕਿੱਧਰ

कितक–ਕਿਤਕ, ਕ੍ਰਿ. ਵਿ., ਕਿਤਨਾ, ਕਿਸ ਦਾ, ਕਿਵੇਂ, ਕਿੰਨਾਕੁ

कितना–ਕਿਤਨਾ, ਵਿ., ਕਿੰਨਾ, ਕਿਤਨਾ, ਕ੍ਰਿ. ਵਿ., ਕਿਥੋਂ ਤਕ, ਬਹੁਤ ਜ਼ਿਆਦਾ

कितव–ਕਿਤਵ, ਪੁ., ਜੁਆਰੀ, ਦੁਸ਼ਟ, ਠੱਗ, ਮੂਰਖ. ਧੋਖੇਬਾਜ਼, ਚਾਲਾਕ, ਧੂਰਤ, ਛਲੀਆ

किता–ਕਿਤਾ, ਪੁ., ਕਾਟ-ਛਾਂਟ, ਕਤਰ ਬਿਉਂਤ, ਸੰਖਿਆ, ਅਦਦ, ਢੰਗ. ਚਾਲ,

किताब–ਕਿਤਾਬ. ਇ., ਪੁਸਤਕ, ਗ੍ਰੰਥ, ਬਹੀ ਖਾਤਾ, ਰਜਿਸਟਰ

कितिक–ਕਿਤਿਕ, ਵਿ., ਕਿੰਨਾ, ਕਿਤਨਾ

कित्ता–ਕਿੱਤਾ, ਵਿ., ਕਿੰਨਾ, ਕਿਤਨਾ

किधर–ਕਿਧਰ, ਕ੍ਰਿ. ਵਿ., ਕਿੱਥੇ, ਕਿਸ ਪਾਸੇ, ਕਿਸ ਤਰਫ

किधौं–ਕਿਧੌਂ, ਅਵਜ., ਅਥਵਾ, ਜਾਂ, ਨਾ ਜਾਣੇ, ਨਾ ਮਾਲੂਮ

किन–ਕਿਨ, ਸਰਵ., ਕਿਸ ਸ਼ਬਦ ਦਾ ਬਹੁਵਚਨ, ਕ੍ਰਿ. ਵਿ., ਕੀ ਨਹੀਂ, ਜਰੂਰ, ਕਿਉਂ ਨਾ, ਪੁ.. ਰਗੜ ਦਾ ਨਿਸ਼ਾਨ, ਝਰੀਟ, ਘਿਸੜ

किनका–ਕਿਨਕਾ, ਪੁ., ਅੰਨ ਦਾ ਟੁਕੜਾ, ਭੋਰਾ

किनारपेंच–ਕਿਨਾਰਪੇਂਚ, ਪੁ., ਦਰੀ ਦੇ ਤਾਣੇ ਦੀ ਮੋਟੀ ਡੋਰੀ

किनारा–ਕਿਨਾਰਾ, ਪੁ., ਤੀਰ, ਤਟ, ਕੰਢਾ, ਕਪੜੇ ਦੀ ਲੰਬਾਈ ਵਾਲੇ ਪਾਸੇ ਦੀ ਕੰਨੀ, ਕਿਸੇ ਚੀਜ ਦਾ ਸਿਰਾ, ਹਾਸ਼ੀਆ

किनारी–ਕਿਨਾਰੀ, ਇ., ਸੁਨਹਿਰੀ ਗੋਟਾ, ਗੋਂਟ, ਹਾਸ਼ੀਆ

किन्तू–ਕਿੰਤੂ, ਅਵਜ., ਪਰੰਤੂ, ਲੇਕਿਨ, ਬਲਕਿ

किन्नर–ਕਿੰਨਰ, ਪੁ., ਇਕ ਦੇਵ ਜੂਨੀ ਇਨ੍ਹਾਂ ਦਾ ਸਰੀਰ ਮਨੁੱਖ ਵਰਗਾ ਅਤੇ ਸਿਰ ਘੋੜੇ ਵਰਗਾ ਹੁੰਦਾ ਹੈ, ਗਾਉਣ ਵਜਾਉਣ ਵਾਲੀ ਇਕ ਜਾਤ, ਕਿੰਨਰ, ਬਾਦ ਵਿਵਾਦ, ਝਗੜਾ

किन्नरी–ਕਿੰਨਰੀ, ਇ., ਕਿੰਨਰ ਜਾਤ ਦੀ ਤੀਵੀਂ, ਇਕ ਤਰ੍ਹਾਂ ਦਾ ਤੰਬੂਰਾ

क्निनिमित्त–ਕਿੰਨਿਮਿੱਤ, ਵਿ., ਕਿਸ ਲਈ, ਕਿਉਂ

किफ़ायत–ਕਿਫ਼ਾਯਤ, ਇ., ਕਾਫੀ, ਕਮਖਰਚੀ ਤੇ ਬੱਚਤ

किम्–ਕਿਮ, ਅਵਜ., ਕਿਵੇਂ, ਕਿਹੜਾ, ਕੀ

किमर्थम्–ਕਿਮਰਥਮ, ਅਵਜ., ਕਿਉਂ, ਕਿਸ ਲਈ

किमाम–ਕਿਮਾਮ, ਪੁ., ਖਮੀਰ. ਸ਼ਹਿਦ ਵਰਗਾ ਗਾੜ੍ਹਾ ਸ਼ਰਬਤ

किमि–ਕਿਮਿ, ਕ੍ਰਿ. ਵਿ., ਕਿਸ ਢੰਗ ਨਾਲ, ਕਿਸ ਤਰ੍ਹਾਂ, ਕਿਵੇਂ

किमु–ਕਿਮੁ, ਅਵਜ., ਕਿਉਂ, ਕਿਸ ਲਈ

किमुत–ਕਿਮੁਤ, ਅਵਜ., ਕਿਉਂ, ਅਥਵਾ, ਜਾਂ, ਬਹੁਤ

किम्मत–ਕਿੰਮਤ, ਇ., ਚਤੁਰਾਈ, ਹੁਸ਼ਿਆਰੀ

किम्पुरुष–ਕਿੰਪੁਰੁਸ਼, ਪੁ., ਭੈੜਾ ਮਨੁੱਖ, ਕਿੰਨਰ

कियत्–ਕਿਯਤ, ਕ੍ਰਿ. ਵਿ., ਕਿੰਨਾ, ਕਿੰਨੇ ਤੋਲ ਦਾ, ਕਿਤਨਾ

कियारी–ਕਿਯਾਰੀ, ਇ., ਖੇਤ ਜਾਂ ਬਗੀਚੇ ਵਿਚ ਬੂਟੇ ਬੀਜਣ ਦਾ ਛੋਟਾ ਘੇਰਾ, ਵਡਾ ਕੜਾਹਾ ਜਿਸ ਵਿਚ ਸਮੁੰਦਰ ਦਾ ਖਾਰਾ ਪਾਣੀ ਜਮਾਉਣ ਲਈ ਰਖਿਆ ਜਾਂਦਾ ਹੈ, ਮੰਜੀ, ਚੌਕਾ, ਛੋਟਾ ਕਿਆਰਾ

कियाह–ਕਿਯਾਹ, ਪੁ., ਲਾਲ ਰੰਗ ਦਾ ਘੋੜਾ, ਗਿੱਦੜ

किरक–ਕਿਰਕ, ਪੁ., ਲਿਖਾਰੀ, ਲਿਖਣ ਵਾਲਾ

किरका–ਕਿਰਕਾ, ਪੁ., ਕੰਕਰੀ, ਰੋੜੀ, ਕੰਕਰ, ਕਿਰਕਿਰੀ

किरकिटी–ਕਿਰਕਿਟੀ, ਇ., ਮਿੱਟੀ ਜਾਂ ਡੱਕੇ ਦਾ ਕਿਣਕਾ, ਹੇਠੀ, ਬੇਇੱਜ਼ਤੀ, ਨਿਰਾਦਰ

किरकिन–ਕਿਰਕਿਨ, ਪੁ., ਗਧੇ ਜਾਂ ਘੋੜੇ ਦਾ ਚੰਮ

किरकिरा–ਕਿਰਕਿਰਾ, ਵਿ., ਕੰਕਰ ਵਾਲਾ, ਰੜਕਣ ਵਾਲਾ, ਕੰਕੜੀਲਾ, ਬੇ ਸੁਆਦਾ

किरकिराना–ਕਿਰਕਿਰਾਨਾ, ਕ੍ਰਿ., ਦੁਖ ਦੇਣਾ, ਰੜਕਣਾ, ਚੰਗਾ ਨਾ ਲਗਣਾ

किरकिराहट–ਕਿਰਕਿਰਾਹਟ, ਇ., ਕੜ ਕੜ ਦੀ ਅਵਾਜ਼, ਦੰਦਾਂ ਹੇਠ ਰੋੜ ਆ ਜਾਣ ਦਾ ਸ਼ਬਦ

किरकिरी–ਕਿਰਕਿਰੀ, ਇ., ਦੇਖੋ ਕਿਰਕਿਟੀ (किरकिटी)

किरकिल–ਕਿਰਕਿਲ, ਪੁ., ਸਰੀਰ ਦੀ ਇਕ ਹਵਾ ਜਿਸ ਨਾਲ ਛਿੱਕ ਆਉਂਦੀ ਹੈ, ਕਿਰਲਾ

किरकी–ਕਿਰਕੀ, ਇ., ਇਕ ਖਾਸ ਗਹਿਣਾ

किरच–ਕਿਰਚ, ਇ., ਇਕ ਤਰ੍ਹਾਂ ਦੀ ਛੋਟੀ ਤਲਵਾਰ ਜਿਸ ਦੀ ਨੋਕ ਖੋਭੀ ਜਾਂਦੀ ਹੈ, ਨੋਕਦਾਰ ਟੁਕੜਾ

किरचिया–ਕਿਰਚਿਯਾ, ਪੁ., ਬਗਲੇ ਵਰਗਾ ਪੰਛੀ

किरची–ਕਿਰਚੀ, ਇ., ਰੇਸ਼ਮ ਦਾ ਲੱਛਾ

किरण–ਕਿਰਣ, ਪੁ., ਸੂਰਜ ਤੇ ਉਸ ਦੀ ਕਿਰਣ, ਪਰਕਾਸ਼

किरणमाली–ਕਿਰਣਮਾਲੀ, ਪੁ., ਸੂਰਜ

किरन–ਕਿਰਨ, ਇ., ਦੇਖੋ ਕਿਰਣ (किरण), ਝਾਲਰ

किरपा–ਕਿਰਪਾ, ਇ., ਦੇਖੋ ਕ੍ਰਿਪਾ (कृपा)

किरपान–ਕਿਰਪਾਨ, ਇ., ਨਿੱਕੀ ਤਲਵਾਰ

किरमाल–ਕਿਰਮਾਲ, ਪੁ., ਖੜਗ, ਤਲਵਾਰ, ਗੁਲਕੱੜ ਜਾਂ ਅਮਲਤਾਸ ਦਾ ਰੁੱਖ

किरमिच–ਕਿਰਮਿਚ, ਪੁ., ਇਕ ਤਰ੍ਹਾਂ ਦਾ ਪਤਲਾ ਟਾਟ, ਮੋਟਾ ਬਣਿਆ ਹੋਇਆ ਕਪੜਾ ਜਿਸ ਦੀਆਂ ਜੁੱਤੀਆਂ ਪਰਦੇ ਥੈਲੇ ਆਦਿ ਬਣਦੇ ਹਨ

किरयात–ਕਿਰਯਾਤ, ਪੁ., ਭੀਲ, ਚਿਰਾਇਤਾ

किरराना–ਕਿਰਰਾਨਾ, ਕ੍ਰਿ., ਦੰਦ ਪੀਹਣਾ, ਗੁੱਸਾ ਕਰਨਾ, ਕਿਰ ਕਿਰ ਕਰਨਾ

किरांची–ਕਿਰਾਂਚੀ, ਇ., ਅੰਨ ਤੂੜੀ ਆਦਿ ਲੱਦਣ ਦੀ ਚਾਰ ਪਹੀਆ ਗੱਡੀ, ਰੇਲ ਗੱਡੀ ਦਾ ਮਾਲ ਲੱਦਣ ਦਾ ਡੱਬਾ

किरात–ਕਿਰਾਤ, ਪੁ., ਇਕ ਪੁਰਾਣੀ ਜੰਗਲੀ ਜਾਤ, ਸ਼ਿਕਾਰੀ, ਭੀਲ, ਰਤਨ ਆਦਿ ਤੋਲਣ ਦਾ ਇਕ ਮਾਪ ਜੋ ਚਾਰ ਜੌਂ ਦੇ ਬਰਾਬਰ ਹੁੰਦਾ ਹੈ, ਔਂਸ ਦਾ ਚੋਬੀਵਾਂ ਭਾਗ

किरातार्जुनीय–ਕਿਰਾਤਾਰਜੁਨੀਯ, ਪੁ., ਭਾਰਵੀ ਕਵੀ ਦਾ ਬਣਾਇਆ ਮਹਾ ਕਾੱਵ

किरातिनी–ਕਿਰਾਤਿਨੀ, ਇ., ਕਿਰਾਤ ਦੀ ਤੀਵੀਂ, ਜਟਾਮਾਸੀ ਨਾਉਂ ਦੀ ਬੂਟੀ

किराना–ਕਿਰਾਨਾ, ਪੁ., ਰੋਜ਼ ਦੀ ਵਰਤੋਂ ਵਿਚ ਆਉਣ ਵਾਲੇ ਮਸਾਲੇ ਜੋ ਪੰਸਾਰੀਆ ਦੀ ਹਟ ਤੇ ਵਿਕਦੇ ਹਨ, ਕ੍ਰਿ., ਛੰਡਣਾ, ਛੱਜ ਨਾਲ ਸਾਫ ਕਰਨਾ

किरानी–ਕਿਰਾਨੀ, ਵਿ., ਦੋਗਲਾ, ਯੋਰੋਪੀਅਨ, ਇਸਾਈ

किराया–ਕਿਰਾਯਾ, ਪੁ., ਭਾੜਾ, ਕਿਰਾਇਆ

किरायेदार–ਕਿਰਾਯੇਦਾਰ, ਪੁ., ਕਿਸੇ ਚੀਜ਼ ਨੂੰ ਭਾੜੇ ਤੇ ਲੈਣ ਵਾਲਾ

किराव–ਕਿਰਾਵ, ਪੁ., ਮਟਰ

किरावल–ਕਿਰਾਵਲ, ਪੁ., ਲੜਾਈ ਦਾ ਮੈਦਾਨ ਸਾਫ ਕਰਨ ਲਈ ਅੱਗੇ ਜਾਣ ਵਾਲੀ ਫੌਜ, ਬੰਦੂਕ ਦਾ ਸ਼ਿਕਾਰੀ

किरासन–ਕਿਰਾਸਨ, ਪੁ., ਕੇਰੋਸੀਨ ਤੋਂ ਬਿਗੜਿਆ ਹੋਇਆ ਸ਼ਬਦ, ਮਿੱਟੀ ਦਾ ਤੇਲ, ਘਾਸਲੇਟ ਦਾ ਤੇਲ

किरिमदाना–ਕਿਰਿਮਦਾਨਾ, ਪੁ., ਕੀੜਾ ਜੋ ਥੂਹਰ ਦੇ ਰੁੱਖ ਤੇ ਫੈਲ ਜਾਂਦਾ ਹੈ

किरिया–ਕਿਰਿਯਾ, ਇ., ਸੌਂਹ, ਕਸਮ, ਸੁਗੰਦ, ਫਰਜ਼, ਕਰਤੱਵ ਕੰਮ, ਮੁਰਦੇ ਲਈ ਕੀਤਾ ਜਾਣ ਵਾਲਾ ਕੰਮ

किरीट–ਕਿਰੀਟ, ਪੁ., ਇਕ ਸਿਰ ਦਾ ਗਹਿਣਾ, ਮੁਕਟ, ਤਾਜ, ਫੁੱਲਾਂ ਦਾ ਰੁੱਖ, ਸਵੈਯਾ

किरीटमाली–ਕਿਰੀਟਮਾਲੀ, ਪੁ., ਅਰਜਨ, ਮੁਕਟਧਾਰੀ

किरोलना–ਕਿਰੋਲਨਾ, ਕ੍ਰਿ., ਕਤਰਨਾ, ਖੁਰਚਣਾ

किरोना–ਕਿਰੋਨਾ, ਪੁ., ਕੀੜਾ

किर्मिज–ਕਿਰਮਿਜ, ਪੁ., ਇਕ ਰੰਗ, ਕਿਰਮਚੀ ਰੰਗ ਦਾ ਘੋੜਾ

किर्रा–ਕਿਰਰਾ, ਇ., ਇਕ ਤਰ੍ਹਾਂ ਦੀ ਧਾਤ ਤੇ ਖੋਦਣ ਦੀ ਛੈਣੀ

किल–ਕਿਲ, ਅਵਜ., ਅਸਲ ਵਿਚ, ਸਚਮੁਚ, ਸ਼ਾਇਦ, ਅਰਥਾਤ

किलक–ਕਿਲਕ, ਇ., ਖੁਸ਼ੀ ਦਾ ਸ਼ਬਦ, ਆਨੰਦ, ਖੁਸ਼ੀ, ਪਰਸੰਨਤਾ

किलकना–ਕਿਲਕਨਾ, ਕ੍ਰਿ., ਕਿਲਕਾਰੀ ਮਾਰਨਾ, ਚਿੰਘਿਆੜ ਮਾਰਨੀ

किलकार–ਕਿਲਕਾਰ, ਇ., ਦੇਖੋ ਕਿਲਕ (किलक)

किलकिला–ਕਿਲਕਿਲਾ, ਇ., ਕਿਲਕਾਰ, ਖੁਸ਼ੀ ਦਾ ਸ਼ਬਦ, ਸੂਰਮਿਆਂ ਦੀ ਲਲਕਾਰ, ਪੁ., ਮੱਛੀ ਖਾਣ ਵਾਲਾ ਇਕ ਜਾਨਵਰ, ਲਹਿਰਾਂ ਦੇ ਉੱਚੇ ਭਿਅੰਕਰ ਸ਼ਬਦ ਕਰਨ ਵਾਲੀ ਸਮੁੰਦਰ ਦਾ ਥਾਂ

किलकिलाना–ਕਿਲਕਿਲਾਨਾ, ਕ੍ਰਿ., ਰੌਲਾ ਪਾਉਣਾ, ਚਿੱਲਾਉਣਾ, ਝਗੜਨਾ, ਗੁੱਸਾ ਕਰਨਾ

किलकिलाहट–ਕਿਲਕਿਲਾਹਟ, ਇੰ., ਖੁਸ਼ੀ ਦਾ ਸ਼ਬਦ, ਖੁਜਲੀ, ਗੁੱਸਾ, ਖਾਜ

किलकी–ਕਿਲਕੀ, ਇ., ਤਰਖਾਣਾਂ ਦਾ ਨਿਸ਼ਾਨ ਲਾਉਣ ਦਾ ਇਕ ਸੰਦ

किलकैया–ਕਿਲਕੈਯਾ, ਪੁ., ਪਸੂਆਂ ਦੇ ਖੁਰਾਂ ਵਿਚ ਕੀੜੇ ਪੈ ਜਾਣ ਦਾ ਰੋਗ, ਵਿ., ਖੁਸ਼ੀ ਦਾ ਸ਼ਬਦ ਕਰਨ ਵਾਲਾ, ਕਿਲਕਾਰੀ ਮਾਰਨ ਵਾਲਾ

किलटा–ਕਿਲਟਾ, ਪੁ., ਇਕ ਤਰ੍ਹਾਂ ਦਾ ਟੋਕਰਾ, ਪਿੱਠੂ

किलनी–ਕਿਲਨੀ, ਇ., ਇਕ ਕੀੜਾ ਜੋ ਡੰਗਰਾਂ ਦੇ ਸਿਰ ਤੇ ਚਿਪਕਿਆ ਲਹੂ ਚੂਸਦਾ ਹੈ

किलविलाना–ਕਿਲਬਿਲਾਨਾ, ਕ੍ਰਿ., ਹੌਲੀ ਹੌਲੀ ਰੋਣਾ, ਇੱਧਰ ਉੱਧਰ ਡੋਲਣਾ, ਮੁਸ ਮੁਸ ਰੋਣਾ

किलभी–ਕਿਲਭੀ, ਪੁ., ਬੇੜੀ ਦਾ ਪਿਛਲਾ ਹਿੱਸਾ

किलवांक–ਕਿਲਵਾਂਕ, ਪੁ., ਇਕ ਤਰ੍ਹਾਂ ਦਾ ਕਾਬਲੀ ਘੋੜਾ

किलवा–ਕਿਲਵਾ, ਪੁ., ਧਰਤੀ ਪੁੱਟਣ ਦੀ ਕਹੀ

किलवाई–ਕਿਲਵਾਈ, ਇ., ਸੁਕੀ ਘਾਹ ਹੂੰਝਨ ਦੀ ਫੌੜ੍ਹੀ

किलवाना–ਕਿਲਵਾਨਾ, ਕ੍ਰਿ., ਦੂਜੇ ਤੋਂ ਕਿਲਵਾਉਣਾ, ਜਾਦੂ ਨਾਲ ਬੰਨ੍ਹਵਾਉਣਾ

किलहा–ਕਿਲਹਾ, ਪੁ., ਤੇਲ ਵਿਚ ਬਣਾਇਆ ਹੋਇਆ ਅੰਬ ਦਾ ਅਚਾਰ

किला–ਕਿਲਾ, ਪੁ., ਗੜ੍ਹ, ਬਚਾਉ ਦੀ ਥਾਉਂ

किलाड़–ਕਿਲਾੜ, ਵਿ., ਬੋਣਾ, ਛੋਟੇ ਕਦ ਦਾ, ਮਧਰਾ

किलावा–ਕਿਲਾਵਾ, ਪੁ., ਸੁਨਿਆਰਾਂ ਦਾ ਇਕ ਸੰਦ

किल्ला–ਕਿੱਲਾ, ਪੁ.. ਮੇਖ, ਕਿੱਲਾ, ਲਕੜ ਦਾ ਬਣਿਆ ਹੋਇਆ ਕਪੜੇ ਟੰਗਣ ਦਾ ਡੰਡਾ ਜਿਹਾ ਜੋ ਕੰਧ ਵਿਚ ਗਡਿਆ ਜਾਂਦਾ ਹੈ, ਕੀਲਾ

किवाड़–ਕਿਵਾੜ, ਪੁ., ਦਰਵਾਜੇ ਦਾ ਪੱਲਾ, ਇਕ ਤਖਤਾ

किशटा–ਕਿਸ਼ਟਾ, ਪੁ., ਇਕ ਫੇਲ

किशमिश–ਕਿਸ਼ਮਿਸ਼, ਪੁ., ਸੁੱਕੀ ਦਾਖ

किशल,किशलय–ਕਿਸ਼ਲ,ਕਿਸ਼ਲਯ ਪੁ.,ਨਰਮ ਪੱਤਾ,ਕੋਮਲ ਪੱਤਾ

किशोर–ਕਿਸ਼ੋਰ, ਪੁ., ਘੋੜੇ ਦਾ ਬੱਚਾ, ਸੂਰਜ, ਜੁਆਨ ਉਮਰ ੧੧ ਤੋਂ ੧੫ ਵਰ੍ਹੇ ਤਕ ਦਾ ਮੁੰਡਾ, ਵਿ., ਛੋਟੀ ਉਮਰ ਦਾ

किशोरी–ਕਿਸ਼ੋਰੀ, ਇ.,੧੧ ਤੋਂ ੧੫ ਵਰ੍ਹਿਆਂ ਤਕ ਦੀ ਕੁੜੀ

किश्त–ਕਿਸ਼੍ਤ, ਇ., ਸ਼ਤਰੰਜ ਦੇ ਖੇਲ੍ਹ ਵਿਚ ਬਾਦਸ਼ਾਹ ਦਾ ਕਿਸੇ ਮੋਹਰੇ ਦੀ ਵਾਰ ਵਿਚ ਜਾਣ ਦੀ ਚਾਲ. ਸ਼ੈਹ

किश्तवार–ਕਿਸ਼੍ਤਵਾਰ, ਪੁ., ਪਟਵਾਰੀ ਦਾ ਉਹ ਖਾਤਾ ਜਿਸ ਵਿਚ ਖੇਤ ਦਾ ਨੰਬਰ ਰਕਬਾ ਆਦਿ ਲਿਖਿਆ ਰਹਿੰਦਾ ਹੈ

किश्ती–ਕਿਸ਼੍ਤੀ, ਇ., ਬੇੜੀ, ਨਾਵ, ਸ਼ਤਰੰਜ ਦਾ ਮੋਹਰਾ, ਹਾਥੀ

किष्किन्धा–ਕਿਸ਼ਕਿੰਧਾ, ਇ., ਮੈਸੂਰ ਦੇਸ਼ ਦਾ ਇਕ ਪਹਾੜ

किस–ਕਿਸ, ਸਰਵ., ਕੋਨ ਦਾ ਕਾਰਕ ਲੱਗਣ ਨਾਲ ਬਦਲਿਆ ਹੋਇਆ ਰੂਪ

किसलय–ਕਿਸਲਯ, ਪੁ., ਕੋਮਲ ਪੱਤਾ, ਪਬੀਸੀ

किसान–ਕਿਸਾਨ, ਪੁ., ਕਿਰਸਾਨ, ਕਾਮਾ

किसी–ਕਿਸੀ, ਸਰਵ., ਕੋਈ ਦਾ ਸਬੰਧਕੀ ਰੂਪ

किस्त–ਕਿਸ੍ਤ, ਇ., ਕਰਜ਼ਾ ਉਤਾਰਣ ਦਾ ਇਕ ਢੰਗ

किस्म–ਕਿਸਮ, ਇ., ਤਰੀਕਾ, ਤਰ੍ਹਾਂ, ਰੀਤ, ਚਾਲ, ਢੰਗ, ਵਿਧੀ

किस्मत–ਕਿਸਮਤ, ਇ., ਭਾਗ, ਕਿਸਮਤ, ਨਸੀਬ, ਕਮਿਸ਼ਨਰੀ

किस्मतवर–ਕਿਸਮਤਵਰ, ਵਿ , ਭਾਗ ਵਾਲਾ

किस्सा–ਕਿੱਸਾ, ਪੁ., ਕਥਾ, ਕਹਾਣੀ, ਸਮਾਚਾਰ, ਹਾਲ, ਝਗੜਾ, ਤਕਰਾਰ

की–ਕੀ, ਪ੍ਰਤ੍ਯ., ਕਾ ਦਾ ਇਸਤਰੀ ਲਿੰਗ ਰੂਪ, ਕ੍ਰਿ. ਵਿ., ਹਿੰਦੀ ਕਿਆ ਦਾ ਇਸਤਰੀ ਲਿੰਗ ਰਪ, ਅਵਜ., ਅਥਵਾ, ਜਾਂ, ਕੀ

कीकर–ਕੀਕਰ, ਪੁ., ਕਿੱਕਰ, ਬਬੂਲ ਦਾ ਰੁੱਖ

कीकश–ਕੀਕਸ਼, ਪੁ., ਚੰਡਾਲ, ਹਤਿਆਰਾ, ਖੂਨੀ, ਕਾਤਲ

कीच–ਕੀਚ, ਇ., ਚਿੱਕੜ, ਗਾਰਾ

कीचक–ਕੀਚਕ, ਪੁ., ਇਕ ਤਰ੍ਹਾਂ ਦਾ ਬਾਂਸ, ਵਿਰਾਟ ਰਾਜੇ ਦਾ ਸਾਲਾ ਤੇ ਸੈਨਾਪਤੀ

कीचड़–ਕੀਚੜ, ਪੁ., ਚਿੱਕੜ, ਗਾਰਾ, ਅੱਖ ਦੀ ਮੈਲ, ਗਿੱਡ

कीट–ਕੀਟ, ਪੁ.. ਕੀੜਾ ਮਕੌੜਾ, ਲੋਹੇ ਦੀ ਜੰਗ, ਜਰ ਵਿ., ਕਠੋਰ, ਸਖਤ

कीटजा–ਕੀਟਜਾ, ਇ., ਲਾਖ

कीटमणि–ਕੀਟਮਣਿ, ਪੁ., ਪਟਵੀਜਣਾ, ਜੁਗਨੂ, ਟਟੈਹਣਾ, ਤਿਤਲੀ

कीटाणु–ਕੀਟਾਣੁ, ਪੁ.. ਬਹੁਤ ਬਰੀਕ ਕੀੜਾ ਜੋ ਅੱਖਾਂ ਨਾਲ ਨਾ ਦੇਖਿਆ ਜਾ ਸਕੇ

कीड़ा–ਕੀੜਾ, ਪੁ., ਉਡਣ ਜਾਂ ਘਿਸਰਨ ਵਾਲਾ ਕੀੜਾ, ਮਕੌੜਾ, ਪਿੱਸੂ, ਸੱਪ, ਜੂੰ, ਖਟਮਲ, ਛੋਟਾ ਬੱਚਾ

कीड़ी–ਕੀੜੀ, ਇ., ਛੋਟਾ ਕੀੜਾ, ਕੀੜੀ

कीनना–ਕੀਨਨਾ, ਕ੍ਰਿ., ਖਰੀਦਣਾ, ਮੁੱਲ ਲੈਣਾ

कीना-ਕ਼ੀਨਾ, ਪੁ., ਦੁਸ਼ਮਨੀ, ਤਹਿ ਕੀਤੇ ਹੋਏ ਕਪੜੇ ਨੂੰ ਲਪੇਟਣ ਦਾ ਡੋਰਾ

कीप-ਕੀਪ, ਇ., ਛੋਟ ਮੂੰਹ ਦੇ ਭਾਂਡੇ ਵਿਚ ਪਾਣੀ ਵਰਗੀ ਚੀਜ਼ ਨੂੰ ਪਾਉਣ ਦੀ ਛੂਛੀ, ਟੀਪ

क़ीमत-ਕ਼ੀਮਤ, ਪੁ., ਮੁੱਲ

क़ीमती-ਕ਼ੀਮਤੀ, ਵਿ., ਮਹਿੰਗਾ, ਬਹੁਤੇ ਮੁੱਲ ਦਾ

क़ीमा-ਕ਼ੀਮਾ, ਪੁ., ਮਾਸ ਦਾ ਬਹੁਤ ਛੋਟਾ ਬਰੀਕ ਟੁਕੜਾ

क़ीर-ਕੀਰ, ਪੁ., ਮਾਸ, ਗੋਸ਼ਤ, ਤੋਤਾ, ਕਸ਼ਮੀਰ ਦੇਸ਼

कीरट-ਕੀਰਟ, ਪੁ., ਬੰਗ, ਰਾਂਗਾ, ਕਲੀ

कीरति-ਕੀਰਤਿ, ਇ., ਜਸ, ਸਨਮਾਨ, ਆਦਰ, ਵਡਿਆਈ

कीरी-ਕੀਰੀ, ਇ., ਕੀੜੀ

कीर्ण-ਕੀਰਣ, ਵਿ., ਢਕਿਆ ਹੋਇਆ, ਛਿਪਿਆ ਹੋਇਆ, ਭਰਿਆ ਹੋਇਆ

कीर्तक-ਕੀਰਤਕ, ਵਿ., ਵਰਣਨ ਕਰਨ ਵਾਲਾ

कीर्तन-ਕੀਰਤਨ, ਪੁ., ਵਰਣਨ, ਬਿਆਨ, ਗੁਣ ਕਥਨ, ਕ੍ਰਿਸ਼ਣ ਲੀਲਾ ਸਬੰਧੀ ਭਜਨ ਆਦਿ, ਸਿੰਘਾਂ ਦਾ ਸ਼ਬਦ ਕੀਰਤਨ, ਉਸਤੁਤੀ ਕਰਨ ਦਾ ਭਾਵ

कीर्तनिया-ਕੀਰਤਨਿਯਾ, ਵਿ., ਕੀਰਤਨ ਕਰਨ ਵਾਲਾ

कीर्तनीय-ਕੀਰਤਨੀਯ, ਵਿ., ਵਰਣਨ ਕਰਨ ਜੋਗ, ਕੀਰਤਨ ਕਰਨ ਜੋਗ

कीर्ति-ਕੀਰਤਿ, ਇ., ਪੁੰਨ, ਜ਼ਸ, ਚਮਕ, ਵਿਸਥਾਰ, ਫੈਲਾਉ, ਸੀਤਾ ਦੀ ਇਕ ਸਹੇਲੀ, ਮਸ਼ਹੂਰੀ

कीर्तिमान्-ਕੀਰਤਿਮਾਨ, ਵਿ., ਮਸ਼ਹੂਰ, ਜਸ ਵਾਲਾ

कीलक-ਕੀਲਕ, ਪੁ., ਪਸੂਆਂ ਦੇ ਬਨ੍ਹਣ ਦਾ ਕਿੱਲਾ, ਕੀਲਾ, ਤੰਤ੍ਰ ਵਿਚ ਕਹਿਆ ਹੋਇਆ ਖਾਸ ਦੇਵਤਾ, ਦੂਸਰੇ ਦੀ ਮੰਤਰ ਸ਼ਕਤੀ ਦਾ ਨਾਸ ਕਰਨ ਵਾਲਾ ਮੰਤਰ

कीलन-ਕੀਲਨ, ਪੁ., ਬੰਨ੍ਹਣ, ਰੋਕ, ਰੁਕਾਵਟ, ਮੰਤਰ ਦਾ ਕੀਲਣ

कीलना-ਕੀਲਨਾ, ਕ੍ਰਿ., ਕਿੱਲ ਠੋਕਣਾ ਮੂੰਹ ਬੰਦ ਕਰਨਾ, ਅਧੀਨ ਕਰਨਾ, ਕਬਜ਼ੇ ਵਿਚ ਕਰਨਾ

कीलशायी-ਕੀਲਸ਼ਾਯੀ. ਪੁ. ਕੁੱਤਾ

कीला-ਕੀਲਾ, ਇ., ਮੇਖ, ਵੱਡੀ ਕਿੱਲ

कीलित-ਕੀਲਿਤ, ਵਿ., ਮੰਤਰ ਨਾਲ ਬੰਨ੍ਹਿਆ ਹੋਇਆ, ਕੀਲਿਆ ਹੋਇਆ

कीश-ਕੀਸ਼, ਪੁ., ਬਾਂਦਰ, ਸੂਰਜ, ਪੰਛੀ, ਵਿ., ਨੰਗਾ

कीशफल-ਕੀਸ਼ਫਲ, ਪੁ., ਸ਼ੀਤਲ ਚੀਨੀ

कीस-ਕੀਸ, ਪੁ., ਗਰਭ ਦੀ ਥੈਲੀ, ਬਾਂਦਰ

कीसा-ਕੀਸਾ, ਪੁ., ਥੈਲੀ, ਜੇਬ, ਗੁਥਲੀ, ਖੀਸਾ

कु-ਕੁ, ਅਵਜ., ਇਕ ਉਪਸਰਗ ਜੋ ਸੰਗਿਆ ਦੇ ਪਹਿਲੋਂ ਜੋੜਣ ਤੇ ਨਿੰਦਿਆ ਤੇ ਨੀਚ ਆਦਿ ਦਾ ਬੋਧ ਕਰਾਉਂਦੀ ਹੈ, ਇ., ਧਰਤੀ, ਜ਼ਮੀਨ

कुंज-ਕੁੰਜ, ਪੁ., ਬੂਟਿਆਂ ਜਾਂ ਵੇਲਾਂ ਨਾਲ ਢਕਿਆ ਹੋਇਆ ਥਾਂ, ਦੁਸ਼ਾਲੇ ਦੇ ਖੂੰਜਿਆਂ ਦੇ ਵੇਲ ਬੂਟੇ

कुंजगली-ਕੁੰਜਗਲੀ, ਇ., ਬੂਟੇ ਜਾਂ ਵੇਲਾਂ ਨਾਲ ਢਕੀ ਹੋਈ ਗਲੀ, ਭੀੜੀ ਗਲੀ

कुंजड़ा-ਕੁੰਜੜਾ, ਪੁ., ਇਕ ਜਾਤ ਜੋ ਫਲ ਤੇ ਸਬਜ਼ੀ ਆਦਿ ਵੇਚਦੀ ਹੈ

कुंजा-ਕੁੰਜਾ, ਪੁ., ਕਸੋਰਾ, ਮਿੱਟੀ ਦਾ ਪਿਆਲਾ

कुंदेरना-ਕੁੰਦੇਰਨਾ, ਕ੍ਰਿ., ਖੁਰਚਣਾ, ਛਿਲਣਾ

कुंदेरा-ਕੁੰਦੇਰਾ, ਪੁ., ਖਰਾਦਣ ਵਾਲਾ, ਖਰਾਦੀਆ

कुंभ-ਕੁੰਭ, ਪੁ., ਮਿੱਟੀ ਦਾ ਘੜਾ, ਤੌੜਾ, ਹਾਥੀ ਦੇ ਸਿਰ ਦੇ ਦੋਹੀਂ ਪਾਸੀਂ ਉਤੇ ਨੂੰ ਉੱਠਿਆ ਹੋਇਆ ਹਿੱਸਾ
ਦਸਵੀਂ ਰਾਸ ਦਾ ਨਾਉਂ, ਇਕ ਪੁਰਬ ਜੋ ਬਾਰ੍ਹਵੇਂ ਸਾਲ ਮਗਰੋਂ ਆਉਂਦਾ ਹੈ, ਮੰਦਰਾਂ ਵਿਚ ਰਖਣ ਦਾ ਘੜਾ, ਕਲਸ, ਗੁੱਗਲ, ਕੰਜਰੀ ਵਸਾਉਣ ਵਾਲਾ ਮਨੁੱਖ

कुंभकरण-ਕੁੰਭਕਰਣ, ਪੁ., ਇਕ ਰਾਖਸ਼ ਜੋ ਰਾਵਣ ਦਾ ਭਰਾ ਸੀ

कुंभकार-ਕੁੰਭਕਾਰ, ਪੁ., ਵਿਸ਼ਵਕਰਮਾ ਪਿਤਾ ਤੇ ਸ਼ੂਦਰ ਮਾਤਾ ਤੋਂ ਉਤਪੰਨ ਜਾਤ, ਘੁਮਿਆਰ, ਕੁੱਕੜ, ਮੁਰਗਾ

कुंभकारी-ਕੁੰਭਕਾਰੀ, ਇ., ਘੁਮਿਆਰ ਦੀ ਤੀਵੀਂ, ਘੁਮਿਆਰੀ

कुंभा-ਕੁੰਭਾ, ਇ., ਰੰਡੀ, ਕੰਜਰੀ

कुंभिनी-ਕੁੰਭਿਨੀ, ਇ., ਧਰਤੀ, ਜਮਾਲਗੋਟਾ

कुंवर-ਕੁੰਵਰ, ਪੁ., ਰਾਜੇ ਦਾ ਮੁੰਡਾ, ਰਾਜ ਕੁਮਾਰ

कुंवरि-ਕੁੰਵਰਿ, ਇ., ਰਾਜ ਕੁਮਾਰੀ

कुआर-ਕੁਆਰ, ਪੁ., ਅੱਸੂ ਦਾ ਮਹੀਨਾ

कुआं-ਕੁਆਂ, ਪੁ., ਖੂਹ

कुइयां-ਕੁਇਯਾਂ, ਇ., ਖੂਹੀ, ਛੋਟਾ ਖੂਹ

कुकड़ी-ਕੁਕੜੀ, ਇ., ਚਰਖੇ ਨਾਲ ਕੱਤ ਕੇ ਉਤਾਰਿਆ ਹੋਇਆ ਕਚੇ ਸੂਤ ਦਾ ਲਪੇਟਿਆ ਹੋਇਆ ਲੱਛਾ, ਗਲੋਟਾ, ਅੱਟੀ

कुकनू-ਕੁਕਨੂ, ਪੁ., ਇਕ ਜਾਨਵਰ ਜੋ ਇਕਲਾ ਨਰ ਹੀ ਪੈਦਾ ਹੁੰਦਾ ਹੈ, ਇਸ ਦੇ ਗਾਣੇ ਵਿਚੋਂ ਅੱਗ ਨਿਕਲਦੀ ਹੈ ਜਦੋਂ ਵਰਖਾ ਹੁੰਦੀ ਹੈ ਤਾਂ ਇਸ ਦੀ ਭਸਮ ਵਿਚੋਂ ਅੰਡਾ ਨਿਕਲਦਾ ਹੈ ਜਿਸ ਅੰਡੇ ਵਿਚੋਂ ਦੂਸਰਾ ਪੰਛੀ ਨਿਕਲਦਾ ਹੈ

कुकर्म-ਕੁਕਰਮ, ਪੁ., ਬੁਰਾ ਕੰਮ, ਖੋਟਾ ਕੰਮ

कुकर्मी-ਕੁਕਰਮੀ, ਵਿ., ਖੋਟਾ ਕੰਮ ਕਰਨ ਵਾਲਾ, ਪਾਪੀ

कुकीर्ति-ਕੁਕੀਰਤਿ, ਇ., ਅਪਮਾਨ, ਨਿੰਦਿਆ, ਚੁਗਲੀ

कुकुंदर-ਕੁਕੁੰਦਰ, ਪੁ., ਚਿਤੜਾਂ ਦਾ ਟੋਆ

कुकुभ-ਕੁਕੁਭ, ਪੁ., ਜੰਗਲੀ ਮੁਰਗਾ, ਇਕ ਛੰਦ

कुक्कर-ਕੁਕਰ, ਪੁ., ਕੁਤਾ, ਯਦੁਵੰਸੀ, ਅੰਧਕ ਰਾਜਾ ਦਾ ਪੁਤਰ, ਇਕ ਤਰ੍ਹਾਂ ਦਾ ਸੱਪ

कुक्करमुत्ता-ਕੁਕਰ ਮੁਤਾ, ਪੁ., ਖੁੰਬ, ਛਤਰੀ

कुक्करी-ਕੁਕਰੀ, ਇ., ਮੁਰਗੀ, ਪਖੰਡ, ਸਿੰਮਲ, ਇਕ ਤਰ੍ਹਾਂ

ਦਾ ਕੀੜਾ, ਕਿਰਲੀ

कुक्कुट–ਕੁੱਕੁਟ, ਪੁ., ਮੁਰਗਾ, ਕੁਕੜ

कुक्षि–ਕੁਕਸ਼ਿ, ਇ., ਢਿਡ, ਪੇਟ, ਔਲਾਦ, ਕੁੱਖ, ਕਿਸੇ ਚੀਜ਼ ਦਾ ਵਿਚਕਾਰਲਾ ਹਿੱਸਾ, ਸੰਤਾਨ

कुखेत–ਕੁਖੇਤ, ਪੁ., ਭੈੜੀ ਥਾਉਂ

कुगति–ਕੁਗਤਿ, ਇ., ਦੁਰਗਤ, ਭੈੜੀ ਹਾਲਤ, ਦੁਰਦਸ਼ਾ

कुघा–ਕੁਘਾ, ਇ., ਪਾਸਾ, ਦਿਸ਼ਾ, ਤਰਫ

कुघात–ਕੁਘਾਤ, ਪੁ., ਬੁਰਾ ਮੌਕਾ, ਭੈੜੀ ਚਾਲ, ਛਲ ਕਪਟ

कुङ्कुम–ਕੁੰਕੁਮ, ਪੁ., ਕੇਸਰ, ਲਾਲ ਚੰਨਣ, ਰੋਲੀ, ਗੁਲਾਲ

कुच–ਕੁਚ, ਪੁ., ਤੀਵੀਂ ਦੀ ਛਾਤੀ, ਮੁੰਮੇ, ਵਿ., ਸੁੰਗੜਿਆ ਹੋਇਆ

कुचक्री–ਕੁਚੱਕ੍ਰੀ, ਵਿ., ਦੂਜਿਆਂ ਨੂੰ ਬੁਰੀ ਸਲਾਹ ਦੇਣ ਵਾਲਾ

कुचर–ਕੁਚਰ, ਵਿ., ਭੈੜਾ ਕੰਮ ਕਰਨ ਵਾਲਾ, ਉਹ ਜੋ ਦੂਜੇ ਦੀ ਚੁਗਲੀ ਕਰੇ, ਆਵਾਰਾ, ਭੈੜੇ ਥਾਂ ਤੇ ਘੁੰਮਣ ਵਾਲਾ

कुचरा–ਕੁਚਰਾਂ, ਪੁ., ਝਾੜੂ, ਸੂਹਣ, ਕੂਚੀ

कुचलना–ਕੁਚਲਨਾ, ਕ੍ਰਿ., ਪੈਰਾਂ ਨਾਲ ਲਤਾੜਨਾ, ਦਬਾਉਣਾ

कुचला–ਕੁਚਲਾ, ਪੁ., ਇਕ ਰੁੱਖ ਜਿਸ ਦੇ ਬੀ ਦਵਾ ਵਿਚ ਵਰਤੇ ਜਾਂਦੇ ਹਨ

कुचाल–ਕੁਚਾਲ, ਇ., ਬੁਰਾ ਆਚਰਣ; ਭੈੜਾ ਚਾਲਚਲਣ, ਬਦਮਾਸ਼ੀ, ਪਾਜੀਪਣ, ਖੁਟਾਈ

कुचाली–ਕੁਚਾਲੀ, ਵਿ., ਭੈੜੀ ਚਾਲ ਚਲਣ ਵਾਲਾ, ਬਦਚਲਣ, ਪਾਜੀ, ਬਦਮਾਸ਼, ਵੈਲੀ

कुचील–ਕੁਚੀਲ, ਵਿ., ਗੰਦਾ, ਮੈਲਾ ਕਪੜਾ ਪਹਿਰਣ ਵਾਲਾ, ਮੈਲਾ ਕੁਚੈਲਾ

कुचेष्टा–ਕੁਚੇਸ਼੍ਟਾ, ਇ., ਮੂੰਹ ਦੇ ਬੁਰੇ ਭਾਵ, ਭੈੜੀ ਚਾਲ, ਖਰਾਬ ਕੰਮ

कुचैला–ਕੁਚੈਲਾ, ਵਿ,, ਮਲੀਨ, ਗੰਦਾ, ਮੈਲੇ ਕਪੜਿਆਂ ਵਾਲਾ

कुच्ची–ਕੁੱਚੀ, ਇ., ਤੇਲੀ ਦੀ ਤੇਲ ਮਾਪਣ ਦੀ ਕੁੱਪੀ

कुछ–ਕੁਛ, ਵਿ., ਥੋੜਾ. ਮਾਮੂਲੀ, ਜ਼ਰਾ, ਟੁਕ, ਕੁਝ

कुजंत्र–ਕੁਜੰਤ੍ਰ, ਪੁ., ਭੈੜਾ ਜੰਤਰ, ਟੋਨਾ, ਟੋਟਕਾ, ਜਾਦੂ

कुज–ਕੁਜ. ਪੁ., ਮੰਗਲ ਗ੍ਰਹਿ, ਰੁੱਖ, ਨਰਕਾਸੁਰ ਜੋ ਧਰਤੀ ਦਾ ਪੁੱਤਰ ਮੰਨਿਆ ਜਾਂਦਾ ਹੈ

कुजा–ਕੁਜਾ, ਇ., ਸੀਤਾ, ਜਾਨਕੀ

कुजाति–ਕੁਜਾਤਿ, ਇ., ਭੈੜੀ ਜਾਤ, ਨੀਚ ਜਾਤ

कुजिया–ਕੁਜਿਯਾ, ਇ., ਛੋਟੀ ਘੜੀ, ਕੁੱਜੀ

कुञ्चिका–ਕੁੰਚਿਕਾ, ਇ., ਚਾਬੀ, ਕੁੰਜੀ, ਰੱਤਕ, ਬਾਂਸ ਦੀ ਟਾਹਣੀ

कुञ्ज–ਕੁੰਜ, ਪੁ., ਵੇਲਾਂ ਦੀ ਝੰਗੀ, ਹਾਥੀ ਦਾ ਦੰਦ

कुञ्जकुटीर–ਕੁੰਜਕੁਟੀਰ, ਇ., ਬਾਗ ਵਿਚ ਬਣੀ ਹੋਈ ਕੁੱਲੀ

कुट–ਕੁਟ, ਪੁ., ਕਲਸ, ਗਾਗਰ, ਕੰਮ, ਘਰ, ਕੋਟ, ਗੜ੍ਹ, ਵਡਾ ਘਨ, ਰੁੱਖ, ਪਹਾੜ

कुटकी–ਕੁਟਕੀ, ਇ., ਇਕ ਬੂਟੀ

कुटज–ਕੁਟਜ, ਪੁ., ਕੁਰਚੇ ਦਾ ਬੂਟਾ, ਕੰਵਲ, ਇੰਦਰ ਜੌ

कुटना–ਕੁਟਨਾ, ਪੁ., ਤੀਵੀਂ ਨੂੰ ਦੂਜੇ ਮਨੁੱਖ ਨਾਲ ਮਿਲਾਉਣ ਵਾਲਾ,ਠੱਗ, ਚੁਗਲਖੋਰ, ਦੱਲਾ

कुटनी–ਕੁਟਨੀ, ਇ., ਤੀਵੀਆਂ ਨੂੰ ਦੂਜੇ ਬੰਦੇ ਨਾਲ ਗੱਲ ਬਾਤ ਕਰਾਉਣ ਵਾਲੀ ਤੀਵੀਂ, ਦੱਲੀ, ਠਗਣੀ

कुटप–ਕੁਟਪ, ਪੁ., ਫੁਲਵਾੜੀ, ਕੰਵਲ, ਘਰ ਦੇ ਲਾਗੇ ਦਾ ਬਗੀਚਾ

कुटल–ਕੁਟਲ, ਪੁ., ਇਕ ਤਰ੍ਹਾਂ ਦਾ ਛੱਪਰ

कुटवाना–ਕੁਟਵਾਨਾ, ਕ੍ਰਿ., ਕੁੱਟਣ ਦਾ ਕੰਮ ਦੂਸਰੇ ਤੋਂ ਕਰਾਉਣਾ

कुटाई–ਕੁਟਾਈ, ਇ., ਕੁਟਣ ਦਾ ਕੰਮ, ਕੁੱਟਣ ਦੀ ਮਜ਼ਦੂਰੀ

कुटास–ਕੁਟਾਸ, ਇ., ਕੁਟਾਪਾ, ਮਾਰਕੁੱਟ

कुटार–ਕੁਟਾਰ, ਪੁ., ਬਦਮਾਸ਼ ਘੋੜਾ, ਅੜੀਅਲ ਘੋੜਾ

कुटिया–ਕੁਟਿਯਾ, ਇ., ਛੋਟੀ ਝੌਂਪੜੀ, ਝੁੱਗੀ, ਕੁੱਲੀ

कुटिल–ਕੁਟਿਲ, ਵਿ., ਵਿੰਗਾ, ਪਾਜੀ, ਛਲੀ, ਕਪਟੀ, ਪ., ਘੋਘਾ, ਸੰਖ, ਇਕ ਛੰਦ

कुटिलता–ਕੁਟਿਲਤਾ, ਇ., ਤਿਰਛਾ ਪਣ, ਖੁਟਾਈ, ਧੋਖੇਬਾਜ਼ੀ, ਛਲ

कुटिला–ਕੁਟਿਲਾ, ਇ.. ਸਰਸੁਤੀ ਨਦੀ, ਇਕ ਪੁਰਾਣੀ ਲਿਪੀ ਜਿਸ ਦਾ ਪਰਚਾਰ ਭਾਰਤ ਵਿਚ ਅੱਠਵੀਂ ਸਦੀ ਤੋਂ ਗਿਆਰ੍ਹਵੀਂ ਸਦੀ ਤਕ ਰਿਹਾ ਹੈ, ਭੈੜੀ ਤੀਵੀਂ

कुटी–ਕੁਟੀ, ਇ., ਘਾ ਫੂਸ ਦੀ ਬਣੀ ਹੋਈ ਝੌਂਪੜੀ, ਕੁੱਲੀ, ਕੁਟੀਆ

कुटी चक–ਕੁਟੀ ਚਕ, ਪੁ., ਚਾਰ ਤਰ੍ਹਾਂ ਦੇ ਸਨਿਆਸੀਆਂ ਵਿਚੋਂ ਪਹਿਲਾ ਜੋ ਸਾਕਾਂ ਨਾਲ ਸਬੰਧ ਰਖਦਾ ਹੋਇਆ ਰੋਟੀ ਮੰਗ ਕੇ ਖਾਵੇ

कुटीचर–ਕਟੀਚਰ. ਪੁ., ਸਨਿਆਸੀ, ਵਿ., ਛਲੀ, ਕਪਟੀ, ਧੋਖੇਬਾਜ਼

कुटुम्ब–ਕੁਟੁੰਬ, ਪੁ., ਟੱਬਰ, ਕੁਨਬਾ, ਕੁਲ. ਖਾਨਦਾਨ, ਭਾਈ ਬੰਦ, ਰਿਸ਼ਤੇਦਾਰ

कुटुम्बिनी–ਕੁਟੁੰਬਿਨੀ, ਇ., ਬਾਲ ਬੱਚੇਦਾਰ ਤੀਵੀਂ

कुटुम्बी–ਕੁਟੁੰਬੀ,ਵਿ.,ਟੱਬਰ ਵਾਲਾ.ਬਾਲ ਬੱਚੇਦਾਰ,ਕੁਨਬੇ ਵਾਲਾ

कुटेक–ਕੁਟੇਕ, ਇ., ਭੈੜਾ ਹਠ ਜਾਂ ਜ਼ਿਦ

कुटेव–ਕੁਟੇਵ, ਇ., ਭੈੜੀ ਆਦਤ, ਖੋਟਾ ਸੁਭਾਉ

कुट्टमित–ਕੁੱਟਮਿਤ, ਵਿ., ਭੋਗ ਵੇਲੇ ਤੀਵੀਆਂ ਦਾ ਸੁਆਦ ਲੈਂਦਿਆਂ ਵੀ ਦੁਖੀ ਹੋਣ ਦਾ ਭਾਵ

कुट्टा–ਕੁੱਟਾ, ਪੁ., ਫੰਘ ਟੁਟਿਆ ਕਬੂਤਰ

कुट्टिम–ਕੁੱਟਿਮ, ਪੁ., ਪੱਕਾ ਫਰਸ਼, ਅਨਾਰ

कुट्टी–ਕੁੱਟੀ, ਇ., ਘਾ, ਗੰਡਾਸੇ ਨਾਲ ਕਟਿਆ ਹੋਇਆ ਚਾਰਾ, ਫੰਘ ਕਟਿਆ ਕਬੂਤਰ

कुठ–ਕੁਠ, ਪੁ., ਚੀਤੇ ਦੀ ਝਾੜੀ, ਇਕ ਪਰਸਿੱਧ ਬੂਟੀ

कुठर–ਕੁਠਰ, ਪੁ., ਮਧਾਣੀ ਦੇ ਬੰਨ੍ਹਣ ਦਾ ਥਮ੍ਹਲਾ

कुठला–ਕੁਠਲਾ, ਪੁ., ਅੰਨ ਰੱਖਣ ਵਾਲਾ ਮਿੱਟੀ ਦਾ ਭਾਂਡਾ, ਚੂਨੇ

ਦੀ ਭੱਠੀ

कुठांव-ਕੁਠਾਂਵ, ਇ., ਭੈੜਾ ਥਾਂ, ਕੁਥਾਂ

कुठाट-ਕੁਠਾਟ, ਪੁ., ਬੁਰਾ ਠਾਟ, ਭੈੜਾ ਪਰਬੰਧ, ਕੰਮ ਵਿਗਾੜਨ ਦਾ ਹੰਭਲਾ

कुठार-ਕੁਠਾਰ, ਪੁ., ਕੁਹਾੜਾ, ਪਰਸਾ

कुठारी-ਕੁਠਾਰੀ, ਇ., ਕੁਹਾੜੀ, ਵਿ., ਨਾਸ ਕਰਨ ਵਾਲੀ

कुठाली-ਕੁਠਾਲੀ, ਇ., ਸੁਨਿਆਰਾਂ ਦੀ ਸੋਨਾ ਚਾਂਦੀ ਗਾਲਣ ਦੀ ਮਿੱਟੀ ਦੀ ਠੂਠੀ

कुड़-ਕੁੜ, ਪੁ., ਇਕ ਬੂਟੀ, ਅੰਨ ਦਾ ਢੇਰ, ਕੂੜਾ, ਇ., ਪੱਟ

कुड़कुड़ी-ਕੁੜਕੁੜੀ, ਇ., ਢਿਡ ਵਿਚ ਬਦਹਜ਼ਮੀ ਨਾਲ ਹੋਣ ਵਾਲਾ ਸ਼ਬਦ, ਗੜਗੜਾਹਟ

कुड़प-ਕੁੜਪ, ਪੁ., ਬੱਤੀਸ ਤੋਲੇ ਦਾ ਤੋਲ

कुड़पना-ਕੁੜਪਨਾ, ਕ੍ਰਿ., ਖੇਤ ਦੀ ਵਾਹੀ ਕਰਨਾ, ਹਲ ਚਲਾਉਣਾ

कुड़ल-ਕੁੜਲ, ਇ., ਸਰੀਰ ਦੀ ਆਕੜ

कुड़ाली-ਕੁੜਾਲੀ, ਇ., ਕੁਹਾੜੀ

कुड़ुक्-ਕੁੜੁਕ, ਪੁ., ਇਕ ਵੱਾਜਾ, ਇ., ਅੰਡਾ ਨਾ ਦੇਣ ਵਾਲੀ ਮੁਰਗੀ, ਵਿ., ਨਿਸਫਲ, ਬੇਅਰਥ, ਬੇਫਾਇਦਾ, ਫਜ਼ੂਲ, ਨਿਕੰਮਾ

कुडौल-ਕੁਡੌਲ, ਵਿ., ਬੇਢੰਗਾ, ਭੱਦਾ, ਬਿਨਾ ਡੀਲ ਡੌਲ ਦਾ

कुड्मल-ਕੁਡਮਲ, ਪੁ., ਖਿੜੀ ਹੋਈ ਕਲੀ, ਇਕ ਨਰਕ

कुढंग-ਕੁਢੰਗ, ਪੁ., ਭੈੜੀ ਚਾਲ, ਬੁਰੀ ਰੀਤ

कुढंगी-ਕੁਢੰਗੀ, ਵਿ., ਭੈੜੀ ਚਾਲ ਚਲਣ ਵਾਲਾ, ਉਜੱਡ, ਬੇਢੰਗਾ

कुढन-ਕੁਢਨ, ਇ., ਮਨ ਵਿਚ ਗੁੱਸਾ ਕਰਨ ਦੀ ਜਲਨ, ਚਿੜ

कुढाना-ਕੁਢਾਨਾ, ਕ੍ਰਿ., ਗੁੱਸਾ ਦਿਖਾਉਣਾ, ਦੁਖੀ ਕਰਨਾ, ਖਿਝਾਉਣਾ

कुण-ਕੁਣ, ਪੁ., ਧੁੰਨੀ, ਕੀੜਾ, ਬੱਚਾ

कुणप-ਕੁਣਪ, ਪੁ., ਲਾਸ਼, ਮੁਰਦਾ, ਭਾਲਾ, ਬਰਛੀ, ਕਲੀ, ਵੀਰਜ ਦੋਸ਼, ਬਿਨਾ ਹਰਕਤ ਸਰੀਰ

कुणपा-ਕੁਣਪਾ, ਇ., ਬਰਛੀ, ਭਾਲਾ

कुण्ठ-ਕੁੰਠ, ਵਿ., ਨਿਕੰਮਾ, ਮੂਰਖ, ਸੁਕੜਿਆ ਹੋਇਆ

कुण्ड-ਕੁੰਡ, ਪੁ., ਪਾਣੀ ਦਾ ਟੋਆ, ਹਵਨ ਕਰਨ ਲਈ ਬਣਾਇਆ ਹੋਇਆ ਟੋਆ, ਦੋਗਲੀ ਉਲਾਦ, ਇਕ ਤਰ੍ਹਾਂ ਦਾ ਸੱਪ, ਟੋਕਣੀ, ਹੌਦ, ਬਲਟੋਹੀ, ਲੋਹੇ ਦਾ ਟੋਪ, ਅੰਨ ਮਾਪਣ ਦਾ ਭਾਂਡਾ

कुण्डल-ਕੁੰਡਲ, ਪੁ., ਕੰਨ ਦਾ ਗਹਿਣਾ, ਤੜਾਗੀ, ਗੋਲ ਫੰਦਾ

कुण्डलिनी-ਕੁੰਡਲਿਨੀ, ਇ., ਜਲੇਬੀ ਜਾਂ ਇਮਰਤੀ

कुण्डली-ਕੁੰਡਲੀ, ਪੁ., ਸੱਪ, ਵਰੁਣ, ਮੋਰ, ਵਿਸ਼ਨੂੰ, ਅਮਲਤਾਸ, ਅੰਸਫਲੀ (ਗੁਲੱਕੜ) ਦਾ ਰੁੱਖ

ਜਲੇਬੀ, ਜਨਮ ਪਤਰੀ, ਕਚਨਾਰ, ਸੱਪ ਦੇ ਬੈਠਣ ਦੀ ਹਾਲਤ, ਗਲੋ

कुतका-ਕੁਤਕਾ, ਪੁ., ਮੋਟਾ ਸੋਟਾ, ਡੰਡਾ, ਗੱਤਕਾ, ਭੰਗ ਘੋਟਣ ਦਾ ਡੰਡਾ

कुतरन-ਕੁਤਰਨ, ਪੁ., ਕਤਰਨ, ਟੁਕੜਾ, ਲੀਰ, ਕਾਤਰ

कुतरना-ਕੁਤਰਨਾ, ਕ੍ਰਿ., ਦੰਦਾ ਨਾਲ ਚੀਜ਼ ਦੇ ਟੁਕੜੇ ਕਰਨਾ

कुतर्क-ਕੁਤਰਕ, ਪੁ., ਬੇਢੰਗੀ ਦਲੀਲ, ਬਕਵਾਸ

कुतर्की-ਕੁਤਰਕੀ, ਵਿ., ਭੈੜੀ ਦਲੀਲ ਕਰਨ ਵਾਲਾ

कुतवार-ਕੁਤਵਾਰ, ਪੁ., ਖੇਤੀ ਕੱਟਣ ਵਾਲਾ, ਕੋਤਵਾਲ

कुतिया-ਕੁਤਿਯਾ, ਇ., ਕੁੱਤੇ ਦੀ ਮਦੀਣ, ਕੁੱਤੀ, ਭੈੜੀ ਤੀਵੀਂ

कुतुहल-ਕੁਤੁਹਲ, ਇ., ਕਿਸੀ ਚੀਜ਼ ਨੂੰ ਵੇਖਨ ਜਾਂ ਸੁਣਨ ਦੀ ਇੱਛਿਆ, ਕੌਤਕ, ਤਮਾਸ਼ਾ, ਖੇਲੁ, ਅਚੰਭਾ

कुतुहली-ਕੁਤੁਹਲੀ, ਵਿ., ਕੌਤਕੀ, ਖਿਲਾੜੀ

कुत्ता-ਕੁੱਤਾ, ਪੁ.. ਘਰ ਦੀ ਰਖਿਆ ਲਈ ਪਾਲਿਆ ਹੋਇਆ ਗਿੱਦੜ ਦੀ ਸ਼ਕਲ ਵਰਗਾ ਪਸੂ, ਮਸ਼ੀਨ ਵਿਚ ਕਿਸੇ ਘੁੰਮਣ ਵਾਲੇ ਜੰਤਰ ਨੂੰ ਰੋਕਣ ਦਾ ਸਾਧਨ, ਅੜੋਕਣ, ਬੰਦੂਕ ਦਾ ਘੋੜਾ, ਨੀਚ ਮਨੁੱਖ

कुत्ती-ਕੁੱਤੀ, ਇ., ਕੁੱਤੇ ਦੀ ਮਦੀਣ

कुत्स-ਕੁਤਸ, ਪੁ., ਇਕ ਰਿਸ਼ੀ

कुत्सा-ਕੁਤਸਾ, ਇ., ਨਿੰਦਿਆ, ਬਦਨਾਮੀ, ਬੇਇੱਜ਼ਤੀ

कुत्सित-ਕੁਤਸਿਤ, ਵਿ., ਨਿੰਦਤ, ਬਦਨਾਮ, ਨੀਚ

कुथ-ਕੁਥ, ਪੁ., ਹਾਥੀ ਦੀ ਝੁਲ, ਜੁੱਲੀ, ਇਕ ਕੀੜਾ, ਸਵੇਰੇ ਨ੍ਹਾਉਣ ਵਾਲਾ ਬ੍ਰਾਹਮਣ

कुथित-ਕੁਥਿਤ, ਵਿ., ਸੜਿਆ ਗਲਿਆ

कुदक्का-ਕੁਦੱਕਾ, ਪੁ., ਉਛਲ ਕੁੱਦ

कुदरत-ਕੁਦਰਤ, ਇ., ਸ਼ਕਤੀ, ਰਚਨਾ, ਅਧਕਾਰ, ਮਾਇਆ, ਆਦਤ, ਕਾਰੀਗਰੀ

कुदरती-ਕੁਦਰਤੀ, ਵਿ., ਆਪੋ ਆਪ ਹੋਣ ਵਾਲਾ

कुदर्शन-ਕੁਦਰਸ਼ਨ, ਵਿ., ਵੇਖਣ ਵਿਚ ਭੈੜਾ, ਬਦਸੂਰਤ, ਭੱਦਾ, ਕੋਝਾ

कुदान-ਕੁਦਾਨ, ਪੁ., ਬੁਰਾ ਦਾਨ, ਛੇਜਾ ਦਾਨ ਹਾਥੀ ਦਾਨ ਆਦਿ, ਅਜੋਗ ਪੁਰਖ ਨੂੰ ਦਿਤਾ ਜਾਣ ਵਾਲਾ ਦਾਨ

कुदाना-ਕੁਦਾਨਾ, ਕ੍ਰਿ., ਕੁੱਦਨ ਵਿਚ ਲਗਾਉਣਾ, ਕੁਦਾਉਣਾ

कुदाल-ਕੁਦਾਲ, ਪੁ., ਧਰਤੀ ਪੁੱਟਣ ਦਾ ਹਥਿਆਰ, ਕਹੀ ਆਦਿ

कुदिन-ਕੁਦਿਨ, ਪੁ., ਸੌਣ ਦਾ ਦਿਨ, ਮੁਸੀਬਤ ਦਾ ਦਿਨ, ਭੈੜਾ ਦਿਨ, ਸੂਰਜ ਚੜ੍ਹਨ ਤੋਂ ਦੁਬਾਰਾ ਸੁਰਜ ਚੜਨ ਤਕ ਦਾ ਸਮਾ, ਰਿਤੂ ਵਿਰੁਧ ਦੁਖੀ ਦਿਨ, ਸਾਰਾ ਦਿਨ ਮੀਂਹ ਪੈਣ ਅਤੇ ਬੱਦਲ ਰਹਿਣ ਵਾਲਾ ਦਿਨ

कुदृष्टि-ਕੁਦ੍ਰਿਸ਼ਟਿ, ਇ., ਬੁਰੀ ਨਜ਼ਰ, ਖੋਟੀ ਨਿਗਾਰ, ਭੈੜੀ ਨਿਗਾਹ

कुनकुना-ਕੁਨਕੁਨਾ, ਵਿ., ਮਾਮੂਲੀ ਤੱਤਾ, ਕੁਝ ਗਰਮ, ਖੂਹ ਨਵ੍ਹਾਇਆ, ਕੋਸਾ

कुनबा-ਕੁਨਬਾ, ਪੁ., ਟੱਬਰ, ਪਰਵਾਰ, ਖਾਨਦਾਨ

कुनह-ਕੁਨਹ, ਵਿ., ਬੁਰਾ ਫੰਦਾ ਪਾਉਣ ਵਾਲਾ, ਇ., ਮਨਮੁਟਾਓ

ਪੁਰਾਣੀ ਦੁਸ਼ਮਣੀ

कुनिया–ਕੁਨਿਯਾ, ਪੁ., ਖਰਾਦਣ ਵਾਲਾ, ਖਰਾਦੀਆ

कुनीन–ਕੁਨੀਨ, ਇ., ਸਿਨਕੋਨਾ ਨਾਉਂ ਦੇ ਰੁੱਖ ਦਾ ਛਿਲਕਾ ਜਿਸ ਦਾ ਸਤ ਬੁਖਾਰ ਵਿਚ ਕੰਮ ਆਉਂਦਾ ਹੈ

कुन्त–ਕੁੰਤ, ਪੁ., ਛੋਟਾ ਪਸ਼ੂ, ਭਾਲਾ, ਬਰਛੀ

कुन्तल–ਕੁੰਤਲ, ਪੁ., ਕੇਸ, ਵਾਲ, ਪੀਣ ਦਾ ਭਾਂਡਾ, ਹਲ

कुपथ–ਕੁਪੰਥ, ਪੁ., ਬੁਰਾ ਰਸਤਾ, ਕੁਚਾਲ, ਕੁਰਾਹ, ਭੈੜਾ ਰਾਹ

कुपढ़–ਕੁਪੜ੍ਹ, ਵਿ., ਅਣਪੜ੍ਹ, ਮੂਰਖ, ਅਨਾੜੀ

कुपत्थी–ਕੁਪੱਥੀ, ਵਿ., ਬਦਪਰਹੇਜ਼, ਭੈੜੇ ਰਸਤੇ ਜਾਣ ਵਾਲਾ

कुपथ–ਕੁਪਥ, ਪੁ., ਦੇਖੋ ਕੁਪੰਥ (कुपन्थ)

कुपरीक्षक–ਕੁਪਰੀਕਸ਼ਕ, ਪੁ., ਪਰੀਖਿਆ ਵੇਲੇ ਭਲੇ ਬੁਰੇ ਦਾ ਵਿਚਾਰ ਨਾ ਕਰਨ ਵਾਲਾ

कुपाठी–ਕੁਪਾਠੀ, ਵਿ., ਬਦਮਾਸ਼, ਉਤਪਾਤੀ, ਇੱਲਤੀ

कुपात्र–ਕੁਪਾਤ੍ਰ, ਵਿ., ਨਾਲਾਇਕ, ਜੋ ਦਾਨ ਦੇ ਲਾਇਕ ਨਾ ਹੋਵੇ, ਅਨਧਿਕਾਰੀ

कुपार–ਕੁਪਾਰ, ਪੁ., ਸਮੁੰਦਰ

कुपित–ਕੁਪਿਤ, ਵਿ., ਗੁਸੈਲਾ, ਨਾਰਾਜ਼ ਹੋਇਆ, ਖ਼ਫ਼ਾ ਹੋਣ ਵਾਲਾ, ਗੁੱਸੇ ਹੋਣ ਵਾਲਾ

कुपुत्र–ਕੁਪੁਤ੍ਰ, ਪੁ., ਮਾਂ ਬਾਪ ਦੇ ਹੁਕਮ ਨੂੰ ਨਾ ਮੰਨਣ ਵਾਲਾ ਪੁੱਤਰ, ਕੁਪੁੱਤਰ, ਭੈੜਾ ਮੁੰਡਾ

कुप्पा–ਕੁੱਪਾ, ਪੁ., ਚੰਮ ਦਾ ਤੇਲ ਆਦਿ ਰਖਣ ਦਾ ਭਾਂਡਾ

कुप्पी–ਕੁੱਪੀ, ਇ., ਤੇਲ ਘਿਉ ਫੁਲੇਲ ਰਖਣ ਦਾ ਚੰਮ ਦਾ ਛੋਟਾ ਭਾਂਡਾ

कुबड़ा–ਕੁਬੜਾ, ਪੁ., ਉਹ ਮਨੁੱਖ ਜਿਸ ਦੀ ਪਿਠ ਟੇਢੀ ਹੋਵੇ, ਵਿ., ਕੁੱਬਾ

कुबड़ी–ਕੁਬੜੀ, ਵਿ., ਝੁਕੀ ਹੋਈ ਪਿੱਠ ਵਾਲੀ, ਕੁੱਬੀ

कुबरी–ਕੁਬਰੀ, ਇ., ਕੰਸ ਦੀ ਇਕ ਦਾਈ, ਕੁਬਜਾ

कुवाक–ਕੁਬਾਕ, ਪੁ., ਕੋੜੀ ਗੱਲ, ਗਾਲੀ ਗਲੋਚ, ਮੰਦਾ ਬੋਲ, ਕੁਵਚਨ

कुबानि–ਕੁਬਾਨਿ, ਇ., ਭੈੜੀ ਆਦਤ, ਬੁਰਾ ਅਭਿਆਸ

कुबुद्धि–ਕੁਬੁੱਧਿ, ਵਿ., ਜਿਸ ਦੀ ਬੁਧ ਖਰਾਬ ਹੋਵੇ, ਮੂਰਖ, ਇ., ਮੂਰਖਤਾ, ਬੇਵਕੂਫੀ, ਬੁਰੀ ਸਲਾਹ

कुबेला–ਕੁਬੇਲਾ, ਇ., ਬੁਰਾ ਸਮਾ, ਭੈੜਾ ਵਕਤ

कुबोलनी–ਕੁਬੋਲਨੀ, ਇ., ਭੈੜਾ ਬੋਲ ਬੋਲਣ ਵਾਲੀ, ਮੰਦਾ ਬੋਲਣ ਵਾਲੀ

कुब्ज–ਕੁਬਜ, ਵਿ., ਝੁਕੀ ਪਿਠ ਵਾਲਾ, ਕੁੱਬਾ, ਪੁ., ਰੋਗ, ਕੁੱਬ

कुब्जा–ਕੁਬਜਾ, ਇ., ਕੈਕਈ ਦੀ ਗੋਲੀ ਜਿਸਦਾ ਨਾਉਂ ਮੰਥਰਾ ਸੀ, ਕੰਸ ਦੀ ਇਕ ਕੁਬੜੀ ਦਾਸੀ ਜਿਸ ਦਾ ਨਾਉਂ ਚਿਵਕ੍ਰਾ ਸੀ, ਕੁੱਬੀ ਤੀਵੀਂ

कुभार्या–ਕੁਭਾਰਜਾ, ਇ., ਭੈੜੀ ਤੀਵੀਂ, ਖੋਟੀ ਤੀਵੀਂ

कुभृत–ਕੁਭ੍ਰਿਤ, ਪੁ., ਪਰਬਤ, ਪਹਾੜ, ਸੱਤ ਦੀ ਸੰਖਿਆ, ਸ਼ੇਸ਼ਨਾਗ

कुमंठी–ਕੁਮੰਠੀ, ਇ., ਲਚਕਣ ਵਾਲੀ ਟਾਹਣੀ, ਲਚਕਦਾਰ ਟਾਹਣੀ

कुमन्त्रणा–ਕੁਮੰਤ੍ਰਣਾ, ਇ., ਖੋਟੀ ਰਾਇ, ਬੁਰੀ ਸਲਾਹ

कुमकुमा–ਕੁਮਕੁਮਾ, ਪੁ., ਲਾਖ ਦਾ ਗੋਲਾ ਜਿਸ ਵਿਚ ਗੁਲੇਲ ਭਰ ਕੇ ਹੋਲੀ ਨੂੰ ਇਕ ਦੂਜੇ ਤੇ ਮਾਰਦੇ ਹਨ, ਇਸ ਦੇ ਟੁਟਣ ਨਾਲ ਗੁਲਾਲ ਇੱਧਰ ਉਧੱਰ ਖਿਲਰ ਜਾਂਦਾ ਹੈ, ਇਕ ਤਰ੍ਹਾਂ ਦਾ ਲੋਟਾ

कुमति–ਕੁਮਤਿ, ਇ., ਥੋੜੀ ਸਮਝ, ਮੂਰਖਤਾ, ਭੈੜੀ ਸਮਝ, ਵਿ., ਬਦਤਮੀਜ, ਨਾਸਮਝ

कुमाच–ਕੁਮਾਚ, ਪੁ., ਇਕ ਤਰ੍ਹਾਂ ਦਾ ਰੇਸ਼ਮੀ ਕਪੜਾ, ਬੇਡੌਲ ਰੋਟੀ ਜੋ ਕਿਤੋਂ ਮੋਟੀ ਤੇ ਕਿਤੋਂ ਪਤਲੀ ਹੋਵੇ

कुमार–ਕੁਮਾਰ, ਪੁ., ਪੰਜ ਵਰ੍ਹੇ ਦਾ ਬਾਲਕ, ਟਿੱਕਾ, ਤੋਤਾ, ਦਰਿਆ ਸਿੰਧ, ਬ੍ਰਹਮਾ ਦੇ ਚਾਰ ਪੁੱਤਰ, ਪਾਰਾ, ਸੋਨਾ, ਮੰਗਲ ਗ੍ਰਹਿ, ਘੋੜੇ ਦਾ ਸੇਵਾਦਾਰ, ਅਗਨੀ, ਭਾਰਤ ਦਾ ਇਕ ਨਾਉਂ, ਵਿ., ਕੁਆਰਾ, ਛੜਾ

कुमारतन्त्र–ਕੁਮਾਰਤੰਤ੍ਰ, ਪੁ., ਬਾਲਕਾਂ ਦੀ ਦਵਾ ਬੂਟੀ ਦਾ ਗ੍ਰੰਥ

कुमार सम्भव–ਕੁਮਾਰ ਸੰਭਵ, ਪੁ., ਕਾਲੀ ਦਾਸ ਰਚਿਤ ਕਾਵ ਦਾ ਨਾਉਂ

कुमारिका–ਕੁਮਾਰਿਕਾ, ਇ., ਕੁਆਰੀ ਕੁੜੀ, ਘੀ ਕੁਆਰ

कुमारिलभट्ट–ਕੁਮਾਰਿਲਭੱਟ, ਪੁ., ਇਕ ਪਰਸਿੱਧ ਮੀਮਾਂਸਕ

कुमारी–ਕੁਮਾਰੀ, ਇ.. ਬਾਰਾਂ ਵਰ੍ਹੇ ਦੀ ਕੁੜੀ, ਘੀ ਕੁਆਰ, ਵਡੀ ਇਲਾਇਚੀ, ਸੀਤਾ, ਦੁਰਗਾ, ਪਾਰਵਤੀ, ਚਮੇਲੀ, ਭਾਰਤ ਦੇ ਦੱਖਣ ਵਿਚ ਇਕ ਦੀਪ, ਧਰਤੀ ਦਾ ਗਭਲਾ ਹਿੱਸਾ

कुमारीपूजन–ਕੁਮਾਰੀਪੂਜਨ, ਪੁ., ਕੁਆਰੀ ਕੁੜੀ ਦੀ ਪੂਜਾ ਜੋ ਦੇਵੀ ਪੂਜਾ ਵੇਲੇ ਹੁੰਦੀ ਹੈ

कुमार्ग–ਕੁਮਾਰਗ, ਪੁ., ਖੋਟਾ ਰਾਹ, ਅਧਰਮ, ਬੁਰੀ ਚਾਲ

कुमार्गी–ਕੁਮਾਰਗੀ, ਵਿ., ਕੁਮਾਰਗ ਗਾਮੀ, ਖੋਟੇ ਰਾਹ ਚੱਲਣ ਵਾਲਾ, ਬਦਚਲਣ, ਕੁਚਾਲੀ, ਵੈਲੀ

कुमित्र–ਕੁਮਿਤ੍ਰ, ਪੁ., ਖਰਾਬ ਦੋਸਤ, ਦੋਸਤ, ਦੁਸ਼ਟ ਮਿੱਤਰ

कुमुख–ਕੁਮੁਖ, ਪੁ., ਰੌਣ ਦਾ ਇਕ ਜੋਧਾ, ਸੂਰ, ਵਿ., ਭੈੜੇ ਮੂੰਹ ਵਾਲਾ

कुमुद–ਕੁਮੁਦ, ਪੁ., ਲਾਲ ਕੰਵਲ, ਚਾਂਦੀ, ਕਪੂਰ, ਰਾਮ ਰਾਵਨ ਦੀ ਲੜਾਈ ਵਿਚ ਲੜਨ ਵਾਲਾ ਬਾਂਦਰ, ਗੁੱਗਲ, ਇਕ ਦੀਪ

कुमुदनाथ–ਕੁਮੁਦਨਾਥ, ਪੁ., ਚੰਦਰਮਾ, ਚੰਦ, ਚੰਨ

कुमुदप्रिय कुमुदबन्धु–ਕੁਮੁਦਪ੍ਰਿਯ ਕੁਮੁਦਬੰਧੁ, ਪੁ., ਚੰਦ, ਚੰਨ

कुमुदिनी–ਕੁਮੁਦਿਨੀ, ਇ., ਚਾਂਦਨੀ, ਉਹ ਥਾਂ ਜਿਥੇ ਭੰਬੂਲ ਹੋਣ, ਭੰਬੂਲਣੀ

कुमेध–ਕੁਮੇਧ, ਵਿ., ਮੂਰਖ, ਬੇਵਕੂਫ, ਕਮੱਕਲ, ਨਾਸਮਝ

कुमेरु–ਕੁਮੇਰੁ, ਪੁ., ਧਰੂ ਤਾਰੇ ਦੇ ਠੀਕ ਹੇਠਾਂ ਦਾ ਥਾਂ

कुमैड़–ਕੁਮੈੜ, ਪੁ., ਛਲ, ਧੋਖਾ, ਦਗਾ

कुम्भ-ਕੁੰਭ, ਵਿ., ਮਿੱਟੀ ਦਾ ਘੜਾ, ਬਾਰ੍ਹਵੀਂ ਰਾਸ, ਸੋਲਾਂ ਸੇਰ ਦਾ ਤੋਲ, ਹਾਥੀ ਦੇ ਮੱਥੇ ਵਿਚਕਾਰਲਾ ਭਾਗ, ਜਾਇਫਲ ਦਾ ਰੁੱਖ, ਇਕ ਪੁਰਬ

कुम्भकर्ण-ਕੁੰਭਕਰਣ, ਪੁ., ਰੌਣ ਦਾ ਛੋਟਾ ਭਰਾ

कुम्भजन्मा-ਕੁੰਭਜਨਮਾ, ਪੁ., ਅਗਸਤ ਮੁਨੀ

कुम्हड़ा-ਕੁਮ੍ਹੜਾ, ਪੁ., ਇਕ ਸਬਜ਼ੀ

कुम्हलाना-ਕੁਮ੍ਹਲਾਨਾ, ਕ੍ਰਿ., ਮੁਰਝਾਉਣਾ, ਪੀਲਾ ਪੈਣਾ, ਸੁੱਕਣਾ

कुम्हार-ਕੁਮ੍ਹਾਰ, ਪੁ., ਘੁਮਿਆਰ

कुम्ही-ਕੁਮ੍ਹੀ ਇ., ਜਲਕੁੰਭੀ, ਪਾਣੀ ਤੇ ਫੈਲਣ ਵਾਲੀ ਵੇਲ

कुरकी-ਕੁਰਕੀ, ਇ., ਜ਼ਬਤੀ, ਘਰ ਦਾ ਮਾਲ ਜ਼ਬਤ ਕਰ ਲੈਣ ਦਾ ਭਾਵ

कुरकुट-ਕੁਰਕੁਟ, ਪੁ., ਛੋਟਾ ਟੁਕੜਾ, ਕੰਕੜ

कुरकुटा-ਕੁਰਕੁਟਾ, ਪੁ., ਖੰਨਾ ਰੋਟੀ

कुरकुरी-ਕੁਰਕੁਰੀ, ਇ., ਨਰਮ ਹੱਡੀ, ਘੋੜੇ ਦੀ ਇਕ ਬੀਮਾਰੀ

कुरङ्ग-ਕੁਰੰਗ, ਪੁ., ਤਾਂਬੇ ਵਰਗਾ ਜਾਂ ਕਾਲੇ ਰੰਗ ਦਾ ਹਿਰਣ, ਮਿਰਗ, ਲਖੋਰੀ ਰੰਗ ਦਾ ਘੋੜਾ, ਕੁਲੱਛਣ

कुरङ्गी-ਕੁਰੰਗੀ, ਇ., ਹਿਰਨੀ, ਮਿਰਗਣੀ

कुरट-ਕੁਰਟ, ਪੁ., ਚਮਾਰ

कुरड़ा-ਕੁਰੜਾ, ਪੁ., ਅਰਬੀ ਘੋੜੇ ਦੀ ਨਸਲ

कुरण्ट-ਕੁਰੰਟ, ਪੁ., ਮਤ੍ਰੋ, ਕੈਂਚਮੈਂਚ, ਕਾਲੀ ਭੰਬੋਲ

कुरण्ड-ਕੁਰੰਡ, ਪੁ., ਅਖਰੋਟ, ਦਾ ਰੁੱਖ, ਪਤਾਲੂਆਂ ਦੀ ਇਕ ਬੀਮਾਰੀ, ਇਕ ਤਰ੍ਹਾਂ ਦਾ ਕਰੜਾ ਪੱਥਰ

कुरता-ਕੁਰਤਾ, ਪੁ., ਕਮੀਜ਼, ਝੱਗਾ, ਕੁੜਤਾ

कुरती-ਕੁਰਤੀ, ਇ., ਤੀਵੀਆਂ ਦੇ ਗਲ੍ਹ ਵਿਚ ਪਾਉਣ ਦਾ ਕਪੜਾ, ਝੱਗਾ, ਜੰਪਰ

कुरना-ਕੁਰਨਾ, ਕ੍ਰਿ., ਇਕੱਠਾ ਹੋਣਾ, ਢੇਰ ਲਾਉਣਾ, ਮਿੱਠਾ ਬੋਲਣਾ

कुरबानी-ਕੁਰਬਾਨੀ, ਇ., ਬਲਿਦਾਨ

कुरर-ਕੁਰਰ, ਪੁ., ਪਾਣੀ ਦਾ ਇਕ ਜਾਨਵਰ, ਟਟੀਹਰੀ

कुररी-ਕੁਰਰੀ, ਇ.. ਟਟੀਹਰੀ

कुरलना-ਕੁਰਲਨਾ, ਕ੍ਰਿ., ਮਿੱਠੇ ਬੋਲ ਨਾਲ ਬੋਲਣਾ, ਚਹਿਕਣਾ

कुरव-ਕੁਰਵ, ਪੁ., ਭੈੜੀ ਬੋਲੀ, ਵਿ., ਖੋਟਾ ਬੋਲਣ ਵਾਲਾ

कुरवारना-ਕੁਰਵਾਰਨਾ, ਕ੍ਰਿ., ਖੋਦਣਾ, ਖੁਰਚਣਾ, ਕੱਟਣਾ, ਪੁੱਟਣਾ

कुरस-ਕੁਰਸ, ਪੁ , ਭੈੜਾ ਰਸ, ਆਸਵ, ਸ਼ਰਾਬ

कुरसा-ਕੁਰਸਾ, ਪੁ., ਇਕ ਰੁੱਖ ਜਿਸ ਦੀ ਲਕੜ ਸਖਤ ਅਤੇ ਲਾਲ ਰੰਗ ਦੀ ਹੁੰਦੀ ਹੈ

कुरसी-ਕੁਰਸੀ, ਇ., ਬੈਠਣ ਦੀ ਚੌਕੀ ਜਿਸ ਨਾਲ ਪਿਠ ਲਾਉਣ ਲਈ ਸਹਾਰਾ ਲਗਿਆ ਰਹਿੰਦਾ ਹੈ

कुरसीनामा-ਕੁਰਸੀਨਾਮਾ, ਪੁ., ਉਹ ਚਿੱਠੀ ਜਿਸ ਵਿਚ ਕੁਲ ਦੇ ਵੱਡਿਆਂ ਦੇ ਨਾਉਂ ਦਰਜ ਹੋਣ

कुरा-ਕੁਰਾ, ਪੁ., ਪੁਰਾਣੇ ਘਾਉ ਵਿਚ ਪਈ ਹੋਈ ਗੱਠ

कुराज्य-ਕੁਰਾਜਜ, ਪੁ., ਬੁਰੀ ਹਕੂਮਤ, ਭੈੜਾ ਰਾਜ

क़ुरान-.ਕੁਰਾਨ, ਪੁ., ਅਰਬੀ ਵਿਚ ਲਿਖਿਆ ਹੋਇਆ ਮੁਸਲਮਾਨਾਂ ਦਾ ਗ੍ਰੰਥ

कुराय-ਕੁਰਾਯ, ਇ., ਪਾਣੀ ਨਾਲ ਪੋਲੀ ਹੋਈ ਧਰਤੀ ਦਾ ਟੋਆ

कुराह-ਕੁਰਾਹ, ਪੁ., ਖੋਟਾ ਰਸਤਾ, ਭੈੜਾ ਰਾਹ

कुराही-ਕੁਰਾਹੀ, ਵਿ., ਖੋਟੇ ਰਾਹ ਚਲਣ ਵਾਲਾ, ਬਦਚਲਣ, ਇ., ਬਦਚਲਣੀ

कुरिया-ਕੁਰਿਯਾ, ਇ., ਕੁੱਲੀ, ਛੋਟਾ ਪਿੰਡ

कुरिल-ਕੁਰਿਲ, ਪੁ., ਚਮਾਰ

कुरी-ਕੁਰੀ, ਇ., ਖਾਨਦਾਨ, ਕੁਲ, ਘਰਾਣਾ, ਕੋਹਲੂ, ਪੁ., ਇਕ ਤਰ੍ਹਾਂ ਦਾ ਅਨਾਜ, ਅਰਹਰ ਦੀਆਂ ਫਲੀਆਂ

कुरीति-ਕੁਰੀਤਿ, ਇ., ਫੈੜੀ ਰਸਮ, ਭੈੜਾ ਰਿਵਾਜ, ਖੋਟੀ ਰਸਮ

कुरू-ਕੁਰੂ, ਪੁ., ਇਕ ਚੰਦਰਵੰਸੀ ਰਾਜਾ, ਕੌਰਵਾਂ ਪਾਂਡਵਾਂ ਦੇ ਵੱਡੇ ਦਾ ਨਾਉਂ, ਪਰੋਹਤ, ਇਕ ਦੇਸ

कुरूक्षेत्र-ਕੁਰੂਕਸ਼ੇਤ੍ਰ, ਪੁ., ਇਕ ਤੀਰਥ ਅਤੇ ਕਸਬਾ ਜੋ ਕਿ ਅੰਬਾਲੇ ਤੇ ਦਿਲੀ ਦੇ ਵਿਚਕਾਰ ਹੈ, ਮਹਾਭਾਰਤ ਦੀ ਲੜਾਈ ਇਥੇ ਹੋਈ ਸੀ

कुरूरी-ਕੁਰੂਰੀ, ਪੁ , ਬਾਜ਼ ਪੰਛੀ

कुरूप-ਕੁਰੂਪ, ਵਿ., ਬਦਸੂਰਤ, ਭੈੜਾ, ਭੈੜੀ ਸ਼ਕਲ ਦਾ, ਕੋਝਾ

कुरूपता-ਕੁਰੂਪਤਾ, ਇ., ਬਦਸੂਰਤੀ, ਭੈੜੀ ਸ਼ਕਲ, ਬੇਢੰਗਾਪਣ

कुरेदना-ਕੁਰੇਦਨਾ, ਕ੍ਰਿ., ਖੁਰਚਣਾ, ਖੋਦਣਾ, ਕਿਸੇ ਚੀਜ਼ ਨੂੰ ਇਧੱਰ ਉਧੱਰ ਸਿਟਣਾ, ਪੁੱਟਣਾ

कुरेदनी-ਕੁਰੇਦਨੀ, ਇ., ਭੱਠੀ ਦੀ ਅੱਗ ਹਟਾਉਣ ਦੀ ਸੀਂਖਚੀ

कुरेभा-ਕੁਰੇਭਾ, ਪੁ., ਇਕ ਤਰ੍ਹਾਂ ਦੀ ਗਊ ਜੋ ਸਾਲ ਵਿਚ ਦੋ ਵਾਰ ਬੱਚਾ ਦੇਵੇ

कुरेर-ਕੁਰੇਰ, ਇ., ਹਾਸੀ, ਖੁਸ਼ੀ, ਉੱਛਲ ਕੁੱਦ

कुरैत-ਕੁਰੈਤ, ਪੁ , ਸਾਂਝ, ਹਿੱਸੇਦਾਰੀ, ਸੀਰ, ਭਾਈਵਾਲੀ

कुरैया-ਕੁਰੈਯਾ; ਪੁ., ਢੇਰ

कुर्क-ਕੁਰਕ, ਵਿ., ਸਰਕਾਰ ਰਾਹੀਂ ਹੜੱਪ

कुर्कनामा-ਕੁਰਕਨਾਮਾ, ਪੁ., ਜ਼ਬਤੀ ਦਾ ਪਰਵਾਨਾ, ਹੜੱਪ ਕਰਨ ਦਾ ਹੁਕਮ

कुर्की-ਕੁਰਕੀ, ਇ., ਜ਼ਬਤੀ, ਸਰਕਾਰ ਦਾ ਮਾਲ ਤੇ ਕਬਜ਼ਾ ਕਰਨ ਦਾ ਭਾਵ

कुर्री-ਕੁਰਰੀ, ਇ., ਸੁਹਾਗਾ, ਹੱਡੀ, ਗੋਲ ਟਿੱਕੀ

कुर्स-ਕੁਰਸ, ਪੁ., ਇਕ ਘਾ ਜਿਸ ਦੀ ਜੜ ਦੀ ਰੱਸੀ ਜਾਂ ਚਟਾਈ ਬਣਦੀ ਹੈ

कुल-ਕੁਲ, ਪੁ., ਖਾਨਦਾਨ, ਘਰਾਣਾ, ਜਾਤ, ਕੌਮ, ਘਰ, ਦੇਹ, ਕੌਲਧਰਮ, ਖਾਨਦਾਨ ਦੀ ਮਰਜਾਦਾ, ਵਪਾਰੀਆਂ ਦਾ ਝੁੰਡ, ਵਿ., ਸ਼੍ਰੇਸ਼ਟ, ਵੱਡਾ

कुलकना-ਕੁਲਕਨਾ, ਕ੍ਰਿ., ਖੁਸ਼ੀ ਨਾਲ ਹਸਣਾ ਬੋਲਣਾ

कुलकलङ्क–ਕੁਲਕਲੰਕ, ਪੁ., ਆਪਣੀ ਭੈੜੀ ਚਾਲ ਨਾਲ ਖਾਨਦਾਨ ਨੂੰ ਧੱਬਾ ਲਾਉਣ ਵਾਲਾ

कुलकानि–ਕੁਲਕਾਨਿ, ਇ., ਖਾਨਦਾਨ ਦੀ ਇੱਜ਼ਤ

कुलक्षण–ਕੁਲਕਸ਼ਣ, ਪੁ., ਭੈੜੇ ਚਾਲੇ, ਬੁਰੇ ਲੱਛਣ, ਬਦਚਲਣੀ, ਵਿ., ਬਦਚਲਣ

कुलक्षय–ਕੁਲਕਸ਼ਯ, ਪੁ., ਖਾਨਦਾਨ ਦਾ ਨਾਸ, ਕੁਲ ਦੀ ਤਬਾਹੀ

कुलगरिमा–ਕੁਲਗਰਿਮਾ. ਇ., ਖਾਨਦਾਨ ਟਾ ਵਡੱਪਣ

कुलचा–ਕੁਲਚਾ, ਪੁ., ਖਮੀਰੀ ਰੋਟੀ, ਤੰਬੂ ਦੇ ਡੰਡੇ ਤੇ ਲਾਉਣ ਦਾ ਡੰਡਾ

कुलट–ਕੁਲਟ, ਵਿ., ਬਹੁਤ ਤੀਵੀਆਂ ਨਾਲ ਪਿਆਰ ਕਰਨ ਵਾਲਾ, ਵਿਭਚਾਰੀ, ਬਦਚਲਣ, ਰੰਡੀਬਾਜ਼, ਪੁ., ਖਰੀਦਿਆ ਹੋਇਆ ਪੁੱਤਰ

कुलटा–ਕੁਲਟਾ, ਇ., ਬਹੁਤਿਆਂ ਮਨੁੱਖਾਂ ਨਾਲ ਪਿਆਰ ਕਰਨ ਵਾਲੀ ਤੀਵੀਂ, ਬਦਚਲਣ, ਇਭਚਾਰਨੀ, ਰੰਡੀ, ਕੰਜਰੀ

कुलतंतु–ਕੁਲਤੰਤੁ, ਵਿ., ਖਾਨਦਾਨ ਦਾ ਇਕੋ ਸਹਾਰਾ

कुलतारन–ਕੁਲਤਾਰਨ, ਵਿ., ਖਾਨਦਾਨ ਨੂੰ ਤਾਰਨ ਵਾਲਾ

कुलथी–ਕੁਲਥੀ, ਇ., ਮਾਹਾਂ ਵਰਗਾ ਅੰਨ

कुलदेव–ਕੁਲਦੇਵ, ਪੁ., ਉਹ ਦੇਵਤਾ ਜਿਸ ਦੀ ਪੂਜਾ ਕੁਲ ਵਿਚ ਪਹਿਲਾਂ ਤੋਂ ਹੁੰਦੀ ਹੋਵੇ

कुलदेवी–ਕੁਲਦੇਵੀ, ਇ., ਉਹ ਦੇਵੀ ਜਿਸ ਦੀ ਪੂਜਾ ਕੁਲ ਵਿਚ ਪਹਿਲਾਂ ਤੋਂ ਹੀ ਹੁੰਦੀ ਹੋਵੇ

कुलधर–ਕੁਲਧਰ, ਪੁ., ਪੁੱਤਰ, ਲੜਕਾ

कुलधर्म–ਕੁਲਧਰਮ, ਪੁ., ਖਾਨਦਾਨ ਦਾ ਧਰਮ

कुलन–ਕੁਲਨ, ਇ., ਪੀੜਾ, ਦਰਦ, ਪੀੜ

कुलना–ਕੁਲਨਾ, ਕ੍ਰਿ., ਦੁਖੀ ਹੋਣਾ, ਚੀਸ ਪੈਣੀ

कुलनार–ਕੁਲਨਾਰ, ਪੁ., ਇਕ ਪੱਥਰ ਜੋ ਕੁਝ ਚਿਟਾ ਤੇ ਸੁਰਮਈ ਰੰਗ ਦਾ ਹੁੰਦਾ ਹੈ ਇਸ ਨੂੰ ਸੇਲਖੜੀ ਚਿਟਾ ਸੁਰਮਾ ਆਦਿ ਕਹਿੰਦੇ ਹਨ

कुलपति–ਕੁਲਪਤਿ. ਪੁ., ਘਰ ਦਾ ਮਾਲਕ, ਸਰਦਾਂਰ, ਵਿਦਿਆਰਥੀਆਂ ਨੂੰ ਵਿਦਿਆ ਤੇ ਅੰਨ ਆਦਿ ਦੇਣ ਵਾਲਾ ਗੁਰੂ, ਮਹੰਤ

कुलफा–ਕੁਲਫਾ, ਪੁ., ਇਕ ਸਾਗ

कुलफी–ਕੁਲਫੀ, ਇ., ਪੇਚ, ਟੀਨ ਜਾਂ ਧਾਤ ਦੀ ਬਣੀ ਹੋਈ ਟੋਪੀ ਜਿਹੀ ਜਿਸ ਵਿਚ ਦੁਧ ਆਦਿ ਪਾ ਕੇ ਬਰਫ ਜਮਾਉਂਦੇ ਹਨ, ਪਿੱਤਲ ਜਾਂ ਤਾਂਬੇ ਦੀ ਟੇਢੀ ਨਲਕੀ

कुलवधू–ਕੁਲਬਧੂ, ਇ., ਚੰਗੇ ਘਰ ਦੀ ਬਹੂ

कुलवासा–ਕੁਲਬਾਸਾ, ਪੁ., ਜੁਲਾਹਿਆਂ ਦੇ ਕਰਘੇ ਦਾ ਇਕ ਬਾਂਸ ਜਿਸ ਵਿਚ ਕੰਘੀ ਬੰਨ੍ਹੀ ਰਹਿੰਦੀ ਹੈ

कुलवोरन–ਕੁਲਬੋਰਨ, ਵਿ., ਖਾਨਦਾਨ ਨੂੰ ਡੋਬਣ ਵਾਲਾ, ਕੁਲ ਨੂੰ ਦਾਗ ਲਾਉਣ ਵਾਲਾ, ਨਾਲਾਇਕ

कुलसन–ਕੁਲਸਨ, ਇ., ਇਕ ਚਿੜੀ

कुलह–ਕੁਲਹ, ਇ., ਟੋਪੀ, ਸ਼ਿਕਾਰੀ, ਜਾਨਵਰਾਂ ਦੇ ਅੱਖ ਢਕਣ ਦੀ ਟੋਪੀ, ਹਨੇਰੀ, ਢੱਕਣ

कुलांच–ਕੁਲਾਂਚ, ਇ., ਦੋਨਾਂ ਹੱਥਾਂ ਦੇ ਵਿਚਕਾਰਲਾ ਫਰਕ, ਚੌਂਕੜੀ. ਉਛਾਲ, ਛੜੱਪਾ

कुलाङ्गार–ਕੁਲਾਂਗਾਰ, ਵਿ., ਕੁਲ ਦਾ ਨਾਸ ਕਰਨ ਵਾਲਾ, ਸਤਿਆਨਾਸੀ

कुलाचार्य–ਕੁਲਾਚਾਰਯ, ਪੁ., ਕੁਲ ਗੁਰੂ, ਕੁਲ ਪਰੋਹਤ

कुलाधि–ਕੁਲਾਧਿ, ਇ., ਪਾਪ, ਦੋਸ਼, ਐਬ, ਭੈੜ, ਖੋਟ

कुलाय–ਕੁਲਾਯ, ਪੁ., ਸਰੀਰ, ਆਲ੍ਹਣਾ, ਥਾਂ

कुलायिका–ਕੁਲਾਇਕਾ, ਪੁ., ਚਿੜੀਆ ਘਰ

कुलाल–ਕੁਲਾਲ,ਪੁ., ਮਿੱਟੀ ਦੇ ਭਾਂਡੇ ਘੜਨ ਵਾਲਾ, ਘੁਮਿਆਰ, ਜੰਗਲੀ ਮੁਰਗਾ, ਘੜਿਆਲ

कुलालचक्र–ਕੁਲਾਲਚੱਕ੍ਰ, ਪੁ., ਘੁਮਿਆਰ ਦਾ ਚੱਕ

कुलाली–ਕੁਲਾਲੀ, ਇ., ਘੁਮਿਆਰੀ, ਘੁਮਿਆਰ ਦੀ ਤੀਵੀਂ, ਦੂਰਬੀਨ

कुलिङ्ग–ਕੁਲਿੰਗ, ਪੁ., ਚਿੜਾ, ਕਾਕੜਾ ਸਿੰਗੀ, ਇ., ਇਕ ਨਦੀ ਵਿ., ਕੁਲੰਨ

कुलिज–ਕੁਲਿਜ, ਪੁ., ਨਹੁੰ, ਨਾਖ਼ੂਨ

कुलिश–ਕੁਲਿਸ਼,ਪੁ., ਹੀਰਾ, ਬੱਜਰ, ਬਿਜਲੀ, ਕੁਹਾੜਾ, ਸਕਰਕੰਦੀ ਦਾ ਬੂਟਾ, ਟਾਕੂਆ

कुलिशधर–ਕੁਲਿਸ਼ਧਰ, ਪੁ., ਇੰਦਰ, ਦੇਵਤਿਆਂ ਦਾ ਰਾਜਾ

कुली–ਕੁਲੀ, ਪੁ., ਬੋਝ ਉਠਾਉਣ ਵਾਲਾ ਮਜ਼ਦੂਰ, ਭਾਰ ਢੋਣ ਵਾਲਾ ਬੰਦਾ

कुलीन–ਕੁਲੀਨ, ਵਿ., ਚੰਗੇ ਖਾਨਦਾਨ ਦਾ, ਚੰਗੇ ਘਰਾਣੇ ਦਾ, ਵਿਦਵਾਨ, ਪਵਿੱਤਰ, ਸਾਫ

कुलीर–ਕੁਲੀਰ, ਪੁ., ਕੇਕੜਾ

कुलुक–ਕੁਲੁਕ, ਪੁ., ਜੀਭ ਦੀ ਮੈਲ

कुलुफ़–ਕੁਲੁਫ, ਪੁ., ਤਾਲਾ, ਜਿੰਦਰਾ, ਜਿੰਦਾ

कुलू–ਕੁਲੂ, ਪੁ., ਕਾਂਗੜੇ ਦੇ ਜ਼ਿਲ੍ਹੇ ਦਾ ਇਕ ਪਹਾੜ, ਇਕ ਸ਼ਹਿਰ ਜੋ ਵਿਆਸ ਦਰਿਆ ਦੇ ਕੰਢੇ ਵਸਿਆ ਹੈ

कुलूल–ਕੁਲੂਲ, ਇ., ਕਲੋਲ, ਖੇਲ੍ਹਕੁੱਦ, ਦਿਲ ਪਰਚਾਵਾ

कुलेलना–ਕੁਲੇਲਨਾ, ਕ੍ਰਿ., ਕਲੋਲ ਕਰਨਾ, ਖੇਡਣਾ

कुल्या–ਕੁਲਜਾ, ਇ., ਬਨਾਵਟੀ ਨਦੀ, ਨਹਿਰ, ਪਰਨਾਲਾ, ਨਾਲਾ, ਨਾਲੀ, ਜੀਵੰਤੀ ਨਾਉਂ ਦੀ ਦਵਾ, ਖਾਨਦਾਨੀ ਤੀਵੀਂ

कुल्ला–ਕੁੱਲਾ, ਪੁ., ਮੂੰਹ ਸਾਫ ਕਰਨ ਲਈ ਪਾਣੀ ਨੂੰ ਮੰਹ ਵਿਚ ਪਾ ਕੇ ਇਧਰ ਉਧਰ ਘੁਮਾ ਕੇ ਬਾਹਰ ਸਿੱਟਣ ਦਾ ਕੰਮ, ਮੂੰਹ ਵਿਚ ਭਰਿਆ ਹੋਇਆ ਜਲ, ਗਰਾਰਾ, ਇੱਖ ਦੇ ਖੇਤ ਦੀ ਰਮਾਈ, ਸਿੰਜਾਈ

कुल्ली–ਕੁੱਲੀ, ਇ., ਦੇਖੋ ਕੁੱਲਾ (कुल्ला)

कुल्लुक–ਕੁੱਲੁਕ, ਪੁ., ਇਕ ਤਰ੍ਹਾਂ ਦਾ ਬਾਂਸ

कुल्हड़–ਕੁੱਲ੍ਹੜ, ਪੁ., ਠੂਠੀ, ਮਿੱਟੀ ਦਾ ਭਾਂਡਾ, ਕਸੋਰਾ

कुल्हाड़ा–ਕੁਲ੍ਹਾੜਾ, ਪੁ., ਕੁਹਾੜਾ, ਲਕੜ ਚੀਰਨ ਫਾੜਨ ਦਾ

ਇਕ ਸੰਦ

कुल्हाड़ी–ਕੁਲ੍ਹਾੜੀ, ਇ., ਕੁਹਾੜੀ, ਟਾਕੂਆ, ਛੋਟਾ ਕੁਹਾੜਾ

कुवद–ਕੁਵਦ, ਪੁ., ਨਿੰਦਿਆ, ਭੈੜੀ ਗੱਲ, ਬੁਰਿਆਈ

कुवल–ਕੁਵਲ, ਪੁ., ਬੇਰ ਦਾ ਫਲ, ਪਾਣੀ, ਸੱਪ ਦਾ ਢਿਡ

कुवलयापीड़–ਕੁਵਲਯਾਪੀੜ, ਪੁ., ਇਕ ਹਾਥੀ ਦਾ ਨਾਉਂ ਜੋ ਕ੍ਰਿਸ਼ਣ ਨੂੰ ਮਾਰਨ ਲਈ ਕੰਸ ਨੇ ਬੂਹੇ ਤੇ ਖੜ੍ਹਾਇਆ ਸੀ ਤੇ ਕ੍ਰਿਸ਼ਣ ਨੇ ਮਾਰ ਦਿਤਾ ਸੀ

कूवां–ਕੁਵਾਂ, ਪੁ., ਖੂਹ, ਕੂਆਂ

कुवांद–ਕੁਵਾਂਦ, ਪੁ., ਜੰਗਲੀ ਗੁਲਾਬ

कुवाच्य–ਕੁਵਾਚਯ, ਵਿ., ਜੋ ਕਹਿਣ ਜੋਗ ਨਾ ਹੋਵੇ, ਗੰਦਾ, ਭੈੜਾ, ਪੁ., ਕੌੜੇ ਬੋਲ, ਗਾਲੀ ਗਲੋਚ

कुवार–ਕੁਵਾਰ, ਪੁ., ਅਸੂ ਦਾ ਮਹੀਨਾ

कुवासना–ਕੁਵਾਸਨਾ, ਇ., ਭੈੜੀ ਚਾਹਨਾ, ਬੁਰੀ ਇੱਛਿਆ

कुविन्द–ਕੁਵਿੰਦ, ਪੁ., ਜੁਲਾਹਾ

कुविन्दक–ਕੁਵਿੰਦਕ, ਪੁ., ਕਸੇਰਾ

कुवेर–ਕੁਵੇਰ, ਪੁ., ਇਕ ਦੇਵਤਾ ਜੋ ਇੰਦਰ ਦੀ ਨੌਂ ਨਿਧੀਆਂ ਦਾ ਭੰਡਾਰੀ ਤੇ ਮਹਾਦੇਵ ਦਾ ਦੋਸਤ ਹੈ

कुवेरक–ਕੁਵੇਰਕ, ਪੁ., ਸ਼ਹਤੂਤ ਦਾ ਰੁੱਖ, ਤੂਤ

कुवेराचल–ਕੁਵੇਰਾਚਲ, ਪੁ., ਕੈਲਾਸ ਪਹਾੜ

कुश–ਕੁਸ਼, ਪੁ., ਕਾਂਸ ਦੀ ਜਾਤ ਦਾ ਇਕ ਘਾਹ ਜਿਸ ਦੀ ਵਰਤੋਂ ਜੱਗ ਆਦਿ ਵਿਚ ਹੁੰਦੀ ਹੈ, ਰਾਮ ਚੰਦਰ ਦਾ ਇਕ ਪੁੱਤਰ, ਸੱਪ ਦਾ ਢਿਡ, ਵਿ., ਪਾਪੀ

कुशद्वीप–ਕੁਸ਼ਦ੍ਵੀਪ, ਪੁ., ਸੱਤਾਂ ਟਾਪੂਆਂ ਵਿਚੋਂ ਇਕ ਟਾਪੂ ਜੋ ਚਹੁੰ ਪਾਸਿਉਂ ਘਿਉ ਦੇ ਸਮੁੰਦਰ ਨਾਲ ਘਿਰਿਆ ਹੋਇਆ ਹੈ

कुशध्वज–ਕੁਸ਼ਧ੍ਵਜ, ਪੁ., ਰਾਜਾ ਜਨਕ ਦੇ ਛੋਟੇ ਭਾਈ ਜਿਨ੍ਹਾਂ ਦੀਆਂ ਦੋ ਕੁੜੀਆਂ ਮਾਂਡਵੀ ਤੇ ਸਤਕੀਰਤੀ ਭਰਤ ਤੇ ਸ਼ਤਰੂਘਨ ਨੂੰ ਵਿਆਹੀਆਂ ਸਨ

ਇਕ ਰਿਸ਼ੀ ਜੋ ਬ੍ਰਿਹਸਪਤੀ ਦਾ ਪੁੱਤਰ ਅਤੇ ਵੇਦਵਤੀ ਦਾ ਪਿਤਾ ਸੀ

कुशल–ਕੁਸ਼ਲ, ਪੁ, ਕਲਿਆਣ, ਸੁੱਖਸਾਂਦ, ਖੁਸ਼ੀ, ਵਿ., ਚਤੁਰ, ਹੁਸ਼ਿਆਰ, ਨੇਕ, ਭਲਾ

कुशलता–ਕੁਸ਼ਲਤਾ, ਇ., ਹੁਸ਼ਿਆਰੀ, ਚਤੁਰਾਈ

कुशलप्रश्न–ਕੁਸ਼ਲਪ੍ਰਸ਼੍ਨ, ਪੁ., ਸੁੱਖਸਾਂਦ ਦਾ ਪੁਛਣ

कुशा–ਕੁਸ਼ਾ, ਪੁ., ਦੇਖੋ ਕੁਸ਼ (कुश)

कुशासन–ਕੁਸ਼ਾਸਨ, ਪੁੰ., ਕੁਸ਼ਾ ਦੀ ਸਫ, ਭੈੜਾ ਰਾਜ ਪਰਬੰਧ

कुशिक–ਕੁਸ਼ਿਕ, ਪੁ., ਵਿਸ਼ਵਾਮਿੱਤਰ ਦੇ ਦਾਦੇ ਦਾ ਨਾਉਂ, ਹਲ ਦਾ ਫਾਲਾ, ਬਹੇੜਾ, ਲਾਵੇ ਦਾ ਤੇਲ,ਤੇਲ ਦੀ ਮੈਲ, ਬੇਰ

कुशील–ਕੁਸ਼ੀਲ, ਵਿ., ਅਸੱਭ, ਖੋਟੀ ਆਦਤ ਵਾਲਾ

कुशीलव–ਕੁਸ਼ੀਲਵ, ਪੁ., ਨਟ, ਭੱਟ, ਗਾਉਣ ਵਾਲਾ, ਗਵੈਯਾ, ਵਾਲਮੀਕ, ਇਕ ਰਿਸ਼ੀ ਦਾ ਨਾਉਂ

कुशूलधान्य–ਕੁਸ਼ਲਧਾਨਯ, ਪੁ., ਤਿੰਨਾ ਸਾਲਾਂ ਲਈ ਇਕੱਠਾ ਕੀਤਾ ਹੋਇਆ ਧਾਨ

कुश्ता–ਕੁਸ਼੍ਤਾ, ਪੁ., ਧਾਤਾਂ ਨੂੰ ਦਵਾਈਆਂ ਨਾਲ ਮਾਰ ਕੇ ਬਣਾਈ ਹੋਈ ਭਸਮ

कुश्ती–ਕੁਸ਼੍ਤੀ, ਇ., ਪਹਿਲਵਾਨਾਂ ਦਾ ਘੋਲ, ਪਕੜ

कुश्तीबाज़–ਕੁਸ਼੍ਤੀਬਾਜ਼, ਵਿ., ਪਹਿਲਵਾਨ, ਘੁਲਣ ਵਾਲਾ, ਕੁਸ਼ਤੀ ਕਰਨ ਵਾਲਾ

कुषुंभ–ਕੁਸ਼ੁੰਭ, ਪੁ., ਕੀੜਿਆਂ ਦੀ ਉਹ ਥੈਲੀ ਜਿਸ ਵਿਚ ਉਨ੍ਹਾਂ ਦੀ ਜ਼ਹਿਰ ਹੁੰਦੀ ਹੈ

कुष्ट–ਕੁਸ਼੍ਟ, ਪੁ., ਕੋੜ੍ਹ, ਕੁਠ ਨਾਉਂ ਦੀ ਬੂਟੀ

कुष्टी–ਕੁਸ਼੍ਟੀ, ਵਿ., ਕੋੜ੍ਹੀ,ਕੋੜ੍ਹ ਰੋਗ ਵਾਲਾ

कुष्माण्ड–ਕੁਸ਼ਮਾਂਡ, ਪੁ., ਸੀਤਾ ਫਲ, ਪੇਠਾ, ਮਿੱਠਾ ਕੱਦੂ

कुसंग–ਕੁਸੰਗ, ਪੁ., ਭੈੜੀ ਸੁਹਬਤ, ਭੈੜਿਆਂ ਦਾ ਸਾਥ

कुसंगति–ਕੁਸੰਗਤਿ, ਇ., ਦੇਖੋ ਕੁਸੰਗ, (कुसंग)

कुसगुन–ਕੁਸਗੁਨ, ਪੁ., ਬੁਰਾ ਸਗਣ, ਕੁਲੱਛਣ, ਅਪਸਗਨ, ਬਦਸਗਨ

कुसमय–ਕੁਸਮਯ, ਪੁ., ਖੋਟਾ ਸਮਾ, ਉਹ ਸਮਾਂ ਜੋ ਕਿਸੇ ਕੰਮ ਲਈ ਠੀਕ ਨਾ ਹੋਵੇ, ਦੁਖ ਦੇ ਦਿਨ

कुसर–ਕੁਸਰ, ਪੁ., ਪਾਣੀ ਦੀ ਵੇਲ ਜਿਸ ਦੀ ਜੜ ਦਵਾ ਦੇ ਤੌਰ ਤੇ ਵਰਤੀ ਜਾਂਦੀ ਹੈ

कुसल, कुसलई–ਕੁਸਲ, ਕੁਸਲਈ, ਪੁ., ਇ., ਦੇਖੋ ਕੁਸ਼ਲ (कुशल)

कुसली–ਕੁਸਲੀ, ਇ., ਇਕ ਪਕਵਾਨ, ਅੰਬ ਦੀ ਗੁਠਲੀ

कुसवा–ਕੁਸਵਾ, ਪੁ., ਧਾਨ ਨੂੰ ਲੱਗਣ ਵਾਲਾ ਇਕ ਰੋਗ

कुसवारी–ਕੁਸਰਵਾਰੀ, ਪੁ., ਰੇਸ਼ਮ ਦਾ ਜੰਗਲੀ ਕੀੜਾ, ਰੇਸ਼ਮ

कुसहाय–ਕੁਸਹਾਯ, ਵਿ., ਖੋਟਾ ਸੰਗੀ, ਨਤਾਣਾ ਪੱਖੀ

कुसाइत–ਕੁਸਾਇਤ, ਇ., ਬੁਰੀ ਸੈਂਤ, ਖੋਟਾ ਮੁਹੂਰਤ, ਕੁਸਮਾ, ਬੁਰਾ ਵਕਤ

कुसाखी–ਕੁਸਾਖੀ, ਪੁ., ਬੁਰਾ ਗਵਾਹ

कुसिया–ਕੁਸਿਯਾ, ਇ., ਵੇਲ ਬੂਟੇ ਕੱਢਣ ਦੀ ਸੂਈ

कुसियार–ਕੁਸਿਯਾਰ, ਪੁ., ਇਕ ਤਰ੍ਹਾਂ ਦਾ ਮੋਟਾ ਤੇ ਨਰਮ ਕਮਾਦ

कुसीद–ਕੁਸੀਦ, ਪੁ., ਸੂਦਖੋਰੀ, ਵਿਆਜ ਲਈ ਉਧਾਰ ਦੇਣ ਦਾ ਕੰਮ

कुसुम–ਕੁਸੁਮ, ਪੁ., ਫੁੱਲ, ਮੇਵਾ, ਤੀਵੀਂ ਦੀ ਮਾਹਵਾਰੀ, ਅੱਖ ਦਾ ਇਕ ਰੋਗ, ਇਕ ਛੰਦ, ਪੀਲੇ ਫੁੱਲ ਦਾ ਬੂਟਾ

कुसुमचाप, कुसुमधन्वा–ਕੁਸੁਮਚਾਪ, ਕੁਸੁਮਧਨ੍ਵਾ, ਪੁ., ਕਾਮਦੇਵ, ਰਤੀ ਦਾ ਮਾਲਕ

कुसुमपुर–ਕੁਸੁਮਪੁਰ, ਪੁ., ਪਟਨਾ ਸ਼ਹਿਰ

कुसुमफल–ਕੁਸੁਮਫਲ., ਪੁ., ਜਾਇਫਲ

कुसुमवती–ਕੁਸੁਮਵਤੀ, ਇ., ਕਪੜੇ ਆਈ ਹੋਈ ਤੀਵੀਂ, ਭਿੱਟੀ ਔਰਤ

कुसुमस्तवक–ਕੁਸੁਮਸੁਵਕ, ਪੁ., ਫੁੱਲਾਂ ਦਾ ਗੁੱਛਾ

कुसुमा–ਕੁਸੁਮਾ, ਇ., ਜਾਇਫਲ, ਦਾ ਰੁੱਖ, ਸ਼ੰਖਪੁਸ਼ਪੀ

कुसुमाकर–ਕੁਸੁਮਾਕਰ, ਪੁ., ਬਗੀਚਾ, ਬਸੰਤ ਰੁੱਤ

कुसुमाधिप–ਕੁਸੁਮਾਧਿਪ, ਪੁ., ਚੰਭੇ ਦਾ ਬੂਟਾ

कुसुमायुध–ਕੁਸੁਮਾਯੁਧ, ਪੁ., ਕਾਮਦੇਵ

कुसुमासव–ਕੁਸੁਮਾਸਵ, ਪੁ., ਸ਼ਹਿਦ

कुसुमास्त्र–ਕੁਸੁਮਾਸਤ੍ਰ. ਪੁ., ਕਾਮਦੇਵ ਦਾ ਬਾਣ

कुसुम्भ–ਕੁਸੁੰਭ, ਪੁ., ਕੁਸੁਮ ਨਾਉਂ ਦਾ ਫੁੱਲ

कुसुम्भ–ਕੁਸੁੰਭਾ, ਪੁ., ਫੁੱਲ ਦਾ ਰੰਗ, ਧੋਈ ਹੋਈ ਫੀਮ

कुसुम्भी–ਕੁਸੁੰਭੀ, ਵਿ., ਲਾਲ ਰੰਗ ਦਾ

कुस्वप्न–ਕੁਸ੍ਵਪ, ਪੁ., ਭੈੜਾ ਸੁਫਨਾ

कुह–ਕੁਹ, ਪੁ., ਕੁਬੇਰ

कुहक–ਕੁਹਕ, ਪੁ., ਧੋਖਾ, ਜਾਲ, ਫਰੇਬ, ਬਾਜੀਗਰੀ, ਮੁਰਗੇ ਦੀ ਬਾਂਗ, ਡੱਡੂ, ਵਿ., ਧੋਖਾ ਦੇਣ ਵਾਲਾ, ਮਦਾਰੀ

कुहकना–ਕੁਹਕਨਾ, ਕ੍ਰਿ., ਮਿੱਠਾ ਬੋਲਣਾ, ਇਹ ਸ਼ਬਦ ਮੋਰ ਜਾਂ ਕੋਇਲ ਦੀ ਬੋਲੀ ਲਈ ਵਰਤਿਆ ਜਾਂਦਾ ਹੈ

कुहकी–ਕੁਹਕੀ, ਵਿ., ਧੋਖੇਬਾਜ਼

कुहन–ਕੁਹਨ, ਵਿ., ਈਰਖਾ ਕਰਨ ਵਾਲਾ, ਮੱਕਾਰ, ਧੋਖੇਬਾਜ਼, ਪੁ., ਚੂਹਾ, ਮਿੱਟੀ ਦਾ ਭਾਂਡਾ, ਸ਼ੀਸ਼ੇ ਦਾ ਭਾਂਡਾ, ਸੱਪ

कुहना–ਕੁਹਨਾ, ਕ੍ਰਿ., ਮਾਰਨਾ, ਬੁਰੀ ਤਰ੍ਹਾਂ ਨਾਲ ਮਾਰਨਾ

कुहनी–ਕੁਹਨੀ ਇ., ਹਥ ਤੇ ਬਾਂਹ ਦੇ ਜੋੜ ਦੀ ਹੱਡੀ,ਕੂਹਣੀ

कुहप–ਕੁਹਪ, ਪੁ., ਰਾਖਸ਼

कुहर–ਕੁਹਰ, ਪੁ., ਟੋਆ, ਸੁਰਾਖ, ਛੇਕ, ਬਿਲ, ਭੁੰਨਿਆ ਹੋਇਆ ਅੰਨ, ਇ., ਬਹਿਰੀ ਨਾਉਂ ਦਾ ਪੰਛੀ ਜੋ ਚਿੜੀਆਂ ਨੂੰ ਫੜ ਲੈਂਦਾ ਹੈ

कुहरा–ਕੁਹਰਾ, ਪੁ., ਪਾਣੀ ਦੇ ਛੋਟੇ ਛੋਟੇ ਤੁਬਕੇ ਜੋ ਠੰਢ ਕਰਕੇ ਹਵਾ ਦੀ ਭਾਫ ਵਿਚ ਜਮ ਜਾਂਦੇ ਹਨ ਅਤੇ ਹੌਲੀ ਹੌਲੀ ਹੇਠਾਂ ਉਤਰਦੇ ਹਨ, ਧੁੰਧ, ਤ੍ਰੇਲ, ਓਸ

कुहराम–ਕੁਹਰਾਮ, ਪੁ., ਕੋਲਾਹਲ, ਸ਼ੋਰ, ਰੌਲਾ ਵਿਰਲਾਪ ਦਾ ਸ਼ਬਦ, ਹਾਇ ਹਾਇ, ਉਪੱਦਰ

कुही–ਕੁਹੀ, ਇ., ਸ਼ਿਕਾਰੀ ਚਿੜੀ, ਕੁਹਰ

कुहु–ਕੁਹੁ, ਇ., ਅਮਾਵਸ, ਕੋਇਲ ਦੀ ਬੋਲੀ, ਮੱਸਿਆ

कुहुकना–ਕੁਹੁਕਨਾ, ਕ੍ਰਿ., ਪੰਛੀਆਂ ਦਾ ਮਿੱਠਾ ਮਿੱਠਾ ਬੋਲਣਾ

कुहूक–ਕੁਹੂਕ, ਪੁ., ਕੋਇਲ

कूंख–ਕੂੰਖ, ਇ., ਕੁੱਖ, ਢਿਡ, ਗਰਭ, ਪੇਟ

कूंखना–ਕੂੰਖਨਾ, ਕ੍ਰਿ., ਦੁਖੀ ਹਾਲਤ ਵਿਚ ਦਰਦ ਭਰਿਆ ਸ਼ਬਦ ਬੋਲਣਾ

कूंग–ਕੂੰਗ, ਪੁ., ਕਸੇਰਿਆਂ ਦਾ ਖਰਾਦਣ ਦਾ ਸੰਦ, ਖਰਾਦ

कूंगा–ਕੂੰਗਾ, ਪੁ., ਬਿਲ ਦੇ ਛਿਲਕੇ ਦਾ ਕਾੜ੍ਹਾ ਜਿਸ ਵਿਚ ਚੰਮ ਪਕਾਇਆ ਜਾਂਦਾ ਹੈ

कूंच–ਕੂੰਚ, ਇ., ਜੁਲਾਹੇ ਦੀ ਕੂਚੀ, ਲੁਹਾਰ ਦੀ ਵੱਡੀ ਸੰਨ੍ਹੀ ਅੱਡੀ ਦੀ ਉਪਰਲੀ ਨਾੜ

कूंचना–ਕੂੰਚਨਾ, ਕ੍ਰਿ., ਕੁੱਟਣਾ, ਮਾਰਨਾ, ਟੋਟੇ ਟੋਟੇ ਕਰਨਾ, ਤੋੜਨਾ

कूंचा–ਕੂੰਚਾ, ਪੁ., ਝਾੜੂ, ਬੌਕਰ, ਬੁਹਾਰੀ, ਸੂਹਣ

कूंची–ਕੂੰਚੀ, ਇ., ਛੋਟੀ ਝਾੜੂ, ਬੁਰੁਸ਼, ਚਿਤਰਕਾਰ ਦੀ ਕਲਮ, ਵਾਲਾਂ ਦੀ ਕਲਮ

कूंज–ਕੂੰਜ, ਪੁ., ਇਕ ਪੰਛੀ ਜਿਸ਼ ਨੂੰ ਕ੍ਰੌਂਚ ਵੀ ਕਹਿੰਦੇ ਹਨ

कूंजड़ा–ਕੂੰਜੜਾ, ਪੁ., ਸਾਗ ਭਾਜੀ ਅਤੇ ਫਲ ਵੇਚਣ ਵਾਲੀ ਜਾਤ, ਕਬਾੜੀ, ਕੁੰਜੜਾ

कूंजड़ी–ਕੂੰਜੜੀ, ਇ., ਕੁੰਜੜੇ ਦੀ ਤੀਵੀਂ

कूंड–ਕੂੰਡ, ਪੁ., ਲੜਾਈ ਵਿਚ ਪਹਿਰਣ ਦੀ ਲੋਹੇ ਦੀ ਟੋਪੀ, ਪਾਣੀ ਭਰਨ ਦਾ ਲੋਹੇ ਜਾਂ ਮਿੱਟੀ ਦਾ ਡੂੰਘਾ ਭਾਂਡਾ, ਖੇਤ ਵਿਚ ਹਲ ਨਾਲ ਬਣੀ ਹੋਈ ਲਕੀਰ, ਸਿਆੜ,ਪਾੜਾ

कूंडा–ਕੂੰਡਾ, ਪੁ., ਡੂੰਘਾ ਤੇ ਚੌੜੇ ਮੂੰਹ ਦਾ ਮਿੱਟੀ ਦਾ ਭਾਂਡਾ ਜਿਸ ਵਿਚ ਪਾਣੀ ਰਖਦੇ ਹਨ, ਬੂਟੇ ਲਗਾਉਣ ਦਾ ਗਮਲਾ, ਕਾਠੜਾ, ਨੂਣ ਮਿਰਚ ਕੁੱਟਣ ਦਾ ਭਾਂਡਾ

कूंडी–ਕੂੰਡੀ, ਇ., ਪੱਥਰ ਦੀ ਕੌਲੀ, ਪਥਰੀ, ਕੋਹਲੂ ਦੇ ਵਿਚ ਦਾ ਟੋਆ, ਨੂਣ ਮਿਰਚ ਰਗੜਨ ਵਾਲੀ ਮਿੱਟੀ ਜਾਂ ਪੱਥਰ ਦੀ ਠੂਠੀ

कूईं–ਕੂਈਂ, ਇ., ਪਾਣੀ ਵਿਚ ਹੋਣ ਵਾਲਾ ਕੰਵਲ ਵਰਗਾ ਇਕ ਬੂਟਾ, ਕੁਮੁਦਿਨੀ, ਭੰਬੂਲ, ਨੀਲੋਫਰ, ਖੂਹੀ

कूक–ਕੂਕ, ਇ., ਲੰਮੀ ਮਿੱਠੀ ਬੋਲੀ, ਮੋਰ ਜਾਂ ਕੋਇਲ ਦੀ ਬੋਲੀ

कूकना–ਕੂਕਨਾ, ਕ੍ਰਿ., ਮਿੱਠਾ ਬੋਲਣਾ, ਉਚੀ ਬੋਲਣਾ, ਘੜੀ ਨੂੰ ਚਾਬੀ ਦੇਣਾ

कूकर–ਕੂਕਰ, ਪੁ., ਕੁੱਤਾ

कूकरचंदी–ਕੂਕਰਚੰਦੀ, ਇ., ਕੁੱਤੇ ਦੇ ਕੱਟਣ ਤੇ ਲਾਉਣ ਦੀ ਦਵਾ

कूकरलैंड़–ਕੂਕਰਲੈਂੜ, ਪੁ.; ਕੁੱਤੇ ਕੁੱਤੀ ਦਾ ਮੇਲ

कूका–ਕੂਕਾ, ਪੁ., ਇਕ ਨਾਨਕ ਪੰਥੀ ਸੰਪਰਦਾਇ, ਨਾਮਧਾਰੀ ਸੰਪਰਦਾਇ

कूकी–ਕੂਕੀ, ਇ., ਇਕ ਕੀੜਾ ਜੋ ਖੇਤੀ ਦਾ ਨੁਕਸਾਨ ਕਰਦਾ ਹੈ

कूच–ਕੂਚ. ਪੁ., ਰਵਾਨਗੀ, ਕੁਸ਼ਤੀ ਦਾ ਦਾਉ, ਮਰ ਜਾਣ ਦਾ ਭਾਵ, ਤੁਰਨ, ਚੱਲਣ

कूचा–ਕੂਚਾ, ਪੁ., ਭੀੜੀ ਗਲੀ, ਤੰਗ ਰਸਤਾ

कूचिका, कूची–ਕੂਚਿਕਾ. ਕੂਚੀ, ਇ., ਦੇਖੋ ਕੂੰਚੀ (कूंची।

कूज–ਕੂਜ, ਇ., ਬੋਲੀ, ਸ਼ਬਦ, ਆਵਾਜ਼

कूजन–ਕੂਜਨ, ਪੁ.,ਚਿੜੀਆਂ ਦੀ ਬੋਲੀ, ਢਿਡ ਦੀ ਗੜਬੜ, ਗੱਡੀ ਦੇ ਪਹੀਆਂ ਦਾ ਸ਼ਬਦ

कूजना–ਕੂਜਨਾ, ਕ੍ਰਿ., ਕੂਕਣਾ, ਚਹਕਣਾ, ਮਿੱਠੀ ਬੋਲੀ ਬੋਲਣਾ

कूजा–ਕੂਜਾ, ਪੁ., ਮਿੱਟੀ ਦੀ ਠੂਠੀ ਵਰਗੇ ਸੰਚੇ ਵਿਚ ਜਮਾਈ ਹੋਈ ਅੱਧੀ ਗੋਲ ਸ਼ਕਲ ਦੀ ਮਿਸਰੀ

कूज़ा–ਕੂਜ਼ਾ, ਪੁ., ਮੋਤੀਏ ਦਾ ਫੁੱਲ

कूजित–ਕੂਜਿਤ, ਵਿ., ਜ ਬੋਲਿਆ ਜਾਂ ਕਹਿਆ ਗਿਆ ਹੋਵੇ, ਕੂਕਿਆ ਹੋਇਆ

कूट–ਕੂਟ, ਪੁ., ਪਹਾੜੀ ਦੀ ਉੱਚੀ ਚੋਟੀ ਜਿਵੇਂ ਹੇਮਕੂਟ ਚਿਤ੍ਰ ਕੂਟ, ਸਿੰਗ, ਅੰਨ ਦਾ ਵੱਡਾ ਸਾਰਾ ਢੇਰ, ਹਥੌੜਾ, ਲੋਹੇ ਦੀ ਮੁੰਗਲੀ, ਮਿਰਗ ਦੇ ਫੜਨ ਦਾ ਜਾਲ, ਗੁਪਤੀ ਸੋਟੀ, ਝੂਠ, ਛਲ, ਧੋਖਾ, ਫਰੇਬ, ਸ਼ਹਿਰ ਦਾ ਦਰਵਾਜਾ, ਘੜਾ, ਗੂੜ੍ਹਾ ਭੇਦ, ਜਿਸ ਦੇ ਅਰਥ ਵਿਚ ਹੇਰ ਫੇਰ ਹੋਵੇ, ਉਹ ਬਲ੍ਹਦ ਜਿਸ ਦੇ ਸਿੰਗ ਟੁੱਟੇ ਹੋਏ ਹੋਣ, ਵਿ., ਝੂਠਾ, ਧੋਖਾ ਦੇਣ ਵਾਲਾ, ਛਲੀਆ, ਬਣਾਉਟੀ, ਨਕਲੀ, ਸ਼੍ਰੇਸ਼ਟ, ਇ., ਕੁਠ ਨਾਉਂ ਦੀ ਦਵਾ, ਝੌਂਪੜੀ, ਕੁੱਲੀ

कूटकर्म–ਕੂਟਕਰਮ, ਪੁ., ਛਲ, ਧੋਖਾ, ਲੁਕ ਕੇ ਕੀਤਾ ਕੰਮ

कूटकर्मा–ਕੂਟਕਰਮਾ, ਵਿ., ਧੋਖੇਬਾਜ਼, ਛਲੀਆ, ਕਪਟੀ

कूटता–ਕੂਟਤਾ, ਇ., ਕਰੜਾਈ, ਛਲ, ਕਪਟ, ਝੂਠਾਪਣ

कूटना–ਕੂਟਨਾ, ਕ੍ਰਿ., ਠੋਕਣਾ, ਮਾਰਨਾ, ਕੁੱਟਣਾ

कूटनीति–ਕੂਟਨੀਤਿ, ਇ., ਧੋਖੇ ਦੀ ਚਾਲ, ਗੁੱਝੀ ਸਿਆਸਤ

कूटपाश–ਕੂਟਪਾਸ਼, ਪੁ., ਪੰਛੀਆਂ ਦੇ ਫੜਨ ਦਾ ਜਾਲ

कूटयुद्ध–ਕੂਟਯੁੱਧ ਪੁ., ਧੋਖੇ ਦੀ ਲੜਾਈ

कूटसाक्षी–ਕੂਟਸਾਕਸ਼ੀ, ਪੁ., ਝੂਠਾ ਗਵਾਹ, ਇ., ਝੂਠੀ ਗਵਾਹੀ, ਝੂਠੀ ਸ਼ਹਾਦਤ

कूटस्थ–ਕੂਟਸਥ, ਵਿ., ਸਭ ਤੋਂ ਵਧੀਆ, ਆਹਲਾ ਦਰਜੇ ਦਾ, ਅਟੱਲ, ਜੋ ਬਦਲ ਨਾ ਸਕੇ, ਵਿਨਾਸ਼ ਰਹਿਤ, ਗੁਪਤ, ਪੁ., ਪਰਮਾਤਮਾ, ਰੱਬ, ਜੀਵ

कूटस्वर्ण–ਕੂਟਸ੍ਵਰਣ, ਪੁ., ਖੋਟਾ ਸੋਨਾ, ਬਣਾਉਟੀ ਸੋਨਾ

कूटी–ਕੂਟੀ, ਵਿ., ਹਾਸਾ ਉੜਾਉਣ ਵਾਲਾ, ਜਾਲ ਸਾਜ਼, ਮਸਖਰਾ

कूट्टू–ਕੂਟੂ, ਪੁ., ਇਕ ਰੁੱਖ ਜਿਸ ਦੇ ਫਲਾਂ ਦ੍ਰੇ ਬੀਜਾਂ ਦਾ ਆਟਾ ਪੀਹ ਕੇ ਵਰਤਾਂ ਵਾਲੇ ਦਿਨ ਫਲਆਹਾਰ ਲਈ ਵਰਤਿਆ ਜਾਂਦਾ ਹੈ

कूड़ा–ਕੂੜਾ, ਪੁ., ਧਰਤੀ ਤੇ ਪਈ ਗਰਦ, ਝਾੜਨ, ਫਾਲਤੂ ਚੀਜ਼

कूढ़–ਕੂੜ੍ਹ, ਪੁ., ਹਲ ਦੇ ਪਾੜ ਵਿਚ ਬੀਜ ਬੀਜਣ ਦੀ ਰੀਤ ਹਲ ਦਾ ਇਕ ਹਿੱਸਾ, ਵਿ., ਮੂਰਖ, ਨਾਸਮਝ

कूत–ਕੂਤ, ਇ., ਅਨੁਮਾਨ, ਅੰਦਾਜ਼ਾ, ਪਰਖ, ਅਟਕਲ

कूतना–ਕੂਤਨਾ, ਕ੍ਰਿ., ਅੰਦਾਜ਼ਾ ਕਰਨਾ, ਅਨੁਮਾਨ ਲਾਉਣਾ

कूद–ਕੂਦ, ਇ., ਕੁੱਦਣ, ਛੜੱਪਾ, ਛਾਲ

कूदना–ਕੂਦਨਾ, ਕ੍ਰਿ., ਉਛਲਣਾ, ਛਲਾਂਗ ਮਾਰਨੀ, ਕੁੱਦਣਾ, ਸ਼ੇਖੀ ਮਾਰਨੀ, ਵਿਘਨ ਪਾਉਣਾ, ਬਹੁਤ ਖੁਸ਼ੀ ਦਿਖਾਉਣੀ, ਛੱੜਪਾ ਮਾਰਨਾ

कूनी–ਕੂਨੀ, ਇ., ਘੁਲਾੜੀ ਦੇ ਵੇਲਣ ਦਾ ਉਹ ਭਾਗ ਜਿਥੇ ਪੀੜਨ ਲਈ ਗੰਨੇ ਦਿੱਤੇ ਜਾਂਦੇ ਹਨ

कूप–ਕੂਪ, ਪੁ., ਖੂਹ, ਟੋਆ, ਛੇਕ, ਕੁੱਪਾ, ਕਿਸ਼ਤੀ ਜਾਂ ਜਹਾਜ਼ ਦਾ ਮਸਤੂਲ

कूपन–ਕਪਨ, ਪ., ਮਨੀਆਰਡਰ ਫਾਰਮ ਦਾ ਉਹ ਭਾਗ ਜਿਸ ਵਿਚ ਭੇਜਨ ਵਾਲਾ ਕੁਛ ਸਨੇਹਾ ਲਿਖ ਸਕਦਾ ਹੈ

कूपी–ਕੂਪੀ, ਇ., ਖੂਹੀ. ਛੋਟਾ ਖੂਹ, ਤੁੰਨੀ, ਛੋਟਾ ਭਾਂਡਾ, ਨਾਭ

कूबड़–ਕੂਬੜ, ਪੁ., ਪਿਠ ਦਾ ਟੇਢਾਪਣ,ਕਿਸੇ ਚੀਜ਼ ਦਾ ਟੇਢਾਪਣ, ਕੁੱਬ

कूबरी–ਕੂਬਰੀ, ਇ., ਕੰਸ ਦੀ ਦਾਸੀ, ਰਥ, ਗੱਡੀ, ਵਿ., ਕੁੱਬੀ, ਕੁੱਬ ਵਾਲੀ

कूर–ਕੂਰ, ਵਿ., ਬੇਰਹਮ, ਨਿਰਦਈ, ਡਰਾਉਣਾ, ਮਨਹੂਸ, ਬੁਰਾ, ਪੁ., ਲਗਾਨ ਦੀ ਘਾਟ, ਮਾਮਲੇ ਦੀ ਕਮੀ, ਚੂਰਾ

कूरता–ਕੂਰਤਾ, ਇ.. ਦੇਖੋ ਕ੍ਰੂਰਤਾ, (क्रूरता।

कूरा–ਕੂਰਾ, ਪੁ., ਢੇਰ, ਹਿੱਸਾ, ਦੇਖੋ ਕੂੜਾ, कूड़ा

कूर्च–ਕੂਚਰ, ਪੁ., ਦੋਹਾਂ ਭੌਆਂ ਦੇ ਵਿਚਕਾਰਲੀ ਥਾਂ, ਮੋਰਫੰਘ ਦਾੜ੍ਹੀ ਮੁੱਛ, ਧੋਖਾ, ਪਖੰਡ, ਇਕ ਤਰ੍ਹਾਂ ਦਾ ਆਸਣ; ਮੱਥਾ, ਸਿਰ, ਝੂਠੀ ਗੱਲ, ਘਮੰਡ, ਕਰੜਾ ਪਣ, ਭੰਡਾਰ

कूर्चिका–ਕੂਰਚਿਕਾ, ਇ., ਦੇਖੋ ਕੂੰਚੀ, (कूंची)

कूर्म–ਕੂਰਮ, ਪੁ., ਕੱਛੂ, ਧਰਤੀ, ਪਰਜਾਪਤੀ ਦਾ ਅਵਤਾਰ, ਸਰੀਰ ਦੀ ਹਵਾ ਜੋ ਪਲਕਾਂ ਨੂੰ ਖੋਲਦੀ ਤੇ ਮੁੰਦਦੀ ਹੈ, ਤੁੰਨ ਦੇ ਨੇੜੇ ਦੀ ਨਾੜ, ਇਕ ਖਾਸ ਆਸਣ

कूर्म क्षेत्र–ਕੂਰਮਕਸ਼ੇਤ੍ਰ, ਪੁ., ਹਿੰਦੂਆਂ ਦਾ ਇਕ ਤੀਰਥ ਜਿਥੇ ਕੂਰਮ ਭਗਵਾਨ ਦੇ ਦਰਸ਼ਨ ਹੁੰਦੇ ਹਨ

कूर्मद्वादशी–ਕੂਰਮਦ੍ਵਾਦਸ਼ੀ, ਇ., ਪੋਹ ਦੇ ਪਿਛਲੇ ਪੱਖ ਦੀ ਦੁਆਦਸ਼ੀ

कूल–ਕੂਲ, ਪੁ., ਕਿਨਾਰਾ, ਕੰਢਾ, ਖੰਭਾ, ਤਲਾਉ, ਫੌਜ ਦਾ ਪਿਛਲਾ ਹਿੱਸਾ, ਨੇੜੇ, ਵੱਡਾ ਨਾਲਾ, ਨਹਿਰ

कूलां–ਕੂਲਾ, ਪੁ., ਉਹ ਛੋਟਾ ਨਾਲਾ ਜੋ ਕਿਸੇ ਨਦੀ ਨਾਲੇ ਵਿਚ ਪਾਣੀ ਲਿਆਉਣ ਲਈ ਖੋਦਿਆ ਗਿਆ ਹੋਵੇ, ਹੰਸਲੀ

कूलिनी–ਕੂਲਿਨੀ, ਇ., ਨਦੀ, ਦਰਿਆ, ਕੂਲ

कूल्हना–ਕੂਲ੍ਹਨਾ, ਕ੍ਰਿ., ਦੇਖੋ ਕਾਂਖਨਾ, (कांखना)

कूल्हा–ਕੂਲ੍ਹਾ, ਪੁ., ਪੇਡੂ ਦੇ ਦੁਹੀਂ ਪਾਸੀਂ ਉਠੀ ਹੋਈ ਹੱਡੀ, ਕੁੱਲਾ, ਕੁਸ਼ਤੀ ਦਾ ਦਾਉ

कूष्माण्ड–ਕੂਸ਼ਮਾਂਡ, ਪੁ., ਕੁਮ੍ਹੜੇ ਦੀ ਵੇਲ, ਪੇਠਾ, ਇਕ ਰਿਸ਼ੀ, ਵਾਣਾਸੁਰ ਦਾ ਪਰਧਾਨ ਮੰਤ੍ਰੀ

कूष्माण्डा कूष्माण्डिनी कूष्माण्डी–ਕੂਸ਼ਮਾਂਡਾ ਕੂਸ਼ਮਾਂਡਿਨੀ ਕੂਸ਼ਮਾਂਡੀ, ਇ., ਦੇਵੀ

कूह–ਕੂਹ, ਇ., ਹਾਥੀ ਦੀ ਚਿੰਘਾੜ, ਚੀਖ, ਕੂਕ, ਚਿੱਲਾਹਟ

कूही–ਕੂਹੀ, ਇ., ਬਾਜ ਵਰਗੀ ਇਕ ਚਿੜੀ

कृक–ਕ੍ਰਿਕ, ਪੁ., ਗਲ, ਕੰਠ

कृकर–ਕ੍ਰਿਕਰ, ਪੁ., ਸਰੀਰ ਦੀ ਹਵਾ ਜੋ ਛਿਕ ਲਿਆਉਂਦੀ ਹੈ, ਸ਼ਿਵ, ਮਹਾਦੇਵ, ਕਨੇਰ ਦਾ ਰੁੱਖ, ਇਕ ਜਾਨਵਰ

कृकलास–ਕ੍ਰਿਕਲਾਸ, ਪੁ., ਕੋੜ੍ਹ ਕਿਰਲਾ, ਗਿਰਗਟ

कृच्छ्र–ਕ੍ਰਿੱਛ੍ਰ, ਪੁ., ਦੁਖ, ਪੀੜ, ਪਾਪ, ਇਕ ਰੋਗ, ਵਿ., ਦੁਖ ਦਾਈ, ਦੁਖ ਦੇਣ ਵਾਲਾ

कृत–ਕ੍ਰਿਤ, ਵਿ., ਕੀਤਾ ਹੋਇਆ, ਤਿਆਰ, ਨੇੜੇ ਦਾ, ਪੁ., ਚਹੁੰ ਜੁਗਾਂ ਵਿਚੋਂ ਪਹਿਲਾ ਜੁਗ, ਚਾਰ ਦੀ ਸੰਖਿਆ, ਸਤਜੁਗ

कृतकृत्य–ਕ੍ਰਿਤਕ੍ਰਿਤਜ, ਵਿ., ਜਿਸ ਦਾ ਕੰਮ ਪੂਰਾ ਹੋ ਚੁਕਿਆ ਹੋਵੇ, ਚਤੁਰ, ਹੋਸ਼ਿਆਰ, ਸਬਰ ਵਾਲਾ, ਮੁਕਤ

कृतघ्न–ਕ੍ਰਿਤਘ੍ਨ, ਵਿ., ਕੀਤੇ ਹੋਏ ਭਲੇ ਨੂੰ ਨਾ ਮੰਨਣ ਵਾਲਾ, ਨਿਮਕ ਹਰਾਮ

कृतघ्नता–ਕ੍ਰਿਤਘ੍ਨਤਾ, ਇ., ਕੀਤੇ ਹੋਏ ਭਲੇ ਨੂੰ ਭੁੱਲ ਜਾਣ ਦੀ ਹਾਲਤ

कृतघ्नी–ਕ੍ਰਿਤਘ੍ਨੀ, ਵਿ., ਦੇਖੋ ਕ੍ਰਿਤਘ੍ਨ (कृतघ्न)

कृतज्ञ–ਕ੍ਰਿਤੱਗਜ, ਵਿ., ਕੀਤੇ ਨੂੰ ਮੰਨਣ ਵਾਲਾ, ਐਹਸਾਨ ਮੰਦ

कृतज्ञता–ਕ੍ਰਿਤੱਗਜਤਾ, ਇ., ਐਹਸਾਨ ਮੰਦੀ, ਕੀਤੇ ਨੂੰ ਸਮਝਣ ਦਾ ਭਾਵ

कृतदण्ड–ਕ੍ਰਿਤਦੰਡ, ਪੁ., ਜਮਰਾਜ

कृतयुग–ਕ੍ਰਿਤਯੁਗ, ਪੁ., ਸਤਜੁਗ

कृतविद्य–ਕ੍ਰਿਤਵਿਦ੍ਯ, ਵਿ., ਜਾਣਕਾਰ, ਗਿਆਨੀ, ਪੰਡਿਤ

कृतांजलि–ਕ੍ਰਿਤਾਂਜਲਿ, ਵਿ., ਜਿਸ ਨੇ ਹਥ ਜੋੜੇ ਹੋਣ

कृतान्त–ਕ੍ਰਿਤਾਂਤ, ਪੁ., ਜਮਰਾਜ, ਮੌਤ, ਕਾਲ, ਪਾਪ, ਸ਼ਨਿਚਰਵਾਰ, ਦੋ ਦੀ ਸੰਖਿਆ, ਦੇਵਤਾ, ਇਕ ਨਛੱਤਰ

कृतार्थ–ਕ੍ਰਿਤਾਰਥ, ਵਿ., ਜਿਸ ਦਾ ਕੰਮ ਬਣ ਚੁਕਿਆ ਹੋਵੇ, ਸਫਲ, ਕਾਮਿਆਬ, ਚਤੁਰ, ਹੋਸ਼ਿਆਰ, ਰੱਜਿਆ ਹੋਇਆ

कृतार्थता–ਕ੍ਰਿਤਾਰਥਤਾ, ਇ., ਸਫਲਤਾ, ਕਾਮਿਆਬੀ

कृति–ਕ੍ਰਿਤਿ, ਇ., ਕੰਮ, ਕਰਨੀ, ਕਰਤੂਤ, ਚੋਟ, ਸੱਟਫੇਟ, ਨਾਸ,ਜਾਦੂ, ਮਾਰ ਕੁੱਟ, ਵੀਹ ਦੀ ਸੰਖਿਆ, ਕਟਾਰੀ, ਛੁਰੀ, ਪੁ., ਵਿਸ਼ਨੂੰ

कृत्ति–ਕ੍ਰਿੱਤੀ, ਇ., ਮਿਰਗ ਚਰਮ, ਕਟਾਰੀ, ਮਿਰਗਛਾਲ, ਚਮੜਾ, ਖਲ, ਭੋਜਪੱਤਰ, ਕ੍ਰਿਤਕਾ ਨਛੱਤਰ

कृत्तिका–ਕ੍ਰਿੱਤਿਕਾ, ਇ., ਛਕੜਾ, ਬੈਲਗੱਡੀ, ਇਕ ਨਛੱਤਰ

कृत्यका–ਕ੍ਰਿਤਜਕਾ, ਇ., ਡਾਇਨ, ਚੁੜੇਲ, ਭੂਤਨੀ

कृत्या–ਕ੍ਰਿਤਜਾ, ਇ.,ਇਕ ਰਾਖਸ਼ਣੀ, ਭੈੜੀ ਤੀਵੀਂ, ਜਾਦੂ,ਟੂਣਾ

कृत्रिम–ਕ੍ਰਿਤ੍ਰਿਮ, ਵਿ., ਨਕਲੀ, ਜੋ ਅਸਲ ਨਾ ਹੋਵੇ, ਜਾਲੀ, ਬਣਾਉਟੀ

कृदन्त–ਕ੍ਰਿਦੰਤ, ਪੁ., ਧਾਤੂ ਵਿਚ ਕ੍ਰਿਤ ਪ੍ਰਤਜਯ ਲੱਗਣ ਕਰਕੇ ਬਣਿਆ ਹੋਇਆ ਸ਼ਬਦ

कृपण–ਕ੍ਰਿਪਣ, ਵਿ., ਕੰਜੂਸ, ਸੂਮ, ਨੀਚ

कपणता–ਕ੍ਰਿਪਣਤਾਂ, ਇ, ਕੰਜੂਸੀ, ਸੂਮਪਣਾ

कृपा–ਕ੍ਰਿਪਾ, ਇ., ਮਿਹਰਬਾਨੀ, ਦਯਾ, ਮਿਹਰ, ਕ੍ਰਿਪਾਲਤਾ

कृपाण–ਕ੍ਰਿਪਾਣ, ਪੁ., ਖੜਗ, ਤਲਵਾਰ

कृपालु–ਕ੍ਰਿਪਾਲੁ, ਵਿ., ਦਯਾਲੂ, ਮਿਹਰਬਾਨ, ਮਿਹਰ ਕਰਨ ਵਾਲਾ

कृपालुता–ਕ੍ਰਿਪਾਲੁਤਾ, ਇ., ਮਿਹਰਬਾਨੀ, ਕਿਰਪਾ, ਦਯਾ

कमि–ਕ੍ਰਿਮਿ, ਪੁ., ਕੀੜਾ, ਗਧਾ, ਕੀੜਿਆਂ ਦੀ ਬੀਮਾਰੀ

कृमिका–ਕ੍ਰਿਮਿਕਾ, ਇ., ਰਾਈ

कृमिघ्न–ਕ੍ਰਿਮਿਘ੍ਨ, ਪੁ., ਵਾਇਵੜਿੰਗ, ਗਠਾ, ਪਿਆਜ਼,ਭਲਾਵਾ

कृश–ਕ੍ਰਿਸ਼, ਵਿ., ਕਮਜ਼ੋਰ, ਮਾੜਾ, ਦੁਬਲਾ ਪਤਲਾ, ਛੋਟਾ

कृशता–ਕ੍ਰਿਸ਼ਤਾ, ਇ., ਦੁਬਲਾਪਣ, ਕਮਜ਼ੋਰੀ, ਕਮੀ, ਪਤਲਾਪਣ

कृशरा–ਕ੍ਰਿਸ਼ਰਾ, ਇ., ਖਿਚੜੀ

कशाङ्गी–ਕ੍ਰਿਸ਼ਾਂਗੀ, ਇ., ਦੁਬਲੀ ਪਤਲੀ ਤੀਵੀਂ

कृशानु–ਕ੍ਰਿਸ਼ਾਨੁ, ਪੁ., ਅੱਗ, ਅਗਨੀ

कृशोदरी–ਕ੍ਰਿਸ਼ੋਦਰੀ, ਇ., ਪਤਲੇ ਲਕ ਵਾਲੀ ਤੀਵੀਂ

कृषक–ਕ੍ਰਿਸ਼ਕ ਪੁ., ਕਿਰਸਾਨ, ਕਾਸ਼ਤਕਾਰ, ਹਲ ਦਾ ਫਾਲਾ

कृषि–ਕ੍ਰਿਸ਼ਿ. ਇ., ਖੇਤੀ

कृषिवल–ਕ੍ਰਿਸ਼ਿਬਲ, ਪੁ., ਕਿਰਸਾਨ, ਕਾਮਾ

कृष्ण–ਕ੍ਰਿਸ਼ਣ, ਵਿ., ਕਾਲਾ, ਨੀਲੇ ਜਾਂ ਅਸਮਾਨੀ ਰੰਗਾ, ਪੁ., ਰੱਬ ਦਾ ਅਵਤਾਰ, ਵਸੂਦੇਵ ਦਾ ਪੁੱਤਰ ਜੋ ਦੇਵਕੀ ਦੇ ਗਰਭ ਤੋਂ ਪੈਦਾ ਹੋਇਆ ਸੀ, ਅਰਜੁਨ, ਕੋਇਲ, ਕਾਂ, ਕਦਮ ਦਾ ਰੁੱਖ, ਹਨੇਰਾ ਪੱਖ, ਕਰੌਂਦਾ, ਕਾਲੀ ਮਿਰਚ, ਕਾਲਾ ਜੀਰਾ, ਰਾਈ, ਇਕ ਰਾਖਸ਼

कृष्णक–ਕ੍ਰਿਸ਼ਣਕ, ਪੁ., ਕਾਲੇ ਹਿਰਨ ਦੀ ਖੱਲ, ਕਾਲੀ ਸਰ੍ਹੋਂ

कृष्णद्वैपायन–ਕ੍ਰਿਸ਼ਣ ਦ੍ਵੈਪਾਯਨ, ਪੁ., ਵੇਦ ਵਿਆਸ

कृष्णपक्ष–ਕ੍ਰਿਸ਼ਣਪਕਸ਼, ਪੁ., ਹਨੇਰਾ ਪੱਖ, ਏਕਮ ਤੋਂ ਮੱਸਿਆ ਤਕ ਦਾ ਸਮਾ

कृष्ण पिङ्गला–ਕ੍ਰਿਸ਼ਣ ਪਿੰਗਲਾ, ਇ., ਦੁਰਗਾ, ਭਗਵਤੀ, ਦੇਵੀ

कृष्णभोगी–ਕ੍ਰਿਸ਼ਣਭੋਗੀ, ਪੁ., ਕਾਲਾ ਸੱਪ, ਕਾਲਾ ਨਾਗ

कष्णमणि–ਕ੍ਰਿਸ਼ਣਮਣਿ, ਪੁ., ਨੀਲਮ

कृष्णसार–ਕ੍ਰਿਸ਼ਣਸਾਰ, ਪੁ., ਥੋਹਰ, ਕਾਲਾ ਹਿਰਨ

कृष्णा–ਕ੍ਰਿਸ਼ਣਾ, ਇ., ਦਰੋਪਦੀ, ਕਿਸ਼ਮਿਸ਼, ਕਾਲਾ ਜੀਰਾ ਰਾਈ, ਦੱਖਣ ਦੇਸ ਦੀ ਨਦੀ, ਦੁਬ, ਜੋਕ, ਅੱਖ ਦੀ ਪੁਤਲੀ ਕਾਲੀ ਤੁਲਸੀ, ਕੁਟਕੀ, ਕੜੂ

कृष्णाजिन–ਕ੍ਰਿਸ਼ਣਾਜਿਨ, ਪੁ., ਕਾਲੇ ਹਿਰਨ ਦੀ ਖੱਲ

कृष्णाभिसारिका–ਕ੍ਰਿਸ਼ਣਾਭਿਸਾਰਿਕਾ. ਇ., ਇਕ ਨਾਇਕਾ ਜੋ ਹਨੇਰੀ ਰਾਤ ਵਿਚ ਆਪਣੇ ਪਿਆਰੇ ਕੋਲ ਜਾਂਦੀ ਹੈ

कृष्णाभ्र–ਕ੍ਰਿਸ਼ਣਾਭ੍ਰ, ਪੁ., ਕਾਲਾ ਅੱਭਰਕ, ਕਾਲਾ ਬੱਦਲ

कृष्णाष्टमी–ਕ੍ਰਿਸ਼ਣਾਸ਼੍ਟਮੀ, ਇ., ਭਾਦੋਂ ਬਦੀ ਅੱਠੋਂ ਜਿਸ ਦਿਨ ਸ੍ਰੀ ਕ੍ਰਿਸ਼ਣ ਜੀ ਦਾ ਜਨਮ ਹੋਇਆ ਸੀ

कृष्य–ਕ੍ਰਿਸ਼ਜ, ਵਿ., ਖੇਤੀ ਕਰਨ ਜੋਗ

कें कें–ਕੇਂ ਕੇਂ, ਇ., ਚਿੜੀਆ ਦਾ ਦੁਖ ਭਰਿਆ ਸ਼ਬਦ, ਝਗੜੇ ਦੀ ਬੋਲੀ

केंचुल केंचुली–ਕੇਂਚੁਲ ਕੇਂਚੁਲੀ, ਇ., ਸੱਪ ਦੀ ਕੰਜ

केंचुवा–ਕੇਂਚੁਵਾ, ਪੁ., ਬਰਸਾਤ ਦਾ ਇਕ ਕੀੜਾ

केंत–ਕੇਂਤ, ਪੁ., ਮੋਟੀ ਬੈਂਤ

केकड़ा–ਕੇਕੜਾ, ਪੁ., ਪਾਣੀ ਵਿਚ ਰਹਿਣ ਵਾਲਾ ਅੱਠ ਟੰਗਾਂ ਵਾਲਾ ਇਕ ਕੀੜਾ

केकय–ਕੇਕਯ, ਪੁ., ਕਸ਼ਮੀਰ ਦੇਸ ਦੇ ਇਕ ਨਗਰ ਦਾ ਨਾਉਂ, ਦਸਰਥ ਦੇ ਸਹੁਰੇ ਦਾ ਨਾਉਂ

केकयी–ਕੇਕਯੀ, ਇ., ਰਾਜਾ ਦਸਰਥ ਦੀ ਵਿਚਕਾਰਲੀ ਰਾਣੀ, ਭਰਤ ਦੀ ਮਾਂ

केकल–ਕੇਕਲ, ਪੁ., ਨੱਚਣ ਵਾਲਾ

केका–ਕੇਕਾ, ਇ., ਮੋਰ ਦੀ ਬੋਲੀ

केकी–ਕੇਕੀ, ਪੁ., ਮੋਰ

केचित–ਕੇਚਿਤ, ਅਵਜ., ਕੋਈ ਕੋਈ

केड़वारी–ਕੇਡਵਾਰੀ, ਇ., ਸਾਗ ਭਾਜੀ ਦਾ ਬਾੜਾ

केड़ा–ਕੇੜਾ, ਪੁ., ਕਰੂੰਬਲ, ਨਵਾਂ ਬੂਟਾ, ਨੌਜਵਾਨ

केत–ਕੇਤ, ਪੁ., ਘਰ, ਥਾਂ, ਬਸਤੀ, ਝੰਡਾ, ਇਕਰਾਰ

केतकी–ਕੇਤਕੀ, ਇ., ਕੇਵੜਾ, ਲੰਮੀ ਨੁਕੀਲੀ ਤੇ ਕੋਮਲ ਪੱਤੀਆਂ ਵਾਲਾ ਬੂਟਾ

केतन–ਕੇਤਨ, ਪੁ., ਬੁਲਾਵਾ, ਸਦਾ, ਝੰਡਾ, ਨਿਸ਼ਾਨ, ਘਰ, ਥਾਂ

केता, केतिक–ਕੇਤਾ, ਕੇਤਿਕ, ਵਿ., ਕਿੰਨਾ, ਕਿਤਨਾ

केतु–ਕੇਤੁ, ਪੁ., ਚੱਲਣ ਫਿਰਨ ਦਾ ਕੰਮ, ਅਕਲ, ਚਮਕ, ਝੰਡਾ, ਨਿਸ਼ਾਨ, ਪੀੜ, ਪੂਛ ਵਾਲਾ ਤਾਰਾ, ਨੌਂ ਗ੍ਰਹਾਂ ਵਿਚੋਂ ਇਕ ਗ੍ਰਹਿ

केतुमती–ਕੇਤੁਮਤੀ, ਇ., ਸੁਮਾਲੀ ਰਾਖਸ਼ ਦੀ ਤੀਵੀਂ ਜੋ ਰੋਣ ਦੀ ਨਾਨੀ ਸੀ

केतुमान–ਕੇਤੁਮਾਨ, ਵਿ., ਨਿਸ਼ਾਨ ਵਾਲਾ, ਬੁਧਮਾਨ, ਪੁ., ਧਨੰਤਰੀ ਦਾ ਪੁੱਤਰ

केती–ਕੇਤੀ, ਵਿ., ਕਿੰਨਾ, ਕਿਤਨਾ

केतो–ਕੇਤੋ, ਪੁ., ਅਮਰੀਕਾ ਵਿਚ ਲੂੰਮੜੀ ਵਰਗਾ ਇਕ ਜਾਨਵਰ ਜੋ ਕਮਾਦ ਨੂੰ ਹਾਣੀ ਪਹੁੰਚਾਉਂਦਾ ਹੈ

केदारनाथ–ਕੇਦਾਰਨਾਥ, ਪੁ., ਹਿਮਾਲਾ ਪਹਾੜ ਦੀ ਇਕ ਚੋਟੀ ਜਿਥੇ ਇਸ ਨਾਂ ਦਾ ਸ਼ਿਵਲਿੰਗ ਹੈ

गोपद्-ਗੋਪਦ, ਪੁ., ਗਊ ਦੇ ਖੁਰ ਦਾ ਨਿਸ਼ਾਨ

गोपदी-ਗੋਪਦੀ, ਵਿ., ਗਊ ਦੇ ਖੁਰ ਜੇਹਾ

गोपना-ਗੋਪਨਾ, ਕ੍ਰਿ., ਲੁਕਾਉਣਾ, ਛਿਪਾਉਣਾ

गोपनीय-ਗੋਪਨੀਯ, ਵਿ., ਲੁਕਾਉਣ ਜੋਗ, ਪੜਦੇ ਅੰਦਰ

गोपा-ਗੋਪਾ, ਇ., ਗੁਆਲਣ, ਸ਼ਿਆਮ ਲਤਾ ਨਾਉਂ ਦੀ ਵੇਲ

गोपाङ्गना-ਗੋਪਾਂਗਨਾ, ਇ., ਗੁਆਲੇ ਦੀ ਤੀਵੀਂ, ਗੁਆਲਣ, ਗੁਜਰੀ

गोपाल-ਗੋਪਾਲ, ਪੁ., ਸ੍ਰੀ ਕ੍ਰਿਸ਼ਣ, ਅਹੀਰ, ਗੁੱਜਰ

गोपाली-ਗੋਪਾਲੀ; ਇ., ਗੁਆਲਣ, ਗੁਜਰੀ, ਅਹੀਰਨ

गोपाष्टमी-ਗੋਪਾਸ਼੍ਟਮੀ, ਇ., ਕੱਤਕ ਸੁਦੀ ਅੱਠੋਂ

गोपिका-ਗੋਪਿਕਾ, ਇ., ਦੇਖੋ ਗੋਪੀ (गोपी)

गोपित-ਗੋਪਿਤ, ਵਿ., ਗੁਪਤ, ਲੁਕਿਆ ਹੋਇਆ

गोपी-ਗੋਪੀ, ਇ., ਗੁਜਰੀ, ਅਹੀਰਨ, ਗੁਆਲਣ

गोपीचन्दन-ਗੋਪੀਚੰਦਨ, ਪੁ., ਇਕ ਤਰ੍ਹਾਂ ਦੀ ਪੀਲੀ ਮਿੱਟੀ

गोपीत-ਗੋਪੀਤ, ਪੁ., ਮਮੋਲਾ ਪੰਛੀ

गोपीनाथ-ਗੋਪੀਨਾਥ, ਪੁ., ਸ੍ਰੀ ਕ੍ਰਿਸ਼ਣ

गोपुर-ਗੋਪੁਰ, ਪੁ., ਪਿੰਡ ਦੇ ਕਿਲੇ ਦਾ ਦਰਵਾਜ਼ਾ, ਸ੍ਵਰਗ, ਗੋਲੋਕ

गोपेंद्र-ਗੋਪੇਂਦ੍ਰ, ਪੁ., ਸ੍ਰੀ ਕ੍ਰਿਸ਼ਣ

गोफ़-ਗੋਫ, ਪੁ., ਨੌਕਰ, ਦਾਸ, ਸੇਵਕ, ਗੋੱਲੀ ਦਾ ਪੁੱਤਰ

गोफ़न-ਗੋਫਨ, ਪੁ., ਗੋਪੀਆ

गोफ़ा-ਗੋਫਾ, ਪੁ., ਗੁਭ, ਨਵਾਂ ਪੱਤਾ

गोबर-ਗੋਬਰ, ਪੁ., ਗਊ ਦਾ ਗੋਹਾ

गोबरगणेश-ਗੋਬਰਗਣੇਸ਼, ਵਿ., ਮੂਰਖ, ਆਲਸੀ, ਸੁਸਤ, ਭੱਦਾ

गोबरहारा-ਗੋਬਰਹਾਰਾ, ਵਿ., ਗੋਹਾ ਕੂੜਾ ਕਰਨ ਵਾਲਾ

गोबरैला-ਗੋਬਰੈਲਾ, ਪੁ., ਗੋਹੇ ਦਾ ਕੀੜਾ, ਭੂੰਡ

गोभ-ਗੋਭ, ਪੁ.,ਬੂਟੇ ਦੇ ਵਿਚਕਾਰਲਾ ਹਿੱਸਾ,ਬੂਟੇ ਦਾ ਇਕ ਰੋਗ

गोभरी-ਗੋਭਰੀ, ਇ.,ਪਾਥੀ, ਕ਼ੰਡਾ, ਗੋਹੇ ਦਾ ਲੇਪ

गोभा-ਗੋਭਾ, ਇ., ਲਹਿਰ, ਗੰਦਲ

गोभी-ਗੋਭੀ, ਇ., ਇਕ ਭਾਜੀ, ਇਕ ਤਰ੍ਹਾਂ ਦਾ ਘਾਹ

गोम-ਗੋਮ, ਪੁ., ਘੋੜੇ ਦੀ ਇਕ ਭੌਰੀ

गोमती-ਗੋਮਤੀ, ਇ., ਇਕ ਪਰਸਿੱਧ ਨਦੀ, ਇਕ ਮੰਤਰ, ਇਕ ਛੰਦ

गोमय-ਗੋਮਯ, ਪੁ., ਗੋਹਾ

गोमर-ਗੋਮਰ, ਪੁ., ਕਸਾਈ, ਬੁਚੱੜ

गोमर्द-ਗੋਮਰਦ, ਪੁ., ਸਾਰਸ ਪੰਛੀ

गोमायु-ਗੋਮਾਯੁ, ਪੁ., ਗਿੱਦੜ

गोमुखी-ਗੋਮੁਖੀ, ਇ., ਜਪਮਾਲਾ ਦੀ ਥੈਲੀ, ਗੰਗੋਤਰੀ, ਇਕ ਨਦੀ, ਘੋੜੇ ਦੀ ਇਕ ਭੌਰੀ

गोमेद, गोमेदक-ਗੋਮੇਦ, ਗੋਮੇਦਕ, ਪੁ., ਗੋਮੇਦਕ ਮਣੀ,ਸ਼ੀਤਲ ਚੀਨੀ, ਪੀਲੀ ਮਣੀ

गोमृग-ਗੋਮ੍ਰਿਗ, ਪੁ., ਰੋਝ, ਨੀਲ ਗਊ

गोमेध-ਗੋਮੇਧ, ਪੁ., ਇਕ ਵੈਦਿਕ ਜੱਗ ਜਿਸ ਵਿਚ ਗਊ ਦੇ ਮਾਸ ਦਾ ਹਵਨ ਕੀਤਾ ਜਾਂਦਾ ਸੀ

गोय-ਗੋਯ, ਪੁ., ਗੇਂਦ, ਖਿੱਦੋ, ਫਿੰਡ

गोरक़-ਗੋਰਕ, ਪੁ., ਵਿਹੁ ਭਰਿਆ ਸੱਪ, ਜ਼ਹਿਰੀ ਨਾਗ

गोरक्षक-ਗੋਰਕਸ਼ਕ, ਵਿ., ਗੁਆਲਾ, ਗੁੱਜਰ, ਗਊਆਂ ਪਾਲਣ ਵਾਲਾ

गोरख इमली-ਗੋਰਖ ਇਮਲੀ, ਇ., ਦੱਖਣੀ ਭਾਰਤ ਦਾ ਬਹੁਤ ਵਡਾ ਰੁੱਖ

गोरखधंधा-ਗੋਰਖਧੰਧਾ, ਪੁ., ਝਗੜਾ, ਉਲਝਨ, ਪੇਚ

गोरखनाथ-ਗੋਰਖਨਾਥ, ਪੁ., ਨਾਥਾਂ ਦਾ ਗੁਰੂ

गोरखपंथी-ਗੋਰਖਪੰਥੀ, ਵਿ., ਕੰਨ ਪਾਟਾ, ਨਾਥ. ਜੋਗੀ

गोरखमुंडी-ਗੋਰਖਮੁੰਡੀ, ਇ., ਇਕ ਪਰਸਿੱਧ ਬੂਟੀ

गोरखा-ਗੋਤਖਾ, ਪੁ., ਨਪਾਲ ਦੇਸ ਦੀ ਇਕ ਕੌਮ ਦਾ ਬੰਦਾ

गोरज-ਗੋਰਜ, ਪੁ., ਗਊ ਦੇ ਖੁਰ ਦੀ ਧੂੜ

गोरट-ਗੋਰਟ, ਪੁ., ਖੱਦਰ, ਖੈਰ ਦਾ ਬੂਟਾ

गोरटा-ਗੋਰਟਾ, ਵਿ., ਗੋਰੇ ਰੰਗ ਵਾਲਾ, ਗੋਰਾ

गोरथक़-ਗੋਰਥਕ, ਪੁ., ਰਥ, ਬੈਲਗੱਡੀ

गोरन-ਗੋਰਨ, ਪੁ., ਇਕ ਲੱਕੜ ਜੋ ਬੇੜੀ ਬਣਾਉਣ ਦੇ ਕੰਮ ਆਉਂਦੀ ਹੈ

गोरस-ਗੋਰਸ, ਪੁ., ਗਊ ਦਾ ਦੁੱਧ, ਦਹੀਂ, ਲੱਸੀ, ਇੰਦਰੀਆਂ ਦਾ ਸੁਖ

गोरसा-ਗੋਰਸਾ, ਪੁ., ਗਊ ਦੇ ਦੁੱਧ ਤੋਂ ਪਲਿਆ ਬੱਚਾ

गोरसी-ਇ., ਦੁੱਧ ਗਰਮਾਉਣ ਵੀ ਅੰਗੀਠੀ

गोरा-ਗੋਰਾ, ਵਿ., ਦੇਖੋ, ਗੋਰਟਾ (गोरटा।

गोराई-ਗੋਰਾਈ, ਇ., ਗੋਰਾਪਣ, ਸੁਹੱਪਣਤਾ, ਖੂਬਸੂਰਤੀ

गोराटी-ਗੋਰਾਟੀ, ਇ., ਮੈਨਾ ਪੰਛੀ

गोरी-ਗੋਰੀ, ਇ., ਖੂਬਸੂਰਤ ਤੀਵੀਂ

गोरू-ਗੋਰੂ, ਪੁ., ਸਿੰਗਾ ਵਾਲੇ ਪਸੂ

गोरूप-ਗੋਰੂਪ, ਪੁ., ਸ਼ਿਵ, ਮਹਾਦੇਵ

गोरोचन-ਗੋਰੋਚਨ, ਪੁ., ਗਊ ਦੇ ਪਿੱਤੇ ਵਿਚੋਂ ਲਾਲ ਰੰਗ ਦਾ ਨਿਕਲਿਆ ਪਦਾਰਥ

गोलंदाज़–ਗੋਲੰਦਾਜ਼, ਵਿ., ਤੋਪ ਵਿਚ ਗੋਲਾ ਰਖ ਕੇ ਚਲਾਉਣ ਵਾਲਾ
गोलंबर–ਗੋਲੰਬਰ, ਪੁ., ਗੁੰਬਦ, ਗੋਲ ਚਬੂਤਰਾ
गोल–ਗੋਲ, ਵਿ., ਕੁੰਡਲਦਾਰ, ਪੁ., ਵਿਧਵਾ ਦਾ ਹਰਾਮ ਦਾ ਪੁੱਤਰ, ਅੱਖ ਦਾ ਡੇਲਾ, ਗੋਲਾ, ਗ੍ਰੰਥ, ਗੋਲ ਪਿੰਨਾ
गोलक–ਗੋਲਕ, ਪੁ., ਗੁੰੜ, ਮਟਰ, ਅੱਖ ਦਾ ਡੇਲਾ, ਪੈਸੇ ਰਖਣ ਦੀ ਸੰਦੂਕੜੀ, ਇਕੱਠਾ ਕੀਤਾ ਧਨ, ਫੰਡ, ਵਿਧਵਾ ਦਾ ਹਰਾਮ ਦਾ ਪੁੱਤਰ
गोलगप्पा–ਗੋਲਗੱਪਾ, ਪੁ., ਛੋਟੀ ਅਤੇ ਫੁੱਲੀ ਹੋਈ ਰੋਟੀ, ਖਟਾਈ ਪਾ ਕੇ ਖਾਣ ਵਾਲਾ ਫੁੱਲ ਪਤਾਸਾ
गोलमाल–ਗੋਲਮਾਲ, ਪੁ., ਗੜਬੜੀ, ਰੌਲਾ ਰੱਪਾ
गोलविद्या–ਗੋਲਵਿਦਯਾ, ਇ., ਧਰਤੀ ਦੀ ਗੋਲਾਈ, ਜੋਤਿਸ਼ ਦਾ ਇਕ ਅੰਗ
गोला–ਗੌਲਾ, ਪੁ., ਗੋਲ ਚੀਜ਼, ਇਕ ਰੋਗ, ਮੰਡੀ, ਜੰਗਲੀ ਕਬੂਤਰ, ਬੱਲਾ, ਇਕ ਤਰ੍ਹਾਂ ਦਾ ਬਾਂਸ, ਇ., ਗੋਦਾਵਰੀ, ਦੁਰਗਾ, ਸਹੇਲੀ
गोलाधार–ਗੋਲਾਧਾਰ, ਵਿ., ਮੂਸਲਾਧਾਰ
गोलार्ध–ਗੋਲਾਰਧ, ਪੁ., ਧਰਤੀ ਦਾ ਅੱਧਾ ਹਿੱਸਾ
गोलियाना–ਗੋਲਿਯਾਨਾ, ਕ੍ਰਿ., ਕਿਸੇ ਚੀਜ਼ ਨੂੰ ਗੋਲ ਮੋਲ ਕਰਨਾ
गोली–ਗੋਲੀ, ਇ., ਬੱਚਿਆਂ ਦੇ ਖੇਲਣ ਦੀ ਗੋਲੀ, ਬੰਦੂਕ ਦੀ ਗੋਲੀ, ਬਦਾਮੀ ਰੰਗ ਦੀ ਗਊ, ਛੋਟਾ ਘੜਾ, ਦਵਾਈ ਦੀ ਵੱਟੀ
गोलोक–ਗੋਲੋਕ, ਪੁ., ਵੈਕੁੰਠ, ਬ੍ਰਿਜ ਭੂਮੀ
गोलोकेश–ਗੋਲੋਕੇਸ਼, ਪੁ., ਸ੍ਰੀ ਕ੍ਰਿਸ਼ਣ
गोलोचन–ਗੋਲੋਚਨ, ਪੁ., ਦੇਖੋ ਗੋਰੋਚਨ (गोरोचन)
गोवत्स–ਗੋਵਤਸ, ਪੁ., ਗਊ ਦਾ ਵੱਛਾ
गोवना–ਗੋਵਨਾ, ਕ੍ਰਿ., ਗਾਉਣਾ, ਗੀਤ ਗਾਉਣਾ
गोवर्धन–ਗੋਵਰਧਨ, ਪੁ., ਗਊਆਂ ਦਾ ਵਾਧਾ, ਇਕ ਪਹਾੜ
गोविट–ਗੋਵਿਟ, ਇ., ਗੋਹਾ
गोविंदपद–ਗੋਵਿੰਦਪਦ, ਪੁ., ਮੁਕਤੀ, ਛੁਟਕਾਰਾ
गोशाला–ਗੋਸ਼ਾਲਾ, ਇ., ਗਊਆਂ ਦੇ ਰਹਿਣ ਦੀ ਥਾਉਂ, ਗਊ ਸ਼ਾਲਾ
गोष्ठ–ਗੋਸ਼ਠ, ਇ., ਗਊ ਸ਼ਾਲਾ, ਸਲਾਹ, ਮਸ਼ਵਰਾ, ਮੰਡਲੀ
गोष्ठी–ਗੋਸ਼ਠੀ, ਇ., ਲੋਕਾਂ ਦਾ ਇਕੱਠ, ਸਭਾ, ਵਾਰਤਾਲਾਪ ਗੱਲ ਬਾਤ, ਸਲਾਹ, ਮੰਡਲੀ, ਇਕ ਅੰਗੀ ਨਾਟਕ ਜਾਂ ਰੂਪਕ
गोष्पद–ਗੋਸ਼ਪਦ, ਪੁ., ਗਊ ਦੇ ਖੁਰ ਜੇਡਾ ਟੋਆ
गोसगृह–ਗੋਸਗ੍ਰਿਹ, ਪੁ., ਸੌਣ ਦਾ ਕਮਰਾ
गोसा–ਗੋਸਾ, ਪੁ., ਗੋਹਾ, ਪਾਥੀ
गोसाईं–ਗੋਸਾਈਂ, ਪੁ., ਦੇਖੋ ਗੋਸਾਈਂ (गुसाईं)
गोसैंया–ਗੋਸੈਂਯਾ, ਪੁ., ਮਾਲਕ, ਰੱਬ, ਈਸ਼ਵਰ
गोस्तन–ਗੋਸ੍ਤਨ, ਪੁ., ਫੁੱਲਾਂ ਦਾ ਗੁੱਛਾ, ਚਾਰ ਲੜੀ ਦਾ ਹਾਰ
गोस्ताना–ਗੋਸ੍ਤਾਨਾ, ਇ., ਦਾਖ, ਮੁਨੱਕਾ
गोस्थान–ਗੋਸਥਾਨ, ਪੁ., ਗਊਸ਼ਾਲਾ
गोस्वामी–ਗੋਸ੍ਵਾਮੀ, ਪੁ., ਗਊ ਦਾ ਮਾਲਕ, ਉਹ ਸੰਤ ਜਿਸ ਨੇ ਇੰਦਰੀਆਂ ਨੂੰ ਜਿਤ ਲਿਆ ਹੋਵੇ, ਈਸ਼ਵਰ, ਵਰਕਤ, ਸਾਧੂ, ਮਾਲਕ, ਵੈਰਾਗੀ
गोह–ਗੋਹ, ਇ., ਗੋਧਾ, ਕਿਰਲੀ ਵਰਗਾ ਇਕ ਜੰਗਲੀ ਜਾਨਵਰ
गोहन–ਗੋਹਨ, ਵਿ., ਸਾਥੀ ਨਾਲ ਰਹਿਣ ਵਾਲਾ, ਸੰਗੀ
गोहनिया–ਗੋਹਨਿਯਾ, ਵਿ., ਦੇਖੋ ਗੋਹਨ (गोहन)
गोहर–ਗੋਹਰ, ਪੁ., ਇਕ ਜਾਨਵਰ
गोहरा–ਗੋਹਰਾ, ਪੁ., ਸੁੱਕਾ ਗੋਹਾ, ਪਾਥੀ
गोहराना–ਗੋਹਰਾਨਾ, ਕ੍ਰਿ., ਸੱਦਣਾ, ਬੁਲਾਉਣਾ, ਵਾਜ ਮਾਰਨੀ
गोहरौर–ਗੋਹਰੌਰ, ਪੁ., ਗੁਹਾਰਾ, ਪਾਥੀਆਂ ਦਾ ਢੇਰ
गोहार–ਗੋਹਾਰ, ਇ., ਪੁਕਾਰ, ਦੁਹਾਈ, ਬਹੁੜੀਆਂ, ਹੱਲਾ ਗੁੱਲਾ, ਰੌਲਾ ਰੱਪਾ
गोहारी–ਗੋਹਾਰੀ, ਇ., ਘਾਟਾ ਪੂਰਾ ਕਰਨ ਲਈ ਦਿੱਤਾ ਹੋਇਆ ਧਨ, ਵਿ., ਦੁਹਾਈ ਪਾਉਣ ਵਾਲਾ, ਬਹੁੜੀਆਂ ਕੱਢਣ ਵਾਲਾ
गोही–ਗੋਹੀ, ਇ., ਗੁਪਤ ਗੋਲ, ਮਹੂਏ ਦਾ ਬੀਜ
गोहवन–ਗੋਹਵਨ, ਪੁ., ਕਾਲਾ ਵਿਸੈਲਾ ਸੱਪ
गौं–ਗੌਂ, ਇ., ਸਮਾ, ਅਵਸਰ, ਵਕਤ, ਦਾਉ, ਘਾਤ, ਢੰਗ, ਪੱਖ
गौंटा–ਗੌਂਟਾ, ਪੁ., ਛੋਟਾ ਪਿੰਡ, ਮਾਜਰਾ, ਵਸਤੀ
गौ–ਗੌ, ਇ., ਗਾਂ, ਗਊ
गौख–ਗੌਖ, ਇ., ਖਿੜਕੀ, ਝਰੋਖਾ, ਦਾਲਾਨ
गौखा–ਗੌਖਾ, ਪੁ., ਝਰੋਖਾ, ਆਲਾ, ਗਾਂ ਦਾ ਚੰਮ
गौखी–ਗੌਖੀ, ਇ., ਜੁੱਤੀ
गौगा–ਗੌਗਾ, ਪੁ., ਸ਼ੋਰ, ਰੌਲਾ, ਹੱਲਾ, ਅਫਵਾਹ, ਦੰਦ ਕਥਾ
गौचही–ਗੌਚਹੀ, ਇ., ਗਊਆਂ ਚਰਾਉਣ ਦਾ ਮਸੂਲ
गौड़–ਗੌੜ, ਪੁ., ਬੰਗਾਲ ਦਾ ਪੂਰਬੀ ਹਿੱਸਾ, ਕੈਸਥਾਂ ਦਾ ਇਕ ਭੇਦ, ਬ੍ਰਾਹਮਣਾਂ ਦੀ ਇਕ ਜਾਤ, ਇਕ ਪਰਸਿੱਧ ਰਾਗਣੀ
गौंड़ी–ਗੌੜੀ, ਇ., ਗੁੜ ਦੀ ਸ਼ਰਾਬ, ਇਕ ਰਾਗਣੀ
गौड़ीय–ਗੌੜੀਯ, ਵਿ., ਗੌੜ ਦੇਸ ਦਾ
गौण–ਗੌਣ, ਵਿ., ਮਾਮੂਲੀ, ਸਾਧਾਰਨ
गौतम–ਗੌਤਮ, ਪੁ., ਭਾਰਦਵਾਜ, ਸੱਤਾਂ ਤਾਰਿਆਂ ਵਿਚੋਂ ਇਕ ਬੁਧ, ਕ੍ਰਿਪਾਚਾਰਯ, ਨਿਆਂ ਸ਼ਾਸਤ੍ਰ ਦੇ ਰਚਨਹਾਰ
गौतमी–ਗੌਤਮੀ, ਇ., ਦੇਖੋ ਗੌਤਮੀ (गोतमी)
गौदुमा–ਗੌਦੁਮਾ, ਵਿ., ਗਊ ਦੀ ਪੂੰਛ ਵਰਗਾ
गौन–ਗੌਨ, ਪੁ., ਦੇਖੋ ਗਮਨ (गमन)

गौनई–ਗੌਨਈ, ਵਿ., ਗਾਣਾ, ਗੀਤ

गौनहाई–ਗੌਨਹਾਈ, ਇ . ਸਜ-ਮਕਲਾਈ ਤੀਵੀਂ

गौनहार–ਗੌਨਹਾਰ, ਇ., ਡੋਲੇ ਦੇ ਨਾਲ ਜਾਣ ਵਾਲੀ ਨਾਇਣ

गौना–ਗੌਨਾ, ਪੁ., ਮੁਕਲਾਵਾ

गौर–ਗੌਰ. ਵਿ., ਗੋਰਾ, ਸਫੈਦ ਰੰਗ ਦਾ, ਚਿੱਟਾ, ਉੱਜਲ, ਪੁ., ਇਕ ਪਰਬਤ, ਇਕ ਮਿਰਗ, ਸੋਨਾ, ਲਾਲ ਤੇ ਪੀਲਾ ਰੰਗ, ਚੰਨ, ਕੇਸਰ, ਗੋਹੇ ਦਾ ਸ਼ਿਵ ਲਿੰਗ

गौरता–ਗੌਰਤਾ, ਇ., ਗੋਰਾਪਣ, ਖ਼ੂਬਸੂਰਤੀ

गौरव–ਗੌਰਵ, ਪੁ., ਵਡੱਪਣ, ਭਾਰੀ ਪਣ, ਇੱਜ਼ਤ, ਆਦਰ, ਮਾਨ

गौरवित–ਗੌਰਵਿਤ, ਵਿ., ਪੂੱਜ, ਆਦਰ ਜੋਗ

गौरा–ਗੌਰਾ, ਇ., ਗੋਰੇ ਰੰਗ ਵਾਲੀ ਤੀਵੀਂ, ਪਾਰਵਤੀ, ਹਲਦੀ, ਇਕ ਰਾਗਣੀ

गौराङ्ग–ਗੌਰਾਂਗ, ਪੁ., ਕ੍ਰਿਸ਼ਣ, ਵਿਸ਼ਨੂੰ, ਗੋਰੇ ਰੰਗ ਵਾਲਾ ਮਨੁੱਖ

गौराङ्गी–ਗੌਰਾਂਗੀ, ਇ., ਛੋਟੀ ਇਲਾਇਚੀ

गौरिया–ਗੌਰਿਯਾ, ਇ., ਪਾਣੀ ਦਾ ਜਾਨਵਰ, ਮਿਟੀ ਦਾ ਹੁੱਕਾ, ਮੋਟਾ ਕਪੜਾ

गौरी–ਗੌਰੀ, ਇ., ਗੋਰੀ ਤੀਵੀਂ, ਪਾਰਵਤੀ, ਅਠ ਵਰ੍ਹੇ ਦੀ ਕੁੜੀ, ਹਲਦੀ, ਧਰਤੀ, ਇਕ ਨਦੀ, ਗੋਰੋਚਨ, ਦਾਰ ਹਲਦੀ, ਤੁਲਸੀ, ਚਿੱਟੀ ਗਾਂ, ਗੰਗਾ, ਚਿੱਟਾ ਘਾਹ, ਬੁਧ ਦੀ ਇਕ ਸ਼ਕਤੀ, ਚੰਮੇਲੀ, ਰਾਗਣੀ

गौरैया–ਗੌਰੈਯਾ, ਇ., ਦੇਖੋ ਗੌਰਿਯਾ (गौरिया)

गौल्य–ਗੌਲਜ, ਪੁ., ਮਿੱਠਾਪਣ, ਇਕ ਤਰ੍ਹਾਂ ਦੀ ਸ਼ਰਾਬ

गौहर–ਗੌਹਰ, ਪੁ., ਮੋਤੀ

ग्यारस–ਗਯਾਰਸ, ਇ., ਇਕਾਦਸ਼ੀ

ग्रन्थ–ਗ੍ਰੰਥ, ਪੁ., ਪੁਸਤਕ, ਸਲੋਕ, ਧਨ, ਸਿੱਖਾਂ ਦਾ ਧਰਮ ਸ਼ਾਸਤ੍ਰ

ग्रन्थकार–ਗ੍ਰੰਥਕਾਰ, ਪੁ., ਗ੍ਰੰਥ ਲੇਖਕ, ਪੁਸਤਕ ਲਿਖਾਰੀ

ग्रन्थन–ਗ੍ਰੰਥਨ, ਪੁ., ਜੋੜਨ, ਗਢਣ ਦਾ ਕੰਮ

ग्रन्थसन्धि–ਗ੍ਰੰਥਸੰਧਿ, ਇ., ਪੁਸਤਕ ਦਾ ਅੱਧ

ग्रन्थसाहब–ਗ੍ਰੰਥਸਾਹਬ, ਪੁ., ਸਿੱਖਾਂ ਦਾ ਧਰਮ ਗ੍ਰੰਥ

ग्रन्थालय–ਗ੍ਰੰਥਾਲਯ, ਪੁ., ਲਾਇਬਰੇਰੀ, ਪੁਸਤਕ ਘਰ

ग्रन्थि–ਗ੍ਰੰਥਿ, ਇ., ਗੱਠ, ਮਾਇਆ ਜਾਲ, ਬੰਧਨ, ਇਕ ਰੋਗ

ग्रन्थित–ਗ੍ਰੰਥਿਤ, ਵਿ., ਗੁੰਠ੍ਹਿਆ ਹੋਇਆ, ਜੋੜਿਆ ਹੋਇਆ, ਗੱਠ ਬੰਨ੍ਹੀ ਹੋਈ

ग्रन्थिफल–ਗ੍ਰੰਥਿਫਲ, ਪੁ.. ਕਥ ਦਾ ਬੂਟਾ

ग्रन्थिबन्धन–ਗ੍ਰੰਥਿਬੰਧਨ, ਪੁ:, ਵਿਆਹ ਸਮੇਂ ਗਠ ਜੋੜ, ਗੰਢ ਜੁੜਾਵਾ

ग्रन्थिमत–ਗ੍ਰੰਥਿਮਤ, ਵਿ., ਗਠਦਾਰ, ਗੰਢਦਾਰ

ग्रन्थिल–ਗ੍ਰੰਥਿਲ, ਵਿ., ਗਠੀਲਾ, ਗੰਢਦਾਰ

ग्रसन–ਗ੍ਰਸਨ, ਪੁ., ਰਾਹੂ ਦਾ ਸੂਰਜ ਜਾਂ ਚੰਦਰਮਾ ਨੂੰ ਗ੍ਰਸਨ ਦਾ ਕੰਮ, ਪਕੜ

ग्रसना–ਗ੍ਰਰਸਨਾਂ, ਕ੍ਰਿ., ਫੜਨਾ, ਕਸ਼ਟ ਦੇਣਾ

ग्रस्त–ਗ੍ਰਸ੍ਤ, ਵਿ., ਦੁਖੀ, ਪੀੜਤ, ਖਾਧਾ ਹੋਇਆ, ਫੜਿਆ ਹੋਇਆ

ग्रस्तास्त–ਗ੍ਰਸ੍ਤਾਸ੍ਤ, ਪੁ., ਸੂਰਜ ਚੰਦ ਦਾ ਗ੍ਰਹਿਣ ਲਗੇ ਲਗਾਏ ਛਿਪਣ ਦਾ ਭਾਵ

ग्रस्तोदय–ਗ੍ਰਸ੍ਤੋਦਯ, ਪੁ., ਸੂਰਜ ਤੇ ਚੰਦ ਦਾ ਗ੍ਰਹਿਣ ਲਗੇ ਚੜ੍ਹਨ ਦਾ ਭਾਵ

ग्रह–ਗ੍ਰਹ, ਪੁ.. ਸੂਰਜ ਵਗੈਰਾ ਜੋਤਿਸ਼ ਦੇ ਪਦਾਰਥ,. ਸੂਰਜ ਦੁਆਲੇ ਘੁੰਮਣ ਵਾਲਾ ਤਾਰਾ, ਰਾਹੂ ਕੇਤੂ ਆਦਿ ਗ੍ਰਹਿ, ਨੌਂ ਦੀ ਸੰਖਿਆ, ਵਿ., ਅੱਛੀ ਤਰ੍ਹਾਂ ਫੜਨ ਵਾਲਾ

ग्रहण–ਗ੍ਰਹਣ, ਪੁ., ਪ੍ਰਵਾਣਗੀ, ਮਨਜੂਰੀ, ਗਿਆਨ, ਸਮਝ, ਆਦਰ, ਰਾਹੂ ਦਾ ਸੁਰਜ ਚੰਦ ਨੂੰ ਗ੍ਰਸਣ ਦਾ ਕੰਮ

ग्रहणी–ਗ੍ਰਹਣੀ, ਇ., ਇਕ ਰੋਗ ਜਿਸ ਨਾਲ ਖਾਧਾ ਨਹੀਂ ਪਚਦਾ

ग्रहणीय–ਗ੍ਰਹਣੀਯ, ਵਿ., ਮੰਨਣ ਕਰਨ ਜੋਗ, ਲੈਣ ਜੋਗ

ग्रहदशा–ਗ੍ਰਹਦਸ਼ਾ, ਪੁ., ਗ੍ਰਹਾਂ ਦੀ ਦਸ਼ਾ ਅਨੁਸਾਰ ਕਿਸੇ ਮਨੁੱਖ ਦੀ ਭਲੀ ਬੁਰੀ ਹਾਲਤ

ग्रहीतव्य–ਗ੍ਰਹੀਤਵਜ, ਵਿ., ਗ੍ਰਹਿਣ ਕਰਨ ਜੋਗ

ग्राम–ਗ੍ਰਾਮ, ਪੁ , ਇਕੱਠ, ਸਮੂਹ, ਸਤਾਂ ਸੁਰਾਂ ਦਾ ਇਕੱਠ, ਸਿਵ, ਛੋਟੀ ਬਸਤੀ, ਮਾਜਰੀ

ग्रामदेवता–ਗ੍ਰਾਮਦੇਵਤਾ, ਪੁ., ਪਿੰਡ ਦਾ ਦੇਵਤਾ, ਵਡਵਡੇਰਾ

ग्रामपाल–ਗ੍ਰਾਮਪਾਲ, ਪੁ., ਪਿੰਡ ਦਾ ਮਾਲਕ ਜਾਂ ਰਾਖਾ

ग्राममृग–ਗ੍ਰਾਮਮ੍ਰਿਗ, ਪੁ., ਕੁੱਤਾ

ग्रामीण–ਗ੍ਰਾਮੀਣ, ਵਿ., ਦੇਹਾਤੀ, ਪੇਂਡੂ, ਅਣਪੜ੍ਹ, ਪੁ., ਕਾਂ, ਮੁਰਗਾ, ਸੂਰ, ਕੁੱਤਾ

ग्रामणी–ਗ੍ਰਾਮਣੀ, ਵਿ., ਆਗੂ, ਪਰਧਾਨ, ਪਿੰਡ ਦਾ ਮਾਲਕ

ग्राम्य–ਗ੍ਰਾਮਜ, ਵਿ., ਪਿੰਡ ਸਬੰਧੀ, ਕੁਦਰਤੀ, ਮੂਰਖ, ਪੁ., ਮੈਥਨ, ਪ੍ਰਵਾਣਗੀ, ਕਾਵ ਦਾ ਇਕ ਦੋਸ਼

ग्राम्यता–ਗ੍ਰਾਮਜਤਾ, ਇ., ਅਸੱਭਤਾ, ਭੈੜਾ ਪਣ, ਗੰਵਾਰ ਪਣ

ग्राव–ਗ੍ਰਾਵ, ਪੁ., ਪੱਥਰ, ਪਹਾੜ, ਟੋਆ

ग्रास–ਗ੍ਰਾਸ. ਪੁ , ਬੁਰਕੀ, ਪਕੜ, ਸੂਰਜ, ਚੰਦ ਦਾ ਗ੍ਰਹਿਣ

ग्रासक–ਗ੍ਰਾਸਕ, ਵਿ., ਫੜਨ ਵਾਲਾ, ਖਾਣ ਜਾਂ ਲੁਕਾਉਣ ਵਾਲਾ

ग्रासना–ਗ੍ਰਾਸਨਾ, ਕ੍ਰਿ., ਪਕੜਨਾ, ਨਿਗਲਣਾ

ग्राहक–ਗ੍ਰਾਹਕ, ਪੁ., ਖਰੀਦਾਰ, ਗਾਹਕ

ग्राहय–ਗ੍ਰਾਹਜ. ਵਿ., ਸਵੀਕਾਰ ਕਰਨ ਜੋਗ, ਗ੍ਰਹਿਣ ਕਰਨ ਜੋਗ

ग्रीवा–ਗ੍ਰੀਵਾ, ਇ., ਗਰਦਨ, ਗਲਾ, ਧੌਣ

ग्रीवी–ਗ੍ਰੀਵੀ, ਪੁ., ਉੱਠ, ਬੋਤਾ

ग्रीष्म–ਗ੍ਰੀਸ਼ਮ, ਪੁ., ਗਰਮੀ ਦੀ ਰੁੱਤ, ਹੁਨਾਲ

ग्लपित–ਗਲਪਿਤ, ਵਿ., ਸ਼ਰਮਸਾਰ, ਜਲਿਆ ਹੋਇਆ, ਬਲਿਆ ਹੋਇਆ

ग्लान–ਗਲਾਨ, ਵਿ., ਰੋਗੀ, ਥਕਿਆ ਹੋਇਆ, ਕਮਜ਼ੋਰ

ग्लानि–ਗਲਾਨਿ, ਇ., ਪਛੋਤਾਵਾ, ਅਰੁਚੀ, ਕਮਜ਼ੋਰੀ

ग्वारपाठा–ਗਵਾਰਪਾਠਾ, ਪੁ., ਘੀਕੁਆਰ, ਕੁਆਰ ਗੰਦਲ, ਕੁਆਰ

ग्वाल, ग्वाला–ਗ੍ਵਾਲ, ਗ੍ਵਾਲਾ, ਪੁ., ਗੁੱਜਰ, ਅਹੀਰ

ग्वालिन–ਗ੍ਵਾਲਿਨ, ਇ., ਇਕ ਬਰਸਾਤੀ ਕੀੜਾ, ਗੁਜਰੀ, ਅਹੀਰਨ

ग्वैंठना–ਗ੍ਵੈਂਠਨਾ, ਕ੍ਰਿ., ਮਰੋੜਨਾ, ਵਟਾ ਦੇਣਾ

ग्वैंठा–ਗ੍ਵੈਂਠਾ, ਪੁ., ਪਾਥੀ, ਕੰਡਾ

ग्वैंड़ा–ਗ੍ਵੈਂੜਾ, ਪੁ., ਪਿੰਡ ਦੇ ਨਾਲ ਲਗਦੀ ਸੱਥ

घ–ਘ

घ–ਘ, ਇਹ ਵਿਅੰਜਨਾਂ ਵਿਚੋਂ ਕਵਰਗ ਦਾ ਚੌਥਾ ਅੱਖਰ ਹੈ, ਇਸ ਦਾ ਉਚਾਰਣ ਸਥਾਨ ਕੰਠ ਹੈ ਜਾਂ ਜਿੱਬ੍ਹਾ ਮੂਲ ਹੈ

घंघराघोर–ਘੰਘਰਾਘੋਰ, ਪੁ., ਭ੍ਰਸ਼ਟਾਚਾਰ, ਜਿਸ ਵਿਚ ਛੂਤ ਛਾਤ ਦਾ ਵਿਚਾਰ ਨਾ ਹੋਵੇ

घंघोरना, घंघोलना–ਘੰਘੋਰਨਾ, ਘੰਘੋਲਨਾ, ਕ੍ਰਿ., ਹਿਲਾ ਕੇ ਘੋਲਣਾ, ਕਿਸੇ ਚੀਜ਼ ਨੂੰ ਪਾਣੀ ਆਦਿ ਵਿਚ ਘੋਲਣਾ

घंट–ਘੰਟ, ਪੁ., ਘੜਾ, ਕਲਸ, ਘੰਟਾ

घंटा–ਘੰਟਾ, ਪੁ., ਦਿਨ ਰਾਤ ਦਾ ਚੋਵੀਵਾਂ ਹਿੱਸਾ, ਵੱਡੀ ਘੜੀ

घंटी–ਘੰਟੀ, ਇ., ਘੜੀ, ਘੁੰਗਰੂ, ਛੋਟਾ ਘੜਾ

घई–ਘਈ, ਇ., ਪਾਣੀ, ਭੰਵਰ, ਡੂੰਘਾ, ਗਹਿਰਾ

घकार–ਘਕਾਰ, ਪੁ., 'ਘ' ਅੱਖਰ

घघरवेल–ਘਘਰਵੇਲ, ਇ., ਇਕ ਪਹਿਰਾਵਾ, ਬੰਦਾਲਡੋਡਾ

घघरा–ਘਘਰਾ, ਪੁ., ਲਹਿੰਗਾ

घघरी–ਘਘਰੀ, ਇ., ਛੋਟਾ ਘੱਗਰਾ, ਘੱਘਰੀ

घचाघच–ਘਚਾਘਚ, ਪੁ., ਨਰਮ ਚੀਜ਼ ਵਿਚ ਨੋਕਦਾਰ ਚੀਜ਼ ਦੇ ਚੁਭਣ ਦੀ ਆਵਾਜ਼

घट–ਘਟ, ਪੁ., ਘੜਾ, ਕਲਸ, ਕੁੰਭ ਰਾਸ, ਸਰੀਰ, ਮਨ, ਹਿਰਦਾ

घटक–ਘਟਕ, ਪੁ., ਦਲਾਲ, ਵਿਚੋਲਾ, ਵੱਡਾ

घटकर्ण–ਘਟਕਰਣ, ਪੁ., ਕੁੰਭ ਕਰਣ, ਵਿ., ਘੜੇ ਜਿਹੇ ਕੰਨਾਂ ਵਾਲਾ

घटका–ਘਟਕਾ, ਪੁ., ਘੰਡ ਵੱਜਣ ਦਾ ਭਾਵ, ਘਰਘਰ ਹੋਣ ਦੀ ਆਵਾਜ਼, ਘੌਰੜੂ ਵੱਜਣ ਦੀ ਕਿਰਿਆ

घटकार–ਘਟਕਾਰ, ਪੁ., ਘੁਮਿਆਰ, ਘੜੇ ਪੱਥਣ ਵਾਲਾ ਮਨੁੱਖ

घटज–ਘਟਜ, ਪੁ., ਅਗਸਤ ਮੁਨੀ

घटती–ਘਟਤੀ, ਇ., ਕਮੀ, ਘਾਟ, ਕਸਰ

घटदासी–ਘਟਦਾਸੀ, ਇ., ਫਫੇ ਕੱਟਣੀ, ਚਲਾਕ ਤੀਵੀਂ

घटन–ਘਟਨ, ਪੁ., ਸਕੀਮ, ਸੰਮੇਲਨ, ਹਾਜਰੀ, ਵਿਉਂਤ

घटना–ਘਟਨਾ, ਕ੍ਰਿ., ਹਾਜਿਰ ਹੋਣਾ, ਤਰੀਕੇ ਨਾਲ ਬੈਠਣਾ, ਸਹੀ ਉਤਰਣਾ, ਮੇਲ ਮਿਲਣਾ, ਕਮ ਹੋਣਾ, ਕਾਫੀ ਨਾ ਹੋਣਾ, ਇ., ਅਚਾਣਕ ਕਿਸੇ ਗੱਲ ਦਾ ਹੋਣਾ, ਵਾਰਦਾਤ

घटनीय–ਘਟਨੀਯ, ਵਿ., ਘਟਨਾ ਹੋਣ ਜੋਗ

घटवढ़–ਘਟਬੜ੍ਹ, ਇ., ਘੱਟ ਵੱਧ, ਵਾਧ ਘਾਟ

घटवाना–ਘਟਵਾਨਾ, ਕ੍ਰਿ.. ਘੱਟ ਕਰਾਉਣਾ

घटवाई–ਘਟਵਾਈ; ਪੁ., ਘਾਟ ਦਾ ਮਹਿਸੂਲੀਆ

घटवार–ਘਟਵਾਰ, ਵਿ., ਘਾਟ ਦਾ ਮਹਿਸੂਲੀਆ

घटसंभव–ਘਟਸੰਭਵ, ਪੁ., ਅਗਸਤ ਰਿਸ਼ੀ

घटस्थापन–ਘਟਸਥਾਪਨ, ਪੁ., ਮੰਤਰਾਂ ਨਾਲ ਘੜਾ ਰੱਖਣ ਦਾ ਕੰਮ

घटहा–ਘਟਹਾ, ਵਿ., ਘਾਟ ਦਾ ਠੇਕੇਦਾਰ

घटा–ਘਟਾ, ਇ., ਝੁੰਡ, ਕਾਲੀ ਬਦਲੀ, ਘਟਾ

घटाई–ਘਟਾਈ, ਇ., ਗਰੀਬੀ, ਬੇਇੱਜ਼ਤੀ

घटाटोप–ਘਟਾਟੋਪ, ਪੁ., ਪਾਲਕੀ ਦਾ ਝੰਮਣ, ਪਰਦਾ, ਕਾਲੇ ਬੱਦਲ, ਅੰਧਕਾਰ

घटाना–ਘਟਾਨਾ, ਕ੍ਰਿ., ਘਟ ਕਰਨਾ, ਕਮ ਕਰਨਾ, ਕੱਟਣਾ

घटाव–ਘਟਾਵ, ਪੁ., ਕਮੀ, ਗਿਰਾਵਟ

घटि–ਘਟਿ, ਵਿ., ਦੇਖੋ, ਘਟ, (घट)

घटिक–ਘਟਿਕ, ਪੁ., ਘੰਟਾ ਵਜਾਉਣ ਵਾਲਾ, ਘੜਿਆਲੀ

घटिका–ਘਟਿਕਾ, ਇ., ਚੋਵੀ ਮਿੰਟ ਦਾ ਸਮਾ, ਘੜੀ

घटिकायंत्र–ਘਟਿਕਾਜੰਤ੍ਰ, ਪੁ., ਸਮਾ ਦੱਸਣ ਦਾ ਜੰਤਰ, ਘੰਟਾ

घटिघट–ਘਟਿਘਟ, ਪੁ., ਸ਼ਿਵ, ਮਹਾਦੇਵ

घटित–ਘਟਿਤ, ਵਿ., ਬਣਾਇਆ ਹੋਇਆ, ਰਚਿਆ ਹੋਇਆ

घटिया–ਘਟਿਯਾ, ਵਿ., ਖਰਾਬ, ਸਸਤਾ, ਥੋੜੇ ਮੁੱਲ ਦਾ, ਭੈੜਾ

घटिहा–ਘਟਿਹਾ, ਵਿ., ਚਾਲਾਕ, ਬੇਈਮਾਨ, ਲੁੱਚਾ

घटी–ਘਟੀ, ਇ., ਘੜੀ, ਚੋਵੀ ਮਿੰਟਾਂ ਦਾ ਸਮਾ, ਮੱਘੀ, ਕਮੀ, ਘਾਟ, ਨੁਕਸਾਨ

घटोत्कच–ਘਟੋਤਕਚ, ਪੁ., ਹਿਡਿੰਬਾ ਦੇ ਪੇਟੋਂ ਭੀਮਸੈਨ ਦਾ ਪੁੱਤਰ

घटोर–ਘਟੋਰ, ਪੁ., ਮੀਢਾ, ਭੇਡੂ

घट्ट–ਘੱਟ, ਪੁ., ਘਾਟ, ਪੱਤਣ

घट्ठा–ਘਠੱਾ, ਇ., ਗੁੰਮੀ, ਗਮੋੜੀ

घड़त–ਘੜਤ, ਪੁ., ਬਣਾਵਟ, ਰਚਨਾ

घड़नल–ਘੜਨਲ, ਪੁ., ਬਾਂਸ ਨਾਲ ਘੜੇ ਬੰਨ੍ਹ ਕੇ ਬਣਾਇਆ ਹੋਇਆ ਢਾਂਚਾ ਜਿਸ ਉਤੇ ਚੜ੍ਹ ਕੇ ਛੋਟੀ ਨਦੀ ਪਾਰ ਹੋ ਸਕਦੀ ਹੈ

घड़ा–ਘੜਾ, ਪੁ., ਮਿੱਟੀ ਦਾ ਪਾਣੀ ਰੱਖਣ ਵਾਲਾ ਭਾਂਡਾ, ਤੌੜਾ, ਮੱਘਾ

घड़ाई–ਘੜਾਈ, ਇ., ਘੜਨ ਦੀ ਮਜੂਰੀ, ਘੜਨ ਦਾ ਕੰਮ

घड़िया–ਘੜਿਆ, ਇ., ਕੁਠਾਲੀ, ਸ਼ਹਿਦ ਦਾ ਛੱਤਾ, ਬੱਚੇਦਾਨੀ

घड़ियाल–ਘੜਿਯਾਲ, ਪੁ., ਪੂਜਾ ਸਮੇਂ ਦਾ ਵਾਜਾ, ਘੰਟਾ, ਇਕ ਮਾਰਖੋਰ ਪਾਣੀ ਦਾ ਜਾਨਵਰ

घड़ियाली–ਘੜਿਯਾਲੀ, ਪੁ., ਘੜਿਆਲ ਵਜਾਉਣ ਵਾਲਾ

घड़ी–ਘੜੀ, ਇ., ਸਮਾ ਦੱਸਣ ਦਾ ਜੰਤਰ, ਸਮਾ, ਕਾਲ

घड़ोला–ਘੜੋਲਾ, ਪੁ., ਘੜਾ, ਝੱਜਰ

घड़ौंची–ਘੜੌਂਚੀ, ਇ., ਘੜਾ ਰੱਖਣ ਦੀ ਥਾਂ. ਘੜੌਂਜੀ

घंट–ਘੰਟ. ਵਿ., ਚਮਕਦਾਰ

घण्टाकर्ण–ਘੰਟਾਕਰਣ, ਪੁ., ਸ਼ਿਵ ਜੀ ਦਾ ਪਿਆਰਾ ਸੇਵਕ

घण्टानाद–ਘੰਟਾਨਾਦ, ਪੁ., ਕੁਬੇਰ ਦਾ ਮੰਤਰੀ, ਘੰਟੇ ਦੀ ਅਵਾਜ਼

घंटिका–ਘੰਟਿਕਾ, ਇ., ਛੋਟਾ ਘੰਟਾ, ਘੁੰਘਰੂ. ਟੱਲੀ

घतिया–ਘਤਿਯਾ, ਵਿ., ਧੋਖਾ ਦੇਣ ਵਾਲਾ, ਦਾਅ ਲਾਉਣ ਵਾਲਾ

घतियाना–ਘਤਿਯਾਨਾ, ਕ੍ਰਿ., ਦਾਅ ਲਾਉਣਾ, ਚੁਰਾਉਣਾ, ਛਿਪਾਉਣਾ

घन–ਘਨ, ਪੁ., ਮੇਘ, ਸਮੂਹ, ਵਿਸਥਾਰ, ਸਰੀਰ, ਬੱਦਲ, ਹਥੌੜਾ, ਕਪੂਰ, ਲੰਮਾਈ ਚੁੜਾਈ ਤੇ ਮੁਟਾਈ, ਅਭਰਕ, ਘੜਿਆਲ, ਘੰਟਾ, ਲੋਹਾ, ਕਫ਼, ਤਾਲ ਦੇਣ ਦਾ ਵਾਜਾ, ਵਿ.. ਠੋਸ, ਸੰਘਣਾ, ਬਹੁਤਾ, ਮਜ਼ਬੂਤ, ਜ਼ਿਆਦਾ, ਦ੍ਰਿੜ੍ਹ, ਪੱਕਾ, ਗਠਿਆ, ਹੋਇਆ

घनक–ਘਨਕ, ਇ.. ਗੜ ਗੜਾਹਟ

घनकना–ਘਨਕਨਾ, ਕ੍ਰਿ., ਗਰਜਣਾ, ਗੜ੍ਹਕਣਾ, ਗੱਜਣਾ

घनकारा–ਘਨਕਾਰਾ, ਵਿ., ਗਜਣ ਵਾਲਾ

घनघनाना–ਘਨਘਨਾਨਾ, ਕ੍ਰਿ., ਘੰਟੇ ਵਾਙ ਬੋਲਣਾ

घनकोदण्ड–ਘਨਕੋਦੰਡ, ਪੁ., ਇੰਦਰ ਧਨੁਸ਼, ਸਬਜ਼ਾ, ਬੁਢੀ ਦੀ ਪੀਂਘ

घनगर्ज–ਘਨਗਰਜ, ਇ., ਬੱਦਲ ਦੀ ਗਰਜ

घनघोर–ਘਨਘੋਰ, ਪੁ., ਘਨਘਨਾਹਟ, ਬੱਦਲ ਦੀ ਗਰਜ, ਵਿ., ਬਹੁਤ ਸੰਘਣਾ, ਭਿਅੰਕਰ, ਡਰਾਉਣਾ

घनचक्कर–ਘਨਚੱਕਰ, ਵਿ., ਮੂਰਖ, ਚੰਚਲ, ਚਲਦਾ ਪੁਰਜਾ ਪੁ., ਚੱਕਰ, ਸੂਰਜਮੁਖੀ ਦਾ ਫੁੱਲ, ਜੰਜਾਲ, ਆਤਸ਼ਬਾਜ਼ੀ

घनज्वाला–ਘਨਜ੍ਵਾਲਾ, ਇ., ਬਿਜਲੀ ਦੀ ਚਮਕ

घनत्व–ਘਨਤ੍ਵ, ਪੁ., ਠੋਸਪਣ, ਮਜ਼ਬੂਤੀ

घनतार–ਘਨਤਾਰ, ਪੁ., ਝਾਂਝ, ਵੱਜਣ ਵਾਲਾ ਚਿਮਟਾ

घनतिमिर–ਘਨਤਿਮਿਰ, ਪੁ., ਅਨ੍ਹੇਰ, ਘੁੱਪਘੇਰ

घननाद–ਘਨਨਾਦ. ਪੁ., ਰਾਵਣ ਦਾ ਪੁੱਤਰ, ਮੇਘ ਨਾਦ, ਬੱਦਲਾਂ ਦੀ ਗਰਜ

घनपति–ਘਨਪਤਿ, ਪੁ., ਇੰਦਰ

घनप्रिय–ਘਨਪ੍ਰਿਯ, ਪੁ., ਮੋਰ

घनफल–ਘਨਫਲ, ਪੁ., ਲੰਮਾਈ ਚੁੜਾਈ ਅਰ ਉਚਾਈ ਦਾ ਫੈਲਾਉ

घनबेल–ਘਨਬੇਲ, ਵਿ., ਵੇਲ ਬਟੇਦਾਰ, ਜਿਸ ਤੇ ਵੇਲ ਬਟੇ ਕੱਢੇ ਹੋਏ ਹੋਣ

घनरस–ਘਨਰਸ, ਪੁ., ਕਪੂਰ, ਪਾਣੀ

घनवाही–ਘਨਵਾਹੀ,ਵਿ., ਹਥੌੜੇ ਨਾਲ ਲੋਹਾ ਕੁੱਟਣ ਵਾਲਾ, ਪੁ., ਘਣ ਚਲਾਉਣ ਵਾਲੇ ਦੇ ਖਲੋਣ ਦਾ ਟੋਆ

घनश्याम–ਘਨਸ਼ਜਾਮ, ਪੁ., ਕ੍ਰਿਸ਼ਨ, ਕਾਲਾ ਬੱਦਲ ਵਿ., ਬੱਦਲ ਵਾਙ ਕਾਲਾ

घनसार–ਘਨਸਾਰ, ਪੁ., ਕਪੂਰ

घना–ਘਨਾ, ਵਿ., ਸੰਘਣਾ, ਬਹੁਤਾ, ਅਧਿਕ, ਲਾਗੇ ਦਾ, ਨਜਦੀਕੀ

घनाक्षरी–ਘਨਾਕਸ਼ਰੀ, ਪੁ., ਇਕ ਛੰਦ, ਕਵਿੱਤ

घनाघन–ਘਨਾਘਨ, ਪੁ., ਇੰਦਰ, ਮਸਤ ਹਾਥੀ, ਵਰ੍ਹਣ ਵਾਲਾ ਬੱਦਲ

घनानन्द–ਘਨਾਅੰਦ, ਪੁ., ਗੱਦ ਕਾਵ ਦਾ ਇਕ ਭੇਦ

घनिष्ठ–ਘਨਿਸ਼ਠ, ਵਿ., ਗੂਹੜਾ, ਬਹੁਤ ਗਾੜ੍ਹਾ, ਸੰਘਣਾ

घने–ਘਨੇ, ਵਿ., ਅਨੇਕ, ਬਹੁਤ, ਜ਼ਿਆਦਾ, ਅਣਗਿਣਤ

घनो–ਘਨੋ, ਵਿ., ਦੇਖੋ ਘਨਾ (घना)

घनोपल–ਘਨੋਪਲ, ਪੁ., ਬੜੇਵਾਂ. ਕਾਕੜਾ, ਓਲਾ, ਗੜਾ

घपचिआना–ਘਪਚਿਆਨਾ, ਕ੍ਰਿ., ਘਬਰਾਉਣਾ

घपची–ਘਪਚੀ. ਇ., ਦੋਹਾਂ ਹੱਥਾਂ ਦੀ ਕਸਵੀਂ ਪਕੜ

घपला–ਘਪਲਾ, ਪੁ., ਗੜਬੜ, ਰੌਲਾ ਰੱਪਾ

घपुआ–ਘਪੁਆ, ਵਿ., ਲੰਠ, ਮੂਰਖ, ਨਾ ਸਮਝ, ਬੇਵਕੂਫ

घबराना–ਘਬਰਾਨਾ, ਇ., ਬੇਚੈਨ ਹੋਣਾ, ਭੌਚੱਕਾ ਹੋਣਾ, ਜੀ ਉਚਟਣਾ

घबराहट–ਘਬਰਾਹਟ, ਬੇਚੈਨੀ, ਉਤਾਵਲਾਪਣ

घमंड–ਘਮੰਡ, ਪੁ., ਅਭਿਮਾਨ, ਹੰਕਾਰ, ਬਲ, ਸੂਰਮਤਾ, ਸਹਾਰਾ

घमंडी–ਘਮੰਡੀ, ਵਿ., ਹੰਕਾਰੀ, ਅਭਿਮਾਨੀ, ਹੈਂਕੜਬਾਜ਼

घम–ਘਮ, ਪੁ., ਨਰਮ ਚੀਜ਼ ਤੇ ਸਖਤ ਦੇ ਡਿਗਣ ਦਾ ਖੜਾਕਾ

घमका–ਘਮਕਾ, ਪੁ., ਗਦਾ ਜਾਂ ਮੁੱਕੇ ਦਾ ਸ਼ਬਦ

घमखोर–ਘਮਖੋਰ, ਵਿ., ਗਰਮੀ ਖਾਣ ਵਾਲਾ

घमर–ਘਮਰ, ਪੁ., ਉੱਚੀ ਭਾਰੀ ਤੇ ਗੰਭੀਰ ਆਵਾਜ਼

घमरौल–ਘਮਰੌਲ, ਇ., ਗੜ ਬੜ, ਰੌਲਾ ਰੱਪਾ

घमसा–ਘਮਸਾ, ਪੁ., ਗਰਮੀ, ਹੁੱਸੜ, ਵੱਟ, ਗੁਮ੍ਹਾ

घमाघम–ਘਮਾਘਮ, ਕ੍ਰਿ. ਵਿ., ਛੇਤੀ ਛੇਤੀ, ਜ਼ੋਰ ਜ਼ੋਰ ਨਾਲ

घमासान–ਘਮਾਸਾਨ, ਪੁ., ਸਖਤ ਲੜਾਈ

घमायल–ਘਮਾਯਲ, ਵਿ., ਧੁੱਪ ਵਿਚ ਪੱਕਿਆ ਹੋਇਆ

घमाह–ਘਮਾਹ, ਪੁ., ਧੁੱਪ ਨਾ ਸਹਿਣ ਵਾਲਾ ਬੈਲ

घमीहा–ਘੁਮੀਹਾ, ਵਿ., ਘਾਹ ਖਾਧਾ ਹੋਇਆ, ਜਿਸ ਨੇ ਘਾਹ ਖਾਧਾ ਹੋਵੇ

घमोई–ਘਮੋਈ, ਇ., ਬਾਂਸ ਦਾ ਇਕ ਰੋਗ, ਜਿਸ ਤੋਂ ਨਵੇਂ ਅੰਕੁਰ ਪੈਦਾ ਨਹੀਂ ਹੁੰਦੇ

घमोय–ਘਮੋਯ, ਇ., ਸਤਿਆਨਾਸੀ ਬੂਟੀ

घर–ਘਰ, ਪੁ., ਮਨੁੱਖਾਂ ਦੇ ਰਹਿਣ ਦੀ ਥਾਂ, ਮਕਾਨ, ਘਰ

घरऊ–ਘਰਊ, ਵਿ., ਨਿਜੀ, ਆਪਣਾ, ਘਰ ਦਾ

घरघराना–ਘਰਘਰਾਨਾ, ਕ੍ਰਿ., ਘਰ ਘਰ ਸ਼ਬਦ ਕਰਨਾ

घरघाल–ਘਰਘਾਲ, ਵਿ., ਪਰਵਾਰ ਦਾ ਨਾਸ ਕਰਨ ਵਾਲਾ

घरघालन–ਘਰਘਾਲਨ, ਵਿ., ਦੇਖੋ ਘਰਘਾਲ (घरघाल)

घरजाया–ਘਰਜਾਯਾ, ਵਿ., ਘਰ ਦਾ ਨੌਕਰ, ਘਰ ਦਾ ਜੰਮਿਆ ਹੋਇਆ

घरदासी–ਘਰਦਾਸੀ, ਇ., ਵਹੁਟੀ, ਰੰਨ, ਘਰਵਾਲੀ

घरद्वार–ਘਰਦ੍ਵਾਰ, ਪੁ., ਰਹਿਣ ਦੀ ਥਾਂ, ਘਰ ਦੀ ਜੈਦਾਦ, ਠਿਕਾਣਾ

घरना–ਘਰਨਾ, ਕ੍ਰਿ., ਘੜਨਾ, ਘਸਾਉਣਾ

घरनाल–ਘਰਨਾਲ, ਇ., ਇਕ ਤਰ੍ਹਾਂ ਦੀ ਪੁਰਾਣੀ ਤੋਪ

घरनी–ਘਰਨੀ, ਇ., ਘਰ ਵਾਲੀ, ਪਤਨੀ

घरपत्ती–ਘਰਪੱਤੀ, ਇ., ਘਰਾਂ ਮੂਜਬ ਉਗਰਾਹੀ ਜਾਂ ਚੰਦਾ

घरफोड़नी–ਘਰਫੋੜਨੀ, ਇ., ਪਰਵਾਰ ਵਿਚ ਝਗੜਾ ਪੈਦਾ ਕਰਨ ਵਾਲੀ

घरवसा–ਘਰਬਸਾ, ਪੁ., ਯਾਰ, ਧਗੜਾ

घरवसी–ਘਰਬਸੀ, ਇ., ਰਖੇਲ ਤੀਵੀਂ

घरवार–ਘਰਬਾਰ, ਪੁ., ਰਹਿਣ ਦਾ ਥਾਂ, ਠਿਕਾਣਾ, ਕਿਸੇ ਦੀ ਨਿਜੀ ਦੌਲਤ

घरवारी–ਘਰਬਾਰੀ, ਵਿ., ਗ੍ਰਿਸਤੀ, ਬਾਲ ਬੱਚੜਦਾਰ

घरवा–ਘਰਵਾ, ਪੁ., ਕੁਟੀ, ਕੁਟੀਆ

घरवात–ਘਰਵਾਤ, ਇ., ਘਰ ਦਾ ਸਾਮਾਨ

घरवाला–ਘਰਵਾਲਾ, ਪੁ., ਘਰ ਦਾ ਮਾਲਕ, ਖਸਮ, ਖੌਂਦ

घरवाली–ਘਰਵਾਲੀ, ਇ., ਵਹੁਟੀ, ਧਰਮ ਪਤਨੀ

घरसा–ਘਰਸਾ, ਪੁ., ਰਗੜਾ, ਘੱਸਾ, ਢੇਕਾ, ਹਭਕਾ

घरहाई–ਘਰਹਾਈ, ਵਿ., ਟੱਬਰ ਵਿਚ ਫੁਟ ਪਾਉਣ ਵਾਲੀ, ਕੁਟਣੀ, ਨਿੰਦਿਆ ਕਰਨ ਵਾਲੀ

घराऊ–ਘਰਾਊ, ਪੁ., ਦੇਖੋ ਘਰਊ (घरऊ)

घराती–ਘਰਾਤੀ, ਪੁ., ਵਿਆਹ ਵਿਚ ਧੀ ਵਾਲੇ ਪਾਸੇ ਦੇ ਮਨੁੱਖ

घराना–ਘਰਾਨਾ, ਪੁ., ਕੁਲ, ਖਾਨਦਾਨ

घरियाना–ਘਰਿਯਾਨਾ, ਕ੍ਰਿ., ਤਹਿ ਕਰ ਕੇ ਕਪੜਾ ਲਪੇਟਣਾ

घरियार–ਘਰਿਯਾਰ, ਪੁ., ਦੇਖੋ ਘੜਿਯਾਲ (घड़ियाल)

घरी–ਘਰੀ, ਇ., ਤਹਿ, ਘੜੀ

घरीक–ਘਰੀਕ, ਕ੍ਰਿ. ਵਿ., ਥੋੜੀ ਦੇਰ, ਘੜੀ ਕੁ, ਘੜੀ ਭਰ

घरुआ–ਘਰੁਆ ਪੁ., ਘਰ ਦਾ ਚੰਗਾ ਇੰਤਜ਼ਾਮ

घरू–ਘਰੂ, ਵਿ., ਦੇਖੋ ਘਰਊ (घरऊ)

घरेलू–ਘਰੇਲੂ, ਵਿ., ਘਰ ਵਿਚ ਰਹਿਣ ਵਾਲਾ, ਰੱਖਕ, ਪਰਵਾਰ ਦਾ, ਨਿਜੀ. ਆਪਣਾ

घरैया–ਘਰੈਯਾ, ਵਿ., ਘਰ ਦਾ, ਆਪਣੀ ਕੁਲ ਦਾ, ਪਰਵਾਰ ਸਬੰਧੀ

घरो–ਘਰੋ, ਪੁ., ਕਲਸ, ਘੜਾ, ਤੌੜਾ

घरोक–ਘਰੋਕ, ਪੂ., ਪਿਆਰ ਵਰਤੋਂ, ਨਰਮੀ

घरौंदा–ਘਰੌਂਦਾ, ਪੁ., ਛੋਟਾ ਘਰ, ਬੱਚਿਆਂ ਦੇ ਖੇਲ੍ਹਣ ਦਾ ਕਾਗਜ ਜਾਂ ਮਿੱਟੀ ਦਾ ਘਰ

घरौना–ਘਰੌਨਾ, ਪੁ., ਦੇਖੋ ਘਰੌਂਦਾ (घरौंदा)

घर्घर–ਘਰਘਰ, ਪੁ.,ਗੜਗੜਾਹਟ ਦੀ ਅਵਾਜ਼, ਘਰਘਰ ਦਾ ਸ਼ਬਦ

घर्म–ਘਰਮ, ਪੁ., ਗਰਮੀ, ਤਪਸ. ਧੁੱਪ

घर्मविन्दु–ਘਰਮਵਿੰਦ, ਪੁ., ਪਸੀਨਾ, ਮੁੜ੍ਹਕਾ

घर्मांशु–ਘਰਮਾਂਸ਼ੁ, ਪੁ., ਸੂਰਜ

घर्रा–ਘਰਰਾ,ਪੁ., ਅੱਖ ਵਿਚ ਪਾਉਣ ਦਾ ਇਕ ਤਰ੍ਹਾਂ ਦਾ ਸੁਰਮਾ, ਬਲਗਮ ਕਰਕੇ ਬਿਗੜੀ ਹੋਈ ਗਲ ਦੀ ਅਵਾਜ਼

घर्राटा–ਘਰਰਾਟਾ, ਪੁ., ਗਹਿਰੀ ਨੀਂਦ ਵਿਚ ਸਾਹ ਲੈਣ ਦਾ ਸ਼ਬਦ, ਘੁਰਾੜਾ

घर्षण–ਘਰਸ਼ਣ, ਪੁ., ਰਗੜ, ਘੱਸਾ , ਘਿਸਾਉ

घर्षणी–ਘਰਸ਼ਣੀ, ਇ., ਹਲਦੀ

घलना–ਘਲਨਾ, ਕ੍ਰਿ., ਡਿੱਗ ਪੈਣਾ, ਸੁਟ ਦੇਣਾ, ਮਾਰਕੁੱਟ ਹੋਣੀ, ਹਥਿਆਰ ਚਲਾਉਣਾ

घलाघल–ਘਲਾਘਲ, ਇ., ਕੁੱਟ ਮਾਰ, ਜ਼ਖਮ

घलुआ–ਘਲੁਆ, ਪੁ., ਝੂੰਘਾ, ਰੂੰਗਾ, ਵਾਧੂ, ਤੋਲ ਤੋਂ ਜ਼ਿਆਦਾ

घवरि–ਘਵਰਿ, ਇ., ਫੁੱਲ ਜਾਂ ਪੱਤੀਆਂ ਦਾਂ ਗੁੱਛਾ

घसकना–ਘਸਕਨਾ, ਕ੍ਰਿ., ਖਿਸਕਣਾ, ਚਲੇ ਜਾਣਾ, ਸਰਕਣਾ

घसखुद्रा–ਘਸਖੁਦਾ, ਪੁ., ਘਾਹ ਖੋਦਣ ਵਾਲਾ, ਮੂਰਖ

घसना–ਘਸਨਾ, ਕ੍ਰਿ., ਰਗੜ ਖਾਣਾ

घसिटना–ਘਸਿਟਨਾ, ਕ੍ਰਿ., ਲੱਤੋਂ ਫੜ ਕੇ ਖਿੱਚਣਾ, ਛੇਤੀ ਲਿਖ ਕੇ ਕੰਮ ਚਾਲੂ ਕਰਨਾ

घसियारा–ਘਸਿਯਾਰਾ, ਪੁ., ਘਾਹ ਵੇਚਣ ਵਾਲਾ

घसीट–ਘਸੀਟ. ਇ., ਜਲਦੀ ਨਾਲ ਲਿਖਿਆ ਹੋਇਆ ਲੇਖ, ਘੜੀਸ, ਘੜੀਸਣ ਤੋਂ ਪੈਦਾ ਹੋਈ ਹੋਈ ਲਕੀਰ

घस्सा–ਘੱਸ਼ਾ, ਪੁ , ਰਗੜ, ਹਭਕਾ, ਢੇਕਾ

घहनाना–ਘਹਨਾਨਾ, ਕ੍ਰਿ., ਟਨ ਟਨ ਕਰਨਾ

घहराना–ਘਹਰਾਨਾ, ਕ੍ਰਿ., ਗਰਜਣਾ, ਚਿੰਘਿਆੜਨਾ

घहरानि–ਘਹਰਾਨਿ, ਪੁ., ਗੰਭੀਰ ਆਵਾਜ਼, ਗਰਜ

घहरारा–ਘਹਰਾਰਾ, ਪੁ., ਗੰਭੀਰ ਅਵਾਜ, ਗਰਜ

घहरारी–ਘਹਰਾਰੀ. ਇ., ਗਰਜ

घां–ਘਾਂ, ਇ., ਦਿਸ਼ਾ, ਤਰਫ਼, ਪਾਸਾ

घांघरा–ਘਾਂਘਰਾ, ਪੁ., ਲਹਿੰਗਾ, ਘੰਗਰਾ

घांघरी–ਘਾਂਘਰੀ, ਇ., ਘੱਘਰੀ

घांटी–ਘਾਂਟੀ, ਇ., ਘੰਟੀ, ਟੱਲੀ

घांह–ਘਾਂਹ, ਪੁ., ਤਰਫ਼, ਦਿਸ਼ਾ, ਪਾਸਾ

घा–ਘਾ, ਇ., ਤਰਫ਼, ਵੱਲ

घाइ–ਘਾਇ, ਇ., ਜ਼ਖਮ, ਘਾਉ, ਫੱਟ

घाइल–ਘਾਇਲ, ਵਿ.. ਦੇਖੋ ਘਾਯਲ (घायल)

घाईं–ਘਾਈਂ, ਇ., ਦਸ਼ਾ, ਤਰਫ਼, ਪਾਣੀ ਦਾ ਭੰਵਰ

घाई–ਘਾਈ, ਇ., ਦੋ ਉਂਗਲੀਆਂ ਦੇ ਵਿਚਕਾਰਲਾ ਫਰਕ, ਵਾਰ, ਚੋਟ, ਸੱਟ, ਛਲ, ਧੋਖਾ

घाऊघप–ਘਾਊਘਪ, ਵਿ., ਚੁੱਪ ਚੁਪੀਤਾ ਖਾ ਜਾਣ ਵਾਲਾ, ਸਭ ਕੁਝ ਹਜ਼ਮ ਕਰਨ ਵਾਲਾ

घाएं–ਘਾਏਂ, ਅਵਜ., ਤਰਫ਼, ਵੱਲ

घाग–ਘਾਘ, ਵਿ., ਸਿਆਣਾ, ਅਕਲ ਵਾਲਾ, ਹੰਢਿਆ ਹੋਇਆ

घाघरा–ਘਾਘਰਾ, ਪੁ., ਲਹਿੰਗਾ, ਸਰਜੂ ਨਦੀ, ਘੱਗਰਾ

घाघी–ਘਾਘੀ, ਇ., ਮੱਛੀਆਂ ਫੜਨ ਦਾ ਜਾਲ

घाट–ਘਾਟ, ਪੁ., ਨਦੀ ਦਾ ਉਹ ਥਾਂ ਜਿਥੇ ਲੋਕੀ ਨੁਾਉਂਦੇ ਕਪੜੇ ਧੋਂਦੇ ਪਸ਼ੂਆਂ ਨੂੰ ਪਾਣੀ ਪਿਲਾਉਂਦੇ ਅਤੇ ਬੇੜੀ ਤੋਂ ਪਾਰ ਹੁੰਦੇ ਹਨ, ਤੰਗ ਪਹਾੜੀ, ਰਸਤਾ, ਪਹਾੜ, ਤਲਵਾਰ ਦੀ ਧਾਰ, ਜੌਆਂ ਦੀ ਗਰੀ, ਨਵੀਂ ਵਿਆਹੀ ਤੀਵੀਂ ਦਾ ਲਹਿੰਗਾ, ਘਾਠ ਧੋਖਾ, ਬੁਰਿਆਈ, ਵਿ., ਘੱਟ, ਥੋੜਾ

घाटबंदी–ਘਾਟਬੰਦੀ, ਇ., ਉਹ ਥਾਂ ਜਿਥੇ ਜਹਾਜ਼ ਜਾਂ ਬੇੜੀ ਚੱਲਣ ਨਾ ਦਿੱਤੀ ਜਾਵੇ

घाटा–ਘਾਟਾ, ਪੁ., ਹਾਨ, ਨੁਕਸਾਨ

घाटि–ਘਾਟਿ, ਵਿ.. ਘੱਟ, ਕਮ, ਥੋੜਾ,ਇ., ਭੈੜਾ ਕੰਮ, ਪਾਪ

घाटिका–ਘਾਟਿਕਾ, ਇ., ਗਰਦਨ ਦਾ ਪਿਛਲਾ ਹਿੱਸਾ, ਗਿੱਚੀ

घाटिया–ਘਾਟਿਯਾ, ਪੁ., ਘਾਟ ਦਾ ਮਹਿਸੂਲੀਆ, ਬ੍ਰਾਹਮਣ, ਝੀਉਰ

घाटी–ਘਾਟੀ, ਇ., ਪਹਾੜਾਂ ਦੇ ਵਿਚਕਾਰਲੀ ਧਰਤੀ, ਪਹਾੜ ਦਾ ਢਲਵਾਂ ਥਾਂ, ਉੱਚੀ ਟੀਸੀ

घाटो–ਘਾਟੋ, ਇ., ਘਾਟਾ, ਨੁਕਸਾਨ

घात–ਘਾਤ, ਪੁ., ਚੋਟ, ਸ੍ਰੱਟ, ਖੂਨ, ਬੁਰਿਆਈ, ਘਾਤ, ਮਨ ਮੰਨੀ ਹਾਲਤ, ਰੰਗ ਢੰਗ, ਦਾਉ ਲਾ ਕੇ ਬੈਠਣ ਦਾ ਕੰਮ

घातक–ਘਾਤਕ, ਵਿ., ਮਾਰ ਦੇਣ ਵਾਲਾ, ਖੂਨੀ, ਦੁਸ਼ਮਣ, ਕਾਤਲ, ਹੱਤਿਆਰਾ

घातिक–ਘਾਤਿਕ,. ਵਿ., ਦੇਖੋ ਘਾਤਕ. (घातक)

घातिनी–ਘਾਤਿਨੀ, ਵਿ., ਖੂਨਣ, ਹਤਿਆਰੀ, ਹੱਤਿਆ ਕਰਨ ਵਾਲੀ

घाती–ਘਾਤੀ, ਪੁ., ਦੇਖੋ ਘਾਤਕ (घातक)

घातुक–ਘਾਤੁਕ, ਵਿ., ਹੱਤਿਆਰਾ, ਨਿਰਦਈ, ਖੂਨੀ, ਕਾਤਲ

घान–ਘਾਨ, ਪੁ., ਕੋਹਲੂ ਜਾਂ ਚੱਕੀ ਦਾ ਗਲਾ, ਕੋਹਲੂ ਦੀ ਘਾਣੀ

घाना–ਘਾਨਾ, ਕ੍ਰਿ., ਮਾਰਨਾ, ਫੜਨਾ, ਨਾਸ ਕਰਨਾ, ਤਬਾਹ ਕਰਨਾ

घानी–ਘਾਨੀ, ਇ., ਦੇਖੋ ਘਾਨ (घान)

घाम–ਘਾਮ, ਪੁ., ਧੁੱਪ, ਹੁੱਸੜ, ਗਰਮੀ, ਭੜਦਾਹ

घामड़–ਘਾਮੜ, ਵਿ., ਗਰਮੀ ਦਾ ਮਾਰਿਆ, ਮੂਰਖ, ਆਲਸੀ

घाय–ਘਾਯ, ਪੁ., ਜ਼ਖਮ, ਫੱਟ

घायक–ਘਾਯਕ, ਵਿ., ਜਖ਼ਮੀ ਕਰਨ ਵਾਲਾ, ਮਾਰਨ ਵਾਲਾ, ਖੂਨੀ, ਕਾਤਲ

घाल–ਘਾਲ, ਪੁ., ਬੁਰਾਈ, ਵਿਗਾੜ

घालक–ਘਾਲਕ, ਪੁੰ., ਮਾਰਨ ਵਾਲਾ, ਖੂਨੀ, ਕਾਤਲ

घालना–ਘਾਲਨਾ, ਕ੍ਰਿ., ਸੁੱਟਣਾ, ਵਿਗਾੜਨਾ, ਉਜਾੜਨਾ, ਰੱਖ ਲੈਣਾ, ਤੋਪ ਦਾਗਣੀ

घालमेल–ਘਾਲਮੇਲ, ਪੁ., ਕਈ ਚੀਜ਼ਾਂ ਦੀ ਮਿਲਾਵਟ, ਮੇਲ ਜੋਲ

घालिका–ਘਾਲਿਕਾ, ਇ., ਨਾਸ ਕਰਨ ਵਾਲੀ ਤੀਵੀਂ

घालिनी–ਘਾਲਿਨੀ, ਇ., ਮਾਰ ਦੇਣ ਵਾਲੀ ਤੀਵੀਂ

घाव–ਘਾਵ, ਪੁ., ਚੋਟ, ਜ਼ਖਮ, ਸੱਟ, ਫੱਟ

घास–ਘਾਸ, ਇ., ਚਾਰਾ

घासी–ਘਾਸੀ, ਵਿ., ਘਸਿਆਰਾ

घाह–ਘਾਹ, ਪੁ., ਉਂਗਲੀਆ ਦੇ ਜੋੜ, ਚੋਟ, ਸੱਟ, ਫੱਟ

घिआंड़ा–ਘਿਆਂੜਾ, ਪੁ., ਘਿਉ ਰੱਖਣ ਦਾ ਭਾਂਡਾ

घिआ–ਘਿਆ, ਪੁ., ਕੱਦੂ, ਲੌਕੀ, ਅੱਲ, ਤੂੰਬੀ

घिग्घी–ਘਿੱਘੀ, ਇ., ਰੋਂਦਿਆਂ ਸਾਹ ਲੈਣ ਵਿਚ ਰੁਕਾਵਟ, ਹਿਝਕੀ, ਡਰ ਨਾਲ ਬੋਲਣ ਵਿਚ ਰੁਕਾਵਟ, ਹੌਕੇ ਤੇ ਹੌਕਾ ਆਉਣ ਦਾ ਭਾਵ

घिघियाना–ਘਿਘਿਯਾਨਾ, ਕ੍ਰਿ., ਰੋਂਦਿਆਂ ਬੇਨਤੀ ਕਰਨੀ, ਗਿੜ ਗਿੜਾਉਣਾ

घिन–ਘਿਨ, ਇ., ਘਿਰਣਾ, ਨਫਰਤ

घिनाना–ਘਿਨਾਨਾ, ਕ੍ਰਿ., ਨਫਰਤ ਕਰਨੀ

घिनावना–ਘਿਨਾਵਨਾ, ਵਿ., ਜਿਸ ਤੋਂ ਨਫਰਤ ਆਉਂਦੀ ਹੋਵੇ

घिनौना–ਘਿਨੌਨਾ, ਵਿ., ਨਫਰਤ ਪੈਦਾ ਕਰਨ ਵਾਲਾ

घिया–ਘਿਯਾ, ਪੁ., ਕੱਦੂ, ਅੱਲ

घियाकश–ਘਿਯਾਕਸ਼, ਪੁ., ਕੱਦੂ ਕਸ਼, ਕੱਦੂ ਨੂੰ ਲੋਹੇ ਤੇ ਘਸਾ ਕੇ ਰਾਇਤਾ ਪਾਉਣ ਲਈ ਕਸਣ ਵਾਲਾ ਸੰਦ

घियातोरी–ਘਿਯਾਤੋਰੀ, ਇ., ਇਕ ਵੇਲ ਜਿਸ ਦੇ ਫਲਾਂ ਦੀ ਸਬਜ਼ੀ ਬਣਦੀ ਹੈ

घिरत–ਘਿਰਤ, ਪੁ.. ਘਿਉ, ਥੰਧਾ, ਘੀ

घिरना–ਘਿਰਨਾ, ਕ੍ਰਿ., ਘੇਰਿਆ ਜਾਣਾ

घिरनी–ਘਿਰਨੀ, ਇ., ਗਰਾਰੀ, ਚੱਕਰ, ਫੇਰਾ

घिराई–ਘਿਰਾਈ, ਇ., ਡੰਗਰ ਚਾਰਨ ਦੀ ਮਜ਼ਦੂਰੀ

घिराव–ਘਿਰਾਵ, ਪੁ., ਘੇਰਾ, ਬਾਗਲ ਬਗਲਣ ਦਾ ਕੰਮ

घिरौंची–ਘਿਰੌਂਚੀ, ਇ., ਪਾਣੀ ਦੇ ਘੜੇ ਰੱਖਣ ਚੀ ਤਰਪਾਈ, ਘੜੌਂਜੀ

घिर्राना–ਘਿਰਰਾਨਾ, ਕ੍ਰਿ., ਘਸੀਟਣਾ, ਗਿੜਗਿੜਾਉਣਾ

घिसकना–ਘਿਸਕਨਾ, ਕ੍ਰਿ., ਸਰਕਣਾ,ਘੀਸੀ ਕਰਨਾ, ਖਿਸਕਣਾ

घिसटना–ਘਿਸਟਨਾ, ਕ੍ਰਿ., ਘੜੀਸਿਆ ਜਾਣਾ

घिसन–ਘਿਸਨ, ਇ., ਰਗੜ, ਘੱਸਾ

घिसना–ਘਿਸਨਾ. ਕ੍ਰਿ., ਰਗੜਨਾ, ਰਗੜ ਖਾ ਕੇ ਛੋਟਾ ਹੋਣਾ

घिसपिस–ਘਿਸਪਿਸ, ਇ., ਮੇਲ ਜੋਲ, ਵੱਟਾ ਸੱਟਾ

घिसवाना–ਘਿਸਵਾਨਾ, ਕ੍ਰਿ.. ਘਸਵਾਉਣਾ, ਰਗੜਾਉਣਾ

घिसाई–ਘਿਸਾਈ, ਇ., ਘਿਸਾਉਣ ਦਾ ਕੰਮ ਜਾਂ ਮਜ਼ਦੂਰੀ

घिसाना–ਘਿਸਾਨਾ, ਕ੍ਰਿ., ਰਗੜਵਾਉਣਾ, ਘਸਾਉਣਾ

घिसाव–ਘਿਸਾਵ, ਪੁ., ਰਗੜ

घिसरपिसर–ਘਿਸਰਪਿਸਰ, ਇ., ਦੇਖੋ ਘਿਸ ਪਿਸ (घिसपिस)

घिस्सा–ਘਿੱਸਾ, ਪੁ., ਰਗੜਾ, ਠੋਕਰ, ਧੱਕਾ, ਮੁੰਡਿਆਂ ਦਾ ਇਕ ਖੇਲ੍ਹ

घींच–ਘੀਂਚ, ਪੁ., ਖਿੱਚਣ ਦਾ ਕੰਮ

घींचना–ਘੀਂਚਨਾ, ਕ੍ਰਿ., ਖਿੱਚਣਾ

घी–ਘੀ, ਪੁ., ਘਿਉ, ਥੰਧਾ

घीकुआर–ਘੀਕੁਆਰ, ਪੁ., ਘਿਉ ਕੁਆਰ, ਕੁਆਰ ਗੰਦਲ, ਕੁਆਰ

घुंइयां–ਘੁੰਇਯਾਂ, ਇ., ਅਰਬੀ, ਗਾਗਠੀ

घुंघची–ਘੁੰਘਚੀ; ਇ., ਰੱਤਕ, ਰੱਤੀ, ਲਾਲੜੀ

घुंघनी–ਘੁੰਘਨੀ, ਇ., ਤਲੇ ਹੋਏ ਛੋਲੇ, ਬੱਕਲੀਆਂ

घुंघराले–ਘੁੰਘਰਾਲੇ, ਵਿ., ਛੱਲੇਦਾਰ, ਘੁੰਗਰੂਆਂ ਵਾਲੇ

घुंघरू–ਘੁੰਘਰੂ, ਪੁ., ਧਾਤ ਦੀਆਂ ਬਣੀਆਂ ਹੋਈਆਂ ਗੋਲੀਆਂ ਜਿਸ ਦੇ ਆਪਸ ਵਿਚ ਟਕਰਾਉਣ ਤੇ ਆਵਾਜ਼ ਹੁੰਦੀ ਹੈ

घुंडी–ਘੁੰਡੀ, ਇ., ਬਟਣ, ਗਦਾਮ, ਗੋਲ ਗੱਠ

घुग्घी–ਘੁੱਘੀ, ਇ., ਤਿਖੁੰਜਾ ਲਪੇਟਿਆ ਕੰਬਲ, ਭੂੰਗੀ, ਇਕ ਪੰਛੀ

घुग्घू–ਘੁੱਘੂ, ਪੁ., ਉੱਲੂ

घुटकना–ਘੁਟਕਨਾ, ਕ੍ਰਿ., ਘੁੱਟਾ ਵਾਟੀ ਪੀਣਾ

घुटकी–ਘੁਟਕੀ, ਇ., ਗਲ ਦੀ ਉਹ ਨਲਕੀ ਜਿਸ ਰਾਹੀਂ ਢਿਡ ਵਿਚ ਪਾਣੀ ਜਾਂਦਾ ਹੈ

घुटना–ਘੁਟਨਾ, ਪੁ., ਗੋਡਾ, · ਕ੍ਰਿ., ਸਾਹ ਦਾ ਅੰਦਰ ਰੁਕਣਾ, ਫਸਣਾ, ਸਖਤ ਹੋਣਾ, ਗੂਹੜੀ ਮਿਤਰਤਾ ਹੋਣੀ, ਮੇਲ ਜੋਲ ਹੋਣਾ

घुटन्ना–ਘਟੱਨਾ, ਪੁ., ਗੋਡਿਆਂ ਤਕ ਦਾ ਪਜਾਮਾ

घुटवाना–ਘੁਟਵਾਨਾ, ਕ੍ਰਿ., ਘੋਟਣ ਦਾ ਕੰਮ ਦੂਸਰੇ ਤੋਂ ਕਰਾਉਣਾ, ਬਾਲ ਉਤਰਵਾਉਣਾ

घुटाई–ਘੁਟਾਈ, ਇ., ਘੋਟਣ ਦੀ ਮਜਦੂਰੀ, ਘੁਟਣ ਦਾ ਕੰਮ

घुटी–ਘੁਟੀ ਇ., ਬੱਚਿਆਂ ਦੀ ਦਵਾਈ, ਜੰਮਣ ਘੁੱਟੀ

घुड़कना–ਘੜਕਨਾ, ਕ੍ਰਿ., ਗੁੱਸੇ ਵਿਚ ਡਰਾਉਣ ਲਈ ਕੋਈ ਗੱਲ ਕਹਿਣਾ, ਝਿੜਕਣਾ

घुड़की–ਘੁੜਕੀ, ਇ., ਘੁਰਕੀ, ਝਿੜਕਾਂ, ਡਾਟ ਡਪਟ, ਤਾੜ ਫਾੜ

घुड़चढ़ा–ਘੁੜਚੜ੍ਹਾ, ਪੁ., ਘੋੜੇ ਤੇ ਚੜ੍ਹਿਆ ਹੋਇਆ ਮਨੁੱਖ

घुड़चढ़ी–ਘੁੜਚੜ੍ਹੀ, ਇ., ਇਕ ਤੋਪ, ਵਿਆਹ ਦੀ ਇਕ ਰੀਤ ਜਿਸ ਨੂੰ ਘੋੜੀ ਕਹਿੰਦੇ ਹਨ

घुड़दौड़–ਘੁੜਦੋੜ, ਇ., ਘੋੜਿਆਂ ਦੀ ਦੋੜ, ਇਕ ਤਰ੍ਹਾਂ ਦੀ ਕਿਸ਼ਤੀ, ਇਕ ਜੂਏ ਦਾ ਖੇਲ੍ਹ, ਕ੍ਰਿ. ਵਿ., ਕਾਹਲੀ ਨਾਲ, ਛੇਤੀ

घुड़मुंहाँ–ਘੁੜਮੂੰਹਾਂ, ਵਿ., ਲੰਮੇ ਮੂੰਹ ਵਾਲਾ, ਲੰਮੋਤਰ

घुड़साल–ਘੁੜਸਾਲ, ਇ., ਤਬੇਲਾ, ਘੋੜੇ ਬੰਨ੍ਹਣ ਦਾ ਘਰ

घुड़िया–ਘੁੜਿਯਾ, ਇ.. ਛੋਟੀ ਘੋੜੀ, ਟੈਰ

घुन–ਘੁਨ, ਪੁ.. ਲੱਕੜੀ ਦਾ ਕੀੜਾ

घुनकुना–ਘੁਨਕੁਨਾ, ਪੁ.. ਛੁਣਛੁਣਾ

घुनना–ਘੁਨਨਾ, ਕ੍ਰਿ., ਅੰਦਰੋ ਅੰਦਰ ਸੜਨਾ, ਘੁਣ ਨਾਲ ਲੱਕੜੀ ਆਦਿ ਦਾ ਖਾਧਾ ਜਾਣਾ

घुन्ना–ਘੁੰਨਾ, ਵਿ , ਦਿਲ ਦੀ ਦਿਲ ਵਿਚ ਰੱਖਣ ਵਾਲਾ, ਮਨ ਵਿਚ ਬੁਰਾ ਮਨਾਉਣ ਵਾਲਾ

घुन्नी–ਘੁੰਨੀ, ਵਿ., ਛੋਟੀ. ਚੁਪ ਕਰੀਤੀ, ਮਨ ਦੀ ਮਨ ਵਿਚ ਰੱਖਣ ਵਾਲੀ

घुप–ਘੁਪ, ਵਿ., ਗਹਿਰਾ ਅੰਧਕਾਰ, ਉਹ ਅੰਨ੍ਹੇਰਾ ਜਿਸ ਵਿਚ ਹੱਥ ਪਸਾਰਿਆਂ ਵੀ ਨਾ ਦਿੱਸੇ

घुमक्कड़–ਘੁਮੱਕੜ, ਵਿ., ਬਹੁਤ ਘੁੰਮਣ ਵਾਲਾ, ਸੈਲਾਨੀ

घुमची–ਘੁਮਚੀ, ਇ., ਰਤਕ, ਰੱਤੀ

घुमटा–ਘੁਮਟਾ, ਪੁ., ਸਿਰ ਚਕਰਾਉਣ ਦਾ ਭਾਵ, ਜੀ ਮਚਲਾਉਣ ਦਾ ਭਾਵ

घुमड़–ਘੁਮੜ, ਇ., ਵਰ੍ਹਣ ਵਾਲੇ ਬੱਦਲਾਂ ਦਾ ਇਕੱਠ

घुमड़ना–ਘਮੜਨਾ, ਕ੍ਰਿ.. ਬੱਦਲਾਂ ਦਾ ਇਕੱਠੇ ਹੋਣਾ

घुमड़ा–ਘੁਮੜਾ, ਇ , ਚੱਕਰ ਦੀ ਤਰ੍ਹਾਂ ਘੁੰਮਣ ਦੀ ਕਿਰਿਆ, ਘਾਰ

घुमना–ਘੁਮਨਾ, ਵਿ., ਜ਼ਿਆਦਾ ਘੁੰਮਣ ਵਾਲਾ, ਘੁਮੱਕੜ

घुमनी–ਘੁਮਨੀ, ਪੁ., ਪਸੂਆਂ ਦਾ ਇਕ ਰੋਗ

घुमरना–ਘੁਮਰਨਾ, ਕ੍ਰਿ., ਉਚੀ ਬੋਲ ਮਾਰਨਾ, ਘੁੰਮਣਾ

घुमराना–ਘੁਮਰਾਨਾ, ਕ੍ਰਿ., ਦੇਖੋ ਘੁਮਰਨਾ (घुमरना)

घुमरी–ਘੁਮਰੀ, ਇ., ਭੰਵਰ, ਚੱਕਰ, ਘੁਮੇਰ

घुमाना–ਘੁਮਾਨਾ, ਕ੍ਰਿ., ਚਹੁੰ ਪਾਸੇ ਘੁਮਾਉਣਾ, ਚੱਕਰ ਦੇਣਾ, ਮਰੋੜਨਾ, ਸੈਰ ਕਰਾਉਣੀ

घुमाव–ਘੁਮਾਵ, ਪੁ., ਘੁੰਮਣ ਦਾ ਕੰਮ, ਚੱਕਰ, ਹੇਰ ਫੇਰ, ਰਾਹ ਦਾ ਮੋੜ

घुमावदार–ਘੁਮਾਵਦਾਰ, ਵਿ., ਚੱਕਰਦਾਰ, ਗੇੜੇਦਾਰ

घुरका–ਘੁਰਕਾ, ਪੁ., ਪਸੂਆਂ ਦੀ ਇਕ ਬੀਮਾਰੀ

घुरघुरा–ਘੁਰਘੁਰਾ, ਪੁ., ਬੀਂਡਾ, ਝੀਂਗੁਰ

घुरघुराना–ਘੁਰਘੁਰਾਨਾ, ਇ., ਗਲ ਵਿਚੋਂ ਘੁਰ ਘੁਰ ਸ਼ਬਦ ਕੱਢਣਾ

घुरना–ਘੁਰਨਾ, ਕ੍ਰਿ., ਘੁਲਣਾ, ਵਜੌਣਾ, ਸ਼ਬਦ ਕਰਨਾ

घुरविनिया–ਘੁਰਵਿਨਿਯਾ, ਇ., ਰੂੜੀ ਤੋਂ ਅੰਨ ਬਟੋਰਨ ਦਾ ਕੰਮ, ਸੜਕ ਜਾਂ ਗਲੀ ਵਿਚੋਂ ਟੁੱਟੀਆਂ ਫੁਟੀਆਂ ਚੀਜ਼ਾਂ ਇਕੱਠੀਆਂ ਕਰਨ ਦਾ ਕੰਮ

घुरहुरी–ਘੁਰਹੁਰੀ, ਇ., ਡੰਡੀ, ਪਗਡੰਡੀ, ਰਾਹ

घुर्मित–ਘੁਰਮਿਤ, ਵਿ., ਘੁਮਦਾ ਹੋਇਆ, ਗੇੜੇ ਦੇਂਦਾ ਹੋਇਆ

घुलना–ਘੁਲਣਾ, ਕ੍ਰਿ., ਪਤਲੀਆਂ ਚੀਜ਼ਾਂ ਦਾ ਪਰਸਪਰ ਮਿਲ ਜਾਣਾ

घुसड़ना–ਘੁਸੜਨਾ, ਕ੍ਰਿ., ਦੇਖੋ ਘੁਸਨਾ (घुसना)

घुसना–ਘੁਸਨਾ, ਕ੍ਰਿ., ਪਰਵੇਸ ਕਰਨਾ, ਅੰਦਰ ਵੜਨਾ, ਚੁਭਣਾ

घुसपैठ–ਘੁਸਪੈਠ, ਇ., ਪਰਵੇਸ, ਪਹੁੰਚ

घुसवाना–ਘੁਸਵਾਨਾ, ਕ੍ਰਿ.,ਘੁਸਾਉਣ ਦਾ ਕੰਮ ਦੂਸਰੇ ਤੋਂ ਕਰਾਉਣਾ

घुसेड़ना–ਘੁਸੇੜਨਾ, ਕ੍ਰਿ., ਘੁਸੋਣਾ, ਚੁਭਾਉਣਾ

घूंघट–ਘੂੰਘਟ, ਪੁ., ਕਪੜੇ ਦਾ ਉਹ ਭਾਗ ਜਿਸ ਨਾਲ ਤੀਵੀਆਂ ਆਪਣਾ ਮੂੰਹ ਢਕਦੀਆਂ ਹਨ, ਘੁੰਡ

घूंघर–ਘੂੰਘਰ, ਪੁ., ਛੱਲੇਦਾਰ ਵਾਲ

घूंट–ਘੂੰਟ, ਪੁ., ਘੁੱਟ. ਪਤਲੀ ਚੀਜ਼ ਦਾ ਉਤਨਾ ਭਾਗ ਜੋ ਇਕੋ ਵਾਰੀ ਗਲ਼ੇ ਤੋਂ ਹੇਠਾਂ ਉਤਾਰਿਆ ਜਾਵੇ

घूंटी–ਘੂੰਟੀ, ਇ., ਬੱਚਿਆਂ ਦਾ ਹਾਜ਼ਮਾ ਸੁਧਾਰਨ ਦੀ ਦਵਾ, ਗੁੜ੍ਹਤੀ, ਘੁੱਟੀ

घूंस–ਘੂੰਸ, ਇ., ਰਿਸ਼ਵਤ, ਵੱਢੀ

घूंसा–ਘੂੰਸਾ, ਪੁ., ਬੰਨ੍ਹੀ ਹੋਈ ਮੁੱਠੀ, ਘਸੁੰਨ

घूंवां–ਘੂੰਵਾਂ, ਪੁ., ਮੁੰਜ, ਸਰਕੰਡੇ ਆਦਿ ਦਾ ਰੂਈ ਵਰਗਾ ਫੁੱਲ, ਇਕ ਤਰ੍ਹਾਂ ਦਾ ਕੀੜਾ

घूक–ਘੂਕ, ਪੁ., ਉੱਲੂ

घूगस–ਘੂਗਸ, ਪੁ., ਉੱਚੀ ਬੁਰਜੀ, ਉੱਚੀ ਅਟਾਰੀ

घूघ–ਘੂਘ, ਪੁ., ਲੋਹੇ ਜਾਂ ਪਿੱਤਲ ਦੀ ਟੋਪੀ ਜੋ ਲੜਾਈ ਵਿਚ ਸਿਰ ਨੂੰ ਸੱਟ ਫੇਟ ਤੋਂ ਬਚਾਉਣ ਲਈ ਪਹਿਰਦੇ ਹਨ

घूघी–ਘੂਘੀ, ਇ., ਦੇਖੋ ਘੁੱਘੀ (घुग्घी)

घूटना–ਘੂਟਨਾ, ਕ੍ਰਿ., ਸਾਹ ਰੋਕਣਾ, ਗਲ ਘੋਟਣਾ

घूम–ਘੂਮ, ਇ., ਮੋੜ. ਫੇਰਾ, ਗੇੜਾ, ਘੁਮਾਉ

घूमना–ਘੂਮਨਾ, ਕ੍ਰਿ., ਚੱਕਰ ਖਾਣਾ, ਮੁੜਨਾ, ਸਫਰ ਕਰਨਾ, ਗੇੜਾ ਖਾਣਾ, ਸੈਰ ਕਰਨਾ, ਫਿਰਨਾ ਤੁਰਨਾ

घूमनी–ਘੂਮਨੀ, ਇ., ਘੁਮੇਰ, ਚੱਕਰ, ਗੇੜਾ

घूमघुमारा–ਘੂਮਘੁਮਾਰਾ, ਪੁ., ਘੁਮਣ ਘੇਰ, ਗੇੜਾ, ਚੱਕਰ

घूर–ਘੇਰ, ਪੁ., ਰੂੜੀ, ਢੇਰ, ਰੇਹੁ

घूरना–ਘੂਰਨਾ, ਕ੍ਰਿ., ਬੁਰੀ ਨਿਗਾਹ ਨਾਲ ਦੇਖਣਾ, ਗੁੱਸੇ ਨਾਲ ਟਿਕਟਿਕੀ ਬੰਨ੍ਹ ਕੇ ਦੇਖਣਾ

घूरा–ਘੂਰਾ, ਪੁ., ਕਵਾੜ ਖਾਨਾ, ਢੇਰ

घूस–ਘੂਸ, ਇ., ਇਕ ਤਰ੍ਹਾਂ ਦਾ ਵੱਡਾ ਚੂਹਾ, ਰਿਸ਼ਵਤ, ਵੱਢੀ

घूसा–ਘੂਸਾ, ਪੁ., ਘਸੁੰਨ, ਧਮਾਕਾ, ਲਫੇੜਾ

घृणा–ਘ੍ਰਿਣਾ, ਇ., ਨਫਰਤ, ਸੂਗ

घृणित–ਘ੍ਰਿਣਿਤ, ਵਿ., ਘ੍ਰਿਣਾ ਪੈਦਾ ਕਰਨ ਵਾਲਾ

घृत–ਘ੍ਰਿਤ, ਪੁ., ਘਿਉ

घृतकुमारी–ਘ੍ਰਿਤਕੁਮਾਰੀ, ਇ., ਘੀ ਕੁਆਰ, ਕੁਆਰ

घृतपूर–ਘ੍ਰਿਤਪੂਰ, ਪੁ., ਘੇਵਰ ਨਾਮੀ ਮਿਠਾਈ

घृताची–ਘ੍ਰਿਤਾਚੀ, ਇ., ਇਕ ਅਪੱਛਰਾ, ਇਕ ਪਰੀ

घेंघ–ਘੇਂਘ, ਪੁ., ਭਿੱਜੇ ਛੋਲੇ ਤੇ ਚੌਲਾਂ ਦੀ ਬਣੀ ਹੋਈ ਖਾਣ ਚੀਜ਼

घेंघा–ਘੇਂਘਾ, ਪੁ., ਗਲ ਦਾ ਇਕ ਰੋਗ

घेंट–ਘੇਂਟ, ਪੁ., ਗਰਦਨ, ਗਲ, ਧੋਣ

घेंटा–ਘੇਂਟਾ, ਪੁ., ਸੂਰ ਦਾ ਨਿੱਕਾ ਬੱਚਾ

घेंटी–ਘੇਂਟੀ, ਇ., ਛੋਲਿਆਂ ਦੀ ਟਾਟ,ਛੋਲਿਆਂ ਦੀ ਫਲੀ

घेघी–ਘੇਘੀ, ਇ , ਗਲ ਦੀ ਨਾੜ ਜਿਸ ਰਾਹੀਂ ਰੋਟੀ ਪਾਣੀ ਪੇਟ ਵਿਚ ਜਾਂਦਾ ਹੈ

घेतला–ਘੇਤਲਾ, ਪੁ , ਮਰਹੱਟੀ ਜੁੱਤੀ

घेर–ਘੇਰ, ਪੁ., ਵਾਗਲ, ਘੇਰਾ

घेरघार–ਘੇਰਘਾਰ, ਪੁ., ਮੋੜ ਘੋੜ, ਘੇਰਨ ਦਾ ਭਾਵ, ਚੋਹੀਂ ਪਾਸੀਂ ਜਾਣ ਦਾ ਭਾਵ, ਘੁਮਣ ਘੇਰੀ

घेरना–ਘੇਰਨਾ, ਕ੍ਰਿ., ਬਾਗਲਣਾ, ਚਹੁੰਆਂ ਪਾਸਿਉਂ ਘਰਨਾ

घेरा–ਘੇਰਾ, ਪੁ., ਹਾਤਾ, ਬਾੜਾ, ਬਾਗ, ਹੱਦ, ਫਲਾਉ, ਗੇੜਾ

घैया–ਘੈਜਾ, ਪੁ., ਬਿਨਾ ਰਿੜਕੇ ਦੁੱਧ ਉਤਲਾ ਮੱਖਣ ਇਕੱਠਾ ਕਰਨ ਦਾ ਕੰਮ, ਰੁੱਖ ਵਿਚੋਂ ਪਾਣੀ ਆਦਿ ਕੱਢਣ ਲਈ ਛੁਰੇ ਆਦਿ ਨਾਲ ਮਾਰੀ ਚੋਟ

घैर,–ਘੈਰ, ਪੁ., ਬਦਨਾਮੀ. ਚੁਗਲੀ, ਅਪਜਸ, ਅਪਮਾਨ

घैला–ਘੈਲਾ, ਪੁ., ਕਲਸ, ਘੜਾ, ਗਾਗਰ

घैहल–ਘੈਹਲ, ਵਿ., ਜਖਮੀ, ਫੱਟੜ, ਘਾਇਲ

घोंघ–ਘੋਂਘ, ਪੁ., ਇਕ ਤਰ੍ਹਾਂ ਦੀ ਚਿੜੀ

घोंघा–ਘੋਂਘਾ, ਪੁ., ਸੰਖ ਜਿਹਾ ਇਕ ਪਾਣੀ ਦਾ ਕੀੜਾ, ਘੋਗਾ, ਵਿ., ਮੂਰਖ, ਬੇਵਕੂਫ

घौघा, बसंत–ਘੋਂਘਾ, ਬਸੰਤ, ਪੁ., ਮਹਾ ਮੂਰਖ, ਉਜੱਡ, ਘੋਗੜ

घौचा–ਘੋਂਚਾ, ਪੁ., ਗੁੱਛਾ, ਮੀਣਾਂ ਬਲਦ

घोंची–ਘੋਂਚੀ, ਇ., ਮੀਣੇਂ ਸਿੰਗਾਂ ਵਾਲੀ ਗਊ

घोंपना–ਘੋਂਪਨਾ, ਕ੍ਰਿ., ਧਸਾਉਣਾ, ਗਡਾਉਣਾ, ਬੁਰੀ ਤਰ੍ਹਾਂ ਨਾਲ ਸਿਲਾਈ ਕਰਨਾ, ਚੁਭਾਉਣਾ

घोंसला–ਘੋਂਸਲਾ, ਪੁ., ਆਹਲਣਾ

घोसुना–ਘੋਂਸੁਨਾ, ਪੁ., ਆਹਲਣਾ

घोकना–ਘੋਕਨਾ, ਕ੍ਰਿ., ਰਟਣਾ, ਦੁਹਰਾਉਣਾ, ਯਾਦ ਕਰਨਾ, ਘੋਟਣਾ

घोखना–ਘੋਖਣਾ, ਕ੍ਰਿ., ਰਟਣਾ, ਯਾਦ ਕਰਨਾ

घोखवाना–ਘੋਖਵਾਨਾ, ਕ੍ਰਿ., ਰਟਾਉਣਾ, ਯਾਦ ਕਰਾਉਣਾ, ਘਟਾ ਲਵਾਉਣਾ

घोघा–ਘੋਘਾ, ਪੁ., ਫਲ ਦਾ ਨਾਸ ਕਰਨ ਵਾਲਾ ਛੋਟਾ ਕੀੜਾ

घोघी–ਘੋਘੀ, ਪੁ., ਘੁੱਗੀ

घोटक–ਘੋਟਕ, ਪੁ., ਘੋੜਾ

घोटना–ਘੋਟਣਾ, ਕ੍ਰਿ., ਮਰੋੜਨਾ, ਮਰੁੰਡਣਾ, ਮੁੰਨਣਾ, ਚਿਲਕਾਉਣਾ, ਪੀਸਣਾ, ਰਗੜਨਾ, ਅਭਿਆਸ ਕਰਨਾ, ਬਰੀਕ ਕਰਨਾ, ਡਾਟਣਾ, ਗਲ ਮਰੋੜਨਾ

घोटनी–ਘੋਟਨੀ, ਇ., ਘੋਟਣ ਵਾਲਾ ਡੰਡਾ, ਸੋਟਾ

घोटवाना–ਘੋਟਵਾਨਾ, ਕ੍ਰਿ., ਰਗੜਾਉਣਾ, ਚਮਕਾਉਣਾ, ਸਿਰ ਦਾੜ੍ਹੀ ਦੇ ਬਾਲ ਮੁੰਡਵਾਉਣਾ

घोटा–ਘੋਟਾ, ਪੁ., ਰਗੜਾ, ਸੋਟਾ, ਘੋਟਣ ਵਾਲਾ ਡੰਡਾ, ਹਜਾਮਤ

घोटाई–ਘੋਟਾਈ, ਇ., ਰਗੜਨ ਦਾ ਕੰਮ ਜਾਂ ਮਜ਼ਦੂਰੀ

घोटाला–ਘੋਟਾਲਾ, ਪੁ., ਗੜਬੜੀ, ਰੌਲਾ, ਅਨ੍ਹੇਰ ਗਰਦੀ

घोटू–ਘੋਟੂ, ਵਿ., ਘੋਟਣ ਵਾਲਾ

घोड़चढ़ा–ਘੋੜਚੜ੍ਹਾ, ਵਿ., ਘੋੜੇ ਦਾ ਅਸਵਾਰ

घोड़राई–ਘੋੜਰਾਈ, ਇ., ਮੋਟੇ ਦਾਣੇ ਦੀ ਰਾਈ

घोड़साल–ਘੋੜ ਸਾਲ, ਇ., ਤਬੇਲਾ

घोडा–ਘੋੜਾ, ਪੁ., ਤੁਰੰਗ, ਸ਼ਤਰੰਜ ਦਾ ਮੋਹਰਾ, ਬੰਦੂਕ ਦਾ ਪੁਰਜ਼ਾ, ਕੀਲਾ

घोड़ागाड़ी–ਘੋੜਾਗਾੜੀ, ਇ., ਘੋੜਿਆਂ ਨਾਲ ਖਿੱਚਣ ਦੀ ਗੱਡੀ

घोड़ानस–ਘੋੜਾਨਸ, ਇ., ਅੱਡੀ ਦੇ ਉਪਰਲੀ ਮੋਟੀ ਨਾੜ

घोड़ावच–ਘੋੜਾਬਚ, ਪੁ., ਖੁਰਾਸਾਨੀ ਬਚ

घोड़िया–ਘੋੜਿਯਾ, ਪੁ., ਕੰਧ ਵਿਚਲੀ ਕਿੱਲੀ

घोड़ी–ਘੋੜੀ, ਇ., ਮੰਜੇ ਦੀ ਲੰਮੀ ਪਟੜੀ, ਵਿਆਹ ਦਾ ਇਕ ਗੀਤ, ਘੋੜੇ ਦੀ ਮਦੀਣ

घोर–ਘੋਰ, ਵਿ., ਭਿਅੰਕਰ, ਡਰਾਉਣਾ, ਸਖਤ, ਗਾੜ੍ਹਾ, ਡੂੰਘਾ, ਇ., ਗਰਜ, ਆਵਾਜ਼

घोरना–ਘੋਰਨਾ, ਕ੍ਰਿ., ਗਰਜਣਾ, ਗੱਜਣਾ

घोरा–ਘੋਰਾ, ਪੁ., ਘੋੜਾ

घोल–ਘੋਲ, ਪੁ., ਮੱਠਾ, ਲੱਸੀ

घोलना–ਘੋਲਨਾ, ਕ੍ਰਿ., ਹੱਲ ਕਰਨਾ, ਰਲਾਉਣਾ, ਮਿਲਾਉਣਾ

घोष–ਘਸ਼, ਪੁ., ਗਊਸ਼ਾਲਾ, ਸ਼ਬਦ, ਕਿਨਾਰਾ, ਗਰਜ, ਕੰਢਾ, ਅਹੀਰਾਂ ਦੀ ਬਸਤੀ

घोषणा–ਘੋਸ਼ਣਾ, ਇ., ਅਵਾਜ਼, ਮੁਨਾਦੀ, ਐਲਾਨ, ਡੌਂਡੀ, ਧੁਨੀ, ਸੂਚਨਾ

घोषणा–ਘੋਸ਼ਣਾ, ਕ੍ਰਿ., ਉਚਾਰਣ ਕਰਨਾ, ਆਖਣਾ, ਕਹਿਣਾ

घोसी–ਘੋਸੀ, ਪੁ., ਅਹੀਰ, ਗੁਆਲਾ, ਗੁੱਜਰ

घौद–ਘੋਦ, ਪੁ., ਫਲਾਂ ਦਾ ਗੁੱਛਾ

घ्राण–ਘ੍ਰਾਣ, ਇ., ਸੁੰਘਣ ਦੀ ਸ਼ਕਤੀ, ਸੁਗੰਧੀ, ਖੁਸ਼ਬੋ, ਵਾਸ਼ਨਾ, ਨੱਕ

ङ–ਙ

ङ–ਙ, ਵਿਅੰਜਨਾਂ ਵਿਚੋ ਪੰਜਵਾਂ ਅੱਖਰ ਇਹ ਕੰਠ ਅਤੇ ਨੱਕ ਤੋਂ ਬੋਲਿਆ ਜਾਂਦਾ ਹੈ, ਪੁ., ਸੁੰਘਣ ਦੀ ਤਾਕਤ, ਖੁਸ਼ਬੋ, ਵਡੱਪਣ

* * *

च–ਚ

च–ਚ, ਹਿੰਦੀ ਵਰਣ ਮਾਲਾ ਦਾ ੨੨ਵਾਂ ਅੱਖਰ ਅਰ ਛੇਵਾਂ ਵਿਅੰਜਨ ਹੈ ਇਸ ਦਾ ਉਚਾਰਣ ਸਥਾਨ ਤਾਲੂਆ ਹੈ

चंक्र–ਚੰਕ, ਵਿ., ਪੂਰਣ, ਪੂਰਾ, ਸਾਰਾ, ਸਮੁਚਾ, ਪੁ., ਇਕ ਉਤਸਵ

चंक्रुर–ਚੰਕੁਰ, ਪੁ., ਰਥ, ਅਸਵਾਰੀ, ਰੁੱਖ

चंक्रमण–ਚੰਕ੍ਰਮਣ, ਪੁ., ਬਹੁਤ ਘੁੰਮਣ ਦੀ ਕਿਰਿਆ, ਟਹਿਲਣ ਦਾ ਕੰਮ

चंग–ਚੰਗ, ਇ., ਡਫ ਜੇਹਾ ਇਕ ਵਾਜਾ, ਸਿਤਾਰ ਦਾ ਚੜ੍ਹਿਆ ਸੁਰ, ਇਕ ਰੰਗ, ਇਕ ਤਰ੍ਹਾਂ ਦੇ ਜੌਂ, ਸ਼ਰਾਬ, ਪਤੰਗ, ਕੰਨਖਜੂਰਾ

चंगना–ਚੰਗਨਾ, ਕ੍ਰਿ., ਤੰਗ ਕਰਨਾ, ਖਿੱਚਣਾ, ਕਸਣਾ

चगा–ਚੰਗਾ, ਵਿ., ਰਾਜੀ ਬਾਜੀ, ਤੰਦਰੁਸਤ, ਅਰੋਗ, ਨਿਰਮਲ, ਸ਼ੁੱਧ, ਵਧੀਆ

चंगु–ਚੰਗੁ, ਪੁ., ਪੰਜਾ ਉਂਗਲੀਆਂ ਦੀ ਪਕੜ, ਪੰਜਾ ਪਾਉਣ ਦੀ ਕਸਰਤ

चंगेर–ਚੰਗੇਰ, ਇ.,ਬਾਂਸ ਦੀ ਟੋਕਰੀ, ਫੁੱਲਾਂ ਦੇ ਰੱਖਣ ਦੀ ਡਬੀ, ਛੋਟੇ ਬੱਚੇ ਦਾ ਝੂਲਾ, ਮਸ਼ਕ

चंगेरी–ਚੰਗੇਰੀ, ਇ., ਦੇਖੋ ਚੰਗੇਰ (चंगेर)

चंगेल–ਚੰਗੇਲ, ਇ.. ਇਕ ਘਾਹ

चंगेली–ਚੰਗੇਲੀ, ਇ., ਦੇਖੋ ਚੰਗੇਰ (चंगेर)

चंच–ਚੰਚ, ਪੁ., ਇਕ ਨਾਪ

चंचनाना–ਚੰਚਨਾਨਾ, ਕ੍ਰਿ., ਦੇਖੋ ਚੁਨਚੁਨਾਨਾ (चुनचुनाना)

चंचरी–ਚੰਚਰੀ, ਇ., ਪਾਣੀ ਦਾ ਭੰਵਰ, ਹੋਲੀ ਦਾ ਇਕ ਗੀਤ, ਇਕ ਚਿੜੀ

चंचरीक–ਚੰਚਰੀਕ, ਪੁ., ਭੌਰਾ

चंचा–ਚੰਚਾ, ਇ., ਪੰਛੀਆਂ ਨੂੰ ਡਰਾਉਣ ਲਈ ਖੇਤ ਵਿਚ ਸੋਟੀ ਤੇ ਮੂਧਾ ਮਾਰਿਆ ਤਪਲਾ, ਡਰਨਾ

चंचोरना–ਚੰਚੋਰਨਾ, ਕ੍ਰਿ., ਦੰਦਾਂ ਵਿਚ ਦਬਾ ਕੇ ਚੂਸਣਾ, ਚਥੋਲਣਾ

चंट–ਚੰਟ, ਵਿ., ਧੂਰਤ, ਸਿਆਣਾ, ਚਤਰ

चंड़ाई–ਚੰੜਾਈ, ਇ., ਉਤਾਵਲੀ, ਛੇਤੀ, ਕਾਹਲੀ, ਸ਼ੀਘਰਤਾ, ਅਤਿਆਚਾਰ, ਜ਼ੋਰਾਵਰੀ

चंडाल–ਚੰਡਾਲ, ਪੁ., ਡੂਮ, ਕੁੱਤਾ ਤਕ ਖਾ ਜਾਣ ਵਾਲਾ ਬੰਦਾ, ਭੈੜਾ ਆਦਮੀ, ਨਿਰਦਈ ਮਨੁੱਖ

चंडालता–ਚੰਡਾਲਤਾ, ਇ., ਨੀਚਤਾ, ਕਮੀਣਗੀ

चंडालिन,चंडाली–ਚੰਡਾਲਿਨ, ਚੰਡਾਲੀ, ਇ., ਚੰਡਾਲ ਤੀਵੀਂ, ਖੋਟੀ ਤੀਵੀਂ

चंडावल–ਚੰਡਾਵਲ, ਪੁ., ਫੌਜ ਦਾ ਪਿਛਲਾ ਹਿੱਸਾ, ਸੂਰਮਾ, ਜੋਧਾ, ਪਹਿਰੂ, ਚੌਕੀਦਾਰ

चंडाह–ਚੰਡਾਹ, ਪੁ., ਇਕ ਤਰ੍ਹਾਂ ਦਾ ਮੋਟਾ ਕਪੜਾ

चंडिआ–ਚੰਡਿਆ, ਪੁ., ਦੇਸੀ ਲੋਹਾ

चंडू–ਚੰਡੂ, ਪੁ., ਇਕ ਨਸ਼ੀਲੀ ਚੀਜ਼

चंडूखाना–ਚੰਡੂਖਾਨਾ, ਪੁ., ਚੰਡੂ ਪੀਣ ਦਾ ਥਾਂ

चंडूबाज–ਚੰਡੂਬਾਜ, ਵਿ., ਚੰਡੂ ਪੀਣ ਵਾਲਾ

चंडूल–ਚੰਡੂਲ, ਇ., ਇਕ ਤਰ੍ਹਾਂ ਦੀ ਚਿੜੀ

चंडेश्वर–ਚੰਡੇਸ਼੍ਵਰ, ਪੁ., ਸ਼ਿਵ, ਮਹਾਦੇਵ

चंद–ਚੰਦ, ਪੁ., ਹਿੰਦੀ ਦੇ ਪੁਰਾਤਨ ਕਵੀ, ਵਿ., ਥੋੜੇ ਜੇਹੇ, ਕਈ ਇਕ

चंदक–ਚੰਦਕ, ਪੁ., ਚੰਦ, ਚਾਨਣੀ, ਮੱਛੀ, ਸਿਰ ਅਤੇ ਮੱਥੇ ਦਾ ਇਕ ਗਹਿਣਾ

चंदनी–ਚੰਦਨੀ, ਇ., ਦੇਖੋ ਚਾਂਦਨੀ (चांदनी)

चंदनीया–ਚੰਦਨੀਯਾ, ਇ., ਗੋਰੋਚਨ

चंदनौता–ਚੰਦਨੌਤਾ, ਪੁ., ਲਹੰਗਾ, ਘੱਘਰਾ

चंदा–ਚੰਦਾ, ਪੁ., ਚੰਦਰਮਾ, ਚੰਨ, ਚੰਦ, ਉਗਰਾਹੀ, ਅਖਬਾਰ ਦਾ ਮੁੱਲ ਜੋ ਮਹੀਨੇ ਜਾਂ ਵਰ੍ਹੇ ਮਗਰੋਂ ਦਿੱਤਾ ਜਾਂਦਾ ਹੈ

चंदावत–ਚੰਦਾਵਤ, ਪੁ., ਛੱਤ੍ਰੀਆਂ ਦਾ ਇਕ ਮੂਹੀਂ

चंदावती–ਚੰਦਾਵਤੀ, ਇ., ਇਕ ਰਾਗਣੀ

चंदिका–ਚੰਦਿਕਾ, ਇ., ਦੇਖੋ ਚੰਦ੍ਰਿਕਾ (चन्द्रिकां)

चंदिनि–ਚੰਦਿਨਿ, ਇ., ਚੰਦਕਿਰਣ, ਚਾਂਦਨੀ, ਉਜਿਆਲੀ ਰਾਤ

चंदिया–ਚੰਦਿਯਾ, ਇ., ਖੋਪਰੀ

चंदिर–ਚੰਦਿਰ, ਪੁ., ਚੰਦਰਮਾ, ਹਾਥੀ

चंदेरी–ਚੰਦੇਰੀ, ਇ., ਗਵਾਲੀਅਰ ਦੇ ਨਰਵਾਰ ਜਿਲੇ ਦਾ ਇਕ ਪ੍ਰਾਚੀਨ ਨਗਰ

चंदेरीपति–ਚੰਦੇਰੀਪਤਿ, ਪੁ., ਚੰਦੇਰੀ ਦਾ ਰਾਜਾ ਸ਼ਿਸ਼ੂਪਾਲ

चंदेल–ਚੰਦੇਲ, ਪੁ., ਛੱਤ੍ਰੀਆਂ ਦੀ ਇਕ ਮੂਹੀਂ

चंद्रौल–ਚੰਦ੍ਰੌਲ, ਪੁ., ਰਾਜਪੂਤਾਂ ਦੀ ਇਕ ਮੂਹੀਂ

चंप–ਚੰਪ, ਪੁ., ਚੰਪਾ, ਕਚਨਾਰ ਦਾ ਬੂਟਾ

चंपई–ਚੰਪਈ. ਵਿ.. ਚੰਬੇ ਦੇ ਰੰਗ ਜੇਹਾ

चंपत–ਚੰਪਤ. ਵਿ., ਬੇਪਤਾ, ਗਾਇਬ, ਗੁੰਮ, ਫਰਾਰ, ਅਗਿਆਤ

चंपना–ਚੰਪਨਾ, ਕ੍ਰਿ., ਭਾਰ ਨਾਲ ਦਬਣਾ, ਸ਼ਰਮਿੰਦਾ ਹੋਣਾ

चंपा–ਚੰਪਾ, ਪੁ., ਇਕ ਤਰ੍ਹਾਂ ਦਾ ਮਿਠਾ ਕੇਲਾ, ਇਕ ਖੁਸ਼ਬੂਦਾਰ ਫੁੱਲਾਂ ਦਾ ਬੂਟਾ

चंपाकली–ਚੰਪਾਕਲੀ, ਇ., ਤੀਵੀਆਂ ਦਾ ਇਕ ਗਹਿਣਾ

चंबल–ਚੰਬਲ. ਇ., ਇਕ ਨਦੀ, ਨਹਿਰ ਦੇ ਕੰਢੇ ਲਗੀ ਲੱਕੜ, ਪਾਣੀ ਦਾ ਹੜ੍ਹ, ਪੁ., ਖੱਪਰ, ਚਿਲਮ ਦਾ ਢੱਕਣ, ਇਕ ਰੋਗ

चंबली–ਚੰਬਲੀ, ਇ., ਪਿਆਲੀ

चंबी–ਚੰਬੀ, ਇ., ਪੱਟੀ, ਕਤਰਨ, ਟਾਕੀ

चंबू–ਚੰਬ, ਪੁ., ਟੂਟੀਦਾਰ ਲੋਟਾ, ਝਾਰੀ, ਇਕ ਤਰ੍ਹਾਂ ਦਾ ਧਾਨ

चंवर–ਚੰਵਰ, ਪੁ., ਸੁਰਾ ਗਊ ਦੀ ਪੂੰਛ ਦੇ ਵਾਲਾਂ ਦਾ ਗੁੱਛਾ, ਚੌਰ, ਝਾਲਰ, ਘੋੜੇ ਹਾਥੀ ਦੇ ਸਿਰ ਤੇ ਲਾਉਣ ਵਾਲੀ ਕਲਗ਼ੀ

चंवरी–ਚੰਵਰੀ, ਇ., ਚੌਰੀ, ਚੌਰ

चंसुर–ਚੰਸੁਰ, ਪੁ., ਗਲੇ ਦਾ ਬੂਟਾ

चइत–ਚਇਤ, ਪੁ., ਚੇਤ ਦਾ ਮਹੀਨਾ

चइन–ਚਇਨ, ਇ.. ਦੇਖੋ ਚੈਨ (चैन)

चउर–ਚਉਰ, ਪੁ., ਚੌਰ, ਮੋਰਛੜ

चउहट–ਚਉਹਟ, ਪੁ., ਚੁਰਾਹਾ, ਚੌਕ

चउतरा–ਚਉਤਰਾ, ਪੁ., ਚਬੂਤਰਾ, ਥੜ੍ਹਾ, ਚੌਂਤਰਾ

चक–ਚਕ, ਪੁ., ਚਕਈ ਨਾਂ ਦਾ ਲੱਕੜੀ ਦਾ ਖਿਡਾਉਣਾ, ਚਕਵਾ ਪੰਛੀ, ਚੱਕਰ, ਜ਼ਮੀਨ ਦਾ ਵੱਡਾ ਟੁਕੜਾ, ਛੋਟਾ ਪਿੰਡ, ਤਾਰ, ਅਧਿਕਾਰ, ਕਿਸੇ ਚੀਜ਼ ਦੀ ਬਹੁਲਤਾ, ਸੱਗੀ,ਵਿ., ਜ਼ਿਆਦਾ, ਘਬਰਾਇਆ ਹੋਇਆ

चकई–ਚਕਈ, ਇ., ਇਕ ਖਿਡਾਉਣਾ, ਚਕਵੇ ਦੀ ਮਾਦਾ ਚਕਵੀ

चकचकाना–ਚਕਚਕਾਨਾ, ਕ੍ਰਿ., ਰਸ ਰਸ ਕੇ ਬਾਹਰ ਨਿਕਲਣਾ, ਭਿੱਜਣਾ

चकचाना–ਚਕਚਾਨਾ, ਕ੍ਰਿ., ਚਉਂਧੀ ਲੱਗਣੀ, ਚੁੰਧਿਆਉਣਾ

चकचाल–ਚਕਚਾਲ, ਪੁ., ਚੱਕਰ, ਫਿਰਨ ਤੁਰਨ

चकचून–ਚਕਚੂਨ, ਵਿ., ਪੀਸਿਆ ਹੋਇਆ, ਚੂਰਾ, ਚੂਰਣ

चकचूरना–ਚਕਚੂਰਨਾ, ਕ੍ਰਿ., ਚੂਰ ਚੂਰ ਕਰਨਾ, ਮੈਦੇ ਵਾਙ ਪੀਹਣਾ

चकचौहना–ਚਕਚੌਹਨਾ, ਕ੍ਰਿ., ਚਾਹ ਨਾਲ ਵੇਖਣਾ, ਪਿਆਰ ਨਾਲ ਤੱਕਣਾ

चकडोर–ਚਕਡੋਰ, ਇ., ਜੁਲਾਹੇ ਦੀ ਉਹ ਰੱਸੀ ਜੋ ਕਰਘੇ ਦੀ ਨਚਨੀ ਨਾਲ ਬੰਨ੍ਹੀ ਹੁੰਦੀ ਹੈ, ਚਕਈ ਦਾ ਡੋਰਾ

चकत–ਚਕਤ, ਪੁ., ਦੰਦਾਂ ਦੀ ਪੀੜ

चकती–ਚਕਤੀ, ਇ., ਚਮੜੇ ਜਾਂ ਧਾਤ ਦਾ ਗੋਲ ਟੁਕੜਾ, ਟਾਕੀ

चकत्ता–ਚਕੱਤਾ, ਪੁ., ਦੰਦ ਦਾ ਨਿਸ਼ਾਨ, ਦੰਦੀ, ਚੱਕ

चकदार–ਚਕਦਾਰ, ਪੁ.. ਦੂਜੇ ਦੀ ਜਮੀਨ ਤੇ ਖੂਹ ਲਾਉਣ ਦਾ ਲਗਾਨ ਦੇਣ ਵਾਲਾ

चकना–ਚਕਨਾ, ਕ੍ਰਿ., ਹੈਰਾਨ ਹੋਣਾ, ਭਚੱਕਾ ਪੈਣਾ, ਚੌਂਕਣਾ, ਚਕਾਚੌਂਧ ਹੋਣਾ

चकनाचूर–ਚਕਨਾਚੂਰ. ਵਿ., ਜੋ ਟੁਕੜੇ ਟੁਕੜੇ ਹੋ ਗਿਆ ਹੋਵੇ, ਬਹੁਤ ਥੱਕਿਆ ਹੋਇਆ

चकपक–ਚਕਪਕ, ਵਿ., ਹੈਰਾਨ, ਹੈਰਾਨੀ ਵਾਲਾ

चकपकाना–ਚਕਪਕਾਨਾ, ਕ੍ਰਿ., ਹੈਰਾਨੀ ਨਾਲ ਦੇਖਣਾ, ਭਚੱਕਾ ਲਗਣਾ

चकफेरी–ਚਕਫੇਰੀ, ਇ., ਪਰਕਰਮਾ, ਫੇਰੀ

चक़मक़–ਚਕ਼ਮਕ਼, ਪੁ., ਇਕ ਤਰ੍ਹਾਂ ਦਾ ਪੱਥਰ ਜਿਸ ਵਿਚੋਂ ਅੱਗ ਨਿਕਲਦੀ ਹੈ

चकमा–ਚਕਮਾ, ਪੁ., ਛਲ, ਧੋਖਾ, ਭੁਲਾਵਾ, ਹਾਣ

चकर–ਚਕਰ, ਪੁ., ਚਕਵਾ, ਚੱਕਰ

चकरवा–ਚਕਰਵਾ, ਪੁ., ਔਖੀ ਘੜੀ, ਹੈਰਾਨੀ, ਬਖੇੜਾ, ਝਗੜਾ

चकरा–ਚਕਰਾ, ਪੁ., ਪਾਣੀ ਦਾ ਭੰਵਰ, ਵਿ., ਫੈਲਿਆ ਹੋਇਆ

चकराना–ਚਕਰਾਨਾ, ਕ੍ਰਿ., ਹੈਰਾਨ ਹੋਣਾ, ਘੁੰਮਣਾ, ਚੱਕਰ ਆਉਣੇ, ਘਬਰਾਉਣਾ

चकरानी–ਚਕਰਾਨੀ, ਇ., ਦਾਸੀ, ਨੌਕਰਾਣੀ

चकरिया–ਚਕਰਿਯਾ, ਪੁ., ਦਾਸ, ਸੇਵਕ, ਨੌਕਰ, ਗੁਲਾਮ

चकरी–ਚਕਰੀ, ਇ., ਚੱਕੀ, ਬੱਚਿਆਂ ਦਾ ਇਕ ਖਿਡਾਉਣਾ, ਵਿ., ਚੰਚਲ, ਟਿਕ ਕੇ ਨਾ ਬੈਠਣ ਵਾਲਾ, ਇੱਲਤੀ, ਚੌੜ ਕਰਨ ਵਾਲਾ

चकलई–ਚਕਲਈ, ਇ., ਚੁੜਾਈ

चकला–ਚਕਲਾ, ਪੁ., ਚੌਂਕਾ, ਇਲਾਕਾ, ਪੱਥਰ ਦਾ ਰੋਟੀ ਵੇਲਣ ਦਾ ਗੋਲ ਟੁਕੜਾ, ਚਕਲਾ, ਰੰਡੀਆਂ ਦੇ ਰਹਿਣ ਦਾ ਮੁਹੱਲਾ

चकलाना–ਚਕਲਾਨਾ, ਕ੍ਰਿ. ਵਿ., ਚੌੜਾ, ਚੌੜਾ ਕਰਨਾ

चकली–ਚਕਲੀ, ਇ., ਗਰਾਰੀ, ਛੋਟਾ ਚਕਲਾ

चकलेदार–ਚਕਲੇਦਾਰ, ਪੁ., ਕਿਸੇ ਸੂਬੇ ਦਾ ਹਾਕਮ, ਕਰਜ਼ ਵਸੂਲਣੇ ਵਾਲਾ

चकवंड–ਚਕਵੰਡ, ਪੁ., ਇਕ ਬਰਸਾਤੀ ਬੂਟਾ, ਘੁਮਿਆਰਾਂ ਦਾ ਪਾਣੀ ਰੱਖਣ ਦਾ ਭਾਂਡਾ

चकवा–ਚਕਵਾ, ਪੁ., ਚਕਵਾ, ਹੰਸ ਦੀ ਨਸਲ ਦਾ ਪੰਛੀ

चकवाना–ਚਕਵਾਨਾ, ਕ੍ਰਿ., ਹੈਰਾਨ ਹੋਣਾ

चकवारि–ਚਕਵਾਰਿ, ਪੁ., ਕੱਛੂ, ਕਛੂਆ

चकवी–ਚਕਵੀ, ਇ , ਚਕਵੀ ਨਾਉਂ ਦੀ ਚਕਵੇ ਦੀ ਮਾਦਾ

चकसेनी–ਚਕਸੇਨੀ, ਪੁ., ਕਾਕ ਜੰਘਾ ਬੂਟੀ

चकहा–ਚਕਹਾ, ਪੁ., ਪਹੀਆ

चका–ਚਕਾ, ਪੁ., ਚੱਕਰ, ਪਹੀਆ, ਚਕਵਾ

चकाचक–ਚਕਾਚਕ, ਇ., ਲਗਾਤਾਰ ਸੱਟਾਂ ਲੱਗਣ ਦੀ ਆਵਾਜ਼ ਵਿ., ਤਰਬਤਰ, ਲਥਪਥ, ਢਿਡ ਪਰਨੇ, ਕ੍ਰਿ., ਵਿ., ਭਰਪੂਰ, ਢਿੱਡ ਭਰ ਕੇ

चकचौंध–ਚਕਾਚੌਂਧ, ਇ., ਬਹੁਤ ਚਾਨਣ ਨਾਲ ਅੱਖਾਂ ਚੁੰਧਿਆਉਣ ਦਾ ਭਾਵ, ਤਿਲ ਮਿਲਾਹਟ

चकाना–ਚਕਾਨਾ, ਕ੍ਰਿ., ਚਕਰਾਉਣਾ, ਘਬਰਾਉਣਾ

चकाबू–ਚਕਾਬੂ, ਪੁ., ਚਕ੍ਰਵਜੂਹ, ਫੌਜ ਦਾ ਗੋਲ ਘੇਰਾ

चकार–ਚਕਾਰ, ਪੁ., 'ਚ' ਅੱਖਰ

चकावल–ਚਕਾਵਲ. ਇ., ਘੋੜੇ ਦੇ ਅਗਲੇ ਪੈਰ ਦੀ ਹੱਡੀ ਦਾ ਉਠਾਉ

चकासना–ਚਕਾਸਨਾ, ਕ੍ਰਿ., ਚਮਕਾਉਣਾ, ਲਿਸ਼ਕਾਉਣਾ

चकित–ਚਕਿਤ, ਵਿ., ਹੈਰਾਨ, ਭਚੱਕਾ, ਡਰਪੋਕ, ਕਾਇਰ, ਬੁਜ਼ਦਿਲ

चकुंदा–ਚਕੰਦਾ, ਪੁ., ਦੇਖੋ ਚਕਵੰਡ (चकवंड)

चकुला–ਚਕੁਲਾ, ਪੁ., ਜਾਨਵਰ ਦਾ ਨਿੱਕਾ ਬੱਚਾ

चकृत–ਚਕ੍ਰਿਤ, ਵਿ., ਦੇਖੋ ਚਕਿਤਾ (चकिता)

चकेठ–ਚਕੇਠ, ਪੁ,, ਘੁਮਿਆਰ ਦਾ ਚੱਕ ਭੁਆਉਣ ਦਾ ਡੰਡਾ

चकैया–ਚਕੈਯਾ, ਇ., ਚਕਵੀ

चकोटना–ਚਕੋਟਨਾ, ਕ੍ਰਿ., ਚੰਢੀ ਵੱਢਣਾ

चकोतरा–ਚਕੋਤਰਾ, ਪੁ., ਖੱਟਾ ਮਿੱਠਾ ਇਕ ਫਲ

चकोता–ਚਕੋਤਾ, ਪੁ., ਮਾਮਲਾ, ਹਾਲ਼ਾ, ਕਰ

चकोर–ਚਕੋਰ, ਪੁ., ਅੰਗਿਆਰ ਖਾਣ ਵਾਲਾ ਜਾਨਵਰ, ਇਕ ਛੰਦ

चकोरी–ਚਕੋਰੀ, ਇ., ਚਕੋਰ ਦੀ ਮਾਦਾ

चकोह–ਚਕੋਹ. ਪੁ., ਪਾਣੀ ਦੀ ਘੁੰਮਣਘੇਰੀ, ਭੰਵਰ

चकौंध–ਚਕੌਂਧ, ਇ., ਦੇਖੋ ਚਕਾਚੌਂਧ (चकाचौंध)

चकौटा–ਚਕੌਟਾ, ਪੁ.. ਕਰਜੇ ਦੇ ਬਦਲੇ ਵਿਚ ਦਿਤਾ ਹੋਇਆ ਡੰਗਰ

चक्क–ਚੱਕ, ਪੁ., ਚਕਵਾ, ਦਿਸ਼ਾ, ਪੀੜ. ਦਰਦ, ਘੁਮਿਆਰ ਦਾ ਭਾਂਡੇ ਪੱਥਣ ਦਾ ਚੱਕ

चक्कर–ਚੱਕਰ, ਪੁ., ਫੇਰਾ, ਪਹੀਏ ਦਾ ਘੁਮਾਵ, ਗੋਲ ਰਸਤਾ, ਘੇਰਾ, ਮੂਰਛਾ, ਭੰਵਰ

चक्कवई–ਚੱਕਵਈ, ਪੁ., ਚਕ੍ਰਵਰਤੀ ਰਾਜਾ

चक्कवा–ਚੱਕਵਾ, ਪੁ., ਦੇਖੋ ਚਕਵਾ (चकवा)

चक्कवै–ਚੱਕਵੈ, ਵਿ., ਚਕ੍ਰਵਰਤੀ

चक्कस–ਚੱਕਸ, ਪੁ., ਜਾਨਵਰਾਂ ਦੇ ਬੈਠਣ ਦਾ ਠੀਹਾ

चक्का–ਚੱਕਾ, ਪੁ , ਪਹੀਆ, ਵੱਡਾ ਕਤਰਾ, ਪਹੀਏ ਵਰਗੀ ਕੋਈ ਚੀਜ਼, ਇਟ ਜਾਂ ਪੱਥਰ ਦਾ ਵੱਡਾ ਚੌੜਾ ਟੁਕੜਾ

चक्की–ਚੱਕੀ, ਇ., ਆਟਾ ਪੀਹਣ ਦਾ ਸਾਧਨ, ਪੈਰ ਦੇ ਗੋਡੇ ਦੀ ਗੋਲ ਹੱਡੀ,

चक्कू–ਚੱਕੂ, ਪੁ., ਦੇਖੋ ਚਾਕੂ (चाकू)

चक्खी–ਚੱਖੀ, ਇ., ਚਾਟ, ਖਾਣ ਵਾਲੀ ਚਰਪਰੀ ਚੀਜ਼

चक्र–ਚਕ੍ਰ, ਪੁ.; ਘੁਮਿਆਰ ਦਾ ਚੱਕ, ਚੱਕੀ, ਪਹੀਆ, ਕੋਹਲੂ, ਪਾਣੀ ਦਾ ਭੰਵਰ, ਸਮੂਹ, ਦਲ, ਫੌਜ. ਦਾ ਗੋਲ ਘੇਰਾ, ਚਕਵਾ, ਰਾਜਾ, ਇਕ ਸਮੁੰਦਰ ਤੋਂ ਦੂਜੇ ਤਕ ਦਾ ਰਾਜ, ਜੋਗ ਦੇ ਅਨੁਸਾਰ ਸਰੀਰ ਦੇ ਅੰਦਰਲਾ ਇਕ ਪਦਮ, ਘੇਰਾ, ਗੇੜਾ, ਹੱਥ ਦੀ ਹਥੇਲੀ,ਪੈਰ ਦੀ ਪਾਤਲੀ ਦੇ ਚਿੰਨ੍ਹ

चक्रगोसा–ਚੱਕ੍ਰਗੋਸਾ, ਪੁ., ਸੈਨਾਪਤੀ, ਕਮਾਂਡਰ

चक्रदन्ती–ਚਕ੍ਰਦੰਤੀ, ਇ., ਜਮਾਲ ਗੋਟਾ

चक्रदंष्ट्र–ਚੱਕ੍ਰਦੰਸ਼ਟ੍ਰ, ਪੁ., ਸੂਰ

चक्रधर–ਚਕ੍ਰਧਰ, ਵਿ., ਚੱਕਰ ਧਾਰਣ ਕਰਨ ਵਾਲਾ, ਪੁ., ਵਿਸ਼ਨੂੰ, ਸ੍ਰੀ ਕ੍ਰਿਸ਼ਨ, ਬਾਜੀਗਰ, ਕਈ ਪਿੰਡਾਂ ਦਾ ਮਾਲਕ, ਸੱਪ, ਪਿੰਡ ਦਾ ਪਰੋਹਤ

चक्रधारी–ਚਕ੍ਰਧਾਰੀ, ਪੁ., ਦੇਖੋ ਚਕ੍ਰਧਰ (चक्रधर)

चक्रपाणि–ਚਕ੍ਰਪਾਣਿ, ਪੁ., ਵਿਸ਼ਨੂੰ

चक्रपाद–ਚਕ੍ਰਪਾਦ, ਪੁ., ਰਥ, ਗੱਡੀ, ਹਾਥੀ

चक्रपाल–ਚਕ੍ਰਪਾਲ, ਪੁ., ਗੁਲਾਈ, ਰਾਗ ਦਾ ਭੇਦ, ਵਿ., ਚਕਲੇਦਾਰ, ਜੋ ਚਕ੍ਰ ਧਾਰਨ ਕਰੇ

चक्रबंधु–ਚਕ੍ਰਬੰਧੁ, ਪੁ., ਸੂਰਜ

चक्रभेदिनी–ਚਕ੍ਰਭੇਦਿਨੀ, ਇ., ਰਾਤ

चक्रमंडल–ਚਕ੍ਰਮੰਡਲ, ਪੁ., ਇਕ ਤਰਾਂ ਦਾ ਨਾਚ

चक्रमंडली–ਚਕ੍ਰਮੰਡਲੀ, ਪੁ., ਅਜਗਰ ਸੱਪ, ਅਜ਼ਦਹਾ

चक्रमुख–ਚੱਕ੍ਰਮੁਖ, ਪੁ., ਸੂਰ

चक्रवर्ती–ਚਕ੍ਰਵਰਤੀ, ਵਿ., ਚੜ੍ਹਦੇ ਤੋਂ ਲਹਿੰਦੇ ਤਕ ਰਾਜ ਕਰਨ ਵਾਲਾ

चक्रवाक–ਚਕ੍ਰਵਾਕ, ਪੁ., ਚਕਵਾ ਪੰਛੀ

चक्रवाकबन्धु–ਚਕ੍ਰਵਾਕਬੰਧੁ, ਪੁ., ਸੂਰਜ

चक्रवात–ਚਕ੍ਰਵਾਤ, ਪੁ.. ਵਾ ਵਰੋਲਾ

चक्रवाल–ਚਕ੍ਰਵਾਲ, ਪੁ., ਘੇਰਾ

चक्रवृद्धि–ਚਕ੍ਰਵ੍ਰਿੱਧਿ, ਇ., ਬਿਆਜ ਦਰ ਬਿਆਜ

चक्रव्युह–ਚਕ੍ਰਵਜੂਹ, ਪੁ., ਜੁੱਧ ਵਿਚ ਫੌਜ ਦਾ ਖਾਸ ਤਰ੍ਹਾਂ ਦਾ ਘੇਰਾ

चक्रांक–ਚਕ੍ਰਾਂਕ, ਪੁ., ਬੈਰਾਗੀਆਂ ਦਾ ਚੱਕਰ, ਚਿੰਨ੍ਹ

चक्रांकित–ਚਕ੍ਰਾਂਕਿਤ. ਵਿ., ਜਿਸ ਨੇ ਚੱਕਰ ਦਾ ਛਾਪਾ ਲਗਵਾਇਆ ਹੋਵੇ

चक्रांग–ਚਕ੍ਰਾਂਗ, ਪੁ., ਰਥ, ਚਕਵਾ, ਹੰਸ

चक्रांगी–ਚਕ੍ਰਾਂਗੀ, ਇ., ਹੰਸਣੀ, ਕੜੂ, ਮਜੀਠ, ਕਾਕੜਾ ਸਿੰਗੀ, ਮੂਸੇ ਪਰਨੀ

चक्रांत–ਚੱਕ੍ਰਾਂਤ, ਪੁ., ਗੁਪਤ ਸਲਾਹ

चक्रा–ਚੱਕ੍ਰਾ. ਇ., ਕਾਕੜਾ ਸਿੰਗੀ, ਨਾਗਰ ਮੋਥਾ

चक्राकार–ਚਕ੍ਰਾਕਾਰ, ਵਿ., ਗੋਲ ਮੋਲ

चक्राट–ਚਕ੍ਰਾਟ, ਵਿ., ਧੋਖੇ ਬਾਜ, ਗਾਰੜੂ, ਬਾਜੀਗਰ, ਮਦਾਰੀ

चक्रायुध–ਚਕ੍ਰਾਯੁਧ, ਪੁ., ਵਿਸਨੂੰ

चक्रिका–ਚਕ੍ਰਿਕਾ, ਇ., ਗੋਡੇ ਦੀ ਚੱਪਣੀ

चक्री–ਚਕ੍ਰੀ, ਪੁ., ਚਕਰ ਧਾਰਨ ਵਾਲਾ ਵਿਸ਼ਨੂੰ, ਪਿੰਡ ਦਾ ਪਰੋਹਤ, ਚਕਵਾ, ਰਥ ਵਾਹੀ, ਕਾਂ, ਗਧਾ, ਸੱਪ, ਬੱਕਰਾ, ਦੂਤ, ਜਸੂਸ, ਬਾਘਨਖ ਨਾਉਂ ਦੀ ਦਵਾਈ, ਤੇਲੀ, ਚੱਕ੍ਰਵਰਤੀ, ਘੁਮਿਆਰ

चक्षण–ਚਕਸ਼ਣ, ਪੁ., ਮਿਹਰ ਦੀ ਨਜ਼ਰ, ਮਿਹਰ

चक्ष–ਚਕਸ਼, ਪੁ., ਅੱਖ ਨੇਤਰ

चक्षुश्रवा–ਚਕਸ਼ੁਸ਼੍ਰਵਾ, ਪੁ., ਸੱਪ, ਸਰਪ, ਨਾਗ

चक्षुष्पति–ਚਕਸ਼ੁਸ਼ਪਤਿ, ਪੂ., ਸੂਰਜ

चख–ਚਖ, ਪੁ., ਅੱਖ, ਝਗੜਾ, ਤਕਰਾਰ

चखना–ਚਖਨਾ, ਕ੍ਰਿ., ਸੁਆਦ ਵੇਖਣਾ,ਜ਼ਾਇਕਾ ਦੇਖਣਾ

चखाचखी–ਚਖਾਚਖੀ, ਪੁ., ਝਗੜਾ, ਤਕਰਾਰ, ਵਿਰੋਧ

चखाना–ਚਖਾਨਾ, ਕ੍ਰਿ., ਖੁਆਉਣਾ, ਸੁਆਦ ਵਿਖਾਉਣਾ

चखिया–ਚਖਿਯਾ, ਵਿ., ਝਗੜਾਲੂ

चखु–ਚਖੁ, ਪੁ., ਦੇਖੋ ਚਕਸ਼ੁ (चक्षु।

चखोड़ा–ਚਖੋੜਾ, ਪੁ., ਬਚੇ ਦੇ ਮੱਥੇ ਤੇ ਨਜਰ ਨਾ ਲਗਣ ਤੋਂ ਲਾਇਆ ਕਾਲਾ ਟਿੱਕਾ, ਨਜਰਬੱਟੂ

चखौती–ਚਖੌਤੀ, ਇ., ਚਰਪਰਾ ਸੁਆਦੀ ਖਾਣਾ

चगड़–ਚਗੜ, ਵਿ., ਧੂਰਤ, ਚਤਰ, ਚਾਲਾਕ

चङ्कुर–ਚੰਕੁਰ, ਪੁ., ਰਥ, ਰੁੱਖ, ਅਸਵਾਰੀ

चचा–ਚਚਾ, ਪੁ., ਚਾਚਾ. ਪਿਤੁ ਦਾ ਛੋਟਾ ਭਾਈ

चची–ਚਚੀ, ਇ.. ਚਾਚੀ. ਚਾਚੇ ਦੇ ਘਰਵਾਲੀ

चचींडा–ਚਚੀਂਡਾ, ਪੁ., ਇਕ ਸਬਜ਼ੀ, ਪੁਠਕੰਡਾ

चचेरा–ਚਚੇਰਾ, ਵਿ , ਚਾਚੇ ਦਾ ਪੁੱਤਰ

चचोड़ना–ਚਚੋੜਨਾ, ਕ੍ਰਿ., ਦੰਦਾਂ ਨਾਲ ਦਬਾ ਕ ਚੂਸਣਾ, ਚਬੋਲਣਾ

चञ्चरीक–ਚੰਚਰੀਕ, ਪੁ., ਭੌਰਾ, ਭੰਵਰ

चञ्चरीकावलि–ਚੰਚਰੀਕਾਵਲਿ, ਇ., ਭੌਰਿਆਂ ਦੀ ਡਾਰ

चञ्चल–ਚੰਚਲ, ਵਿ., ਸ਼ਰਾਰਤੀ, ਸਿਆਣਾ, ਅਧੀਰ, ਚੁਲਬੁਲਾ ਘਬਰਾਇਆ, ਰਸੀਆ, ਕਾਮੀ

चञ्चलता–ਚੰਚਲਤਾ; ਇ.; ਹੁਸ਼ਿਆਰੀ, ਚੁਲਬੁਲਾਪਣ, ਚੁਹਲ-ਬਾਜ਼ੀ

चञ्चला–ਚੰਚਲਾ, ਇ., ਲੱਖਮੀ, ਬਿਜਲੀ

चञ्चु–ਚੰਚੁ; ਪੁ ; ਅਰਿੰਡ, ਮਿਰਗ, ਹਿਰਣ, ਪੰਛੀ ਦੀ ਚੁੰਝ

चञ्चुमान्–ਚੰਚੁਮਾਨ, ਪੁ., ਚਿੜੀ, ਪੰਛੀ

चञ्चुर–ਚੰਚੁਰ, ਵਿ., ਚਤੁਰ, ਨਿਪੁੰਨ, ਸਿਆਣਾ

चट–ਚਟ, ਕ੍ਰਿ. ਵਿ., ਝਟ, ਜਲਦੀ, ਝਟਪਟ, ਤੁਰਤ, ਪੁ.,ਧੱਬਾ, ਕਲੰਕ

चटक–ਚਟਕ, ਪੁ., ਚਿੜਾ, ਚਮਕ, ਚਟਕੀਲਾਪਣ, ਭੜਕ, ਵਿ., ਚਮਕੀਲਾ, ਗਹਿਰੇ ਰੰਗ ਦਾ, ਚਟਪਟਾ, ਚਰਪਰਾ, ਇ., ਫੁਰਤੀ, ਛੁਹਲਾਪਣ, ਕ੍ਰਿ. ਵਿ., ਝਟਪਟ, ਛੇਤੀ ਨਾਲ, ਤੁਰਤ

चटकई–ਚਟਕਈ, ਇ., ਤੇਜ਼ੀ, ਕਾਹਲੀ, ਫੁਰਤੀ, ਛੁਹਲਾਪਣ

चटकदार–ਚਟਕਦਾਰ, ਵਿ.,ਚਮਕੀਲਾ, ਭੜਕੀਲਾ, ਭੜਕ ਵਾਲਾ

चटकन–ਚਟਕਨ, ਪੁ., ਟੁੱਟਣ ਫੁੱਟਣ ਦਾ ਸ਼ਬਦ

चटकना–ਚਟਕਨਾ, ਕ੍ਰਿ., ਚਿੜਚਿੜਾਉਣਾ, ਫਟਣਾ, ਚਟੱਕ ਕਰ ਕੇ ਟੁੱਟਣਾ, ਉਡਣਾ, ਝੁੰਝਲਾਉਣਾ, ਕਲੀਆਂ ਦਾ ਖਿੜਨਾ, ਖਟਕਣਾ, ਅਣਬਣ ਹੋਣੀ, ਪੁ., ਤਮਾਚਾ, ਥੱਪੜ, ਚਪੇੜ

चटकनी–ਚਟਕਨੀ, ਇ., ਚਿਟਕਣੀ, ਬੂਹਾ ਬੰਦ ਕਰਨ ਵਾਲੀ ਸੰਗਲੀ

चटकमटक–ਚਟਕਮਟਕ, ਇ., ਚਮਕ ਦਮਕ, ਰੁਹਬ ਦਾਹਬ, ਹਾਰ ਸ਼ਿੰਗਾਰ, ਨਖਰਾਬਾਜ਼ੀ

चटकवाही–ਚਟਕਵਾਹੀ, ਇ., ਕਾਹਲਾ ਪਣ, ਫੁਰਤੀ, ਜਲਦਬਾਜ਼ੀ

चटका–ਚਟਕਾ, ਪੁ., ਕਾਹਲੀ, ਜਲਦੀ, ਧੱਬਾ, ਚਰਪਰਾ ਸੁਆਦ, ਫੁਰਤੀ

चटकाना–ਚਟਕਾਨਾ, ਕ੍ਰਿ., ਤੋੜਨਾ, ਗੁੱਸੇ ਕਰਨਾ, ਉਂਗਲੀਆਂ ਭੰਨਣਾ, ਦੂਰ ਕਰਨਾ, ਚਿੜਾਉਣਾ, ਫੜਨਾ

चटकारा–ਚਟਕਾਰਾ, ਵਿ., ਚੰਚਲ, ਚਮਕੀਲਾ, ਚਰਪਰਾ, ਪੁ., ਸੁਆਦੀ ਚੀਜ਼ ਦੇ ਖਾਣ ਸਮੇਂ ਜੀਭ ਦੇ ਤਾਲੂਏ ਨਾਲ ਲਗਾਣ ਨਾਲ ਉਤਪੰਨ ਸ਼ਬਦ

चटकारी–ਚਟਕਾਰੀ, ਇ., ਚੁਟਕੀ

चटकाली–ਚਟਕਾਲੀ, ਇ., ਪੰਛੀਆਂ ਦੀ ਡਾਰ, ਕੂੰਜਾਂ ਦੀ ਡਾਰ

चटकी–ਚਟਕੀ, ਇ., ਬੁਲ ਬੁਲ ਜੇਹੀ ਚਿੜੀ, ਚੌੜੇ ਮੂੰਹ ਦੀ ਗਾਗਰ

चटकीला–ਚਟਕੀਲਾ, ਵਿ., ਭੜਕੀਲਾ, ਗਹਿਰੇ ਰੰਗ ਦਾ, ਚਮਕਦਾਰ, ਚਰਪਰਾ, ਚਟਪਟਾ

चटकौरा–ਚਟਕੌਰਾ, ਪੁ., ਖਟਖਟ ਕਰਨ ਵਾਲਾ ਖਿਡਾਉਣਾ

चटखना–ਚਟਖਨਾ, ਕ੍ਰਿ., ਦੇਖੋ ਚਟਕਨਾ (चटकना)

चटखनी–ਚਟਖਨੀ, ਇ., ਦੇਖੋ ਚਟਕਨੀ (चटकनी)

चटचट–ਚਟਚਟ, ਪੁ., ਤਿੜਕਣ ਜਾਂ ਟੁੱਟਣ ਦੀ ਆਵਾਜ਼, ਉਂਗਲੀਆਂ ਭੰਨਣ ਦਾ ਖੜਕਾਰ

चटचटाना–ਚਟ ਚਟਾਨਾ, ਕ੍ਰਿ, ਚਟ ਚਟ ਕਰ ਕੇ ਟੁੱਟਣਾ, ਲੱਕੜੀ ਕੋਇਲੇ ਦਾ ਜਲਣਾ

चटचेक–ਚਟਚੇਕ, ਪੁ., ਜਾਦੂ, ਇੰਦਰ ਜਾਲ

चटनी–ਚਟਨੀ, ਇ.. ਚੱਟਣ ਵਾਲੀ ਚੀਜ਼, ਰੋਟੀ ਦਾ ਸੁਆਦ ਵਧਾਉਣ ਵਾਲੀ ਚੀਜ਼

चटपट–ਚਟਪਟ, ਕ੍ਰਿ. ਵਿ.. ਝਟ ਪਟ, ਛੇਤੀ ਨਾਲ, ਜਲਦੀ ਦੇ ਕੇ, ਕਾਹਲੀ ਨਾਲ

चटपटी–ਚਟਪਟੀ, ਇ., ਉਤਾਵਲੀ, ਬੇਚੈਨੀ, ਘਬਰਾਹਟ, ਕਮੀਣਗੀ

चटशाला–ਚਟਸ਼ਾਲਾ, ਇ., ਪਾਠਸ਼ਾਲਾ, ਸਕੂਲ

चटसार–ਚਟਸਾਰ, ਇ., ਦੇਖੋ ਚਟਸ਼ਾਲਾ (चटशाला)

चटाई–ਚਟਾਈ, ਇ., ਸਫ਼, ਘਾਸ ਫੂਸ ਦਾ ਆਸਣ

चटाका,चटापट–ਚਟਾਕਾ, ਚਟਾਚਟ, ਪੁ., ਲਕੜੀ ਜਾਂ ਕਿਸੇ ਹੋਰ ਚੀਜ਼ ਦੇ ਟੁੱਟਣ ਦਾ ਖੜਾਕਾ, ਦਾਗ਼, ਧੱਬਾ

चटाना–ਚਟਾਨਾ, ਕ੍ਰਿ,, ਚਟਾਉਣਾ, ਥੋੜਾ ਥੋੜਾ ਕਰ ਕੇ ਮੂੰਹ ਵਿਚ ਪਾਉਣਾ, ਵੱਢੀ ਦੇਣੀ

चटापटी–ਚਟਾਪਟੀ; ਇ., ਜਲਦੀ, ਫੁਰਤੀ

चटिक–ਚਟਿਕ, ਕ੍ਰਿ. ਵਿ., ਝਟ ਪਟ, ਉਸੇ ਵੇਲੇ

चटियल–ਚਟਿਯਲ, ਪੁ.,ਸੁਨਸਾਨ ਥਾਂ ਖਿਲਰਿਆ ਹੋਇਆ ਰੁੱਖ

चटी–ਚਟੀ, ਇ , ਪਾਠਸ਼ਾਲਾ, ਬੱਚਿਆਂ ਦਾ ਸਕੂਲ

चटु–ਚਟੂ, ਪੁ., ਖੁਸ਼ਾਮਦ, ਢਿਡ, ਮਿੱਠਾ ਬੋਲ

चटुक–ਚਟੁਕ, ਵਿ., ਚਪਲ, ਸ਼ਰਾਰਤੀ, ਚੰਚਲ, ਸੋਹਣਾ;ਸੁੰਦਰ, ਪਿਆਰਾ ਲਗਣ ਵਾਲਾ

चटूल–ਚਟੂਲ, ਵਿ.; ਮਨੋਹਰ, ਚਪਲ, ਚਾਲਾਕ

चटुला–ਚਟੁਲਾ, ਇ., ਬਿਜਲੀ

चटोरा–ਚਟੋਰਾ, ਵਿ., ਲਾਲਚੀ, ਪੇਟੂ, ਲੋਭੀ

चट्ट–ਚੱਟ, ਵਿ., ਪੂੰਝਿਆ ਹੋਇਆ, ਚੱਟਿਆ ਹੋਇਆ, ਸਮਾਪਤ, ਲੁਕਿਆ ਹੋਇਆ, ਗਾਇਬ

चट्टा–ਚੱਟਾ, ਪ., ਸਿੱਖ, ਚੇਲਾ, ਬਾਂਸ ਦੀ ਚਟਾਈ, ਖੁਲ੍ਹਾ ਮੈਦਾਨ ਜਿਥੇ ਰੁੱਖ ਨਾ ਹੋਵੇ

चट्टान–ਚੱਟਾਨ, ਪੁ.; ਸਿਲ, ਪੱਥਰ ਦਾ ਲੰਮਾ ਚੌੜਾ ਟੁਕੜਾ

चट्टाबट्टा–ਚੱਟਾਬੱਟਾ, ਪੁ., ਖਿਡਾਉਣੇ, ਬਾਜੀਗਰ ਦੇ ਥੈਲੇ ਦਾ ਸਾਮਾਨ

चट्टी–ਚੱਟੀ, ਇ., ਪੜਾਉ, ਮੰਜ਼ਲ, ਇਕ ਗਹਿਣਾ, ਬਿਨਾ ਅੱਡੀ ਦਾ ਸਲੀਪਰ; ਘਾਟਾ, ਟੋਟਾ; ਨੁਕਸਾਨ

चट्टू–ਚੱਟੂ, ਪੁ., ਪੱਥਰ ਦਾ ਵੱਡਾ ਖਰਲ, ਵਿ., ਲਾਲਚੀ, ਲੋਭੀ

चड़चड़–ਚੜਚੜ, ਇ., ਚਿੜਚਿੜ ਕਰ ਕੇ ਲਕੜੀ ਟੁੱਟਣ ਦੀ ਅਵਾਜ਼

चड़बड़–ਚੜਬੜ, ਇ., ਬਕਵਾਸ

चड़सी–ਚੜਸੀ, ਪੁ., ਚੜਸ ਪੀਣ ਵਾਲਾ

चड्डा–ਚੱਡਾ, ਵਿ., ਮੂਰਖ, ਪੁ., ਪੱਟ ਦਾ ਉਤਲਾ ਹਿੱਸਾ

चढ़त–ਚੜ੍ਹਤ, ਇ., ਦੇਵਤੇ ਦੀ ਭੇਟ, ਦੇਵੀ ਦੇਵਤਾ ਦੀ ਮਨੌਤੀ

चढ़ता–ਚੜ੍ਹਤਾ, ਵਿ., ਉਪਰ ਨੂੰ ਉਠਿਆ ਹੋਇਆ, ਅੱਗੇ ਨੂੰ ਵੇਖਦਾ ਹੋਇਆ

चढ़ना–ਚੜ੍ਹਨਾ, ਕ੍ਰਿ., ਉਤੇ ਉਠਣਾ, ਉਚਾਈ ਤੇ ਜਾਣਾ, ਮੜ੍ਹਿਆ ਜਾਣਾ, ਤਰੱਕੀ ਕਰਨਾ, ਹੱਲਾ ਕਰਨਾ, ਮਹਿੰਗਾ ਹੋਣਾ, ਸਵਾਰੀ ਕਰਨਾ, ਕਰਜਾਈ ਹੋਣਾ, ਚੁਲ੍ਹੇ ਤੇ ਚੜ੍ਹਨਾ

चढ़वाना–ਚੜ੍ਹਵਾਨਾ, ਕ੍ਰਿ., ਚੜ੍ਹਾਉਣ ਦਾ ਕੰਮ ਦੂਸਰੇ ਤੋਂ ਕਰਾਉਣਾ

चढ़ाई–ਚੜ੍ਹਾਈ, ਇ., ਉਚਾਈ ਵਲ ਜਾਣ ਦਾ ਭਾਵ, ਧਾਵਾ, ਹਲਾ, ਦੇਵਤਾ ਨੂੰ ਭੇਟਾ ਦੇਣ ਦੀ ਕਿਰਿਆ

चढ़ाना–ਚੜ੍ਹਾਨਾ, ਕ੍ਰਿ.. ਹੇਠਾਂ ਤੋਂ ਉਪਰ ਜਾਣਾ, ਚੜ੍ਹਾਈ ਕਰਨਾ, ਉਪਰ ਸਮੇਟਣਾ, ਮਹਿੰਗਾ ਕਰਨਾ, ਸੁਰ ਉੱਚਾ ਕਰਨਾ, ਸਵਾਰ ਕਰਾਉਣਾ, ਝਟ ਪਟ ਪੀ ਜਾਣਾ

चढ़ानी–ਚੜ੍ਹਾਨੀ, ਇ., ਚੜ੍ਹਾਈ ਵਾਲਾ ਰਾਹ

चढ़ाव–ਚੜ੍ਹਾਵ, ਪੁ., ਅੱਗੇ ਵਧਣ ਦਾ ਕੰਮ, ਚੜ੍ਹਣ ਦੀ ਕਿਰਿਆ ਜਾਂ ਭਾਵ, ਉਹ ਗਹਿਣਾ ਜੋ ਸਹੁਰਿਆਂ ਵੱਲੋਂ ਵਿਵਾਹ ਦੇ ਦਿਨ ਵਿਵਾਹ ਵਾਲੀ ਕੁੜੀ ਨੂੰ ਪਹਿਰਾਇਆ ਜਾਂਦਾ ਹੈ, ਉਹ ਪਾਸਾ ਜਿਧਰੋਂ ਨਦੀ ਆਉਂਦੀ ਹੈ, ਬੜ੍ਹਤੀ

चढ़ावा–ਚੜ੍ਹਾਵਾ, ਪੁ., ਭੇਟਾ, ਪੂਜਾ; ਉਤਸ਼ਾਹ, ਇਕ ਗਹਿਣਾ ਜੋ ਫੇਰਿਆਂ ਤੋਂ ਪਹਿਲਾਂ ਕੁੜੀ ਦੇ ਸਹੁਰਿਆਂ ਵੱਲੋਂ ਪਹਿਰਾਇਆ ਜਾਂਦਾ ਹੈ

चढ़ैत–ਚੜ੍ਹੈਤ, ਵਿ., ਚੜ੍ਹਾਵਾ, ਚੜ੍ਹਨ ਵਾਲਾ, ਅਸਵਾਰ

चढ़ौवा–ਚੜ੍ਹੌਵਾ, ਇ., ਉੱਚੀ ਅੱਡੀ ਦੀ ਜੁੱਤੀ

चणक–ਚਣਕ, ਪੁ., ਛੋਲਾ, ਚਣਾ

चण्ड–ਚੰਡ, ਵਿ., ਤਿੱਖਾ, ਤੇਜ਼, ਬਲਵਾਨ ਕਠੋਰ, ਗੁਸੈਲ, ਪੁ., ਤਾਪ, ਗਰਮੀ, ਜਮਰਾਜ ਇਕ ਦਾ ਦੂਤ, ਇਕ ਰਾਖਸ਼

चण्डातक–ਚੰਡਾਤਕ, ਪੁ., ਤੀਵੀਆਂ ਦੀ ਚੋਲੀ

चण्डाल–ਚੰਡਾਲ, ਪੁ., ਦੇਖੋ ਚੰਡਾਲ (चंडाल)

चण्डिका–ਚੰਡਿਕਾ, ਇ., ਦੁਰਗਾ, ਲੜਾਕੀ ਤੀਵੀਂ

चण्डी–ਚੰਡੀ, ਇ., ਦੁਰਗਾ, ਲੜਾਕੀ ਤੀਵੀਂ, ਇਕ ਛੰਦ

चण्डीकुसुम–ਚੰਡੀਕੁਸੁਮ, ਪੁ., ਲਾਲ ਕਨੇਰ ਦਾ ਫੁੱਲ

चतरभंग–ਚਤਰਭੰਗ. ਪੁ., ਬਲ੍ਹਦਾਂ ਦਾ ਇਕ ਐਬ

चतुरंग–ਚਤੁਰੰਗ, ਪੁ., ਇਕ ਤਰ੍ਹਾਂ ਦਾ ਸੰਗੀਤ, ਚਤਰੰਗਨੀ ਸੈਨਾ ਦਾ ਸੈਨਾਪਤੀ

चतुरंगिणी–ਚਤੁਰੰਗਿਣੀ, ਵਿ., ਜਿਸ ਵਿਚ ਹਾਥੀ ਘੋੜੇ ਪੈਦਲ ਤੇ ਸਵਾਰ ਹੋਣ

चतुर–ਚਤੁਰ, ਵਿ., ਫੁਰਤੀਲਾ, ਚਲਾਕ, ਧੂਰਤ, ਚਾਲਬਾਜ਼, ਆਲਸਬਿਨਾ

चतुरई–ਚਤੁਰਈ, ਇ., ਚਤੁਰਤਾ, ਚਤਰਾਈ, ਸਿਆਣਪ, ਹੁਸ਼ਿਆਰੀ

चतुरता–ਚਤੁਰਤਾ, ਇ., ਚਤਰਾਈ, ਸਿਆਣਪ

चतुरनीक–ਕਤੁਰਨੀਕ. ਪੁ., ਚਾਰ ਮੂੰਹ ਵਾਲਾ, ਬ੍ਰਹਮਾ

चतुरश्र–ਚਤੁਰਸ਼੍ਰ, ਵਿ., ਚੌਕੋਰ, ਚੁਖੂੰਜਾ

चतुरा–ਚਤੁਰਾ, ਵਿ.. ਚਤਰ, ਹੁਸ਼ਿਆਰ

चतुराई–ਚਤੁਰਾਈ, ਇ., ਹੁਸ਼ਿਆਰੀ, ਚਾਲਾਕੀ

चतुरात्मा–ਚਤੁਰਾਤਮਾ, ਪੁ., ਰੱਬ, ਵਿਸ਼ਨੂੰ

चतुरानन–ਚਤੁਰਾਨਨ, ਪੁ., ਚਾਰ ਮੂੰਹ ਵਾਲਾ, ਬ੍ਰਹਮਾ

चतुरिन्द्रिय–ਚਪੁਰਿੰਦ੍ਰਿਯ, ਪੁ., ਚਾਰ ਇੰਦਰੀਆਂ ਵਾਲੇ ਜੀਵ

चतुर्–ਚਤੁਰ, ਵਿ., ਚਾਰ, ਪੁ., ਚਾਰ ਦੀ ਗਿਣਤੀ

चतुर्गुण–ਚਤੁਰਗੁਣ, ਵਿ., ਚੌਗੁਣਾ, ਚਾਰ ਗੁਣਾ

चतुर्थ–ਚਤੁਰਥ, ਵਿ., ਚੌਥਾ

चतुर्थक–ਚਤੁਰਥਕ. ਪੁ.. ਚੌਥਈਆ ਤਾਪ

चतुर्थांश–ਚਤੁਰਥਾਂਸ਼, ਪੁ , ਚੌਥਾਈ, ਚੌਥਾ ਹਿੱਸਾ

चतुर्थाश्रम–ਚਤੁਰਥਾਸ਼੍ਰਮ, ਪੁ., ਸਨਿਆਸ

चतुर्थी–ਚਤੁਰਥੀ, ਇ., ਮਹੀਨੇ ਦੇ ਕਿਸੇ ਵੀ ਪੱਖ ਦੀ ਚੌਥੀ ਤਿਥ, ਚੌਥ

चतुर्दन्त–ਚਤੁਰਦੰਤ, ਪੁ.. ਐਰਾਵਤ ਹਾਥੀ

चतुर्दश–ਚਤੁਹਦਸ਼. ਪੁ.. ਚੌਦਾਂ, ਚਾਰ ਤੇ ਦਸ ਦੀ ਸੰਖਿਆ

चतुर्दशी–ਚਤੁਰਦਸ਼ੀ. ਇ., ਚੌਦੇਂ ਤਿਥ

चतुर्दिक–ਚਤੁਰਦਿਕ, ਪੁ., ਚਾਰੇ ਪਾਸੇ, ਚਾਰੇ ਤਰਫਾਂ

चतुर्दिश–ਚਤੁਰਦਿਸ਼, ਪੁ., ਦੇਖੋ ਚਤੁਰਦਿਕ (चतुर्दिक)

चतुर्दोल–ਚਤੁਰਦੋਲ, ਪੁ., ਪਾਲਕੀ ਜਿਸ ਨੂੰ ਚਾਰ ਜਣੇ ਚੁੱਕਣ

चतुर्धाम–ਚਤੁਰਧਾਮ, ਪੁ., ਚਾਰ ਮੁੱਖ ਤੀਰਥ. ਜਗਨਨਾਥ ਪੁਰੀ ਦਵਾਰਕਾ ਬਦਰੀ ਆਸ਼੍ਰਮ ਰਾਮੇਸ਼ਵਰ

चतुर्भुज–ਚਤੁਰਭੁਜ, ਵਿ., ਜਿਸ ਦੇ ਚਾਰ ਭੁਜਾ ਹੋਣ, ਪੁ., ਵਿਸ਼ਨੂੰ

चतुर्भुजा–ਚਤੁਰਭੁਜਾ, ਇ., ਗਾਇਤ੍ਰੀ ਦੇਵੀ

चतुर्भुजी–ਚਤੁਰਭੁਜੀ, ਪੁ., ਵੈਰਾਗੀਆਂ ਦੀ ਇਕ ਸ਼ਾਖ

चतुर्मास–ਚਤੁਰਮਾਸ, ਪੁ., ਹਾੜ੍ਹ ਸਾਉਣ ਭਾਦੋਂ ਅਸੂ ਇਹ ਚਾਰ ਮਹੀਨੇ

चतुर्मुख–ਚਤੁਰਮੁਖ, ਵਿ., ਚਾਰ ਮੂੰਹ ਵਾਲਾ ਪੁ., ਬ੍ਰਹਮਾ

चतुर्युगी–ਚਤੁਰਯੁਗੀ, ਇ., ਚਾਰੇ ਜੁਗਾਂ ਦਾ ਸਮਾ, ਚੌਕੜੀ

चतुर्वर्ण–ਚਤੁਰਵਰਣ. ਪੁ., ਬ੍ਰਾਹਮਣ ਖੱਤ੍ਰੀ ਵੈਸ਼ ਸ਼ੂਦਰ ਇਹ ਚਾਰੇ ਵਰਣ

चतुर्वाही–ਚਤੁਰਵਾਹੀ, ਪੁ., ਚਾਰ ਘੋੜੇ ਦੀ ਗੱਡੀ, ਚੌਕੜੀ

चतुर्विंशति–ਚਤੁਰਵਿੰਸ਼ਤਿ, ਇ., ਚਾਰ ਤੇ ਵੀਹ ਦੀ ਗਿਣਤੀ

चतुर्वेद–ਚਤੁਰਵੇਦ, ਪੁ., ਈਸ਼ਵਰ, ਰੱਬ, ਚਾਰੇ ਵੇਦ

चतुर्वेदी–ਚਤੁਰਵੇਦੀ, ਵਿ., ਚਾਰੇ ਵੇਦ ਜਾਣਨ ਵਾਲਾ, ਪੁ., ਬ੍ਰਾਹਮਣਾਂ ਦੀ ਇਕ ਮੂਹੀਂ

चतुल–ਚਤੁਲ, ਵਿ., ਕਾਇਮ ਕਰਨ ਵਾਲਾ, ਸਥਾਪਕ

चतुष्क–ਚਤੁਸ਼ਕ, ਵਿ., ਚਾਰ ਕੋਣਾ, ਪੁ., ਇਕ ਤਰ੍ਹਾਂ ਦਾ ਘਰ

चतुष्कर–ਚਤੁਸ਼ਕਰ, ਵਿ., ਨਹੁੰਦਰਾਂ ਵਾਲਾ ਜਾਨਵਰ

चतुष्की–ਚਤੁਸ਼ਕੀ, ਇ., ਚੌਕੀ

चतुष्कोण–ਚਤੁਸ਼ਕੋਣ, ਵਿ., ਚੁਖੂੰਜਾ

चतुष्टय–ਚਤੁਸ਼੍ਰਯ, ਪੁ., ਚਾਰ ਦੀ ਗਿਣਤੀ, ਚਾਰ ਚੀਜ਼ਾਂ ਦਾ ਇਕੱਠ

चतुष्पथ–ਚਤੁਸ਼ਪਥ, ਪੁ., ਚੌਰਾਹਾ, ਚੌਕ

चतुष्पद–ਚਤੁਸ਼ਪਦ, ਪੁ., ਚੌਪਾਇਆ ਪਸ਼ੂ, ਵਿ., ਚਾਰ ਪੈਰ ਵਾਲਾ

चतुष्पदा–ਚਤੁਸ਼ਪਦਾ, ਇ., ਚਾਰ ਪਦਾ ਛੰਦ

चतुष्पदी–ਚਤੁਸ਼ਪਦੀ, ਇ., ਚੌਪਈ ਛੰਦ

चतुष्पाणि–ਚਤੁਸ਼ਪਾਣਿ, ਵਿ., ਚਾਰ ਹੱਥਾਂ ਵਾਲਾ

चत्वर–ਚਤ੍ਵਰ, ਪੁ., ਚੌਰਸਤਾ, ਚਬੂਤਰਾ, ਵੇਦੀ, ਅੰਗਣ, ਚੌਕ

चत्वाल–ਚਤ੍ਵਾਲ, ਪੁ., ਹੋਮ ਕੁੰਡ, ਵੇਦੀ

चद्दरा–ਚਦਰਾ, ਪੁ., ਚਾਦਰ

चद्दिर–ਚਦਿਰ, ਪੁ., ਚੰਦ, ਕਪੂਰ, ਸੱਪ, ਹਾਥੀ

चनक–ਚਨਕ, ਪੁ., ਛੋਲਾ, ਚਣਾ

चनकट–ਚਨਕਟ, ਇ., ਤਮਾਚਾ, ਥੱਪੜ, ਲਫੇੜਾ

चनखना–ਚਨਖਨਾ, ਕ੍ਰਿ. ਰੁੱਸਣਾ, ਚਿੜਨਾ, ਖਿਝਣਾ

चनवर–ਚਨਵਰ, ਪੁ., ਬੁਰਕੀ, ਗਿਰਾਹੀ

चनसित–ਚਨਸਿਤ, ਵਿ., ਮਹਾਨ, ਸ਼੍ਰੇਸ਼ਟ, ਭਲਾ, ਸਾਊ

चना–ਚਨਾ. ਪੁ., ਚੇਤ ਦੀ ਫਸਲ ਦਾ ਇਕ ਖਾਸ ਅੰਨ, ਛੋਲੇ

चनार–ਚਨਾਰ, ਪੁ., ਇਕ ਪਹਾੜੀ ਰੁੱਖ

चनियारी–ਚਨਿਯਾਰੀ, ਪੁ., ਸੋਹਣੇ ਖੰਭਾਂ ਵਾਲਾ ਪਾਣੀ ਦਾ

ਜਾਨਵਰ

चन्दन–ਚੰਦਨ, ਪੁ., ਸੰਦਲ, ਚੰਨਣ, ਇਕ ਖੁਸ਼ਬੂਦਾਰ ਲੱਕੜ ਜਿਸ ਨੂੰ ਘਿਸਾ ਕੇ ਟਿੱਕਾ ਲਾਉਂਦੇ ਹਨ

चन्दनगिरि–ਚੰਦਨਗਿਰਿ, ਪੁ., ਮਲਯਾਚਲ ਪਰਬਤ

चन्द्र–ਚੰਦ੍ਰ, ਪੁ., ਚੰਦ, ਇਕ ਦੀ ਸੰਖਿਆ, ਕਪੂਰ, ਸੋਨਾ, ਲਾਲ, ਮੋਤੀ. ਹੀਰਾ

चन्द्रक–ਚੰਦ੍ਰਕ, ਪੁ., ਚੰਦ ਦਾ ਮੰਡਲ, ਚਾਨਣੀ, ਕਪੂਰ, ਨਹੁੰ, ਇਕ ਰਾਗ

चन्द्रकला–ਚੰਦ੍ਰਕਲਾ, ਇ., ਚੰਦ ਮੰਡਲ ਦਾ ੧੬ਵਾਂ ਹਿੱਸਾ, ਛੋਟਾ ਢੋਲ, ਚੰਨ ਦੀ ਕਿਰਣ

चन्द्रकलाधर–ਚੰਦ੍ਰਕਲਾਧਰ, ਪੁ., ਸ਼ਿਵ, ਮਹਾਦੇਵ

चन्द्रकान्त–ਚੰਦ੍ਰਕਾਂਤ, ਪੁ., ਇਕ ਪਰਸਿੱਧ ਰਤਨ

चन्द्रकान्ता–ਚੰਦ੍ਰਕਾਂਤਾ, ਇ., ਚੰਨ ਦੀ ਵਹੁਟੀ, ਰਾਤ, ਇਕ ਛੰਦ

चन्द्रकेतु–ਚੰਦ੍ਰਕੇਤੁ, ਪੁ., ਲਛਮਣ ਦਾ ਪੁੱਤਰ

चन्द्रगुप्त–ਚੰਦ੍ਰਗੁਪ੍ਤ, ਪੁ., ਮਗਧ, ਬਿਹਾਰ ਦੇਸ਼ ਦਾ ਮੋਰਯ ਵੰਸੀ ਰਾਜਾ

चन्द्रचूड़, चन्द्रधर–ਚੰਦ੍ਰਚੂੜ, ਚੰਦ੍ਰਧਰ, ਪੁ., ਸ਼ਿਵ, ਮਹਾਦੇਵ

चन्द्रभाल–ਚੰਦ੍ਰਭਾਲ, ਪੁ., ਸ਼ਿਵ

चन्द्रमा–ਚੰਦ੍ਰਮਾ, ਪੁ., ਚੰਨ, ਚੰਦ

चन्द्रमाला–ਚੰਦ੍ਰਮਾਲਾ, ਇ., ਅਠਾਈ ਮਾਤਰਾਂ ਦਾ ਛੰਦ, ਚੰਦਰਹਾਰ

चन्द्रमौलि–ਚੰਦ੍ਰਮੌਲਿ, ਪੁ., ਚੰਦ ਨੂੰ ਸਿਰ ਤੇ ਧਾਰਨ ਕਰਨ ਵਾਲੇ ਸ਼ਿਵ

चन्द्ररेखा–ਚੰਦ੍ਰਰੇਖਾ, ਪੁ., ਚੰਦ ਦੀ ਕਲਾ

चन्द्रलोक–ਚੰਦ੍ਰਲੋਕ, ਪੁ., ਪਿਤਰ ਲੋਕ, ਚੰਨ ਦਾ ਘਰ

चन्द्रवंशी–ਚੰਦ੍ਰਵੰਸ਼ੀ, ਪੁ., ਇਕ ਖਾਨਦਾਨ

चन्द्रवधू–ਚੰਦ੍ਰਵਧੂ. ਇ., ਵੀਰ ਬਹੁਟੀ

चन्द्रवार–ਚੰਦ੍ਰਵਾਰ, ਪੁ., ਸੋਮਵਾਰ

चन्द्रवेश–ਚੰਦ੍ਰਵੇਸ਼, ਪੁ., ਸ਼ਿਵ, ਮਹਾਦੇਵ

चन्द्रशाला–ਚੰਦ੍ਰਸ਼ਾਲਾ, ਇ., ਚਾਨਣੀ, ਕਿਰਣ

चन्द्रशेखर–ਚੰਦ੍ਰਸ਼ੇਖਰ. ਪੁ., ਸ਼ਿਵ, ਮਹਾਦੇਵ, ਸੰਗੀਤ ਦਾ ਇਕ ਭੇਦ

चन्द्रहार–ਚੰਦ੍ਰਹਾਰ, ਪੁ., ਗਲ ਵਿਚ ਪਾਉਣ ਦਾ ਇਕ ਗਹਿਣਾ

चन्द्रहास–ਚੰਦ੍ਰਹਾਸ, ਪੁ., ਤਲਵਾਰ, ਖੜਗ, ਚਾਂਦੀ

चन्द्रा–ਚੰਦ੍ਰਾ. ਇ., ਚੰਦੋਇਆ, ਛੋਟੀ ਇਲਾਇਚੀ

चन्द्रातप–ਚੰਦ੍ਰਾਤਪ, ਪੁ., ਚਾਨਣੀ

चन्द्रापीड़–ਚੰਦ੍ਰਾਪੀੜ, ਪੁ., ਸ਼ਿਵ, ਮਹਾਦੇਵ

चन्द्रालोक–ਚੰਦ੍ਰਾਲੋਕ, ਪੁ., ਚੰਦ ਦਾ ਪਰਕਾਸ਼, ਚੰਨ ਦੀ ਰੋਸ਼ਨੀ

चन्द्रावली–ਚੰਦ੍ਰਾਵਲੀ, ਇ., ਸ੍ਰੀ ਕ੍ਰਿਸ਼ਨ ਜੀ ਦੀ ਗੋਪੀ ਦਾ ਨਾਉਂ

चन्द्रिका–ਚੰਦ੍ਰਿਕਾ, ਇ., ਚਾਨਣੀ, ਕਿਰਣ, ਪਰਕਾਸ਼, ਜੂਹੀ, ਚਮੇਲੀ, ਇਕ ਦੇਵੀ, ਮੱਥੇ ਦਾ ਗਹਿਣਾ, ਛੋਟੀ ਵਡੀ ਇਲਾਇਚੀ, ਮੋਰ ਦੇ ਫੰਗ ਦੀ ਟਿੱਕੀ

चन्द्रिल–ਚੰਦ੍ਰਿਲ, ਪੁ., ਸ਼ਿਵ, ਮਹਾਦੇਵ

चन्द्रोदय–ਚੰਦ੍ਰੋਦਯ, ਪੁ., ਚੰਦ ਚੜ੍ਹਨ ਦਾ ਭਾਵ, ਚੰਦੋਆ, ਇਕ ਦਵਾਈ

चन्द्रोपराग–ਚੰਦ੍ਰੋਪਰਾਗ, ਪੁ., ਚੰਦ ਗਰੈਹਣ

चपकन–ਚਪਕਨ, ਇ.. ਅੰਗਰਖਾ, ਇਕ ਮੇਖ, ਲੋਹੇ ਜਾਂ ਪਿਤਲ ਦਾ ਇਕ ਸਾਜ

चपकना–ਚਪਕਨਾ, ਕ੍ਰਿ., ਜੁੜਨਾ, ਚਿਮਟਣਾ, ਚਿੰਬੜਨਾ

चपकाना–ਚਪਕਾਨਾ, ਕ੍ਰਿ., ਜੋੜਨਾ, ਲਾਉਣਾ, ਚਮੇੜਨਾ

चपट–ਚਪਟ, ਪੁ., ਤਮਾਚਾ, ਲਫੇੜਾ

चपटना–ਚਪਟਨਾ, ਕ੍ਰਿ., ਚਿਪਕਣਾ, ਚਿਮਟਣਾ, ਚਿੰਬੜਨਾ

चपटाना–ਚਪਟਾਨਾ, ਕ੍ਰਿ., ਚੰਬੇੜਨਾ, ਚਿਪਕਾਉਣਾ

चपटी–ਚਪਟੀ. ਇ.. ਯੋਨੀ, ਭਗ, ਤਾਲੀ, ਚਪੇੜ, ਵਿ., ਚੌੜੀ

चपड़गट्टू–ਚਪੜਗੱਟੂ, ਵਿ., ਆਫ਼ਤ ਦਾ ਮਾਰਿਆ ਹੋਇਆ, ਦੁਖੀ

चपड़ चपड़–ਚਪੜ ਚਪੜ, ਇ., ਕੁੱਤੇ ਦੀ ਪਾਣੀ ਪੀਣ ਦੀ ਆਵਾਜ਼

चपड़ा–ਚਪੜਾ, ਪੁ., ਲਾਖ ਦਾ ਪੱਤਰਾ, ਇਕ ਕੀੜਾ

चपड़ी–ਚਪੜੀ, ਇ., ਤਖਤੀ, ਫੱਟੀ

चपत–ਚਪਤ, ਪੁ., ਥੱਪੜ, ਚਪੇੜ, ਧੱਕਾ, ਨੁਕਸਾਨ

चपना–ਚਪਨਾ, ਕ੍ਰਿ.. ਸ਼ਰਮਿੰਦਾ ਹੋਣਾ, ਦਬਣਾ, ਸਿਰ ਨੀਵਾਂ ਕਰਨਾ, ਚੌੜ ਚਪੱਟ ਹੋਣਾ

चपनी–ਚਪਨੀ, ਇ., ਛੋਟੀ ਕਟੋਰੀ, ਚਿੱਪੀ. ਚੱਕੀ, ਗੋਡੇ ਦੀ ਹੱਡੀ, ਚੱਪਣੀ, ਤੌੜੀ ਦਾ ਚੱਪਣ

चपरगट्टू–ਚਪਰਗੱਟੂ, ਵਿ., ਸਤਿਆਨਾਸੀ, ਅਭਾਗਾ, ਉਲਝਿਆ ਹੋਇਆ

चपरना–ਚਪਰਨਾ, ਕ੍ਰਿ., ਆਪਸ ਵਿਚ ਮਿਲਣਾ, ਨੱਸ ਜਾਣਾ, ਚਿਮੜਨਾ

चपरा–ਚਪਰਾ, ਵਿ., ਝੂਠਾ, ਅਵਜ., ਤੁਰਤ, ਫੌਰਨ

चपराना–ਚਪਰਾਨਾ, ਕ੍ਰਿ., ਝੂਠਾ ਕਰਨਾ

चपरि–ਚਪਰਿ, ਇ., ਫੁਰਤੀ, ਜਲਦੀ

चपल–ਚਪਲ, ਵਿ., ਚੁਲਬੁਲਾ, ਇੱਲਤੀ, ਕਾਹਲਾ, ਛੁਹਲਾ ਪੁ., ਬੰਬੀਹਾ, ਰਾਈ, ਪਾਰਾ

चपलता–ਚਪਲਤਾ, ਇ., ਚੰਚਲਤਾ, ਇੱਲਤ, ਸ਼ਰਾਰਤ

चपला–ਚਪਲਾ, ਇ., ਬਿਜਲੀ, ਲੱਛਮੀ, ਜੀਭ, ਭੰਗ, ਸ਼ਰਾਬ ਵਿ., ਫੁਰਤੀਲੀ

चपलाई–ਚਪਲਾਈ, ਇ., ਸ਼ਰਾਰਤ, ਹੁਸ਼ਿਆਰੀ

चपलाना–ਚਪਲਾਨਾ, ਕ੍ਰਿ., ਚੱਲਣਾ, ਹਿਲਣਾ, ਚਲਾਉਣਾ, ਹਿਲਾਉਣਾ

चपली–ਚਪਲੀ, ਇ., ਜੁੱਤੀ, ਪੜਾਉ, ਟਿਕਾਣਾ

चपाट–ਚਪਾਟ, ਪੁ., ਇਕ ਤਰ੍ਹਾਂ ਦੀ ਜੁੱਤੀ

चपाती–ਚਪਾਤੀ, ਇ., ਪਤਲੀ ਰੋਟੀ

चपाना–ਚਪਾਨਾ, ਕ੍ਰਿ., ਰੱਸੀ ਸੰਢਣਾ, ਸ਼ਰਮਿੰਦਾ ਕਰਨਾ, ਸੰਢ ਲਾਉਣਾ

चपेकना–ਚਪੇਕਨਾ, ਕ੍ਰਿ., ਚਮੇਟਣਾ, ਚਮੇੜਨਾ

चपेट–ਚਪੇਟ, ਇ., ਝੋਕਾ, ਸੰਕਟ, ਦਬਾਉ, ਰਗੜ, ਘੱਸਾ, ਚੋਟ, ਥੱਪੜ, ਚਪੇੜ

चपेटना–ਚਪੇਟਨਾ, ਕ੍ਰਿ., ਡਾਟਣਾ, ਘੂਰਨਾ, ਰਗੜਾ ਲਾਉਣਾ, ਘੱਸਾ ਮਾਰਨਾ

चपेटा–ਚਪੇਟਾ, ਪੁ., ਦੇਖੋ ਚਪੇਟ (चपेट)

चपेटी–ਚਪੇਟੀ, ਇ., ਭਾਦੋਂ ਸੁਦੀ ਛਠ

चपौटी–ਚਪੌਟੀ, ਇ., ਸਿਰ ਨਾਲ ਚਿੰਬੜੀ ਹੋਈ ਛੋਟੀ ਟੋਪੀ

चपौर–ਚਪੌਰ, ਪੁ., ਜੁੱਤੀ

चप्पल–, ਚੱਪਲ ਪੁ., ਇਕ ਤਰ੍ਹਾਂ ਦੀ ਜੁੱਤੀ

चप्पा–ਚੱਪਾ, ਪੁ., ਚਾਰ ਉਂਗਲ, ਚੌੜਾ ਹਿੱਸਾ, ਥੋੜਾ ਜਿਹਾ ਥਾਂ

चप्पी–ਚੱਪੀ, ਇ., ਚਰਨ ਸੇਵਾ, ਮੁੱਠੀ ਚੱਪੀ

चप्पू–ਚੱਪੂ, ਪੁ., ਚੱਪਾ, ਬੇੜੀ ਚਲਾਉਣ ਦਾ ਡੰਡਾ

चबक–ਚਬਕ, ਪੁ., ਚਸਕ, ਪੀੜ, ਚੀਸ, ਵਿ., ਡਰਪੋਕ, ਬੁਜ਼ਦਿਲ

चबकना–ਚਬਕਨਾ, ਕ੍ਰਿ., ਚੀਸ ਪੈਣੀ, ਰਹਿ ਰਹਿ ਕੇ ਦਰਦ ਹੋਣਾ

चबकी–ਚਬਕੀ, ਇ., ਪਰਾਂਦਾ, ਡੋਰੀ

चबाना–ਚਬਾਨਾ, ਕ੍ਰਿ., ਦੰਦਾਂ ਨਾਲ ਕੁਚਲਣਾ, ਖਾਣਾ, ਚੱਬਣਾ

चबारा–ਚਬਾਰਾ, ਪੁ., ਦੂਜੀ ਛਤ, ਇਕ ਕਮਰੇ ਦੇ ਉਪਰਲਾ ਕਮਰਾ

चबूतरा–ਚਬੂਤਰਾ, ਪੁ,, ਚੌਂਤਰਾ, ਕੋਤਵਾਲੀ, ਵੱਡਾ ਥਾਣਾ

चबेना–ਚਬੇਨਾ, ਇ., ਸੁੱਕੇ ਅਤੇ ਭੁੰਨੇ ਹੋਏ ਦਾਣੇ

चब्बू–ਚੱਬੂ, ਵਿ., ਬਹੁਤ ਖਾਣ ਵਾਲਾ, ਪੇਟੂ, ਭੁੱਖੜ

चब्भो–ਚੱਭੋ, ਪੁ., ਚੁੱਭੀ, ਡੁਬਕੀ, ਗੋਤਾ

चभक–ਚਭਕ, ਪੁ., ਪਾਣੀ ਵਿਚ ਡੁੱਬਣ ਦੀ ਆਵਾਜ਼, ਡੰਗ ਮਾਰਨ ਦੀ ਕਿਰਿਆ

चभड़चभड़–ਚਭੜਚਭੜ, ਇ., ਖਾਣ ਦੀ ਆਵਾਜ਼

चभाना–ਚਭਾਨਾ, ਕ੍ਰਿ., ਰੋਟੀ ਖੁਆਉਣਾ

चभोक–ਚਭੋਕ, ਵਿ., ਮੂਰਖ, ਬੇਵਕੂਫ

चभोरना–ਚਭੋਰਨਾ, ਕ੍ਰਿ., ਗੋਤਾ ਦੇਣਾ, ਭਿਊਣਾ, ਡੁਬਾਉਣਾ

चमक–ਚਮਕ, ਇ., ਪਰਕਾਸ਼, ਲਚਕ, ਆਭਾ, ਤੇਜ

चमकचांदनी–ਚਮਕਚਾਂਦਨੀ, ਇ., ਫੈਸ਼ਨੇਬਲ ਤੀਵੀਂ,

चमकदमक–ਚਮਕਦਮਕ, ਇ., ਠਾਠ ਬਾਠ, ਸ਼ਾਨ ਸ਼ੌਕਤ, ਤੜਕ ਭੜਕ

चमकदार–ਚਮਕਦਾਰ, ਵਿ., ਚਮਕੀਲਾ, ਭੜਕੀਲਾ

चमकना–ਚਮਕਨਾ, ਕ੍ਰਿ., ਪਰਕਾਸ਼ਤ ਹੋਣਾ, ਜਗਮਗਾਉਣਾ, ਤਰੱਕੀ ਕਰਨਾ, ਝਲਕਣਾ, ਤੇਜ਼ੀ ਨਾਲ ਖਿਸਕਣਾ, ਲੜਾਈ ਕਰਨੀ, ਗੁੱਸਾ ਜ਼ਾਹਰ ਕਰਨਾ

चमकनी–ਚਮਕਨੀ, ਵਿ., ਛੇਤੀ ਨਾਲ ਚਿੜ ਜਾਣ ਵਾਲੀ

चमका–ਚਮਕਾ, ਇ., ਚਮਕ, ਰੋਸ਼ਨੀ

चमकाना–ਚਮਕਾਨਾ, ਕ੍ਰਿ., ਭੜਕਾਉਣਾ, ਮਟਕਾਉਣਾ, ਖਿਜਾਉਣਾ, ਮਾਂਜਣਾ, ਸਾਫ ਕਰਨਾ

चमकारा–ਚਮਕਾਰਾ, ਪੁ., ਲਿਸ਼ਕਾਰਾ, ਚਮਕ

चमकारी–ਚਮਕਾਰੀ, ਇ., ਲਿਸ਼ਕ, ਪਰਕਾਸ਼

चमकी–ਚਮਕੀ, ਇ., ਸਤਾਰੇ

चमकीला–ਚਮਕੀਲਾ, ਵਿ., ਭੜਕ ਦਾਰ, ਭੜਕ ਵਾਲਾ

चमकौवलਚ–ਮਕੌਵਲ, ਇ., ਚਮਕਾਉਣ ਦਾ ਕੰਮ

चमक्को–ਚਮੱਕੋ, ਇ., ਭੈੜੀ ਤੀਵੀਂ, ਬੇਸ਼ਰਮ ਤੀਵੀਂ, ਵੇਸਵਾ, ਆਵਾਰਾ ਔਰਤ

चमगादड़–ਚਮਗਾਦੜ, ਪੁ., ਰਾਤ ਨੂੰ ਉਡਣ ਵਾਲਾ ਜਾਨਵਰ ਜੋ ਦਿਨ ਵਿਚ ਪੁਠਾ ਲਟਕਦਾ ਹੈ

चमचम–ਚਮਚਮ, ਇ., ਇਕ ਬੰਗਾਲੀ ਮਿਠਿਆਈ

चमचमाना–ਚਮਚਮਾਨਾ, ਕ੍ਰਿ., ਚਮਕਾਉਣਾ, ਤੇਜ਼ ਕਰਨਾ, ਸਾਫ਼ ਕਰਨਾ, ਲਿਸਕਾਉਣਾ

चमचा–ਚਮਚਾ, ਪੁ., ਚਮਚ, ਡੋਈ, ਫੌੜ੍ਹਾ

चमचिच्चड़–ਚਮਚਿੱਚੜ, ਪੁ., ਚਿੱਚੜ, ਇਕ ਕੀੜਾ

चमची–ਚਮਚੀ, ਇ., ਆਚਮਨੀ, ਛੋਟਾ ਚਮਚਾ

चमड़ा–ਚਮੜਾ, ਪੁ., ਚੰਮ, ਜਿਲਦ, ਖੱਲ

चमड़ी–ਚਮੜੀ, ਇ., ਖੱਲ, ਚਮੜਾ, ਸਰੀਰ ਦਾ ਉਪਰਲਾ ਮਾਸ

चमत्कार–ਚਮਤਕਾਰ, ਪੁ., ਹੈਰਾਨੀ ਭਰਿਆ ਕੰਮ, ਵਿਚਿਤ੍ਰ ਘਟਨਾ, ਅਨੂਠਾ ਪਣ, ਵਿਲੱਖਣਤਾ

चमत्कारक–ਚਮਤਕਾਰਕ, ਵਿ., ਹੈਰਾਨੀ ਭਰਿਆ, ਅਨੂਠਾ

चमत्कारी–ਚਮਤਕਾਰੀ, ਵਿ., ਹੈਰਾਨੀ ਪੈਦਾ ਕਰਨ ਵਾਲਾ, ਵਿਲੱਖਣ, ਅਜੀਬ

चमत्कृत–ਚਮਤਕ੍ਰਿਤ, ਵਿ., ਹੈਰਾਨ, ਕਰਾਮਾਤੀ

चमत्कृति–ਚਮਤਕ੍ਰਿਤਿ, ਇ., ਹੈਰਾਨੀ, ਅਨੂਠਾਪਣ, ਵਿਲੱਖਣਤਾ

चमन–ਚਮਨ, ਇ., ਫੁਲਵਾੜੀ, ਬਾਗ, ਗੁਲਜ਼ਾਰ

चमर–ਚਮਰ, ਪੁ., ਸੁਰਾ ਗਊ ਦੀ ਪੂੰਛ ਦੀ ਚੌਰ

चमरख–ਚਮਰਖ, ਇ., ਚਰਖੇ ਦੀ ਗੁੱਡੀ ਵਿਚ ਤਕਲਾ ਚਲਾਉਣ ਵਾਲੀ ਚਰਮਖ

चमरवगली–ਚਮਰਵਗਲੀ, ਇ., ਇਕ ਕਾਲੇ ਰੰਗ ਦੀ ਚਿੜੀ

चमरशिखा–ਚਮਰਸ਼ਿਖਾ, ਇ., ਘੋੜੇ ਦੀ ਕਲਗ਼ੀ

चमरस–ਚਮਰਸ, ਪੁ., ਚਮੜੇ ਦੀ ਜੁੱਤੀ ਦੀ ਰਗੜ ਨਾਲ ਪੈਦਾ ਹੋਇਆ ਜ਼ਖਮ, ਚੰਮਰਸ

चमरिक–ਚਮਰਿਕ, ਪੁ., ਕਚਨਾਰ ਦਾ ਬੂਟਾ

चमरी–ਚਮਰੀ, ਇ., ਸੁਰਾ ਗਊ, ਚੌਰੀ

चमरू–ਚਮਰੂ, ਪੁ., ਚਮੜਾ, ਚੰਮ

चमरौट–ਚਮਰੌਟ, ਪੁ., ਚਮਾਰਾਂ ਦੇ ਕੰਮ ਦੇ ਬਦਲੇ ਦਿਤੇ ਦਾਣੇ

चमरौधा–ਚਮਰੋਧਾ, ਪੁ., ਧੌੜੀ ਦੀ ਭੱਦੀ ਜੁੱਤੀ

चमला–ਚਮਲਾ, ਪੁ., ਭਿੱਛਿਆ ਮੰਗਣ ਦਾ ਭਾਂਡਾ, ਖੱਪਰ

चमस–ਚਮਸ, ਪੁ., ਮਹਾਂ ਦਾ ਆਟਾ, ਜੱਗ ਦਾ ਭਾਂਡਾ, ਇਕ ਰਿਸ਼ੀ, ਸਰੋਆ

चमसा–ਚਮਸਾ, ਪੁ., ਚਮਚਾ

चमाऊ–ਚਮਾਉ, ਪੁ., ਚੌਰ

चमाचम–ਚਮਾਚਮ, ਵਿ., ਝਲਕਦਾ ਹੋਇਆ, ਉੱਜਲ, ਸਾਫ਼, ਲਿਸ਼ਕਦਾ ਹੋਇਆ

चमार–ਚਮਾਰ, ਪੁ., ਚੰਮ ਦਾ ਕੰਮ ਕਰਨ ਵਾਲੀ ਇਕ ਕੌਮ

चमारिन, चमारी–ਚਮਾਰਿਨ,:ਚਮਾਰੀ, ਇ., ਚਮਿਆਰੀ,ਚਮਾਰ ਜਾਤ ਦੀ ਤੀਵੀਂ

चमीकर–ਚਮੀਕਰ, ਪੁ., ਸੋਨੇ ਦੀ ਖਾਣ

चमू–ਚਮੂ, ਪੁ., ਉਹ ਸੈਨਾ ਜਿਸ ਵਿਚ ੭੨੯ ਹਾਥੀ ੭੨੯ ਰਥ ੨੯੮੭ ਘੋੜ ਸਵਾਰ ਅਤੇ ੩੬੪੫ ਪਿਆਦੇ ਹੁੰਦੇ ਹਨ

चमूचर–ਚਮੂਚਰ, ਪੁ., ਸੈਨਾਪਤੀ

चमूहर–ਚਮੂਹਰ, ਪੁ., ਮਹਾਦੇਵ

चमेलिया–ਚਮਲਿਯਾ, ਵਿ., ਚਮੇਲੀ ਦੇ ਰੰਗ ਦਾ, ਚਮੇਲੀ ਰੰਗਾ

चमेली–ਚਮੇਲੀ, ਇ., ਇਕ ਵੇਲ ਜਿਸ ਨੂੰ ਖੁਸ਼ਬੂਦਾਰ ਚਿੱਟੇ ਫੁੱਲ ਲਗਦੇ ਹਨ

चमोटा–ਚਮੋਟਾ, ਪੁ., ਧਾਰ, ਤੇਜ਼ ਕਰਨ ਵਾਲਾ ਮੋਟੇ ਚਮੜੇ ਦਾ ਟੁਕੜਾ

चमोटी–ਚਮੋਟੀ, ਇ., ਕੋਰੜਾ, ਚਾਬਕ, ਪਤਲੀ ਛਟੀ, ਨੀਂਹ, ਚੌਕੀ, ਚਬੂਤਰਾ, ਬੈਂਤ, ਛੁਰਾ ਤੇਜ਼ ਕਰਨ ਦਾ ਮੇਟਾ ਚਮੜਾ

चमौवा–ਚਮੌਵਾ, ਪੁ., ਦੇਖੋ ਚਮਰੋਧਾ (चमरौधा)

चयन–ਚਯਨ, ਪੁ., ਜੱਗ ਲਈ ਅਗਨੀ ਸੰਸਕਾਰ, ਸੰਗ੍ਰਹਿ ਚੋਣ, ਚੁਣਾਈ

चर–ਚਰ, ਪੁ., ਮਮੋਲਾ ਪੰਛੀ, ਕੌਡੀ, ਮੰਗਲ ਗ੍ਰਹਿ, ਇਕ ਤਰ੍ਹਾਂ ਦਾ ਜੂਆ, ਚਿੱਕੜ, ਹਲਕਾਰਾ, ਨਦੀ ਵਿਚ ਰੇਤ ਦਾ ਟਾਪੂ, ਜਾਸੂਸ, ਦਲਦਲ, ਵਿ., ਜੋ ਟਿਕ ਨਾ ਸਕੇ, ਆਪਣੇ ਆਪ ਚੱਲਣ ਵਾਲਾ, ਖਾਣ ਵਾਲਾ

चरई–ਚਰਈ, ਇ., ਕੁੰਡ, ਖੁਰਲੀ

चरक–ਚਰਕ, ਪੁ., ਜਾਸੂਸ, ਰਾਹੀ, ਵੈਦਕ ਦੇ ਇਕ ਪਰਸਿੱਧ ਅਚਾਰਯ, ਮੰਗਤਾ

चरकटा–ਚਰਕਟਾ, ਪੁ., ਹਾਥੀ ਦਾ ਚਾਰਾ ਕੱਟਣ ਵਾਲਾ, ਮਾਮੂਲੀ ਮਨੁੱਖ, ਛੋਟੀ ਹੈਸੀਅਤ ਦਾ ਬੰਦਾ

चरकना–ਚਰਕਨਾ, ਕ੍ਰਿ., ਟੁੱਟਣਾ, ਫੁੱਟਣਾ, ਤਿੜਨਾ

चोज़–ਚੋਜ਼, ਪੁ., ਦੂਜਿਆਂ ਨੂੰ ਹਸਾਉਣ ਵਾਲੀ ਗੱਲ, ਠੱਠਾ; ਮਸਕਰੀ, ਨਕਲ

चोट–ਚੋਟ, ਇ., ਸੱਟ, ਜ਼ਖਮ, ਬੱਚੇ ਦੇ ਸਿਰ ਦਾ ਇਕ ਗਹਿਣਾ, ਮੌਕਾ, ਵਾਰ, ਹੱਲਾ, ਤਾਹਨਾ, ਧੋਖਾ, ਟੱਕਰ, ਮਾਰ,ਦੁਖ

चोट उभड़ना–ਚੋਟ ਉਭੜਨਾ, ਕ੍ਰਿ., ਜ਼ਖਮ ਵਿਚ ਫੇਰ ਪੀੜ ਹੋਣੀ

चोट बचाना–ਚੋਟ ਬਚਾਨਾ, ਕ੍ਰਿ., ਸੱਟ ਨਾ ਲਗਣ ਦੇਣੀ

चोटहा–ਚੋਟਹਾ, ਵਿ., ਜਿਸ ਉਤੇ ਸਟ ਦਾ ਨਿਸ਼ਾਨ ਹੋਵੇ

चोटा–ਚੋਟਾ, ਪੁ., ਦੇਖੋ ਚੋਆ (चोआ)

चोटाना–ਚੋਟਾਨਾ, ਕ੍ਰਿ., ਸੱਟ ਖਾਣੀ, ਜ਼ਖਮੀ ਹੋਣਾ

चोटार–ਚੋਟਾਰ, ਵਿ., ਸੱਟ ਮਾਰਨ ਵਾਲਾ

चोटियाना–ਚੋਟਿਯਾਨਾ, ਕ੍ਰਿ., ਸੱਟ ਮਾਰਨੀ, ਤਾਕਤ ਵਰਤਣੀ, ਬੋਦੀ ਫੜਨੀ

चोटी–ਚੋਟੀ, ਇ.. ਬੋਦੀ, ਤੀਵੀਆਂ ਦੀ ਗੁੱਤ, ਡੋਰੀ, ਫੀਤਾ, ਜੂੜੇ ਦੇ ਵਿਚ ਪਹਿਰਣ ਦਾ ਗਹਿਣਾ, ਪੰਖੇਰੂਆਂ ਦੇ ਸਿਰ ਦੀ ਕਲਗੀ, ਉਠਿਆ ਹੋਇਆ ਉਤਲਾ ਹਿੱਸਾ

चोटीदार–ਚੋਟੀਦਾਰ, ਵਿ., ਜਿਸ ਦੇ ਬੋਦੀ ਹੋਵੇ, ਚੋਟੀ ਵਾਲਾ

चोटीपोटी–ਚੋਟੀਪੋਟੀ, ਇ., ਝੂਠੀ ਗੱਲ, ਚਿਕਨੀ ਚੁਪੜੀ ਗੱਲ, ਖੁਸ਼ਾਮਦ

चोटीवाला–ਚੋਟੀਵਾਲਾ, ਪੁ., ਭੂਤ, ਪਰੇਤ

चोट्टा–ਚੋਟਾ, ਵਿ., ਚੋਰ, ਚੋਰੀ ਕਰਨ ਵਾਲਾ, ਚੋਰਟਾ

चोड़–ਚੋੜਾ, ਪੁ., ਪਰਨਾ, ਮੋਢਿਆਂ ਦਾ ਸਮੋਸਾ

चोड़ी–ਚੋੜੀ, ਇ., ਤੀਵੀਆਂ ਦੇ ਪਹਿਰਣ ਦੀ ਸਾੜ੍ਹੀ

चोतक–ਚੋਤਕ, ਪੁ., ਛਿੱਲ, ਦਾਲਚੀਨੀ

चोद–ਚੋਦ, ਪੁ., ਚਾਬਕ, ਲੰਬੀ ਲੱਕੜ ਜਿਸ ਦੇ ਸਿਰੇ ਤੇ ਨੋਕਦਾਰ ਤੇ ਤੇਜ਼ ਲੋਹਾ ਲਗਿਆ ਹੋਵੇ

चोदक–ਚੋਦਕ, ਵਿ., ਪਰੇਰਣਾ ਕਰਨ ਵਾਲਾ, ਉਕਸਾਉਣ ਵਾਲਾ

चोदक्कड़-ਚੋਦੱਕੜ, ਪੁ., ਬਹੁਤ ਭੋਗ ਕਰਨ ਵਾਲਾ

चोदना–ਚੋਦਨਾ, ਕ੍ਰਿ., ਪਰੇਰਨਾ, ਉਕਸਾਉਣਾ, ਤੀਵੀਂ ਨਾਲ ਭੋਗ ਕਰਨਾ

चोदाई–ਚੋਦਾਈ, ਇ., ਤੀਵੀਂ ਨਾਲ ਭੋਗ ਕਰਨ ਦਾ ਭਾਵ, ਮੈਥਨ

चोदास–ਚੋਦਾਸ, ਇ., ਭੋਗ ਦੀ ਇੱਛਿਆ

चोदासा–ਚੋਦਾਸਾ, ਵਿ., ਦੇਖੋ ਚੋਦੱਕੜ (चोदक्कड़)

चोप–ਚੋਪ, ਪੁ., ਮਰਜ਼ੀ; ਚਾਹ, ਖ਼ਾਹਸ਼, ਖੁਸ਼ੀ, ਲੋੜ, ਹੱਲਾਸ਼ੇਰੀ, ਕੱਚੇ ਅੰਬ ਦੇ ਮੂੰਹ ਚੋਂ ਨਿਕਲਿਆ ਚਿਪਚਿਪਾ ਰਸ

चोपदार–ਚੋਪਦਾਰ, ਪੁ., ਜੋ ਚੋਬ ਚੁੱਕ ਕੇ ਅਮੀਰ ਦੇ ਅੱਗੇ ਤੁਰੇ, ਚੋਬਦਾਰ

चोपना–ਚੋਪਨਾ, ਕ੍ਰਿ.. ਮੋਹਤ ਹੋਣਾ, ਆਸ਼ਕ ਹੋਣਾ

चोपी–ਚੋਪੀ, ਇ., ਦੇਖੋ ਚੋਪ (चोप)ਵਿ., ਇੱਛਿਆ ਕਰਨ ਵਾਲਾ

चोब–ਚੋਬ, ਇ., ਤੰਬੂ ਖੜ੍ਹਾ ਕਰਨ ਦਾ ਵੱਡਾ ਲੰਮਾ ਬਾਂਸ, ਡੱਗਾ, ਸੋਨੇ ਚਾਂਦੀ ਦਾ ਮੜ੍ਹਿਆ ਹੋਇਆ ਡੰਡਾ

चोबदार–ਚੋਬਦਾਰ, ਪੁ., ਦੇਖੋ ਚੋਪਦਾਰ (चोपदार)

चोबा–ਚੋਬਾ, ਪੁ., ਤੰਬੂ ਖੜ੍ਹਾ ਕਰਨ ਦਾ ਖੰਭਾ, ਚੋਬ

चोभा–ਚੋਭਾ, ਪੁ., ਉਹ ਪੋਟਲੀ ਜਿਸ ਵਿਚ ਦਵਾ ਬੰਨ੍ਹ ਕੇ ਸਰੀਰ ਦੇ ਅੰਗ ਸੇਕੇ ਜਾਂਦੇ ਹਨ

चोया–ਚੋਯਾ, ਪੁ., ਦੇਖੋ ਚੋਆ (चोआ)

चोर–ਚੋਰ, ਪੁ., ਲੁਕ ਕੇ ਦੂਸਰੇ ਦੀ ਚੀਜ਼ ਚੁੱਕਣ ਵਾਲਾ ਬੰਦਾ, ਉਚੱਕਾ, ਫੋੜੇ ਆਦਿ ਦਾ ਅੰਦਰ ਰਹਿਆ ਹੋਇਆ ਖਰਾਬ ਹਿੱਸਾ, ਵਿ., ਜੋ ਚੋਰੀ ਕਰੇ

चोरक–ਚੋਰਕ, ਪੁ., ਇਕ ਤਰ੍ਹਾਂ ਦੀ ਖੁਸ਼ਬੂਦਾਰ ਚੀਜ਼

चोरकट–ਚੋਰਕਟ, ਪੁ., ਚੋਰ, ਉਚੱਕਾ

चोरखाना–ਚੋਰਖਾਨਾ, ਪੁ., ਸੰਦੂਕ ਆਦਿ ਦਾ ਗੁਪਤ ਰਖਣਾ

चोरखिड़की–ਚੋਰਖਿੜਕੀ, ਇ., ਛੋਟਾ ਚੋਰ ਦਰਵਾਜ਼ਾ

चोरगली–ਚੋਰਗਲੀ, ਇ., ਭੀੜੀ ਗਲੀ, ਪਜਾਮੇ ਦਾ ਉਹ ਹਿੱਸਾ ਜੋ ਪੱਟਾਂ ਦੇ ਵਿਚਕਾਰ ਹੁਦਾ ਹੈ

चोरटा–ਚੋਰਟਾ, ਪੁ., ਦੇਖੋ, ਚੋਟਾ, (चोट्टा)

चोरताला–ਚੋਰਤਾਲਾ, ਪੁ , ਉਹ ਤਾਲਾ ਜਿਸ ਦੇ ਖੋਲ੍ਹਣ ਦਾ ਹਰ ਇਕ ਨੂੰ ਪਤਾ ਨਾ ਲੱਗੇ

चोरदन्त–ਚੋਰਦੰਤ, ਪੁ., ਬੱਤੀ ਦੰਦਾਂ ਤੋਂ ਵਾਧੂ ਦੰਦ, ਹੁੱਡ

चोरदरवाज़ा–ਚੋਰਦਰਵਾਜ਼ਾ, ਪੁ.. ਘਰ ਦੇ ਪਿੱਛੇ ਦਾ ਗੁਪਤ ਬੂਹਾ

चोरपहरा–ਚੋਰਪਹਰਾ, ਪੁ., ਗੁਪਤ ਸੋਝੀ, ਗੁਪਤ ਗਾਰਦ

चोरमिहींचिनी–ਚੋਰਮਿਹੀਚਿਨੀ, ਇ., ਲੁਕਣ ਮੀਟੀ, ਦਾਈ ਦੁਕੜੇ

चोराचोरी–ਚੋਰਾਚੋਰੀ, ਕ੍ਰਿ. ਵਿ., ਲੁਕੇ ਛਿਪੇ, ਚੁਪ ਚਾਪ

चोरी–ਚੋਰੀ, ਇ.,ਕਿਸੇ ਦੀ ਚੀਜ਼ ਬਿਨਾ ਪੁਛੇ ਲੈ ਜਾਣ ਦਾ ਭਾਵ, ਬੇਈਮਾਨੀ, ਲੁਕਾਉ, ਚੁਰਾਉਣ ਦਾ ਕੰਮ

चोरीठा–ਚੋਰੀਠਾ, ਪੁ., ਪਾਣੀ ਨਾਲ ਪਿਸਿਆ ਹੋਇਆ ਚਾਉਲ

चोल–ਚੋਲ, ਪੁ., ਇਕ ਪੁਰਾਣੇ ਦੇਸ ਦਾ ਨਾਉਂ ਤੇ ਉਸ ਦੇਸ਼ ਦਾ ਰਹਿਣ ਵਾਲਾ ਬੰਦਾ, ਚੋਲੀ, ਮਜੀਠ, ਛਿੱਲ

चोलकी–ਚੋਲਕੀ, ਪੁ., ਨਾਰੰਗੀ ਦਾ ਰੁੱਖ, ਹੱਥ ਦੀ ਕਲਾਈ, ਵੀਣੀ

चोलना–ਚੋਲਨਾ, ਪੁ.. ਇਕ ਤਰ੍ਹਾਂ ਦਾ ਢਿਲਾ ਢਾਲਾ ਕੁਰਤਾ,

ਲੰਮਾ ਚੋਗ਼ਾ, ਸਰੀਰ, ਉਹ ਚੋਲਾ ਜੋ ਪਹਿਲੋਂ ਪਹਿਲ ਬੱਚੇ ਦੇ ਪਾਇਆ ਜਾਂਦਾ ਹੈ

चोला–ਚੋਲਾ, ਪੁ., ਦੇਖੋ ਚੋਲਨਾ (चोलना)

चोलाछोड़ना–ਚੋਲਾਛੋੜਨਾ, ਕ੍ਰਿ., ਮਰ ਜਾਣਾ, ਸਰੀਰ ਛੱਡਣਾ

चोलाबदलना–ਚੋਲਾਬਦਲਨਾ, ਕ੍ਰਿ., ਮਰ ਕੇ ਦੂਸਰਾ ਜਨਮ ਧਾਰਨਾ

चोली–ਚੋਲੀ, ਇ., ਤੀਵੀਂ ਦੀ ਛਾਤੀ ਦਾ ਇਕ ਕਪੜਾ, ਕੁਰਤੀ ਚੋਲੀ, ਅੰਗੀ

चोलीमार्ग–ਚੋਲੀਮਾਰਗ, ਪੁ., ਵਾਮ ਮਾਰਗ

चोषक–ਚੋਸ਼ਕ, ਵਿ., ਚੂਸਣ ਵਾਲਾ

चोषण–ਚੋਸ਼ਣ. ਪੁ , ਚੂਸਣ ਦੀ ਕਿਰਿਆ, ਚੂਸਣ ਦਾ ਕਰਮ

चोसा–ਚੋਸਾ, ਪੁ., ਲੱਕੜ ਰੇਤਣ ਦੀ ਰੇੱਤੀ, ਛੋਟੀ ਰੇੱਤੀ. ਟਕੋਰਾ

चौंक–ਚੌਂਕ, ਇ., ਪੀੜ ਹੋਣ ਨਾਲ ਸਰੀਰ ਦਾ ਝਟਕੇ ਨਾਲ ਉਠਣ ਤੇ ਜੀ ਘਬਰਾਉਣ ਦਾ ਭਾਵ, ਹੈਰਾਨੀ, ਝਿਝਕ

चौंकना–ਚੌਂਕਨਾ, ਕ੍ਰਿ., ਅਸਚਰਜ ਭੈ ਜਾਂ ਪੀੜ ਨਾਲ ਸਰੀਰ ਦਾ ਕੰਬਣਾ, ਭੜਕਣਾ, ਝਿਝਕਣਾ, ਹੈਰਾਨ ਹੋਣਾ, ਹਿਚਕਣਾ, ਚੁਕੰਨਾ ਹੋਣਾ, ਖ਼ਬਰਦਾਰ ਹੋਣਾ

चौंकाना–ਚੌਂਕਾਨਾ, ਕ੍ਰਿ., ਭੜਕਾਉਣਾ, ਹੁਸ਼ਿਆਰ ਜਾਂ ਹੈਰਾਨ ਕਰਨਾ

चौंचा–ਚੌਂਚਾ, ਪੁ., ਸਿੰਜਾਈ ਦੇ ਲਈ ਪਾਣੀ ਦਾ ਭਰਿਆ ਹੋਇਆ ਟੋਆ ਜਿਸ ਵਿਚੋਂ ਉਤੇ ਚੜ੍ਹਾਇਆ ਜਾਂਦਾ ਹੈ

चौंटली–ਚੌਂਟਲੀ, ਇ., ਚਿੱਟੀ ਘੁੰਗੀ

चौंतरा–ਚੌਂਤਰਾ, ਪੁ., ਥੜ੍ਹਾ, ਮਿੱਟੀ ਜਾਂ ਇੱਟਾਂ ਦੀ ਬਣੀ ਹੋਈ ਚੌਰਸ ਥਾਂ, ਚਬੂਤਰਾ

चौंतिस–ਚੌਂਤਿਸ, ਵਿ., ਤੀਹ ਤੇ ਚਾਰ, ਚੌਂਤੀ

चौंध–ਚੌਂਧ, ਇ., ਚਮਕ ਜ਼ਿਆਦਾ ਹੋਣ ਕਰਕੇ ਨਿਗਾਹ ਨਾ ਠਹਿਰਣ ਦਾ ਭਾਵ, ਤਿਲਮਲਾਹਟ

चौंधियाना–ਚੌਂਧਿਆਨਾ, ਕ੍ਰਿ., ਚਮਕ, ਜ਼ਿਆਦਾ ਹੋਣ ਨਾਲ ਨਿਗਾਹ ਨਾ ਟਿਕਾ ਸਕਣਾ, ਨਜ਼ਰ ਮੰਦ ਹੋਣੀ

चौंधी–ਚੌਂਧੀ, ਇ., ਚਕਾਚੌਂਧ, ਤਿਲਮਲਾਹਟ

चौंर–ਚੌਂਰ, ਪੁ., ਝਾਲਰ, ਚੌਰ

चौंरगाय–ਚੌਰਗਾਯੇ, ਇ., ਸੁਰਾ ਗਊ

चौंरा–ਚੌਰਾ, ਪੁ., ਅੰਨ ਰੱਖਣ ਦੀ ਬੁਖਾਰੀ

चौंराना–ਚੌਰਾਨਾ, ਕ੍ਰਿ., ਝਾੜੂ ਦੇਣਾ, ਬੁਹਾਰਨਾ

चौंरी–ਚੌਰੀ, ਇ., ਲੱਕੜ ਦੀ ਡੰਡੀ ਵਿਚ ਲਾਏ ਹੋਏ ਘੋੜੇ ਦੀ ਪੂਛ ਦੇ ਬਾਲਾਂ ਦਾ ਗੁੱਛਾ ਜੋ ਮੱਖੀਆਂ ਉਡਾਉਣ ਦੇ ਕੰਮ ਆਉਂਦਾ ਹੈ, ਉਹ ਡੋਰੀ ਜਿਸ ਨਾਲ ਤੀਵੀਆਂ ਸਿਰ ਦੇ ਵਾਲ ਗੁੰਦਦੀਆਂ ਹਨ

चौंसठ–ਚੌਂਸਠ, ਵਿ., ਸੱਠ ਤੇ ਚਾਰ, ਚੌਂਹਟ

चौअन–ਚੌਅਨ, ਵਿ., ਪੰਜਾਹ ਤੇ ਚਾਰ, ਚੁਰੰਜਾ

चौआ–ਚੌਆ, ਪੁ., ਗਊ, ਬਲਦ ਆਦਿ ਡੰਗਰ, ਚਾਰ ਉਂਗਲ ਦਾ ਮਾਪ, ਤਾਸ਼ ਦੀ ਚੌਕੀ

चौआई–ਚੌਆਈ, ਇ., ਚਹੁਆਂ ਪਾਸਿਉਂ ਆਉਣ ਵਾਲੀ ਵਾ, ਉਡਦੀ ਗੱਲ, ਅਫ਼ਵਾਹ

चौआना–ਚੌਆਨਾ, ਕ੍ਰਿ., ਹੈਰਾਨ ਹੋਣਾ, ਘਬਰਾਉਣਾ

चौक–ਚੌਕ, ਪੁ., ਸ਼ਹਿਰ ਦੀ ਚੌਰਸ ਮੰਡੀ, ਵੱਡਾ ਬਾਜ਼ਾਰ, ਚੌਗਾਨ, ਨੌਂ ਗ੍ਰਹਿਆਂ ਦੇ ਨਿਸ਼ਾਨਾਂ ਵਾਲੀ, ਚੌਕੋਰ ਸ਼ਕਲ, ਤੀਵੀਆਂ ਦੇ ਸਿਰ ਦਾ ਇਕ ਗਹਿਣਾ, ਖੁਲ੍ਹੀ ਥਾਂ, ਮੈਦਾਨ

चौकपूरना–ਚੌਕਪੂਰਨਾ, ਕ੍ਰਿ.. ਧਰਤੀ ਉਤੇ ਨੌਂ ਗ੍ਰਹਿਆਂ ਦੇ ਨਿਸ਼ਾਨ ਪਾ ਕੇ ਪੂਜਾ ਕਰਨ ਲਈ ਆਟਾ ਧੂੜਨਾ

चौकठ–ਚੌਕਠ, ਪੁ., ਚੁਗਾਠ, ਦਰਵਾਜੇ ਦੀ ਲੱਕੜ, ਢਾਂਚਾ

चौकठा–ਚੌਕਠਾ, ਪੁ., ਲੱਕੜੀ ਆਦਿਕ ਦਾ ਢਾਂਚਾ ਜਿਸ ਵਿਚ ਤਸਵੀਰ ਆਦਿਕ ਜੜੀ ਜਾਵੇ

चौकड़–ਚੌਕੜ, ਵਿ., ਉੱਤਮ, ਵਧੀਆ, ਅੱਛਾ

चौकड़ी–ਚੌਕੜੀ, ਇ., ਇਕੋ ਤਰ੍ਹਾਂ ਦੇ ਚਹੁੰ ਮਨੁੱਖਾਂ ਦਾ ਇਕੱਠ, ਪਲਥੀ

चौकन्ना–ਚੌਕੰਨਾ, ਵਿ., ਚੌਕਸ, ਖਬਰਦਾਰ, ਹੁਸ਼ਿਆਰ, ਡਰਿਆ ਹੋਇਆ

चौकरी–ਚੌਕਰੀ, ਇ., ਦੇਖੋ ਚੌਕੜੀ (चौकड़ी)

चौकस–ਚੌਕਸ, ਵਿ., ਹੁਸ਼ਿਆਰ, ਖਬਰਦਾਰ, ਸਿਆਣਾ

चौकसाई, चौकसी–ਚੌਕਸਾਈ, ਚੌਕਸੀ, ਇ., ਖਬਰਦਾਰੀ, ਸੋਝੀ, ਧਿਆਨ, ਖਿਆਲ

चौका–ਚੌਕਾ, ਪੁ., ਚਨੁੱਕਰਾ ਪੱਥਰ, ਚਕਲਾ ਜਿਸ ਤੇ ਰੋਟੀਆਂ ਵੇਲਦੇ ਹਨ, ਰਸੋਈ, ਲਿਪੀ ਹੋਈ ਥਾਂ, ਲਿੱਪਣ ਦਾ ਕੰਮ, ਇਕ ਤਰ੍ਹਾਂ ਦਾ ਬੱਕਰਾ, ਚਾਰ ਚੀਜ਼ਾਂ ਦਾ ਸਮੂਹ, ਤਾਸ਼ ਦਾ ਇਕ ਪੱਤਾ

चौकी–ਚੌਕੀ, ਇ., ਕਾਠ ਜਾਂ ਪੱਥਰ ਦਾ ਚਾਰ ਪਾਵਿਆਂ ਦਾ ਆਸਣ, ਕੁਰਸੀ, ਤਖਤ, ਚੌਰਸ ਮੇਜ਼, ਖਾਣ ਪੀਣ ਦੀਆਂ ਚੀਜ਼ਾਂ ਸਾਂਭ ਕੇ ਰੱਖਣ ਵਾਲੀ ਅਲਮਾਰੀ,ਪਹਿਰਾ,ਪੁਲੀਸ ਦੀ ਥਾਂ, ਡਾਕ ਦਾ ਅੱਡਾ, ਰਾਗੀਆਂ ਦੀ ਮੰਡਲੀ, ਭੇਡਾਂ ਦਾ ਰਾਤ ਨੂੰ ਕਿਸੇ ਖੇਤ ਵਿਚ ਰੱਖਣ ਦਾ ਭਾਵ

चौकीदार–ਚੌਕੀਦਾਰ, ਪੁ., ਪਹਿਰਾ ਦੇਣ ਵਾਲਾ ਬੰਦਾ

चौकीदारी–ਚੌਕੀਦਾਰੀ, ਇ., ਪਹਿਰਾ ਦੇਣ ਦਾ ਕੰਮ, ਰਖਵਾਲੀ, ਚੌਕੀਦਾਰ ਦਾ ਹੁੱਦਾ

चौकोन, चौकोना–ਚੌਕਨ, ਚੌਕੋਨਾ, ਵਿ., ਚਕੂਣਾ, ਜਿਸ ਦੇ ਚਾਰ ਖੂੰਜੇ ਹੋਣ

चौकोर–ਚੌਕੋਰ, ਵਿ., ਚਕੂਣਾ, ਚਖੂੰਜਾ

चौखंड–ਚੌਖੰਡ, ਵਿ., ਚਮੰਜਲਾ

चौखट–ਚੌਖਟ, ਇ., ਚਗਾਠ

चौखटा–ਚੌਖਟਾ, ਪੁ., ਤਸਵੀਰ ਸ਼ੀਸ਼ੇ ਆਦਿ ਦਾ ਫਰੇਮ

चौखा–ਚੌਖਾ, ਪੁ., ਉਹ ਥਾਂ ਜਿਥੇ ਚਾਰ ਪਿੰਡਾ ਦੀ ਹੱਦ ਮਿਲਦੀ ਹੋਵੇ

चौखूंट–ਚੌਖੂੰਟ, ਪੁ., ਚਾਰੇ ਦਿਸ਼ਾ, ਚਾਰੇ ਪਾਸੇ

चौखूंटा–ਚੌਖੰਟਾ, ਵਿ., ਚੌਕੋਰ, ਚਖੰਜਾ

चौगड़ा–ਚੌਗੜਾ, ਪੁ., ਖਰਗੋਸ਼, ਸਹਿਆ, ਦੇਖੋ ਚੌਘਟ (चौघट)

चौगड्डी–ਚੌਗੱਡੀ, ਇ., ਜਾਨਵਰਾਂ ਨੂੰ ਫਸਾਉਣ ਦਾ ਬਾਂਸ ਦੀਆਂ ਫੱਟੀਆਂ ਦਾ ਬਣਿਆ ਹੋਇਆ ਢਾਂਚਾ

चौगान–ਚੌਗਾਨ, ਪੁ.. ਇਕ ਖੇਲ੍ਹ ਜਿਸ ਵਿਚ ਲਕੜੀ ਦੇ ਬੱਲੇ ਤੇ ਖੁੱਦੋ ਮਾਰਦੇ ਹਨ. ਇਹ ਘੋੜੇ ਤੇ ਚੜ੍ਹ ਕੇ ਖੇਲ੍ਹਦੇ ਹਨ, ਇਹ ਖੇਲ ਹਾਕੀ ਅਤੇ ਪੋਲੋ ਵਰਗਾ ਹੀ ਹੁੰਦਾ ਹੈ, ਨਗਾਰਾ ਵਜਾਉਣ ਦੀ ਲੱਕੜ. ਡੱਗਾ

चौगानी–ਚੌਗਾਨੀ. ਇ., ਹੁੱਕੇ ਦੀ ਸਿੱਧੀ ਨੜੀ ਜਿਸ ਵਿਚ ਦੀ ਧੂਆਂ ਖਿਚਦੇ ਹਨ, ਗੁੰਦਿਆ ਹੋਇਆ ਹੁੱਕੇ ਦਾ ਨੇਚਾ

चौगिर्द–ਚੌਗਿਰਦ, ਕ੍ਰਿ. ਵਿ., ਚੌਹੀਂ ਪਾਸੀਂ, ਚਤਰਫੀਂ, ਚਾਰੇ ਪਾਸੇ

चौगुन, चौगुना, चौगून–ਚੌਗੁਨ, ਚੌਗੁਨਾ, ਚੌਗੂਨ, ਵਿ., ਚਾਰ ਗੁਣਾ

चौगोड़ा–ਚੌਗੋੜਾ, ਵਿ., ਚਾਰ ਪੈਰ ਵਾਲਾ ਪੁ., ਖਰਗੋਸ਼, ਸਹਿਆ

चौगोड़िया–ਚੌਗੋੜਿਯਾ, ਇ., ਇਕ ਤਰ੍ਹਾਂ ਦੀ ਉਚੀ ਚੌਕੀ ਜਿਸ ਦੇ ਪੇਰਾਂ ਵਿਚ ਪੌੜੀ ਦੀ ਤਰ੍ਹਾਂ ਚੜ੍ਹਨ ਲਈ ਡੰਡੇ ਲਗੇ ਰਹਿੰਦੇ ਹਨ, ਟਿਕਟਿਕੀ, ਬਾਂਸ ਦੀਆਂ ਤੀਲੀਆਂ ਦਾ ਢਾਂਚਾ

चौघट–ਚੌਘਟ, ਪੁ., ਜਾੜ੍ਹ ਦਾ ਚੌੜਾ ਦੰਦ ਜਿਸ ਨਾਲ ਅੰਨ ਖਾਂਦੇ ਹਨ

चौघड़ा–ਚੌਘੜਾ, ਪੁ.. ਚੁਘਰਾ, ਚਾਰ ਖਾਨਿਆਂ ਦਾ ਭਾਂਡਾ, ਇਕ ਖਿਡੌਣਾ, ਵਡੀ ਇਲਾਇਚੀ

चौघड़ी–ਚੌਘੜੀ, ਵਿ., ਚਾਰ ਤਹਿ ਵਾਲੀ

चौघर–ਚੌਘਰ, ਵਿ., ਘੋੜੇ ਦੀ ਇਕ ਚਾਲ, ਸਰਪਟ, ਚਫਾਲ

चौघोड़ी–ਚੌਘੋੜੀ, ਇ., ਚਾਰ ਘੋੜਿਆਂ ਦੀ ਗੱਡੀ ਜਾਂ ਰਥ

चौचंद–ਚੌਚੰਦ, ਪੁ , ਬਦਨਾਮੀ ਦੀ ਚਰਚਾ, ਬਦਨਾਮੀ

चौचंदहाई–ਚੌਚੰਦਹਾਈ, ਇ., ਬਦਨਾਮੀ ਕਰਨ ਵਾਲਾ

चौजुगी–ਚੌਜੁਗੀ, ਇ., ਚਾਰ ਜੁਗਾਂ ਦਾ ਸਮਾ

चौड़–ਚੌੜ. ਵਿ., ਬੱਚੇ ਦੇ ਪਹਿਲੋ ਪਹਿਲ ਵਾਲ ਮੁੰਡਣ ਦਾ ਸੰਸਕਾਰ

चौड़ा–ਚੌੜਾ, ਵਿ., ਜੋ ਲੰਮਾ ਨਾ ਹੋਵੇ

चौड़ाई–ਚੌੜਾਈ, ਇ.. ਚੌੜਾਪਣ

चौड़ान–ਚੌੜਾਨ, ਇ., ਚੌੜਾਈ

चौड़ाना–ਚੌੜਾਨਾ, ਕ੍ਰਿ., ਚੌੜਾ ਕਰਨਾ

चौतनी–ਚੌਤਨੀ, ਇ., ਚਾਰ ਤਣੀਆਂ ਵਾਲੀ ਬੱਚਿਆਂ ਦੀ ਟੋਪੀ

चौतरा–ਚੌਤਰਾ, ਪੁ., ਦੇਖੋ ਚੌਂਤਰਾ (चौंतरा)

चौतहो–ਚੌਤਹੀ, ਇ., ਚਾਰ ਤਹਿਆਂ ਵਾਲਾ ਖੇਸ ਵਰਗਾ ਕਪੜਾ

चौतारा–ਚੌਤਾਰਾ, ਪੁ., ਇਕ ਵਾਜਾ ਜਿਸ ਵਿਚ ਚਾਰ ਤਾਰ ਲੱਗੇ ਹੁੰਦੇ ਹਨ

चौताल–ਚੌਤਾਲ, ਪੁ., ਹੋਲੀ ਵੇਲੇ ਗਾਉਣ ਦਾ ਇਕ ਤਰ੍ਹਾਂ ਦਾ ਗੀਤ, ਮਿਰਦੰਗ ਦਾ ਇਕ ਤਾਲ

चौताला–ਚੌਤਾਲਾ, ਵਿ., ਚਾਰ ਤਾਲ ਵਾਲਾ

चौताली–ਚੌਤਾਲੀ, ਇ., ਕਪਾਹ ਦਾ ਟੀਂਡਾ

चौथे–ਚੌਥੇ, ਇ., ਹਰ ਪਖਵਾੜੇ ਦਾ ਚੌਥਾ ਦਿਨ, ਚੌਥਾਈ ਹਿੱਸਾ, ਮਰਹੱਟਿਆਂ ਦਾ ਲਾਇਆ ਹੋਇਆ ਟੈਕਸ

चौथपन–ਚੌਥਪਨ, ਪੁ., ਬੁੜ੍ਹਾਪਾ, ਵੱਡੀ ਉਮਰ

चौथा–ਚੌਥਾ, ਵਿ., ਤੀਜੇ ਤੋਂ ਅਗਲਾ

चौथाई–ਚੌਥਾਈ, ਪੁ., ਚੌਥਾ ਹਿੱਸਾ

चौथिया–ਚੌਥਿਯਾ, ਪੁ., ਚੌਥੇ ਦਿਨ ਆਉਣ ਵਾਲਾ ਬੁਖਾਰ, ਵਿ., ਚੌਥਾਈ ਦਾ ਹਕਦਾਰ

चौथी–ਚੌਥੀ, ਇ., ਸ਼ਾਦੀ ਤੋਂ ਚੌਥੇ ਦਿਨ ਹੋਣ ਵਾਲੀ ਕੰਗਣੇ ਆਦਿ ਦੀ ਰਸਮ, ਖੇਤੀ ਦੀ ਵੰਡਾਈ ਜਿਸ ਵਿਚ ਜ਼ਿਮੀਂਦਾਰ ਨੂੰ ਚੌਥਾ ਹਿੱਸਾ ਮਿਲਦਾ ਹੈ

चौथैया–ਚੌਥੈਯਾ, ਪੁ., ਚੌਥਾ ਹਿੱਸਾ, ਇ., ਛੋਟੀ ਬੇੜੀ

चौदंता–ਚੌਦੰਤਾ, ਵਿ., ਅੱਖੜ, ਅੜਬ, ਅਵੈੜਾ, ਚਾਰ ਦੰਦਾਂ ਵਾਲਾ

चौदंती–ਚੌਦੰਤੀ; ਇ., ਅੱਖੜਪਣ, ਇੱਲਤ

चौदस–ਚੌਦਸ, ਇ., ਕਿਸੇ ਪੱਖ ਦੀ ਚੌਧਵੀਂ ਤਿਥ

चौदह–ਦਹ, ਵਿ., ਚੌਦਸ ਤੇ ਚਾਰ; ਚੌਦਾਂ

चौदहवां–ਚੌਦਹਵਾਂ, ਵਿ., ਜਿਸ ਤੋਂ ਪਹਿਲਾਂ ਤੇਰਾਂ ਹੋਰ ਹੋਣ, ਚੌਧਵਾਂ

चौदानी–ਚੌਦਾਨੀ, ਇ., ਇਕ ਤਰ੍ਹਾਂ ਦੀ ਕੰਨ ਵਿਚ ਪਹਿਰਣ ਦੀ ਵਾਲੀ

चौधराई–ਚੌਧਰਾਈ, ਇ., ਚੌਧਰੀ ਦਾ ਕੰਮ, ਚੌਧਰੀ ਦੀ ਪਦਵੀ

चौधराना–ਧਰਾਨਾ, ਪੁ., ਉਹ ਚੌਧਨ ਜੋ ਚੌਧਰੀ ਨੂੰ ਉਸ ਦੇ ਕੰਮ ਲਈ ਦਿਤਾ ਜਾਵੇ

चौधरी–ਚੌਧਰੀ, ਪੁ., ਪਿੰਡ ਜਾਤ ਬਰਾਦਰੀ ਬਜਾਰ ਜਾਂ ਗਲੀ ਦਾ ਮੁਖੀਆ, ਲੰਬਰਦਾਰ

चौपई–ਚੌਪਈ, ਇ., ਚਹੁੰ ਚਰਣਾਂ ਦਾ ਇਕ ਛੰਦ

चौपखा–ਚੌਪਖਾ, ਇ., ਚਾਰ ਦੀਵਾਰੀ

चौपट–ਚੌਪਟ, ਵਿ., ਚਹੁੰਆਂ ਪਾਸਿਉਂ ਖੁਲਿਆ ਹੋਇਆ, ਬਰਬਾਦ

चौपड़–ਚੌਪੜ, ਇ., ਇਕ ਤਰ੍ਹਾਂ ਦੀ ਖੇਡ

चौपत–ਚੌਪਤ, ਇ., ਕਪੜੇ ਦੀ ਤਹਿ, ਕਿੱਲ ਜੜਿਆ ਹੋਇਆ ਘੁਮਿਆਰ ਦੇ ਚੱਕ ਰੱਖਣ ਵਾਲਾ ਪੱਥਰ

चौपथ–ਚੌਪਥ, ਪੁ., ਚਰਸਤਾ, ਇਕ ਪੱਥਰ, ਚਰਾਹਾ

चौपद–ਚੌਪਦ, ਪੁ., ਚਹੁੰ ਪੈਰਾਂ ਵਾਲਾ ਪਸ਼ੂ

चौपहरा–ਚੌਪਹਰਾ, ਵਿ., ਚਾਰ ਪਹਿਰ ਦਾ

चौपहल–ਚੌਪਹਲ਼, ਵਿ., ਜਿਸ ਵਿਚ ਲੰਮਾਈ ਚੁੜਾਈ ਅਤ ਮੁਟਾਈ ਹੋਵੇ, ਜਿਸ ਦੇ ਚਾਰ ਪਾਸੇ ਹੋਣ

चौपहिया–ਚੌਪਹਿਯਾ, ਇ., ਚਾਰ ਪਹੀਆ ਗੱਡੀ

चौपाई–ਚੌਪਾਈ, ਇ., ਇਕ ਤਰ੍ਹਾਂ ਦਾ ਛੰਦ ਜਿਸ ਵਿਚ ਸੋਲਾਂ ਮਾਤ੍ਰਾਂ ਹੁਦੀਆਂ ਹਨ, ਚਾਰਪਾਈ, ਮੰਜਾ

चौपाया–ਚੌਪਾਯਾ. ਪੁ., ਦੇਖੋ ਚੌਪਦ (चौपद)

चौपाल–ਚੌਪਾਲ, ਪੁ , ਖੁਲ੍ਹੀ ਹੋਈ ਬੈਠਕ, ਦਲਾਨ, ਘਰ ਦੇ ਸਾਹਮਣੇ ਦਾ ਛਾਇਆਦਾਰ ਚੌਂਤਰਾ, ਇਕ ਤਰ੍ਹਾਂ ਦੀ ਪਾਲਕੀ

चौपुरा–ਚੌਪੁਰਾ, ਪੁ., ਉਹ ਖੂਹ ਜਿਸ ਦੇ ਉਤੇ ਚਾਰ ਚਰਸ ਇਕੱਠੇ ਵਗ ਸਕਣ, ਚਵਿੱਢਾ ਖੂਹ

चौफला–ਚੌਫਲਾ, ਵਿ., ਜੋ ਚਹੁੰ ਪਾਸਿਉਂ ਤਿੱਖਾ ਹੋਵੇ

चौफेर–ਚੌਫੇਰ, ਕ੍ਰਿ. ਵਿ., ਚਹੁੰ ਪਾਸੇ

चौफेरी–ਚੌਫੇਰੀ, ਇ., ਚੌਹੀਂ ਪਾਸੀਂ ਘੁੰਮਣ ਦਾ ਭਾਵ, ਕ੍ਰਿ. ਵਿ., ਚਹੁੰ ਪਾਸੇ

चौबंदी–ਚੌਬੰਦੀ, ਇ., ਇਕ ਤਰ੍ਹਾਂ ਦੀ ਛੋਟੀ ਫਿਟ ਕੁੜਤੀ ਜਿਸ ਵਿਚ ਜਾਮੇ ਦੀ ਤਰ੍ਹਾਂ ਇਕ ਪੱਲਾ ਹੇਠ ਅਤੇ ਇਕ ਪਲਾ ਉਤਾਹਾਂ ਹੁੰਦਾ ਹੈ ਅਤੇ ਦੁਹਾਂ ਬਗਲਾਂ ਵਿਚ ਚਾਰ ਬੰਦ ਲਗਦੇ ਹਨ, ਬਗਲਬੰਦੀ, ਟੇਕਸ

चौबगला–ਚੌਬਗਲਾ, ਪੁ., ਕੁੜਤੀ ਆਦਿ ਦੇ ਬਗਲ ਦੇ ਹੇਠਾਂ ਅਤੇ ਕਲੀ ਦਾ ਉਤਲਾ ਹਿੱਸਾ, ਵਿ., ਚਹੁੰ ਪਾਸਿਆਂ ਦਾ, ਚਹੁੰ ਤਰਫ਼ ਦਾ

चौबगली–ਚੌਬਗਲੀ, ਇ., ਬਗਲਬੰਦੀ

चौबच्चा–ਚੌਬੱਚਾ, ਪੁ., ਖੂਹ ਦੇ ਕੋਲ ਦਾ ਪੱਕਾ ਟੋਆ, ਉਹ ਟੋਆ ਜਿਸ ਵਿਚ ਧਨ ਦਬਿਆ ਹੋਇਆ ਹੋਵੇ, ਹੌਦ

चौबरसी–ਚੌਬਰਸੀ, ਇ., ਉਹ ਸਰਾਧ ਜੋ ਮਰਨ ਤੋਂ ਚਹੁੰ-ਸਾਲਾਂ ਮਗਰੋਂ ਕੀਤਾ ਜਾਵੇ

चौबा–ਚੌਬਾ, ਪੁ., ਬ੍ਰਾਹਮਣਾਂ ਦੀ ਇਕ ਜਾਤ ਜਾਂ ਸ਼ਾਖ, ਮਥਰਾ ਦਾ ਪੰਡਾ

चौबाइन–ਚੌਬਾਇਨ, ਇ., ਚੌਬੇ ਦੀ ਤੀਵੀਂ

चौबाई–ਚੌਬਾਈ, ਇ., ਚਹੁੰ ਪਾਸਿਉਂ ਵਗਣ ਵਾਲੀ ਹਵਾ, ਉੜਦੀ ਖਬਰ, ਅਫਵਾਹ

चौबारा–ਚੌਬਾਰਾ, ਪੁ., ਘਰ ਉਤਲੀ ਛੱਤ ਦਾ ਕਮਰਾ, ਖੁਲ੍ਹੀ ਬੈਠਕ ਵਾਲਾ ਖਾਨਾ, ਵਿ., ਚੌਥੀ ਬਾਰ

चौबिस चौबीस–ਚੌਬਿਸ ਚੌਬੀਸ, ਵਿ., ਚਹੁੰ ਉਤੇ ਵੀਹ, ਚੌਵੀ

चौबीसवां–ਚੌਬੀਸਵਾਂ, ਵਿ. ਚੌਵੀਵਾਂ

चौबे–ਚੌਬੇ, ਪੁ., ਦੇਖੋ ਚੌਬਾ (चौबा)

चौमंज़िला–ਚੌਮੰਜ਼ਿਲਾ, ਵਿ., ਚਾਰ ਮੰਜਿਲਾ, ਚਛੱਤਾ

चोमसिया–ਚੌਮਸਿਯਾ, ਵਿ., ਚਹੁੰ ਮਹੀਨਿਆਂ ਦਾ, ਵਰਖਾ ਦੇ ਚਹੁੰ ਮਹੀਨਿਆਂ ਵਿਚ ਹੋਣ ਵਾਲਾ, ਪੁ., ਚਾਰ ਮਾਸੇ ਦਾ ਵੱਟਾ

चौमार्ग–ਚੌਮਾਰਗ, ਪੁ., ਦੇਖੋ ਚੌਪਥ, (चौपथ)

चौमासा–ਚੌਮਾਸਾ, ਪੁ., ਵਰਖਾ ਦੇ ਚਾਰ ਮਹੀਨੇ, ਚੌਮਾਸਾ

चौमासी–ਚੌਮਾਸੀ, ਇ., ਇਕ ਤਰ੍ਹਾਂ ਦਾ ਬਰਸਾਤੀ ਗੀਤ

चौमुखा–ਚੌਮੁਖਾ, ਵਿ., ਚਹੁੰ ਮੂਹਾਂ ਵਾਲਾ

चौमुहानी–ਚੌਮੁਹਾਨੀ, ਇ., ਚੁਰਸਤਾ, ਚੌਕ

चौमेड़ा–ਚੌਮੇੜਾ, ਪੁ; ਚਾਰ ਹੱਦਾਂ ਦੇ ਮਿਲਣ ਦਾ ਥਾਂ

चौरंग–ਚੌਰੰਗ, ਪੁ., ਤਲਵਾਰ ਦਾ ਇਕ ਹੱਥ, ਵਿ., ਤਲਵਾਰ ਨਾਲ ਕਈ ਥਾਵਾਂ ਤੋਂ ਕੱਟਿਆ ਹੋਇਆ

चौर–ਚੌਰ, ਪੁ., ਦੂਜੇ ਦੀ ਚੀਜ਼ ਚੁਰਾਉਣ ਵਾਲਾ ਬੰਦਾ, ਚੋਰ, ਇਕ ਖੁਸ਼ਬੂਦਾਰ ਚੀਜ਼

चौरस–ਚੌਰਸ, ਵਿ., ਚੌਕੋਰ, ਜੋ ਉਚਾ ਨੀਵਾਂ ਨਾ ਹੋਵੇ,ਬਰਾਬਰ, ਠਠੇਰੇ ਦਾ ਇਕ ਸੰਦ

चौरसा–ਚੌਰਸਾ, ਪੁ., ਚਾਰ ਰੁਪਏ ਭਰ ਦਾ ਵੱਟਾ

चौरसाना–ਚੌਰਸਾਨਾ, ਕ੍ਰਿ., ਬਰਾਬਰ ਕਰਨਾ

चौरसी–ਚੌਰਸੀ, ਇ., ਚੌਰਸ ਕਰਨ ਦਾ ਸੰਦ

चौरस्ता–ਚੌਰਸ੍ਤਾ, ਪੁ., ਚੁਰਾਹਾ, ਚੌਕ

चौरा–ਚੌਰਾ, ਪੁ., ਚਬੂਤਰਾ, ਚੁਬਾਰਾ, ਵਾੜਾ, ਚਿੱਟੀ ਪੂੰਛ ਵਾਲਾ ਪਸੂ

चौराई–ਚੌਰਾਈ, ਇ., ਇਕ ਤਰ੍ਹਾਂ ਦਾ ਸਾਗ਼, ਚਲਾਈ

चौरानवे–ਚੌਰਾਨਵੇ, ਵਿ., ਚਹੁੰ ਉਤੇ ਨੱਵੇ

चौरासी–ਚੌਰਾਸੀ, ਵਿ., ਚਹੁੰ ਉਤੇ ਅੱਸੀ, ਇ., ਇਕ ਤਰ੍ਹਾਂ ਦਾ ਘੁੰਗਰੂ, ਚੁਰਾਸੀ ਲੱਖ ਜੂਨ

चौराहा–ਚੌਰਾਹਾ, ਪੁ., ਚੁਰਸਤਾ, ਚੌਕ

चौरी–ਚੌਰੀ, ਇ., ਛੋਟਾ ਚਬੂਤਰਾ, ਚੋਰੀ

चौरेठा–ਚੌਰੇਠਾ, ਪੁ., ਪਾਣੀ ਨਾਲ ਪੀਸਿਆ ਹੋਇਆ ਚਾਉਲ

चौलड़ा–ਚੌਲੜਾ, ਵਿ., ਜਿਸ ਦੀਆਂ ਚਾਰ ਲੜੀਆਂ ਹੋਣ

चौलाई–ਚੌਲਾਈ, ਇ., ਇਕ ਤਰ੍ਹਾਂ ਦਾ ਸਾਗ

चौवन–ਚੌਵਨ, ਵਿ., ਪੰਜਾਹ ਉੱਤੇ ਚਾਰ

चौवा–ਚੌਵਾ, ਪੁ., ਹੱਥ ਦੀਆਂ ਚਾਰ ਉਂਗਲੀਆਂ ਦਾ ਸਮੂਹ, ਤਾਸ਼ ਦਾ ਇਕ ਪੱਤਾ

चौवालीस–ਚੌਵਾਲੀਸ. ਵਿ., ਚਹੁੰ ਤੇ ਚਾਲੀ

चौस–ਚੌਸ, ਪੁ., ਚਾਰ ਵਾਰੀ ਵਾਹਿਆ ਹੋਇਆ ਖੇਤ

चौसर–ਚੌਸਰ, ਪੁ., ਇਕ ਖੇਲ੍ਹ, ਚੌਪੜ, ਚਾਰਲੜਾ ਹਾਰ

चौहट, चौहटा–ਚੌਹਟ, ਚੌਹਟਾ, ਪੁ., ਚੌਕ, ਉਹ ਥਾਂ ਜਿਥੇ ਚਾਰ ਰਸਤੇ ਮਿਲਣ

चौहत्तर–ਚੌਹੱਤਰ, ਵਿ., ਚਹੁੰ ਤੇ ਸੱਤਰ

चौहद्दी–ਚੌਹੱਦੀ, ਇ., ਚਾਰ ਪਾਸੇ ਦੀ ਹੱਦ

चौहरा–ਚੌਹਰਾ, ਵਿ., ਚਾਰ ਤਹਿਆਂ ਦਾ, ਚੌਗਣਾ, ਪੁ., ਦੇਖੋ ਚੌਘੜਾ (चौघड़ा)

चौहान–ਚੌਹਾਨ, ਪੁ., ਖੱਤਰੀਆਂ ਦੀ ਇਕ ਪਰਸਿਧ ਸ਼ਾਖ

च्यवन–ਚੌਜਵਨ, ਪੁ., ਝਰਨ, ਟਪਕਣ, ਚੋਣ, ਰਸਣ, ਇਕ ਰਿਸ਼ੀ ਦਾ ਨਾਉਂ

च्यवनप्राश–ਚਜਵਨਪ੍ਰਾਸ਼, ਪੁ , ਆਯੂਰਵੇਦ ਦੀ ਇਕ ਮਸ਼ਹੂਰ ਚਟਨੀ ਜੋ ਸਰੀਰ ਨੂੰ ਤਾਕਤ ਦਿੰਦੀ ਹੈ

च्युत–ਚਜੁਤ, ਵਿ., ਗਿਰਿਆ ਹੋਇਆ, ਚੋਇਆ ਹੋਇਆ, ਆਪਣੀ ਥਾਂ ਤੋਂ ਹਟਿਆ ਹੋਇਆ

च्युति–ਚਜੁਤਿ, ਇ., ਡਿੱਗਣ, ਥਾਂ ਤੋਂ ਹਟਣ ਦਾ ਭਾਵ, ਭੁੱਲ, ਗੁਦਾ ਦਾ ਦਰਵਾਜਾ, ਭਗ

छ-ਛ

छ-ਛ, ਹਿੰਦੀ ਵਰਣਮਾਲਾ ਵਿਚ ਚਵਰਗ ਦਾ ਦੂਸਰਾ ਅੱਖਰ, ਜੋ ਤਾਲੂਏ ਤੋਂ ਬੋਲਿਆ ਜਾਂਦਾ ਹੈ, ਪੁ., ਢਕਣਾ, ਘਰ, ਟੁਕੜਾ, ਵਿ., ਗਿਣਤੀ ਵਿਚ ਪੰਜ ਤੋਂ ਇਕ ਵੱਧ

छंग-ਛੰਗ, ਪੁ., ਗੋਦ, ਗੋਦੀ

छंगा-ਛੰਗਾ, ਵਿ., ਛੇ ਉਂਗਲੀਆਂ ਵਾਲਾ, ਜਿਸ ਦੇ ਇਕ ਪੰਜੇ ਵਿਚ ਛੇ ਉਂਗਲੀਆਂ ਹੋਣ, ਛਾਂਗਾ

छंछाल-ਛੰਛਾਲ, ਪੁ., ਹਾਥੀ

छंछौरी-ਛੰਛੌਰੀ, ਇ., ਲੱਸੀ ਦੀ ਬਣੀ ਮਿਠਿਆਈ

छँटना-ਛੰਟਨਾ, ਕ੍ਰਿ., ਦਾਣੇ ਕਿਰਨਾ, ਤਿਤਰ ਬਿਤਰ ਹੋਣਾ, ਸਾਥ ਛੱਡਣਾ, ਕਮਜ਼ੋਰ ਹੋਣਾ, ਟਾਹਣੀ ਨਾਲੋਂ ਵੱਖ ਹੋਣਾ

छँटवाना-ਛੰਟਵਾਨਾ ਕ੍ਰਿ., ਕਿਸੇ ਚੀਜ਼ ਦਾ ਬੇ ਲੋੜਾ ਹਿੱਸਾ ਕਟਵਾ ਦੇਣਾ, ਕਟਵਾਉਣਾ, ਛਿਲਵਾਉਣਾ

छँटाई-ਛੰਟਾਈ, ਇ., ਛਾਂਟਨ ਜਾਂ ਵੱਖ ਕਰਨ ਦਾ ਕੰਮ, ਸਾਫ ਕਰਨ ਦਾ ਕੰਮ

छँटाव-ਛੰਟਾਵ, ਪੁ., ਛਾਂਟਨ ਦਾ ਕੰਸ. ਛੰਟਾਈ

छँडना-ਛੰਡਣਾ, ਕ੍ਰਿ.. ਛੰਡਣਾ, ਛਾਂਟਨਾ, ਕੈ ਕਰਨੀ, ਉਲਟੀ ਕਰਨੀ

छंडुआ-ਛੰਡੁਆ, ਵਿ., ਛੱਡਿਆ ਹੋਇਆ, ਪੁ, ਦੇਵਤਾ ਨੂੰ ਅਰਪਣ ਕਰ ਕੇ ਛੱਡਿਆ ਹੋਇਆ ਪਸ਼ੂ

छंद-ਛੰਦ,ਪੁ., ਜੁਗਤੀ, ਚਾਲ, ਰੰਗ ਢੰਗ, ਮਤਲਬ ਜ਼ਹਰ,ਵਿਹੁ, ਤੀਵੀਆਂ ਦੇ ਹੱਥ ਵਿਚ ਪਾਉਣ ਦਾ ਗਹਿਣਾ

छंदना-ਛੰਦਨਾ, ਕ੍ਰਿ., ਪੈਰਾਂ ਦਾ ਰੱਸੀ ਨਾਲ ਬੰਨ੍ਹਿਆ ਜਾਣਾ

छंदबंद-ਛੰਦਬੰਦ, ਪੁ., ਛਲ, ਕਪਟ, ਚਾਲਬਾਜ਼ੀ, ਧੋਖਾ

छंदी-ਛੰਦੀ, ਇ., ਤੀਵੀਆਂ ਦੇ ਹੱਥ ਵਿਚ ਪਹਿਰਨ ਦਾ ਗਹਿਣਾ

छकड़ा-ਛਕੜਾ, ਪੁ., ਬੋਝ ਲੱਦਣ ਦੀ ਦੋ ਪਹੀਆ ਗੱਡੀ, ਵਿ., ਟੁੱਟਿਆ ਫੁਟਿਆ

छकड़िया-ਛਕੜਿਯਾ, ਇ., ਛੇ ਕਹਾਰਾਂ ਜਾਂ ਝੀਉਰਾਂ ਦੇ ਚੁੱਕਣ ਦੀ ਪਾਲਕੀ

छकड़ी-ਛਕੜੀ, ਇ., ਛੇ ਦਾ ਸਮੂਹ. ਜਿਸ ਦੇ ਛੇ ਅੰਗ ਹੋਣ

छकना-ਛਕਨਾ, ਕ੍ਰਿ., ਖਾ ਪੀ ਕੇ ਰਜਣਾ, ਖਾਣਾ, ਚਕਰਾਉਣਾ, ਹੈਰਾਨ ਹੋਣਾ

छकाछक-ਛਕਾਛਕ, ਵਿ., ਭਰਿਆ ਹੋਇਆ, ਨਸ਼ੇ ਵਿਚ ਚੂਰ, ਪਾਗਲ, ਮਸਤ, ਰੱਜਿਆ ਪੁੰਜਿਆ, ਪੁ.. ਇੰਜਨ ਦਾ ਚੱਲਣ ਵੇਲੇ ਸ਼ਬਦ

छकाना-ਛਕਾਨਾ, ਕ੍ਰਿ., ਖੁਆ ਪਿਆ ਕੇ ਰਜਾਉਣਾ, ਹੈਰਾਨ ਕਰਨਾ, ਦੁਖ ਦੇਣਾ

छकुर-ਛਕੁਰ, ਪੁ., ਖੇਤੀ ਦੀ ਉਹ ਵੰਡਾਈ ਜਿਸ ਵਿਚ ਜ਼ਿਮੀਂਦਾਰ ਛੇਵਾਂ ਹਿੱਸਾ ਲੈਂਦਾ ਹੈ

छक्का-ਛੱਕਾ, ਪੁ., ਛੇ ਦਾ ਸਮੂਹ, ਪਾਸੇ ਦਾ ਦਾਅ, ਜੂਏ ਦਾ ਦਾਅ, ਤਾਸ਼ ਦਾ ਇਕ ਪੱਤਾ, ਸੁਧ ਬੁਧ, ਹੋਸ਼, ਚੇਤਾ, ਖਿਆਲ

छग, छगड़ा-ਛਗ, ਛਗੜਾ, ਪੁ., ਬੱਕਰਾ

छगण-ਛਗਣ, ਪੁ., ਸੁੱਕਿਆ ਗੋਹਾ, ਕੰਡਾ

छगन-ਛਗਨ, ਪੁ., ਛੋਟਾ ਬੱਚਾ, ਪਿਆਰਾ ਬੱਚਾ

छगनमगन-ਛਗਨਮਗਨ, ਪੁ., ਹੱਸਣ ਖੇਡਣ ਵਾਲੇ ਪਿਆਰੇ ਬੱਚੇ

छगरी-ਛਗਰੀ, ਇ., ਛੋਟੀ ਬੱਕਰੀ, ਪੱਠ, ਮੇਮਣੀ

छगल-ਛਗਲ, ਪੁ., ਬੱਕਰਾ

छगुनी-ਛਗੁਨੀ, ਇ., ਹੱਥ ਦੀ ਸਭ ਤੋਂ ਛੋਟੀ ਉਂਗਲ, ਚੀਚੀ

छछिया-ਛਛਿਯਾ, ਇ., ਲੱਸੀ ਪੀਣ ਦਾ ਛੋਟਾ ਭਾਂਡਾ, ਲੱਸੀ, ਮੱਠਾ, ਛਾਹ

छछूंदर-ਛਛੂੰਦਰ, ਪੁ., ਚੂਹੇ ਵਰਗਾ ਜਾਨਵਰ ਜਿਸ ਦੇ ਮੂੰਹ ਦਾ ਅਗਲਾ ਹਿੱਸਾ ਜ਼ਿਆਦਾ ਨੋਕਦਾਰ ਹੁੰਦਾ ਹੈ, ਇਕ ਤਰ੍ਹਾਂ ਦਾ ਤਵੀਤ, ਇਕ ਤਰ੍ਹਾਂ ਦੀ ਆਤਸ਼ਬਾਜ਼ੀ

छजना-ਛਜਨਾ, ਕ੍ਰਿ., ਚੰਗਾ ਲਗਣਾ, ਸਜਣਾ, ਠੀਕ ਜਚਣਾ

छज्जा-ਛੱਜਾ, ਪੁ., ਛੱਤ ਦਾ ਉਹ ਭਾਗ ਜੋ ਕੰਧ ਤੋਂ ਬਾਹਰ ਨਿਕਲਿਆ ਹੋਇਆ ਹੋਵੇ, ਛੋਜੱਾ, ਟੋਪੀ ਦੇ ਕਿਨਾਰੇ ਦਾ ਨਿਕਲਿਆ ਹੋਇਆ ਹਿੱਸਾ

छटंकी- ਡਟੰਕੀ, ਇ., ਇਕ ਛਟਾਂਕ ਦਾ ਵੱਟਾ, ਬਹੁਤ ਛੋਟੀ ਚੀਜ਼

छटकना-ਛਟਕਨਾ, ਕ੍ਰਿ., ਤੇਜੀ ਨਾਲ ਨਿਕਲ ਜਾਣਾ, ਵੱਖੋ ਵੱਖ ਰਹਿਣਾ, ਹੱਥ ਨਾ ਆਉਣਾ, ਕੁਦਣਾ

छटका-ਖਟਕਾ, ਪੁ., ਮੱਛੀਆਂ ਦੇ ਫੜਨ ਦਾ ਟੋਆ

छटपट-ਛਟਪੰਟ, ਪੁ., ਪੀੜ ਜਾਂ ਬੰਨ੍ਹਣ ਕਰਕੇ ਪੈਰ ਪਟਕਣ ਦਾ ਕੰਮ, ਕ੍ਰਿ. ਵਿ., ਛੇਤੀ ਨਾਲ, ਵਿ., ਹੁਸ਼ਿਆਰ, ਚਾਲਾਕ

छटपटाना-ਛਟਪਟਾਨਾ, ਕ੍ਰਿ., ਤੜਫੜਾਉਣਾ, ਘਬਰਾਉਣਾ, ਬੇਚੈਨ ਹੋਣਾ

छटपटी-ਛਟਪਟੀ, ਇ., ਬੇਚੈਨੀ, ਘਬਰਾਹਟ, ਚਾਹਨਾ

छटांक-ਡਟਾਂਕ, ਇ., ਇਕ ਸੇਰ ਦਾ ਸੋਲ੍ਹਵਾ ਹਿੱਸਾ

छटा-ਛਟਾ, ਇ., ਰੋਸ਼ਨੀ, ਝਲਕ, ਸੋਭਾ, ਸੁੰਦਰਤਾ, ਬਿਜਲੀ, ਭਾਰ, ਵਿ., ਛੇਵਾਂ

छटाभा-ਛਟਾਭਾ, ਇ., ਬਿਜਲੀ ਦੀ ਚਮਕ

छटैल-ਛਟੈਲ, ਵਿ., ਛਟਿਆ ਹੋਇਆ, ਚਾਲਾਕ

छठ-ਛਠ, ਇ., ਛੇਵੀਂ ਤਿਥ

छठवां, छठा-ਛਠਵਾਂ, ਛਠਾ, ਵਿ., ਛੇਵਾਂ

छठी-ਛਠੀ, ਇ., ਜਨਮ ਤੋਂ ਛੇਵੇਂ ਦਿਨ ਜਾਂ ਛੇਵੇਂ ਮਹੀਨੇ ਦੀ ਪੂਜਾ

छड़-ਛੜ. ਇ., ਧਾਤ ਜਾਂ ਲੱਕੜ ਦਾ ਲੰਮਾ ਪਤਲਾ ਟੁਕੜਾ ਜਾਂ ਗਜ, ਗਊ ਦਾ ਇਕ ਪੈਰ ਚੁਕ ਕੇ ਧਰਤੀ ਤੇ ਮਾਰਨ ਦਾ ਭਾਵ

छड़ना-ਛੜਨਾ, ਕ੍ਰਿ., ਅੰਨ ਆਦਿ ਨੂੰ ਉਖਲੀ ਵਿਚ ਪਾ ਕੇ ਕੁੱਟਣਾ ਅਤੇ ਸਾਫ ਕਰਨਾ, ਛੰਡਣਾ

छड़ा-ਛੜਾ, ਪੁ., ਤੀਵੀਆਂ ਦੇ ਪੈਰ ਵਿਚ ਪਹਿਰਣ ਦਾ ਛੱਲਾ,

ਮੋਤੀਆਂ ਦੀ ਲੜੀ, ਵਿ., ਇਕੱਲਾ, ਅਣਵਿਆਹਿਆ

ਛੜਿਯਾ–ਛੜਿਯਾ, ਪੁ., ਦਰਬਾਨ

ਛੜਿਯਾਲ–ਛੜਿਯਾਲ, ਪੁ., ਇਕ ਤਰ੍ਹਾਂ ਦਾ ਭਾਲਾ ਜਾਂ ਬਰਛਾ

ਛੜੀ–ਛੜੀ, ਇ., ਪਤਲੀ ਸੋਟੀ, ਝੰਡੀ, ਛਮਕੀ, ਵਿ., ਇਕੱਲੀ, ਅਣਵਿਆਹੀ ਤੀਵੀਂ

ਛੜੀਦਾਰ–ਛੜੀਦਾਰ, ਵਿ., ਛਮਕੀ ਵਾਲਾ, ਲਕੀਰਦਾਰ, ਸਿਧੀ ਲਕੀਰ ਦਾ, ਪੁ., ਦਰਬਾਨ

ਛਤ–ਛਤ, ਇ., ਚੂਨਾ ਕੰਕਰ ਆਦਿ ਨਾਲ ਬਣਾਇਆ ਹੋਇਆ ਫਰਸ਼, ਘਰ ਦਾ ਖੁਲ੍ਹਿਆ ਹੋਇਆ ਕੋਠਾ, ਜ਼ਖਮ, ਫੱਟ

ਛਤਨਾ–ਛਤਨਾ, ਪੁ., ਪੱਤਿਆਂ ਦੀ ਬਣੀ ਹੋਈ ਛਤਰੀ

ਛਤਨਾਰ–ਛਤਨਾਰ, ਵਿ., ਛਤਰੀ ਦੀ ਤਰ੍ਹਾਂ ਫੈਲਿਆ ਹੋਇਆ

ਛਤਰੀ–ਛਤਰੀ, ਇ., ਛਤਰੀ, ਪੱਤਿਆਂ ਦੀ ਬਣੀ ਹੋਈ ਛਤਰੀ, ਯਾਦਗਾਰ ਲਈ ਬਣਾਇਆ ਹੋਇਆ ਮੰਡਪ, ਕਬੂਤਰਾਂ ਦੇ ਬੈਠਣ ਦੀ ਛੱਤ, ਤਾਂਗੇ ਦੀ ਛੱਤ

ਛਤਿਯਾ–ਛਤਿਯਾ, ਇ., ਛਾਤੀ, ਹਿੱਕ

ਛਤਿਯਾਨਾ–ਛਤਿਯਾਨਾ, ਕ੍ਰਿ., ਛਾਤੀ ਦੇ ਕੋਲ ਕੋਲ ਜਾਣਾ, ਬੰਦੂਕ ਤਾਣਨਾ

ਛਤੀਸਾ–ਛਤੀਸਾ, ਵਿ., ਚਤਰ, ਸਿਆਣਾ, ਮੂਰਖ, ਮੱਕਾਰ

ਛੱਤਾ–ਛੱਤਾ, ਪੁ., ਛਤਰੀ, ਛੱਤਿਆ ਹੋਇਆ ਰਾਹ, ਸ਼ਹਿਦ ਦੀ ਮੱਖੀਆਂ ਦਾ ਘਰ

ਛੱਤੀਸ–ਛੱਤੀਸ, ਵਿ., ਤੀਹ ਤੇ ਛੇ, ਛੱਤੀ

ਛੱਤੀਸਾ–ਛੱਤੀਸਾ, ਪੁ., ਨਾਈ, ਵਿ., ਮੂਰਖ, ਚਤਰ, ਚਲਾਕ

ਛਤ੍ਰ–ਛੱਤ੍ਰ, ਪੁ., ਛਤਰੀ, ਰਾਜੇ ਮਹਾਰਾਜਿਆਂ ਦਾ ਛਤਰ; ਖੁੰਬ

ਛਤ੍ਰਕ–ਛਤ੍ਰਕ, ਪੁ., ਇਕ ਬਹੁਤ ਜ਼ਿਆਦਾ ਖੁਸ਼ਬੂਦਾਰ ਬੂਟਾ, ਇਕ ਪੰਛੀ, ਮਿਸਰੀ ਦਾ ਕੂਜਾ, ਮੰਦਰ, ਸ਼ਹਿਦ ਦਾ ਛੱਤਾ

ਛਤ੍ਰਧਰ–ਛਤ੍ਰਧਰ, ਪੁ., ਛਤਰ ਧਾਰਨ ਕਰਨ ਵਾਲਾ ਮਨੁੱਖ, ਰਾਜਾ, ਰਾਜੇ ਪਰ ਛਤਰ ਤਾਣਨ ਵਾਲਾ ਸੇਵਾਦਾਰ

ਛਤ੍ਰਪਤਿ–ਛੱਤ੍ਰਪਤਿ, ਪੁ., ਛਤਰ ਦਾ ਮਾਲਕ, ਰਾਜਾ

ਛਤ੍ਰਪਤ੍ਰ–ਛਤ੍ਰਪਤ੍ਰ, ਪੁ., ਭੋਜ ਪੱਤਰ ਦਾ ਰੁੱਖ, ਕੰਵਲ

ਛਤ੍ਰਬਨ੍ਧੁ–ਛਤ੍ਰਬੰਧੁ, ਪੁ., ਨੀਚ ਕੁਲ ਦਾ ਛੱਤਰੀ

ਛਤ੍ਰਾਂਗ–ਛਤ੍ਰਾਂਗ ਪੁ., ਗੋਦੰਤੀ ਹਰਤਾਲ

ਛਤ੍ਰਾ–ਛਤ੍ਰਾ, ਇ., ਮਜੀਠ, ਧਣੀਆ

ਛਤ੍ਰੀ–ਛਤ੍ਰੀ, ਵਿ., ਛਤਰ ਧਾਰਨ ਕਰਨ ਵਾਲਾ, ਛਤਰਧਾਰੀ, ਪੁ., ਨਾਈ

ਛਤ੍ਵਰ–ਛੱਤ੍ਵਰ, ਪੁ., ਘਰ, ਬਾਗ਼, ਬਗੀਚਾ, ਫੁਲਵਾੜੀ

ਛਦ, ਛਦਨ–ਛਦ, ਛਦਨ, ਪੁ., ਢਕਣਾ, ਛਿੱਲ, ਪੱਤਾ, ਪੰਛੀਆਂ ਦੇ ਫੰਘ, ਤਮਾਲ ਨਾਉਂ ਦਾ ਰੁੱਖ, ਤੇਜਪਾਲ

ਛਦਾਮ–ਛਦਾਮ, ਪੁ., ਪੈਸੇ ਦਾ ਚੋਥਾ ਹਿੱਸਾ, ਦਮੜੀ

ਛਦ੍ਦਰ–ਛੱਦਰ, ਪੁ., ਸ਼ਰਾਰਤੀ ਮੁੰਡਾ, ਇੱਲਤੀ ਲੜਕਾ

ਛਦ੍ਮ–ਛਦਮ, ਪੁ., ਛਿਪਾਉ, ਬਹਾਨਾ, ਛਲ, ਕਪਟ, ਸਾਂਗ, ਫਰੇਬ, ਧੋਖਾ

ਛਦ੍ਮਵੇਸ਼–ਛਦਮਵੇਸ਼, ਪੁ., ਦੂਸਰੇ ਨੂੰ ਠਗਣ ਲਈ ਬਣਾਇਆ ਹੋਇਆ ਭੇਸ, ਗੁਪਤ ਪਹਿਰਾਵਾ

ਛਦ੍ਮਵੇਸ਼ੀ–ਛਦਮਵੇਸ਼ੀ, ਵਿ., ਜਿਸ ਨੇ ਭੇਸ ਬਦਲਿਆ ਹੋਵੇ, ਸਾਂਗੀ, ਬਹੁਰੂਪੀਆ

ਛਦ੍ਮੀ–ਛਦਮੀ, ਵਿ., ਛਲੀਆ, ਕਪਟੀ, ਅਸਲੀ ਰੂਪ ਨੂੰ ਛਿਪਾਉਣ ਵਾਲਾ, ਧੋਖੇਬਾਜ਼, ਬਹੁਰੂਪੀਆ

ਛਨਕ–ਛਨਕ, ਇ., ਝਨਝਨਾਹਟ, ਛਣਕਾਰ, ਮਚਦੀ ਚੀਜ ਤੇ ਪਾਣੀ ਪੈ ਜਾਣ ਨਾਲ ਉਤਪੰਨ ਹੋਇਆ ਸ਼ਬਦ, ਭੜਕ ਪੁ., ਥੋੜੀ ਦੇਰ

ਛਨਕਨਾ–ਛਨਕਨਾ, ਕ੍ਰਿ., ਤਪੀ ਹੋਈ ਚੀਜ਼ ਤੇ ਪਾਣੀ ਪੈ ਜਾਣ ਨਾਲ ਛਨਛਨ ਸ਼ਬਦ ਕਰ ਕੇ ਪਾਣੀ ਉੱਡਣਾ, ਝਨਕਾਰ ਕਰਨਾ, ਚੁਕੰਨਾ ਹੋਣਾ, ਭੜਕਣਾ

ਛਨਕਾਨਾ–ਛਨਕਾਨਾ, ਕ੍ਰਿ., ਚੁਕੰਨਾ ਕਰਨਾ, ਭੜਕਾਉਣਾ, ਛੌਂਕਾ ਲਾਉਣਾ

ਛਨਛਨਾਨਾ–ਛਨਛਨਾਨਾ, ਕ੍ਰਿ., ਝਨਕਾਰ ਕਰਨਾ, ਝਨਝਨਾਉਣਾ, ਛੌਂਕਾਂ ਲਾਉਣਾ

ਛਨਛਵਿ–ਛਨਛਵਿ, ਇ., ਥੋੜੀ ਦੇਰ ਦੀ ਚਮਕ, ਬਿਜਲੀ

ਛਨਨਮਨਨ–ਛਨਨਮਨਨ, ਪੁ., ਤਪੇ ਹੋਏ ਤੇਲ ਜਾਂ ਘਿਉ ਵਿਚ ਗਿੱਲੀ ਚੀਜ ਦੇ ਪੈ ਜਾਣ ਤੋਂ ਉਤਪੰਨ ਹੋਇਆ ਸ਼ਬਦ

ਛਨਨਾ–ਛਨਨਾ, ਕ੍ਰਿ., ਬਰੀਕ ਛੇਕਾਂ ਵਿਚ ਦੀ ਕਿਸੇ ਚੀਜ ਦਾ ਹੇਠਾਂ ਡਿਗਣਾ, ਥਾਂ ਥਾਂ ਤੇ ਛੇਕ ਹੋ ਜਾਣਾ, ਫੈਸਲਾ ਹੋਣਾ, ਛਾਨ ਬੀਨ ਹੋਣੀ, ਪੁ., ਛਾਣਨ ਦਾ ਬਰੀਕ ਕਪੜਾ, ਪੋਣਾ

ਛਨਵਾਨਾ–ਛਨਵਾਨਾ, ਕ੍ਰਿ., ਦੇਖੋ ਛਨਾਨਾ (ਛਨਾਨਾ)

ਛਨਾਕਾ–ਛਨਾਕਾ, ਪੁ., ਝਨਕਾਰ, ਰੁਪਇਆਂ ਦੇ ਵਜਣ ਦਾ ਸ਼ਬਦ

ਛਨਾਨਾ–ਛਨਾਨਾ, ਕ੍ਰਿ., ਕਿਸੇ ਦੂਸਰੇ ਤੋਂ ਛਾਣਨ ਦਾ ਕੰਮ ਕਰਾਉਣਾ, ਨਸ਼ਾ ਪਿਲਾਉਣਾ

ਛਨਿਕ–ਛਨਿਕ, ਵਿ., ਥੋੜੇ ਸਮੇ ਦਾ, ਪੁ., ਥੋੜੀ ਦੇਰ

ਛਨ੍ਨ–ਛੰਨ, ਵਿ., ਢਕਿਆ ਹੋਇਆ, ਗੁਪਤ, ਪੁ., ਗੁਪਤ ਥਾਂ, ਛੋਟੀ ਕੰਕਰੀ, ਰੋੜੀ

ਛਨ੍ਨਮਤਿ–ਛੰਨਮਤਿ, ਵਿ., ਮੂਰਖ, ਬੇਵਕੂਫ, ਕਮੋਕਲ

ਛਨ੍ਦ–ਛੰਦ, ਪੁ., ਵੇਦ ਵਾਕਾਂ ਦਾ ਉਹ ਭੇਦ ਜੋ ਅੱਖਰਾਂ ਦੀ ਗਿਣਤੀ ਦੇ ਮੁਤਾਬਕ ਕੀਤਾ ਜਾਂਦਾ ਹੈ, ਉਹ ਵਿਦਿਆ ਜਿਸ ਵਿਚ ਛੰਦਾਂ ਦੇ ਵਿਚਾਰ ਹੋਣ, ਇੱਛਿਆ, ਬੰਨ੍ਹਣ, ਕਪਟ, ਛਲ

ਛਨ੍ਦਕ–ਛੰਦਕ, ਵਿ., ਰੱਖਕ, ਛਲੀਆ, ਧੋਖੇਬਾਜ਼

ਛਨ੍ਦਪਾਤਨ–ਛੰਦਪਾਤਨ, ਪੁ., ਢੋਂਗੀ ਸਾਧ, ਬੂਬਣਾ ਸਾਧ

ਛਨ੍ਦੋਗ–ਛੰਦੋਗ, ਪੁ., ਸਾਮ ਵੇਦੀ, ਸਾਮ ਵੇਦ ਦਾ ਗਾਉਣ ਵਾਲਾ

ਛਨ੍ਦੋਬਦ੍ਧ–ਛੰਦੋਬੱਧ, ਵਿ., ਤੁਕਬੰਦ, ਜੋ ਛੰਦਾਂ ਵਿਚ ਰਚਿਆ ਹੋਵੇ

ਛਪ–ਛਪ, ਇ., ਪਾਣੀ ਵਿਚ ਕਿਸੇ ਚੀਜ਼ ਦੇ ਡਿੱਗਣ ਦਾ ਸ਼ਬਦ

छपकना–ਛਪਕਨਾ, ਕ੍ਰਿ., ਪਤਲੀ ਲਚਕਦਾਰ ਛਮਕੀ ਨਾਲ ਮਾਰਨਾ, ਤਲਵਾਰ ਨਾਲ ਕਿਸੇ ਚੀਜ ਨੂੰ ਕੱਟ ਸੁਟਣਾ,

छपका–ਛਪਕਾ, ਪੁ., ਸਿਰ ਦਾ ਇਕ ਗਹਿਣਾ, ਪਤਲੀ ਲਚਕੀਲੀ ਛਟੀ, ਕਬੂਤਰ ਫਸਾਉਣ ਦਾ ਇਕ ਜਾਲ, ਪਾਣੀ ਵਿਚ ਹੱਥ ਪੈਰ ਮਾਰਨ ਦਾ ਕੰਮ

छपटना–ਛਪਟਨਾ; ਕ੍ਰਿ., ਗਲਵੱਕੜੀ ਹੋਣਾ. ਜੱਫੀ ਪਾਉਣਾ, ਛਾਤੀ ਨਾਲ ਲਾਉਣਾ, ਚਿਪਕਣਾ, ਲਿਪਟਣਾ

छपटी–ਛਪਟੀ, ਇ., ਲੱਕੜ ਦੀ ਫਾਂਚ ਜੋ ਤਰਾਸ਼ਨ ਨਾਲ ਨਿਕਲੀ ਹੋਵੇ, ਪੱਚਰ, ਵਿ., ਦੁਬਲਾ ਪਤਲਾ

छपद–ਛਪਦ, ਪੁ., ਭੌਰਾ

छपन–ਖਪਨ, ਵਿ., ਲੁਪਤ, ਲੁਕਵਾਂ, ਗਾਇਬ, ਪੁ., ਨਾਸ, ਖਾਤਮਾ

छपना–ਛਪਨਾ, ਕ੍ਰਿ., ਛਾਪਿਆ ਜਾਣਾ, ਦਾਗ ਪੈਣਾ, ਟੀਕਾ ਲਗਣਾ, ਛਿਪਣਾ

छपरखट, छपरखाट–ਛਪਰਖਟ, ਛਪਰਖਾਟ, ਪੁ., ਉਹ ਪਲੰਗ ਜਿਸ ਤੇ ਡੰਡਿਆਂ ਦੇ ਸਹਾਰੇ ਕਪੜਾ ਤਣਿਆ ਹੋਵੇ, ਮਸਹਿਰੀਦਾਰ ਪਲੰਗ, ਜਿਸ ਮੰਜੇ ਤੇ ਮੱਛਰਦਾਨੀ ਲਗੀ ਹੋਵੇ

छपरबन्द–ਛਪਰਬੰਦ, ਵਿ., ਜਿਨ੍ਹਾਂ ਦਾ ਘਰ ਬੰਨ੍ਹਿਆ ਹੋਵੇ, ਆਬਾਦ, ਬਸੇ ਹੋਏ, ਛੱਪਰ ਬੰਨ੍ਹਣ ਵਾਲੇ

छपरबन्दी–ਛਪਰਬੰਦੀ, ਇ., ਛੱਪਰ ਬੰਨ੍ਹਣ ਦਾ ਕੰਮ ਜਾਂ ਮਜ਼ਦੂਰੀ

छपरिया–ਛਪਰਿਯਾ, ਇ., ਝੁੱਗੀ, ਛੱਪਰੀ, ਕੁੱਲੀ

छपरा–ਛਪਰਾ, ਪੁ., ਪੱਤਿਆਂ ਨਾਲ ਮੜ੍ਹਿਆ ਹੋਇਆ ਪਾਨ ਰੱਖਣ ਦਾ ਟੋਕਰਾ

छपरी–ਛਪਰੀ, ਇ., ਕੁੱਲੀ, ਝੁੱਗੀ, ਝੁੰਬੀ

छपवाई–ਛਪਵਾਈ, ਇ., ਛਾਪਣ ਦਾ ਕੰਮ, ਛਾਪਣ ਦੀ ਮਜ਼ਦਰੀ

छपवाना–ਛਪਵਾਨਾ, ਕ੍ਰਿ., ਛਪਾਉਣਾ,

छपवैया–ਛਪਵੈਯਾ, ਵਿ., ਛਾਪਣ ਜਾਂ ਛਪਾਉਣ ਵਾਲਾ

छपही–ਛਪਹੀ, ਇ., ਤੀਵੀਆਂ ਦੇ ਹੱਥ ਦੀ ਉਂਗਲ ਵਿਚ ਪਾਉਣ ਦਾ ਗਹਿਣਾ

छपा–ਛਪਾ, ਇ., ਰਾਤ, ਹਲਦੀ

छपाई–ਛਪਾਈ, ਇ., ਛਾਪਣ ਦਾ ਢੰਗ ਜਾਂ ਕੰਮ, ਛਾਪਣ ਦੀ ਮਜ਼ਦੂਰੀ

छपाकर–ਛਪਾਕਰ, ਪੁ., ਚੰਦ, ਕਪੂਰ

छपाका–ਛਪਾਕਾ, ਪੁ., ਪਾਣੀ ਵਿਚ ਕਿਸੇ ਚੀਜ਼ ਦੇ ਤੇਜੀ ਨਾਲ ਡਿਗਣ ਦਾ ਸ਼ਬਦ, ਤੇਜੀ ਨਾਲ ਸਿੱਟਿਆ ਹੋਇਆ ਪਾਣੀ ਦਾ ਛਿੱਟਾ

छप्पय–ਛੱਪਜ, ਪੁ., ਇਕ ਖਾਸ ਛੰਦ

छप्पर–ਛੱਪਰ, ਪੁ., ਲੱਕੜ ਤੇ ਫੂਸ ਦੀ ਬਣਾਈ ਹੋਈ ਕੁੱਲੀ, ਬਰਸਾਤੀ ਪਾਣੀ ਇਕੱਠਾ ਹੋਣ ਦਾ ਟੋਆ, ਤਲਾਉ, ਡਿੱਗੀ, ਕੁੰਡ, ਤਲਾਈ

छब–ਛਬ, ਇ., ਦੇਖੋ ਛਵਿ (छवि)

छबड़ा, छबरा–ਛਬੜਾ, ਛਬਰਾ, ਪੁ., ਟੋਕਰਾ, ਛਾਬਾ, ਖੌਂਚਾ

छबीला–ਛਬੀਲਾ, ਵਿ., ਸੋਹਣਾ, ਸੁੰਦਰ, ਬਾਂਕਾ, ਸਜਿਆ ਧਜਿਆ

छब्बीस–ਛੱਬੀਸ, ਵਿ., ਵੀਹ ਤੇ ਛੇ

छब्बीसी–ਛੱਬੀਸੀ, ਇ., ਛੱਬੀ ਚੀਜ਼ਾਂ ਦਾ ਢੇਰ

छमंड–ਛਮੰਡ, ਪੁ., ਉਹ ਲੜਕਾ ਜਿਸ ਦਾ ਬਾਪ ਮਰ ਗਿਆ ਹੋਵੇ, ਜਤੀਮ ਬਾਲਕ

छम–ਛਮ, ਇ., ਘੁੰਗਰੂਆਂ ਦੀ ਆਵਾਜ਼

छमक–ਛਮਕ, ਇ., ਠਾਠ ਬਾਠ, ਸ਼ੁਕੀਨੀ

छमकना–ਛਮਕਨਾ, ਕ੍ਰਿ., ਘੁੰਗਰੂਆਂ ਦਾ ਠਣਕਣਾ, ਝਨਕਾਰ ਕਰਨੀ, ਸ਼ੁਕੀਨੀ, ਦਿਖਾਉਣੀ

छमछम–ਛਮਛਮ, ਇ., ਘੁੰਗਰੂ ਆਦਿ ਦੇ ਵੱਜਣ ਦਾ ਸ਼ਬਦ

छमछमाना–ਛਮਛਮਾਨਾ, ਕ੍ਰਿ.; ਛਮਛਮ ਸ਼ਬਦ ਕਰਨਾ, ਛਮਛਮ ਸ਼ਬਦ ਕਰ ਕੇ ਚੱਲਣਾ

छमना–ਛਮਨਾ, ਕ੍ਰਿ., ਮਾਫ਼ ਕਰਨਾ, ਖਿਮਾ ਕਰਨਾ

छमा–ਛਮਾ, ਇ., ਦੇਖੋ ਕਸ਼ਮਾ (क्षमा)

छमाछम–ਛਮਾਛਮ, ਇ., ਦੇਖੋ ਛਮ ਛਮ (छम छम) ਕ੍ਰਿ. ਵਿ., ਲਗਾਤਾਰ, ਛਮਛਮ ਸ਼ਬਦ ਨਾਲ

छमावन–ਛਮਾਵਨ, ਵਿ., ਖਿਮਾ ਕਰਨ ਵਾਲਾ, ਮੁਆਫ ਕਰਨ ਵਾਲਾ

छमाशी, छमासी–ਛਮਾਸ਼ੀ, ਛਮਾਸੀ, ਇ., ਛੇ ਮਾਸੇ ਦਾ ਵੱਟਾ, ਮਰਨ ਤੋਂ ਛੇ ਮਹੀਨੇ ਪਿਛੋਂ ਹੋਣ ਵਾਲਾ ਸਰਾਧ

छमिच्छा–ਛਮਿੱਛਾ, ਇ., ਉਲਝਣ, ਇਸ਼ਾਰਾ, ਸਮੱਸਿਆ

छमुख–ਛਮੁਖ, ਪੁ., ਕਾਰਤਿਕੇ, ਵਿ., ਛੇ ਮੰਹ ਵਾਲਾ

छय–ਛਯ, ਪੁ., ਦੇਖੋ ਕਸ਼ਯ (क्षय)

छरई–ਛਰਈ, ਇ., ਇਕ ਤਰ੍ਹਾਂ ਦਾ ਠੱਪਾ

छयना–ਚਯਨਾ, ਕ੍ਰਿ., ਨਾਸ ਹੋਣਾ, ਨਸ਼ਟ ਹੋਣਾ, ਤਬਾਹ ਹੋਣਾ, ਬਰਬਾਦ ਹੋਣਾ

छरकना–ਛਰਕਨਾ, ਕ੍ਰਿ., ਖਿੰਡਣਾ, ਖਿਲਰਨਾ

छरछराना–ਛਰਛਰਾਨਾ, ਕ੍ਰਿ., ਫੱਟ ਤੇ ਲੂਣ ਲਗਣ ਨਾਲ ਪੀੜ ਹੋਣੀ, ਕਿਸੇ ਚੀਜ਼ ਤੇ ਕਣੀਆਂ ਦਾ ਡਿਗਣਾ

छरना–ਛਰਨਾ. ਕ੍ਰਿ., ਟਪਕਣਾ, ਚੂਣਾ, ਦੂਰ ਹੋਣਾ, ਵਗਣਾ, ਧੋਖਾ ਦੇਣਾ, ਠਗਣਾ, ਮੋਹਤ ਕਰਨਾ

छरभार–ਛਰਭਾਰ, ਪੁ., ਕੰਮ ਦਾ ਭਾਰ, ਝੰਝਟ, ਟੰਟਾ

छरहरा–ਛਰਹਰਾ, ਵਿ., ਟੁਟੇ ਅੰਗ ਵਾਲਾ, ਹੌਲਾ, ਫੁਰਤੀਲਾ, ਬਹੁਰੂਪੀਆ

छरहरापन–ਛਰਹਰਾਪਨ, ਪੁ., ਚੁਸਤੀ, ਫੁਰਤੀ, ਚਲਾਕੀ, ਤੇਜ਼ੀ

छरा–ਛਰਾ, ਪੁ., ਛੜਾ, ਲੜੀ, ਰੱਸੀ, ਪਜਾਮੇ ਦਾ ਨਾਲਾ

छरिआ–ਛਰਿਆ, ਪੁ., ਦਰਬਾਨ

छरीदा–ਛਰੀਦਾ, ਵਿ., ਬਿਨਾ ਸੰਗ ਸਾਥ ਤੋਂ, ਇਕੱਲਾ, ਬਿਨਾ ਬੋਝ ਤੋਂ

ਛਰੀਲਾ–ਛਰੀਲਾ, ਪੁ., ਇਕ ਬੂਟਾ, ਪੱਥਰਫੁੱਲ

ਛਰੇਰਾ–ਛਰੇਰਾ, ਪੁ., ਸਰੀਰ ਤੇ ਪਈ ਹੋਈ ਝਰੀਟ

ਛਰਦਨ–ਛਰਦਨ, ਪੁ., ਕੈ ਕਰਨੀ, ਉਲਟੀ ਕਰਨੀ

ਛਰਦਿ–ਛਰਦਿ, ਇ., ਕੈ, ਉਲਟੀ

ਛਰਾ–ਛਰਰਾ, ਪੁ., ਕੰਕਰ ਆਦਿ ਦਾ ਛੋਟਾ ਟੁਕੜਾ, ਬੰਦੂਕ ਦੇ ਭਰਨ ਦੇ ਸਿੱਕੇ ਦੇ ਛੋਟੇ ਛੋਟੇ ਟੁਕੜੇ, ਪਾਣੀ ਦਾ ਛਿੱਟਾ

ਛਲੰਕ, ਛਲੰਗ–ਛਲੰਕ, ਛਲੰਗ, ਇ., ਦੇਖੋ ਛਲਾਂਗ (ਛਲਾਂਗ)

ਛਲ–ਛਲ, ਪੁ., ਦੂਸਰੇ ਨੂੰ ਧੋਖਾ ਦੇਣ ਦਾ ਕੰਮ, ਮੂਰਖਤਾ, ਠੱਗੀ ਬਹਾਨਾ, ਕਪਟ, ਛਲ

ਛਲਕ–ਛਲਕ, ਇ., ਛਲਕਣ ਦਾ ਭਾਵ ਜਾਂ ਕਿਰਿਆ

ਛਲਕਨ–ਛਲਕਨ, ਇ., ਪਾਣੀ ਆਦਿ ਦੀ ਉਛਾਲ, ਛੱਲ

ਛਲਕਨਾ–ਛਲਕਨਾ, ਕ੍ਰਿ., ਕਿਸੇ ਚੀਜ਼ ਦਾ ਭਾਂਡੇ ਵਿਚੋਂ ਉਛਲ ਕੇ ਬਾਹਰ ਡਿਗਣਾ, ਛੱਲ ਵੱਜਣੀ

ਛਲਕਾਨਾ–ਛਲਕਾਨਾ, ਕ੍ਰਿ., ਕਿਸੇ ਭਾਂਡੇ ਵਿਚ ਭਰੇ ਹੋਏ ਪਾਣੀ ਆਦਿ ਨੂੰ ਹਿਲਾ ਡੁਲਾ ਕੇ ਬਾਹਰ ਸੁਟਣਾ

ਛਲਛੰਦੀ–ਛਲਛੰਦੀ, ਵਿ., ਕਪਟੀ, ਮੂਰਖ, ਚਾਲਬਾਜ਼, ਧੋਖੇਬਾਜ਼

ਛਲਛਿਦ੍ਰ–ਛਲਛਿਦ੍ਰ, ਪੁ., ਮੂਰਖਤਾ, ਧੋਖੇਬਾਜ਼ੀ, ਚਾਲਬਾਜ਼ੀ

ਛਲਛਿਦ੍ਰੀ–ਛਲਛਿਦ੍ਰੀ, ਵਿ., ਧੋਖੇਬਾਜ਼, ਛਲੀ, ਕਪਟੀ

ਛਲਨ–ਖਲਨ, ਪੁ., ਧੋਖਾ ਦੇਣ ਦਾ ਕੰਮ

ਛਲਨਾ–ਛਲਨਾ, ਕ੍ਰਿ., ਧੋਖਾ ਦੇਣਾ, ਦਗਾ ਕਰਨਾ, ਇ., ਛਲ, ਕਪਟ, ਧੋਖਾ ਫਰੇਬ

ਛਲਨੀ–ਛਲਨੀ, ਇ., ਆਟਾ ਛਾਣਨ ਦਾ ਭਾਂਡਾ, ਛਾਲਣੀ, ਛਾਣਨੀ

ਛਲਹਾਈ–ਛਲਹਾਈ, ਵਿ., ਦੇਖੋ ਛਲਛਿਦ੍ਰੀ (ਛਲਛਿਦ੍ਰੀ)

ਛਲਾਂਗ–ਛਲਾਂਗ, ਇ., ਛਾਲ, ਛੜੱਪਾ, ਕੁਦਾਨ, ਚੌਕੜੀ

ਛਲਾ–ਛਲਾ, ਪੁ., ਉਂਗਲੀ ਵਿਚ ਪਾਉਣ ਦਾ ਗਹਿਣਾ, ਛੱਲਾ, ਮੁੰਦਰੀ, ਅੰਗੂਠੀ, ਇ., ਸੋਭਾ, ਚਮਕ, ਝਲਕ

ਛਲਾਨਾ–ਛਲਾਨਾ, ਕ੍ਰਿ., ਧੋਖੇ ਵਿਚ ਪਾਉਣਾ, ਧੋਖਾ ਕਰਨਾ

ਛਲਾਈ–ਛਲਾਈ, ਇ., ਛਲ, ਕਪਟ, ਧੋਖਾ, ਫਰੇਬ

ਛਲਾਵਾ–ਛਲਾਵਾ, ਪੁ., ਭੂਤ ਪਰੇਤ ਦੀ ਛਾਇਆ ਜੋ ਇਕ ਬਾਰ ਦਿਖਾਈ ਦੇ ਕੇ ਲੁਕ ਜਾਂਦੀ ਹੈ, ਮਾਇਆ ਦਾ ਨਜ਼ਾਰਾ, ਛਲੇਡਾ, ਵਿ., ਚਪਲ, ਚੰਚਲ, ਸ਼ਰਾਰਤੀ

ਛਲਿਤ–ਛਲਿਤ, ਵਿ., ਧੋਖਾ ਦਿੱਤਾ ਹੋਇਆ

ਛਲਿਯਾ–ਛਲਿਆ, ਵਿ., ਧੋਖੇ ਬਾਜ਼, ਕਪਟੀ, ਫਰੇਬੀ, ਮੱਕਾਰ

ਛਲੀ–ਛਲੀ, ਵਿ., ਧੋਖੇਬਾਜ਼, ਕਪਟੀ, ਛਲੀਆ

ਛਲੌਰੀ–ਛਲੌਰੀ, ਇ., ਇਕ ਤਰ੍ਹਾਂ ਦਾ ਉਂਗਲੀਆਂ ਦਾ ਰੋਗ, ਕਰੇਹੀ

ਛੱਲਾ–ਛੱਲਾ, ਪੁ., ਉਂਗਲੀ ਵਿਚ ਪਹਿਰਨ ਦੀ ਸਾਦੀ ਅੰਗੂਠੀ, ਮੁੰਦਰੀ, ਅੰਗੂਠੀ ਦੀ ਤਰ੍ਹਾਂ ਦੀ ਗੋਲ ਚੀਜ਼, ਕੜਾ, ਕੁੰਡਲ, ਮੁੰਦੀ, ਛੋਲਾ

ਛੱਲੀ–ਛੱਲੀ, ਇ. ਛਿੱਲ, ਛੋਟਾ ਛੱਲਾ, ਔਲਾਦ, ਮੱਕੀ ਦੀ ਛੱਲੀ

ਛੱਲੇਦਾਰ–ਛੱਲੇਦਾਰ, ਵਿ., ਛੱਲਿਆਂ ਵਾਲਾ

ਛਵਨਾ–ਛਵਨਾ, ਪੁ., ਸੂਰ ਦਾ ਬੱਚਾ, ਬਾਲ, ਨਿੱਕਾ, ਨਿਆਣਾ

ਛਵਾ–ਛਵਾ, ਪੁ., ਕਿਸੇ ਪਸੂ ਦਾ ਬੱਚਾ, ਵੱਛਾ, ਅੱਡੀ

ਛਵਾਈ–ਛਵਾਈ, ਇ., ਕੁੱਲੀ ਬਨਾਉਣ ਦਾ ਕੰਮ

ਛਵਾਨਾ–ਛਵਾਨਾ, ਕ੍ਰਿ., ਛੱਪਰ ਬੰਨ੍ਹਣ ਦਾ ਕੰਮ ਕਰਾਉਣਾ

ਛਵਿ–ਛਵਿ, ਇ., ਸ਼ੋਭਾ, ਸੁੰਦਰਤਾ, ਚਮਕ, ਫੋਟੋ, ਮੂਰਤ

ਛਵੈਯਾ–ਛਵੈਯਾ, ਪੁ., ਜੋ ਛੱਪਰ ਆਦਿ ਬਣਾਵੇ

ਛਹਰਨਾ–ਛਹਰਨਾ, ਕ੍ਰਿ., ਬਿਖਰਨਾ, ਖਿੰਡਣਾ, ਫੈਲਣਾ, ਖਿੱਲਰਨਾ

ਛਹਰਾਨਾ–ਛਹਰਾਨਾ, ਕ੍ਰਿ., ਚੌਹੀਂ ਪਾਸੀਂ ਫੈਲਾਉਣਾ, ਖਿੰਡਾਉਣਾ, ਭਸਮ ਕਰਨਾ

ਛਹਰੀਲਾ–ਛਹਰੀਲਾ, ਵਿ., ਫੁਰਤੀਲਾ, ਛੁਹਲਾ, ਚੁਸਤ

ਛਾਂ–ਛਾਂ, ਇ., ਛਾਇਆ, ਛਾਂ

ਛਾਂਕ–ਛਾਂਕ, ਪੁ., ਟੁਕੜਾ, ਹਿੱਸਾ

ਛਾਂਗਨਾ–ਛਾਂਗਨਾ, ਕ੍ਰਿ., ਟਾਹਣੀ ਆਦਿ ਦਾ ਕੱਟਣਾ, ਛੰਡਣਾ

ਛਾਂਗੁਰ–ਛਾਂਗੁਰ, ਪੁ., ਜਿਸ ਦੇ ਪੰਜੇ ਵਿਚ ਛੇ ਉਂਗਲੀਆਂ ਹੋਣ, ਛਾਂਗਾ

ਛਾਂਛ–ਛਾਂਛ, ਇ., ਦੇਖੋ ਛਾਛ (ਛਾਛ)

ਛਾਂਟ–ਛਾਂਟ, ਇ., ਕੱਟਣ ਦਾ ਕੰਮ, ਛਾਂਟਣ ਦਾ ਢੰਗ, ਵੱਖ ਕੀਤੀ ਹੋਈ ਬੇਕਾਰ ਚੀਜ਼, ਕੈ, ਉਲਟੀ

ਛਾਂਟਨਾ–ਛਾਂਟਨਾ, ਕ੍ਰਿ., ਕੱਟ ਕੇ ਵੱਖ ਕਰਨਾ, ਅੰਨ ਨੂੰ ਸਫਾਈ ਲਈ ਕੁੱਟਣਾ, ਗੰਦੀ ਚੀਜ਼ ਦਾ ਕੱਢ ਦੇਣਾ, ਸੰਖੇਪ ਕਰਨਾ, ਹਟਾਉਣਾ, ਚੁਣਨਾ, ਛੰਡਣਾ

ਛਾਂਡਨਾ–ਛਾਂਡਨਾ, ਕ੍ਰਿ., ਤਿਆਗਣਾ, ਛੰਡਣਾ

ਛਾਂਦ–ਛਾਂਦ, ਇ., ਡੰਗਰਾਂ ਦੇ ਪੈਰ ਵਿਚ ਬੰਨ੍ਹਣ ਦੀ ਛੋਟੀ ਰੱਸੀ, ਪੈਖੜ

ਛਾਂਦਨਾ–ਛਾਂਦਨਾ, ਕ੍ਰਿ.. ਰੱਸੀ ਨਾਲ ਬੰਨ੍ਹਣਾ, ਕਸਣਾ, ਜਕੜਨਾ, ਡੰਗਰਾਂ ਦੇ ਪੈਰ ਬੰਨ੍ਹਣਾ

ਛਾਂਦਾ–ਛਾਂਦਾ, ਪੁ., ਹਿੱਸਾ, ਭਾਗ, ਉੱਤਮ ਭੋਜਨ

ਛਾਂਵ–ਛਾਂਵ ਇ, ਛਾਂ

ਛਾਂਵੜਾ–ਛਾਂਵੜਾ, ਪੁ., ਪਸੂ ਦਾ ਛੋਟਾ ਬੱਚਾ, ਵੱਛਾ ਆਦਿ

ਛਾਂਸ–ਛਾਂਸ, ਇ., ਫੂਸ, ਸੂਹੜਾ, ਬੂਰਾ, ਕੂੜਾ ਕਰਕਟ, ਛਾਣ, ਚੋਕਰ

ਛਾਂਹ–ਛਾਂਹ, ਇ., ਜਿਸ ਥਾਂ ਤੇ ਧੁੱਪ ਜਾਂ ਚਾਨਣਾ ਨਾ ਹੁੰਦਾ ਹੋਵੇ, ਛਾਂ, ਢਕੀ ਹੋਈ ਥਾਂ, ਸ਼ਰਣ, ਪੜਛਾਵਾਂ

ਛਾਈ–ਛਾਈ, ਇ., ਖਾਦ, ਸੁਆਹ, ਕਮਾਦ ਦੀ ਪੱਤੀ ਦੀ ਸੁਆਹ

ਛਾਕ–ਛਾਕ, ਇ., ਸਬਰ, ਸੰਤੋਸ਼, ਕਾਮਿਆਂ ਦੀ ਦੁਪਹਿਰ ਦੀ ਰੋਟੀ, ਸ਼ਰਾਬ, ਮਦ, ਨਸ਼ਾ, ਇਕ ਤਰ੍ਹਾਂ ਦਾ ਪਕਵਾਨ

ਛਾਕਨਾ–ਛਾਕਨਾ, ਕ੍ਰਿ., ਖਾ ਪੀ ਕੇ ਰਜਣਾ, ਆਫਰਨਾ, ਸ਼ਰਾਬ ਪੀ ਕੇ ਮਸਤ ਹੋਣਾ, ਹੈਰਾਨ ਹੋਣਾ

ਛਾਗ–ਛਾਗ, ਪੁ., ਬੱਕਰਾ, ਬੋਕ

छागन-ਛਾਗਨ, ਪੁ., ਕੰਡੀ ਜਾ ਪਾਥੀ ਦੀ ਅੱਗ

छागर-ਛਾਗਰ, ਇ.. ਬੱਕਰੀ

छागरथ-ਛਾਗਰਥ. ਪੁ., ਅੱਗ

छागल-ਛਾਗਲ, ਪੁ., ਬੋਕ, ਬੱਕਰਾ, ਬੱਕਰੇ ਦੀ ਖੱਲ ਦੀ ਬਣੀ ਹੋਈ ਚੀਜ਼, ਮਸ਼ਕ, ਮਿੱਟੀ ਦਾ ਕਤੁਆ, ਤੀਵੀਆਂ ਦੇ ਪੈਰ ਦਾ ਇਕ ਗਹਿਣਾ, ਝਾਂਜਰ

छाछ-ਛਾਛ, ਪੁ., ਮੱਖਣ ਕਢਿਆ ਹੋਇਆ ਦੁਧ ਜਾਂ ਦਹੀਂ, ਲੱਸੀ, ਸਪਰੇਟਾ

छाज-ਛਾਜ, ਪੁ., ਸੂਰਜ, ਛੱਜ, ਛੱਪਰ

छाजन-ਛਾਜਨ, ਪੁ , ਛੱਪਰ, ਕੱਜਣ, ਇਕ ਬੀਮਾਰੀ, ਢਕਣ ਵਾਲਾ ਕਪੜਾ

छाजना-ਛਾਜਨਾ, ਕ੍ਰਿ., ਚੰਗਾ ਲਗਣਾ, ਭਲਾ ਜਾਪਣਾ

छाजा-ਛਾਜਾ, ਪੁ., ਛੱਜਾ, ਛਤਨਾ

छाजित-ਛਾਜਿਤ, ਵਿ., ਸਜਿਆ ਹੋਇਆ, ਸ਼ੋਭਤ

छाडना, छाड़ना-ਛਾਡਨਾ, ਛਾੜਨਾ, ਕ੍ਰਿ., ਕੈ ਕਰਨੀ, ਉਲਟੀ ਕਰਨੀ

छात-ਛਾਤ, ਪੁ., ਛਤਰੀ, ਆਸਰਾ, ਛਤਰ, ਵਿ.. ਕਮਜ਼ੋਰ, ਮਾੜਚੂ, ਇ., ਛੱਤ

छाता-ਛਾਤਾ, ਪੁ., ਵੱਡੀ ਛਤਰੀ, ਲੋਹੇ ਬਾਂਸ ਆਦਿ ਦੀਆਂ ਤੀਲੀਆਂ ਤੇ ਕਪੜਾ ਚੜ੍ਹਾ ਕੇ ਬਣਾਇਆ ਹੋਇਆ ਢਾਂਚਾ ਜਿਸ ਨੂੰ ਲੋਕ ਧੁੱਪ ਮੀਂਹ ਤੋਂ ਬਚਣ ਲਈ ਵਰਤਦੇ ਹਨ, ਚੌੜੀ ਛਾਤੀ. ਹਿੱਕ ਦੀ ਚੁੜਾਈ ਦਾ ਮਾਪ

छाती-ਛਾਤੀ. ਇ., ਸੀਨਾ, ਕਲੇਜਾ, ਢਿਡ ਦਾ ਉਪਰਲਾ ਹਿੱਸਾ ਧੌਣ ਤਕ ਹੁੰਦਾ ਹੈ, ਦਿਲ, ਸੰਮੇ, ਹੌਸਲਾ, ਹਿੰਮਤ

छात्र, छात्रक-ਛਾਤ੍ਰ. ਛਾਤ੍ਰਕ, ਪੁ., ਵਿਦਿਆਰਥੀ, ਚੇਲਾ, ਪੜ੍ਹਾਕੂ, ਸ਼ਹਦ

छात्रदर्शन-ਛਾਤ੍ਰਦਰਸ਼ਨ, ਪੁ., ਤਾਜਾ ਮੱਖਣ, ਤਾਜ਼ੀ ਮਖਣੀ

छात्रवृत्ति-ਛਾਤ੍ਰਵ੍ਰਿੱਤਿ, ਇ., ਵਿਦਿਆਰਥੀ ਨੂੰ ਦਿਤਾ ਜਾਣ ਵਾਲਾ ਧਨ, ਵਜ਼ੀਫਾ

छात्रालय-ਛਾਤ੍ਰਾਲਯ, ਪੁ., ਵਦਿਆਰਥੀਆਂ ਦੇ ਰਹਿਣ ਦੀ ਥਾਂ

छादक-ਛਾਦਕ, ਵਿ., ਖਪਰੈਲ ਜਾਂ ਛੱਪਰ ਬਣਾਉਣ ਵਾਲਾ

छादन-ਛਾਦਨ, ਪੁ., ਢਕਣ ਦਾ ਕੰਮ, ਜਿਸ ਨਾਲ ਛਾਂ ਕੀਤੀ ਜਾਵੇ, ਕੱਜਣ

छादित-ਛਾਦਿਤ, ਵਿ., ਢਕਿਆ ਹੋਇਆ, ਕਜਿਆ ਹੋਇਆ

छादी-ਛਾਦੀ, ਵਿ., ਦੇਖੋ ਛਾਦਕ (छादक)

छाद्मिक-ਛਾਦਮਿਕ, ਵਿ., ਪਖੰਡੀ, ਛਲੀਆ, ਧੋਖੇਬਾਜ਼, ਬਹੁਰੂਪੀਆ

छान-ਛਾਨ, ਇ., ਘਾਹ ਫੂਸ ਦਾ ਛੱਪਰ, ਖਪਰੈਲ, ਡੰਗਰ ਦੇ ਪੈਰ ਵਿਚ ਬੰਨ੍ਹਣ ਦੀ ਰੱਸੀ, ਪੈਖੜ

छानणा-ਛਾਨਣਾ, ਕ੍ਰਿ., ਕਿਸੇ ਚੂਰਨ ਜਾਂ ਪਤਲੀ ਚੀਜ਼ ਨੂੰ ਬਰੀਕ ਕਪੜੇ ਵਿਚ ਦੀ ਕੱਢਣਾ, ਜਾਂਚਣਾ, ਪੜਤਾਲ ਕਰਨੀ, ਦੇਖ ਭਾਲ ਕਰਨੀ, ਛੇਕਾਂ ਰਾਹੀਂ ਬਾਹਰ ਕੱਢਣਾ, ਜਕੜਨਾ

छानबीन-ਛਾਨਬੀਨ, ਇ., ਜਾਚ, ਪੜਤਾਲ, ਖੋਜ

छाना-ਛਾਨਾ, ਵਿ., ਉਪਰ ਤੋਂ ਢਕਣਾ, ਰਖਿਆ ਕਰਨੀ

छानवे-ਛਾਨਵੇ, ਵਿ., ਨੱਬੇ ਤੇ ਛੀ

छानी-ਛਾਨੀ, ਇ., ਛਪਰੀ, ਕੁੱਲੀ, ਝੁੱਗੀ, ਛੰਨ

छाप-ਛਾਪ, ਇ., ਮੁਹਰ ਦਾ ਨਿਸ਼ਾਨ, ਅੱਖਰ ਖੁਦੀ ਹੋਈ ਅੰਗੂਠੀ, ਕਵੀਆਂ ਦਾ ਉਪਨਾਉਂ. ਸਿੰਜਣ, ਰਮਾਈ ਲਈ ਪਾਣੀ ਉਛਾਲਣ ਦੀ ਟੋਕਰੀ, ਡੱਲ

छापना-ਛਾਪਨਾ, ਕ੍ਰਿ., ਠੱਪੇ ਆਦਿ ਵਿਚ ਸਿਆਹੀ ਜਾਂ ਰੰਗ ਲਾ ਕੇ ਨਿਸ਼ਾਨ ਲਾਉਣਾ, ਮਸ਼ੀਨ ਆਦਿ ਵਿਚ ਅੱਖਰਾਂ ਦਾ ਅੰਕਿਤ ਕਰਨਾ, ਛਪਾਉਣਾ

छापा-ਛਾਪਾ, ਪੁ., ਠੱਪਾ, ਮੁਹਰ, ਸੰਚਾ, ਸੰਖ ਆਦਿ ਦਾ ਨਿਸ਼ਾਨ ਜਿਸ ਨਾਲ ਵੈਸ਼ਨਵ ਆਪਣੇ ਸਰੀਰ ਨੂੰ ਛਾਪਦੇ ਹਨ, ਪ੍ਰੈਸ, ਠੀਕ ਠੀਕ ਨਕਲ, ਅਚਾਣਕ ਵੈਰੀ ਤੇ ਰਾਤ ਨੂੰ ਧਾਵਾ

छापाखाना-ਛਾਪਾਖਾਨਾ, ਪੁ., ਕਿਤਾਬਾਂ ਤੇ ਅਖਬਾਰ ਆਦਿ ਦੇ ਛਾਪਣ ਦਾ ਥਾਂ, ਪ੍ਰੈਸ

छाम-ਛਾਮ, ਵਿ., ਦੁਰਬਲ, ਕਮਜ਼ੋਰ, ਮਾੜਚੂ

छामोदरी-ਛਾਮੋਦਰੀ, ਵਿ., ਛੋਟੇ ਢਿਡ ਵਾਲੀ

छायल-ਛਾਯਲ, ਪੁ., ਤੀਵੀਂਆਂ ਦਾ ਇਕ ਪਹਿਰਾਵਾ

छायांक-ਛਾਯਾਂਕ ਪੁ.. ਚੰਦਰਮਾ, ਚੰਦ, ਚੰਨ

छाया-ਛਾਯਾ, ਇ., ਰੋਸ਼ਨੀ ਦੇ ਨਾ ਹੋਣ ਦਾ ਭਾਵ, ਚਾਨਣ ਕਰਨ ਵਾਲੀ ਚੀਜ਼ ਦੇ ਮੂਹਰੇ ਕਿਸੇ ਹੋਰ ਚੀਜ ਦੇ ਆਉਣ ਨਾਲ ਪੈਦਾ ਹੋਈ ਕਾਲਸ. ਪੜਛਾਵਾਂ, ਨਕਲ, ਸੂਰਜ ਦੀ ਤੀਵੀਂ, ਚਮਕ, ਲੋਭ, ਰਿਸ਼ਵਤ, ਭੂਤ ਪਰੇਤ ਦਾ ਪਰਭਾਵ

छायाग्रह-ਛਾਯਾਗ੍ਰਹ, ਪੁ., ਸ਼ੀਸ਼ਾ, ਆਈਨਾ, ਦਰਪਣ

छायातनय-ਛਾਯਾਤਨਯ, ਪੁ., ਸ਼ਨਿਸ਼ਚਰ ਦੇਵਤਾ

छायादान-ਛਾਯਾਦਾਨ, ਪੁ., ਘਿਉ ਜਾਂ ਤੇਲ ਵਿਚ ਆਪਣੇ ਮੂੰਹ ਦੀ ਛਾਇਆ ਵੇਖ ਕੇ ਉਸ ਵਿਚ ਕੁਝ ਪੈਸੇ ਪਾ ਕੇ ਦਾਨ ਕਰਨ ਦੀ ਵਿਧੀ

छायापथ-ਛਾਯਾਪਥ, ਪੁ., ਆਕਾਸ਼ ਗੰਗਾ, ਦੇਵਤਿਆਂ ਦਾ ਰਾਹ ਆਸਮਾਨ ਛੜਿਆਂ ਦਾ ਰਾਹ

छायामान-ਛਾਯਾਮਾਨ, ਪੁ., ਚੰਦਰਮਾ. ਚੰਨ

छायामित्र-ਛਾਯਮਿਤ੍ਰ ਪੁ.. ਛਤਰੀ, ਛਾਤਾ

छार-ਛਾਰ, ਪੁ., ਦਵਾਈਆਂ ਆਦਿ ਨੂੰ ਮਚਾ ਕੇ ਕੱਢਿਆ ਹੋਇਆ ਲੂਣ, ਖਾਰ, ਭਸਮ, ਰਾਖ

छाल-ਛਾਲ, ਇ.. ਰੁੱਖ ਦਾ ਛਿਲਕਾ, ਇਕ ਤਰ੍ਹਾਂ ਦੀ ਮਿਠਿਆਈ

छालटी-ਛਾਲਟੀ, ਇ., ਸਣ ਦਾ ਕਪੜਾ

छालना-ਛਾਲਨਾ, ਕ੍ਰਿ., ਛਾਲਣੀ ਵਿਚ ਰਖ ਕੇ ਆਟਾ ਆਦਿ ਛਾਣਨਾ, ਛੇਕ ਕਰਨਾ

छाला-ਛਾਲਾ, ਪੁ., ਚਮੜੀ ਦੇ ਉਪਰ ਦੀ ਝਿੱਲੀ ਦੇ ਉਭਰ ਜਾਣ ਦਾ ਨਿਸ਼ਾਨ, ਫਫੋਲਾ, ਛਾਲਾ, ਸ਼ੀਸ਼ੇ ਦਾ ਦਾਗ

छालिया-ਛਾਲਿਯਾ, ਪੁ., ਕਾਂਸੀ ਦਾ ਕਟੋਰਾ ਜਿਸ ਵਿਚ ਤੇਲ ਜਾਂ ਘਿਉ ਪਾ ਕੇ ਛਾਯਾਦਾਨ ਕੀਤਾ ਜਾਂਦਾ ਹੈ, ਸੁਪਾਰੀ

छाली-ਛਾਲੀ, ਇ., ਕੱਟੀ ਹੋਈ ਸੁਪਾਰੀ ਦਾ ਚਿਪਟਾ ਟੁਕੜਾ, ਸੁਪਾਰੀ ਦਾ ਫਲ

छावना-ਛਾਵਨਾ, ਵਿ., ਦੇਖੋਂ ਛਾਨਾ (छाना)

छावनी-ਛਾਵਨੀ, ਇ., ਛੰਨ, ਛੱਪਰ, ਝੁੱਗੀ, ਕੁੱਲੀ, ਪੜਾਉ, ਡੇਰਾ, ਫੌਜ ਦੇ ਠਹਿਰਣ ਦਾ ਥਾਂ, ਛਾਉਣੀ

छावर-ਛਾਵਰ, ਪੁ., ਮੱਛੀਆਂ ਦੇ ਬੱਚਿਆਂ ਦਾ ਝੁੰਡ, ਛੋਟੀਆਂ ਮੱਛੀਆਂ

छावरा-ਛਾਵਰਾ, ਪੁ., ਪਸੂ ਦਾ ਬੱਚਾ, ਵੱਛਾ ਆਦਿ

छावा-ਛਾਵਾ, ਪੁ., ਪੁੱਤਰ, ਬੇਟਾ, ਬੱਚਾ, ਬਾਲਕ

छासठ-ਛਾਸਠ, ਵਿ., ਸੱਠ ਤੇ ਛੀ

छिउंका-ਛਿਉਂਕਾ, ਪੁ., ਇਕ ਤਰ੍ਹਾਂ ਦਾ ਛੋਟਾ ਕੀੜਾ

छिउंकी-ਛਿਉਂਕੀ, ਇ., ਇਕ ਤਰ੍ਹਾਂ ਦੀ ਛੋਟੀ ਕੀੜੀ

छिंकाना-ਛਿੰਕਾਨਾ, ਕ੍ਰਿ., ਛਿਕ ਲਿਆਉਣੀ, ਨਿੱਛ ਲਿਆਉਣੀ

छिंगुनी-ਛਿੰਗੁਨੀ, ਇ., ਸਭ ਤੋਂ ਛੋਟੀ ਉਂਗਲ, ਚੀਚੀ

छिंछ, छिंछि-ਛਿੰਛ, ਛਿੰਛਿ, ਇ., ਧਾਰ, ਫੁਹਾਰਾ, ਛਿੱਟਾ

छिंटुवा-ਛਿੰਟੁਵਾ, ਪੁ., ਛਿੱਟਾ ਦੇਣ ਦਾ ਭਾਵ, ਬੀਜ ਬੀਜਣ ਦਾ ਇਕ ਤਰੀਕਾ

छिंड़ाना-ਛਿੰੜਾਨਾ, ਕ੍ਰਿ., ਖੋਹ ਲੈਣਾ, ਜਬਰਦਸਤੀ ਲੈ ਲੈਣਾ

छि-ਛਿ, ਅਵਜ., ਨਫਰਤ, ਘਿਰਨਾ, ਸੂਗ

छिउला-ਛਿਉਲਾ, ਪੁ., ਛੋਟਾ ਰੁੱਖ ਜਾਂ ਬੂਟਾ

छिकनी-ਛਿਕਨੀ, ਇ., ਇਕ ਬੂਟੀ ਜਿਸ ਦੇ ਫੁੱਲਾਂ ਨੂੰ ਸੁੰਘਣ ਨਾਲ ਬਹੁਤ ਛਿੱਕਾਂ ਆਉਂਦੀਆਂ ਹਨ, ਨਕ ਛਿਕਣੀ

छिकरा-ਛਿਕਰਾ, ਪੁ., ਹਿਰਣ ਦੀ ਤਰ੍ਹਾਂ ਦਾ ਇਕ ਜਾਨਵਰ

छिक्का-ਛਿੱਕਾ, ਇ., ਛਿੱਕ, ਨਿੱਛ

छिगुनी-ਛਿਗੁਨੀ, ਇ., ਚੀਚੀ ਉਂਗਲੀ

छिच्छ-ਛਿੱਛ, ਇ., ਛਿੱਟਾ, ਬੂੰਦ, ਕਣੀ, ਟੇਪਾ

छिछकारना-ਛਿਛਕਾਰਨਾ, ਕ੍ਰਿ., ਛਿੜਕਣਾ, ਛਿੜਕਾ ਕਰਨਾ

छिछड़ा-ਛਿਛੜਾ, ਪੁ., ਵਾਧੂ ਮਾਸ. ਨਿਕੰਮਾ ਮਾਸ. ਮਲ ਦੀ ਥੈਲੀ

छिछिला-ਛਿਛਿਲਾ, ਵਿ., ਪਾਣੀ ਦੀ ਤਹਿ ਜੋ ਡੂੰਘੀ ਨਾ ਹੋਵੇ, ਪੇਤਲਾ

छिछोरपन-ਛਿਛੋਰਪਨ, ਪੁ., ਹੋਛਾਪਣ, ਨੀਚਤਾ, ਕਮੀਣਗੀ

छिछोरा-ਛਿਛੋਰਾ, ਵਿ., ਹੋਛਾ, ਕਮੀਣਾ, ਨੀਚ

छिछोरापन-ਛਿਛੋਰਾਪਨ, ਪੁ., ਦੇਖੋ ਛਿਛੋਰਪਨ (छिछोरपन)

छिजना-ਛਿਜਨਾ, ਕ੍ਰਿ., ਘਟਣਾ, ਘੱਟ ਹੋਣਾ, ਥੋੜਾ ਹੋਣਾ

छिजाना-ਛਿਜਾਨਾ, ਕ੍ਰਿ., ਘੱਟ ਕਰਨਾ, ਨਾਸ ਕਰਨਾ

छिटक-ਛਿਟਕ. ਪੁ., ਡੋਲੀ ਜਾਂ ਪਾਲਕੀ ਆਦਿ ਦੇ ਦਰਵਾਜ਼ੇ ਦਾ ਸਾਹਮਣਾ ਭਾਗ

छिटकना-ਛਿਟਕਨਾ, ਕ੍ਰਿ., ਬਖੇਰਨਾ, ਖਿੰਡਾਉਣਾ, ਖਿਲਾਰਨਾ

छिटकाना-ਛਿਟਕਾਨਾ, ਕ੍ਰਿ., ਬਖੇਰਨਾ, ਖਿੰਡਾਉਣਾ, ਡੋਲ੍ਹਣਾ

छिटकी-ਛਿਟਕੀ, ਇ., ਛਿੱਟਾ, ਛੀਂਟ, ਟੇਪਾ

छिटकुनी-ਛਿਟਕੁਨੀ, ਇ., ਪਤਲੀ ਛਟੀ, ਚਿਟਕਣੀ

छिटनी-ਛਿਟਨੀ, ਇ., ਬਾਂਸ ਦੀ ਛੋਟੀ ਟੋਕਰੀ

छिटवा-ਛਿਟਵਾ, ਪੁ., ਵੱਡੀ ਟੋਕਰੀ, ਟੋਕਰਾ

छिट्टी-ਛਿੱਟੀ, ਇ., ਤੁਬਕਾ, ਬੂੰਦ, ਕਣੀ, ਛਿੱਟ

छिड़कना-ਛਿੜਕਣਾ, ਕ੍ਰਿ., ਪਾਣੀ ਦੇ ਛਿੱਟੇ ਪਾਉਣਾ, ਭਿਉਣਾ, ਛਿੜਕਾ ਦੇਣਾ

छिड़काव-ਛਿੜਕਾਵ, ਪੁ., ਛਿੱਟਿਆਂ ਨਾਲ ਤਰ ਕਰਨ ਦੀ ਕਿਰਿਆ

छिड़ना-ਛਿੜਨਾ, ਕ੍ਰਿ., ਤੁਰਨਾ, ਅਰੰਭ ਹੋਣਾ, ਸ਼ੁਰੂ ਹੋਣਾ, ਚੱਲਣਾ

छिण-ਛਿਣ, ਪੁ., ਦੇਖੋਂ ਕਸ਼ਣ क्षण)

छितनी-ਛਿਤਨੀ, ਇ., ਟੋਕਰੀ, ਬਾਂਸ ਦੀ ਟੋਕਰੀ

छितरना-ਛਿਤਰਨਾ, ਕ੍ਰਿ., ਤਿਤਰ ਬਿਤਰ ਹੋਣਾ, ਖਿੰਡਣਾ ਪੁੰਡਣਾ

छितराना-ਛਿਤਰਾਨਾ, ਕ੍ਰਿ., ਡੋਲ੍ਹਣਾ, ਦੂਰ ਦੂਰ ਕਰਨਾ, ਖਿੰਡਾਉਣਾ

छितराव-ਛਿਤਰਾਵ, ਪੁ., ਤਿਤਰ ਬਿਤਰ ਹੋਣ ਦਾ ਭਾਵ, ਖਿੱਲਰਨ ਦਾ ਭਾਵ

छिति-ਛਿਤਿ, ਇ., ਇਕ ਦਾ ਅੰਕ, ਧਰਤੀ

छितिकंत-ਛਿਤਿਕੰਤ, ਪੁ., ਰਾਜਾ

छित्वर-ਛਿਤ੍ਵਰ, ਵਿ., ਵੈਰੀ, ਦੁਸ਼ਮਣ

छिदना-ਛਿਦਨਾ, ਕ੍ਰਿ., ਛੇਕ ਪੈਣਾ, ਸਹਾਰੇ ਲਈ ਫੜਨਾ, ਚੁਭਣਾ, ਫੱਟੜ ਹੋਣਾ, ਮੋਰੀ ਹੋਣੀ, ਪੁ.. ਬਰਛਾ, ਭਾਲਾ

छिदरा-ਛਿਦਰਾ, ਵਿ., ਵਿਰਲਾ, ਫਟਿਆ ਹੋਇਆ, ਛਿੱਦਾ

छिदवाना-ਛਿਦਵਾਨਾ, ਕ੍ਰਿ., ਛੇਕ ਕਰਾਉਣਾ, ਛਿੱਦਾ ਕਰਾਉਣਾ

छिद्र-ਛਿਦ੍ਰ, ਪੁ., ਛੇਕ, ਦੋਸ਼, ਟੋਆ, ਛੁੱਟੀ, ਕਮੀ, ਨੌ ਦੀ ਗਿਣਤੀ

छिद्रात्मा-ਛਿਦ੍ਰਾਤਮਾ, ਵਿ., ਖੋਟਾ, ਭੈੜਾ, ਕਪਟੀ. ਮੱਕਾਰ

छिद्रान्वेषण-ਛਿਦ੍ਰਾਨ੍ਵੇਸ਼ਣ, ਪੁ., ਨੁਕਸ ਕੱਢਣ ਦਾ ਭਾਵ, ਐਬ ਵੇਖਣ ਦਾ ਕੰਮ

छिद्रान्वेषी-ਛਿੱਦ੍ਰਾਨ੍ਵੇਸ਼ੀ, ਵਿ., ਦੂਸਰੇ ਦੇ ਐਬ ਵੇਖਣ ਵਾਲਾ

छिन-ਛਿਨ, ਪੁ., ਦੇਖੋ ਕਸ਼ਣ (क्षण)

छिनक-ਛਿਨਕ, ਕ੍ਰਿ. ਵਿ., ਥੋੜੀ ਦੇਰ. ਜਰਾਕੁ

छिनकना-ਛਿਨਕਨਾ, ਕ੍ਰਿ., ਨੱਕ ਦੀ ਮੈਲ ਕੱਢਣਾ, ਚਮਕਣਾ, ਨੱਕ ਸੁਨ੍ਹਕਣਾ

छिनछवि-ਛਿਨਛਵਿ, ਇ., ਬਿਜਲੀ

छिनना-ਛਿਨਨਾ, ਕ੍ਰਿ., ਚਕਿਆ ਜਾਣਾ, ਖੋਹਿਆ ਜਾਣਾ, ਕੁੱਟਿਆ ਜਾਣਾ, ਹਥੋਂ ਚਲੇ ਜਾਣਾ, ਖੁਸਣਾ

छिनरा-ਛਿਨਰਾ, ਵਿ., ਲੁੱਚਾ, ਲੰਡਾ, ਗੁੰਡਾ, ਦੂਸਰੇ ਦੀ ਤੀਵੀਂ ਤੇ ਨੀਤ ਰੱਖਣ ਵਾਲਾ, ਵੈਲੀ, ਟੌਂਡਾ

छिनाल-ਛਿਨਾਲ, ਵਿ , ਵੇਸਵਾ, ਲੁੱਚੀ, ਵੈਲਣ

छिनाला-ਛਿਨਾਲਾ, ਪੁ., ਲੁੱਚਪਣਾ, ਵਿਭਚਾਰ, ਬਦਮਾਸ਼ੀ, ਐਬ

छिन्न-ਛਿੰਨ, ਵਿ., ਟੁਕੜਾ ਕਟ ਕੇ ਵੱਖ ਕੀਤਾ ਹੋਇਆ

छिन्नभिन्न–ਛਿੰਨਭਿੰਨ, ਵਿ., ਖੰਡਤ, ਟੁਟਿਆ ਫੁਟਿਆ, ਟੋਟੇ–ਟੋਟੇ, ਵੱਖੋ ਵਖ, ਤਿਤਰ ਬਿਤਰ

छिन्ना–ਛਿੰਨਾ, ਦੇਖੋ ਛਿਨਾਲ (छिनाल)

छिपकली–ਛਿਪਕਲੀ, ਇ., ਗੋਹ ਵਰਗਾ ਇਕ ਜਾਨਵਰ ਜੋ ਘਰਾਂ ਵਿਚ ਰਹਿੰਦਾ ਹੈ, ਇਕ ਚਾਰ ਟੰਗਾਂ ਅਤੇ ਪੂਛ ਵਾਲਾ ਨਿੱਕਾ ਜਿਹਾ ਜਾਨਵਰ ਜੋ ਘਿਸਰ ਘਿਸਰ ਕੇ ਤੁਰਦਾ ਹੈ, ਕਿਰਲੀ

छिपना–ਛਿਪਨਾ, ਕ੍ਰਿ., ਲੁਕਣਾ. ਉਹਲੇ ਹੋਣਾ, ਵਿਖਾਈ ਨਾ ਦੇਣਾ

छिपाछिपी–ਛਿਪਾਛਿਪੀ, ਕ੍ਰਿ. ਵਿ., ਚੁਪਚਾਪ, ਖਮੋਸ਼ੀ

छिपाना–ਛਿਪਾਨਾ, ਕ੍ਰਿ., ਉਹਲੇ ਕਰਨਾ, ਲੁਕਾਉਣਾ, ਛਿਪਾਉਣਾ

छिप्र–ਛਿਪ੍ਰ, ਵਿ., ਦੇਖੋ ਕਸ਼ਿਪ੍ਰ (क्षिप्र)

छिया–ਛਿਯਾ, ਇ., ਨਫਰਤ ਵਾਲੀ ਚੀਜ਼, ਗੰਦੀ ਚੀਜ਼, ਵਿ., ਮੈਲਾ, ਗੰਦਾ

छियानवे–ਛਿਯਾਨਵੇ. ਵਿ., ਨੱਬੇ ਉਤੇ ਛੀ

छियालीस–ਛਿਯਾਲੀਸ, ਵਿ., ਚਾਲੀ ਤੇ ਛੀ

छियासी–ਛਿਯਾਸੀ, ਵਿ., ਅੱਸੀ ਤੇ ਛੀ

छिरहा–ਛਿਰਹਾ, ਵਿ., ਹਠੀ, ਜ਼ਿੱਦੀ, ਸਿਰੜੀ

छिलका–ਛਿਲਕਾ, ਪੁ., ਫਲਾਂ ਜਾਂ ਰੁੱਖਾਂ ਦਾ ਉਪਰਲਾ, ਫੋਲਕ ਸੱਕ, ਛਿੱਲੜ

छिलना–ਛਿਲਨਾ, ਕ੍ਰਿ., ਸੱਕ ਜਾਂ ਚੰਮ ਦਾ ਹਿੱਸਾ ਕੱਟ ਕੇ ਵਖ ਕਰਨਾ, ਉਧੇੜਨਾ, ਖੁਰਚਿਆ ਜਾਣਾ, ਗਲ ਵਿਚ ਕੁਰਕੁਰੀ ਜਿਹੀ ਹੋਣੀ

छिलवा–ਛਿਲਵਾ, ਵਿ., ਇੱਖ ਦੀ ਪੱਤੀ ਨੂੰ ਛਿਲ ਕੇ ਵੱਖ ਕਰਨ ਵਾਲਾ, ਗੰਨੇ ਘੜਨ ਵਾਲਾ

छिलवाना–ਛਿਲਵਾਨਾ, ਕ੍ਰਿ., ਛਿੱਲਣ ਦਾ ਕੰਮ ਦੂਸਰੇ ਤੋਂ ਕਰਾਉਣਾ, ਗੰਨੇ ਘੜਾਉਣੇ

छिलोरी–ਛਿਲੋਰੀ, ਇ., ਛੋਟਾ ਛਾਲਾ, ਫਫੋਲਾ

छिहत्तर–ਛਿਹੱਤਰ. ਵਿ., ਸ਼ੱਤਰ ਤੇ ਛੀ

छिहानी–ਛਿਹਾਨੀ. ਪੁ., ਮੜ੍ਹੀਆਂ, ਮਰਘਟ. ਸ਼ਮਸ਼ਾਨ, ਸਿਵੇ

छींक–ਛੀਂਕ. ਇ., ਤੇਜ਼ੀ ਨਾਲ ਨੱਕ ਵਿਚੋਂ ਇਕ ਦਮ ਨਿਕਲਣ ਵਾਲੀ ਹਵਾ ਦਾ ਬੁੱਲਾ, ਛਿੱਕ, ਨਿੱਛ

छींकना–ਛੀਂਕਣਾ, ਕ੍ਰਿ., ਨਿੱਛ ਮਾਰਨੀ, ਛਿੱਕ ਮਾਰਨੀ

छींट–ਛੀਂਟ, ਇ., ਪਾਣੀ ਦੀ ਬੂੰਦ, ਛਿੱਟ, ਰੰਗ ਵਿਰੰਗਾ ਬੂਟੀਆਂ ਵਾਲਾ ਕਪੜਾ

छींटना–ਛੀਂਟਨਾ, ਕ੍ਰਿ., ਖਿੰਡਾਉਣਾ, ਬਖੇਰਨਾ

छींटा–ਛੀਂਟਾ, ਪੁ., ਛਿੱਟਾ, ਕਣੀਆਂ, ਝੜੀ, ਨਸ਼ੀਲੀ ਚੀਜ਼ ਦੀ ਇਕ ਮਾਤ੍ਰਾ

छींदा–ਛੀਂਦਾ, ਇ., ਫਲੀ

छी–ਛੀ, ਅਵ੍ਯ., ਨਫਰਤ ਦਾ ਸ਼ਬਦ, ਪੁ., ਧੋਬੀਆਂ ਦੇ ਕਪੜੇ ਧੋਂਦਿਆਂ ਦਾ ਸ਼ਬਦ

छीउल–ਛੀਉਲ, ਪੁ., ਢੱਕ ਦਾ ਰੁੱਖ, ਪਲਾਹ, ਛਿੱਛਰਾ

छींका–ਛੀਕਾ, ਪੁ., ਜਾਲੀਦਾਰ ਖਿੜਕੀ, ਰੱਸੀਆਂ ਦਾ ਜਾਲ ਜਿਹਾ ਟੰਗਣਾ, ਛਿੱਕਾ, ਛਿੱਕਲਾ, ਤੰਗੜ

छीछड़ा–ਛੀਛੜਾ, ਪੁ., ਵਾਧੂ ਮਾਸ, ਡੰਗਰਾਂ ਦੇ ਢਿਡ ਦੀ ਮਾਸ ਦੀ ਥੈਲੀ

छीछालेदर–ਛੀਛਾਲੇਦਰ, ਇ., ਦੁਰਗਤ, ਬੁਰਾ ਹਾਲ

छीज–ਛੀਜ, ਇ., ਕਮੀ, ਘਾਟ, ਟੋਟਾ

छीजना–ਛੀਜਨਾ, ਕ੍ਰਿ., ਘੱਟ ਹੋਣਾ, ਘਟਣਾ

छीटा–ਛੀਟਾ, ਪੁ., ਬਾਂਸ ਦਾ ਟੋਕਰਾ, ਖੌਂਚਾ, ਚਿਲਮ

छीड़–ਛੀੜ, ਇ., ਮਨੁੱਖਾਂ ਦੀ ਘਾਟ, ਭੀੜ ਨਾ ਹੋਣ ਦਾ ਭਾਵ

छीतना–ਛੀਤਨਾ, ਕ੍ਰਿ., ਡੰਗ ਮਾਰਨਾ

छीता–ਛੀਤਾ, ਪੁ., ਬਹੂ ਦੇ ਪਿਉਕੇ ਜਾਂ ਸਹੁਰੇ ਜਾਣ ਦੀ ਸੈਂਤ

छीती–ਛੀਤੀ, ਇ., ਘਾਟ, ਹਾਨੀ, ਨੁਕਸਾਨ

छीदा–ਛੀਦਾ, ਵਿ., ਛੇਕਾਂ ਵਾਲਾ, ਜਿਸ ਵਿਚ ਵਿੱਥ ਹੋਵੇ, ਛਿੱਦਾ, ਵਿਰਲਾ

छीन–ਛੀਨ, ਵਿ., ਮਾੜਾ, ਦੁਰਬਲ, ਕਮਜ਼ੋਰ, ਮੈਲਾ, ਗੰਦਾ, ਧੁੰਦਲਾ, ਮਾੜਚੂ

छीनता–ਛੀਨਤਾ, ਇ., ਦੇਖੋ ਕਸ਼ੀਨਤਾ, (क्षीणता)

छीनना–ਛੀਨਨਾ, ਕ੍ਰਿ., ਖੁੱਸਣਾ, ਜ਼ੋਰ ਨਾਲ ਲੈਣਾ, ਖੋਹਣਾ, ਛੈਣੀ ਨਾਲ ਪੱਥਰ ਕੱਟਣਾ

छीना–ਛੀਨਾ, ਕ੍ਰਿ., ਛੂਹਣਾ, ਨਾਲ ਲੱਗਣਾ, ਹੱਥ ਲਾਉਣਾ, ਪੁ., ਘੁਮਿਆਰ ਦਾ ਮਿੱਟੀ ਦਾ ਸੰਚਾ, ਠੀਕਰ

छीनाछीनी–ਛੀਨਾਛੀਨੀ, ਇ., ਕਿਸੇ ਚੀਜ਼ ਦਾ ਖੋਹ ਲੈਣ ਦਾ ਭਾਵ, ਖੋਹਾ ਖੋਹੀ

छीप–ਛੀਪ, ਵਿ., ਤੇਜ਼, ਤਿਖਾ, ਇ., ਛਾਪ, ਚਿੰਨ੍ਹ, ਨਿਸ਼ਾਨ, ਸਰੀਰ ਦੇ ਛੋਟੇ ਛੋਟੇ ਦਾਗ, ਖਿੱਪ ਨਾਉਂ ਦੀ ਸਬਜ਼ੀ, ਮੱਛੀ ਫਸਾਉਣ ਦੀ ਕੁੰਡੀ

छीपना–ਛੀਪਨਾ, ਕ੍ਰਿ., ਮੱਛੀ ਫਸਾ ਕੇ ਪਾਣੀ ਤੋਂ ਬਾਹਰ ਸੁੱਟਣਾ

छीपा–ਛੀਪਾ, ਪੁ., ਦੁਧ ਰੱਖਣ ਦੀ ਤੌੜੀ, ਦੁਧੌੜੀ, ਕਾੜ੍ਹਨੀ

छीपी–ਛੀਪੀ, ਪੁ., ਕਪੜੇ ਤੇ ਛੀਂਟ ਛਾਪਣ ਵਾਲਾ, ਛੀਂਬਾ

छीबर–ਛੀਬਰ, ਇ., ਮੋਟੀ ਛੀਂਟ, ਉਹ ਕਪੜਾ ਜਿਸ ਉਤੇ ਬੇਲ ਬੂਟੇ ਛਪੇ ਹੋਣ

छीमी–ਛੀਮੀ, ਇ., ਮਟਰ ਆਦਿ ਦੀ ਫਲੀ

छीर–ਛੀਰ, ਪੁ., ਦੁੱਧ, ਖੀਰ

छीरज–ਛੀਰਜ, ਪੁ , ਮੱਖਣ, ਘਿਉ

छीरधि–ਛੀਰਧਿ, ਪੁ., ਸਮੁੰਦਰ, ਦੁੱਧ ਦਾ ਸਮੁੰਦਰ

छीरप–ਛੀਰਪ ਪੁ., ਮੁੰਡਾ, ਬੱਚਾ

छीरफ़ेन–ਛੀਰਫ਼ੇਨ, ਪੁ., ਦੁੱਧ ਦੀ ਮਿਲਾਈ

छीलना–ਛੀਲਨਾ, ਕ੍ਰਿ., ਕਿਸੇ ਚੀਜ਼ ਦੀ ਛਿੱਲ ਲਾਹੁਣੀ, ਛਿੱਲਣਾ

छुआना–ਛੁਆਨਾ, ਕ੍ਰਿ., ਛੁਹਣ ਦੇਣਾ, ਨਾਲ ਲਾਉਣਾ

छुआछूत–ਛੁਆਛੂਤ, ਇ., ਅਛੂਤ ਦੇ ਨਾਲ ਲਗਣ ਦੀ ਕਿਰਿਆ

छुईमुई–ਛੁਈਮੁਈ, ਇ., ਇਕ ਕੰਡੇਦਾਰ ਬੂਟਾ ਜਿਸ ਦੀਆਂ ਪੱਤੀਆਂ ਕਿਕਰ ਵਰਗੀਆਂ ਹੁੰਦੀਆਂ ਹਨ, ਲਾਜਵੰਤੀ ਨਾਉਂ

ਦੀ ਬੂਟੀ

छुगनू–ਛੁਗਨੂ, ਪੁ., ਘੁੰਗਰੂ

छुच्छी–ਛੁੱਛੀ, ਇ., ਪੋਲੀ ਤੇ ਪਤਲੀ ਨੜੀ, ਨੱਕ ਵਿਚ ਪਾਉਣ ਦਾ ਗਹਿਣਾ, ਟੀਪ

छुछकारना–ਛਛਕਾਰਨਾ. ਕ੍ਰਿ., ਲਲਕਾਰਨਾ, ਝਿੜਕਣਾ, ਛਿਛਕਰਨਾ

छुछुंदर–ਛੁਛੁੰਦਰ, ਪੁ., ਛੁਛੂੰਧਰ, ਇਕ ਤਰ੍ਹਾਂ ਦਾ ਚੂਹਾ,ਰਾਤ ਨੂੰ ਉੱਡਣ ਵਾਲਾ ਇਕ ਜਾਨਵਰ

छुछुआना–ਛੁਛੁਆਨਾ, ਕ੍ਰਿ., ਨਿਕੱਮੇ ਇਧਰ ਉਧਰ ਘੁੰਮਣਾ

छुट–ਛੁਟ, ਅਵ੍ਯ., ਬਾਝੋਂ, ਬਿਨਾ, ਸਿਵਾਇ, ਛੱਡ ਕੇ

छुटकाना–ਛੁਟਕਾਨਾ, ਕ੍ਰਿ., ਵੱਖ ਕਰਨਾ, ਛੱਡਣਾ, ਛੁਟਕਾਰਾ ਦੇਣਾ

छुटकारा–ਛੁਟਕਾਰਾ, ਪੁ., ਖਲਾਸੀ, ਖੁਲ੍ਹ, ਬਚਾਉ, ਛੁੱਟੀ, ਮੁਕਤੀ, ਅਜ਼ਾਦੀ

छुटपन–ਛੁਟਪਨ, ਪੁ., ਮੁਕਤੀ, ਛੁਟਿਆਈ, ਛੋਟੇ ਹੋਣ ਦਾ ਗੁਣ, ਬਚਪਨ

छुटवाना–ਛੁਟਵਾਨਾ, ਕ੍ਰਿ., ਛੁਟਵਾਉਣਾ, ਛੁੱਟੀ ਦੁਆਉਣੀ

छुटाई–ਛੁਟਾਈ, ਇ., ਛੋਟਾਪਣ, ਨੀਚਤਾ, ਕਮੀਣਗੀ

छुटाना–ਛੁਟਾਨਾ, ਕ੍ਰਿ., ਛੁਡਾਉਣਾ, ਸਾਕ ਹਟਾਉਣਾ

छुटौती–ਛੁਟੌਤੀ, ਇ., ਵਿਆਜ ਦੀ ਉਹ ਰਕਮ ਜੋ ਛੱਡੀ ਜਾਵੇ, ਛੋਟ

छुट्टा–ਛੁੱਟਾ, ਵਿ., ਸੁਤੰਤਰ, ਖੁਲ੍ਹਾ, ਇਕੱਲਾ, ਰਿਹਾ

छुट्टी–ਛੁੱਟੀ, ਇ., ਮੁਕਤੀ, ਛੁਟਕਾਰਾ, ਵਿਹਲ, ਕੰਮ ਨਾ ਹੋਣ ਦਾ ਭਾਵ, ਖੁਲ੍ਹ, ਖਲਾਸੀ, ਰਿਹਾਈ

छुड़ाना–ਛੁੜਾਨਾ, ਕ੍ਰਿ., ਬੰਨ੍ਹਣ ਤੋਂ ਖੁਲ੍ਹ ਕਰਨੀ, ਛੱਡਾ ਦੇਣਾ, ਖਲਾਸੀ ਕਰਾਉਣੀ, ਰਿਹਾ ਕਰਾਉਣਾ

छुड़ौती–ਛੁੜੌਤੀ, ਇ., ਬੰਧਨ ਤੋਂ ਮੁਕਤ ਕਰਾਉਣ ਦਾ ਕੰਮ, ਰਿਹਾ ਕਰਾਉਣ ਲਈ ਦਿਤਾ ਜਾਣ ਵਾਲਾ ਧਨ

छुत्–ਛੁਤ, ਇ., ਭੁੱਖ

छुद्र–ਛੁਦ੍ਰ, ਪੁ., ਦੇਖੋ ਕਸ਼ੁਦ੍ਰ (क्षुद्र)

छुधा–ਛੁਧਾ. ਇ., ਭੁੱਖ, ਖਾਣ ਦੀ ਚਾਹਨਾ

छुधित–ਛੁਧਿਤ, ਵਿ., ਭੁੱਖਾ, ਖਾਣ ਦੀ ਚਾਹਨਾ ਵਾਲਾ

छुनछुनाना–ਛੁਨਛੁਨਾਨਾ, ਕ੍ਰਿ., ਝਨਝਨ ਕਰਨਾ, ਛਣਕਣਾ, ਛਣਕਾਉਣਾ

छुप–ਛੁਪ, ਪੁ., ਝਾੜੀ, ਛੋਟਾ ਜਿਹਾ ਕੰਡਿਆਲਾ ਰੁੱਖ, ਹਵਾ

छुपना–ਛੁਪਨਾ, ਕ੍ਰਿ., ਲੁਕਣਾ, ਛਿਪਣਾ

छुपाना–ਛੁਪਾਨਾ, ਕ੍ਰਿ., ਲੁਕਾਉਣਾ, ਛਿਪਾਉਣਾ

छुबुक–ਛੁਬੁਕ, ਪੁ., ਠੋਡੀ

छुभित–ਛੁਭਿਤ, ਵਿ., ਘਬਰਾਇਆ ਹੋਇਆ, ਬੇਚੈਨ

छुरधार–ਛੁਰਧਾਰ, ਇ., ਛੁਰੇ ਦੀ ਧਾਰ

छुरा–ਛੁਰਾ, ਨਾਈ ਦਾ ਉਸਤਰਾ, ਇਕ ਤਿੱਖਾ ਕੱਟਣ ਵਾਲਾ ਲੋਹੇ ਦਾ ਹਥਿਆਰ, ਛੋਟੀ ਕਟਾਰ

छुरी–ਛੁਰੀ ਇ., ਫਲ ਤਰਕਾਰੀ ਆਦਿ ਦੇ ਕੱਟਣ ਵਾਲਾ ਮੁੱਠੇਦਾਰ ਹਥਿਆਰ, ਚਾਕੂ, ਕਰਦ

छुलकना–ਛੁਲਕਨਾ, ਕ੍ਰਿ., ਥੋੜਾ ਥੋੜਾ ਕਰ ਕੇ ਸਿੰਜਣਾ, ਮੱਕੀ ਜਾਂ ਕਿਸੇ ਅਨਾਜ ਨੂੰ ਉਖਲੀ ਵਿਚ ਪਾ ਕੇ ਕੁੱਟ ਕੇ ਉਸ ਤੋਂ ਛਿਲਕਾ ਉਤਾਰ ਦੇਣਾ

छुलछुलाना–ਛੁਲਛੁਲਾਨਾ, ਕ੍ਰਿ., ਥੋੜਾ ਥੋੜਾ ਸਿੰਜਣਾ, ਥੋੜਾ ਥੋੜਾ ਪਾਣੀ ਸੁੱਟਣਾ, ਘਮੰਡ ਕਰਨਾ

छुलाना–ਛੁਲਾਨਾ, ਕ੍ਰਿ., ਛੁਹਾਉਣਾ, ਇਕ ਚੀਜ਼ ਨੂੰ ਦੂਸਰੀ ਦੇ ਨੇੜੇ ਲੈ ਜਾਣਾ ਜਾਂ ਨਾਲ ਲਾਉਣਾ

छुवाना–ਛੁਵਾਨਾ. ਕ੍ਰਿ., ਦੇਖੋ ਛੁਲਾਨਾ (छुलाना)

छुवाव–ਛੁਵਾਵ, ਪੁ., ਸਬੰਧ, ਲਗਾਉ, ਤੱਲੁਕ

छुहना–ਛੁਹਨਾ, ਕ੍ਰਿ., ਛੂਹ ਜਾਣਾ, ਰੰਗਿਆ ਜਾਣਾ, ਲਿੱਪਿਆ ਪੋਚਿਆ ਜਾਣਾ, ਛੂਹਣਾ

छुहारबेर–ਛੁਹਾਰਬੇਰ, ਪੁ., ਪੱਕਿਆ ਹੋਇਆ ਬੇਰ

छुहारा–ਛੁਹਾਰਾ, ਪੁ., ਇਕ ਤਰ੍ਹਾਂ ਦੀ ਖਜੂਰ ਜਿਸ ਦਾ ਫਲ ਬਹੁਤ ਮਿੱਠਾ ਹੁੰਦਾ ਹੈ, ਇਹ ਰੁੱਖ ਅਰਬ ਸਿੰਧ ਵੱਲ ਹੁੰਦਾ ਹੈ, ਪਿੰਡ ਖਜੂਰ ਦਾ ਫਲ

छुहारी अजवायन–ਛੁਹਾਰੀ ਅਜਵਾਇਨ, ਇ., ਫਾਰਸ ਤੋਂ ਆਉਣ ਵਾਲੀ ਅਜਮੋਦਾ ਜਮੈਣ

छुही–ਛੁਹੀ, ਇ., ਖੜੀਆ ਮਿੱਟੀ, ਚਿੱਟੀ ਮਿੱਟੀ

छूंछा–ਛੂੰਛਾ, ਵਿ., ਜਿਸ ਦੇ ਅੰਦਰ ਕੋਈ ਚੀਜ਼ ਨਾ ਹੋਵੇ, ਪੋਲਾ, ਖਾਲੀ, ਨਿਰਧਨ, ਗਰੀਬ

छू–ਛੂ, ਪੁ., ਮੰਤਰ ਪੜ੍ਹ ਕੇ ਫੂਕ ਮਾਰਣ ਦਾ ਸ਼ਬਦ, ਮੰਤਰ ਦੀ ਫੂਕ

छूचक–ਛੂਚਕ, ਪੁ., ਸੂਤਕ, ਬੱਚਾ ਹੋਣ ਤੋਂ ਮਗਰੋਂ ਛੇ ਦਿਨ ਦਾ ਸਮਾ

छूछक–ਛੂਛਕ. ਪੁ., ਪਹਿਲਾ ਬੱਚਾ ਹੋਣ ਵਜੋਂ ਮਾਪਿਆਂ ਵੱਲੋਂ ਕੁੜੀ ਨੂੰ ਦਿੱਤਾ ਜਾਣ ਵਾਲਾ ਕਪੜਾ ਲੱਤਾ ਆਦਿ

छूछू–ਛੂਛੂ. ਵਿ., ਮੂਰਖ, ਨਾਲਾਇਕ, ਉਜੱਡ

छूट–ਛੂਟ, ਇ., ਮੁਕਤੀ, ਛੁਟਕਾਰਾ, ਛੁੱਟੀ, ਛੁੜੌਤੀ, ਅਜ਼ਾਦੀ ਸੁਤੰਤਰਤਾ, ਗਾਲੀ ਗਲੋਚ, ਤੀਵੀਂ ਮਨੁੱਖ ਦਾ ਪਰਸਪਰ ਤਿਆਗ, ਛਿੱਟਾ, ਬੁਛਾੜ, ਪਹਿਲਵਾਨਾਂ ਦੀ ਇਕ ਕਸਰਤ

छूटना–ਛੂਟਨਾ, ਕ੍ਰਿ., ਕਿਸੇ ਬੰਨ੍ਹੀ ਹੋਈ ਚੀਜ਼ ਦਾ ਵੱਖ ਹੋ ਜਾਣਾ. ਦੂਰ ਹੋਣਾ, ਛੁੱਟੀ ਹੋਣੀ, ਵਿਛੜਨਾ, ਕਿਸੇ ਚੀਜ਼ ਦਾ ਜ਼ੋਰ ਨਾਲ ਨਿਕਲਣਾ, ਛੁਟਣਾ, ਮੁਕਤ ਹੋਣਾ, ਛੁਟਕਾਰਾ ਪਾਉਣਾ, ਰੁਜ਼ਗਾਰ ਮਾਰਿਆ ਜਾਣਾ, ਨਿਜਮ ਟੁੱਟਣਾ, ਖੁਲ੍ਹ ਹੋ ਜਾਣੀ, ਮਰਨਾ

छूत–ਛੂਤ, ਇ., ਛੂਹਣ ਦਾ ਭਾਵ, ਛੁਹ, ਭਿੱਟ

छूना–ਛੂਨਾ, ਕ੍ਰਿ., ਨਾਲ ਲਗਣਾ, ਉਂਗਲੀਆਂ ਨੂੰ ਮਿਲਾਉਣਾ, ਦੌੜ ਦੀ ਬਾਜ਼ੀ ਵਿਚ ਕਿਸੇ ਨੂੰ ਫੜਨਾ, ਹੱਥ ਲਾਉਣਾ, ਥੋੜੀ ਵਰਤੋਂ ਕਰਨੀ, ਲਿੱਪਣਾ, ਪੋਚਣਾ, ਹੋਲੀ ਜਿਹੇ ਮਾਰਨਾ, ਤਰੱਕੀ ਵਿਚ ਬਰਾਬਰੀ ਕਰਨਾ

छेंकना–ਛੇਂਕਨਾ. ਕ੍ਰਿ., ਢਕਣਾ, ਘੇਰਨਾ, ਰੋਕਣਾ, ਰਾਹ ਬੰਦ ਕਰਨਾ, ਲਿਖੇ ਹੋਏ ਅੱਖਰ ਨੂੰ ਜਾ ਵਾਕ ਨੂੰ ਲਕੀਰ ਖਿੱਚ ਕੇ ਕੱਟ ਦੇਣਾ, ਵਿੱਥ ਕਰਨੀ

छेक–ਛੇਕ, ਪੁੰ., ਵਿਰਲ, ਮੋਰੀ, ਖੁੱਡ, ਸੁਰਾਖ, ਘਰ ਦਾ ਪਾਲਤੂ ਪੰਛੀ

छेकानुप्रास–ਛੇਕਾਨੁਪ੍ਰਾਸ, ਪੁ, ਉਹ ਅਲੰਕਾਰ ਜਿਸ ਦੇ ਇਕੋ ਚਰਣ ਵਿਚ ਦੋ ਜਾਂ ਵਧੀਕ ਵਰਣਾਂ ਦਾ ਮੁੜ ਵਰਣਨ ਕੁਝ ਫਰਕ ਨਾਲ ਕਰ ਦਿਤਾ ਜਾਵੇ

छेकापह्नुति–ਛੇਕਾਪਨੁਤੀ, ਇ., ਇਕ ਅਲੰਕਾਰ

छेकोक्ति–ਛੇਕੋਕ੍ਤਿ, ਇ., ਉਹ ਕਹਾਵਤ ਜਿਸ ਵਿਚ ਦੂਸਰੇ ਅਰਥ ਦੀ ਆਵਾਜ਼ ਨਿਕਲਦੀ ਹੋਵੇ

छेटा–ਛੇਟਾ, ਇ., ਰੁਕਾਵਟ, ਰੋਕ, ਵਿਘਨ, ਅੜਚਨ

छेड़–ਛੇੜ, ਇ., ਦੂਸਰੇ ਨੂੰ ਖਿਝਾਉਣ ਦਾ ਕੰਮ, ਚਿੜ, ਆਪਸ ਦਾ ਝਗੜਾ, ਛੇੜਖਾਨੀ

छेड़खानी–ਛੇੜਖਾਨੀ, ਇ., ਛੇੜ ਛਾੜ

छेड़छाड़–ਛੇੜਛਾੜ, ਇ., ਔਲੋ, ਸ਼ਰਾਰਤ, ਛੇੜਖਾਨੀ,

छेड़ना–ਛੇੜਨਾ, ਕ੍ਰਿ., ਸਤਾਉਣਾ, ਮਖੌਲ ਕਰਨਾ, ਖਿਡਾਉਣਾ, ਛੁਹਣਾ, ਫੋੜਾ ਚੀਰਨਾ, ਡੰਗਰਾਂ ਨੂੰ ਚਾਰਨ ਲਈ ਲੈ ਜਾਣਾ

छेड़वाना–ਛੇੜਵਾਨਾ. ਕ੍ਰਿ., ਛੇੜਣ ਦਾ ਕੰਮ ਦੂਸਰੇ ਤੋਂ ਕਰਾਉਣਾ, ਡੰਗਰ ਚਰਵਾਉਣਾ

छेड़ा–ਛੇੜਾ, ਪੁ., ਰੱਸੀ

छेत्र–ਛੇਤ੍ਰ, ਪੁ., ਦੇਖੋ ਕਸ਼ੇਤ੍ਰ (क्षेत्र)

छेद–ਛੇਦ, ਪੁ., ਛੇਕ, ਵਿਰਲ, ਮੋਰੀ, ਵਿੱਥ, ਕੱਟਣ ਜਾਂ ਛੇਕਣ ਦਾ ਕੰਮ

छेदक–ਛੇਦਕ, ਵਿ., ਛੇਕ ਕਰਨ ਵਾਲਾ, ਕੱਟਣ ਵਾਲਾ, ਨਾਸ ਕਰਨ ਵਾਲਾ

छेदन–ਛੇਦਨ, ਪੁ., ਕੱਟਣ ਜਾਂ ਚੁਭਾਉਣ ਦੀ ਕਿਰਿਆ, ਚੀਰ-ਫਾੜ, ਨਾਸ, ਕੱਟਣ ਵਾਲਾ ਹਥਿਆਰ

छेदना–ਛੇਦਨਾ, ਕ੍ਰਿ., ਚੀਰ ਫਾੜ ਕਰਨਾ, ਛੇਕ ਕੱਢਣਾ, ਕਿਸੇ ਨੋਕਦਾਰ ਚੀਜ਼ ਨੂੰ ਖੋਭ ਕੇ ਮੋਰੀ ਕਰਨੀ

छेदनहार–ਛੇਦਨਹਾਰ, ਵਿ., ਛੇਕ ਕਰਨ ਵਾਲਾ, ਗਲੀ ਕਰਨ ਵਾਲਾ, ਵਿੰਨ੍ਹਣ ਵਾਲਾ

छेदा–ਛੇਦਾ, ਪੁ., ਘੁਣ ਨਾਉਂ ਦਾ ਕੀੜਾ

छेद्य–ਛੇਦਜ, ਵਿ., ਛੇਕ ਕਰਨ ਜੋਗ, ਵਿੰਨ੍ਹਣ ਜੋਗ

छेना–ਛੇਨਾ, ਪੁ., ਪਾੜਿਆ ਹੋਇਆ ਦੁਧ ਜਿਸ ਵਿਚੋਂ ਪਾਣੀ ਕੱਢ ਦਿੱਤਾ ਗਿਆ ਹੋਵੇ, ਫਟੇ ਹੋਏ ਦੁਧ ਦਾ ਖੋਆ, ਪਨੀਰ

छेनी–ਛੇਨੀ, ਇ., ਪੱਥਰ ਧਾਂਤ ਆਦਿ ਦੇ ਕੱਟਣ ਦਾ ਸੰਦ, ਛੈਣੀ

छेमंड–ਛੇਮੰਡ, ਪੁ., ਦੇਖੋ ਛਮੰਡ (छमंड)

छेम–ਛੇਮ, ਪੁ., ਸੁਖ, ਅਨੰਦ

छेरना–ਛੇਰਨਾ, ਕ੍ਰਿ., ਬਦਹਜ਼ਮੀ ਦੇ ਕਾਰਣ ਬਾਰ ਬਾਰ ਦਸਤ ਹੋਣੇ

छेरी–ਛੇਰੀ, ਇ., ਬੱਕਰੀ

छेव–ਛੇਵ, ਪੁ., ਵਾਰ, ਸੱਟ. ਚੋਟ, ਜ਼ਖਮ, ਘਾਉ, ਆਉਣ ਵਾਲੀ ਮੁਸੀਬਤ, ਵਿਪਦਾ

छेवन–ਛੇਵਨ, ਪੁ., ਘੁਮਿਆਰ ਦਾ ਡੋਰਾ ਜਿਸ ਨਾਲ ਚੱਕ ਉਤੋਂ ਭਾਂਡੇ ਕਟਦਾ ਹੈ

छेवना–ਛੇਵਨਾ, ਇ., ਤਾੜੀ, ਕ੍ਰਿ., ਤੋੜਣਾ, ਕੱਟਣਾ, ਸੁੱਟਣਾ, ਉੱਤੇ ਪਾਉਣਾ

छेवर–ਛੇਵਰ, ਪੁ., ਛਿਲਕਾ, ਛਿੱਲ, ਚਮੜਾ, ਕਸ

छेवा–ਛੇਵਾ, ਪੁ., ਛਿੱਲਣ ਜਾਂ ਕੱਟਣ ਦਾ ਕੰਮ, ਚੋਟ, ਜ਼ਖਮ

छेह–ਛੇਹ, ਪੁ., ਦੇਖੋ ਛੇਵ, (छेव) ਵਿ., ਖੰਡਤ, ਟੁਕੜੇ ਟੁਕੜੇ ਕੀਤਾ ਹੋਇਆ, ਘੱਟ, ਇ., ਮਿੱਟੀ, ਰਾਖ, ਛਾਂ

छेहर–ਛੇਹਰ, ਇ., ਦੇਖੋ ਛਾਯਾ, (छाया)

छै–ਛੈ, ਪੁ., ਛੇ ਦੀ ਸੰਖਿਆ, ਦੇਖੋ ਕਸ਼ਯ, (क्षय)

छैया–ਛੈਯਾ, ਪੁ., ਬੱਚਿਆਂ ਲਈ ਪਿਆਰ ਦਾ ਸ਼ਬਦ

छैल–ਛੈਲ, ਵਿ., ਸੁੰਦਰ, ਬਣਿਆ ਠਣਿਆ, ਸੋਹਣਾ

छैलछबीला–ਛੈਲਛਬੀਲਾ, ਵਿ., ਸੋਹਣਾ, ਦਰਸ਼ਨੀ, ਜੁਆਨ

छैला–ਛੈਲਾ, ਪੁ., ਦੇਖੋ ਛੈਲ (छैल)

छोंकर–ਛੋਂਕਰ, ਪੁ., ਜੰਡੀ ਦਾ ਰੁੱਖ, ਚਿੱਟੀ ਕਿੱਕਰ

छोंड़ा–ਛੋਂੜਾ, ਪੁ., ਮਧਾਣੀ

छो–ਛੋ, ਪੁ., ਪਿਆਰ, ਪ੍ਰੀਤ, ਪੇਮ, ਦਿਯਾ, ਤਰਸ, ਰਹਮ, ਮਿਹਰ, ਗੁੱਸਾ

छोई–ਛੋਈ, ਇ., ਬਿਨਾ ਰਸ ਵਾਲੀ ਇੱਖ ਦੀ ਗੰਡੇਰੀ, ਇੱਖ ਦੀ ਪੱਤੀ, ਗੰਨੇ ਦੀ ਗੱਠ

छोकड़ा–ਛੋਕੜਾ, ਪੁ., ਛੋਟਾ ਬੱਚਾ, ਬਾਲ, ਕਾਕਾ; ਨਿੱਕਾ, ਮੁੰਡਾ, ਛੋਕਰਾ

छोकड़ापन–ਛੋਕੜਾਪਨ, ਪੁ., ਲੜਕਪਣ. ਨਾਦਾਨੀ, ਮੁੰਡਪੁਣਾ

छोकड़िया–ਛੋਕੜਿਯਾ, ਇ., ਲੜਕੀ, ਕੁੜੀ, ਛੋਕਰੀ

छोकड़ी–ਛੋਕੜੀ, ਇ., ਕੁੜੀ, ਛੋਕਰੀ. ਲੜਕੀ

छोकरा–ਛੋਕਰਾ, ਪੁ., ਦੇਖੋ ਛੋਕੜਾ, (छोकड़ा)

छोकरिया, छोकरी–ਛੋਕਰਿਯਾ, ਛੋਕਰੀ, ਇ., ਦੇਖੋ ਛੋਕੜੀ (छोकड़ी)

छोकला–ਛੋਕਲਾ, ਪੁ , ਛਿਲਕਾ, ਕਸ, ਛਿੱਲੜ

छोटका–ਛੋਟਕਾ. ਵਿ., ਦੇਖੋ ਛੋਟਾ (छोटा)

छोटफ़न्नी–ਛੋਟਫੰਨੀ, ਵਿ., ਛੋਟੇ ਮੂੰਹ ਦੀ ਗਾਗਰ

छोटा–ਛੋਟਾ, ਵਿ., ਨਿੱਕਾ, ਥੋੜੀ ਉਮਰ ਦਾ, ਹੇਠਲੇ ਦਰਜੇ ਦਾ, ਸਾਧਾਰਨ, ਹੌਲਾ, ਕਮੀਣਾ, ਕਮਜ਼ੋਰ. ਨਕਾਰਾ

छोटापन, छोटाई–ਛੋਟਾਪਨ, ਛੋਟਾਈ, ਪੁ.. ਇ., ਛੋਟਾ ਪਣ, ਹੇਠੀ. ਨੀਚਤਾ, ਕਮੀਣਗੀ

छोटापाट–ਛੋਟਾਪਾਟ, ਪੁ., ਇਕ ਤਰ੍ਹਾਂ ਦਾ ਰੇਸ਼ਮ ਦਾ ਕੀੜਾ

छोटापीलू–ਛੋਟਾਪੀਲੂ, ਪੁ., ਰੇਸ਼ਮ ਦੇ ਕੀੜੇ ਦਾ ਇਕ ਭੇਦ

छोटी–ਛੋਟੀ, ਵਿ., ਥੋੜੀ ਉਮਰ ਦੀ, ਨਿੱਕੀ, ਮਧਰੀ, ਹੇਠਲੇ ਦਰਜੇ ਦੀ

छोटी इलायची–ਛੋਟੀ ਇਲਾਇਚੀ, ਇ., ਚਿੱਟੀ ਜਾਂ ਗੁਜਰਾਤੀ

ਇਲਾਇਚੀ, ਬੁੱਜ਼ੀ ਇਲਾਇਚੀ

छोटी हाज़िरी–ਛੋਟੀ ਹਾਜ਼ਿਰੀ, ਇ., ਸਵੇਰੇ ਦੀ ਰੋਟੀ

छोड़छुट्टी–ਛੋੜਛੁੱਟੀ, ਇ., ਸਾਕ ਸਬੰਧ ਤੋੜਨ ਦਾ ਭਾਵ

छोड़ना–ਛੋੜਨਾ, ਕ੍ਰਿ., ਛੱਡਣਾ, ਕਿਸੇ ਥਾਂ ਤੇ ਪਏ ਰਹਿਣ ਦੇਣਾ ਜਾਂ ਨਾਲ ਲੈ ਜਾਣਾ, ਕੋਲ ਨਾ ਰੱਖਣਾ, ਛੱਡ ਦੇਣਾ, ਕਿਸੇ ਕੰਮ ਨੂੰ ਬੰਦ ਕਰਨਾ

छोड़ कर–ਛੋੜ ਕਰ. ਵਿ., ਬਾਝੋਂ, ਸਿਵਾਇ, ਛੱਡ ਕੇ, ਬਗੈਰ

छोनी–ਛੋਨੀ, ਇ., ਧਰਤੀ, ਜ਼ਮੀਨ

छोप–ਛੋਪ, ਪੁ., ਮੋਟਾ ਲੇਪ, ਗਾੜ੍ਹਾ ਲੇਪ ਕਰਨ ਦਾ ਕੰਮ, ਹੱਲਾ, ਵਾਰ, ਛਿਪਾਉ, ਬਚਾਉ, ਪਿੰਡਾਂ ਦੀਆਂ ਕੁੜੀਆਂ ਦਾ ਇਕੱਠੇ ਬੈਹ ਕੇ ਕੱਤਣ ਦਾ ਭਾਵ

छोपना–ਛੋਪਨਾ, ਕ੍ਰਿ., ਮੋਟੀ ਤਹਿ ਚੜ੍ਹਾਉਣੀ, ਲੇਪ ਕਰਨਾ, ਗਿੱਲੀ ਮਿੱਟੀ ਦਾ ਲੇਉੜ ਰੱਖਣਾ, ਕਿਸੇ ਗੱਲ ਨੂੰ ਛਿਪਾਉਣਾ, ਹਮਲੇ ਤੋਂ ਰੱਖਿਆ ਕਰਨੀ, ਢਕਣਾ

छोपा–ਛੋਪਾ, ਪੁ.,ਪਾਲ ਦੇ ਚਹੁੰ ਪਾਸੀ ਬੰਨ੍ਹੀ ਹੋਈ ਰੱਸੀ ਜੋ ਉਤੇ ਚੜ੍ਹਾਈ ਜਾਂਦੀ ਹੈ

छोपाई–ਛੋਪਾਈ, ਇ., ਛਪਾਈ ਦਾ ਕੰਮ

छोभ–ਛੋਭ, ਪੁ., ਖਲਬਲੀ, ਘਬਰਾਹਟ, ਹਲਚਲ, ਭੈ, ਡਰ, ਮਨ ਦੀ ਖਲਬਲੀ

छोभना–ਛੋਭਨਾ, ਕ੍ਰਿ., ਚਿੱਤ ਦਾ ਦੁਖੀ ਹੋਣਾ

छोम–ਛੋਮ, ਵਿ., ਚਿਕਣਾ, ਕੋਮਲ, ਮੁਲਾਇਮ, ਨਰਮ, ਕੂਲਾ

छोर–ਛੋਰ, ਪੁ., ਕਿਸੇ ਚੀਜ਼ ਦਾ ਕਿਨਾਰਾ ਜਿਥੇ ਉਸ ਦੀ ਲੰਬਾਈ ਦਾ ਅੰਤ ਹੋਵੇ, ਨੋਕ, ਕੰਨੀ, ਕੰਢਾ,ਕਿਨਾਰਾ, ਸਿਰਾ, ਪਾਸਾ

छोरना–ਛੋਰਨਾ, ਕ੍ਰਿ., ਦੇਖੋ ਛੋੜਨਾ (छोड़ना)

छोरा–ਛੋਰਾ, ਪੁ., ਦੇਖੋ ਛੋਕੜਾ (छोकड़ा)

छोराछोरी–ਛੋਰਾਛੋਰੀ, ਇ., ਪੁਆੜਾ, ਲੁਟਖਸੁੱਟ, ਬਖੇੜਾ, ਝਗੜਾ. ਖੋਹਾ ਖੋਹੀ

छोरी–ਛੋਰੀ, ਇ., ਦੇਖੋ ਛੋਕੜੀ (छोकड़ी)

छोल–ਛੋਲ, ਇ.,ਛਿੱਲੇ ਜਾਣ ਦਾ ਨਿਸ਼ਾਨ, ਘਾਉ, ਜ਼ਖਮ, ਦਾਗ਼

छोलना–ਛੋਲਨਾ, ਕ੍ਰਿ.,ਖੁਰਚਣਾ,ਰਗੜ ਕੇ ਜਾਂ ਛਿੱਲ ਕੇ ਲਾਹੁਣਾ

छोलनी–ਛੋਲਨੀ, ਇ., ਛਿੱਲਣ ਦਾ ਸੰਦ, ਖੁਰਚਣੀ

छोला–ਛੋਲਾ, ਪੁ., ਇੱਖ ਨੂੰ ਛਿੱਲਣ ਵਾਲਾ ਸੰਦ, ਚਣਾ, ਇਕ ਪਰਸਿੱਧ ਅਨਾਜ

छोह–ਛੋਹ, ਪੁ., ਪਿਆਰ, ਪ੍ਰੀਤ, ਪ੍ਰੇਮ, ਮਿਹਰ. ਮਮਤਾ

छोहना–ਛੋਹਨਾ, ਕ੍ਰਿ., ਪਿਆਰ ਦਿਖਾਉਣਾ, ਡਰਨਾ, ਦੁਖੀ ਹੋਣਾ ਸ਼ਰਾਰਤੀ ਰੋਣਾ

छोहरा–ਛੋਹਰਾ, ਪੁ., ਬਾਲ, ਬੱਚਾ, ਨਿੱਕਾ, ਕਾਕਾ, ਛੋਕਰਾ

छोहरी–ਛੋਹਰੀ, ਇ., ਕੁੜੀ, ਬੱਚੀ, ਨਿੱਕੀ, ਛੋਕਰੀ

छोहाना–ਛੋਹਾਨਾ, ਕ੍ਰਿ., ਪ੍ਰੇਮ ਦਿਖਾਉਣਾ, ਮਿਹਰ ਕਰਨੀ

छोहारा–ਛੋਹਾਰਾ, ਪੁ., ਦੇਖੋ ਛੁਹਾਰਾ (छुहारा)

छोही–ਛੋਹੀ, ਵਿ., ਪੇਮੀ, ਸਨੇਹੀ, ਪ੍ਰੀਤਮ, ਇ., ਗੰਡੇਰੀ ਦਾ ਛਿਲਕਾ

छौंक–ਛੌਂਕ, ਇ., ਤੜਕਾ, ਤੜਕਣ ਦਾ ਕੰਮ, ਗਾੜ੍ਹਾ

छौंकना–ਛੌਂਕਨਾ, ਕ੍ਰਿ., ਹਿੰਗ ਜ਼ੀਰਾ ਆਦਿਕ ਪਾ ਕੇ ਤੜਕਾ ਦੇਣਾ, ਗਾੜ੍ਹਾ ਲਾਉਣਾ

छौंड़ा–ਛੌਂੜਾ, ਪੁ., ਅੰਨ ਰੱਖਣ ਦਾ ਖਾਤਾ, ਬੁਖਾਰੀ

छौकना–ਛੌਕਨਾ, ਕ੍ਰਿ., ਕਿਸੇ ਪਸੂ ਦਾ ਚਾਰੇ ਪੈਰ ਚੁੱਕ ਕੇ ਕਿਸੇ ਵੱਲ ਝਪਟਣਾ

छौना–ਛੌਨਾ, ਪੁ., ਡੰਗਰਾਂ ਦਾ ਬੱਚਾ,. ਕੱਟਾ ਵੱਛਾ ਆਦਿ

छौलदारी–ਛੌਲਦਾਰੀ, ਇ., ਇਕ ਤਰ੍ਹਾਂ ਦਾ ਛੋਟਾ ਤੰਬੂ, ਤੰਬੋਟੀ

छौरा–ਛੌਰਾ, ਪੁ., ਚਰੀ; ਕੜਬ

ज–ਜ

ज–ਜ, ਇਹ ਹਿੰਦੀ ਵਰਣਮਾਲਾ ਵਿਚੋਂ, ਚਵਰਗ, ਦਾ ਤੀਸਰਾ ਅੱਖਰ ਹੈ, ਇਸ ਦਾ ਉਚਾਰਣ ਤਾਲੂਏ ਤੋਂ ਹੁੰਦਾ ਹੈ

जंग–ਜੰਗ, ਇ., ਜੁੱਧ, ਲੜਾਈ

ज़ंग–ਜ਼ੰਗ, ਪੁ., ਲੋਹੇ ਦੀ ਮੈਲ, ਮੰਡੂਰ

जंगरा–ਜੰਗਰਾ, ਪੁ., ਮੂੰਗੀ ਮਾਂਹ ਮਟਰ ਵਗੈਰਾ ਦੇ ਦਾਣੇ ਕੱਢਣ ਤੋਂ ਮਗਰੋਂ ਬਚਿਆ ਗੂਣਾ, ਟਾਂਗਰ

जंगरैत–ਜੰਗਰੈਤ, ਵਿ., ਮਿਹਨਤੀ, ਹਿੰਮਤੀ, ਉੱਦਮੀ

जंगल–ਜੰਗਲ, ਪੁ., ਬਣ, ਬੀੜ,ਉਹ ਥਾਂ ਜਿਥੇ ਰੁੱਖ ਹੀ ਰੁੱਖ ਹੋਣ

जंगला–ਜੰਗਲਾ, ਪੁ., ਇਕ ਰਾਗ, ਜੰਗਲਾ

जंगली–ਜੰਗਲੀ, ਵਿ., ਜੰਗਲ ਵਿਚ ਹੋਣ ਵਾਲਾ, ਜੰਗਲ ਸਬੰਧੀ ਆਪਣੇ ਆਪ ਉੱਗਣ ਵਾਲੇ ਬੂਟੇ, ਜੰਗਲ ਵਿਚ ਰਹਿਣ ਵਾਲਾ, ਜੋ ਪਾਲਤੂ ਨਾ ਹੋਵੇ

जंगा–ਜੰਗਾ, ਪੁ., ਘੁੰਗਰੂ ਦਾ ਦਾਣਾ, ਰੋਣਾ

जंगार–ਜੰਗਾਰ, ਪੁ , ਤੂਤੀਆ, ਨੀਲਾ ਥੋਥਾ

जंगारी–ਜੰਗਾਰੀ, ਵਿ., ਨੀਲਾ, ਨੀਲੇ ਰੰਗ ਦਾ

जंगाली–ਜੰਗਾਲੀ, ਪੁ., ਨੀਲੇ ਰੰਗ ਦਾ ਚਮਕੀਲਾ ਰੇਸ਼ਮੀ ਕਪੜਾ

जंघा–ਜੰਘਾ, ਇ., ਗੋਡਿਆਂ ਤੋਂ ਲੱਕ ਤਕ ਦਾ ਥਾਂ, ਪੱਟ

जंघामथानी–ਜੰਘਾਮਥਾਨੀ, ਵਿ., ਵਿਭਚਾਰਨੀ, ਲੁੱਚੀ, ਵੈਲਣ

जंघार–ਜੰਘਾਰ, ਇ., ਪੱਟ ਦਾ ਫੋੜਾ

जंघारा–ਜੰਘਾਰਾ, ਪੁ., ਰਾਜਪੂਤਾਂ ਦੀ ਇਕ ਮੂਹੀਂ

जंचना–ਜੰਚਨਾ, ਕ੍ਰਿ., ਦੇਖਿਆ ਭਾਲਿਆ ਜਾਣਾ, ਖੋਜ ਪੜਤਾਲ ਕੀਤਿਆਂ ਪੂਰਾ ਉਤਰਨਾ

जंचा–ਜੰਚਾ, ਵਿ., ਸਹੀ, ਠੀਕ, ਦਰੁਸਤ, ਠੀਕ ਠਾਕ

जंजल–ਜੰਜਲ, ਵਿ., ਫਟਿਆ ਪੁਰਾਣਾ, ਵਾਧੂ, ਫਾਲਤੂ

ज़ंजाल–ਜੰਜਾਲ, ਪੁ., ਝਗੜਾ, ਝੰਜਟ, ਬਖੇੜਾ, ਉਲਝਣ ਭੰਵਰ, ਲੰਮੀ ਨਾਲੀ ਦੀ ਬੰਦੂਕ, ਤੋਪ

जंजीर–ਜੰਜੀਰ, ਇ., ਦੇਖੋ ਜੰਜੀਰੀ (जंजीरी)

जंजीरा–ਜੰਜੀਰਾ, ਪੁ., ਜੰਜੀਰ ਜੇਹੀ ਸਿਲਾਈ ਲਹਿਰੀਆ ਮਿਲਾਈ

जंजीरी–ਜੰਜੀਰੀ. ਇ., ਬੇੜੀ, ਸੰਗਲ਼ੀ, ਬੂਹੇ ਦੀ ਕੁੰਡੀ, ਵਿ., ਜੰਜੀਰ ਵਾਲਾ

जंड–ਜੰਡ, ਪੁ., ਵਿਆਹ ਤੋਂ ਮਗਰੋਂ ਕੁੜਮਾਂ ਦੀ ਰੋਟੀ

जंतर–ਜੰਤਰ, ਪੁ., ਗਲ ਵਿਚ ਪਾਉਣ ਦਾ ਗਹਿਣਾ, ਸੰਦ, ਤਬੀਤ, ਕੰਠਾ, ਜੰਤਰ ਮੰਤਰ. ਬੀਨ

जंतरा–ਜੰਤਰਾ, ਪੁ., ਬੈਲ ਗੱਡੀ ਦੇ ਢਾਂਚੇ ਤੇ ਤਾਣੀ ਰੱਸੀ

जंतरी–ਜੰਤਰੀ, ਪੁ., ਸੁਨਿਆਰ ਦਾ ਤਾਰ ਬਰੀਕ ਕਰਨ ਦਾ ਇਕ ਸੰਦ, ਤਿਥ ਪੱਤਰੀ. ਜਾਦੂਗਰ, ਬੀਨ ਵਜਾਉਣ ਵਾਲਾ

जंतसार–ਜੰਤਸਾਰ, ਇ., ਜੀਉਂਦਾ ਦੱਬਣ ਦਾ ਥਾਂ

जंता–ਜੰਤਾ, ਵਿ., ਡੰਨ ਦੇਣ ਵਾਲਾ. ਪੁ., ਇਕ ਸੰਦ ਜਿਸ ਵਿਚ ਦੀ ਤਾਰ ਖਿੱਚ ਕੇ ਬਰੀਕ ਕੀਤੀ ਜਾਂਦੀ ਹੈ

जंताना–ਜੰਤਾਨਾ. ਕ੍ਰਿ., ਚੱਕੀ ਵਿਚ ਪੀਹਿਆ ਜਾਣਾ

जंती–ਜੰਤੀ ਇ., ਮਾਤਾ, ਮਾਂ, ਜੰਤਰੀ, ਤਿਥ ਪੱਤਰੀ

जत्र–ਜੰਤ੍ਰ, ਪੁ., ਕਲ, ਤਾਲਾ, ਔਜ਼ਾਰ ਸੰਦ, ਜੰਤਰ

जंत्रना–ਜੰਤ੍ਰਨਾ, ਕ੍ਰਿ., ਤਾਲਾ ਮਾਰਨਾ, ਜਿੰਦਾ ਲਾਉਣਾ

जत्रित–ਜੰਤ੍ਰਿਤ, ਵਿ.. ਬੰਦ ਕੀਤਾ ਹੋਇਆ, ਬੰਨ੍ਹਿਆ ਹੋਇਆ

जंत्री–ਜੰਤ੍ਰੀ, ਪੁ., ਦੇਖੋ ਜੰਤਰੀ (जंतरी।

जंदरा–ਜੰਦਰਾ. ਪੁ., ਜੰਤਰ, ਤਾਲਾ, ਜਿੰਦਾ

जंबाल–ਜੰਬਾਲ, ਪੁ., ਚਿੱਕੜ, ਕਾਈ, ਕੇਉੜਾ

जंबालिनी–ਜੰਬਾਲਿਨੀ, ਇ., ਨਦੀ

जंबाला–ਜੰਬ਼ਾਲਾ, ਇ., ਕੇਤਕੀ ਦਾ ਰੁੱਖ. ਕੇਉੜਾ

जंबीर–ਜੰਬੀਰ, ਪੁ., ਨਿੰਬੂ. ਬਣ ਤੁਲਸੀ

जंबु–ਜੰਬੁ, ਪੁ., ਦੇਖੋ ਜੰਬੁਕ (जम्बुक)

जंबूर–ਜੰਬੂਰ, ਪੁ., ਜਿਸ ਚਰਖੇ ਤੇ ਤੋਪ ਚੜ੍ਹਾਈ ਜਾਂਦਾ ਹੈ, ਚਿਮਟੇ ਜਿਹੀ ਸੰਨ੍ਹੀ, ਜਮੂਰ

जंभ–ਜੰਭ, ਪੁ., ਜਬਾੜ੍ਹਾ, ਜਾੜ੍ਹ. ਇਕ ਤਰ੍ਹਾਂ ਦਾ ਨਿੰਬੂ. ਉਬਾਸੀ

जंभाई–ਜੰਭ਼ਾਈ, ਇ. ਉਬਾਸੀ ਸੁਸਤੀ ਵਜੋਂ ਮੂੰਹ ਖੁਲ੍ਹਣ ਦੀ ਸੁਭਾਉਕ ਕਿਰਿਆ

जंभाना–ਜੰਭਾਨਾ, ਕ੍ਰਿ.. ਉਬਾਸੀ ਲੈਣਾ

जंभारि–ਜੰਭਾਰਿ, ਪੁ., ਇੰਦਰ. ਵਿਸ਼ਨੂੰ, ਅਗਨੀ. ਬੱਜਰ

जई–ਜਈ, ਪੁ., ਵਿਗੜ, ਜੌਆਂ ਜਿਹਾ ਅੰਨ, ਜਵੀ

जउ–ਜਉ, ਕ੍ਰਿ. ਵਿ., ਭਾਵੇਂ

जकंदना–ਜਕੰਦਨਾ, ਕ੍ਰਿ., ਛਾਲ ਮਾਰਨੀ, ਕੁੱਦਣਾ, ਨੱਸ ਭੱਜ ਕਰਨੀ

जक्क–ਜਕ, ਪੁ., ਭੂਤ, ਪਰੇਤ, ਜੱਗ, ਕੰਜੂਸ ਆਦਮੀ, ਸੂਮ, ਇ., ਹਠ, ਜ਼ਿੱਦ, ਧੁਨ

जकड़–ਜਕੜ, ਇ., ਕਸ ਕੇ ਬੰਨ੍ਹਣ ਦਾ ਕੰਮ

जकड़ना–ਜਕੜਨਾ, ਕ੍ਰਿ., ਕਸ ਕੇ ਬੰਨ੍ਹਣਾ, ਖੂਬ ਕਸਣਾ

जकना–ਜਕਨਾ, ਕ੍ਰਿ., ਹੈਰਾਨ ਹੋਣਾ, ਭੁਚੱਕਾ ਲਗਣਾ

जकित–ਜਕਿਤ, ਵਿ., ਹੈਰਾਨ,

जकुट–ਜਕੁਟ, ਪੁ., ਕੁੱਤਾ, ਕੁੱਕੜ

जक्की–ਜੱਕੀ, ਇ., ਇਕ ਬੁਲਬੁਲ

जक्ष–ਜਕਸ਼, ਪੁ., ਦੇਖੋ ਯਕਸ਼ (यक्ष)

जक्षण–ਜਕਸ਼ਣ, ਇ., ਖਾਣਾ, ਭੋਜਨ, ਰੋਟੀ

जखम–ਜਖਮ. ਪੁ., ਘਾਉ, ਜ਼ਖਮ, ਮਾਨਸਕ ਕਲੇਸ਼, ਫੱਟ, ਫੋੜਾ

जखमी–ਜਖਮੀ, ਵਿ., ਘਾਇਲ, ਫੱਟੜ

जखेड़ा–ਜਖੇੜਾ, ਪੁ., ਬਖੇੜਾ, ਇਕੱਠ. ਜਖੀਰਾ

जग–ਜਗ, ਪੁ., ਜਗਤ, ਸੰਸਾਰ, ਦੁਨੀਆ, ਜੱਗ

जगजगा–ਜਗਜਗਾ, ਪੁ., ਪੰਨੀ, ਵਿ., ਚਮਕੀਲਾ

जगड्वाल–ਜਗਡ੍ਵਾਲ, ਪੁ., ਵਾਧੂ ਅਡੰਬਰ, ਵਾਧੂ ਪਖੰਡ, ਵਾਧੂ ਸਮੱਸਿਆ

जगत्–ਜਗਤ, ਇ., ਸੰਸਾਰ, ਦੁਨੀਆ ਮਹਾਦੇਵ, ਹਵਾ, ਗੋਪੀ ਚੰਦਨ, ਜੰਗਮ

जगत–ਜਗਤ, ਇ., ਖੂਹ ਦੀ ਮਣ, ਖੂਹ ਦਾ ਆਲੇ ਦੁਆਲੇ ਦਾ ਚੌਤਰਾ

जगती–ਜਗਤੀ, ਇ., ਸੰਸਾਰ, ਧਰਤੀ

जगतीतल–ਜਗਤੀਤਲ, ਪੁ., ਧਰਤੀ, ਜ਼ਮੀਨ

जगत्साक्षी–ਜਗਤਸਾਕਸ਼ੀ, ਪੁ., ਸੂਰਜ

जगदन्तक–ਜਗਦੰਤਕ, ਪੁ., ਮੌਤ, ਜਮਰਾਜ

जगदम्बा–ਜਗਦੰਬਾ, ਇ., ਦੁਰਗਾ ਦੇਵੀ

जगद्–ਜਗਦ, ਵਿ.. ਰੱਖਕ, ਪਾਲਕ, ਪਾਲਣਾ ਕਰਨ ਵਾਲਾ

जगद्गुरू–ਜਗਦਗੁਰੂ, ਪੁ.. ਪਰਮੇਸ਼ਰ, ਮਹਾਦੇਵ, ਨਾਰਦ, ਆਦਰ ਜੋਗ ਬੰਦਾ, ਸੰਕ੍ਰਾਚਾਰਯ ਦੀ ਗਦੀ ਦੇ ਮਹੰਤ ਦਾ ਵਿਸ਼ੇਸ਼ਣ

जगद्बल–ਜਗਦਬਲ, ਪੁ., ਹਵਾ, ਪੌਣ, ਸਾਹ

जगद्विनाश–ਜਗਦਵਿਨਾਸ਼, ਪੁ., ਪਰਲੋ ਕਾਲ,ਦੁਨੀਆ ਦਾ ਅੰਤ

जगना–ਜਗਨਾ, ਕ੍ਰਿ., ਨੀਂਦ ਤੋਂ ਉਠਣਾ, ਸੁਚੇਤ ਹੋਣਾ, ਜਾਗਣਾ

जगन्नाथ–ਜਗਨਨਾਥ, ਪੁ., ਸੰਸਾਰ ਦਾ ਮਾਲਕ, ਈਸ਼ਵਰ, ਇਕ ਪਰਸਿੱਧ ਤੀਰਥ

जगन्नियंता–ਜਗਨਿਯੰਤਾ, ਪੁ , ਪਰਮਾਤਮਾ, ਰੱਬ, ਈਸ਼ਵਰ

जगन्निवास–ਜਗਨਨਿਵਾਸ. ਪੁ., ਪਰਮੇਸ਼ਰ, ਵਿਸ਼ਨੂੰ

जगन्मयी–ਜਗਨਮਯੀ, ਇ., ਸਾਰੇ ਸੰਸਾਰ ਨੂੰ ਚਲਾਉਣ ਵਾਲੀ ਸ਼ਕਤੀ, ਲੱਛਮੀ

जगन्माता–ਜਗਨਮਾਤਾ, ਇ., ਦੁਰਗਾ, ਲੱਛਮੀ

जगन्मोहिनी–ਜਗਨਮੋਹਿਨੀ, ਇ., ਮਹਾ ਮਾਇਆ, ਦੁਰਗਾ ਦੇਵੀ

जगप्रान–ਜਗਪ੍ਰਾਨ. ਪੁ., ਹਵਾ, ਸਾਹ

जगमग–ਜਗਮਗ, ਵਿ., ਚਮਕੀਲਾ, ਭੜਕੀਲਾ, ਚਮਕਦਾਰ

जगमगाना–ਜਗਮਗਾਨਾ,ਵਿ., ਚਮਕਣਾ, ਜਗਮਗ ਜਰਮਗ ਹੋਣਾ

जगर–ਜਗਰ, ਪੁ., ਕਵਚ, ਸੰਜੋਇ

जगरा–ਜਗਰਾ, ਇ., ਖਜੂਰ ਦੀ ਖੰਡ

जगल–ਜਗਲ, ਪੁ., ਸ਼ਰਾਬ, ਗੋਹਾ

जगवाना–ਜਗਵਾਨਾ, ਕ੍ਰਿ.. ਸੁੱਤੇ ਨੂੰ ਜਗਵਾਉਣਾ

जगहर–ਜਗਹਰ, ਇ., ਜਾਗਣ ਦੀ ਹਾਲਤ

जगात–ਜਗਾਂਤ, ਪੁ., ਮਹਿਸੂਲ, ਦਾਨ, ਕਰ

जगाती–ਜਗਾਤੀ, ਵਿ., ਮਹਿਸੂਲੀਆ

जगाना–ਜਗਾਨਾ, ਕ੍ਰਿ., ਜਗਾਉਣਾ, ਪਰੇਰਨਾ ਕਰਨੀ, ਸੁਲਗਾਉਣਾ, ਮਘਾਉਣਾ

जगार–ਜਗਾਰ, ਇ , ਜਾਗਣ ਦਾ ਭਾਵ

जगीर–ਜਗੀਰ, ਇ., ਦੇਖੋ ਜਾਗੀਰ (जागीर)

जगीला–ਜਗੀਲਾ, ਵਿ., ਉਣੀਂਦਰਾ, ਕੱਚੀ ਨੀਂਦ ਉਠਿਆ ਹੋਇਆ

जग्मि–ਜਗਮਿ, ਪੁ., ਵਾ, ਹਵਾ, ਪੌਣ

जघन–ਜਘਨ, ਪੁ., ਲੱਕ ਦੇ ਹੇਠਾਂ ਦਾ ਹਿੱਸਾ, ਚਿੱਤੜ

जघन्य–ਜਘਨਜ, ਵਿ., ਅੰਤਮ, ਤੁੱਛ, ਸ਼ੂਦਰ, ਨੀਚ

जङ्गम–ਜੰਗਮ, ਵਿ., ਤੁਰਨ ਫਿਰਨ ਵਾਲਾ

जङ्गुल–ਜੰਗੁਲ, ਪੁ., ਵਿਹੁ, ਜ਼ਹਿਰ

जङ्घा–ਜੰਘਾ, ਇ., ਪੱਟ, ਗੋਡਿਆਂ ਤੋਂ ਲੱਕ ਤਕ ਦਾ ਥਾਂ

जङ्घाल–ਜੰਘਾਲ, ਪੁ., ਦੂਤ, ਹਰਕਾਰਾ

जचना–ਜਚਨਾ, ਕ੍ਰਿ., ਦੇਖੋ ਜੰਚਨਾ (जंचना)

जच्चा–ਜੱਚਾ, ਇ., ਜੱਚਾ ਔਰਤ

जच्छ–ਜੱਛ, ਪੁ., ਦੇਖੋ ਯਕਸ਼ (यक्ष)

जज़बा–ਜਜ਼ਬਾ, ਪੁ., ਵਲਵਲਾ, ਲਹਿਰ

जजमान–ਜਜਮਾਨ, ਪੁ., ਦੇਖੋ ਯਜਮਾਨ (यजमान)

जटना–ਜਟਨਾ, ਕ੍ਰਿ., ਠਗਣਾ, ਧੋਖਾ ਦੇਣਾ, ਛਲ ਕਰਨਾ

जटल–ਜਟਲ, ਇ., ਝੂਠੀ ਗੱਲ, ਬਕਵਾਸ, ਵਿ., ਔਖਾ, ਕਠਨ

जटा–ਜਟਾ, ਇ., ਜੜ ਦੇ ਪਤਲੇ ਰੇਸ਼ੇ, ਅਣਵਾਹੇ ਕੇਸ, ਜਟਾਮਾਸੀ, ਬਾਲਛੜ

जटाना–ਜਟਾਨਾ, ਕ੍ਰਿ., ਠਗਿਆ ਜਾਣਾ, ਧੋਖਾ ਖਾਣਾ, ਛਲਿਆ ਜਾਣਾ

जटामाली–ਜਟਾਮਾਲੀ, ਪੁ., ਸ਼ਿਵ. ਮਹਾਦੇਵ

जटामासी–ਜਟਾਮਾਸੀ, ਇ., ਇਕ ਬੂਟੀ ਦੀ ਸੁਗੰਧਤ ਜੜ, ਬਾਲਛੜ

जटायु–ਜਟਾਯੁ. ਪੁ , ਇਕ ਪਰਸਿੱਧ ਗਿੱਧ ਜੋ ਰਾਵਣ ਨਾਲ ਲੜਿਆ ਸੀ

जटाल–ਜਟਾਲ. ਵਿ., ਜਟਾਧਾਰੀ, ਪੁ., ਬਰੋਟਾ, ਬੋਹੜ

जटाव–ਜਟਾਵ, ਇ., ਭਾਂਡੇ ਪੱਥਣ ਦੀ ਮਿੱਟੀ

जटित–ਜਟਿਤ, ਵਿ., ਜੜਿਆ ਹੋਇਆ

जटिल–ਜਟਿਲ, ਵਿ., ਜਟਾਂਵਾਲਾ, ਬਹੁਤ ਔਖਾ, ਮਾਰਖੋਰ, ਡਾਕੂ, ਨਿਰਦਈ, ਪੁ., ਮਹਾਦੇਵ, ਸ਼ੇਰ

जटिला–ਜਟਿਲਾ, ਇ., ਬ੍ਰਹਮਚਾਰਣੀ, ਮਘ

जटी–ਜਟੀ, ਇ., ਜਟਾਮਾਸੀ ਨਾਉਂ ਦੀ ਬੂਟੀ

जठर–ਜਠਰ, ਪੁ., ਪੇਟ, ਕੁੱਖ, ਪੇਟ ਦਾ ਰੋਗ, ਵਿ., ਬੁੱਢਾ, ਕਠਨ

जठराग्नि–ਜਠਰਾਗ੍ਨਿ, ਇ., ਖਾਈ ਹੋਈ ਚੀਜ਼ ਨੂੰ ਹਜ਼ਮ ਕਰਨ ਵਾਲੀ ਢਿਡ ਦੀ ਅੱਗ ਜਾਂ ਗਰਮੀ

जठल–ਜਠਲ, ਪੁ., ਵੈਦਕ ਸਮੇ ਦਾ ਇਕ ਪਾਣੀ ਦਾ ਭਾਂਡਾ

जठेरा–ਜਠੇਰਾ, ਵਿ., ਵੱਡਾ, ਉਮਰੋਂ ਵੱਡਾ

जड़–ਜੜ, ਵਿ., ਮੂਰਖ, ਗੂੰਗਾ, ਅਣਜਾਣ, ਪਾਲੇ ਦਾ ਮਾਰਿਆ ਹੋਇਆ, ਖਮੋਸ਼, ਡੌਰ ਭੌਰ, ਸਾਹ ਸਤ ਹੀਣ, ਪੁ., ਪਾਣੀ, ਬੂਟੇ ਦਾ ਮੁੱਢ. ਸ਼ੋਰ, ਬੁਨਿਆਦ, ਕਾਰਣ, ਆਧਾਰ

जड़ता–ਜੜਤਾ, ਇ., ਬੇਸੁਰਤੀ, ਮੂਰਖਤਾ, ਅਚੱਲਤਾ, ਖਮੋਸ਼ੀ

जड़ना–ਜੜਨਾ, ਕ੍ਰਿ., ਬਿਠਾਉਣਾ, ਠੋਕਣਾ. ਕਿਸੇ ਦੇ ਖਿਲਾਫ਼ ਕੁਝ ਕਹਿਣਾ

जड़भरत–ਜੜਭਬਤ, ਪੁ., ਇਕ ਪਰਸਿੱਧ ਰਿਸ਼ੀ

जड़वी–ਜੜਵੀ, ਇ., ਧਾਨ ਦਾ ਛੋਟਾ ਬੂਟਾ

जड़हन–ਜੜਹਨ, ਪੁ., ਧਾਨਾਂ ਦੀ ਪਨੀਰੀ

जड़ाई–ਜੜਾਈ, ਇ., ਜੜਨ ਦਾ ਕੰਮ, ਠੰਡ ਨਾਲ ਕੰਬਣ ਦਾ ਭਾਵ

जड़ाऊ–ਜੜਾਊ, ਵਿ., ਰਤਨਾਂ ਨਾਲ ਜੜਿਆ ਹੋਇਆ

जड़ान–ਜੜਾਨ ਇ., ਦੇਖੋ ਜੜਾਈ (जड़ाई)

जड़ाना–ਜੜਾਨਾ, ਕ੍ਰਿ., ਜੜਨ ਦਾ ਕੰਮ ਦੂਸਰੇ ਤੋਂ ਕਰਾਉਣਾ, ਠੰਡ ਲੱਗਣੀ, ਪਾਲੇ ਮਰਨਾ

जड़ाव–ਜੜਾਵ, ਪੁ., ਦੇਖੋ ਜੜਾਈ (जड़ाई)

जड़ावर, जड़ावल–ਜੜਾਵਰ, ਜੜਾਵਲ, ਪੁ., ਸਰਦੀਆਂ ਦੇ ਕਪੜ

जड़ित–ਜੜਿਤ, ਵਿ., ਜੜਿਆ ਹੋਇਆ, ਜਿਸ ਵਿਚ ਰਤਨ ਜੜੇ ਹੋਏ ਹੋਣ

जड़िमा–ਜੜਿਮਾ, ਇ., ਆਗਿਆਨ, ਨਾਸਮਝੀ

जड़िया–ਜੜਿਯਾ, ਇ., ਮੂਰਖਤਾ, ਬੇਵਕੂਫ਼ੀ, ਨਾਸਮਝੀ, ਵਿ., ਗਹਿਣਿਆਂ ਵਿਚ ਰਤਨ ਜੜਨ ਵਾਲਾ

जड़ी–ਜੜੀ. ਇ., ਬੂਟੀ ਦੀ ਜੜ ਜੋ ਦਵਾਈਆਂ ਦੇ ਕੰਮ ਆਵੇ, ਜੜੀ ਬੂਟੀ

जड़ीला–ਜੜੀਲਾ, ਵਿ., ਜੜ ਵਾਲਾ, ਜੜਦਾਰ

जड़ुआ–ਜੜੁਆ, ਪੁ., ਪੈਰ ਦੇ ਅੰਗੂਠੇ ਦਾ ਛੱਲਾ

जड़ैया–ਜੜੈਯਾ, ਇ., ਕਾਂਬੇ ਦਾ ਬੁਖਾਰ, ਵਿ., ਦੇਖੋ ਜੜਿਯਾ (जड़िया)

जढाना–ਜਢਾਨਾ, ਕ੍ਰਿ., ਹਠ ਕਰਨਾ, ਜਿਦ ਕਰਨੀ

जत–ਜਤ, ਵਿ., ਜਿਤਨਾ, ਜਿੰਨਾ

जतन–ਜਤਨ, ਪੁ.. ਕੋਸ਼ਿਸ਼

जताना, जतलाना–ਜਤਾਨਾ, ਜਤਲਾਨਾ, ਕ੍ਰਿ., ਪਹਿਲੋਂ ਦਸਣਾ, ਖਬਰਦਾਰ ਕਰਨਾ

जतारा–ਜਤਾਰਾ, ਪੁ., ਵੰਸ, ਘਰਾਣਾ, ਕੁਲ, ਜਾਤ, ਖਾਨਦਾਨ

जती–ਜਤੀ, ਪੁ., ਜਤੀ, ਸੰਨਿਆਸੀ, ਵਿ., ਜਿਸ ਦੇ ਮਨ ਕਾਬੂ ਹੋਵੇ

जतु, जतुक–ਜੁਤ, ਜਤੁਕ, ਪੁ., ਗੂੰਦ, ਲਾਖ, ਸ਼ਿਲਾਜੀਤ

जतुका–ਜਤੁਕਾ, ਇ., ਪਹਾੜੀ ਵੇਲ, ਚਮਗਿੱਦੜ

जतुग्रह–ਜਤੁਗ੍ਰਹ, ਪੁ., ਘਾਸ ਫ਼ੂਸ ਦੀ ਝੌਂਪੜੀ, ਕੱਖਾਂ ਦੀ ਕੁੱਲੀ

जतेक–ਜਤੇਕ. ਵਿ., ਜਿਤਨਾ, ਜਿੰਨਾ

जत्था–ਜੱਥਾ, ਪੁ., ਗਰੋਹ, ਇਕੱਠ, ਜਮਾਤ, ਝੁੰਡ

जत्रु–ਜਤ੍ਰੁ, ਪੁ.. ਹੰਸਲੀ, ਕੰਨ੍ਹੇ ਅਤੇ ਬਾਂਹ ਦਾ ਜੋੜ

जद्–ਜਦ, ਕ੍ਰਿ. ਵਿ.. ਜਦੋਂ, ਜਦ ਕਦੇ, ਜੇ, ਅਗਰ

जद्यपि–ਜਦਪਿ, ਅਵਜ., ਜੇ ਕਰ

जदुपती, जदुपाल–ਜਦੁਪਤੀ, ਜਦੁਪਾਲ, ਪੁ., ਸ਼੍ਰੀ ਕ੍ਰਿਸ਼ਨ ਜੀ

जद्वद्–ਜੱਦਬੱਦ, ਪੁ., ਖੋਟਾ ਵਚਨ, ਅਜੋਗ ਗੱਲ

जनंगम–ਜਨੰਗਮ, ਪੁ., ਚੰਡਾਲ

जन–ਜਨ, ਪੁ.. ਲੋਕੀ, ਲੋਗ ਸਮੂਹ, ਜੱਥਾ, ਜਨਤਾ, ਗੰਵਾਰ, ਦਾਸ, ਸੇਵਕ, ਭਵਨ, ਪੰਜਵਾਂ ਲੋਕ

जनक–ਜਨਕ, ਪੁ., ਜਨਮ ਦਾਤਾ, ਸੀਤਾ ਦੇ ਪਿਤਾ, ਪਿਉ

जनकनंदनी–ਜਨਕਨੰਦਨੀ, ਇ., ਜਾਨਕੀ, ਸੀਤਾ

जनकपुर–ਜਨਕਪੁਰ, ਪੁ., ਮਿਥਲਾ ਦੀ ਪੁਰਾਣੀ ਰਾਜਧਾਨੀ

जनकौर–ਜਨਕੌਰ, ਪੁ., ਜਨਕ ਦਾ ਘਰ, ਜਨਕ ਦੀ ਕੁਲ

जनखा–ਜਨਖਾ, ਇ., ਹੀਜੜਾ, ਖੁਸਰਾ, ਨਪੁੰਸਕ

जनगी–ਜਨਗੀ, ਇ., ਮੱਛੀ

जनघर–ਜਨਘਰ, ਪੁ., ਜੰਨ ਦੇ ਠਹਿਰਣ ਦਾ ਥਾਂ, ਮੰਡਪ

जनचक्षु–ਜਨਚਕਸ਼ੁ; ਪੁ., ਸੂਰਜ

जनचरचा–ਜਨਚਰਚਾ, ਇ., ਅਫ਼ਵਾਹ

जनता–ਜਨਤਾ, ਇ., ਆਮਲੋਕੀ, ਪਰਜਾ

जनधा–ਜਨਧਾ, ਪੁ., ਅਗਨੀ, ਅੱਗ

जनन–ਜਨਨ, ਪੁ., ਉਤਪੰਤੀ, ਜਨਮ, ਖਾਨਦਾਨ, ਪਿਉ, ਪਰਮਾਤਮਾ, ਰੱਬ

जनना–ਜਨਨਾ, ਕ੍ਰਿ., ਜਨਮ ਦੇਣਾ, ਪੈਦਾ ਕਰਨਾ

जननी–ਜਨਨੀ, ਇ., ਜਨਮ ਦੇਣ ਵਾਲੀ ਮਾਤਾ, ਮਜੀਠ, ਜਟਾਮਾਸੀ, ਚਮਗਿੱਦੜ

जननेन्द्रिय–ਜਨਨੇਂਦ੍ਰਿਯ, ਇ., ਭਗ, ਯੋਨੀ

जनपद्–ਜਨਪਦ, ਪੁ., ਦੇਸ਼. ਦੇਸ਼ਵਾਸੀ ਲੋਕ, ਲੋਕੀ, ਬਸਤੀ, ਪਰਜਾ

जनरव–ਜਨਰਵ, ਪੁ., ਲੋਕ ਨਿੰਦਿਆ, ਰੌਲਾ

जनवाना–ਜਨਵਾਨਾ, ਕ੍ਰਿ., ਪੈਦਾ ਕਰਨਾ, ਸੰਤਾਨ ਜਮਾਉਣਾ, ਖਬਰ ਦੇਣਾ, ਅਜ਼ਾਦ ਕਰਾਉਣਾ

जनवास, जनवासा–ਜਨਵਾਸ, ਜਨਵਾਸਾ, ਪੁ., ਜੰਨ ਦੇ ਠਹਿਰਣ ਦਾ ਥਾਂ, ਸਭਾ, ਸਮਾਜ

जनश्रुति–ਜਨਸ਼੍ਰੁਤਿ, ਇ., ਦੰਦ ਕਥਾ, ਲੋਕਾਂ ਤੋਂ ਸੁਣੀ ਸੁਣਾਈ ਗੱਲ

जनसंख्या–ਜਨਸੰਖਯਾ, ਇ., ਮਰਦਮਸ਼ੁਮਾਰੀ, ਲੋਕ ਗਿਣਤੀ, ਅਬਾਦੀ

जनांत–ਜਨਾਂਤ, ਪੁ., ਜਿਸ ਦੀ ਹੱਦ ਨਿਸ਼ਚਤ ਨਾ ਹੋਵੇ, ਮਨੁੱਖਾਂ ਦੇ ਰਹਿਣ ਦਾ ਥਾਂ, ਜਮਰਾਜ

जनांतिक–ਜਨਾਂਤਿਕ, ਪੁ.. ਇਸ਼ਾਰਿਆਂ ਨਾਲ ਗੱਲਾਂ ਬਾਤਾਂ

जनाई–ਜਨਾਈ, ਇ., ਦਾਈ, ਪੈਦਾ ਕਰਨ ਵਾਲੀ ਤੀਵੀਂ

जनाऊ–ਜਨਾਊ, ਪੁ., ਸੂਚਨਾ, ਇਤਲਾਹ

जनाचार–ਜਨਾਚਾਰ, ਪੁ., ਦੇਸ ਜਾਂ ਸਮਾਜ ਦੀ ਪਰਚੱਲਤ ਰਸਮ

जनाना–ਜਨਾਨਾ, ਕ੍ਰਿ., ਦਸਣਾ, ਖਬਰਦਾਰ ਕਰਨਾ, ਪੈਦਾ ਕਰਨਾ, ਜੰਮਣਾ

जनार्दन–ਜਨਾਰਦਨ, ਪੁ., ਵਿਸ਼ਨੂੰ, ਵਿ., ਦੁਖਦਾਈ, ਪੀੜਾ ਦੇਣ ਵਾਲਾ

जनाव–ਜਨਾਵ, ਪੁ., ਸੂਚਨਾ, ਇਤਲਾਹ

जनावर–ਜਨਾਵ, ਪੁ., ਸੂਚਨਾ, ਇਤਲਾਹ

जनावर–ਜਨਾਵਰ, ਪੁ., ਦੇਖੋ ਜਾਨਵਰ (जानवर)

जनाश्रय–ਜਨਾਸ਼੍ਰਯ, ਪੁ., ਮੁਸਾਫਰਾਂ ਦੇ ਠਹਿਰਣ ਦਾ ਥਾਂ, ਧਰਮਸ਼ਾਲਾ, ਪੜਾਉ, ਚੱਟੀ

जनि–ਜਨਿ, ਇ., ਪੈਦਾਇਸ਼, ਜਨਮ, ਮਾਤਾ. ਨੋਂਹ, ਪੋਤ ਨੋਂਹ, ਜਨਮ ਭੂਮੀ, ਔਰਤ

जनिका–ਜਨਿਕਾ, ਇ., ਬੁਝਾਰਤ, ਪਹੇਲੀ

जनित–ਜਨਿਤ, ਵਿ., ਪੈਦਾ ਕੀਤਾ ਹੋਇਆ, ਜਨਮਿਆ ਹੋਇਆ

जनित्र–ਜਨਿਤ੍ਰ, ਪੁ., ਜਨਮਸਥਾਨ, ਜਨਮ ਭੂਮੀ

ਠੁਨਕਾਨਾ–ਠੁਨਕਾਨਾ, ਕ੍ਰਿ., ਠੋਲ੍ਹਾ ਮਾਰਨਾ

ਠੁਨਠੁਨ–ਠੁਨਠੁਨ, ਪੁ., ਬੱਚਿਆਂ ਦੇ ਰੋਣ ਦੀ ਅਵਾਜ, ਭਾਂਡਿਆਂ ਦੀ ਖਣਕਾਰ

ਠੁਮਕ–ਠੁਮਕ, ਪੁ , ਬੱਚਿਆਂ ਦੀ ਨੱਸ ਭੱਜ, ਉਛਲ ਕੁੱਦ

ਠੁਮਕਨਾ–ਠੁਮਕਨਾ, ਕ੍ਰਿ., ਅਦਾ ਨਾਲ ਤੁਰਨਾ, ਨਖਰੇ ਭਰੀ ਚਾਲ ਚੱਲਣਾ

ਠੁਮਕਾ–ਠੁਮਕਾ, ਵਿ., ਮਧਰਾ, ਬੌਣਾ, ਪੁ., ਪਤੰਗ ਦੇ ਡੋਰ ਫੜ ਕੇ ਝਟਕਾ ਦੇਣ ਦਾ ਕੰਮ

ਠੁਮਕਾਰਨਾ–ਠੁਮਕਾਰਨਾ, ਕ੍ਰਿ., ਗੁੱਡੀ ਦੀ ਡੋਰ ਨੂੰ ਹਝਕਾ ਮਾਰਨਾ

ਠੁਮਕੀ–ਠੁਮਕੀ, ਇ., ਹਝਕਾ, ਝਟਕਾ, ਰੁਕਾਵਟ, ਧੀਮੀ ਚਾਲ, ਵਿ., ਮਧਰੀ

ਠੁਮਰੀ–ਠੁਮਰੀ, ਇ., ਰਾਗੀਆਂ ਦਾ ਗੀਤ, ਉਡਦੀ ਖਬਰ, ਗੱਪ

ਠੁਰੀਂ–ਠੁਰਰੀ, ਇ., ਬਿਨਾ ਛਿਲਕਾ ਲਾਹੇ ਭੁੰਨੇ ਦਾਣੇ

ਠੁਰਿਯਾਨਾ–ਠੁਰਿਯਾਨਾ, ਕ੍ਰਿ., ਠਰਨਾ, ਸੁੰਗੜਨਾ

ਠੁਸਕਨਾ–ਠੁਸਕਨਾ, ਕ੍ਰਿ., ਹੌਲੀ ਹੌਲੀ ਰੋਣਾ, ਦੂਸਰੇ ਨੂੰ ਕੌੜੀ ਗੱਲ ਕਹਿਣੀ, ਹੌਲੀ ਹੌਲੀ ਗੱਲ ਕਰਨੀ

ਠੁਸਕੀ–ਠੁਸਕੀ, ਇ., ਫੂਸੀ ਮਾਰਨ ਦੀ ਕਿਰਿਆ, ਸੜਿਆ ਹੋਇਆ ਪੱਦ ਮਾਰਨ ਦੀ ਕਿਰਿਆ

ਠੁਸਨਾ–ਠੁਸਨਾ, ਕ੍ਰਿ., ਤੋ ਕੇ ਭਰਨਾ, ਠੋਸਣਾ, ਤੁੰਨੁਣਾ, ਥੁੰਨਣਾ

ਠੁਸਵਾਨਾ–ਠੁਸਵਾਨਾ, ਇ., ਤੋ ਕੇ ਭਰਵਾਉਣਾ

ਠੁਸਾਨਾ–ਠੁਸਾਨਾ, ਕ੍ਰਿ., ਭਰਵਾਉਣਾ, ਬਹੁਤ ਰਜਾਉਣਾ

ਠੁਸੀ–ਠੁਸੀ, ਇ., ਇਕ ਗਹਿਣਾ

ਠੂੰਗ–ਠੂੰਗ, ਇ., ਚੁੰਜ

ਠੂੰਠ–ਠੂੰਠ, ਪੁ., ਟੰਡਮੁੰਡ ਰੁੱਖ, ਜਵਾਰ ਬਾਜਰੇ ਦੀ ਪੈਦਾਵਾਰ ਨੂੰ ਨਾਸ ਕਰਨ ਵਾਲਾ ਇਕ ਕੀੜਾ

ਠੂੰਠਾ–ਠੂੰਠਾ, ਵਿ., ਢੀਂਗਰ, ਲੂਲਾ, ਖਾਲੀ, ਟੁੰਡ ਮੁੰਡ

ਠੂੰਠਿਯਾ–ਠੂੰਠਿਆ, ਵਿ., ਲੂਲਾ, ਲੰਗੜਾ, ਹੀਜੜਾ

ਠੂੰਠੀ–ਠੂੰਠੀ, ਇ., ਬਾਜਰਾ ਕਪਾਹ ਵਗੈਰਾ ਦੇ ਖਲੋਤੇ ਕਰਚੇ

ਠੂੰਸਨਾ–ਠੂੰਸਨਾ, ਕ੍ਰਿ., ਦੇਖੋ ਠੁਸਨਾ (ਠੁਸਨਾ)

ਠੇਉਨਾ–ਠੇਉਨਾ, ਪੁ., ਗੋਂਡਾ

ਠੇਂਗਨਾ–ਠੇਂਗਨਾ, ਵਿ., ਮਧਰਾ, ਨਿੱਕਾ, ਬੌਣਾ

ਠੇਂਗਾ–ਠੇਂਗਾ, ਪੁ., ਅੰਗੂਠਾ, ਡੰਡਾ, ਸੋਟਾ, ਗੱਤਕਾ

ਠੇਂਗਾਠੇਂਗੀ–ਠੇਂਗਾਠੇਂਗੀ, ਅਵਜ., ਆਪਸ ਵਿਚ ਮਾਰ ਕੁੱਟ

ਠੇਂਗੁਰ–ਠੇਂਗੁਰ, ਪੁ., ਡਹਾ, ਗਊ ਮੱਝ ਦੇ ਗਲ ਵਿਚ ਪਾਈ ਹੋਈ ਲੱਕੜ

ਠੇਂਘਾ–ਠੇਂਘਾ, ਪੁ., ਦੇਖੋ ਠੇਂਗਾ (ਠੇਂਗਾ)

ਠੇਂਠ–ਠੇਂਠ, ਵਿ., ਦੇਖੋ ਠੇਠ (ਠੇਠ)

ਠੇਂਠੀ–ਠੇਂਠੀ, ਇ., ਕੰਨ ਦੀ ਮੈਲ, ਕੰਨ ਵਿਚ ਦੇਣ ਦੀ ਰੂੰ, ਬੋਤਲ ਦਾ ਡੱਟਾ

ਠੇਂਪੀ–ਠੇਂਪੀ, ਇ., ਡੱਟਾ, ਕਾਗ, ਡਾਟ

ਠੇਕ–ਠੇਕ, ਇ., ਸਹਾਰਾ, ਆਸਰਾ, ਟੇਕ, ਠੁਮੁਣਾ, ਪੱਚੜ, ਲਾਠੀ ਦਾ ਸੰਮ, ਘੋੜੇ ਦੀ ਚਾਲ, ਪੌੜ

ਠੇਕਨਾ–ਠੇਕਨਾ, ਕ੍ਰਿ., ਸਹਾਰਾ ਲੈਣਾ, ਆਸਰਾ ਲੈਣਾ, ਠਹਿਰਣਾ, ਟਿਕਣਾ, ਰਹਿਣਾ

ਠੇਕਾ–ਠੇਕਾ, ਪੁ., ਅੱਡਾ, ਸਹਾਰਾ, ਬੈਠਕ, ਠੋਕਰ, ਤਬਲੇ ਦਾ ਖੱਬਾ ਪੱਟਾ

ਠੇਕਾਈ–ਠੇਕਾਈ, ਇ., ਕਾਲੇ ਕਿਨਾਰੇ ਦੀ ਛਪਾਈ

ਠੇਕਾਨਾ–ਠੇਕਾਨਾ, ਪੁ., ਨਿਵਾਸ ਸਥਾਨ, ਵਸ਼ੋਂ, ਠਿਕਾਣਾ

ਠੇਕੀ–ਠੇਕੀ, ਇ., ਠਹਿਰਨ ਦਾ ਥਾ, ਸਹਾਰਾ

ਠੇਗੜੀ–ਠੇਗੜੀ, ਪੁ., ਟਰੜਾ ਕੁੱਤਾ

ਠੇਗਨਾ–ਠੇਗਨਾ, ਕ੍ਰਿ., ਸਹਾਰਾ ਲੈਣਾ, ਰੋਕਣਾ, ਮਨਾ ਕਰਨਾ

ਠੇਗਨੀ–ਠੇਗਨੀ. ਇ., ਸਹਾਰਾ ਲੈਣ ਵਾਲੀ ਲਕੜੀ, ਵਰਾਗਣ

ਠੇਘਨਾ–ਠੇਘਨਾ, ਵਿ., ਦੇਖੋ ਠੇਗਨਾ (ਠੇਗਨਾ)

ਠੇਘਨੀ–ਠੇਘਨੀ, ਇ., ਦੇਖੋ ਠੇਗਨੀ (ਠੇਗਨੀ)

ਠੇਘਾ–ਠੇਘਾ, ਪੁ., ਸਹਾਰਾ, ਪੱਚੜ, ਟੇਕ ਆਸਰਾ

ਠੇਠ–ਠੇਠ, ਵਿ., ਖਾਲਸ, ਸੁੱਧ, ਨਿਪਟ, ਅਰੰਭ, ਨਿਰਾ, ਇ., ਸਿੱਧੀ ਸਾਧੀ ਬੋਲੀ ਜਿਸ ਵਿਚ ਸਾਹਿਤਕ ਸ਼ਬਦਾਂ ਦੀ ਵਰਤੋਂ ਨਾ ਹੋਵੇ

ਠੇਪ–ਠੇਪ, ਪੁ., ਦੀਵਾ, ਦੀਪਕ

ਠੇਪੀ–ਠੇਪੀ, ਇ., ਡੱਟਾ, ਤਾਰ, ਡਾਟ

ਠੇਲਨਾ–ਠੇਲਨਾ, ਕ੍ਰਿ., ਰੇੜ੍ਹਨਾ, ਧਕੇਲਣਾ, ਧੱਕਾ ਦੇ ਕੇ ਅੱਗੇ ਕਰਨਾ

ਠੇਲਮਠੇਲ–ਠੇਲਮਠੇਲ, ਕ੍ਰਿ. ਵਿ., ਇਕ ਉੱਤੇ ਦੂਸਰੇ ਦਾ ਗਿਰਨ ਦਾ ਭਾਵ, ਧੱਕਮਧੱਕਾ .

ਠੇਲਾ–ਠੇਲਾ, ਪੁ., ਟੱਕਰ, ਧੱਕਾ, ਪਿਛੇ ਵਲੋਂ ਸੱਟ, ਠੇਲ੍ਹਾ ਗੱਡੀ ਭੀੜ ਭਾੜ, ਧੱਕਾ ਮੁੱਕਾ

ਠੇਲਾਠੇਲੀ–ਠੇਲਾਠੇਲੀ, ਇ., ਇਕ ਦਾ ਦੂਸਰੇ ਤੇ ਗਿਰਨ ਦਾ ਭਾਵ, ਧੱਕਾ ਮੁਕੀ

ਠੇਵਕਾ–ਠੇਵਕਾ, ਪੁ., ਨਸਾਰ, ਔਲ, ਖੇਤ ਸਿੰਜਣ ਲਈ ਪਾਣੀ ਡੇਗਣ ਦਾ ਥਾਂ

ਠੇਵਕੀ–ਠੇਵਕੀ, ਇ., ਦੇਖੋ ਠੇਵਕ (ਠੇਵਕਾ)

ਠੇਵਨਾ–ਠੇਵਨਾ, ਪੁ., ਗੋਡਾ, ਘੁਟਣਾ

ठेस-ਠੇਸ, ਇ., ਸੱਟ, ਚੋਟ, ਠੋਕਰ, ਧੱਕਾ

ठेसना-ਠੇਸਨਾ, ਕ੍ਰਿ., ਠੂਸਣਾ, ਤੁੰਨ ਕੇ ਭਰਨਾ

ठेसरा-ਠੋਸਰਾ, ਵਿ., ਅਭਿਮਾਨੀ, ਘਮੰਡੀ, ਹੰਕਾਰੀ

ठेहरी-ਠੇਹਰੀ, ਇ., ਤਖਤੇ ਦੇ ਹੇਠ ਦੀ ਲੱਕੜੀ ਜਿਸ ਤੇ ਚੂਲ ਆਉਂਦੀ ਹੈ. ਥੇਹੜੀ, ਟੇਟੂਆ

ठेही-ਠੇਹੀ, ਇ.. ਗੰਨੇ ਦੇ ਟੋਟੇ, ਗੰਡੇਰੀ

ठेहुका-ਠੇਹੁਕਾ, ਪੁ., ਉਹ ਪਸੂ ਜਿਸ ਦੀਆਂ ਲੱਤਾਂ ਵਿੰਗੀਆਂ ਹੋਣ

ठेहुना-ਠੇਹੁਨਾ, ਪੁ., ਦੇਖੋ ਠੇਵਨਾ (ठेवना)

ठैकर-ਠੈਕਰ, ਪੁ., ਨਿੰਬੂ ਦੀ ਨਸਲ ਦਾ ਖੱਟਾ ਫਲ

ठैन, ठैया-ਠੈਨ, ਠੈਯਾ, ਇ., ਜਗਾ, ਥਾਂ, ਸਥਾਨ, ਠਿਕਾਣਾ

ठैरना-ਠੈਰਨਾ, ਕ੍ਰਿ., ਖਲੋਣਾ, ਅਟਕਣਾ, ਰੁਕਣਾ

ठैराना-ਠੈਰਾਨਾ, ਕ੍ਰਿ., ਰੋਕਣਾ, ਖੜ੍ਹਾ ਕਰਨਾ, ਅਟਕਾਉਣਾ

ठैराई-ਠੈਰਾਈ, ਇ., ਦੇਖੋ ਠਹਰਾਈ (ठहराई)

ठैल-ਠੈਲ, ਇ., ਸੱਟ, ਚੋਟ, ਠੇਸ, ਠੋਕਰ

ठोंक-ਠੋਂਕ, ਇ., ਸੱਟ, ਚੋਟ, ਹੱਲਾ

ठोंकना-ਠੋਂਕਨਾ, ਕ੍ਰਿ., ਮਾਰਨਾ, ਗੱਡਣਾ, ਸੱਟ ਮਾਰਨੀ, ਖਟਖਟਾਉਣਾ, ਕਸ ਕੇ ਬੰਨ੍ਹਣਾ, ਬੇੜੀ ਲਾਉਣੀ, ਹੱਥ ਮਾਰ ਕੇ ਵਜਾਉਣਾ, ਜੜਨਾ, ਠੋਕਣਾ

ठोंकवा-ਠੋਂਕਵਾ, ਪੁ., ਮੋਟੀ ਪੂਰੀ

ठोंग-ਠੋਂਗ, ਇ., ਠੁੰਗ. ਚੁੰਜ, ਠੋਲ੍ਹੇ ਦੀ ਮਾਰ, ਉਂਗਲੀਆਂ ਦੀ ਗੱਠ ਦੀ ਮਾਰ

ठोंगना-ਠੋਂਗਨਾ, ਕ੍ਰਿ., ਠੁੰਗ ਮਾਰਨੀ, ਠੋਲ੍ਹਾ ਮਾਰਨਾ

ठोंठा-ਠੋਂਠਾ, ਪੁ.. ਦੇਖੋ ਠੂੰਠ (ठूंठ)

ठोंठी-ਠੋਂਠੀ, ਇ., ਫਲੀ, ਛੋਲੇ ਦੀ ਟਾਂਟ

ठोकचा-ਠੋਕਚਾ, ਪੁ., ਅੰਬ ਦੀ ਗੁਠਲੀ ਦਾ ਉਪਰਲਾ ਸਖਤ ਛਿਲਕਾ

ठोकना-ਠੋਕਨਾ, ਕ੍ਰਿ., ਦੇਖੋ ਠੋਂਕਨਾ (ठोंकना)

ठोकर-ਠੋਕਰ, ਇ., ਧੱਕਾ, ਸੱਟ, ਚੋਟ, ਜੁੱਤੀ ਦੀ ਨੋਕ ਦੀ ਮਾਰ, ਪੈਰ ਵਿਚ ਸੱਟ ਲੱਗਣੀ, ਠੁੱਡਾ

ठोकरा-ਠੋਕਰਾ, ਵਿ., ਸਖਤ. ਕਰੜਾ, ਕਠਨ

ठोकराना-ਠੋਕਰਾਨਾ, ਕ੍ਰਿ., ਠੋਕਰ ਖਾ ਕੇ ਡਿਗਣਾ, ਜੁੱਤੀ ਦੀ ਨੋਕ ਨਾਲ ਮਾਰਨਾ

ठोकरी-ਠੋਕਰੀ ਇ., ਬਹੁਤ ਚਿਰ ਦੀ ਸੂਈ ਗਊ, ਤੋਕੜ

ठोकवा-ਠੋਕਵਾ, ਪੁ., ਦੇਖੋ ਠੋਂਕਵਾ (ठोंकवा)

ठोका-ਠੋਕਾ, ਪੁ., ਤੀਵੀਆਂ ਦੇ ਹੱਥ ਵਿਚ ਪਾਉਣ ਦਾ ਗਹਿਣਾ

ठोट-ਠੋਟ, ਵਿ., ਮੂਰਖ, ਬੇਰਸ, ਫੋਕੜ

ठोठरा-ਠੋਠਰਾ, ਵਿ., ਖਾਲੀ, ਪੋਲਾ, ਪੁਲਾੜ

ठोडी, ठोढ़ी-ਠੋਡੀ, ਠੋਢੀ, ਇ., ਠੋਡੀ, ਦਾੜ੍ਹੀ

ठोप-ਠੋਪ, ਪੁ., ਬੂੰਦ, ਤੁਪਕਾ, ਕਣੀ

ठोर-ਠੋਰ, ਪੁ., ਚੁੰਜ, ਇਕ ਮਿੱਠਾ ਪਕਵਾਨ

ठोला-ਠੋਲਾ, ਪੁ., ਛੋਟਾ ਭਾਂਡਾ, ਗੱਠ, ਆਦਮੀ

ठोली-ਠੋਲੀ, ਇ., ਮਸਖਰੀ, ਦਿਲ ਲਗੀ, ਮਖੌਲ ਬਾਜ਼ੀ

ठोस-ਠੋਸ, ਵਿ.. ਜੋ ਅੰਦਰੋਂ ਪੋਲਾ ਨਾ ਹੋਵੇ, ਪੁਸ਼ਟ, ਗੰਭੀਰ, ਤੁੰਨਵਾਂ

ठोसा-ਠੋਸਾ, ਪੁ., ਹੱਥ ਦਾ ਅੰਗੂਠਾ, ਡੋ-ਡੋ, ਠੇਂਗਾ

ठोहना-ਠੋਹਨਾ, ਕ੍ਰਿ., ਪਤਾ ਲਾਉਣਾ, ਥਾਂ ਟਿਕਾਣਾ ਲੱਭਣਾ

ठोहर-ਠੋਹਰ, ਪੁ., ਕਾਲ, ਮਹਿੰਗਾਈ

ठौका-ਠੌਕਾ, ਪੁ., ਉਹ ਖੇਤ ਜਿਸ ਵਿਚ ਡੱਲ ਨਾਲ ਪਾਣੀ ਲਾਇਆ ਜਾਂਦਾ, ਡੱਲ ਲਾਉਣ ਦਾ ਥਾਂ

ठौनि-ਠੌਨਿ, ਇ., ਹਾਲਤ, ਜਗਾ, ਸਥਾਨ

ठौर-ਠੌਰ, ਪੁ., ਥਾਂ ਟਿਕਾਣਾ, ਨਿਵਾਸ ਸਥਾਨ, ਮੌਕਾ, ਇਕ ਪਕਵਾਨ, ਪਰਬੰਧ, ਰੋਜ਼ੀ ਦਾ ਥਾਂ

ड-ਡ

ड-ਡ, ਇਹ ਹਿੰਦੀ ਦਾ ਤੇਰੁਵਾਂ ਵਿਅੰਜਨ ਅਤੇ ਟਵਰਗ ਦਾ ਤੀਜਾ ਅੱਖਰ ਹੈ, ਇਸ ਚਾ ਉਚਾਰਣ ਮੱਥੇ ਤੋਂ ਹੁੰਦਾ ਹੈ, ਜਿਸ ਦਾ ਭਾਵ ਇਹ ਹੈ ਕਿ ਇਹ ਅੱਖਰ ਜੀਭ ਦਾ ਵਿਚਾਲਾ ਤਾਲੂ ਨਾਲ ਲਗਣ ਕਰਕੇ ਹੀ ਉਚਾਰਿਆ ਜਾ ਸਕਦਾ ਹੈ

डंक-ਡੰਗ, ਪੁ., ਬਿੱਛੂ ਡੇਹਮੂ ਭਰਿੰਡ ਵਗੈਰਾ ਦਾ ਜ਼ਹਿਰੀਲਾ ਕੰਡਾ, ਨਿਬ, ਡੰਕ ਦਾ ਜ਼ਖਮ

डंकदार-ਡੰਗਦਾਰ, ਵਿ., ਜਿਸ ਵਿਚ ਡੰਗ ਹੋਵੇ, ਡੰਗ ਵਾਲਾ, ਲੜਾਕਾ

डंकना-ਡੰਕਨਾ, ਕ੍ਰਿ., ਗਰਜਣਾ, ਡਰਾਉਣੀ ਆਵਾਜ਼ ਪੈਦਾ ਕਰਨੀ, ਡੰਗਣਾ, ਡੰਗ ਮਾਰਨਾ

डंका-ਡੰਕਾ, ਪੁ., ਇਕ ਤਰ੍ਹਾਂ ਦਾ ਨਗਾਰਾ, ਜਹਾਜ ਦੇ ਠਹਿਰਨ ਦੀ ਥਾਂ

डंकियाना-ਡੰਕਿਯਾਨਾ, ਕ੍ਰਿ., ਡੰਗ ਮਾਰਨਾ, ਡੰਗਣਾ

डंकीला-ਡੰਕੀਲਾ, ਵਿ., ਦੇਖੋ ਡੰਕਦਾਰ डंकदार)

डंकिनी-ਡੰਕਿਨੀ, ਇ., ਦੇਖੋ ਡਾਕਿਨੀ (डाकिनी)

डंकी-ਡੰਕੀ, ਇ., ਪਹਿਲਵਾਨਾਂ ਦੀ ਕੁਸ਼ਤੀ ਦਾ ਇਕ ਦਾਅ

डंकुर-ਡੰਕੁਰ, ਪੁ., ਪੁਰਾਣੇ ਸਮੇ ਦਾ ਇਕ ਵਾਜਾ

डंकोरी-ਡੰਕੋਰੀ, ਇ., ਦੰਦਈਆ, ਡੇਹਮੂ

डंग-ਡੰਗ, ਪੁ., ਅੱਧਾ ਪਕਿਆ ਹੋਇਆ ਛੁਹਾਰਾ, ਦੇਖੋ ਡੰਕ (डंक)

डगाम-ਡਗਾਮ, ਪੁ., ਇਕ ਪਹਾੜੀ ਰੁੱਖ ਜਿਸ ਦੀ ਲਕੜੀ ਸਖਤ ਹੁੰਦੀ ਹੈ

डंगर-ਡੰਗਰ, ਪੁ., ਚੁਪਾਇਆ, ਪਸੂ, ਢਾਂਡੇ

डंगरी-ਡੰਗਰੀ, ਇ., ਲੰਮੀ ਲੱਕੜ, ਡੈਣ, ਚੁੜੇਲ, ਮੋਟੀ ਬੈਂਤ

डंगवारा-ਡੰਗਵਾਰਾ, ਪੁ., ਉਹ ਸਹਾਇਤਾ ਜੋ ਕਿਸਾਨ ਬਹਾਈ ਵਿਜਾਈ ਵਢਾਈ ਵੇਲੇ ਇਕ ਦੂਸਰੇ ਨੂੰ ਦਿੰਦੇ ਹਨ, ਬਿੜ੍ਹੀ, ਆਭਤ

डंगोरी-ਡੰਗੋਰੀ, ਇ., ਇਕ ਸਖਤ ਲੱਕੜੀ ਦਾ ਰੁੱਖ

डंटैया-ਡੰਟੈਯਾ, ਵਿ., ਡਾਟਣ ਵਾਲਾ, ਧਮਕਾਉਣ ਵਾਲਾ, ਘੂਰਨ ਵਾਲਾ

डंठल, डंठी-ਡੰਠਲ, ਡੰਠੀ, ਪੁ., ਇ., ਰੁੱਖ ਦੀ ਟਾਹਣੀ

डंड-ਡੰਡ, ਪੁ., ਲਾਠੀ, ਸੋਟਾ, ਡੰਡਾ, ਬਾਂਹ, ਇਖ ਤਰ੍ਹਾਂ ਦੀ ਕਸਰਤ, ਨੁਕਸਾਨ, ਸਜ਼ਾ

डंडपेल-ਡੰਡਪੇਲ, ਵਿ., ਪਹਿਲਵਾਨ, ਡੰਡਿਆਂ ਸੀ ਕਸਰਤ ਕਰਨ ਵਾਲਾ

डंडल-ਡੰਡਲ, ਇ., ਇਕ ਤਰ੍ਹਾਂ ਦੀ ਮੱਛੀ

डंडवत्-ਡੰਡਵਤ, ਪੁ., ਨਮਸ਼ਕਾਰ, ਡੰਡੌਤ, ਡੰਡੇ ਵਾਙ

डंडवारा-ਡੰਡਵਾਰਾ, ਪੁ., ਨੀਵੀਂ ਖੁਲ੍ਹੀ ਕੰਧ, ਵਲਗਣ, ਘੇਰਾ, ਦੱਖਣ ਦੀਵਾ

डंडवी-ਡੰਡਵੀ, ਵਿ., ਸਜ਼ਾ ਭੁਗਤਣ ਵਾਲਾ

डंडहरा-ਡੰਡਹਰਾ, ਇ., ਸੰਗਲ. ਕੁੰਡਾ, ਅਰਲ

डंडहिया-ਡੰਡਹਿਯਾ. ਪੁ., ਉਹ ਡੰਡਾ ਜਿਸ ਨਾਲ ਬੈਲ ਦੀ ਪਿਠ ਤੇ ਦੋਹੀਂ ਪਾਸੀਂ ਲਦੇ ਹੋਏ ਬੋਰੇ ਫਸਾਏ ਜਾਂਦੇ ਹਨ

डंडा-ਡੰਡਾ, ਪੁ., ਲਾਠੀ, ਸੋਟੀ, ਚਾਰ ਦਿਵਾਰੀ.

डंडाल-ਡੰਡਾਲ, ਪੁ., ਨਗਾਰਾ, ਧੌਂਸਾ

डंडिया-ਡੰਡਿਯਾ, ਇ.. ਗੋਟੇ ਕਿਨਾਰੀ ਦੀ ਸਾੜ੍ਹੀ, ਕਣਕ ਦੀ ਸੀਂਖ, ਪੁ., ਟੈਕਸ ਵਸੂਲ ਕਰਨ ਵਾਲਾ ਬੰਦਾ

डंड़ियाना-ਡੰੜਿਯਾਨਾ, ਕ੍ਰਿ., ਦੋ ਕਪੜਿਆਂ ਦੀ ਲੰਮਾਈ ਮਿਲਾਉਣੀ

डंडी-ਡੰਡੀ, ਇ., ਪਤਲੀ ਸੋਟੀ, ਦਸਤਾ, ਭੁੱਥਾ, ਤੱਕੜੀ ਦੀ ਲਕੜੀ ਜਿਸ ਨਾਲ ਪਾਲੜੇ ਬੰਨ੍ਹਦੇ ਹਨ, ਨਾਲਾ, ਪਹਾੜੀ ਸਵਾਰੀ, ਵਿ., ਦੰਡੀ, ਸਨਿਆਸੀ, ਚੁਗਲਖੋਰ

डंडीर-ਡੰਡੀਰ, ਇ., ਸਿਧੀ ਲਕੀਰ, ਰੇਖਾ

डंडोरना-ਡੰਡੋਰਨਾ, ਕ੍ਰਿ., ਉਲਟਾ ਪੁਲਟਾ ਕੇ ਵੇਖਣਾ, ਲਭਣਾ, ਖੋਜਣਾ

डंडौत-ਡੰਡੌਤ, ਪੁ., ਦੇਖੋ ਡੰਡਵਤ (डंवक्त)

डंवर-ਡੰਵਰ, ਪੁ., ਢਕੌਂਸਲਾ, ਅਡੰਬਰ, ਚੰਦੋਆ, ਵਿਸਥਾਰ

डंवरुआ-ਡੰਵਰੁਆ, ਪੁ., ਵਾਈ ਦਾ ਰੋਗ, ਗਠੀਆ

डंवरुआसाल-ਡੰਵਰੁਆਸਾਲ, ਪੁ., ਧਾਂਤ ਜਾਂ ਲੱਕੜੀ ਦੇ ਦੋਵੇਂ ਸਿਰੇ ਮਿਲਾ ਕੇ ਜੋੜ ਲਾਉਣ ਦਾ ਕੰਮ

डंवांडोल-ਡੰਵਾਂਡੋਲ, ਵਿ., ਘਬਰਾਇਆ. ਡਾਵਾਂਡੋਲ, ਚੰਚਲ

डंस-ਡੰਸ, ਪੁ., ਵੱਡਾ ਮੱਛਰ. ਡਾਂਸ, ਉਹ ਥਾਂ ਜਿਥੇ ਡੰਗ ਚੁਭਿਆ ਹੋਵੇ

डंसना-ਡੰਸਨਾ, ਕ੍ਰਿ., ਲੜਨਾ, ਡੰਗ ਮਾਰਨਾ, ਡੰਗਣਾ

डक-ਡਕ, ਪੁ., ਇਕ ਤਰ੍ਹਾਂ ਦਾ ਮੋਟਾ ਟਾਟ

डकई-ਡਕਈ, ਇ., ਕੇਲੇ ਦੀ ਇਕ ਨਸਲ

डकरना-ਡਕਰਨਾ, ਕ੍ਰਿ., ਡਕਾਰ ਲੈਣਾ

डकरा-ਡਕਰਾ, ਪੁ., ਇਕ ਤਰ੍ਹਾਂ ਦੀ ਕਾਲੀ ਮਿੱਟੀ, ਡਾਕਰ ਜ਼ਮੀਨ

डकराना-ਡਕਰਾਨਾ, ਕ੍ਰਿ., ਮੱਝ ਗਊ ਦਾ ਬੋਲਣਾ

डकार-ਡਕਾਰ, ਇ., ਮੂੰਹ ਵਿਚੋਂ ਨਿਕਲਿਆ ਹਵਾ ਦਾ ਸ਼ਬਦ, ਸ਼ੇਰ ਬਘੇਲੇ ਦੀ ਗਰਜ

डकारना-ਡਕਾਰਨਾ, ਕ੍ਰਿ., ਕਿਸੇ ਦਾ ਪੈਸਾ ਹਜਮ ਕਰਨਾ, ਡਕਾਰ ਲੈਣਾ

डकैत-ਡਕੈਤ. ਪੁ., ਲੁਟੇਰਾ, ਡਾਕੂ, ਧਾੜਵੀ

डकैती-ਡਕੈਤੀ, ਇ., ਡਾਕੂ ਦਾ ਕੰਮ, ਡਾਕਾ, ਡਾਕਾ ਮਾਰਨ ਦਾ ਕੰਮ

डकौत-ਡਕੌਤ, ਪੁ., ਜੋਤਸ਼ੀ, ਢੌਂਗੀ, ਭੰਡ

डक्कारी-ਡੱਕਾਰੀ, ਇ., ਢੋਲਕੀ, ਇਕ ਤਰ੍ਹਾਂ ਦਾ ਛੋਟਾ ਢੋਲ

डग-ਡਗ, ਪੁ., ਕਦਮ, ਪਲਾਂਘ, ਕਰਮ

डगडगाना-ਡਗਡਗਾਨਾ, ਕ੍ਰਿ., ਕੰਬਣਾ, ਹਿੱਲਣਾ, ਡੋਲਣਾ

डगडीर-ਡਗਡੀਰ, ਵਿ., ਚਲਾਇਮਾਨ, ਹਿੱਲਣ ਵਾਲਾ

डगडोलना-ਡਗਡੋਲਨਾ, ਕ੍ਰਿ., ਡਗਮਗਾਉਣਾ

डगडौर-ਡਗਡੌਰ, ਵਿ., ਦੇਖੋ ਡਾਂਵਾਂਡੋਲ (डाँवांडोल)

डगना-ਡਗਨਾ, ਕ੍ਰਿ., ਹਿੱਲਣਾ, ਥਾਂ ਛਡਣਾ, ਡਿੱਗਣਾ, ਡਗਮਗਾਉਣਾ

डगमगाना-ਡਗਮਗਾਨਾ, ਕ੍ਰਿ., ਡੋਲਣਾ, ਕਾਇਮ ਨਾ ਰਹਿਣਾ, ਲੜਖੜਾਉਣਾ

डगर-ਡਗਰ, ਇ., ਰਸਤਾ, ਮਾਰਗ, ਪੰਥ

डगरा-ਡਗਰਾ, ਪੁ., ਰਸਤਾ, ਟੋਕਰਾ, ਬਾਂਸ ਦਾ ਛਾਬਾ

डगा-ਡਗਾ, ਪੁ.. ਢੋਲ ਜਾਂ ਨਗਾਰਾ ਵਜਾਉਣ ਦਾ ਕਾਠ ਦਾ ਪਤਲਾ ਡੰਡਾ

डग्गर-ਡੱਗਰ, ਪੁ., ਇਕ ਮਾਰ ਖੋਰ ਜਾਨਵਰ, ਲੰਮੇ ਅਤੇ ਪਤਲੇ ਪੈਰਾਂ ਵਾਲਾ ਘੋੜਾ

डङ्गा-ਡੰਗਾ, ਇ., ਨਗਾਰੇ ਦੀ ਅਵਾਜ਼, ਡੱਗਾ

डट-ਡਟ, ਪੁ., ਨਿਸ਼ਾਨ, ਚਿੰਨ੍ਹ

डटना-ਡਟਨਾ, ਕ੍ਰਿ., ਅੜਨਾ, ਕਾਇਮ ਰਹਿਣਾ, ਭਿੜਨਾ, ਲਗਣਾ, ਥਿਰ ਰਹਿਣਾ, ਛੂਹਣਾ

डटाना-ਡਟਾਨਾ, ਕ੍ਰਿ., ਜੋੜਨਾ, ਲਾਉਣਾ, ਜਮਾਉਣਾ, ਭਿੜਾਉਣਾ

डटाई-ਡਟਾਈ, ਇ., ਡਟਾਉਣ ਦਾ ਕੰਮ, ਜੁੜਾਈ

डट्टा-ਡੱਟਾ, ਪੁ., ਹੁੱਕੇ ਦਾ ਨੇਚਾ, ਕਾਗ, ਡਾਟ, ਬੜੀ ਮੇਖ, ਸੰਚਾ

डडदार-ਡਡਦਾਰ, ਵਿ., ਲੰਮੀ ਦਾੜ੍ਹੀ ਵਾਲਾ, ਹਿੰਮਤੀ, ਧੀਰਜੀ, ਬਹਾਦੁਰ, ਵੀਰ

डड़ही-ਡੜਹੀ, ਇ., ਇਕ ਮੱਛੀ

डढन-ਡਢਨ, ਇ., ਈਰਖਾ, ਜਲਣ ਦਾ ਦੁਖ ਜਾਂ ਪੀੜ

डढना-ਡਢਨਾ, ਕ੍ਰਿ., ਜਲਣਾ, ਭਸਮ ਹੋਣਾ, ਝੁਲਸਣਾ, ਕੁੜ੍ਹਨਾ

डढार, डढारा-ਡਢਾਰ, ਡਢਾਰਾ, ਵਿ., ਦੰਦਾਂ ਵਾਲਾ, ਦਾੜ੍ਹੀ ਵਾਲਾ

डढियल-ਡਢਿਯਲ, ਵਿ., ਲੰਮੀ ਦਾੜ੍ਹੀ ਵਾਲਾ

डड्ढना-ਡੱਢਨਾ, ਕ੍ਰਿ., ਸਾੜਨਾ, ਫੂਕਣਾ, ਜਲਾਉਣਾ,

ਮਚਾਉਣਾ

डपट–ਡਪਟ, ਇ., ਡਾਂਟ,ਸਰਪਟ ਚਾਲ, ਝਿੜਕੀ,ਘੁਰਕੀ,ਦੱਬਾ

डपटना–ਡਪਟਨਾ, ਕ੍ਰਿ., ਡਾਟਣਾ, ਤੇਜ਼ ਦੌੜਨਾ, ਝਿੜਕਣਾ, ਘੁਰਕਣਾ

डपोरसंख–ਡਪੋਰਸੰਖ, ਵਿ., ਮੂਰਖ, ਬਕਵਾਸੀ, ਝੂਠਾ

डप्पू–ਡੱਪੂ, ਵਿ., ਬਹੁਤ ਮੋਟਾ ਤਾਜ਼ਾ, ਡੱਫਲ

डफ–ਡਫ, ਪੁ., ਇਕ ਤਰ੍ਹਾਂ ਦਾ ਵਾਜਾ

डफर–ਡਫਰ, ਪੁ., ਜਹਾਜ਼ ਦੀ ਇਕ ਪਾਸੇ ਦੀ ਪਾਲ

डफला–ਡਫਲਾ, ਪੁ., ਡੱਫ

डफली–ਡਫਲੀ, ਇ., ਛੋਟੀ ਡੱਫ

डफार–ਡਫਾਰ, ਇ., ਚਿੰਘਾੜ, ਚੀਕ, ਕੂਕ

डफारना–ਡਫਾਰਨਾ, ਕ੍ਰਿ., ਜ਼ੋਰ ਨਾਲ ਰੋਣਾ ਜਾਂ ਕੂਕਾਂ ਮਾਰਨਾ

डफालची, डफाली–ਡਫਾਲਚੀ, ਡਫਾਲੀ, ਵਿ., ਡੱਫ ਵਜਾਉਣ ਵਾਲਾ

डफोरना–ਡਫੋਰਨਾ, ਕ੍ਰਿ., ਸੱਦਣਾ, ਲਲਕਾਰਨਾ

डब–ਡਬ, ਪੁ., ਥੈਲਾ, ਜੇਬ, ਕੁੱਪਾ ਬਣਾਉਣ ਦਾ ਚੰਮ

डबकना–ਡਬਕਨਾ, ਕ੍ਰਿ., ਪੀੜ ਕਰਨਾ, ਲੰਗੜਾ ਕੇ ਤੁਰਨਾ, ਧਾਤ ਦੀ ਚਾਦਰ ਨੂੰ ਕੌਲੀ ਦੀ ਤਰ੍ਹਾਂ ਡੂੰਘਾ ਕਰਨਾ

डबकौंहां–ਡਬਕੌਂਹਾਂ, ਵਿ., ਅਥਰੂ ਭਰੇ ਹੋਏ, ਗਿੱਲਾ

डबडबाना–ਡਬਡਬਾਨਾ, ਕ੍ਰਿ., ਅਥਰੂਆਂ ਨਾਲ ਅੱਖਾਂ ਭਰਨੀਆਂ

डबरा–ਡਬਰਾ, ਪੁ., ਕੁੰਡ. ਹੌਦ, ਪਾੜਾ, ਖੇਤ ਵਾਹੁਣ ਵੇਲੇ ਇਕ ਪਾਸੇ ਛਡਿਆ ਹੋਇਆ ਖੂੰਜਾ

डबरी–ਡਬਰੀ, ਇ., ਕੁੰਡ, ਛਪੜੀ, ਛੋਟਾ ਹੌਦ

डबल–ਡਬਲ, ਪੁ., ਅੰਗਰੇਜ਼ੀ ਰਾਜ ਦਾ ਪੈਸਾ, ਵਿ., ਦੂਹਰਾ, ਦੁਬਾਰਾ

डबला–ਡਬਲਾ, ਪੁ., ਮਿੱਟੀ ਦਾ ਕਸੋਰਾ

डबिया, डबी–ਡਬਿਯਾ, ਡਬੀ, ਇ., ਡੱਬੀ, ਛੋਟਾ ਡੱਬਾ

डबुलिया–ਡਬੁਲਿਯਾ, ਇ., ਦੇਖੋ ਡਬਲਾ (डबला)

डबोना–ਡਬੋਨਾ, ਕ੍ਰਿ., ਗੋਤਾ ਦੇਣਾ, ਬਿਗਾੜਨਾ, ਨਾਸ ਕਰਨਾ, ਡੁਬਾਉਣਾ

डब्बा–ਡੱਬਾ, ਪੁ., ਰੇਲ ਗੱਡੀ ਦੀ ਇਕ ਕੋਠੜੀ, ਛੋਟਾ ਡੂੰਘਾ ਢਕਣਦਾਰ ਭਾਂਡਾ

डब्बू–ਡੱਬੂ, ਪੁ., ਖਾਣ ਪੀਣ ਦੀਆਂ ਚੀਜ਼ਾਂ ਪਰੋਸਣ ਦਾ ਡੰਡੀਦਾਰ ਕੌਲ

डभकना–ਡਭਕਨਾ, ਕ੍ਰਿ., ਪਾਣੀ ਵਿਚ ਡੁਬਣਾ, ਅੱਖਾਂ ਪਾਣੀ ਨਾਲ ਭਰ ਜਾਣੀਆਂ

डभका–ਡਭਕਾ, ਪੁ., ਖੂਹ ਦਾ ਤਾਜ਼ਾ ਪਾਣੀ

डभकौरी–ਡਭਕੌਰੀ, ਇ., ਮਾਂਹ ਦੀ ਪੀਠੀ ਦੀ ਵੜੀ

डमर–ਡਮਰ, ਪੁ., ਭਗਦੜ, ਭਾਜ, ਹਲਚਲ, ਉਪੱਦਰ

डमरु–ਡਮਰੁ, ਪੁ., ਡੌਰੂ, ਢੱਡ, ਹੈਰਾਨੀ

डमरूका–ਡਮਰੂਕਾ, ਇ., ਦੰਡੀ ਸਨਿਆਸੀਆਂ ਦਾ ਇਕ ਆਸਣ

डमरूमध्य–ਡਮਰੁਮਧਜ, ਪੁ., ਧਰਤੀ ਦਾ ਉਹ ਤੰਗ ਹਿੱਸਾ ਜੋ ਵੱਡੇ ਦੋ ਟੁਕੜੀਆਂ ਨੂੰ ਜੋੜਦਾ ਹੈ

डमरूयन्त्र–ਡਮਰੂਯੰਤ੍ਰ, ਪੁ., ਇਕ ਤਰ੍ਹਾਂ ਦਾ ਢੰਗ ਜੋ ਦੋ ਕੁੱਜੇ ਜੋੜ ਕੇ ਵੈਦਕ ਰਸ ਬਣਾਉਣ ਦੇ ਕੰਮ ਆਉਂਦਾ ਹੈ

डम्फ–ਡੰਫ, ਪੁ., ਇਕ ਤਰ੍ਹਾਂ ਦਾ ਲਕੜੀ ਦਾ ਵਾਜਾ, ਜਿਸ ਉੱਤੇ ਚੰਮ ਮੜ੍ਹਿਆ ਹੁੰਦਾ ਹੈ

डम्बर–ਡੰਬਰ, ਪੁ., ਸਮੂਹ, ਵਿਸਥਾਰ, ਧਮਧਾਮ, ਅਡੰਬਰ, ਪਖੰਡ

डयन–ਡਯਨ, ਪੁ., ਪਾਲਕੀ, ਉੜਾਨ, ਡੋਲੀ

डर–ਡਰ, ਪੁ., ਭੈ, ਡਰ, ਫਿਕਰ

डरना–ਡਰਨਾ, ਕ੍ਰਿ., ਭੈਭੀਤ ਹੋਣਾ, ਫਿਕਰ ਕਰਨਾ

डरपना–ਡਰਪਨਾ, ਕ੍ਰਿ., ਡਰਨਾ

डरपाना–ਡਰਪਾਨਾ, ਕ੍ਰਿ., ਡਰਾਉਣਾ

डरपोक–ਡਰਪੋਕ, ਵਿ., ਕਾਇਰ, ਕਮਜ਼ੋਰ, ਡਰੂ

डरवाना–ਡਰਵਾਨਾ, ਕ੍ਰਿ., ਡਰਵਾਉਣਾ, ਖੌਫ ਦਿਖਵਾਉਣਾ

डरावना–ਡਰਾਵਨਾ, ਵਿ., ਭਿਆਨਕ, ਡਰਾਉਣਾ

डराहुक–ਡਰਾਹੁਕ, ਵਿ., ਡਰਪੋਕ, ਕਮਜ਼ੋਰ, ਡਰਾਕਲ

डरावा–ਡਰਾਵਾ, ਪੁ., ਖੇਤ ਵਿਚ ਜਾਨਵਰਾਂ ਨੂੰ ਡਰਾਉਣ ਲਈ ਲਕੜੀ ਤੇ ਕਪੜੇ ਪਾਉਣ ਦਾ ਕਰਮ, ਡਰਨਾ

डरीला–ਡਰੀਲਾ, ਵਿ., ਟਾਹਣੀਆਂ ਵਾਲਾ, ਲਗਰਾਂ ਵਾਲਾ

डरेला–ਡਰੇਲਾ, ਵਿ., ਭਿਆਨਕ, ਜਿਸ ਤੋਂ ਡਰ ਲਗੇ

डल–ਡਲ, ਪੁ., ਹਿੱਸਾ, ਟੁਕੜਾ, ਇ., ਝੀਲ

डलई–ਡਲਈ, ਇ., ਟੋਕਰੀ, ਡਾਲੀ, ਡੱਲ

डलना–ਡਲਨਾ, ਕ੍ਰਿ., ਸੁਟਿਆ ਜਾਣਾ, ਪੈਣਾ

डलवाना–ਡਲਵਾਨਾ, ਕ੍ਰਿ., ਸੁਟਾਉਣਾ, ਪੁਆਉਣਾ

डला–ਡਲਾ, ਪੁ., ਟੁਕੜਾ, ਹਿੱਸਾ, ਟੋਕਰਾ, ਖੰਡ

डलावा–ਡਲਾਵਾ, ਪੁ., ਡਲਾ

डलिया–ਡਲਿਯਾ, ਇ., ਟੋਕਰੀ, ਡੱਲ, ਚੰਗੇਰ

डली–ਡਲੀ, ਇ., ਰੋੜੀ, ਟੁਕੜੀ, ਸੁਪਾਰੀ; ਚੰਗੇਰ

डल्लक–ਡੱਲਕ, ਪੁ., ਬਾਂਸ ਜਾਂ ਬੈਂਤ ਦੀ ਟੋਕਰੀ

डवरु–ਡਵਰੁ, ਪੁ., ਦੇਖੋ ਡਮਰੁ (डमरु)

डवरा–ਡਵਰਾ, ਪੁ. ਇਕ ਤਰ੍ਹਾਂ ਦਾ ਵੱਡਾ ਕਟੋਰਾ

डस–ਡਸ, ਇ., ਇਕ ਤਰ੍ਹਾਂ ਦੀ ਸ਼ਰਾਬ, ਲੱਕੜੀ ਦੀ ਡੋਰੀ, ਕਪੜੇ ਦਾ ਪੱਲਾ

डसन–ਡਸਨ, ਪੁ., ਡੰਗ

डसना–ਡਸਨਾ, ਕ੍ਰਿ., ਸੱਪ ਵਗੈਰਾ ਵਿਸ਼ੈਲੇ ਜਾਨਵਰ ਦਾ ਲੜਨਾ, ਡੰਗ ਮਾਰਨਾ

डसवाना–ਡਸਵਾਨਾ, ਕ੍ਰਿ., ਦੰਦਾਂ ਨਾਲ ਕਟਵਾਉਣਾ, ਡੰਗ ਮਰਵਾਉਣਾ

डसाना–ਡਸਾਨਾ, ਕ੍ਰਿ., ਦੇਖੋ ਡਸਵਾਨਾ (डसवाना)

डहकना–ਡਹਕਨਾ, ਕ੍ਰਿ., ਧੋਖਾ ਦੇਣਾ, ਛਲ ਕਰਨਾ, ਫੈਲਾਉਣਾ, ਲਲਚਾਉਣਾ

डहकाना–ਡਹਕਾਨਾ, ਕ੍ਰਿ., ਨਸ਼ਟ ਕਰਨਾ, ਠੱਗਣਾ, ਠਗਿਆ

ਜਾਣਾ

डहडहा–ਡਹਡਹਾ, ਵਿ., ਲਹਿ ਲਹਾਉਂਦਾ, ਹਰਿਆ ਭਰਿਆ, ਪਰਫੁੱਲਤ, ਪ੍ਰਸੰਨ

डहडहाना–ਡਹਡਹਾਨਾ, ਕ੍ਰਿ., ਲਹਿ ਲਹਾਉਣਾ, ਪ੍ਰਸੰਨ ਹੋਣਾ ਹਰਾ ਭਰਾ ਹੋਣਾ

डहडहाव–ਡਹਡਹਾਵ, ਪੁ., ਪ੍ਰਸੰਨਤਾ, ਪਰਫੁੱਲਤਾ, ਖ਼ੁਸ਼ੀ

डहन–ਡਹਨ, ਪੁ., ਪੰਖ, ਖੰਭ, ਫੰਘ, ਇ , ਦਾਹ, ਜਲਣ

डहना–ਡਹਨਾ, ਕ੍ਰਿ., ਭਸਮ ਹੋਣਾ, ਜਲਣਾ, ਕੁੜ੍ਹਨਾ, ਚਿੜਨਾ, ਕਲੇਸ਼ ਦੇਣਾ, ਈਰਖਾ ਕਰਨੀ

डहर–ਡਹਰ, ਇ., ਰਸਤਾ, ਪੰਥ, ਮਾਰਗ, ਅਕਾਸ ਗੰਗਾ; ਛੜਿਆਂ ਦਾ ਰਾਹ

डहरना–ਡਹਰਨਾ, ਕ੍ਰਿ., ਘੁੰਮਣਾ, ਫਿਰਨਾ, ਤੁਰਨਾ, ਚੱਲਣਾ,

डहराना–ਡਹਰਾਨਾ, ਕ੍ਰਿ., ਘੁਮਾਉਣਾ, ਫਿਰਾਉਣਾ, ਤੁਰਾਉਣਾ, ਚਲਾਉਣਾ

डहार–ਡਹਾਰ, ਵਿ., ਕਸ਼ਟ ਦੇਣ ਵਾਲਾ, ਤੰਗ ਕਰਨ ਵਾਲਾ

डहु–ਡਹੁ, ਪੁ., ਬਰੋਟੇ ਦਾ ਰੁੱਖ, ਬੋਹੜ

डहू–ਡਹੂ, ਪੁ., ਬਰੋਟਾ, ਬੋਹੜ

डा–ਡਾ, ਇ., ਡਾਇਨ, ਚੁੜੇਲ, ਭੂਤਨੀ, ਉਹ ਤੀਵੀਂ ਜਿਸ ਦੀ ਬੁਰੀ ਨਿਗਾਹ ਨਾਲ ਬੱਚੇ ਮਰ ਜਾਂਦੇ ਹਨ

डाँक–ਡਾਂਕ, ਇ., ਉਲਟੀ, ਤਾਂਬੇ ਜਾਂ ਚਾਂਦੀ ਦਾ ਪੱਤਰਾ

डाँकना–ਡਾਂਕਨਾ, ਕ੍ਰਿ., ਟੱਪਣਾ, ਕੈ ਕਰਨੀ, ਉਛਲਣਾ

डाँग–ਡਾਂਗ, ਪੁ., ਜੰਗਲ, ਪਹਾੜੀ, ਉੱਚੀ ਚੋਟੀ, ਛਾਲ

डाँगर–ਡਾਂਗਰ, ਵਿ., ਮੂਰਖ, ਲਿੱਸਾ, ਮਾੜਚੂ, ਪੁ., ਪਸ਼ੂ, ਡੰਗਰ

डाँगा–ਡਾਂਗਾ, ਪੁ., ਜਹਾਜ਼ ਦੇ ਖੰਭੇ ਨਾਲ ਲਾਇਆ ਬੇੜੇ ਦਾ ਬੱਲਾ

डाँट–ਡਾਂਟ, ਇ., ਹਕੂਮਤ, ਘੁਰਕੀ, ਡਪਟ, ਝਿੜਕੀ

डाँटना–ਡਾਂਟਨਾ, ਕ੍ਰਿ., ਘੂਰਨਾ, ਝਿੜਕਣਾ, ਘੁਰਕੀ ਦੇਣੀ

डाँठ–ਡਾਂਠ, ਪੁ., ਪੱਤਿਆਂ ਬਿਨਾ ਟਾਹਣੀ

डाँड–ਡਾਂਡ, ਪੁ., ਡੰਡਾ, ਸਿੱਧੀ ਲੱਕੜ, ਸੋਟੀ, ਟਿੱਲਾ, ਹੱਦ, ਚੱਪੂ, ਰੀੜ੍ਹ ਦੀ ਹੱਡੀ, ਸਮੁੰਦਰ ਦਾ ਰੇਤਲਾ ਕਿਨਾਰਾ, ਜੁਰਮਾਨਾ, ਖੇਤ ਦੀ ਵੱਟ, ਸਿੱਧੀ ਲਕੀਰ

डाँडना–ਡਾਂਡਨਾ, ਕ੍ਰਿ., ਜੁਰਮਾਨਾ ਕਰਨਾ, ਡੰਨ ਦੇਣਾ

डाँडर–ਡਾਂਡਰ, ਪੁ.,ਮੱਕੀ ਬਾਜਰੇ ਦੀ ਕਟ ਚੁਕੀ ਫਸਲ ਦੇ ਜੜ੍ਹਾਂ ਦੇ ਕਰਚੇ

डाँडा–ਡਾਂਡਾ, ਪੁ., ਬੇੜੀ ਦਾ ਚੱਪੂ, ਡੰਡਾ, ਛਟੀ, ਸੀਮਾ, ਹੱਦ

डाँडामेड़ा–ਡਾਂਡਾਮੇੜਾ, ਪੁ., ਝਗੜਾ, ਟੰਟਾ, ਬਖੇੜਾ, ਰੌਲਾ, ਰੱਟਾ

डाँडी–ਡਾਂਡੀ, ਇ., ਲੰਮਾ ਪਤਲਾ ਕਾਠ, ਸੰਦ ਦਾ ਹੱਥਾ, ਤੱਕੜੀ ਦੀ ਡੰਡੀ, ਲੀਕ, ਪਾਲਕੀ, ਝੰਪਾਨ, ਟਾਹਣੀ, ਛਮਕੀ, ਚਿੜੀਆਂ ਦੇ ਬੈਠਣ ਦਾ ਥਾਂ, ਫੁੱਲ ਦਾ ਹੇਠਲਾ ਪਤਲਾ ਪਾਸਾ, ਡੋਲੀ ਦਾ ਡੰਡਾ

डाँवू–ਡਾਂਵੂ, ਪੁ., ਦਲਦਲ ਵਿਚ ਪੈਦਾ ਹੋਣ ਵਾਲੀ ਬੂਟੀ

डाँवरा–ਡਾਂਵਰਾ, ਇ., ਪੁਤਰ, ਬੇਟਾ, ਮੁੰਡਾ, ਬਾਲ

डाँवरी–ਡਾਂਵਰੀ, ਇ., ਧੀ, ਬੇਟੀ, ਕੁੜੀ, ਪੁੱਤਰੀ

डाँवरू–ਡਾਂਵਰੂ, ਪੁ., ਬਾਘ ਦਾ ਬੱਚਾ, ਬਘਿਆੜ ਦਾ ਬੱਚਾ

डाँवांडोल–ਡਾਂਵਾਂਡੋਲ, ਵਿ., ਚੰਚਲ, ਘਾਬਰਿਆ ਹੋਇਆ ਕਾਇਮ ਨਾ ਰਹਿਣ ਵਾਲਾ

डांस–ਡਾਂਸ, ਪੁ., ਵੱਡਾ ਮੱਛਰ

डाइन–ਡਾਇਨ, ਇ., ਚੁੜੇਲ, ਭੂਤਨੀ

डाक–ਡਾਕ, ਇ., ਚਿੱਠੀ ਪੱਤਰ, ਉਹ ਥਾਂ ਜਿਥੇ ਘੋੜੇ ਗੱਡੀ ਬਦਲੇ ਜਾਂਦੇ ਹਨ, ਕੈ, ਉਲਟੀ

डाकख़ाना–ਕਾਕਖਾਨਾ, ਪੁ., ਇਕ ਸਰਕਾਰੀ ਦਫਤਰ ਜਿਥੇ ਚਿੱਠੀ ਪੱਤਰ ਆਉਂਦੇ ਜਾਂਦੇ ਹਨ

डाकगाड़ी–ਡਾਕਗਾੜੀ, ਇ., ਡਾਕ ਲੈ ਜਾਣ ਵਾਲੀ ਤੇਜ਼ ਰੇਲ ਗੱਡੀ

डाकघर–ਡਾਕਘਰ, ਪੁ., ਦੇਖੋ ਡਾਕਖਾਨਾ (डाकख़ाना)

डाकना–ਡਾਕਨਾ, ਕ੍ਰਿ., ਲੰਘਣਾ, ਟੱਪਣਾ, ਕੁੱਦਣਾ, ਕੈ ਕਰਨੀ

डाकमुन्शी–ਡਾਕਮੁਨਸ਼ੀ, ਪੁ., ਡਾਕ ਘਰ ਦਾ ਪਰਬੰਧਕ, ਪੋਸਟ ਮਾਸਟਰ

डाकर–ਡਾਕਰ, ਪੁ., ਕਾਲੀ ਮਿੱਟੀ, ਸੁੱਕੇ ਤਲਾਉ ਦੀ ਮਿੱਟੀ ਜੋ ਸੁੱਕ ਕੇ ਫਟ ਜਾਂਦੀ ਹੈ

डाका–ਡਾਕਾ, ਪੁ., ਕਿਸੇ ਦਾ ਧਨ ਬਦੋ ਬਦੀ ਖੋਹਣ ਦਾ ਕੰਮ ਡਕੈਤੀ, ਧਾੜਾ

डाकाज़नी–ਡਾਕਾਜ਼ਨੀ. ਇ.,ਡਕੈਤੀ, ਡਾਕਾ,ਮਾਰਨ ਦਾ ਕੰਮ

डाकिन–ਡਾਕਿਨ, ਇ., ਚੁੜੇਲ, ਭੂਤਨੀ, ਡਾਇਨ

डाकिनी–ਡਾਕਿਨੀ, ਇ,. ਦੇਖੋ ਡਾਕਿਨ (डाकिन)

डाकी–ਡਾਕੀ, ਇ., ਉਲਟੀ, ਕੈ, ਉਕਾਰੀ, ਵਿ., ਪੇਟੂ, ਢਿੱਡਲ

डाकू–ਡਾਕੂ, ਵਿ., ਲੁਟੇਰਾ, ਉਹ ਜੋ ਬਦੋਬਦੀ ਦੂਸਰੇ ਦਾ ਧਨ ਖੋਹਵੇ

डाकोर–ਡਾਕੋਰ, ਪੁ., ਵਿਸ਼ਨੂੰ, ਠਾਕਰ (ਇਹ ਸ਼ਬਦ ਗੁਜਰਾਤੀ ਬੋਲੀ ਦਾ ਹੈ

डाक्टर–ਡਾਕਟਰ, ਪੁ., ਵੈਦ, ਮਾਸਟਰ, ਵਿਦਵਾਨ

डाक्टरी–ਡਾਕਟਰੀ, ਇ., ਵੈਦਕ, ਗ੍ਰੰਥ, ਆਯੁਰਵੇਦ ਵਿਦਿਆ

डाक्तर–ਡਾਕੁਰ, ਪੁ., ਦੇਖੋ ਡਾਕਟਰ (डाक्टर)

डागा–ਡਾਗਾ, ਪੁ., ਉਹ ਡੰਡਾ ਜਿਸ ਨਾਲ ਨਗਾਰਾ ਜਾਂ ਢੋਲ ਵਜਾਉਂਦੇ ਹਨ, ਡੱਗਾ, ਚੋਬ

डागुर–ਡਾਗੁਰ, ਪੁ., ਜਾਟਾਂ ਦੀ ਇਕ ਨਸਲ

डाट–ਡਾਟ, ਇ., ਕਾਗ, ਡੱਟਾ, ਛੇਕ ਬੰਦ ਕਰਨ ਦੀ ਚੀਜ਼, ਆਸਰਾ, ਟੇਕ

डाटना–ਡਾਟਨਾ, ਕ੍ਰਿ., ਇਕ ਚੀਜ਼ ਨੂੰ ਦੂਸਰੀ ਉਤੇ ਰਖ ਕੇ ਜ਼ੋਰ ਨਾਲ ਦਬਾਉਣਾ, ਕਸ ਕੇ ਭਰਨਾ, ਤਾੜਨਾ, ਝਿੜਕਣਾ, ਢਿਡ ਭਰ ਕੇ ਖਾਣਾ, ਮਿਲਾਉਣਾ

डाढ़–ਡਾਢ, ਇ., ਜਾੜ੍ਹ, ਦਾੜ੍ਹ, ਬੋਹੜ ਦੀ ਦਾੜ੍ਹੀ

डाफना–ਡਾਫਨਾ, ਕ੍ਰਿ., ਜਲਾਉਣਾ, ਫੁਕਾਉਣਾ, ਮਚਾਉਣਾ

डाढा–ਡਾਢਾ, ਇ., ਅਗਨੀ, ਦਾਹ, ਜਲਣ, ਜੰਗਲ ਦੀ ਅੱਗ

डाढ़ी–ਡਾਢੀ, ਇ., ਠੋਡੀ, ਦਾੜ੍ਹੀ

डाब–ਡਾਬ, ਇ., ਕੱਚਾ ਨਾਰੀਅਲ, ਤਲਵਾਰ ਦਾ ਗਾਤਰਾ

डाबर–ਡਾਬਰ, ਪੁ., ਤਲਾਉ, ਟੋਭਾ, ਹੱਥ ਪੈਰ ਧੋਣ ਅਤੇ ਕੁਰਲੀ ਕਰਨ ਦਾ ਭਾਂਡਾ, ਚਿਲਮਚੀ, ਵਿ., ਮਿੱਟੀ ਰੰਗਾ

डाबा–ਡਾਬਾ, ਪੁ., ਦੇਖੋ ਡੱਬਾ (डब्बा)

डाबी–ਡਾਬੀ, ਇ., ਕਟੀ ਹੋਈ ਘਾਹ

डाभ–ਡਾਭ, ਪੁ., ਕੱਚਾ ਨਾਰੀਅਲ, ਅੰਬ ਦਾ ਬੂਰ, ਕੁਸ਼ਾ, ਦੱਭ

डामचा–ਡਾਮਚਾ, ਪੁ., ਖੇਤ ਵਿਚ ਗੱਡਿਆ ਮਨ੍ਹਾ

डामर–ਡਾਮਰ, ਪੁ., ਚਮਤਕਾਰ, ਠਾਠ ਬਾਠ, ਹਲਚਲ, ਇਕ ਤੰਤਰ, ਧੂਮ ਧਾਮ, ਇਕ ਖੇਤਪਾਲ, ਹੰਕਾਰ, ਇਕ ਗੰਦ, ਇਕ ਤਰ੍ਹਾਂ ਦੀ ਗਾਲ

डामल–ਡਾਮਲ, ਇ., ਉਮਰ ਕੈਦ, ਦੇਸ ਨਿਕਾਲਾ

डायन–ਡਾਯਨ, ਇ., ਦੇਖੋ ਡਾਇਨ (डाइन)

डार–ਡਾਰ, ਇ., ਟੋਕਰੀ, ਛਾਬਾ, ਇਕ ਗਹਿਣਾ, ਡਾਲੀ, ਚੰਗੇਰ, ਕੰਧ ਵਿਚ ਲਾਉਣ ਦੀ ਕਿੱਲੀ

डारना–ਡਾਰਨਾ, ਕ੍ਰਿ., ਦੇਖੋ ਡਾਲਨਾ (डालना)

डाल–ਡਾਲ, ਇ., ਟਾਹਣੀ, ਤਲਵਾਰ ਦਾ ਫਲ, ਇਕ ਗਹਿਣਾ, ਚੰਗੇਰ, ਛਾਬਾ

डालना–ਡਾਲਨਾ, ਕ੍ਰਿ., ਹੇਠਾਂ ਸਿੱਟਣਾ, ਛਡਣਾ, ਰਖਣਾ ਜਾਂ ਘੁਮਾਉਣਾ, ਗਿਰਾਉਣਾ, ਕੈ ਕਰਨੀ, ਭੁੱਲ ਜਾਣਾ, ਮਿਲਾਉਣਾ, ਖਬਰ ਨਾ ਲੈਣੀ, ਸੌਂਪਣਾ, ਵਰਤੋਂ ਕਰਨੀ, ਲਗਾਉਣਾ, ਮਿਲਾਵਟ ਕਰਨੀ, ਪਤਨੀ ਵਾਙ ਰਖਣਾ, ਬਿਛਾਉਣਾ, ਸਜਾਉਣਾ, ਖੋਜ ਕਰਨੀ

डालर–ਡਾਲਰ, ਪੁ., ਚਾਂਦੀ ਦਾ ਇਕ ਸਿੱਕਾ

डाली–ਡਾਲੀ, ਇ., ਫਲਫੁਲ ਜਾਂ ਖਾਣ ਪੀਣ ਵਾਲੀ ਚੀਜ਼ ਸਜਾ ਕੇ ਕਿਸੇ ਨੂੰ ਭੇਜਣ ਵਾਲੀ ਟੋਕਰੀ

डावड़ा, डावरा–ਡਾਵੜਾ, ਡਾਵਰਾ, ਪੁ., ਪੁੱਤਰ, ਬੇਟਾ, ਮੁੰਡਾ, ਲੜਕਾ

डावरी–ਡਾਵਰੀ, ਇ., ਕੰਨਿਆ, ਬੇਟੀ, ਕੁੜੀ, ਧੀ

डास–ਡਾਸ, ਪੁ., ਚੰਮ ਸਾਫ ਕਰਨ ਦਾ ਚਮਾਰਾਂ ਦਾ ਸੰਦ

डासन–ਡਾਸਨ, ਪੁ., ਬਿਸਤਰਾ, ਬਿਛਾਉਣਾ

डासना–ਡਾਸਨਾ, ਕ੍ਰਿ., ਬਿਛਾਉਣਾ, ਫੈਲਾਉਣਾ

डासनी–ਡਾਸਨੀ, ਇ., ਮੰਜੀ, ਚਾਰਪਾਈ, ਪਲੰਘ

डाह–ਡਾਹ, ਇ., ਈਰਖਾ, ਜਲਣ

डाहना–ਡਾਹਨਾ, ਕ੍ਰਿ., ਦੁਖ ਦੇਣਾ, ਜਲਾਉਣਾ

डाही–ਡਾਹੀ, ਵਿ., ਦੁਖ ਦੇਣ ਵਾਲਾ

डाहुक–ਡਾਹੁਕ, ਪੁ., ਦੇਖੋ ਡਾਹੀ (डाही)

डिंगल–ਡਿੰਗਲ. ਵਿ., ਨੀਚ, ਅਧਮ, ਨਿੰਦਿਆ ਹਇਆ, ਜਿਸ ਤੋਂ ਨਫਰਤ ਹੋਵੇ, ਕਮੀਣਾ, ਇ., ਇਕ ਬੋਲੀ

डिंडस, डिंडसी–ਡਿੰਡਸ ਡਿੰਡਸੀ, ਪੁ., ਇ., ਟਿੰਡੋ, ਟੀਂਡੇ, ਟਿੰਡਸ

डिंडिम–ਡਿੰਡਿਮ, ਪੁ., ਇਕ ਪੁਰਾਣਾ ਵਾਜਾ, ਕਰੌਂਦਾ

डिंडिर–ਡਿੰਡਿਰ, ਪੁ., ਝੱਗ

डिंब–ਡਿੰਬ, ਪੁ., ਲੜਾਈ, ਹਲਚਲ, ਆਂਡਾ, ਕੀੜੇ ਦਾ ਬੱਚਾ, ਫੇਫੜਾ

डिंभ–ਡਿੰਭ, ਪੁ., ਬੱਚਾ, ਪਖੰਡ, ਘਮੰਡ, ਹੰਕਾਰ

डिंभिया–ਡਿੰਭਿਯਾ, ਵਿ., ਪਖੰਡੀ, ਅਭਿਮਾਨੀ, ਹੰਕਾਰੀ, ਘਮੰਡੀ, ਹੈਂਕੜ ਬਾਜ਼

डिक्की–ਡਿੱਕੀ, ਇ., ਸਿੰਗ ਦਾ ਧੱਕਾ, ਧਾਵਾ, ਹੱਲਾ

डिगना–ਡਿਗਨਾ, ਕ੍ਰਿ., ਹਿੱਲਣਾ, ਕੌਲੋਂ ਬੇਕੌਲ ਹੋ ਜਾਣਾ, ਟਲਣਾ, ਖਿਸਕਣਾ

डिगाना–ਡਿਗਾਨਾ, ਕ੍ਰਿ., ਥਾਂ ਤੋਂ ਹਟਾਉਣਾ, ਸਰਕਾਉਣਾ, ਕਿਸੇ ਗੱਲ ਤੇ ਨਾ ਖੜੋਨ ਦੇਣਾ

डिग्गी–ਡਿੱਗੀ, ਇ., ਤਲਾਉ, ਪਾਣੀ ਦਾ ਭਰਿਆ ਪੱਕਾ ਡੂੰਘਾ ਖੂਹ, ਛੱਪੜੀ, ਹਿੰਮਤ, ਹੌਸਲਾ

डिङ्गर–ਡਿੰਗਰ, ਪੁ., ਮੋਟਾ ਆਦਮੀ, ਜੰਗਲ, ਬਣ, ਬੀੜ, ਸੇਵਕ. ਠੱਗ, ਮੂਰਖ ਬੰਦਾ

डिठार–ਡਿਠਾਰ, ਵਿ., ਸੁਜਾਖਾ, ਜਿਸ ਨੂੰ ਸੂਝ ਹੋਵੇ

डिठियार–ਡਿਠਿਯਾਰ, ਵਿ., ਦੇਖੋ ਡਿਠਾਰ (डिठार)

डिठोरी–ਡਿਠੋਰੀ, ਇ., ਰੁੱਖ ਦੇ ਬੀਜ

डिठोहरी–ਡਿਠੋਹਰੀ, ਇ., ਦੇਖੋ ਡਿਠੋਰੀ (डिठोरी)

डिठौना–ਡਿਠੌਨਾ, ਪੁ., ਸੁਰਮੇ ਜਾਂ ਕਾਲਸ ਦਾ ਟਿੱਕਾ, ਨਜਰ ਬੱਟੂ

डिडका–ਡਿਡਕਾ, ਇ., ਧੱਬੇ, ਮੂੰਹ ਤੇ ਨਿਕਲਣ ਵਾਲੇ ਕਿੱਲ, ਦਾਗ

डिडकारी–ਡਿਡਕਾਰੀ, ਇ., ਚੀਕ ਮਾਰ ਕੇ ਰੋਣਾ

डिडई, डिडवा–ਡਿਡਈ, ਡਿਡਵਾ, ਪੁ., ਇਕ ਧਾਨ ਜੋ ਅੱਸੂ ਦੇ ਮਹੀਨੇ ਹੁੰਦਾ ਹੈ

डिढ–ਡਿਢ, ਵਿ., ਪੱਕਾ, ਮਜ਼ਬੂਤ

डिढाना–ਡਿਢਾਨਾ, ਕ੍ਰਿ., ਮਜ਼ਬੂਤ ਕਰਨਾ, ਨਿਸ਼ਚਿਤ ਕਰਨਾ

डिण्डिभ–ਡਿੰਡਿਭ, ਪੁ., ਢਮਕੀਰੀ, ਢੋਲਕੀ, ਡੁਗਡੁਗੀ

डिढया–ਡਿਢਯਾ, ਇ., ਲਾਲਸਾ, ਚਾਹਨਾ, ਤ੍ਰਿਸ਼ਨਾ

डिबिया–ਡਿਬਿਯਾ, ਇ., ਛੋਟਾ ਡੱਬਾ, ਢੱਕਣ ਵਾਲਾ ਛੋਟਾ ਭਾਂਡਾ

डिबियाटँगड़ी–ਡਿਬਿਯਾਟੰਗੜੀ, ਇ., ਕੁਸ਼ਤੀ ਦਾ ਇਕ ਪੇਚ

डिब्बा–ਡਿੱਬਾ, ਪੁ.. ਢੱਕਣ ਵਾਲਾ ਛੋਟਾ ਭਾਂਡਾ, ਰੇਲ ਗੱਡੀ ਦੀ ਇਕ ਕੋਠੜੀ, ਸੰਪੁਟ, ਛੋਟੇ ਬੱਚਿਆਂ ਦੀ ਪਸਲੀ ਦਾ ਰੋਗ

डिभकना–ਡਿਭਕਨਾ, ਕ੍ਰਿ., ਮੋਹਤ ਕਰਨਾ

डिमडिमी–ਡਿਮਡਿਮੀ, ਇ., ਡੁਗਡੁਗੀ, ਢਮਕੀਰੀ, ਖੰਜੜੀ, ਢੱਡ

डिम्ब–ਡਿੰਬ, ਪੁ., ਭੈ, ਡਰ, ਗਰਭਾਸ਼ੇ ਵਿਚ ਰਜ ਵੀਰਜ ਦੀ ਹਾਲਤ, ਫੇਫੜਾ, ਡਰ ਤੋਂ ਪੈਦਾ ਹੋਇਆ, ਕਲੇਸ਼, ਆਂਡਾ,

ਕੀੜੇ ਦਾ ਬੱਚਾ

डिम्बक-ਡਿੰਬਕ, ਪੁ., ਦੇਖੋ ਡਿੰਭਕ, (डिम्भक)

डिम्बज-ਡਿੰਬਜ, ਵਿ., ਜੇ ਆਂਡੇ ਤੋਂ ਪੈਦਾ ਹੋਵੇ

डिम्बाहव-ਡਿੰਬਾਹਵ, ਪੁ., ਅਜੇਹੀ ਲੜਾਈ ਜਿਸ ਵਿਚ. ਰਾਜਾ ਸ਼ਾਮਲ ਨਾ ਹੋਵੇ

डिम्बिका-ਡਿੰਬਿਕਾ, ਇ., ਪਾਣੀ ਦਾ ਪਰਛਾਵਾਂ, ਮਸਤ ਤੀਵੀਂ

डिम्भक-ਡਿੰਭਕ, ਪੁ., ਬਾਲਕ, ਮੰਡਾ, ਬਾਲ, ਲੜਕਾ

डिम्भज-ਡਿੰਭਜ. ਪੁ., ਦੇਖੋ ਡਿੰਬਜ (डिम्बज)

डिम्भा-ਡਿੰਭਾ, ਇ., ਗੋਦ ਦਾ ਬੱਚਾ

डिल-ਡਿਲ, ਪੁ., ਮੋਥਾ ਘਾਹ, ਉੰਨ ਦੀ ਅੱਟੀ

डिल्ला-ਡਿੱਲਾ, ਪੁ., ਇਕ ਤਰ੍ਹਾਂ ਦਾ ਛੰਦ, ਬਲੁਦ ਦੀ ਢੁੱਠ

डींग-ਡੀਂਗ, ਇ., ਆਪਣੀ ਵਡਿਆਈ ਦੀ ਝੂਠੀ ਫੜ

डीक-ਡੀਕ, ਇ., ਅੱਖ ਦਾ ਜਾਲਾ, ਮੋਤੀਆਵਿੰਦ

डीठ-ਡੀਠ, ਇ., ਨਿਗਾਹ, ਨਜਰ, ਗਿਆਨ, ਸੂਝ, ਅਕਲ

डीठना-ਡੀਠਨਾ, ਕ੍ਰਿ., ਦਿਖਾਈ ਦੇਣਾ

डीठि-ਡੀਠਿ, ਇ., ਦੇਖੋ ਡੀਠ (डीठ)

डीठिबंध-ਡੀਠਿਬੰਧ, ਪੁ., ਮਦਾਰੀ ਦਾ ਤਮਾਸ਼ਾ, ਨਜ਼ਰਬੰਦੀ, ਉਹ ਮਦਾਰੀ ਜੋ ਜਾਦੂ ਦਿਖਾਉਂਦਾ ਹੋਵੇ

डीठिमूठि-ਡੀਠਿਮੂਠਿ, ਇ., ਜਾਦੂ, ਟੂਣਾ, ਕੋਝੀ ਨਿਗਾਹ

डीतर-ਡੀਤਰ, ਵਿ., ਦੂਸਰੇ ਦਾ ਪਿੱਛਾ ਕਰਨ ਵਾਲਾ

डीन-ਡੀਨ, ਇ., ਜਾਨਵਰਾਂ ਦੀ ਉਡਾਰੀ, ਉੜਾਨ

डीबुआ-ਡੀਬੁਆ, ਪੁ., ਡਬਲ ਪੈਸਾ

डीमडाम-ਡੀਮਡਾਮ, ਪੁ.,, ਠਾਠਬਾਠ, ਅਡੰਬਰ, ਆਕੜ, ਧੂਮ-ਧਾਮ

डील-ਡੀਲ, ਪੁ., ਕੱਦ, ਪ੍ਰਾਣੀ, ਮਨੁੱਖ, ਸਰੀਰ, ਦੇਹ

डीलडौल-ਡੀਲਡੌਲ, ਪੁ., ਸਰੀਰ ਦੀ ਲੰਬਾਈ ਚੁੜਾਈ, ਸਰੀਰ ਦੀ ਕਾਠੀ

डीह-ਡੀਹ, ਪੁ., ਪਿੰਡ, ਥੇਹ, ਪਿੰਡ ਦਾ ਦੇਵਤਾ, ਬਸਤੀ

डीहदारी-ਡੀਹਦਾਰੀ, ਇ., ਜਿਮੀਦਾਰਾਂ ਦਾ ਖਾਸ ਅਧਿਕਾਰ

डूंग-ਡੂੰਗ, ਪੁ., ਢੇਰ, ਛੋਟਾ ਟਿੱਲਾ, ਪਹਾੜੀ

डूंड-ਡੂੰਡ, ਪੁ., ਰੁੱਖ ਦਾ ਸੁੱਕਾ ਤਣਾ, ਖੋਖਲਾ

डुक-ਡੁਕ, ਪੁ., ਮੁੱਕਾ, ਹੂਰਾ, ਘਸੁੰਨ

डुकियाना-ਡੁਕਿਯਾਨਾ, ਕ੍ਰਿ., ਮੁੱਕਾ ਮਾਰਨਾ, ਘਸੁੰਨ ਮਾਰਨਾ

डुगडुगाना-ਡੁਗਡੁਗਾਨਾ, ਕ੍ਰਿ., ਡੁਗਡੁਗੀ ਵਜਾਉਣੀ, ਨਗਾਰਾ ਵਜਾਉਣਾ

डुगडुगी, डुग्गी-ਡੁਗਡੁਗੀ, ਡੁੱਗੀ, ਇ., ਛੋਟੀ ਡੱਫ, ਡੌਰੂ

डुङ्गरी-ਡੁੰਗਰੀ, ਇ., ਕੱਦੂ, ਅੱਲ, ਲੌਕੀ, ਘੀਆ

डुण्डु-ਡੁੰਡੁ, ਪੁ., ਦੁਮੂਹਾਂ ਸੱਪ

डुण्डुभ-ਡੁੰਡੁਭ, ਪੁ., ਪਾਣੀ ਦਾ ਸੱਪ

डुण्डुल-ਡੁੰਡੁਲ, ਪੁ., ਛੋਟੀ ਨਸਲ ਦਾ ਉੱਲੂ

डुन्दुक-ਡੁੰਦੁਕ, ਪੁ., ਇਕ ਨਸਲ ਦਾ ਹਿਰਨ

डुपटना-ਡੁਪਟਨਾ, ਕ੍ਰਿ., ਕਪੜੇ ਵਿਚ ਚੋਣਾ ਪਾਉਣੀਆਂ

डुपट्टा-ਡੁਪੱਟਾ, ਪੁ., ਦੁਪੱਟਾ

डुबकी-ਡੁਬਕੀ, ਇ., ਚੁੱਭੀ, ਬਿਨਾ ਘਿਉ ਤੇਲ ਤਲੀ ਬੜੀ, ਗੋਤਾ

डुबाना-ਡੁਬਾਨਾ, ਕ੍ਰਿ., ਗੋਤਾ ਦੇਣਾ, ਡੋਬਣਾ, ਬਰਬਾਦ ਕਰਨਾ, ਨਾਸ ਕਰਨਾ

डुबोना-ਡੁਬੋਨਾ, ਕ੍ਰਿ., ਦੇਖੋ ਡੁਬਾਨਾ (डुबाना।

डुब्बी-ਡੁੱਬੀ, ਇ., ਚੁੱਭੀ, ਗੋਤਾ, ਡੁਬਕੀ

डुलना-ਡੁਲਨਾ, ਕ੍ਰਿ., ਨਿਕਲਣਾ, ਬਾਹਰ ਆਉਣਾ, ਖਤਮ ਹੋਣਾ

डुलाना-ਡੁਲਾਨਾ, ਕ੍ਰਿ., ਨਸਾਉਣਾ, ਘੁਮਾਉਣਾ, ਖਾਲੀ ਕਰਨਾ

डूंगर-ਡੂੰਗਰ, ਪੁ., ਟਿੱਲਾ, ਟਿੱਬਾ, ਪਹਾੜੀ

डूंगरी-ਡੂੰਗਰੀ, ਇ., ਪਹਾੜੀ, ਛੋਟਾ ਟਿੱਬਾ

डूक-ਡੂਕ, ਇ., ਡੰਗਰਾਂ ਦੀ ਇਕ ਬੀਮਾਰੀ

डूबना-ਡੂਬਨਾ, ਕ੍ਰਿ., ਗੋਤਾ ਖਾਣਾ, ਅੱਖੋਂ ਓਹਲੇ ਹੋਣਾ, ਚੌਪਟ ਹੋਣਾ, ਖਤਮ ਹੋਣਾ, ਸਤਿਆਨਾਸ ਹੋਣਾ, ਮਾਰਿਆ ਜਾਣਾ, ਮਗਨ ਹੋਣਾ, ਲੀਨ ਹੋਣਾ, ਵਪਾਰ ਵਿਚ ਘਾਟਾ ਪੈਣਾ, ਡੁੱਬਣਾ, ਛੁਪਣਾ

डेंडसी-ਡੇਂਡਸੀ, ਇ., ਕਕੜੀ ਜਿਹੀ ਇਕ ਭਾਜੀ,

डेग, डेगची-ਡੇਗ, ਡੇਗਚੀ, ਇ., ਦੇਗ, ਪਤਲੀ, ਦੇਗਚੀ

डेडहा-ਡੇਡਹਾ, ਪੁ., ਪਾਣੀ ਦਾ ਸੱਪ

डेढ़-ਡੇਢ, ਵਿ., ਇਕ ਤੇ ਅੱਧਾ, ਡੇਢ

डेढा-ਡੇਢਾ, ਵਿ., ਪੂਰਾ ਤੇ ਅੱਧਾ, ਡੇਢਾ

डेढ़ी-ਡੇਢੀ, ਇ., ਕੋਈ ਚੀਜ਼ ਡੇਢ ਗੁਣਾ ਦੇਣ ਦਾ ਭਾਵ

ड़ेबरा-ਡੇਬਰਾ, ਵਿ., ਖੱਬੂ

डेबरी-ਡੇਬਰੀ, ਇ., ਡੱਬੀ, ਕਾਤਰ

डेर-ਡੇਰ, ਪੁ., ਦੇਰ, ਚਿਰ, ਡਰ

डेरा-ਡੇਰਾ, ਪੁ., ਪੜਾਉ, ਟਿਕਾਣਾ, ਠਹਿਰਣ ਦਾ ਥਾਂ, ਨਿਵਾਸ ਸਥਾਨ, ਚੱਟੀ, ਮਹੰਤਾਂ ਦੇ ਰਹਿਣ ਦਾ ਥਾਂ

डेराना-ਡੇਰਾਨਾ, ਕ੍ਰਿ., ਡਰਾਉਣਾ, ਦੇਰ ਨਾਲ ਆਉਣਾ

ड़ेल-ਡੇਲ, ਪੁ., ਰੋੜਾ. ਅੱਖ ਦਾ ਕੋਇਆ, ਡੈਹਿਆ

डेला-ਡੇਲਾ, ਪੁ., ਰੋੜਾ, ਅੱਖ ਦਾ ਕੋਇਆ, ਡੈਹਿਆ

डेलिया-ਡੇਲਿਯਾ, ਪੁ., ਲਾਲ ਰੰਗ ਦੇ ਫੁੱਲਾਂ ਦਾ ਪਹਾੜੀ ਬੂਟਾ

डेली-ਡੇਲੀ, ਇ., ਬਾਂਸ ਦੀ ਟੋਕਰੀ

डेवढना-ਡੇਵਢਨਾ, ਕ੍ਰਿ., ਰੋਟੀ ਦਾ ਫੁਲਣਾ, ਕਪੜੇ ਦੀ ਤਹਿ ਕਰਨਾ, ਹਿਸਾਬ ਬੰਦ ਕਰਨਾ

डेहरी-ਡੇਹਰੀ, ਇ., ਦੇਹਲੀ

डेहल-ਡੇਹਲ, ਪੁ., ਦੇਖੋ ਡੇਹਰੀ (डेहरी)

डैगना-ਡੈਗਨਾ, ਪੁ., ਰਿੁਆ ਡੰਗਰ ਦੇ ਗਲ ਦਾ ਡਹਿਆ

डोंगर-ਡੋਂਗਰ, ਪੁ., ਦੇਖੋ ਡੂੰਗਰ (डूंगर)

डोंगा-ਡੋਂਗਾ, ਪੁ., ਛੋਟੀ ਬੇੜੀ

डोंगी-ਡੋਂਗੀ, ਇ., ਬਿਨਾ ਪਾਲੋਂ ਬੇੜੀ, ਲੁਹਾਰ ਦਾ ਲੋਹਾ ਬੁਝਾਉਣ ਦਾ ਭਾਂਡਾ

डोंडा-ਡੋਂਡਾ, ਪੁ., ਵੱਡੀ ਇਲਾਇਚੀ, ਕਾਂਰਤੂਸ, ਟੋਟਾ

डोंडी-ਡੋਂਡੀ, ਇ., ਪੋਸਤ ਦਾ ਡੋਡਾ, ਛੋਟੀ ਬੇੜੀ, ਟੂਟੀ

डोई-ਡੋਈ, ਇ., ਇਕ ਤਰ੍ਹਾਂ ਦੀ ਕੜਛੀ

डोक-ਡੋਕ, ਪੁ., ਪੱਕਿਆ ਹੋਇਆ ਛੁਹਾਰਾ

डोकर, डोकरा-ਡੋਕਰ, ਡੋਕਰਾ, ਪੁ., ਬੁੱਢਾ ਮਨੁੱਖ

डोकरी-ਡੋਕਰੀ, ਇ., ਬੁੱਢੀ ਤੀਵੀਂ

डोका-ਡੋਕਾ, ਪੁ., ਕਾਠ ਦਾ ਭਾਂਡਾ ਜਾਂ ਕਟੋਰਾ

डोड़हा-ਡੋੜਹਾ, ਪੁ., ਪਾਣੀ ਵਿਚ ਰਹਿਣ ਵਾਲਾ ਸੱਪ

डोडो-ਡੋਡੋ, ਇ., ਬੱਤਕ ਦੀ ਸ਼ਕਲ ਦਾ ਇਕ ਪੰਛੀ

डोब-ਡੋਬ, ਪੁ., ਗੋਤਾ

डोबा-ਡੋਬਾ, ਪੁ., ਗੋਤਾ

डोम-ਡੋਮ, ਪੁ., ਡੂਮ, ਮਰਾਸੀ, ਭਾਰਤ ਦੀ ਇਕ ਜਾਤ

डोमकौवा-ਡੋਮਕੌਵਾ, ਪੁ., ਕਾਂ ਡੋਡ, ਪਹਾੜੀ ਕਾਂ

डोमनी, ड़ोमिन-ਡੋਮਨੀ, ਡੋਮਿਨ, ਇ., ਡੂਮਣੀ, ਮਰਾਸਣ

डोर-ਡੋਰ, ਇ., ਰੱਸੀ, ਧਾਗਾ, ਡੋਰਾ

डोरा-ਡੋਰਾ, ਪੁ., ਧਾਗਾ, ਲਕੀਰ, ਬੰਧਨ, ਧਾਰੀ, ਅੱਖਾਂ ਵਿਚਕਾਰ ਦੀਆਂ ਪਤਲੀਆਂ ਲਾਲ ਨਸਾਂ

डोरिया-ਡੋਰਿਯਾ, ਪੁ., ਇਕ ਸੂਤੀ ਕਪੜਾ, ਹਰੇ ਪੈਰਾਂ ਵਾਲਾ ਇਕ ਬਗਲਾ, ਇਕ ਕੌਮ

डोरी-ਡੋਰੀ, ਇ., ਲੱਜ, ਰੱਸੀ, ਬੰਧਨ, ਕੜਾਹੀ ਵਿਚੋਂ ਦੁਧ ਕੱਢਣ ਦਾ ਡੰਡੀਦਾਰ ਕਟੋਰਾ, ਡੋਰੀ

डोरे-ਡੋਰੇ, ਕ੍ਰਿ. ਵਿ., ਨਾਲ ਨਾਲ, ਸੰਗ ਸਾਥ

डोज़-ਡੋਲ, ਪੁ., ਖੂਹ ਵਿਚੋਂ ਪਾਣੀ ਕੱਢਣ ਦਾ ਲੋਹੇ ਦਾ ਭਾਂਡਾ, ਝੂਲਾ, ਪਾਲਕੀ, ਡੋਲੀ, ਹਲਚਲ, ਇਕ ਤਰ੍ਹਾਂ ਦੀ ਕਾਲੀ ਮਿੱਟੀ

डोलची-ਡੋਲਚੀ, ਇ., ਛੋਟਾ ਡੋਲ

डोलना-ਡੋਲਨਾ, ਕ੍ਰਿ., ਹਿੱਲਣਾ, ਹਟਣਾ, ਕਾਇਮ ਨਾ ਰਹਿਣਾ

डोलरी-ਡੋਲਰੀ, ਇ., ਪਲੰਘ, ਮੰਜਾ

डोला-ਡੋਲਾ, ਪੁ., ਪਾਲਕੀ, ਡੋਲੀ, ਪੀਂਘ ਦਾ ਝੂਟਾ

डोलाना-ਡੋਲਾਨਾ, ਕ੍ਰਿ., ਹਿਲਾਉਣਾ, ਹਟਾਉਣਾ, ਦੂਰ ਕਰਨਾ, ਵੱਖ ਕਰਨਾ

डोलायन्त्र-ਡੋਲਾਯੰਤ੍ਰ, ਪੁ., ਕਿਸੇ ਚੀਜ਼ ਨੂੰ ਉਬਲਦੇ ਪਾਣੀ ਜਾਂ ਕਿਸੇ ਹੋਰ ਚੀਜ਼ ਵਿਚ ਲੀਰ ਨਾਲ ਬੰਨ੍ਹ ਕੇ ਲਟਕਾਉਣਾ ਜੋ ਥੱਲੇ ਨਾ ਲਗੇ ਪਾਣੀ ਜਾਂ ਦੁਧ ਵਿਚ ਹੀ ਰਹੇ

डोली-ਡੋਲੀ, ਇ., ਪਾਲਕੀ

डोही-ਡੋਹੀ, ਇ , ਦੇਖੋ ਡੋਈ (डोई)

डौंडी-ਡੌਂਡੀ, ਇ., ਢਿੰਡੋਰਾ, ਐਲਾਨ, ਘੋਸ਼ਣਾ, ਮੁਨਾਦੀ

डौंरा-ਡੌਂਗਾ, ਪੁ., ਖੇਤ ਵਿਚ ਉੱਗਣ ਵਾਲਾ ਇਕ ਘਾਹ

डौंरू-ਡੌਂਰੂ, ਪੁ., ਦੇਖੋ ਡਮਰੂ ((डमरू)

डौआ-ਡੌਆ, ਪੁ., ਕੜਛਾ, ਵੱਡਾ ਚਮਚਾ

डौल-ਡੌਲ, ਪੁ., ਮੁਢਲਾ ਢਾਂਚਾ, ਰਚਨਾ, ਸ਼ੈਲੀ, ਢਬ, ਬਣਾਵਟ, ਉਪਾਉ, ਲੱਛਣ, ਰੰਗ ਢੰਗ, ਖੇਤ ਦੀ ਭੜੀਂ ਜਾਂ ਵੱਟ, ਸਮਾਨ

डौलडाल-ਡੌਲਡਾਲ, ਪੁ., ਉਪਾਉ, ਜੁਕਤੀ, ਤਦਬੀਰ

डौलदार-ਡੌਲਦਾਰ, ਵਿ., ਖੂਬਸੂਰਤ, ਸੁੰਦਰ, ਸੁਡੌਲ

डौलना-ਡੌਲਨਾ, ਕ੍ਰਿ,, ਘੜਨਾ, ਦਰੁਸਤ ਕਰਨਾ, ਢੰਗ ਸਿਰ ਕਰਨਾ ਘੜ ਕੇ ਠੀਕ ਕਰਨਾ

डौलियाना-ਡੌਲਿਯਾਨਾ, ਕ੍ਰਿ., ਦੇਖੋ ਡੌਲਨਾ (डौलना)

ड्योढा-ਡਯੋਢਾ, ਵਿ., ਪੂਰਾ ਤੇ ਅੱਧਾ, ਡੇਢਾ

ड्योढी-ਡਯੋਢੀ, ਇ., ਚੁਗਾਠ, ਫਾਟਕ, ਘਰ ਅੰਦਰ ਜਾਣ ਦਾ ਮੂਹਰਲਾ ਰਸਤਾ

ड्योढीवान-ਡਯੋਢੀਵਾਨ, ਪੁ., ਦਰਬਾਨ, ਚੌਕੀਦਾਰ

ड्राइंग-ਡ੍ਰਾਇੰਗ, ਇ., ਲਕੀਰਾਂ ਨਾਲ ਨਕਸ਼ੇ ਖਿੱਚਣ ਦੀ ਵਿਦਿਆ

ड्राइवर-ਡ੍ਰਾਇਵਰ, ਪੁ., ਮੋਟਰ ਰੇਲ ਚਲਾਉਣ ਵਾਲਾ

ड्रिल-ਡ੍ਰਿਲ, ਇ., ਕਵੈਦ

ड्रिल मास्टर-ਡ੍ਰਿਲਮਾਸਟਰ, ਪੁ., ਕਵੈਦ ਸਿਖਲਾਉਣ ਵਾਲਾ

ढ-ਢ

ढ-ਢ, ਹਿੰਦੀ ਵਰਣ ਮਾਲਾ ਦਾ ਚੌਧਵਾਂ ਵਿਅੰਜਨ ਅਤੇ ਟਵਰਗ ਦਾ ਚੌਥਾ ਅੱਖਰ ਹੈ, ਇਸ ਦਾ ਉਚਾਰਣ ਸਥਾਨ ਮੱਥਾ ਹੈ ਪੁ., ਵੱਡਾ ਢੋਲ, ਨਗਾਰਾ, ਕੁੱਤਾ, ਕੁੱਤੇ ਦੀ ਪੂਛ, ਸੱਪ, ਗੰਭੀਰ ਸ਼ਬਦ, ਨਾਦ

ढंक-ਢੰਕ, ਪੁ., ਤੋਲ, ਮਣ ਦਾ ਵੱਟਾ, ਪੱਥਰ ਜਾਂ ਲੋਹੇ ਦਾ ਤੋਲਣ ਦਾ ਵੱਟਾ, ਨਿਰਾਕਾਰ ਪਰਮਾਤਮਾ

ढंग-ਢੰਗ, ਪੁ., ਤਰੀਕਾ, ਸ਼ੈਲੀ, ਤੌਰ, ਪਰਕਾਰ, ਭਾਂਤ, ਰਚਨਾ, ਢਾਂਚਾ, ਚਾਲ ਢਾਲ, ਬਹਾਨਾ, ਹਾਲਤ, ਦਸ਼ਾ, ਵਿਹਾਰ, ਪਖੰਡ, ਲੱਛਣ

ढंग उजाड़-ਢੰਗ ਉਜਾੜ, ਪੁ., ਘੋੜੇ ਦੀ ਪੂਛ ਹੇਠਲੀ ਭੌਰੀ

ढंगरचा-ਢੰਗਰਚਾ, ਪੁ., ਬਹਾਨਾ

ढंगलाना-ਢੰਗਲਾਨਾ, ਕ੍ਰਿ., ਧੱਕਾ ਦੇਣਾ, ਧਕੇਲਣਾ

ढंगी-ਢੰਗੀ, ਵਿ., ਚਤੁਰ, ਛਲੀਆ, ਚਾਲਬਾਜ਼

ढंढस-ਢੰਢਸ, ਪੁ., ਢੋਂਗ, ਛਲ, ਪਖੰਡ

ढंढार-ਢੰਢਾਰ, ਵਿ., ਬੇਢੰਗਾ, ਬੁਢਾ, ਬਹੁਤ ਪੁਰਾਣਾ

ढंढोर-ਢੰਢੋਰ, ਪੁ., ਲਪਟ, ਲਾਟ, ਲੰਗੂਰ

ढंढोरची-ਢੰਢੋਰਚੀ, ਪੁ., ਡੌਂਡੀ ਪਿੱਟਣ ਵਾਲਾ, ਢੰਡੋਰਾ ਦੇਣ ਵਾਲਾ, ਮੁਨਾਦੀ ਕਰਨ ਵਾਲਾ

ढंढोरना-ਢੰਢੋਰਨਾ, ਕ੍ਰਿ., ਭਾਲਣਾ, ਲੱਭਣਾ, ਢੂੰਡਣਾ

ढंढोरा-ਢੰਢੋਰਾ, ਪੁ., ਢੰਡੋਰਾ, ਮੁਨਾਦੀ, ਡੌਂਡੀ

ढंढोरिया-ਢੰਢੋਰਿਯਾ, ਪੁ., ਦੇਖੋ ਢੰਢੋਰਚੀ (ढंढोरची)

ढंपना-ਢੰਪਨਾ, ਕ੍ਰਿ., ਢਕਣਾ, ਪੁ., ਢੱਕਣ, ਉਹ ਚੀਜ਼ ਜਿਸ ਨਾਲ ਢਕਿਆ ਜਾਵੇ

ढई-ਢਈ, ਇ., ਧਰਨਾ ਜਮਾ ਕੇ ਕੰਮ ਪੂਰਾ ਹੋਣ ਤਕ ਬੈਠਣ

ਦਾ ਕਮ

ढईदेना–ਢਈਦੇਨਾ, ਕ੍ਰਿ., ਧਰਨਾ ਮਾਰ ਕੇ ਕੁਝ ਲੈਣਾ, ਡਰ ਵਿਖਾ ਕੇ ਕੰਮ ਕਢਣਾ, ਧਰਨਾ ਮਾਰਨਾ

ढकना–ਢਕਨਾ. ਪੁ., ਢੱਕਣ, ਕ੍ਰਿ., ਛੁਪਾਉਣਾ, ਲੁਕਾਉਣਾ

ढकनिया–ਢਕਨਿਯਾ, ਇ., ਢੱਕਣ

ढकनी–ਢਕਨੀ, ਇ., ਦੇਖੋ ਢਕਨਿਯਾ (ढकनिया)

ढकिल–ਢਕਿਲ, ਇ., ਧਾਵਾ, ਹੱਲਾ

ढकेलना–ਢਕੇਲਣਾ, ਕ੍ਰਿ., ਦੇਖੋ ਢੰਗਲਾਨਾ (ढंगलाना)

ढकोसना–ਢਕੋਸਨਾ, ਕ੍ਰਿ., ਇਕੋ ਸਾਹ ਪੀਣਾ, ਵੱਡੇ ਵੱਡੇ ਘੁਟ ਭਰਨੇ, ਸੁੜ੍ਹਕਣਾ

ढकौसला–ਢਕੌਂਸਲਾ, ਇ., ਪਖੰਡ, ਅਡੰਬਰ, ਗੱਪ

ढक्न–ਢੱਕਨ, ਪੁ., ਇਕ ਤਰ੍ਹਾਂ ਦਾ ਕਾਲਾ ਨਿਸ਼ਾਨ ਜੋ ਹਥੇਲੀ ਦੇ ਪਿਛਲੇ ਪਾਸੇ ਲਾਇਆ ਜਾਂਦਾ ਹੈ

ढक्का–ਢੱਕਾ, ਪੁ., ਢੋਲ, ਨਗਾਰਾ, ਡੌਰੂ, ਰਣਸਿੰਗਾ

ढक्कारी–ਢੱਕਾਰੀ, ਇ., ਤਾਰਾ ਦੇਵੀ

ढक्की–ਢੱਕੀ, ਇ., ਪਹਾੜ ਦੀ ਢਾਲ, ਤਰਾਈ

ढचर–ਢਚਰ ਪੁ., ਝਗੜਾ, ਬਖੇੜਾ, ਅਡੰਬਰ, ਝੂਠੀ ਤਜਵੀਜ਼, ਢਾਂਚਾ, ਢਕੌਂਸਲਾ, ਵਿ., ਬਹੁਤ ਪੁਰਾਣਾ ਜਾਂ ਕਮਜ਼ੋਰ

ढटिंगड़, ढटींगड़–ਢਟਿੰਗੜ, ਢਟੀਂਗੜ, ਵਿ., ਵੱਡੀ ਡੀਲ ਡੌਲ ਵਾਲਾ, ਗੜਾਡੀਲ, ਮੋਟਾ ਤਾਜ਼ਾ

ढट्ठा–ਢੱਠਾ, ਪੁ., ਮੱਕੀ ਦੇ ਕਰਚੇ, ਢਾਠਾ

ढट्ठी–ਢੱਠੀ, ਪੁ., ਢਾਠੀ, ਡਾਟ

ढड्ढा–ਢੱਢਾ, ਵਿ.. ਲੋੜ ਤੋਂ ਬਹੁਤਾ, ਬੇਢੰਗਾ, ਪੁ., ਢਾਂਚਾ, ਅਡੰਬਰ, ਝੂਠਾ ਸਾਜਬਾਜ

ढडढी–ਢੱਢੀ, ਇ., ਬੁੱਢੀ ਤੀਵੀਂ, ਕਲਹਿਣੀ ਤੀਵੀਂ

ढनमनाना–ਢਨਮਨਾਨਾ, ਕ੍ਰਿ., ਰਿੜ੍ਹਨਾ, ਡਿੱਗਣਾ

ढप–ਢਪ ਪੁ , ਢਬ, ਆਦਤ, ਅਭਿਆਸ

ढपना–ਢਪਨਾ ਪੁ., ਦੇਖੋ ਢਕਨਾ (ढकना)

ढपरी–ਢਪਰੀ ਇ., ਚੂੜੀਆਂ ਬਣਾਉਣ ਵਾਲੇ ਦੀ ਭੁੱਠੀ ਦਾ ਢੱਕਣ

ढप्पू–ਢੱਪੂ ਵਿ., ਬਹੁਤ ਵੱਡਾ, ਬਹੁਤ ਲੰਮਾ

ढफ–ਢਫ ਪੁ., ਦੇਖੋ ਡਫ (डफ)

ढब–ਢਬ ਪੁ., ਢਬ, ਜੁਗਤ, ਰੀਤ, ਪਰਕਾਰ, ਬਣਾਵਟ, ਤਰੀਕਾ

ढबीला–ਢਬੀਲਾ, ਵਿ., ਚਲਾਕ, ਪਖੰਡੀ, ਚਾਲਬਾਜ਼

ढबुआ–ਢਬੁਆ, ਪੁ., ਪੈਸਾ

ढबैला–ਢਬੈਲਾ, ਵਿ , ਮਟਮੈਲਾ, ਮਿੱਟੀ ਰੰਗਾ

ढमढम–ਢਮਢਮ, ਪੁ., ਢੋਲ ਵਗੈਰਾ ਦੀ ਅਵਾਜ਼

ढमलाना–ਢਮਲਾਨਾ, ਕ੍ਰਿ., ਘਿਸਰਨਾ, ਗਿਰਨਾ, ਡਿਗਣਾ

ढयना–ਢਯਨਾ, ਕ੍ਰਿ., ਕਿਸੇ ਘਰ ਦਾ ਡਿੱਗਣਾ

ढरकना–ਢਰਕਨਾ, ਕ੍ਰਿ., ਢਲਕਣਾ, ਪਤਲੀ ਚੀਜ਼ ਦਾ ਹੇਠਾਂ ਨੂੰ ਵਹਿਣਾ

ढरका–ਢਰਕਾ, ਪੁ., ਅੱਖਾਂ ਦੀ ਇਕ ਬੀਮਾਰੀ, ਡੰਗਰਾਂ ਨੂੰ ਦਵਾਈ ਦੇਣ ਦੀ ਨਾਲ

ढरकी–ਢਰਕੀ, ਇ., ਜੁਲਾਹੇ ਦਾ ਇਕ ਔਜ਼ਾਰ

ढरना–ਢਰਨਾ, ਕ੍ਰਿ., ਘਿਸਰਨਾ, ਰਿੜ੍ਹਨਾ, ਹੇਠਾਂ ਨੂੰ ਵਗਣਾ

ढरनि–ਢਰਨਿ, ਇ., ਡਿੱਗਣ ਦੀ ਕਿਰਿਆ, ਚਿੱਤਵਿਰਤੀ, ਝੁਕਾਉ, ਕਿਰਪਾ, ਮਿਹਰ

ढरहना–ਢਰਹਨਾ, ਕ੍ਰਿ., ਸਰਕਣਾ, ਝੁਕਣਾ, ਘਿਸਰਨਾ

ढरहरा–ਢਰਹਰਾ, ਵਿ., ਢਾਲੂ, ਢਾਲਵਾਂ

ढर्रा–ਢਰਰਾ, ਪੁ., ਤਰੀਕਾ, ਰਸਤਾ, ਉਪਾਉ, ਢੰਗ

ढलकना–ਢਲਕਣਾ, ਕ੍ਰਿ., ਰਿੜ੍ਹਨਾ, ਖਿਸਕਣਾ, ਵਗਣਾ

ढलकाना–ਢਲਕਾਨਾ, ਕ੍ਰਿ., ਰੋੜ੍ਹਨਾ, ਡੇਗਣਾ, ਖਿਸਕਾਉਣਾ, ਸਰਕਾਉਣਾ

ढलकी–ਢਲਕੀ, ਇ.; ਦੇਖੋ ਢਰਕੀ (ढरकी)

ढलना–ਢਲਨਾ, ਕ੍ਰਿ., ਗਿਰਨਾ, ਰਿੜ੍ਹਨਾ, ਬੀਤਣਾ, ਝਲਕਣਾ, ਝੁਕਣਾ, ਮਰ ਜਾਣਾ, ਪੰਘਰੀ ਚੀਜ਼ ਸੰਚੇ ਵਿਚ ਭਰਨੀ, ਪ੍ਰਸੰਨ ਹੋਣਾ, ਮਾਫਕ ਆਉਣਾ

ढलमल–ਢਲਮਲ, ਵਿ., ਕਮਜ਼ੋਰ, ਮਾੜਚੂ

ढलवां–ਢਲਵਾਂ, ਵਿ., ਢਾਲ ਕੇ ਬਣਾਇਆ ਹੋਇਆ

ढलवाना–ਢਲਵਾਨਾ, ਕ੍ਰਿ., ਢਾਲਣ ਦਾ ਕੰਮ ਕਰਾਉਣਾ

ढलाई–ਢਲਾਈ, ਇ., ਢਾਲਣ ਦਾ ਕੰਮ, ਢਾਲਣ ਦੀ ਮਜ਼ਦੂਰੀ

ढलाना–ਢਲਾਨਾ, ਕ੍ਰਿ., ਦੇਖੋ ਢਲਵਾਨਾ (ढलवाना)

ढलुवा–ਢਲੁਵਾ, ਵਿ., ਦੇਖੋ ਢਲਵਾਂ (ढलवां)

ढलैत–ਢਲੈਤ, ਪੁ., ਢਾਲ ਬੰਨ੍ਹਣ ਵਾਲਾ ਸਿਪਾਹੀ

ढवरी–ਢਵਰੀ, ਇ., ਧੁਨ, ਰਟ, ਲਗਨ, ਆਦਤ

ढहना–ਢਹਨਾ, ਕ੍ਰਿ., ਘਰ ਡਿੱਗਣਾ, ਨਸ਼ਟ ਹੋਣਾ, ਨਿਰਮੂਲ ਹੋਣਾ

ढहाना–ਢਹਾਨਾ, ਕ੍ਰਿ., ਢਹਾਉਣ ਦਾ ਕੰਮ ਕਰਾਉਣਾ, ਢੁਹਾਉਣਾ

ढांक–ਢਾਂਕ, ਪੁ., ਘੁਲਣ ਦਾ ਇਕ ਦਾਉ

ढांकना–ਢਾਂਕਨਾ, ਕ੍ਰਿ., ਛੁਪਾਉਣਾ, ਢਕਣਾ, ਲੁਕਾਉਣਾ

ढांचा–ਢਾਂਚਾ, ਪੁ., ਬਨਾਵਟ, ਡੌਲ, ਪਿੰਜਰ, ਘੜਤ, ਰਚਨਾ

ढांपना–ਢਾਂਪਨਾ, ਕ੍ਰਿ., ਦੇਖੋ ਢਾਂਕਨਾ (ढांकना)

ढांस–ਢਾਂਸ, ਇ., ਗਲ ਦੀ ਆਵਾਜ਼ ਜੋ ਸੁੱਕੀ ਖੰਘ ਦੇ ਨਾਲ ਨਿਕਲਦੀ ਹੈ

ढाई–ਢਾਈ, ਵਿ , ਦੋ ਅਤੇ ਅੱਧਾ

ढाक–ਢਾਕ, ਪੁ., ਪਲਾਹ, ਢੱਕ, ਵੱਡਾ ਢੋਲ ਜੋ ਲੜਾਈ ਵਿਚ ਬਜਾਇਆ ਜਾਂਦਾ ਹੈ

ढाकना–ਢਾਕਨਾ, ਕ੍ਰਿ., ਢਕਣਾ, ਉਪਰੋਂ ਬੰਦ ਕਰਨਾ, ਮੁੰਦਣਾ

ढाटा–ਢਾਟਾ, ਪੁ., ਦਾੜ੍ਹੀ ਬੰਨ੍ਹਣ ਦੀ ਕਪੜੇ ਦੀ ਪੱਟੀ, ਢਾਠੀ

ढाड़–ਢਾੜ, ਇ., ਚੀਕ, ਗਰਜ, ਚਿੰਘਿਆੜ, ਕੂਕ

ढाड़स–ਢਾੜਸ, ਪੁ., ਧੀਰਜ, ਹਿੰਮਤ, ਹੱਲਾ ਸ਼ੇਰੀ

ढाढिन–ਢਾਢਿਨ, ਇ., ਢਾਢੀ ਦੀ ਤੀਵੀਂ

ढाढी–ਢਾਢੀ. ਪੁ., ਨੱਚਣ ਗਾਉਣ ਵਾਲੀ ਇਕ ਕੌਮ

ढाढोन-ਢਾਢੋਨ, ਪੁ., ਇਕ ਪਹਾੜੀ ਰੁੱਖ

ढाना-ਢਾਨਾ, ਕ੍ਰਿ., ਢਹਾਉਣਾ, ਗਿਰਾਉਣਾ, ਡੇਗਣਾ

ढापना-ਢਾਪਨਾ, ਕ੍ਰਿ., ਢਕਣਾ, ਬੰਦ ਕਰਨਾ, ਢੱਕਣ ਦੇਣਾ

ढाबर-ਢਾਬਰ, ਵਿ., ਮਟਮੈਲਾ

ढाबा-ਢਾਬਾ, ਪੁ., ਜਾਲ, ਰੋਟੀ ਦੀ ਦੁਕਾਨ, ਬਾਰਾਂਦਰੀ

ढामक-ਢਾਮਕ, ਪੁ., ਢੋਲ ਨਗਾਹੇ ਵਗੈਰਾ ਦੀ ਆਵਾਜ਼

ढापना-ਢਾਪਨਾ, ਪੁ., ਇਕ ਤਰ੍ਹਾਂ ਦਾ ਸੱਪ

ढामरा-ਢਾਮਰਾ, ਇ., ਹੰਸਣੀ, ਹੰਸ ਦੀ ਮਦੀਨ

ढार-ਢਾਰ, ਪੁ., ਉਤਰਾਈ, ਢਾਲੂ ਜ਼ਮੀਨ, ਰਸਤਾ, ਢੰਗ, ਰਚਨਾ

ढारना-ਢਾਰਨਾ, ਕ੍ਰਿ., ਦੇਖੋ ਢਾਲਨਾ (डालना)

ढारस-ਢਾਰਸ, ਪੁ., ਤਸੱਲੀ, ਧੀਰਜ

ढाल-ਢਾਲ, ਪੁ., ਤਲਵਾਰ ਦਾ ਵਾਰ ਰੋਕਣ ਵਾਲਾ ਸੰਦ, ਉਤਾਰ, ਢਲਾਈ, ਪਰਕਾਰ

ढालना-ਢਾਲਨਾ, ਕ੍ਰਿ., ਸੁੱਟਣਾ, ਡੇਗਣਾ, ਲੁਟਾਉਣਾ, ਪਿਘਲੀ ਚੀਜ਼ ਹੇਠ ਸੁੱਟਣੀ. ਪੰਘਰਾਉਣਾ, ਸ਼ਰਾਬ ਪੀਣੀ, ਬਿਕਰੀ ਕਰਨੀ. ਘੱਟ ਮੁੱਲ ਤੇ ਵੇਚਣਾ, ਤਾਨ੍ਹਾ ਮਾਰਨਾ

ढालवां-ਢਾਲਵਾਂ. ਵਿ., ਢਾਲੂ, ਤਰਾਈ, ਢਲਵਾਂ

ढालिया-ਢਾਲਿਯਾ, ਵਿ., ਸੰਚੇ ਵਿਚ ਪਿਘਲੀ ਧਾਤ ਪਾ ਕੇ ਭਾਂਡੇ ਬਣਾਉਣ ਵਾਲਾ, ਕਸੇਰਾ

ढाली-ਢਾਲੀ, ਇ., ਦੇਖੋ ਢਲੈਤ (ढलैत)

ढालुआं-ਢਾਲੁਆਂ, ਵਿ., ਦੇਖੋ ਢਾਲਵਾਂ (ढालवां)

ढास-ਢਾਸ, ਪੁ., ਲੁਟੇਰਾ, ਡਾਕੂ ਠੱਗ

ढासना-ਢਾਸਨਾ, ਪੁ., ਸਹਾਰਾ, ਟੇਕ, ਆਸਰਾ, ਓਟ, ਅੜੋਕਣ

ढाहना-ਢਾਹਨਾ, ਕ੍ਰਿ., ਦੇਖੋ ਢਾਨਾ (ढाना)

ढिंढोरना-ਢਿੰਢੋਰਨਾ, ਕ੍ਰਿ., ਖੋਜਣਾ, ਭਾਲਣਾ, ਹਥ ਪਾ ਕੇ ਲਭਣਾ, ਢੂੰਡਣਾ, ਤਲਾਸ਼ੀ ਕਰਨਾ

ढिंढोरा-ਢਿੰਢੋਰਾ, ਪੁ., ਡੌਂਡੀ ਪਿੱਟਣ ਦਾ ਢੋਲ, ਡੱਫ, ਢੋਲ ਬਜਾ ਕੇ ਕੀਤੀ ਮੁਨਾਦੀ

ढिकचन-ਢਿਕਚਨ, ਪੁ., ਗੰਨੇ ਦੀ ਇਕ ਕਿਸਮ

ढिकुली-ਢਿਕੁਲੀ, ਇ., ਦੇਖੋ ਢੇਕੁਲੀ (ढेकुली)

ढिग-ਢਿਗ, ਵਿ. ਕੋਲ. ਨੇੜੇ, ਪਾਸ, ਲਾਗੇ, ਇ., ਕਿਨਾਰਾ, ਕੰਢਾ, ਪੱਲਾ, ਹਾਸ਼ੀਆ

ढिठाई-ਢਿਠਾਈ, ਇ., ਜ਼ਿੱਦ, ਹਠ, ਮੂਰਖਤਾ, ਚਪਲਤਾ, ਚੰਚਲਤਾ, ਨਿਰਲੱਜਤਾ, ਬੇਸ਼ਰਮੀ. ਅੜ

ढिबरी-ਢਿਬਰੀ, ਇ.. ਮਿੱਟੀ ਦੇ ਤੇਲ ਦਾ ਦੀਵਾ, ਪੇਚ ਵਿਚ ਲਾਉਣ ਦੀ ਗੋਲ ਟਿੱਕੀ ਜੇਹੀ, ਚਰਖੇ ਦੀ ਚਰਮਖ

ढिमका-ਢਿਮਕਾ, ਇ., ਅਮਕਾ, ਫਲਾਣਾ, ਉਹ

ढिलढिला-ਢਿਲਢਿਲਾ, ਵਿ., ਢਿੱਲਾਮਿੱਲਾ, ਪਤਲਾ, ਪਾਣੀ ਵਰਗਾ

ढिलाई-ਢਿਲਾਈ, ਇ., ਢਿੱਲ, ਆਲਸ, ਕਮਜ਼ੋਰੀ

ढिलाना-ਢਿਲਾਨਾ, ਕ੍ਰਿ., ਢਿੱਲਾ ਕਰਨਾ, ਦੂਸਰੇ ਤੋਂ ਢਿੱਲਾ ਕਰਾਉਣਾ

ढिल्लड़-ਢਿੱਲੜ, ਵਿ., ਆਲਸੀ, ਸੁਸਤ, ਕਮਜ਼ੋਰ, ਨਪੈਥਰ, ਢਿੱਲਾ

ढिसरना-ਢਿਸਰਨਾ, ਕ੍ਰਿ., ਝੁਕਣਾ, ਲਗਣਾ, ਖਿਸਕਣਾ, ਰਿੜ੍ਹਨਾ, ਸਰਕਣਾ, ਫਲਾਂ ਦਾ ਪਕਣਾ

ढींगर-ਢੀਂਗਰ, ਪੁ., ਤਕੜਾ ਬੰਦਾ, ਜਾਰ, ਧਗੜਾ

ढींढ-ਢੀਂਢ, ਪੁ., ਉਭਰਿਆ ਹੋਇਆ ਢਿਡ, ਵੱਡਾ ਢਿਡ, ਗਰਭ

ढींढा-ਢੀਂਢਾ, ਪੁ., ਦੇਖੋ ਢੀਂਢ (ढींढ)

ढींढस-ਢੀਂਢਸ, ਪੁ., ਟਿੰਡੋ. ਟਿੰਡੇ, ਟਿੰਡਸ, ਇਕ ਤਰਕਾਰੀ

ढीच-ਢੀਕ. ਇ., ਕੁਬ

ढीट-ਢੀਟ, ਇ., ਲਕੀਰ, ਰੇਖਾ

ढीठ-ਢੀਠ, ਵਿ. ਜ਼ਿੱਦੀ, ਹਠੀ, ਬੇਹਯਾ, ਬੇਸ਼ਰਮ, ਗੁਸਤਾਖ, ਨਿਡਰ, ਹਿੰਮਤੀ, ਬੇਅਦਬ

ढीठता-ਢੀਠਤਾ, ਇ., ਬੇਹਯਾਈ, ਨਿਰਲੱਜਤਾ, ਬੇਸ਼ਰਮੀ, ਗੁਸਤਾਖੀ. ਜ਼ਿੱਦ

ढीम, ढीमा-ਢੀਮ, ਢੀਮਾ, ਪੁ., ਇੱਟ, ਪੱਥਰ ਦਾ ਟੁਕੜਾ, ਰੋੜਾ, ਡਲਾ

ढील-ਢੀਲ. ਇ., ਸੁਸਤੀ, ਕਮਜ਼ੋਰੀ, ਆਲਸ, ਬੇ ਹਿੰਮਤੀ, ਲੀਖ, ਧੱਖ, ਢਿੱਲਾ ਕਰਨ ਦਾ ਭਾਵ

ढीलना-ਢੀਲਨਾ, ਕ੍ਰਿ., ਢਿੱਲਾ ਕਰਨਾ, ਤਣਿਆ ਨਾ ਰਹਿਣ ਦੇਣਾ, ਅਜ਼ਾਦੀ ਦੇਣੀ, ਖੂਹ ਵਿਚ ਲਟਕਾਉਣਾ

ढीला-ਢੀਲਾ, ਵਿ., ਜੋ ਤਣਿਆ ਨਾ ਹੋਵੇ, ਜੋ ਕਸ ਕੇ ਨਾ ਬੰਨ੍ਹਿਆ ਹੋਵੇ, ਜਿਸ ਵਿਚ ਪਾਣੀ ਬਹੁਤਾ ਹੋਵੇ, ਜਿਸ ਵਿਚ ਆਕੜ ਨਾ ਹੋਵੇ, ਬਹੁਤਾ ਗਿੱਲਾ, ਪਤਲਾ, ਕਮਜ਼ੋਰ, ਆਲਸੀ, ਸੁਸਤ, ਨਪੁੰਸਕ, ਹੀਜੜਾ

ढीलापन-ਢੀਲਾਪਨ. ਪੁ., ਕਮਜ਼ੋਰੀ, ਸੁਸਤੀ, ਆਲਸ, ਢਿੱਲ

ढीह-ਢੀਹ, ਪੁ., ਉੱਚਾ ਟਿੱਲਾ, ਟਿੱਬਾ

ढुंढ-ਢੁੰਢ, ਪੁ., ਠੱਗ, ਚੋਰ, ਲੁਟੇਰਾ, ਬਟਮਾਰ, ਡਾਕੂ, ਧਾੜਵੀ, ਉਚੱਕਾ

ढुंढवाना-ਢੁੰਢਵਾਨਾ, ਕ੍ਰਿ., ਲਭਾਉਣਾ, ਖੋਜ ਕਰਾਉਣੀ, ਭਾਲ ਕਰਾਉਣੀ

ढुंढा-ਢੁੰਢਾ, ਇ., ਹਿਰਣਕੱਸ਼ਪ ਦੀ ਭੈਣ, ਪ੍ਰਹਿਲਾਦ ਦੀ ਭੂਆ

ढुंढि, ढंढिराज-ਢੁੰਢਿ, ਢੁੰਢਿਰਾਜ, ਪੁ.. ਗਣੇਸ਼ ਜੀ

ढुंढी-ਢੁੰਢੀ, ਇ. ਬਾਂਹ, ਭੁਜਾ, ਬਾਜ਼ੂ

ढुकना-ਢੁਕਨਾ, ਕ੍ਰਿ., ਜਾਣਾ, ਪਰਵੇਸ਼ ਕਰਨਾ, ਹੱਲਾ ਕਰਨਾ, ਟੁੱਟ ਪੈਣਾ, ਦਾਉ ਤੇ ਰਹਿਣਾ, ਲੁਕ ਕੇ ਗੱਲ ਸੁਣਨੀ

ढुक्का-ਢੁੱਕਾ, ਪੁ., ਘਾਹ ਦੀ ਪੰਡ

ढुटौना-ਢੁਟੌਨਾ, ਪੁ., ਮੁੰਡਾ, ਲੜਕਾ, ਬਾਲ

ढुण्टन-ਢੁੰਟਨ, ਪੁ., ਖੋਜ, ਭਾਲ, ਤਲਾਸ਼

ढुनमुनिया-ਢੁਨਮੁਨਿਯਾ, ਵਿ., ਢਿੱਲ ਕਰਨ ਵਾਲਾ, ਡਿੱਗਣ ਵਾਲਾ, ਰੋੜ

ढुरकना–ਢੁਰਕਨਾ, ਕ੍ਰਿ., ਰਿੜ੍ਹਨਾ, ਫਿਸਲਣਾ, ਤਿਲ੍ਹਕਣਾ, ਝੁਕਣਾ, ਗਿਰ ਪੈਣਾ

ढुरना–ਢੁਰਨਾ, ਕ੍ਰਿ., ਢਲਣਾ, ਟਪਕਣਾ, ਡਗਮਗਾਉਣਾ. ਡੋਲਣਾ, ਤਿਲ੍ਹਕਣਾ. ਲੁੜਕਣਾ, ਫਿਸਲਣਾ, ਝੁਕਣਾ, ਲਗਣਾ, ਪ੍ਰਸੰਨ ਹੋਣਾ, ਠੀਕ ਹੋਣਾ

ढुरहुरी–ਢੁਰਹੁਰੀ, ਇ.. ਤਿਲ੍ਹਕਣ ਬਾਜੀ, ਪਗ ਡੰਡੀ, ਨੱਥ ਵਿਚਲੀ ਗੋਲ ਦਾਣੇ ਦੀ ਪਾਲ

ढुराना–ਢੁਰਾਨਾ, ਕ੍ਰਿ., ਢਿਲਕਾਉਣਾ, ਟਪਕਾਉਣਾ, ਰੇੜ੍ਹਨਾ, ਹਿਲਾਉਣਾ, ਡੁਲਾਉਣਾ

ढुरुआ–ਢੁਰੁਆ, ਪੁ., ਮਟਰ ਦਾ ਦਾਣਾ

ढुर्री-ਢੁਰਰੀ, ਇ., ਡੰਡੀ. ਰਾਹ

ढुलकना–ਢੁਲਕਨਾ, ਕ੍ਰਿ., ਗਿਰਨਾ, ਸਰਕਣਾ, ਲੁੜ੍ਹਕਣਾ, ਰੁੜ੍ਹਨਾ

ढुलकाना–ਢੁਲਕਾਨਾ, ਕ੍ਰਿ., ਦੇਖੇ, ਢੁਰਾਨਾ (ढुराना)

ढुलढुल–ਢੁਲਢੁਲ, ਵਿ., ਲੁੜ੍ਹਕਣ ਵਾਲਾ, ਜੋ ਖਲੋ ਨਾ ਸਕੇ

ढुलना–ਢੁਲਨਾ, ਕ੍ਰਿ., ਦੇਖੋ ਢੁਰਨਾ (ढुरना)

ढुलवाई–ਢੁਲਵਾਈ, ਇ., ਢੋਣ ਦੀ ਮਜ਼ਦੂਰੀ, ਢੋਣ ਦਾ ਕੰਮ

ढुलवाना–ਢੁਲਵਾਨਾ, ਕ੍ਰਿ., ਹੇਠਾਂ ਸਿੱਟਣਾ, ਸਰਕਾਉਣਾ, ਝੁਕਾਉਣਾ, ਠਹਿਰਾਉਣਾ, ਚਲਾਉਣਾ, ਢੁਆਉਣਾ, ਪ੍ਰਸੰਨ ਕਰਨਾ, ਫੇਰਨਾ

ढुलुवा–ਢੁਲੁਵਾ, ਇ , ਖਜੂਰ ਦੀ ਖੰਡ

ढुवारा–ਢੁਵਾਰਾ, ਪੁ., ਅੰਨ ਨੂੰ ਲੱਗਣ ਵਾਲਾ ਕੀੜਾ, ਢੋਰਾ, ਘੁਣ

ढूँकना–ਢੂੰਕਨਾ, ਕ੍ਰਿ., ਦੇਖੋ ਢੁਕਨਾ (ढुकना)

ढूँका–ਢੂੰਕਾ, ਪੁ., ਦੇਖੋ ਢੁੱਕਾ (ढुक्का)

ढूँढ–ਢੂੰਢ, ਇ., ਖੋਜ, ਦੇਖ ਭਾਲ, ਤਲਾਸ਼, ਭਾਲ

ढूसर–ਢੂਸਰ, ਪੁ., ਬਾਣੀਆਂ ਦੀ ਇਕ ਮੂਹੀਂ, ਭਾਰਗੋ

ढूसा–ਢੂਸਾ, ਪੁ., ਪਹਿਲਵਾਨਾਂ ਦਾ ਇਕ ਦਾਉ

ढूह–ਢੂਹ, ਪੁ , ਢੇਰ, ਟਿੱਬਾ, ਟਿੱਲਾ

ढूहा–ਢੂਹਾ, ਪੁ., ਦੇਖੋ ਢੂਹ (ढूह)

ढेंक–ਢੇਂਕ, ਇ., ਪਾਣੀ ਦੇ ਕਿਨਾਰੇ ਰਹਿਣ ਵਾਲਾ ਪੰਛੀ

ढेंकली–ਢੇਂਕਲੀ, . ਇ., ਪਾਣੀ ਖਿੱਚਣ ਦੀ ਢੀਂਗਲੀ, ਧਾਨ ਕੁੱਟਣ ਵਾਲਾ ਇਕ ਸੰਦ, ਅਰਕ ਖਿੱਚਣ ਵਾਲਾ ਔਜ਼ਾਰ

ढेंका–ਢੇਂਕਾ, ਪੁ., ਕੋਹਲੂ ਨਾਲ ਲਗਿਆ ਹੋਇਆ ਬਾਂਸ

ढेंकी–ਢੇਂਕੀ, ਇ., ਅਨਾਜ ਛੰਡਣ ਦੀ ਉੱਖਲੀ

ढेंकुली–ਢੇਂਕੁਲੀ, ਇ., ਦੇਖੋ ਢੇਂਕਲੀ (ढेकली)

ढेंढ–ਢੇਂਢ, ਪੁ., ਕੌਂ, ਮਰੇ ਜਾਨਵਰ ਖਾਣ ਵਾਲੀ ਕੌਮ, ਚਮਾਰ, ਮੂਰਖ, ਕਪਾਹ ਦੇ ਟੀਂਡੇ ਢਹਾ, ਢੇਢ

ढेंढर–ਢੇਂਢਰ, ਪੁ., ਅੱਖ ਦੇ ਡੇਲੇ ਤੇ ਸੱਟ ਲੱਗ ਕੇ ਉਭਰਿਆ ਮਾਸ

ढेंढवा–ਢੇਂਢਵਾ, ਪੁ., ਲੰਗੂਰ, ਕਾਲੇ ੂੰਹ ਦਾ ਬਾਂਦਰ

ढेंढा–ਢੇਂਢਾ, ਪੁ., ਦੇਖੋ ਢੇਂਢ (ढेंढ)

ढेंढी–ਢੇਂਢੀ, ਇ., ਕਪਾਹ ਤੇ ਪੋਸਤ ਵਗੈਰਾ ਦਾ ਡੋਡਾ, ਕੰਨ ਦੀ ਵਾਲੀ

ढेंप, ढेंपी–ਢੇਂਪ, ਢੇਂਪੀ, ਇ.,. ਡੋਡੀ, ਮੰਮੇ ਦੀ ਚੂਚੀ, ਟਾਹਲੀ ਨਾਲ ਲਗਿਆ ਹੋਇਆ ਫਲ

ढेंबरी–ਢੇਂਬਰੀ, ਇ., ਦੇਖੋ ਢਿਬਰੀ (ढिबरी)

ढेबुवा–ਢੇਬੁਵਾ, ਪੁ., ਪੈਸਾ

ढेमसौज–ਢੇਮਮੌਜ, ਇ., ਸਮੁੰਦਰ ਦੀ ਉੱਚੀ ਲਹਿਰ

ढेर–ਢੇਰ, ਪੁ., ਸਮੂਹ, ਇਕੱਠ, ਟਾਲ, ਗੰਜ, ਤੂੜੀ, ਢੇਰ

ढेरना–ਢੇਰਨਾ, ਪੁ., ਰੱਸੀ ਵੱਟਣ ਵਾਲੀ ਫਿਰਕੀ, ਢੇਰਾ

ढेरा–ਢੇਰਾ, ਪੁ., ਇਕ ਕਿਸਮ ਦੀ ਘੇਰੇਦਾਰ ਦੀਜ਼, ਰੱਸੀ ਵੱਟਣ ਵਾਲੀ ਫਿਰਕੀ

ढेरी–ਢੇਰੀ, ਇ., ਢੇਰ, ਇਕੱਠ, ਬਹੁਤਾਇਤ, ਟਾਲ

ढेल–ਢੇਲ, ਪੁ., ਦੇਖੋ ਢੇਲਾ (ढेला)

ढेलवांस–ਢੇਲਵਾਂਸ. ਇ., ਗੋਪੀਆ

ढेला–ਢੇਲਾ, ਪੁ., ਪੱਥਰ ਜਾਂ ਇੱਟ ਚਾ ਟੁਕੜਾ, ਡਲਾ

ढेलाचौथ–ਢੇਲਾਚੌਥ, ਇ., ਭਾਦੋਂ ਦੇ ਚਾਨਣੇ ਪੱਖ ਦੀ ਚੌਥ, ਕਹਿੰਦੇ ਹਨ ਕਿ ਜੇ ਇਸ ਦਿਨ ਚੰਦ ਵੇਖ ਲਏ ਤਦ ਕਲੰਕ ਲਗ ਜਾਂਦਾ ਹੈ ਪਰ ਜੇ ਗਾਲ ਸੁਣ ਲਵੇ ਤਦ ਨਹੀਂ ਲਗਦਾ, ਇਸ ਲਈ ਲੋਕੀ ਦੂਜਿਆਂ ਦੇ ਘਰ ਇੱਟਾਂ ਵੱਟੇ ਮਾਰਦੇ ਹਠ. ਪੰਜਾਬ ਵਿਚ ਇਸ ਨੂੰ ਪੱਥਰ ਚੌਥ ਆਖਦੇ ਹਨ

ढेंचा–ਢੇਂਚਾ, ਪੁ.. ਸਣ, ਸਣਕੁਕੜ

ढैया–ਢੈਯਾ, ਇ., ਢਈਏ ਦਾ ਪਹਾੜਾ, ਢਾਈ ਸੇਰ ਦਾ ਵੱਟਾ

ढोंकना–ਢੋਂਕਨਾ, ਕ੍ਰਿ., ਪੀਣਾ, ਪੀ ਜਾਣਾ

ढोंका–ਢੋਂਕਾ, ਪੁ., ਪੱਥਰ ਵਗੈਰਾ ਦਾ ਅਣਘੜਿਆ ਟੁਕੜਾ, ਕੋਹਲੂ ਦਾ ਬਾਂਸ, ਡਲਾ, ਰੋੜਾ, ਚਾਰ ਸੌ ਪਾਨਾਂ ਦੀ ਥਹੀ

ढोंग–ਢੋਂਗ, ਪੁ., ਪਖੰਡ, ਅਡੰਬਰ

ढोंगी–ਢੋਂਗੀ, ਵਿ., ਪਖੰਡੀ

ढोंढ-ਢੋਂਢ, ਪੁ., ਕਪਾਹ ਤੇ ਪੋਸਤ ਦਾ ਫੁੱਲ, ਡੋਡਾ

ढोंढी–ਢੋਂਢੀ, ਇ., ਨਾਭੀ, ਧੁੰਨੀ

ढोका–ਢੋਕਾ, ਪੁ., ਦੇਖੋ ਢੋਂਕਾ (ढोंका)

ढोटा–ਢੋਟਾ, ਪੁ., ਮੁੰਡਾ. ਲੜਕਾ

ढोटी–ਢੋਟੀ, ਇ., ਲੜਕੀ, ਪੀ ਕੁੜੀ, ਪੁੱਤਰੀ

ढोटौना–ਢੋਟੌਨਾ ਪੁ., ਦੇਖੋ ਢੋਟਾ (ढोटा)

ढोना–ਢੋਨਾ, ਕ੍ਰਿ., ਕਿਸੇ ਚੀਜ਼ ਨੂੰ ਇਕ ਥਾਂ ਤੋਂ ਦੂਸਰੇ ਥਾਂ ਲੈ ਜਾਣਾ, ਭਾਰ ਚੁਕਣਾ, ਨਿਰਵਾਹ ਕਰਨਾ

ढोर–ਢੋਰ, ਪੁ., ਪਸੂ, ਡੰਗਰ

ढोरा–ਢੋਰਾ, ਪੁ., ਦੇਖੋ ਢੋਰ (ढोर)

ढोरना–ਢੋਰਨਾ, ਕ੍ਰਿ., ਢਾਲਣਾ, ਸੁੱਟਣਾ, ਖਿਸਕਾਉਣਾ, ਤਿਲ੍ਹਕਾਉਣਾ

ढोरी–ਢੋਰੀ, ਇ., ਢਾਲਣ ਦਾ ਕੰਮ, ਧੁਨ, ਲਗਨ, ਰਟ

ढोल–ਢੋਲ, ਪੁ., ਇਕ ਵਾਜਾ, ਕੰਨ ਦਾ ਪੜਦਾ, ਇਕ ਰਾਗ

ढोलक–ਢੋਲਕ, ਇ.. ਢੋਲਕੀ, ਛੋਟਾ ਢੋਲ

ढोलकिया–ਢੋਲਕਿਜਾ, ਵਿ., ਢੋਲ ਵਜਾਉਣ ਵਾਲਾ, ਢੋਲੀ

ढोलकी–ਢੋਲਕੀ, ਇ., ਦੇਖੋ ਢੋਲਕ (ढोलक)

ढोलना–ਢੋਲਨਾ, ਪੁ., ਗਲ ਵਿਚ ਪਾਉਣ ਦਾ ਇਕ ਗਹਿਣਾ

ढोलनी–ਢੋਲਨੀ, ਇ., ਬੱਚਿਆਂ ਦਾ ਝੂਲਾ, ਪਾਲਨਾ

ढोला–ਢੋਲਾ, ਪੁ., ਇਕ ਕੀੜਾ, ਇਕ ਗੀਤ, ਹੱਦ ਦਾ ਨਿਸ਼ਾਨ, ਪਤੀ, ਸਰੀਰ ਦੇਹ, ਵਿ., ਮੂਰਖ, ਪ੍ਰੀਤਮ, ਪਿਆਰਾ

ढोलिनी–ਢੋਲਿਨੀ, ਇ., ਢੋਲ ਵਜਾਉਣ ਵਾਲੀ ਤੀਵੀਂ,ਡਫਾਲਣ

ढोलिया–ਢੋਲਿਯਾ, ਵਿ., ਢੋਲਚੀ, ਢੋਲਕੀਆ, ਢੋਲੀ

ढोली–ਢੋਲੀ, ਵਿ., ਢੋਲ ਵਜਾਉਣ ਵਾਲਾ, ਇ., ਦੋ ਸੌ ਪਾਨਾਂ ਦੀ ਥਹੀ, ਮਸਖਰੀ, ਟਿਚਕਰ, ਮਖੌਲ

ढोव–ਢੋਵ, ਪੁ., ਡਾਲੀ, ਨਜ਼ਰ, ਭੇਟਾ

ढोवा–ਢੋਵਾ, ਪੁ., ਫੁੱਟ

ढोहना–ਢੋਹਨਾ, ਕ੍ਰਿ., ਖੋਜਣਾ, ਲੱਭਣਾ, ਢੂੰਡਣਾ, ਭਾਲਣਾ

ढौंकन–ਢੌਂਕਨ, ਪੁ., ਗਮਨ, ਲੋਭ, ਵੱਢੀ, ਰਿਸ਼ਵਤ

ढौंचा–ਢੌਂਚਾ, ਪੁ., ਸਾਢੇ ਚਾਰ ਦਾ ਪਹਾੜਾ

ढौंसना–ਢੌਂਸਨਾ, ਕ੍ਰਿ., ਖੁਸ਼ੀ ਪਰਗਟ ਕਰਨਾ

ढौरी–ਢੌਰੀ, ਇ., ਲਗਨ, ਧੁਨ, ਰਟ

ण–ਣ

ण–ਣ, ਇਹ ਹਿੰਦੀ ਵਰਣ ਮਾਲਾ ਦਾ ਪੰਦਰ੍ਹਵਾਂ ਅੱਖਰ ਹੈ ਅਤੇ ਸਾਨੁਨਾਸਕ ਕਹਿਲਾਉਂਦਾ ਹੈ, ਇਸ ਦਾ ਉਚਾਰਣ ਸਥਾਨ ਮੱਥਾ ਅਤੇ ਨੱਕ ਹੈ, ਪੁ., ਗਹਿਣਾ, ਨਿਰਗੁਣ, ਗਿਆਨ, ਦਾਨ, ਪਾਣੀ ਦਾ ਘਰ, ਵਿ., ਗੁਣ ਹੀਨ

णकार–ਣਕਾਰ, ਪੁ., 'ਣ' ਅੱਖਰ

णणोकारमन्त्र–ਣਣੋਕਾਰ ਮੰਤ੍ਰ, ਪੁ., ਜੈਨੀਆਂ ਦਾ ਇਕ ਪਰਧਾਨ ਮੰਤਰ

णय–ਣਜ, ਪੁ., ਬ੍ਰਹਮ ਲੋਕ ਦੇ ਇਕ ਸਰੋਵਰ ਦਾ ਨਾਉਂ

त–ਤ

त–ਤ, ਹਿੰਦੀ ਵਰਣ ਮਾਲਾ ਦਾ ਸੋਲ੍ਹਵਾਂ ਵਿਅੰਜਨ ਜੋ ਕਿ ਦੰਦਾਂ ਤੋਂ ਬੋਲਿਆ, ਜਾਂਦਾ ਹੈ, ਪੁ., ਚੋਰ, ਅੰਮ੍ਰਿਤ, ਗਰਭ, ਗੋਦ, ਬੇੜੀ, ਰਤਨ, ਝੂਠ, ਪੁੰਨ, ਉਹ ਮਨੁੱਖ ਜਿਸ ਵਿਚ ਘਮੰਡ ਨਾ ਹੋਵੇ, ਵਿ., ਨਿਰਛਲ, ਸਿੱਧਾ ਸਾਧਾ, ਮਲੇਛ

तं–ਤੰ, ਇ , ਕਿਸ਼ਤੀ, ਬੇੜੀ, ਪਵਿਤਰ, ਪੁੰਨ

तंग–ਤੰਗ, ਪੁ., ਘੋੜੇ ਦੀ ਪੇਟੀ, ਵਿ., ਪੱਕਾ, ਮਜ਼ਬੂਤ, ਦੁਖੀ, ਫੈਲਿਆ ਹੋਇਆ, ਭੀੜਾ, ਪਤਲਾ

तंगदस्त–ਤੰਗਦਸ੍ਤੁ, ਵਿ., ਕੰਜੂਸ, ਸੂਮ, ਦਲਿਦਰੀ, ਨਿਰਧਨ, ਗਰੀਬ, ਕੰਗਾਲ

तंगदस्ती–ਤੰਗਦਸ੍ਤੀ, ਇ., ਕੰਜੂਸੀ, ਸੂਮਪਣਾ, ਗਰੀਬੀ, ਕੰਗਾਲੀ, ਨਿਰਧਨਤਾ

तंगहाल–ਤੰਗਹਾਲ, ਵਿ., ਨਿਰਧਨ, ਗਰੀਬ, ਦੁਖੀ, ਬੀਮਾਰ, ਕੰਗਾਲ

तंगा–ਤੰਗਾ, ਪੁ., ਇਕ ਤਰ੍ਹਾਂ ਦਾ ਰੁੱਖ, ਅਧਿਆਨੀ, ਡਬਲ ਪੈਸਾ

तंगी–ਤੰਗੀ, ਪੁ., ਗਰੀਬੀ, ਥੁੜ, ਔਖ

तंड–ਤੰਡ, ਪੁ., ਨਾਚ, ਇਕ ਰਿਸ਼ੀ ਦਾ ਨਾਉਂ

तंडव–ਤੰਡਵ, ਪੁ., ਇਕ ਤਰ੍ਹਾਂ ਦਾ ਨਾਚ

तंडु–ਤੰਡੁ, ਪੁ., ਮਹਾਦੇਵ ਦਾ ਨਾਂਦੀ ਬੈਲ

तंडुरीण–ਤੰਡੁਰੀਣ, ਪੁ., ਚਾਉਲਾਂ ਦਾ ਪਾਣੀ, ਪਿੱਛ, ਕੀੜਾ ਮਕੌੜਾ

तंडुल–ਤੰਡੁਲ, ਪੁ., ਚਾਉਲ, ਇਕ ਸਾਗ, ਚੁਲਾਈ ਦਾ ਸਾਗ, ਸਰ੍ਹੋਂ ਦੇ ਅੱਠ ਦਾਣਿਆਂ ਬਰਾਬਰ ਦਾ ਤੋਲ

तंडुलिया–ਤੰਡੁਲਿਯਾ, ਇ., ਚੁਲਾਈ ਦਾ ਸਾਗ

तंडुली, तंडुलीक, तंडुलीय–ਤੰਡੁਲੀ, ਤੰਡੁਲੀਕ, ਤੰਡੁਲੀਯ, ਇ., ਦੇਖੋ ਤੰਡੁਲਿਯਾ, (तंडुलिया)

तंत–ਤੰਤ, ਪੁ., ਇਕ ਤਰ੍ਹਾਂ ਦਾ ਵਾਜਾ, ਵੱਡੀ ਭਾਰੀ ਇੱਛਿਆ, ਅਧੀਨਗੀ, ਵਿ., ਤੋਲ ਵਿਚ ਠੀਕ

तंतरी–ਤੰਤਰੀ, ਪੁ., ਉਹ ਬੰਦਾ ਜੋ ਤਾਰ ਵਾਲੇ ਵਾਜੇ ਵਜਾਉਂਦਾ ਹੈ

तंति–ਤੰਤਿ, ਇ., ਗਊ, ਗਾਂ, ਲੰਮੀ ਰੱਸੀ, ਫੈਲਾਉ

तंतु–ਤੰਤੁ, ਪੁ., ਸੂਤ, ਡੋਰਾ, ਧਾਗਾ, ਫੈਲਾਉ, ਪੀੜ੍ਹੀ, ਮਕੜੀ ਦਾ ਜਾਲਾ

तंतुक–ਤੰਤੁਕ, ਪੁ., ਜੁਲਾਹਿਆਂ ਦੀ ਇਕ ਲੱਕੜ ਜਿਸ ਨੂੰ ਤੂਲੀ ਕਹਿੰਦੇ ਹਨ

तंतुकाष्ठ–ਤੰਤੁਕਾਸ਼ਠ, ਪੂ., ਜੁਲਾਹਿਆਂ ਦੀ ਇਕ ਲੱਕੜ ਜਿਸ ਨੂੰ ਤੂਲੀ ਕਹਿੰਦੇ ਹਨ

तंतुकीट–ਤੰਤੁਕੀਟ, ਪੁ., ਮੱਕੜੀ, ਰੇਸ਼ਮ ਦਾ ਕੀੜਾ

तंतुपर्व–ਤੰਤੁਪਰਵ, ਪੁ., ਪਹੁੰਚੀਆਂ ਬੰਨ੍ਹਣ ਵਾਲਾ ਦਿਨ, ਸਾਉਣ ਦੀ ਪੂਰਣਮਾਸੀ, ਰੱਖੜੀ

तंतुवाय–ਤੰਤੁਵਾਯ, ਪੁ., ਕਪੜੇ ਬੁਣਨ ਵਾਲਾ ਜੁਲਾਹਾ

तंतुविग्रह–ਤੰਤੁਵਿਗ੍ਰਹ, ਪੁ., ਕੇਲੇ ਦਾ ਰੁੱਖ

तंतुसार–ਤੰਤੁਸਾਰ, ਪੁ., ਸੁਪਾਰੀ ਦਾ ਰੁੱਖ

तंत्र–ਤੰਤ੍ਰ, ਪੁ., ਧਾਗੇ ਦੀ ਤਾਰ, ਸੂਤ, ਕਪੜੇ ਬੁਣਨ ਦਾ ਸਾਮਾਨ, ਟੱਬਰ ਦੇ ਪਾਲਣ ਦਾ ਕੰਮ, ਪ੍ਰਮਾਣ, ਦਵਾ, ਝਾੜਨ ਫੂਕਣ ਦਾ ਮੰਤਰ, ਕੰਮ, ਤਰਕੀਬ, ਸਰਕਾਰੀ ਮੁਲਾਜ਼ਮ, ਰਾਜ, ਰਾਜ ਦਾ ਪਰਬੰਧ, ਫੌਜ, ਕੰਮ ਕਰਨ ਦਾ ਥਾਂ, ਖੁਸ਼ੀ, ਘਰ, ਮਕਾਨ ਦੌਲਤ, ਅਧੀਨਗੀ, ਮਤਲਬ, ਕੁਲ, ਖਾਨਦਾਨ, ਸੌਂਹ

तंत्रक–ਤੰਤ੍ਰਕ, ਪੁ., ਨਵਾਂ ਕਪੜਾ

तंत्रण–ਤੰਤ੍ਰਣ, ਪੁ., ਪਰਬੰਧ ਆਦਿ ਕਰਨ ਦਾ ਕੰਮ, ਤਾਣਾ ਬਾਣਾ

तंत्रता–ਤੰਤ੍ਰਤਾ, ਇ., ਕੋਈ ਇਹੋ ਜਿਹਾ ਕੰਮ ਕਰਨਾ ਜਿਸ ਤੇ ਕੋਈ ਮਤਲਬ ਸਿੱਧ ਹੋ ਜਾਵੇ

तंत्री–ਤੰਤ੍ਰੀ, ਇ., ਬੀਨ ਸਤਾਰ ਆਦਿ ਵਾਜਿਆਂ ਵਿਚ ਲੱਗੀ ਹੋਈ ਤਾਰ, ਸਰੀਰ ਦੀ ਨਸ, ਰੱਸੀ, ਵਿ., ਵਾਜਾ ਵਜਾਉਣ

ਵਾਲਾ

तंद्र–ਤੰਦਰਗ, ਇ., ਦੇਖੋ ਤੰਦ੍ਰਾ (तंद्रा)

तंदान–ਤੰਦਾਨ, ਪੁ., ਇਕ ਤਰ੍ਹਾਂ ਦਾ ਛੋਟਾ ਅੰਗੂਰ ਜਿਸ ਦੀ ਸੁਕਾ ਕੇ ਦਾਖ ਅਤੇ ਕਿਸਮਿਸ ਬਣਦੀ ਹੈ

तंदुआ–ਤੰਦੂਆ, ਪੁ., ਡੰਗਰਾਂ ਦੇ ਖਾਣ ਦਾ ਘਾਹ ਜੋ ਬਾਰਾਂ ਮਹੀਨੇ ਹੀ ਪੈਦਾ ਹੁੰਦਾ ਹੈ, ਤਾਂਦਲਾ

तंदुरुस्त–ਤੰਦਰੁਸਤ, ਵਿ., ਜਿਸ ਨੂੰ ਕੋਈ ਬੀਮਾਰੀ ਨਾ ਹੋਵੇ, ਨਿਰੋਗ, ਨਰੋਆ, ਰਾਜੀ, ਚੰਗਾ ਭਲਾ

तंदुरुस्ती–ਤੰਦਰੁਸਤੀ, ਇ, ਨਿਰੋਗ ਹੋਣ ਦੀ ਹਾਲਤ, ਨਿਰੋਗਤਾ

तंदुल–ਤੰਦੁਲ, ਪੁ., ਚਾਉਲ

तंदूर–ਤੰਦੂਰ, ਪੁ., ਰੋਟੀਆਂ ਪਕਾਉਣ ਵਾਲੀ ਉੱਚੀ ਭੱਠੀ

तंदूरी–ਤੰਦੂਰੀ, ਪੁ., ਇਕ ਤਰ੍ਹਾਂ ਦਾ ਵਧੀਆ ਰੇਸ਼ਮ, ਵਿ., ਤੰਦੂਰ ਵਿਚ ਪੱਕਿਆ ਹੋਇਆ

तंदेही–ਤੰਦੇਹੀ, ਇ., ਉੱਦਮ, ਜਤਨ, ਮਿਹਨਤ, ਕੋਸ਼ਸ਼, ਜਾਦ

तंद्रा–ਤੰਦ੍ਰਾ, ਇ., ਊਂਘ, ਨੀਂਦਰ ਦੀ ਝੋਕ, ਆਲਸ, ਸੁਸਤੀ

तंद्रालु–ਤੰਦ੍ਰਾਲੂ, ਵਿ., ਜਿਸ ਨੂੰ ਨੀਂਦਰ ਆਉਂਦੀ ਹੋਵੇ, ਊਂਘਣ ਵਾਲਾ,

तंबा–ਤੰਬਾ, ਪੁ., ਚੌੜੀ ਮੋਹਰੀ ਵਾਲਾ ਪਜਾਮਾ, ਲੱਕ ਦੇ ਬੰਨ੍ਹਣ ਦਾ ਕਪੜਾ, ਭੋਥਾ, ਤੰਬਾ

तंबाकू–ਤੰਬਾਕੂ, ਪੁ., ਮਸ਼ਹੂਰ ਬੂਟੀ ਜਿਸ ਦਾ ਧੂੰਆਂ ਪੀਂਦੇ ਹਨ, ਤਮਾਖੂ

तंबिसा–ਤੰਬਿਸਾ, ਪੁ., ਤਾਂਬੇ ਦਾ ਛੋਟਾ ਤਸਲਾ, ਪਤੀਲਾ

तंबीह–ਤੰਬੀਹ, ਇ., ਨਸੀਹਤ, ਸਿੱਖਿਆ, ਮੱਤ, ਉਪਦੇਸ਼, ਸਲਾਹ, ਝਿੜਕੀ, ਸਜ਼ਾ, ਡੰਨ

तंबू–ਤੰਬੂ, ਪੁ, ਕਪੜੇ ਦਾ ਘਰ, ਖ਼ੈਮਾ

तंबूर–ਤੰਬੂਰ, ਪੁ., ਇਕ ਤਰ੍ਹਾਂ ਦਾ ਢੋਲ

तंबूरची–ਤੰਬੂਰਚੀ, ਪੁ., ਤੰਬੂਰ ਬਜਾਉਣ ਵਾਲਾ, ਢੋਲਚੀ

तंबूरा–ਤੰਬੂਰਾ, ਪੁ., ਸਿਤਾਰ ਵਰਗਾ ਵਾਜਾ, ਤਾਨਪੂਰਾ

तंबूरातोप–ਤੰਬੂਰਾਤੋਪ, ਇ., ਇਕ ਤਰ੍ਹਾਂ ਦੀ ਵੱਡੀ ਤੋਪ

तंबूल–ਤੰਬੂਲ, ਪੁ., ਦੇਖੋ ਤਾਂਬੂਲ (त.म्बूल)

तंबोरा–ਤੰਬੋਰਾ, ਪੁ., ਸਿਤਾਰ ਵਰਗਾ ਵਾਜਾ, ਤਾਨਪੂਰਾ

तंबोल–ਤੰਬੋਲ, ਪੁ., ਇਕ ਤਰ੍ਹਾਂ ਦਾ ਰੁੱਖ, ਬਰਾਤ ਵੇਲੇ ਵਿਆਂਧੜ ਨੂੰ ਦਿੱਤਾ ਜਾਣ ਵਾਲਾ ਟਿੱਕਾ, ਦਾਜ, ਦਾਤ

तंबोलिन–ਤੰਬੋਲਿਨ, ਇ., ਪਾਨ ਵੇਚਣ ਵਾਲੀ ਤੀਵੀਂ

तंबोलिया–ਤੰਬੋਲਿਯਾ, ਇ., ਗੰਗਾ ਤੇ ਜਮਨਾ ਨਦੀ ਵਿਚ ਪਾਈ ਜਾਣ ਵਾਲੀ ਮੱਛੀ

तंबोली–ਤੰਬੋਲੀ, ਪੁ., ਪਾਣ ਵੇਚਣ ਵਾਲਾ

तंवार–ਤੰਵਾਰ, ਇ., ਸਿਰ ਵਿਚ ਆਉਣ ਵਾਲਾ ਚੱਕਰ, ਘਾਰ

तइक़–ਤਇਕ, ਪੁ., ਮੋਚੀ, ਚਮਾਰ

तई–ਤਈ, ਇ., ਥਾਲੀ ਵਰਗੀ ਇਕ ਕੜਾਹੀ, ਤਵੀ, ਪ੍ਰਤਜ., ਤੋਂ, ਨੂੰ, ਵੱਲ, ਅਵਜ., ਵਾਸਤੇ, ਲਈ

तऊ–ਤਊ, ਅਵਜ., ਫੇਰ ਵੀ, ਤਾਂ ਵੀ

तक़–ਤਕ, ਵਿ., ਬੁਰਾ, ਭੈੜਾ, ਖਰਾਬ, ਅਵਜ., ਕਿਸੇ ਚੀਜ਼ ਦੀ ਹੱਦ ਦੱਸਣ ਵਾਲਾ ਕਾਰਕ, ਤਾਈਂ, ਤੋੜੀ, ਤੀਕ, ਇ., ਤੱਕੜੀ ਦਾ ਪੱਲੜਾ

तक़ड़ी–ਤਕੜੀ, ਇ., ਰੇਤਲੀ ਧਰਤੀ ਵਿਚ ਪੈਦਾ ਹੋਣ ਵਾਲਾ ਇਕ ਕਿਸਮ ਦਾ ਘਾਹ, ਚੀਜ਼ਾਂ ਤੋਲਣ ਦਾ ਸਾਧਨ, ਤੱਕੜੀ

तक़दमा–ਤਕਦਮਾ, ਪੁ., ਅੰਦਾਜ਼ਾ, ਅਨੁਮਾਨ, ਅਟਕਲ

तक़दीर–ਤਕਦੀਰ, ਇ., ਨਸੀਬ, ਭਾਗ, ਪਰਾਲਭਦ, ਲੇਖ

तक़दीरवर–ਤਕਦੀਰਵਰ, ਵਿ., ਭਾਗਾਂ ਵਾਲਾ, ਜਿਸ ਦੀ ਪਰਾਲਭਦ ਚੰਗੀ ਹੋਵੇ

तक़न–ਤਕਨ, ਇ., ਦੇਖ ਭਾਲ ਦੀ ਕਿਰਿਆ, ਨਜ਼ਰ

तक़ना–ਤਕਨਾ, ਕ੍ਰਿ., ਦੇਖਣਾ, ਭਾਲਣਾ, ਜਾਚਣਾ, ਆਸਰਾ ਲੈਣਾ, ਵੇਖਣਾ

तक़मा–ਤਕਮਾ, ਪੁ., ਦੇਖੋ ਤਮਗਾ (तमगा)

तक़मील–ਤਕਮੀਲ, ਇ., ਪੂਰਾ ਹੋਣ ਦੀ ਕਿਰਿਆ

तक़रार–ਤਕਰਾਰ, ਇ., ਹੁੱਜਤ, ਝਗੜਾ, ਕਰਾਰ, ਟੰਟਾ, ਉਹ ਖੇਤ ਜਿਥੇ ਕਈ ਤਰ੍ਹਾਂ ਦਾ ਅੰਨ ਬੀਜਿਆ ਹੋਇਆ ਹੋਵੇ

तक़ला–ਤਕਲਾ, ਪੁ., ਚਰਖੇ ਦੀ ਲੰਮੀ ਪਤਲੀ ਸੀਖ, ਤੱਕਲਾ

तक़ली–ਤਕਲੀ, ਇ., ਛੋਟਾ ਤੱਕਲਾ, ਸੂਤ ਕੱਤਣ ਦਾ ਸੰਦ

तक़लीफ़–ਤਕਲੀਫ, ਇ., ਦੁਖ, ਪੀੜ, ਕਲੇਸ਼, ਔਖ

तक़वाना–ਤਕਵਾਨਾ, ਕ੍ਰਿ., ਦੇਖਣ ਦਾ ਕੰਮ ਦੂਸਰੇ ਤੋਂ ਕਰਾਉਣਾ

तक़सीम–ਤਕਸੀਮ, ਇ., ਵੰਡਣ ਦੀ ਕਿਰਿਆ, ਹਿਸਾਬ ਵਿਚ ਇਕ ਸੰਖਿਆ ਨੂੰ ਦੂਸਰੀ ਤੇ ਵੰਡਣਾ

तक़ाज़ा–ਤਕਾਜ਼ਾ, ਪੁ., ਤਗਾਦਾ, ਮੰਗਣ, ਜੋਰ ਪਾਉਣ ਦਾ ਕੰਮ, ਝਗੜਾ

तक़ाना–ਤਕਾਨਾ, ਕ੍ਰਿ., ਦਿਖਾਉਣਾ, ਦੱਸਣਾ

तकिया–ਤਕਿਯਾ, ਪੁ., ਸਰ੍ਹਾਣਾ, ਅਰਾਮ ਕਰਨ ਦੀ ਥਾਂ, ਮੜ੍ਹੀਆਂ ਦੇ ਲਾਗੇ ਦੀ ਥਾਂ ਜਿਥੇ ਮੁਸਲਮਾਨ ਫਕੀਰ ਰਹਿੰਦੇ ਹਨ

तकिल–ਤਕਿਲ, ਵਿ., ਮੂਰਖ, ਚਾਲਬਾਜ਼

तकिला–ਤਕਿਲਾ, ਇ., ਦਵਾ, ਦਵਾਈ, ਬੂਟੀ

तक़ुआ–ਤਕੂਆ, ਵਿ., ਦੇਖਣ ਵਾਲਾ, ਤੱਕਣ ਵਾਲਾ

तक्र–ਤਕ੍ਰ, ਪੁ., ਮਠਾ, ਲੱਸੀ, ਛਾਹ

तक्राट–ਤਕ੍ਰਾਟ, ਪੁ., ਮਧਾਣੀ

तक्ष–ਤਕਸ਼, ਪੁ., ਰਾਮਚੰਦਰ ਦੇ ਭਾਈ ਭਰਤ ਦੇ ਵੱਡੇ ਪੁੱਤਰ ਦਾ ਨਾਉਂ

तक्षक–ਤਕਸ਼ਕ, ਪੁ., ਇਕ ਸੱਪ ਦਾ ਨਾਉਂ, ਤਰਖਾਣ

तक्षण–ਤਕਸ਼ਣ, ਪੁ., ਲੱਕੜ ਤਰਾਸ਼ਣ ਦਾ ਕੰਮ

तक्षणी–ਤਕਸ਼ਣੀ, ਇ., ਤਰਖਾਣ ਦਾ ਰੰਦਾ

तक्षन–ਤਕਸ਼ਨ, ਪੁ., ਤਰਖਾਣ, ਵਿਸ਼ਕਰਮਾ

तक्षशिला–ਤਕਸ਼ਸ਼ਿਲਾ, ਇ., ਭਰਤ ਦੇ ਪੁੱਤਰ ਤਕਸ਼ ਦੀ ਰਾਜਧਾਨੀ ਦਾ ਨਾਉਂ, ਟੈਕਸਿਲਾ

तख़फ़ीफ़–ਤਖ਼ਫ਼ੀਫ਼, ਇ., ਥੋੜ, ਕਮੀ, ਘਾਟ

तख़मीना–ਤਖ਼ਮੀਨਾ, ਪੁ, ਅਨੁਮਾਨ, ਅੰਦਾਜ਼, ਅਟਾ ਸਟਾ

तख़्त–ਤਖ਼ਤ, ਪੁ., ਰਾਜਾ ਦੇ ਬੈਠਣ ਦਾ ਆਸਣ, ਵੱਡੀ ਚੌਕੀ

तख़्तरवां–ਤਖ਼ਤਰਵਾਂ, ਪੁ., ਉਹ ਤਖ਼ਤ ਜਿਸ ਤੇ ਚੜ੍ਹ ਕੇ ਰਾਜਾ ਸਵਾਰੀ ਕਰਦਾ ਹੈ

तख़्तताऊस–ਤਖ਼ਤਾਊਸ,ਪੁ., ਸ਼ਾਹਜਹਾਂ ਦਾ ਬਣਾਇਆ ਹੋਇਆ ਤਖ਼ਤ ਜੋ ਮੋਰ ਦੀ ਸ਼ਕਲ ਜੇਹਾ ਹੈ

तख़्तनशीन–ਤਖ਼ਤਨਸ਼ੀਨ, ਵਿ., ਜੋ ਰਾਜ ਗੱਦੀ ਤੇ ਬੈਠਿਆ ਹੋਵੇ

तख़्तपोश–ਤਖ਼ਤਪੋਸ਼, ਪੁ.. ਤਖਤ ਜਾਂ ਚੌਕੀ ਤੇ ਬਿਛਾਉਣ ਦੀ ਚਾਦਰ, ਲਕੜੀ ਦਾ ਮੰਜਾ

तख़्ता–ਤਖ਼ਤਾ, ਪੁ., ਫੱਟ, ਲੱਕੜ ਦੀ ਵੱਡੀ ਚੌਕੀ, ਅਰਥੀ, ਕਾਗਤ ਦਾ ਤਾਉ, ਕਿਆਰੀ, ਬੂਹਾ

तख़्ती–ਤਖ਼ਤੀ, ਇ., ਲਿਖਣ ਵਾਲੀ ਫੱਟੀ

तगड़ा–ਤਗੜਾ, ਵਿ., ਬਲਵਾਨ, ਜੋਰ ਵਾਲਾ, ਨਰੋਆ, ਤਕੜਾ

तगण–ਤਗਣ, ਪੁ., ਛੰਦ ਸ਼ਾਸਤਰ ਵਿਚ ਤਿੰਨ ਵਰਣਾਂ ਦਾ ਸਮੂਹ ਜਿਸ ਵਿਚ ਪਹਿਲਾਂ ਦੋ ਗੁਰੂ ਤੇ ਪਿੱਛੋਂ ਇਕ ਲਘੂ ਹੁੰਦਾ ਹੈ

तगना–ਤਗਨਾ, ਕ੍ਰਿ., ਧਾਗਾ ਪਿਰੋਇਆ ਜਾਣਾ, ਸੀਉਂਤਾ ਜਾਣਾ

तगपहनी–ਤਗਪਹਨੀ. ਇ.. ਜੁਲਾਹਿਆਂ ਦਾ ਇਕ ਸੰਦ

तगर–ਤਗਰ, ਪੁ., ਇਕ ਬੂਟੀ

तगला–ਤਗਲਾ, ਪੁ., ਤੱਕਲਾ

तगसा–ਤਗਸਾ, ਪੁ., ਇਕ ਤਰ੍ਹਾਂ ਦੀ ਪਹਾੜੀ ਲੱਕੜ

तगाई–ਤਗਾਈ. ਇ., ਸੀਉਣ ਦਾ ਕੰਮ, ਸਿਲਾਈ

तगाड़–ਤਗਾੜ, ਪੁ., ਮਸਾਲਾ, ਚੂਨਾ ਆਦਿਕ ਰਲੌਣ ਦਾ ਟੋਆ, ਤਗਾਰ

तगादा–ਤਗਾਦਾ, ਪੁ., ਦੇਖੋ ਤਕਾਜ਼ਾ (तक़ाज़ा)

तगाना–ਤਗਾਨਾ, ਕ੍ਰਿ.. ਸੀਉਣ ਦਾ ਕੰਮ ਦੂਸਰੇ ਤੋਂ ਕਰਾਉਣਾ

तगार–ਤਗਾਰ, ਇ., ਗਾਰਾ ਚੂਨਾ ਆਦਿਕ ਦੇ ਬਣਾਉਣ ਦਾ ਥਾਉਂ, ਹਲਵਾਈਆਂ ਦਾ ਮਿਠਾਈ ਬਣਾਉਣ ਦਾ ਮਿੱਟੀ ਦਾ ਭਾਂਡਾ, ਉਖੱਲੀ ਗੱਡਣ ਦਾ ਟੋਆ

तगारो–ਤਗਾਰੀ. ਇ., ਛੋਟਾ ਤਗਾਰ. ਲੋਹੇ ਦਾ ਤਸਲਾ

तगीर–ਤਗੀਰ, ਪੁ., ਬਦਲੀ, ਪਰੀਵਰਤਨ, ਤਬਾਦਲਾ

तङ्ग–ਤੰਗ, ਪੁ., ਪੱਥਰ ਕੱਟਣ ਦੀ ਛੈਣੀ, ਭੈ, ਡਰ, ਪਹਿਰਨ ਦਾ ਕਪੜਾ

तचना–ਤਚਨਾ, ਕ੍ਰਿ., ਤਪਣਾ, ਮੱਚਣਾ. ਜਲਣਾ, ਸੜਨਾ

तचाना–ਤਚਾਨਾ, ਕ੍ਰਿ.. ਦੁਖੀ ਕਰਨਾ, ਜਲਾਉਣਾ, ਸਾੜਨਾ

तच्छिन–ਤੱਛਿਨ, ਕ੍ਰਿ. ਵਿ.. ਉਸੇ ਵੇਲੇ, ਤੱਤ ਫੱਟ, ਤੁਰਤ, ਜਲਦੀ

तच्छील–ਤੱਛੀਲ, ਵਿ., ਸੁਭਾਉ ਦੇ ਮੁਤਾਬਕ ਕੰਮ ਕਰਨ ਵਾਲਾ

तज–ਤਜ, ਪੁ., ਇਕ ਬੂਟੇ ਦੀ ਛਿੱਲ ਜਿਸ ਨੂੰ ਦਵਾ ਵਿਚ ਵਰਤਦੇ ਹਨ

तजकिरा–ਤਜਕਿਰਾ,ਪੁ., ਜ਼ਿਕਰ, ਚਰਚਾ, ਵਾਦ ਵਿਵਾਦ

तजगरी–ਤਜਗਰੀ, ਇ., ਰੰਦਾ ਤਿੱਖਾ ਕਰਨ ਦੀ ਪਥਰੀ

तजन–ਤਜਨ, ਪੁ., ਤਿਆਗ, ਛੱਡਣ ਦਾ ਕੰਮ

तजना–ਤਜਨਾ, ਕ੍ਰਿ., ਛੱਡਣਾ, ਤਿਆਗਣਾ

तजरबा–ਤਜਰਬਾ, ਪੁ., ਜਾਚ, ਪਰਖ, ਪਰੀਖਿਆ, ਪਛਤਾਵਾ, ਹੱਥੀ ਕਰ ਕੇ ਵੇਖਣ ਦਾ ਕੰਮ

तजरबाकार–ਤਜਰਬਾਕਾਰ, ਪੁ., ਜਾਚ ਵਾਲਾ, ਸਿਆਣਾ, ਹੰਢਿਆ ਹੋਇਆ, ਨਿਪੁੰਨ, ਅਨੁਭਵੀ

तजवीज़–ਤਜਵੀਜ਼, ਇ., ਸਿੱਖ, ਮੱਤ, ਮਤਾ, ਰਲ ਕੇ ਵਿਚਾਰ ਕਰਨ ਦਾ ਕੰਮ, ਬੰਦੋਬਸਤ, ਫੈਸਲਾ

तज्ञ–ਤਗਜ, ਵਿ., ਗਿਆਨੀ, ਅਸਲੀਅਤ ਨੂੰ ਸਮਝਣ ਵਾਲਾ

तट–ਤਟ, ਪੁ., ਕੰਢਾ, ਨਦੀ ਆਦਿ ਦਾ ਕਿਨਾਰਾ, ਉੱਚੀ ਥਾਂ, ਖੇਤ. ਸ਼ਿਵ, ਮਹਾਦੇਵ, ਵਿ., ਉਠਿਆ ਹੋਇਆ, ਨੇੜੇ ਨੇੜੇ, ਕੋਲ ਕੋਲ

तटग–ਤਟਗ, ਪੁ., ਛੱਪੜ, ਟੋਭਾ, ਛੰਭ, ਸਰੋਵਰ, ਤਾਲ

तटनी–ਤਟਨੀ, ਇ.. ਨਦੀ

तटस्थ–ਤਟਸਥ, ਵਿ., ਕੰਢੇ ਤੇ ਰਹਿਣ ਵਾਲਾ, ਕੋਲ ਰਹਿਣ ਵਾਲਾ, ਵੱਖ ਰਹਿਣ ਵਾਲਾ, ਜੋ ਕਿਸੇ ਦਾ ਪੱਖ ਨਾ ਕਰੇ, ਨਿਰਪੱਖ

तटाक–ਤਟਾਕ, ਪੁ., ਸਰੋਵਰ, ਤਾਲ, ਛੰਭ

तटिनी–ਤਟਿਨੀ, ਇ., ਨਦੀ, ਦਰਿਆ, ਨਾਲਾ

तटी–ਤਟੀ, ਇ., ਕੰਢਾ, ਕਿਨਾਰਾ, ਨਦੀ, ਨੀਵੀਂ ਪਹਾੜੀ, ਪਹਾੜ ਦੀ ਢਾਲ, ਘਾਟੀ

तड़–ਤੜ, ਪੁ., ਪੱਖ, ਖੁਸ਼ਕੀ, ਧਰਤੀ,ਥੱਪੜ ਆਂਦਿਕ ਦੇ ਮਾਰਨ ਦਾ ਸ਼ਬਦ

तड़कना–ਤੜਕਨਾ, ਕ੍ਰਿ., ਤੜ ਤੜ ਸ਼ਦਦ ਕਰ ਕੇ ਫੁੱਟਣਾ ਜਾਂ ਟੁੱਟਣਾ, ਕੜਕਣਾ, ਚਿੜਨਾ, ਤੜਫਣਾ, ਉਛੱਲਣਾ, ਕੁੱਦਣਾ

तड़का–ਤੜਕਾ, ਪੁ., ਸਵੇਰਾ, ਪਰਭਾਤ, ਅੰਮ੍ਰਿਤ ਵੇਲਾ, ਤੜਕਣ ਦਾ ਕੰਮ

तड़ग–ਤੜਗ, ਪੁ., ਤਲਾਉ, ਸਰੋਵਰ

तड़तड़ाना–ਤੜਤੜਾਨਾ, ਕ੍ਰਿ., ਤੜ ਤੜ ਦਾ ਸ਼ਬਦ ਹੋਣਾ ਤਿੜ ਤਿੜ ਕਰਨਾ

तड़तड़ाहट–ਤੜਤੜਾਹਟ, ਇ., ਤੜਤੜਾਉਣ ਦੀ ਕਿਰਿਆ, ਤੜ ਤੜ ਦੀ ਅਵਾਜ਼

तड़प–ਤੜਪ, ਇ.. ਚਮਕ, ਭੜਕ, ਕੁੱਦਣ ਦਾ ਕੰਮ, ਤੜਫਣ, ਤੱਲੋਮੱਚੀ

तड़पना–ਤੜਪਨਾ, ਕ੍ਰਿ., ਧੜਕਣਾ, ਹੱਥ ਪੈਰ ਮਾਰਨੇ, ਤੜਫਣਾ, ਭਟਕਣਾ, ਜਾਨ ਤੋੜਨੀ

तड़पाना–ਤੜਪਾਨਾ, ਕ੍ਰਿ., ਤੜਫੜਾਉਣਾ, ਤੜਫਾਉਣਾ

तड़फना–ਤੜਫਨਾ, ਕ੍ਰਿ., ਦੇਖੋ ਤੜਪਨਾ (तड़पना)

तड़बन्दी–ਤੜਬੰਦੀ, ਇ., ਜਾਤ ਜਾਂ ਸਮਾਜ ਵਿਚ ਵੱਖ ਵੱਖ ਧੜੇ ਹੋਣ ਦਾ ਭਾਵ, ਧੜੇਬੰਦੀ, ਪਾਰਟੀਬਾਜ਼ੀ

तड़ाक–ਤੜਾਕ–ਪੁ., ਤਾਲ, ਸਰੋਵਰ, ਤੜਾਕੇ ਦਾ ਸ਼ਬਦ, ਕ੍ਰਿ. ਵਿ., ਛੇਤੀ ਨਾਲ, ਤੁਰੰਤ, ਝਟਾਪਟ, ਝਟਪਟ

तड़ाका–ਤੜਾਕਾ, ਇ., ਨਦੀ ਜਾਂ ਸਮੁੰਦਰ ਦਾ ਕੰਢਾ, ਚੋਟ, ਕ੍ਰਿ. ਵਿ., ਤੁਰਤ, ਉਸੇ ਵੇਲੇ. ਜਲਦੀ

तड़ाग–ਤੜਾਗ, ਪੁ., ਤਾਲ, ਸਰੋਵਰ. ਛੰਭ

तड़ातड़–ਤੜਾਤੜ, ਕ੍ਰਿ. ਵਿ., ਤੜ ਤੜ ਸ਼ਬਦ ਕਰਦੇ ਹੋਏ, ਛੇਤੀ ਛੇਤੀ

तड़ाना–ਤੜਾਨਾ. ਕ੍ਰਿ., ਤਾੜਨ ਲਈ ਕਿਸੇ ਦੂਸਰੇ ਨੂੰ ਲਾਉਣਾ

तड़ावा–ਤੜਾਵਾ. ਇ., ਬਣਾਉਟੀ ਤੜਕ ਭੜਕ, ਛਲ, ਕਪਟ, ਧਖਾ

तड़ित–ਤੜਿਤ, ਇ., ਬਿਜਲੀ

तड़िया–ਤੜਿਯਾ, ਇ., ਸਮੁੰਦਰ ਦੇ ਕੰਢੇ ਦੀ ਹਵਾ

तड़ी–ਤੜੀ, ਇ., ਛਲ, ਕਪਟ, ਧੋਖਾ. ਬਹਾਨਾ, ਧਮਕੀ

तण्ड–ਤੰਡ, ਪੁ., ਇਕ ਰਿਸੀ ਦਾ ਨਾਉਂ, ਇ., ਚੋਟ, ਸੱਟ

तण्डक–ਤੰਡਕ, ਪੁ., ਮਮੋਲਾ, ਝੱਗ, ਘਰ ਵਿਚ ਲਾਉਣ ਦਾ ਖੰਭਾ, ਰੁੱਖ ਦਾ ਤਣਾ, ਸਫ਼ਾਈ, ਬਹੁਰੂਪੀਆ, ਵਿ., ਛਲੀ ਕਪਟੀ, ਧੋਖੇ ਬਾਜ਼, ਚਲਾਕ

तत्–ਤਤ, ਅਵਜ., ਲਈ, ਵਾਸਤੇ, ਪੁ., ਰੱਬ ਦਾ ਨਾਉਂ, ਹਵਾ, ਸਰਵਾ., ਉਹ

तत–ਤਤ, ਪੁ., ਇਕ ਵਾਜਾ ਜਿਸ ਵਿਚ ਵਜਾਉਣ ਲਈ ਤਾਰ ਲੱਗੇ ਹੋਏ ਹੋਣ, ਪਿਤਾ, ਪੱਤਰ, ਹਵਾ, ਵਿਸਥਾਰ, ਤੱਤ, ਵਿ., ਤਪਿਆ ਹੋਇਆ, ਤੱਤਾ, ਫੈਲਿਆ ਹੋਇਆ

तताथेई–ਤਤਾਥੇਈ, ਇ., ਨੱਚਣ ਦਾ ਬੋਲ ਜਾਂ ਸ਼ਬਦ

ततपत्री–ਤਤਪਤ੍ਰੀ, ਇ., ਕੇਲੇ ਦਾ ਬੂਟਾ

ततरी–ਤਤਰੀ, ਇ., ਇਕ ਫਲਾਂ ਵਾਲਾ ਰੁੱਖ

ततसार–ਤਤਸਾਰ, ਇ., ਅੱਗ ਲੱਗਣ ਦਾ ਥਾਂ

ततःप्रभृति–ਤਤ: ਪ੍ਰਭ੍ਰਿਤਿ, ਅਵਜ., ਓਦੋਂ ਤੋਂ, ਤਦੋਂ ਤੋਂ

ततहड़ा–ਤਤਹੜਾ, ਪੁ., ਪਾਣੀ ਤੱਤਾ ਕਰਨ ਦਾ ਮਿੱਟੀ ਦਾ ਭਾਂਡਾ

ततामह–ਤਤਾਮਹ, ਪੁ., ਦਾਦਾ, ਬਾਬਾ, ਬਾਪ ਦਾ ਬਾਪ

तताई–ਤਤਾਈ, ਇ., ਗਰਮੀ, ਤਾਉ. ਤਪਸ਼

ततारना–ਤਤਾਰਨਾ, ਕ੍ਰਿ., ਤੱਤੇ ਪਾਣੀ ਨਾਲ ਧੋਣਾ

तति–ਤਤਿ, ਇ., ਪੰਗਤ, ਫੈਲਾਉ, ਸਮੂਹ, ਉਤਨਾ ਤੋਲ

ततैया–ਤਤੈਯਾ, ਇ., ਭਰਿੰਡ, ਲਾਲ ਰੰਗ ਦਾ ਭੂੰਡ. ਦੰਦਈਆ ਡੇਹਮੂ, ਵਿ., ਤੇਜ, ਫੁਰਤੀਲਾ, ਛੁਹਲਾ. ਦੁਖ ਦੇਣ ਵਾਲਾ

तत्काल–ਤਤਕਾਲ, ਪੁ., ਵਰਤਮਾਨ ਕਾਲ, ਇਸੇ ਵੇਲੇ, ਹੁਣੇ ਕ੍ਰਿ. ਵਿ., ਉਸੇ ਵੇਲੇ, ਤੁਰਤ, ਛੇਤੀ, ਸ਼ਤਾਬੀ, ਜਲਦੀ, ਝਟਪਟ

तत्कालीन–ਤੱਤਕਾਲੀਨ, ਵਿ., ਉਸੇ ਵੇਲੇ ਦਾ

तत्क्षण–ਤਤਕਸ਼ਣ, ਪੁ., ਝਟ ਪਟ, ਤੁਰਤ, ਦੇਖੋ ਤਤਕਾਲ (तत्काल)

तत्त–ਤੱਤ, ਪੁ., ਸਾਰ, ਨਿਚੋੜ, ਅਸਰ, ਮੰਤਵ

तत्ता–ਤੱਤਾ, ਵਿ., ਗਰਮ, ਤਪਿਆ ਹੋਇਆ

तत्तुल्य–ਤਤੁੱਲਜ, ਵਿ., ਉਸ ਵਰਗਾ, ਉਜੇਹਾ

तत्थ–ਤੱਥ, ਵਿ., ਆਗੂ, ਪਰਧਾਨ, ਮੁਖੀਆ, ਮੁੱਖ, ਪੁ., ਤਾਕਤ, ਸ਼ਕਤੀ, ਅਸਲੀਅਤ

तत्पद्–ਤਤਪਦ, ਪੁ., ਨਿਰਵਾਣਪਦ, ਉਹ ਹਾਲਤ ਜਿਸ ਵਿਚ ਤਰਿਸ਼ਨਾ ਬਿਲਕੁਲ ਮਿਟ ਜਾਂਦੀ ਹੈ

तत्पर–ਤਤਪਰ, ਵਿ., ਲੱਗਿਆ ਹੋਇਆ, ਜੁਟਿਆ ਹੋਇਆ, ਜਤਨ ਕਰਨ ਵਾਲਾ, ਹੁਸ਼ਿਆਰ, ਚਤੁਰ

तत्परता–ਤਤਪਰਤਾ, ਇ., ਚਤਰਾਈ. ਹੁਸ਼ਿਆਰੀ

तत्पुरुष–ਤਤਪੁਰੁਸ਼, ਪੁ., ਇਕ ਸਮਾਸ ਦਾ ਨਾਉਂ, ਰੱਬ, ਪਰਮਾਤਮਾ

तत्पूर्व–ਤਤਪੂਰਵ, ਵਿ., ਸਭ ਤੋਂ ਪਹਿਲਾਂ, ਉਸ ਤੋਂ ਪਹਿਲਾਂ

तत्प्रकार–ਤਤਪ੍ਰਕਾਰ, ਵਿ., ਉਸ ਦੀ ਤਰ੍ਹਾਂ, ਉਜੇਹਾ

तत्र–ਤਤ੍ਰ, ਕ੍ਰਿ. ਵਿ., ਉਥੇ, ਉਸੇ ਥਾਂ ਤੇ

तत्रभवान्–ਤੱਤ੍ਰਭਵਾਨ, ਵਿ., ਪੂੱਜ, ਮਾਨਜੋਗ

तत्व–ਤਤ੍ਵ, ਪੁ., ਅਸਲੀਅਤ, ਸਰੂਪ, ਪਰਮਾਤਮਾ, ਸਾਰ, ਨਿਚੋੜ, ਮਤਲਬ, (ਜਲ, ਤੇਜ਼, ਧਰਤੀ, ਵਾਯੂ ਅਤੇ ਅਕਾਸ਼ ਇਹ ਪੰਜ ਤੱਤ ਹੁੰਦੇ ਹਨ) ਸਤ ਰਜ ਅਤੇ ਤਮ, ਸਤ, ਮੰਤਵ

तत्वज्ञानी–ਤਤ੍ਵਗਜਾਨੀ, ਪੁ., ਜਿਸ ਨੇ ਸ੍ਰਿਸ਼ਟੀ ਦਾ ਮੂਲ ਜਾਣ ਲਿਆ ਹੋਵੇ, ਬਿਬੇਕੀ

तत्वता–ਤਤ੍ਵਤਾ, ਇ., ਅਸਲੀਅਤ

तत्वदर्शी–ਤਤ੍ਵਦਰਸ਼ੀ, ਪੁ., ਦੇਖੋ ਤਤ੍ਵ ਗਿਆਨੀ (तत्वज्ञानी) ਦਰਸ਼ਨ ਸ਼ਾਸਤਰ ਦੇ ਜਾਣਨ ਵਾਲਾ

तत्वदृष्टि–ਤਤ੍ਵਦ੍ਰਿਸ਼੍ਰਿ, ਇ., ਉਹ ਨਜਰ ਜੋ ਅਸਲ ਗੱਲ ਦਾ ਪਤਾ ਲਗਾ ਲਵੇ, ਗਿਆਨ ਦੀਆਂ ਅੱਖਾਂ

तत्वभाव–ਤਤ੍ਵਭਾਵ, ਪੁ., ਸੁਭਾਉ, ਆਦਤ

तत्वभाषी–ਤਤ੍ਵਭਾਸ਼ੀ, ਪੁ, ਜੋ ਮਨੁੱਖ ਸਾਫ ਸਾਫ ਅਸਲ ਗੱਲ ਕਹਿੰਦਾ ਹੋਵੇ, ਵਿ., ਮੂੰਹ ਫਟ, ਸੱਚਾ

तत्ववाद–ਤਤ੍ਵਵਾਦ, ਪੁ., ਦਰਸ਼ਨ ਸ਼ਾਸਤਰ ਸੰਬੰਧੀ ਵਿਚਾਰ

तत्ववादी–ਤਤ੍ਵਵਾਦੀ, ਵਿ., ਜੋ ਅਸਲ ਤੇ ਸਾਫ ਸਾਫ ਗੱਲ ਕਰਦਾ ਹੋਵੇ

तत्वविद्–ਤਤ੍ਵਵਿਦ, ਪੁ., ਪਰਮਾਤਮਾ, ਰੱਬ

तत्वविद्या–ਤਤ੍ਵਵਿਦਜਾ, ਇ.. ਦਰਸ਼ਨ ਸ਼ਾਸਤਰ, ਫਿਲੌਸਫੀ

तत्ववेत्ता–ਤਤ੍ਵਵੇਤਾ, ਪੁ., ਜਿਸ ਨੂੰ ਅਸਲ ਦਾ ਪਤਾ ਹੋਵੇ, ਫਿਲਾਸਫਰ, ਦਾਰਸ਼ਨਿਕ

तत्वशास्त्र–ਤਤ੍ਵਸ਼ਾਸਤ੍ਰ. ਪੁ., ਦੇਖੋ ਤਤਵਵਿਦਜਾ (तत्वविद्या)

तत्वानुसंधान–ਤਤ੍ਵਾਨੁਸੰਧਾਨ, ਪੁ., ਅਸਲੀਅਤ ਦੀ ਖੋਜ, ਸੱਚ ਦੀ ਖੋਜ

तत्वावधान–ਤਤ੍ਵਾਵਧਾਨ. ਪੁ., ਜਾਂਚ ਪੜਤਾਲ, ਦੇਖ ਰੇਖ

तत्वावधानक–ਤਤ੍ਵਾਵਧਾਨਕ, ਪੁ., ਦੇਖ ਰੇਖ ਕਰਨ ਵਾਲਾ

तत्सदृश–ਤਤਸਦ੍ਰਿਸ਼, ਵਿ., ਉਸ ਵਰਗਾ, ਉਜੇਹਾ

तत्सम–ਤਤਸਮ, ਪੁ., ਹਿੰਦੀ ਆਦਿ ਬੋਲੀਆਂ ਵਿਚ ਵਰਤੇ ਜਾਣ ਵਾਲੇ ਸੰਸਕ੍ਰਿਤ ਦੇ ਸ਼ਬਦ

तथा–ਤਥਾ, ਅਵਜ., ਇਸ ਤਰ੍ਹਾਂ, ਇੰਝ ਹੀ, ਹੋਰ, ਨੇੜੇ. ਲਾਗੇ,

ਪੁ., ਪਹਿਲਾਂ ਕਹੀ ਹੋਈ ਗੱਲ, ਬਰਾਬਰੀ, ਤਿਵੇਂ

तथागत-ਤਥਾਗਤ, ਪੁ., ਬੁੱਧ ਦਾ ਇਕ ਨਾਉਂ

तथापि-ਤਥਾਪਿ, ਅਵਜ., ਫੇਰ ਵੀ, ਤਾਂ ਵੀ, ਤਦ ਵੀ

तथैव-ਤਥੈਵ, ਅਵਜ., ਉਂਝ, ਉਸੀ ਤਰ੍ਹਾਂ, ਉਵੇਂ ਜਿਕੁਰ

तथ्य-ਤਥਜ, ਪੁ., ਸਚਾਈ, ਅਸਲ, ਜਥਾਰਥਤਾ

तथ्यवादी-ਤਥਜਵਾਦੀ, ਵਿ., ਸੱਚੀ ਗੱਲ ਕਹਿਣ ਵਾਲਾ, ਸੱਚਾ

तथ्यानुसन्धान-ਤਥਜਾਨੁਸੰਧਾਨ, ਪੁ., ਅਸਲ ਗਿਆਨ ਦੀ ਖੋਜ

तद्-ਤਦ, ਕ੍ਰਿ. ਵਿ., ਤਦ, ਓਦੋਂ, ਉਸ ਪਿਛੋਂ, ਉਸ ਸਮੇਂ, ਉਸ ਵੇਲੇ, ਵਿ., ਉਹ

तदन्तर-ਤਦੰਤਰ, ਪੁ., ਉਸ ਪਿਛੋਂ, ਉਸ ਮਗਰੋਂ

तदनन्तर-ਤਦਨੰਤਰ, ਵਿ., ਦੇਖੋ ਤਦੰਤਰ (तदन्तर)

तदनु-ਤਦਨੁ. ਵਿ., ਉਂਝ ਦੇਖੋ ਤਦੰਤਰ (तदन्तर)

तदनुरूप-ਤਦਨੁਰੂਪ, ਵਿ., ਉਸ ਵਰਗਾ, ਉਜੇਹਾ

तदनुसार-ਤਦਨੁਸਾਰ, ਵਿ., ਉਸ ਦੇ ਮੁਤਾਬਕ

तदपि-ਤਦਪਿ, ਅਵਜ., ਤਾਂ ਵੀ, ਫੇਰ ਵੀ

तदबीर-ਤਦਬੀਰ, ਇ., ਜੁਗਤ, ਤਰਕੀਬ, ਸੋਚ, ਵਿਚਾਰ

तदा-ਤਦਾ, ਅਵਜ., ਉਸ ਵੇਲੇ, ਤਦ, ਉਦੋਂ

तदाकार-ਤਦਾਕਾਰ, ਵਿ., ਉਸ ਵਰਗਾ. ਉਸੀ ਸ਼ਕਲ ਦਾ, ਕਿਸੇ ਕੰਮ ਵਿਚ ਜੁਟਿਆ ਹੋਇਆ, ਉਜੇਹਾ

तदारुक़-ਤਦਾਰੁਕ, ਪੁ., ਖੋਈ ਹੋਈ ਚੀਜ਼ ਜਾਂ ਨੱਸੇ ਹੋਏ ਅਪਰਾਧੀ ਦੀ ਖੋਜ, ਪਰਬੰਧ, ਦੰਡ, ਸਜ਼ਾ, ਬੰਦੋਬਸਤ

तदीय-ਤਦੀਯ, ਵਿ., ਉਸ ਨਾਲ ਸੰਬੰਧ ਰੱਖਣ ਵਾਲਾ, ਉਸ ਦਾ

तदुपरान्त-ਤਦੁਪਰਾਂਤ, ਕ੍ਰਿ. ਵਿ., ਉਸ ਪਿਛੋਂ, ਉਸ ਮਗਰੋਂ

तदुपरि-ਤਦੁਪਰਿ, ਕ੍ਰਿ. ਵਿ., ਉਸ ਉਤੇ

तद्गुण-ਤਦਗੁਣ, ਪੁ.. ਇਕ ਅਲੰਕਾਰ

तद्दिन-ਤੱਦਿਨ, ਪੁ., ਉਹ ਦਿਹਾੜਾ, ਉਸ ਵੇਲੇ, ਤਦੋਂ, ਤਿਸ ਦਿਨ

तद्धन-ਤੱਧਨ, ਵਿ., ਕੰਜੂਸ, ਸੂਮ

तद्धित-ਤੱਧਿਤ, ਪੁ., ਵਿਆਕਰਣ ਵਿਚ ਇਕ ਪ੍ਰਤਜਯ ਜਿਸ ਨੂੰ ਸੰਗਿਆ ਨਾਲ ਜੋੜ ਕੇ ਨਵਾਂ ਸ਼ਬਦ ਬਣਾਇਆ ਜਾਂਦਾ ਹੈ

तद्भव-ਤਦਭਵ, ਪੁ., ਸੰਸਕ੍ਰਿਤ ਦੇ ਸ਼ਬਦ ਦਾ ਬਿਗੜਿਆ ਹੋਇਆ ਰੂਪ

तद्रूप-ਤਦ੍ਰੂਪ. ਵਿ., ਉਸ ਤਰ੍ਹਾਂ ਦਾ, ਉਸ ਵਰਗਾ, ਨਿਆਈਂ, ਵਾਕਰ, ਬਰਾਬਰ, ਤਿਸ ਜੇਹਾ, ਉਜੇਹਾ

तद्वत्-ਤਦ੍ਵਤ, ਅ., ਦੇਖੋ ਤਦ੍ਰੂਪ (तद्रूप)

तन-ਤਨ ਪੁ., ਉਲਾਦ.ਸੰਤਾਨ, ਦੇਹ, ਸਰੀਰ, ਬਦਨ, ਜਿਸਮ, ਪਿੰਡਾ

तनख़ाह-ਤਨਖ਼ਾਹ, ਇ., ਤਲਬ, ਰੁਜ਼ੀਨਾ

तनख़ाहदार-ਤਨਖ਼ਾਹਦਾਰ, ਵਿ., ਤਲਬ ਪਾਉਣ ਵਾਲਾ, ਪੈਸੇ ਲੈ ਕੇ ਕੰਮ ਕਰਨ ਵਾਲਾ

तनतना-ਤਨਤਨਾ, ਪੁ., ਰੋਬ੍ਹ ਦਾਬ. ਗੁੱਸਾ, ਤੜੀ, ਧਮਕੀ.

तनतनाना-ਤਨਤਨਾਨਾ, ਕ੍ਰਿ.. ਰੋਬ੍ਹ ਦਿਖਾਉਣਾ, ਗੁੱਸਾ ਕਰਨਾ, ਤੜੀ ਦੇਣਾ

तनना-ਤਨਨਾ, ਕ੍ਰਿ., ਕਿਸੇ ਚੀਜ਼ ਨੂੰ ਕਿਸੇ ਪਾਸੇ ਖਿੱਚਣਾ, ਕਿਸੇ ਚੀਜ਼ ਦਾ ਆਕੜ ਕੇ ਸਿੱਧਾ ਖੜਾ ਹੋਣਾ, ਆਕੜਨਾ, ਰੱਸੀ ਨੂੰ ਸਿੱਧਾ ਕਰਕੇ ਬੰਨ੍ਹਣਾ

तनपोषक-ਤਨਪੋਸ਼ਕ, ਵਿ., ਮਤਲਬੀ, ਗਾਹਕਾਰ, ਖੁਦਗਰਜ਼

तनय-ਤਨਯ, ਪੁ., ਪੁੱਤਰ, ਲੜਕਾ, ਬੇਟਾ, ਮਰਦਾਵੀਂ ਉਲਾਦ

तनया-ਤਨਯਾ, ਇ., ਪੁੱਤਰੀ, ਬੇਟੀ, ਧੀ, ਜ਼ਨਾਨੀ ਉਲਾਦ, ਕਾਲੀ ਤੁਲਸੀ, ਘੀ ਕੁਆਰ

तनवाना-ਤਨਵਾਨਾ, ਕ੍ਰਿ., ਤਾਣਨ ਦਾ ਕੰਮ ਦੂਸਰੇ ਤੋਂ ਕਰਾਉਣਾ

तनवाल-ਤਨਵਾਲ, ਪੁ., ਬਾਣੀਆਂ ਦੀ ਇਕ ਜ਼ਾਤ

तनसल-ਤਨਸਲ, ਪੁ., ਬਿਲੌਰ ਪੱਥਰ

तनहा-ਤਨਹਾ, ਵਿ., ਇਕੱਲਾ, ਜਿਸ ਦਾ ਕੋਈ ਸਾਥ ਨਹੀਂ, ਬਿਨਾ ਕਿਸੇ ਨੂੰ ਸਾਥ ਲਏ, ਕੱਲਮਕੱਲਾ

तनहाई-ਤਨਹਾਈ, ਇ., ਉਹ ਥਾਂ ਜਿਥੇ ਕੋਈ ਨਾ ਹੋਵੇ, ਇਕੱਲ, ਇਕਾਂਤ

तना-ਤਨਾ, ਇ., ਧਨ, ਦੌਲਤ. ਰੁੱਖ ਦੀ ਜੜ, ਰੁੱਖ ਦਾ ਟਾਹਣਾ ਜਾਂ ਡੰਡੀ, ਕ੍ਰਿ. ਵਿ., ਵੱਲ, ਤਰਫ

तनाई-ਤਨਾਈ, ਇ., ਤੰਬੂ ਦੇ ਬੰਨ੍ਹਣ ਦੀ ਰੱਸੀ

तनाकु-ਤਨਾਕੁ, ਕ੍ਰਿ. ਵਿ., ਤਨਿਕ, ਥੋੜਾ, ਜ਼ਰਾ ਕੂ

तनाज़ा-ਤਨਾਜ਼ਾ, ਪੁ., ਝਗੜਾ, ਟੰਟਾ, ਦੁਸ਼ਮਣੀ

तनाना-ਤਨਾਨਾ, ਕ੍ਰਿ., ਤਾਣਨ ਦਾ ਕੰਮ ਦਜੇ ਤੋਂ ਕਰਾਉਣਾ, ਤਨਵਾਉਣਾ

तनाब-ਤਨਾਬ, ਇ., ਦੇਖੋ ਤਨਾਈ (तनाई)

तनाव-ਤਨਾਵ, ਪੁ., ਤਾਣਨ ਦਾ ਭਾਵ ਜਾਂ ਕਿਰਿਆ, ਉਹ ਰੱਸੀ ਜਿਸ ਤੇ ਧੋਬੀ ਕਪੜੇ ਸੁਕਾਉਂਦਾ ਹੈ, ਡੋਰੀ

तनि, तनिक-ਤਨਿ, ਤਨਿਕ, ਵਿ., ਥੋੜਾ, ਘੱਟ, ਛੋਟਾ, ਭੋਰਾ, ਕ੍ਰਿ. ਵਿ., ਮਾਮੂਲੀ

तनिका-ਤਨਿਕਾ, ਇ., ਉਹ ਰੱਸੀ ਜਿਸ ਨਾਲ ਕੋਈ ਚੀਜ਼ ਬੰਨ੍ਹੀ ਜਾਏ, ਤਣੀ

तनिया-ਤਨਿਯਾ, ਇ., ਲੰਗੋਟ, ਲੰਗੋਟੀ, ਕਛਣੀ, ਜਾਂਘੀਆ

तनिष्ठ-ਤਨਿਸ਼ਠ, ਵਿ., ਜੋ ਬਹੁਤ ਮਾੜਾ ਹੋਵੇ, ਦੁਬਲਾ ਪਤਲਾ, ਕਮਜ਼ੋਰ, ਮਾੜਚੂ

तनी-ਤਨੀ, ਇ., ਕਿਸੇ ਕਪੜੇ ਦੇ ਕਸਣ ਵਾਲੀ ਡੋਰੀ, ਵਿ., ਦੇਖੋ ਤਨਿਕ (तनिक)

तनु-ਤਨੁ, ਇ., ਸਰੀਰ, ਦੇਹ, ਚਮੜਾ, ਖੱਲ, ਜਨਮ ਕੁੰਡਲੀ ਵਿਚ ਪਹਿਲਾ ਥਾਂ, ਵਿ., ਕਮਜ਼ੋਰ, ਦੁਬਲਾ ਪਤਲਾ, ਥੋੜਾ, ਘੱਟ, ਨਰਮ, ਸੋਹਣਾ, ਵਧੀਆ

तनुज-ਤਨੁਜ, ਪੁ., ਪੁੱਤਰ, ਬੇਟਾ, ਮਰਦਾਵੀਂ ਉਲਾਦ

तनुजा-ਤਨੁਜਾ, ਇ., ਧੀ, ਬੇਟੀ, ਪੁੱਤਰੀ

तनुता-ਤਨੁਤਾ, ਇ., ਕਮਜ਼ੋਰੀ, ਛੁਟਾਈ, ਛੋਟਾਪਣ

तनुत्र, तनुत्राण-ਤਨੁਤ੍ਰ, ਤਨੁਤ੍ਰਾਣ, ਪੁ., ਉਹ ਚੀਜ਼ ਜਿਸ ਨਾਲ ਸਰੀਰ ਦਾ ਬਚਾਉ ਹੋਛੇ, ਸੰਜੋਇ, ਕਵਚ

तनुपात–ਤਨੁਪਾਤ, ਪੁ., ਮੌਤ

तनुभव–ਤਨੁਭਵ, ਪੁ., ਪੁੱਤਰ, ਬੇਟਾ, ਇ., ਧੀ, ਬੇਟੀ

तनुभस्त्रा–ਤਨੁਭਸ਼੍ਰਾ, ਇ., ਨੱਕ

तनुभाव–ਤਨੁਭਾਵ, ਪੁ., ਕਮਜ਼ੋਰ ਆਦਮੀ, ਮਾੜਚੂ ਬੰਦਾ

तनुभृत–ਤਨੁਭ੍ਰਿਤ, ਵਿ., ਦੇਹ ਧਾਰੀ, ਸਰੀਰ ਧਾਰਨ ਕਰਨ ਵਾਲਾ

तनुमध्या–ਤਨੁਮਧਜਾ, ਇ., ਪਤਲੇ ਲੱਕ ਵਾਲੀ ਤੀਵੀਂ, ਇਕ ਛੰਦ, ਪੁ., ਧਰਮ, ਪਸੀਨਾ, ਮੁੜ੍ਹਕਾ

तनुराग–ਤਨੁਰਾਗ, ਪੁ., ਕੇਸਰ, ਕਸਤੂਰੀ ਨਾਲ ਬਣਾਇਆ ਹੋਇਆ ਬਟਣਾ

तनुरुह–ਤਨੁਰੁਹ, ਪੁ., ਸਰੀਰ ਦੇ ਵਾਲ, ਰੋਂਗਟਾ, ਲੂ ਕੰਡੇ

तनुवात–ਤਨੁਵਾਤ, ਪੁ., ਥੋੜੀ ਹਵਾ ਵਾਲੀ ਥਾਂ, ਇਕ ਨਰਕ ਦਾ ਨਾਉਂ

तनुवार–ਤਨੁਵਾਰ, ਪੁ., ਕਵਚ, ਬਖ਼ਤਰ, ਸੰਜੋਇ

तनुसर–ਤਨੁਸਰ, ਪੁ., ਧਰਮ, ਪਸੀਨਾ, ਮੁੜ੍ਹਕਾ

तनुह्रद–ਤਨੁਹ੍ਰਦ, ਪੁ., ਟੱਟੀ ਫਿਰਨ ਦਾ ਰਸਤਾ, ਗੁਦਾ ਦਾ ਛੇਕ ਜਿਥੋਂ ਦੀ ਟੱਟੀ ਆਉਂਦੀ ਹੈ

तनू–ਤਨੂ, ਪੁ., ਪੁੱਤਰ, ਬੇਟਾ, ਪਰਜਾਪਤੀ, ਗਊ, ਪਾਣੀ

तनूकरण–ਤਨੂਕਰਣ, ਪੁ., ਛੋਟਾ ਕਰਨ ਦੀ ਕਿਰਿਆ

तनूज–ਤਨੂਜ, ਪੁ., ਦੇਖੋ ਤਨੁਜ (तनुज)

तनूजा–ਤਨੂਜਾ, ਇ., ਦੇਖੋ ਤਨੁਜਾ (तनुजा)

तनूत्यज–ਤਨੁਤਜਜ, ਵਿ., ਸਰੀਰ ਛੱਡਣ ਵਾਲਾ

तनूद्भव–ਤਨੂਦਭਵ, ਪੁ., ਇ., ਦੇਖੋ ਤਨੁਭਵ (तनुभव)

तनूनप–ਤਨੂਨਪ, ਪੁ., ਘਿਉ

तनूपा–ਤਨੂਪਾ, ਪੁ., ਉਹ ਅੱਗ ਜਿਸ ਨਾਲ ਖਾਧਾ ਅੰਨ ਪਚਦਾ ਹੈ, ਵਿ., ਸਰੀਰ ਦੀ ਰਖਿਆ ਕਰਨ ਵਾਲਾ

तनूनपाद–ਤਨੂਨਪਾਦ, ਪੁ., ਚਿਤਰਾ ਬੂਟੀ, ਅੱਗ, ਘਿਉ

तनूर–ਤਨੂਰ ਪੁ., ਦੇਖੋ ਤੰਦੂਰ (तंदूर)

तनूरुह–ਤਨੂਰੁਹ, ਪੁ., ਤਨੁਰੁਹ (तनुरुह)

तनेना, तनैना–ਤਨੇਨਾ, ਤਨੈਨਾ, ਵਿ., ਟੇਢਾ, ਖਿੱਚਿਆ ਹੋਇਆ, ਗੁਸੈਲਾ

तनै–ਤਨੈ, ਪੁ., ਦੇਖੋ ਤਨਯ (तनय)

तनैया–ਤਨੈਯਾ, ਇ., ਦੇਖੋਂ ਤਨਯਾ (तनया)

तनैला–ਤਨੈਲਾ, ਪੁ., ਖੁਸ਼ਬੂਦਾਰ ਫੁੱਲਾਂ ਦਾ ਇਕ ਬੂਟਾ

तनोज, तनोरुह–ਤਨੋਜ, ਤਨੋਰੁਹ, ਪੁ., ਦੇਖੋ ਤਨੁਰੁਹ (तनुरुह)

तन्ति–ਤੰਤਿ, ਇ., ਗਊ, ਲੰਮੀ ਰੱਸੀ, ਵਿਸਥਾਰ, ਫੈਲਾਉ

तन्तिपाल–ਤੰਤਿਪਾਲ, ਵਿ., ਗਊਆਂ ਨੂੰ ਪਾਲਣ ਵਾਲਾ

तन्तुजाल–ਤੰਤੁਜਾਲ, ਪੁ., ਨਸਾਂ ਦਾ ਸਮੂਹ, ਨਾੜਾਂ ਦਾ ਇਕੱਠ

तन्तुनाग–ਤੰਤੁਨਾਗ, ਪੁ., ਮਗਰ ਮੱਛ

तन्तुनाभ–ਤੰਤੁਨਾਭ, ਪੁ., ਮਕੜੀ

तन्द्रा–ਤੰਦ੍ਰਾ, ਇ., ਉਂਘ, ਆਲਸ, ਸੁਸਤੀ

तन्ना–ਤੰਨਾ, ਪੁ., ਤਾਣੇ ਦਾ ਸੂਤ ਜੋ ਤਾਣਿਆ ਜਾਂਦਾ ਹੈ, ਇਹੋ ਜਿਹਾ ਪਦਾਰਥ ਜਿਸ ਤੇ ਕੋਈ ਚੀਜ਼ ਤਾਣੀ ਜਾਂਦੀ ਹੈ

तन्नी–ਤੰਨੀ, ਇ., ਲੋਹੇ ਦੀ ਮੈਲ ਖੁਰਚਨ ਦੀ ਖੁਰਚਣੀ, ਜਹਾਜ਼ ਦੇ ਮਸਤੂਲ ਦੀ ਜੜ ਵਿਚ ਬੰਨ੍ਹਿਆ ਹੋਇਆ ਰੱਸਾ ਤੱਕੜੀ ਦੇ ਪਲੜੇ ਦੀ ਰੱਸੀ

तन्मय–ਤਨਮਯ, ਵਿ., ਮਨ ਲਗਾਏ ਹੋਏ, ਲੀਨ, ਜੁਟਿਆ ਹੋਇਆ, ਇਕਾਗਰ, ਮਸਤ

तन्मयता–ਤਨਮਯਤਾ, ਇ., ਇਕਾਗਰਤਾ, ਲਗਨ, ਲੀਨਤਾ, ਮਸਤੀ

तन्मात्र–ਤਨਮਾਤ੍ਰ, ਪੁ., ਸਾਂਖ ਮਤ ਦੇ ਮੁਤਾਬਕ ਪੰਜ ਭੂਤਾਂ ਅਵਤਾਰ ਸ਼ਬਦ, ਸਪਰਸ਼, ਰੂਪ, ਰਸ, ਗੰਧ ਦਾ ਸੂਖਮ ਰੂਪ

तन्मात्रा–ਤਨਮਾਤ੍ਰਾ, ਦੇਖੋ ਤਨਮਾਤ੍ਰ (तन्मात्र)

दीपमाला–ਦੀਪਮਾਲਾ, ਇ., ਬਲਦੇ ਦੀਵਿਆਂ ਦੀ ਕਤਾਰ,

दीपमालिका–ਦੀਪਮਾਲਿਕਾ, ਇ., ਦੇਖੋ ਦੀਪਮਾਲਾ (दीपमाला)

दीपमाली–ਦੀਪਮਾਲੀ, ਇ., ਦੀਵਾਲੀ

दीपवत्–ਦੀਪਵਤ, ਵਿ., ਜਿਸ ਦੇ ਘਰ ਵਿਚ ਦੀਵੇ ਜਲਦੇ ਹੋਣ

दीपवृक्ष–ਦੀਪਵ੍ਰਿਕਸ਼, ਪੁ., ਦੁਆਖੀ, ਦੀਵਟ

दीपशत्रु–ਦੀਪਸ਼ਤ੍ਰੁ, ਪੁ., ਪਰਵਾਨਾ, ਪਤੰਗਾ

दीपशिखा–ਦੀਪਸ਼ਿਖਾ, ਇ., ਦੀਵੇ ਦੀ ਲਾਟ

दीपसुत–ਦੀਪਸੁਤ, ਪੁ., ਕੱਜਲ

दीपान्विता–ਦੀਪਾਨ੍ਵਿਤਾ, ਇ., ਦੀਵਾਲੀ, ਕੱਤਕ ਮਹੀਨੇ ਦੀ ਮੱਸਿਆ

दीपावती–ਦੀਪਾਵਤੀ, ਇ., ਇਕ ਰਾਗਣੀ

दीपावली–ਦੀਪਾਵਲੀ, ਇ., ਦਿਵਾਲੀ

दीपिका–ਦੀਪਿਕਾ, ਇ., ਇਕ ਰਾਗਣੀ

दीप्त–ਦੀਪ੍ਤ, ਵਿ., ਉੱਜਲ, ਚਮਕ ਦਾਰ, ਸਫੈਦ, ਜਗਮਗਾਉਂਦਾ, ਪੁ., ਹਿੰਗ, ਨਿੰਬੂ ਸ਼ੇਰ, ਨੱਕ ਦੀ ਇਕ ਬੀਮਾਰੀ

दीप्तक–ਦੀਪ੍ਤਕ, ਪੁ., ਸੋਨਾ

दीप्तकिरण–ਦੀਪ੍ਤਕਿਰਣ, ਪੁ., ਅੱਕ, ਸੂਰਜ

दीप्तजिह्वा–ਦੀਪ੍ਤਜਿਵ੍ਹਾ, ਇ., ਗਿਦੜੀ

दीप्तपिङ्गल–ਦੀਪ੍ਤਪਿੰਗਲ, ਪੁ., ਸ਼ੇਰ

दीप्तमूर्ति–ਦੀਪ੍ਤਮੂਰਤਿ, ਪੁ., ਸਫੈਦ ਮੂਰਤ, ਵਿਸ਼ਨੂੰ

दीप्तलोचन–ਦੀਪ੍ਤਲੋਚਨ, ਪੁ., ਬਿੱਲਾ, ਬਿੱਲੀ

दीप्तलोह–ਦੀਪ੍ਤਲੋਹ, ਪੁ., ਤਪਾਇਆ ਲਾਲ ਲੋਹਾ

दीप्तवर्ण–ਦੀਪ੍ਤਵਰਣ, ਵਿ., ਸੋਨੇ ਰੰਗਾ

दीप्ता–ਦੀਪ੍ਤਾ, ਵਿ., ਚਮਕਦੀ ਹੋਈ, ਇ., ਇਕ ਵੇਲ

दीप्ताक्ष–ਦੀਪ੍ਤਾਕਸ਼, ਵਿ., ਚਮਕੀਲੀਆਂ ਅੱਖਾਂ ਵਾਲਾ, ਪੁ., ਬਿੱਲਾ

दीप्ताग्नि–ਦੀਪ੍ਤਾਗ੍ਨਿ, ਪੁ., ਅਗਸਤ ਮੁਨੀ

दीप्ति–ਦੀਪ੍ਤਿ, ਪੁ., ਪਰਕਾਸ਼, ਚਮਕ, ਸੋਭਾ, ਗਿਆਨ, ਕਾਂਸੀ ਨਾਉਂ ਦੀ ਧਾਤ

दीप्तिमान्–ਦੀਪ੍ਤਿਮਾਨ, ਵਿ., ਚਮਕਦਾ ਹੋਇਆ, ਸੋਭਾ ਵਾਲਾ ਚਮਕਦਾਰ

दीप्तोपल–ਦੀਪ੍ਤੋਪਲ, ਪੁ., ਸੂਰਜਕਾਂਤ ਮਣੀ

दीप्य–ਦੀਪ੍ਯ, ਪੁ., ਜਮੈਣ, ਵਿ., ਸਾੜਨ ਜੋਗ

दीप्यका–ਦੀਪ੍ਯਕਾ, ਇ., ਜਮੈਣ

दीप्यमान–ਦੀਪ੍ਯਮਾਨ, ਵਿ., ਚਮਕੀਲਾ, ਉੱਜਲ, ਚਮਕਦਾਰ

दीप्या–ਦੀਪ੍ਯਾ, ਇ., ਖਜੂਰ, ਜਮੈਣ

दीमक–ਦੀਮਕ, ਇ., ਇਕ ਤਰ੍ਹਾਂ ਦਾ ਕੀੜਾ ਜੋ ਲਕੜ ਆਦਿ ਨੂੰ ਖਾ ਜਾਂਦਾ ਹੈ, ਸੀਉਂਖ

दीयट–ਦੀਯਟ, ਪੁ., ਦੀਵਟ, ਦੁਆਖੀ

दीयमान–ਦੀਯਮਾਨ, ਵਿ., ਦੇਣ ਜੋਗ

दीया–ਦੀਯਾ, ਪੁ., ਦੀਵਾ

दीयासलाई–ਦੀਯਾਸਲਾਈ, ਇ., ਸੀਖਾਂ ਦੀ ਡੱਬੀ, ਮਾਚਸ,

दीर्घ–ਦੀਰਘ, ਵਿ., ਲੰਮਾ, ਵੱਡਾ, ਪੁ., ਸਾਲ ਦਾ ਰੁੱਖ, ਊਂਟ ਸਿੰਘਰਾਸ, ਦੋ ਮਾਤ੍ਰਾ ਵਰਣ

दीर्घकणा–ਦੀਰਘਕਣਾ, ਇ., ਸਫੈਦ ਜੀਰਾ

दीर्घराव–ਦੀਰਘਰਾਵ, ਵਿ., ਉਚੀ ਉਚੀ ਚਿੰਘਿਆੜਾਂ ਮਾਰਨ ਵਾਲਾ

दीर्घरोगी–ਦੀਰਘਰੋਗੀ, ਵਿ., ਲੰਮਾ ਬਿਮਾਰ, ਚਿਰਾਂ ਦਾ ਰੋਗੀ

दीर्घरोम–ਦੀਰਘਰੋਮ, ਪੁ., ਭਾਲੂ, ਰਿੱਛ

दीर्घलोचन–ਦੀਰਘਲੋਚਨ, ਵਿ., ਵੱਡੀਆਂ ਵੱਡੀਆਂ ਅੱਖਾਂ ਵਾਲਾ

दीर्घश्मश्रु–ਦੀਰਘਸਮਸ਼੍ਰੁ, ਵਿ., ਲੰਮੀ ਦਾਹੜੀ ਵਾਲਾ

दीर्घसूत्रता–ਦੀਰਘਸੂਤ੍ਰਤਾ, ਇ., ਹਰ ਕੰਮ ਵਿਚ ਦੇਰ ਲਾਉਣ ਦਾ ਭਾਵ

दीर्घसूत्री–ਦੀਰਘਸੂਤ੍ਰੀ, ਵਿ., ਦੇਰ ਕਰਨ ਵਾਲਾ, ਦਲੀਲਾਂ ਸੋਚਣ ਵਾਲਾ

दीर्घायु–ਦੀਰਘਾਯੁ, ਵਿ., ਲੰਮੀ ਉਮਰ ਵਾਲਾ

दीर्घिका–ਦੀਰਘਿਕਾ, ਇ., ਬਾਉੜੀ, ਤਲਾਈ

दीर्ण–ਦੀਰਣ, ਵਿ., ਪਾਟਿਆ ਹੋਇਆ, ਫਟਿਆ ਹੋਇਆ

दीवंक–ਦੀਵੰਕ, ਇ., ਦੀਮਕ, ਸੀਉਂਖ

दीवट–ਦੀਵਟ, ਇ., ਦੁਆਖੀ, ਦੀਵਟ

दीवला–ਦੀਵਲਾ, ਪੁ., ਦੀਵਾ

दीवान–ਦੀਵਾਨ, ਪੁ., ਰਾਜ ਸਭਾ, ਦਰਬਾਰ, ਮੰਤਰੀ, ਵਜ਼ੀਰ, ਰਾਜ ਦਾ ਪਰਬੰਧ ਕਰਨ ਵਾਲਾ ਬੰਦਾ

दीवान ख़ाना–ਦੀਵਾਨ ਖ਼ਾਨਾ, ਪੁ., ਵੱਡੇ ਆਦਮੀਆਂ ਦੇ ਬੈਠਣ ਅਤੇ ਸਾਰੇ ਲੋਕਾਂ ਨਾਲ ਮਿਲਣ ਵਾਲਾ ਕਮਰਾ

दीवाना–ਦੀਵਾਨਾ, ਵਿ., ਪਾਗਲ, ਸੁਦਾਈ

दीवानी–ਦੀਵਾਨੀ, ਇ., ਦੀਵਾਨ ਦਾ ਉਹਦਾ, ਜੈਦਾਦ ਦੇ ਹੱਕੀ ਦਾ ਫੈਸਲਾ ਕਰਨ ਵਾਲੀ ਕਚਹਿਰੀ

दीवार–ਦੀਵਾਰ, ਇ., ਕੰਧ

दीवाला–ਦੀਵਾਲਾ, ਪੁ., ਦੇਖੋ ਦਿਵਾਲਾ (दिवाला)

दीवाली–ਦੀਵਾਲੀ, ਇ., ਇਕ ਤਿਉਹਾਰ

दीवि–ਦੀਵਿ, ਪੁ., ਨੀਲੀ ਧੌਣ ਵਾਲਾ ਜਾਨਵਰ, ਗਰੁੜ ਢੰਘ ਇਸ ਦੇ ਦਰਸ਼ਨ ਲੋਕੀ ਦੁਸੈਹਰੇ ਨੂੰ ਕਰਨਾ ਚੰਗਾ ਸਮਝਦੇ ਹਨ

दीसना–ਦੀਸਨਾ, ਕ੍ਰਿ., ਦਿਖਾਈ ਦੇਣਾ, ਦਿਸਣਾ

दीह–ਦੀਹ, ਵਿ., ਦੀਰਘ, ਲੰਮਾ, ਵੱਡਾ

दुंका–ਦੁੰਕਾ, ਪੁ.. ਦਾਣਾ, ਅਣੂ

दुंगरी–ਦੁੰਗਰੀ, ਇ., ਇਕ ਮੋਟਾ ਕਪੜਾ

दुंद–ਦੁੰਦ, ਪੁ., ਜੋੜਾ, ਲੜਾਈ, ਨਗਾਰਾ, ਝਗੜਾ

दुंदुभि–ਦੁੰਦੁਭਿ, ਇ., ਨਗਾਰਾ

दुंबा–ਦੁੰਬਾ, ਪੁ., ਇਕ ਤਰ੍ਹਾਂ ਦੀ ਪਹਾੜੀ ਭੇਡ ਜਿਸ ਦੀ ਪੂਛ ਗੋਲ ਅਤੇ ਭਾਰੀ ਹੁੰਦੀ ਹੈ

दुःख–ਦੁੱਖ, ਪੁ., ਕਸ਼ਟ, ਕਲੇਸ, ਖੇਦ, ਪੀੜ, ਬੀਮਾਰੀ

दुःखकर–ਦੁੱਖਕਰ, ਵਿ., ਦੁਖ ਦੇਣ ਵਾਲਾ

दुःखत्रय–ਦੁੱਖਤ੍ਰਜ, ਪੁ., ਦੁਖਾਂ ਦਾ ਇਕੱਠ

दुःखद–ਦੁੱਖਦ, ਵਿ., ਦੁਖ ਦੇਣ ਵਾਲਾ

दुःखदग्ध–ਦੁੱਖਦਗਧ, ਵਿ., ਦੁਖਾਂ ਦਾ ਸਾੜਿਆ ਹੋਇਆ

दुःखदाता–ਦੁੱਖਦਾਤਾ, ਪੁ., ਦੁਖ ਦੇਣ ਵਾਲਾ

दुःखग्राम–ਦੁੱਖਗ੍ਰਾਮ, ਪੁ., ਦੁਖਾਂ ਭਰੀ ਦੁਨੀਆ

दुःखजीवी–ਦੁੱਖਜੀਵੀ, ਵਿ., ਦੁਖਾਂ ਭਰੀ ਜ਼ਿੰਦਗੀ ਵਾਲਾ

दुःखदाई–ਦੁੱਖਦਾਈ. ਵਿ., ਦੁਖਦੇਵਾ, ਦੁਖ ਦੇਣ ਵਾਲਾ

दुःखप्रद–ਦੁੱਖਪ੍ਰਦ, ਵਿ., ਦੁਖ ਦੇਣ ਵਾਲਾ

दुःखभोग–ਦੁੱਖਭੋਗ, ਪੁ., ਦੁਖ ਸਹਿਣ ਦਾ ਭਾਵ

दुःखमय–ਦੁੱਖਮਜ, ਵਿ,, ਦੁਖਾਂ ਭਰਿਆ

दुःखहरा–ਦੁੱਖਹਰਾ, ਇ., ਦੁਖਾਂ ਦਾ ਅੰਤ ਕਰਨ ਵਾਲੀ ਦੇਵੀ, ਦੁਰਗਾ

दुःखाकर–ਦੁੱਖਾਕਰ, ਪੁ., ਦੁਖਾਂ ਦੀ ਖਾਣ

दुःखान्त–ਦੁੱਖਾਂਤ, ਪੁ., ਦੁਖਾਂ ਦਾ ਅੰਤ, ਜਿਸ ਨਾਟਕ ਭਾ ਅੰਤ ਦੁਖਦਾਈ ਹੋਵੇ

दुःखायतन–ਦੁੱਖਾਯਤਨ, ਪੁ., ਦੁਖਾਂ ਦਾ ਘਰ, ਇਹ ਲੋਕ

दुःखार्त–ਦੁੱਖਾਰਤ, ਵਿ., ਦੁਖਾਂ ਪੀੜਿਆ, ਦੁਖੀ 'ਫਾਥਾ'

दुःखित–ਦੁੱਖਿਤ, ਵਿ., ਦੁਖੀਆ

दुःखिनी–ਦੁੱਖਿਨੀ, ਵਿ., ਦੁਖਾਂ ਭਰੀ, ਦੁਖੀਆ

दुःखी–ਦੁੱਖੀ, ਵਿ., ਜੋ ਬਹੁਤ ਤਕਲੀਫ ਵਿਚ ਹੋਵੇ

दुःशकुन–ਦੁੱਸ਼ਕੁਨ, ਪੁ., ਭੈੜਾ ਸਗਨ

दुःशला–ਦੁੱਸ਼ਲਾ, ਪੁ., ਧ੍ਰਿਤਰਾਸ਼ਟਰ ਦੀ ਧੀ

दुःशासन–ਦੁੱਸ਼ਾਸਨ, ਵਿ., ਭੈੜਾ ਰਾਜ, ਮਨਮੌਜੀ, ਦੁਰਯੋਧਨ ਦਾ ਮੰਤਰੀ ਜਿਸ ਨੇ ਦ੍ਰੋਪਦੀ ਨੰਗੀ ਕਰਨ ਲਈ ਜੋਰ ਲਾਇਆ ਸੀ

दुःशील–ਦੁੱਸ਼ੀਲ, ਵਿ., ਭੈੜੇ ਸੁਭਾਉ ਵਾਲਾ, ਬਦ ਚਲਣ

दुःशीलता–ਦੁੱਸ਼ੀਲਤਾ, ਇ., ਬਦਮਾਸ਼ੀ, ਬਦਚਲਣੀ, ਲੁੱਚਪਣਾ

दुःसह–ਦੁੱਸਹ, ਵਿ., ਜੋ ਸ਼ਰੀ ਨਾ ਜਾਵੇ, ਅਸਹਿ

दुःसाध्य–ਦੁੱਸਾਧਜ, ਵਿ., ਕਠਿਨ, ਔਖਾ, ਮੁਸ਼ਕਲ

दुःसाहस–ਦੁੱਸਾਹਸ, ਪੁ., ਵਾਧੂ ਹਿੰਮਤ, ਫਜ਼ੂਲ ਤਰੱਦਦ

दुःसाहसिक–ਦੁੱਸਾਹਸਿਕ, ਵਿ., ਵਾਧੂ ਖੇਚਲ ਕਰਨ ਵਾਲਾ

दुःस्थिति–ਦੁੱਸਥਿਤਿ, ਇ., ਭੈੜੀ ਹਾਲਤ, ਦੁਰਦਸਾ

दुःस्वप्न–ਦੁੱਸ੍ਵਪਨ, ਪੁ., ਭੈੜਾ ਸੁਫਨਾ

दुःस्वभाव–ਦੁੱਸ੍ਵਭਾਵ, ਪੁ., ਭੈੜਾ ਸੁਭਾਉ, ਖਰਾਬ ਆਦਤ

दु–ਦੁ, ਵਿ., ਦੋ

दुअन–ਦੁਅਨ, ਵਿ., ਵੈਰੀ, ਦੁਸ਼ਮਣ. ਭੈੜਾ

दुआ–ਦੁਆ, ਇ., ਦਰਖਾਸਤ, ਬੇਨਤੀ, ਅਸੀਸ

दुआदस–ਦੁਆਦਸ, ਪੁ., ਦੋ ਤੇ ਦਸ, ਬਾਰਾਂ

दुआबा–ਦੁਆਬਾ, ਪੁ., ਦੋ ਨਦੀਆਂ ਦੇ ਵਿਚਕਾਰਲਾ ਦੇਸ

दुआल–ਦੁਆਲ, ਇ., ਚਮੜਾ, ਰਕਾਬ ਦਾ ਤਸਮਾ

दुइ–ਦੁਇ, ਵਿ., ਦੋ

दुइज–ਦੁਇਜ, ਇ., ਦੂਜ ਤਿਥ

दुऊ–ਦੁਊ, ਵਿ., ਦੋਨੋਂ, ਦੋਏ

दुकड़हा–ਦੁਕੜਹਾ, ਵਿ., ਜਿਸ ਦਾ ਮੁੱਲ ਦੋ ਦਮੜੀ ਹੋਵੇ, ਨੀਚ, ਕਮੀਣਾ

दुकड़ा–ਦੁਕੜਾ, ਪੁ., ਇਕ ਨਾਲ ਲਗੀਆਂ ਦੋ ਚੀਜ਼ਾਂ, ਇਕ ਪੈਸੇ ਦਾ ਚੌਥਾ ਹਿੱਸਾ, ਜੋੜਾ

दुकड़ी–ਦੁਕੜੀ, ਵਿ., ਜੋੜੀ, ਦੁੱਕੀ, ਦੋ ਘੋੜੇ ਦੀ ਗੱਡੀ

दुकना–ਦੁਕਨਾ, ਕ੍ਰਿ., ਲੁਕਣਾ, ਛਿਪਣਾ

दुकान–ਦੁਕਾਨ, ਇ., ਹੱਟੀ

दुकाल–ਦੁਕਾਲ, ਪੁ., ਭੈੜਾ ਸਮਾ, ਕਾਲ, ਅੰਨ ਸੰਕਟ

दुकुल्ली–ਦੁਕੁੱਲੀ, ਇ., ਚੰਮ ਨਾਲ ਮੜ੍ਹਿਆ ਇਕ ਪੁਰਾਣਾ ਵਾਜਾ

दुकूल–ਦੁਕੂਲ, ਪੁ., ਬਰੀਕ ਕਪੜਾ

दुकेला–ਦੁਕੇਲਾ, ਵਿ., ਜੋ ਇਕੱਲਾ ਨਾ ਹੋਵੇ

दुकेले–ਦੁਕੇਲੇ, ਕ੍ਰਿ. ਵਿ., ਦੂਸਰੇ ਨੂੰ ਨਾਲ ਲਈਂ

दुक्कड़–ਦੁੱਕੜ, ਪੁ., ਸ਼ਹਿਨਾਈ ਨਾਲ ਬਜਾਉਣ ਵਾਲਾ ਨਗਾਰਾ ਦੋਂਹ ਬੇੜੀਆਂ ਦਾ ਬੇੜਾ

दुक्का–ਦੁੱਕਾ, ਵਿ., ਜੋ ਅਕੇਲਾ ਨਾ ਹੋਵੇ, ਜੋੜਾ

दुक्की–ਦੁੱਕੀ, ਇ., ਤਾਸ ਦਾ ਪੱਤਾ, ਦੋ ਬੂਟੀਆਂ ਵਾਲਾ ਪੱਤਾ

दुखंडा–ਦੁਖੰਡਾ, ਵਿ., ਦੋ ਮੰਜਲਾ, ਦੂਛੱਤਾ

दुख–ਦੁਖ, ਪੁ., ਦੇਖੋ ਦੁੱਖ (दुःख)

दुखड़ा–ਦੁਖੜਾ,ਪੁ., ਦੁੱਖਾਂ ਭਰਿਆ ਹਾਲ, ਕਸ਼ਟ, ਦੁਖ, ਤਕਲੀਫ ਮੁਸੀਬਤ, ਵਿਪਦਾ

दुखदाई–ਦੁਖਦਾਈ, ਵਿ., ਦੁਖ ਦੇਣ ਵਾਲਾ

दुखदुंद–ਦੁਖਦੁੰਦ, ਪੁ., ਦੁਖਾਂ ਦਾ ਉਪੱਦਰ

दुखना–ਦੁਖਨਾ, ਕ੍ਰਿ., ਪੀੜ ਕਰਨੀ, ਦਰਦ ਕਰਨਾ

दुखरा–ਦੁਖਰਾ, ਪੁ., ਦੇਖੋ ਦੁਖੜਾ (दुखड़ा)

दुखहाया–ਦੁਖਹਾਯਾ, ਵਿ., ਦੁਖਿਤ, ਦੁਖੀ

दुखाना–ਦੁਖਾਨਾ, ਕ੍ਰਿ., ਦੁਖ ਦੇਣਾ

दुखारा–ਦੁਖਾਰਾ, ਵਿ., ਦੁਖੀ

दुखारी–ਦੁਖਾਰੀ, ਵਿ., ਦੁਖਿਆਰੀ, ਦੁਖੀਆ

दुखारो–ਦੁਖਾਰੋ, ਵਿ., ਦੁਖੀਆ

दुखित–ਦੁਖਿਤ, ਵਿ., ਦੁਖੀ

दुखिया–ਦੁਖਿਯਾ, ਵਿ.. ਦੁਖੀ

दुखियारा–ਦੁਖਿਯਾਰਾ. ਵਿ., ਦੁਖੀ

दुखी–ਦੁਖੀ, ਵਿ., ਰੋਗੀ, ਜਿਸ ਨੂੰ ਮਾਨਸਕ ਦੁਖ ਹੋਵੇ

दुखीला–ਦੁਖੀਲਾ, ਵਿ.. ਦੁਖੀਆ

दुखौहां–ਦੁਖੌਹਾਂ, ਵਿ.,•ਦੁਖਦਾਈ, ਦੁਖ ਦੇਣ ਵਾਲਾ

दुगली–ਦੁਗਲੀ, ਪੁ.. ਦੁਨਾਲੀ ਬੰਦੂਕ

दुगदुगी–ਦੂਗਦੁਗੀ, ਇ., ਕੰਠੀ. ਠੋਡੀ ਦੇ ਹੇਠਲਾ ਟੋਆ, ਇਕ ਗਹਿਣਾ

दुगना–ਦੁਗਨਾ, ਵਿ., ਦੂਣਾ, ਦੋ ਗੁਣਾ

दुगासरा–ਦੁਗਾਸਰਾ, ਪੁ.. ਉਹ ਪਿੰਡ ਜੋ ਕਿਸੇ ਕਿਲੇ ਦੇ ਕੋਲ ਹੋਵੇ

दुगुण–ਦੁਗੁਣ, ਵਿ., ਦੋ ਗੁਣਾ, ਦੂਣਾ

दुगुन–ਦੁਗੁਨ, ਵਿ., ਦੇਖੋ ਦੁਗਨਾ (दुगना)

दुग्ग–ਦੁੱਗ, ਪੁ., ਦੁਰਗ, ਕਿਲਾ

दुग्ध–ਦੁਗਧ, ਪੁ., ਦੁੱਧ, ਵਿ., ਚੋਇਆ ਹੋਇਆ

दुग्धतालीय–ਦੁਗਧਤਾਲੀਯ. ਪੁ., ਮਿਲਾਈ

दुग्धतुम्बी–ਦੁਗਧਤੁੰਬੀ, ਪੁ., ਸਫੈਦ ਕੱਦੂ

दुग्धदा–ਦੁਗਧਦਾ, ਵਿ., ਦੁਧ ਦੇਣ ਵਾਲੀ

दुग्धपरिमापकयन्त्र–ਦੁਗਧਪਰਿਮਾਪਕਯੰਤ੍ਰ, ਪੁ., ਦੁੱਧ ਵਿਚ ਪਾਣੀ ਵੇਖਣ ਦੀ ਕਲ, ਲੈਕਟੋਮੀਟਰ

दुग्धपोष्य–ਦੁਗਧਪੋਸ਼ਜ, ਵਿ., ਜਿਸ ਦੀ ਪਾਲਣਾ ਦੁੱਧ ਨਾਲ ਹੀ ਹੋਵੇ

दुग्धफेन–ਦੁਗਧਫੇਨ, ਇ., ਮਿਲ਼ਾਈ, ਦੁੱਧ ਦੀ ਝੱਗ

दुग्धबन्धन–ਦੁਗਧਬੰਧਨ, ਪੁ., ਗਊ ਦੀਆਂ ਟੰਗਾਂ ਬੰਨ੍ਹ ਕੇ ਦੁੱਧ ਚੋਣ ਦੀ ਰੱਸੀ, ਨਿਆਣਾ

दुग्धा–ਦੁਗਧਾ, ਵਿ., ਦੁੱਧ ਵਾਲੀ

दुग्धाक्ष–ਦੁਗਧਾਕਸ਼, ਪੁ., ਇਕ ਤਰ੍ਹਾਂ ਦਾ ਸਫੈਦ ਰਤਨ

दुग्धिका–ਦੁਗਧਿਕਾ, ਵਿ., ਖਿਰਨੀ

दुघ–ਦੁਘ. ਵਿ., ਧਾਰ ਚੋਣ ਵਾਲਾ ਪੁ., ਦੋਝੀ

दुघड़िया–ਦੁਘੜਿਯਾ, ਵਿ., ਦੋ ਘੜੀ ਦਾ

दुघरी–ਦੁਘਰੀ, ਇ., ਦੋ ਘੜੀ

दुचल्ला–ਦੁਚੱਲਾ, ਵਿ., ਢਾਲੂ ਛਤ

दुचित–ਦੁਚਿਤ, ਵਿ., ਜਿਸ ਦਾ ਦਿਲ ਠਿਕਾਣੇ ਨਾ ਹੋਵੇ,ਦੁਚਿੱਤਾ

दुचितई–ਦੁਚਿਤਈ, ਵਿ., ਦੁਚਿੱਤੀ

दुचिताई–ਦੁਚਿਤਾਈ, ਇ., ਮਨ ਦੀ ਇਕਾਗਰਤਾ ਨਾ ਹੋਣ ਦਾ ਭਾਵ, ਖਟਕਾ, ਸ਼ੰਕਾ, ਭਰਮ

दुचित्ता–ਦੁਚਿੱਤਾ, ਵਿ., ਜਿਸ ਦਾ ਮਨ ਕੋਈ ਫੈਸਲਾ ਨਾ ਕਰ ਸਕੇ

दुच्छक–ਦੁੱਛਕ, ਪੁ., ਕਪਕਰੀਚਰ

दुछून–ਦੁਛੂਨ, ਪੁ., ਹਲਕਾਇਆ ਕੁੱਤਾ, ਹਲਕਿਆ ਕੁੱਤਾ ਪਾਗਲ ਕੁੱਤਾ

दुज–ਦੁਜ, ਪੁ., ਬ੍ਰਾਹਮਣ

दुजड़–ਦੁਜੜ, ਇ., ਤਲਵਾਰ, ਖੜਗ

दुजड़ी–ਦੁਜੜੀ, ਇ., ਕਟਾਰ

दुजाति–ਦੁਜਾਤਿ, ਪੁ., ਬ੍ਰਾਹਮਣ

दुजानू–ਦੁਜਾਨੂ, ਕ੍ਰਿ. ਵਿ., ਗੋਡਿਆਂ ਪਰਨੇ

दुजीह–ਦੁਜੀਹ, ਪੁ., ਦਮੂਹਾਂ ਸੱਪ, ਸੁਆਸ, ਸਾਹ

दुटूक–ਦੁਟੁਕ, ਵਿ., ਦੋ ਟੁਕੜਿਆਂ ਵਿਚ ਕੀਤਾ ਹੋਇਆ

दुडि–ਦੁਡਿ, ਇ., ਕੱਛੂ ਦੀ ਮਾਦਾ

दुण्डुक–ਦੁੰਡੁਕ, ਵਿ., ਖੋਟੇ ਦਿਲ ਵਾਲਾ, ਖੁਟਦਿਲਾ

दुण्डुभ–ਦੁੰਡੁਭ, ਪੁ., ਸੱਪ

दुण्डुभा–ਦੁੰਡੁਭਾ, ਇ., ਇਕ ਤਰ੍ਹਾਂ ਦੀ ਸਰ੍ਹੋਂ

दुण्डुभि–ਦੰਡੁਭਿ, ਪੁ., ਨਗਾਰਾ

दुत–ਦੁਤ, ਵਿ., ਜੋ ਦੁਖੀ ਹੋਵੇ

दुत्–ਦੁਤ, ਅਵਜ., ਨਫਰਤ ਭਰਿਆ ਸ਼ਬਦ, ਘਿਰਨਾ ਸੂਚਕ ਸ਼ਬਦ

दुतकार–ਦੁਤਕਾਰ, ਇ., ਧਿਕਾਰ, ਫਿਟਕਾਰ, ਲਾਹਨਤ

दुतकारना–ਦੁਤਕਾਰਨਾ, ਕ੍ਰਿ., ਫਿਟਕਾਰਨਾ, ਧਿਕਾਰਨਾ, ਬੇਇੱਜਤ ਕਰਨਾ

दुतारा–ਦੁਤਾਰਾ, ਪੁ., ਦੋ ਤਾਰਾਂ ਦਾ ਵੱਜਾ

दुति–ਦੁਤਿ. ਇ., ਚਮਕ, ਭਾਹ, ਆਭਾ

दुतिमान–ਦੁਤਿਮਾਨ, ਵਿ., ਚਮਕਦਾਰ, ਚਮਕੀਲਾ

दुतिय–ਦੁਤਿਯ, ਵਿ., ਦੂਜਾ, ਦੂਸਰਾ

दुतिया–ਦੁਤਿਯਾ, ਇ., ਦੂਜ

दुतिवंत–ਦੁਤਿਵੰਤ, ਵਿ., ਚਮਕਦਾਰ, ਸੁੰਦਰ, ਮਨੋਹਰ

दुथरी–ਦੁਥਰੀ, ਇ., ਇਕ ਤਰ੍ਹਾਂ ਦੀ ਮੱਛੀ

दुदल–ਦੁਦਲ, ਵਿ., ਜਿਸ ਵਿਚ ਦੋ ਦਲ ਜਾਂ ਦੋ ਤਹਿਆਂ ਹੋਣ

दुदलाना–ਦੁਦਲਾਨਾ, ਕ੍ਰਿ., ਫਿਟਕਾਰਨਾ

दुदहंडी–ਦੁਧਹੰਡੀ, ਇ., ਦਧੋੜੀ, ਦੁੱਧ ਕਾੜ੍ਹਨ ਦੀ ਤੌੜੀ

दुदामी–ਦੁਦਾਮੀ, ਇਕ ਸੂਤੀ ਕਪੜਾ

दुदिला–ਦੁਦਿਲਾ, ਵਿ., ਦੋ ਚਿੱਤਾ, ਘਾਬਰਿਆ ਹੋਇਆ

दुद्धी–ਦੁੱਧੀ, ਇ., ਸਫੈਦ ਮਿੱਟੀ, ਜੰਗਲੀ ਨੀਲ, ਇਕ ਕਿਸਮ ਦਾ ਘਾਹ, ਖੜੀਆ ਮਿੱਟੀ

दुद्रुम–ਦੁਦ੍ਰਮ, ਪੁ., ਹਰਾ ਪਿਆਜ, ਕੱਚਾ ਗੰਢਾ

दुधपिठवा–ਦੁਧਪਿਠਵਾ, ਪੁ., ਇਕ ਤਰ੍ਹਾਂ ਦੀ ਮਿਠਿਆਈ

दुधमुख–ਦੁਧਮੁਖ, ਵਿ., ਦੁੱਧ ਚੁੰਘਦਾ ਬੱਚਾ

दुधहंडी–ਦੁਧਹੰਡੀ, ਇ., ਦੁਧੋੜੀ, ਦੁੱਧ ਕਾੜ੍ਹਨੀ

दुधांड़ी–ਦੁਧਾਂੜੀ, ਇ., ਦੇਖੋ ਦੁਧਹੰਡੀ (दुधहंडी)

दुधाधारी–ਦੁਧਾਧਾਰੀ, ਵਿ., ਦੁੱਧ ਤੇ ਜੀਉਣ ਵਾਲਾ

दुधार–ਦੁਧਾਰ, ਵਿ., ਦੁੱਧ ਦੇਣ ਵਾਲੀ

दुधारा–ਦੁਧਾਰਾ, ਵਿ.. ਦੋ ਧਾਰਾਂ ਵਾਲਾ ਖੰਡਾ

दुधारी-ਦੁਧਾਰੀ. ਵਿ., ਦੁੱਧ ਦੇਣ ਵਾਲੀ, ਦੇ ਧਾਰੀ ਕਟਾਰ

दुधारू-ਦੁਧਾਰੂ, ਵਿ., ਦਖੋ ਦੁਧਾਰ (दुधार)

दुधिया-ਦੁਧਿਯਾ, ਵਿ., ਜਿਸ ਵਿਚੋਂ ਦੁੱਧ ਨਿਕਲੇ, ਦੁਧ ਰੰਗਾ, ਸਫੈਦ, ਪੁ., ਖੜੀਆ ਮਿੱਟੀ, ਚਗੁੀ

दुधेली-ਦੁਧੇਲੀ ਵਿ., ਦੇਖੋ ਦੁਧੀ (दुद्धी)

दुधैल-ਦੁਧੈਲ, ਵਿ., ਬਹੁਤਾ ਦੁੱਧ ਦੇਣ ਵਾਲੀ

दुध्र-ਦੁਧ੍ਰ. ਵਿ., ਹਿੰਸਕ, ਮਾਰਨ ਵਾਲਾ, ਪ੍ਰੇਰਕ, ਮਾਰਖੋਰ

दुनया-ਦੁਨਯਾ, ਪੁ., ਦੋ ਨਦੀਆਂ ਦਾ ਸੰਗਮ, ਮਿਲਾਪ ਸਥਾਨ

दुनवना-ਦੁਨਵਨਾ, ਕ੍ਰਿ., ਲਚਕ ਕੇ ਦੂਹਰਾ ਹੋਣਾ

दुनाली-ਦੁਨਾਲੀ, ਵਿ., ਦੋ ਗੋਲੀਆਂ ਪੈਣ ਵਾਲੀ ਬੰਦੂਕ

दुनिया-ਦੁਨਿਯਾ, ਇ., ਸੰਸਾਰ, ਲੋਕੀ, ਜਨਤਾ

दुनियाई-ਦੁਨਿਯਾਈ, ਵਿ., ਸੰਸਾਰਕ,ਦੁਨਿਆਵੀ, ਇ., ਸੰਸਾਰ

दुनियादारी-ਦੁਨਿਯਾਦਾਰੀ, ਇ., ਦੁਨੀਆ ਦੇ ਕਾਰੋਬਾਰ, ਆਪਣਾ ਮਤਲਬ

दुनियासाज़ी-ਦੁਨਿਯਾਸਾਜ਼ੀ ਇ., ਸਾਧਣ ਦਾ ਢੰਗ, ਚਾਪਲੂਸੀ, ਖੁਸ਼ਾਮਦ

दुनि-ਦੁਨਿ, ਇ., ਸੰਸਾਰ, ਦੁਨੀਆ

दुन्दु-ਦੁੰਦੁ, ਪੁ., ਵਾਸਦੇਵ, ਨਗਾਰਾ

दुन्दुभि-ਦੁੰਦੁਭਿ, ਪੁ., ਨਗਾਰਾ, ਵੱਡਾ ਢੋਲ

दुन्दुभिक-ਦੁੰਦੁਭਿਕ. ਪੁ.. ਇਕ ਤਰ੍ਹਾਂ ਦਾ ਕੀੜਾ

दुन्दुभिस्वर-ਦੁੰਦੁਭਿਸ੍ਵਰ, ਪੁ., ਨਗਾਰੇ ਦੀ ਆਵਾਜ਼

दुपटा-ਦੁਪਟਾ, ਪੁ., ਦੋ ਪੱਟ ਦੀ ਚਾਦਰ, ਜ਼ਨਾਨਾ ਕਪੜਾ, ਪਿੰਡਾ ਸਾਫ ਕਰਨ ਦਾ ਕਪੜਾ

दुपट्टा-ਦੁਪੱਟਾ, ਪੁ., ਦੇਖੋ ਦੁਪਟਾ, (दुपटा)

दुपट्टी-ਦੁਪੱਟੀ, ਇ., ਚੱਦਰ, ਜ਼ਿਸ ਦੇ ਦੋ ਪੱਟ ਰੋਣ

दुपर्दी-ਦੁਪਰਦੀ. ਇ., ਰੂੰ ਭਰੀ ਜਾਕਟ

दुपलिया-ਦੁਪਲਿਯਾ, ਵਿ., ਦੋ ਪੱਲੀਆਂ ਵਾਲੀ

दुपहर-ਦੁਪਹਰ, ਇ., ਦੁਪਹਿਰ, ਦੁਪਹਿਰਾ

दुफ़सली-ਦੁਫਸਲੀ, ਵਿ., ਜਿਸ ਜ਼ਮੀਨ ਵਿਚ ਦੋ ਫਸਲਾਂ ਹੋਣ

दुबगली-ਦੁਬਗਲੀ, ਇ., ਮੱਲਾਂ ਦੀ ਕਸਰਤ ਦਾ ਇਕ ਢੰਗ

दुबड़ा-ਦੁਬੜਾ, ਪੁ., ਇਕ ਤਰ੍ਹਾਂ ਦਾ ਘਾਹ

दुबधा-ਦੁਬਧਾ, ਇ., ਮਨ ਦਾ ਇਕਾਗਰ ਨਾ ਹੋਣ ਦਾ ਭਾਵ, ਅੱਗਾ ਪਿੱਛਾ, ਚਿੰਤਾ, ਫਿਕਰ, ਖਟਕਾ

दुबरा-ਦੁਬਰਾ, ਵਿ., ਕਮਜੋਰ. ਮਾੜਾ

दुबराना-ਦੁਬਰਾਨਾ, ਕ੍ਰਿ., ਕਮਜੋਰ ਹੋਣਾ, ਮਾੜਾ ਹੋਣਾ

दुबरालगोला-ਦੁਬਰਾਲਗੋਲਾ, ਪੁ.. ਤੋਪ ਦਾ ਲੰਬਾ ਗੋਲਾ

दुबला-ਦੁਬਲਾ, ਵਿ., ਕਮਜੋਰ, ਮਾੜਾ, ਪਤਲਾ

दुबाइन-ਦੁਬਾਇਨ, ਇ., ਦੁੱਬੇ ਦੀ ਤੀਵੀਂ

दुबागा-ਦਬਾਗਾ, ਪੁ., ਸਣ ਦੀ ਮੋਟੀ ਡੋਰੀ

दुबारा-ਦੁਬਾਰਾ, ਕ੍ਰਿ. ਵਿ., ਦੂਜੀ ਵਾਰ

दुबाहिया-ਦੁਬਾਹਿਯਾ, ਵਿ., ਦੋ ਹੱਥਾਂ ਨਾਲ ਤਲਵਾਰ ਚਲਾਉਣ ਵਾਲਾ

दुबे-ਦੁਬੇ, ਪੁ., ਬ੍ਰਾਹਮਣਾਂ ਦੀ ਇਕ ਮੂਹੀਂ

दुभाखी, दुभाषी-ਦੁਭਾਖੀ. ਦੁਭਾਸ਼ੀ, ਵਿ., ਜੋ ਦੋ ਭਾਸ਼ਾ ਜਾਣਦਾ ਹੋਵੇ

दुमन-ਦੁਮਨ, ਪੁ., ਅਪ੍ਰਸੰਨ, ਨਰਾਜ਼, ਗੁੱਸੇ

दुमाता-ਦੁਮਾਤਾ, ਇ., ਮਤੇਈ, ਬੁਰੀ ਮਾਂ

दुमाला-ਦੁਮਾਲਾ, ਪੁ., ਫੰਧਾ

दुमुहां-ਦੁਮੁਹਾਂ, ਵਿ.. ਜਿਸ ਦੇ ਦੋ ਮੂੰਹ ਹੋਣ

दुरंगा-ਦੁਰੰਗਾ, ਵਿ., ਦੋ ਰੰਗਾਂ ਦਾ

दुरंगी-ਦੁਰੰਗੀ, ਵਿ , ਦੋ ਤਰ੍ਹਾਂ ਦੀ

दुरंद-ਦੁਰੰਦ, ਵਿ., ਅਪਾਰ, ਕਠਨ, ਭਾਰੀ, ਮੁਸ਼ਕਲ

दुरंधा-ਦੁਰੰਧਾ, ਵਿ., ਸਾਰਪਾਰ ਛੇਕ ਵਾਲਾ, ਦੋ ਛੇਕਾਂ ਵਾਲਾ

दुर-ਦੁਰ, ਅਵਜ., ਬੇ ਇੱਜ਼ਤੀ ਦਾ ਸ਼ਬਦ

दुरक्ष-ਦੁਰਕਸ਼, ਪੁ., ਪਾਸਾ, ਚੌਪੜ, ਬੁਰੀ ਨਿਗਾਹ

दुरखा-ਦੁਰਖਾ, ਪੁ., ਫਸਲ ਖਰਾਬ ਕਰਨ ਵਾਲਾ ਕੀੜਾ

दुरचुम-ਦੁਰਚੁਮ, ਪੁ., ਦਰੀ ਦੇ ਦੋ ਦੋ ਤਾਗਿਆਂ ਨੂੰ ਇਕ ਇਕ ਵਿਚ ਬੰਨ੍ਹਣਾ

दुरजन-ਦੁਰਜਨ, ਵਿ., ਭੈੜਾ ਬੰਦਾ

दुरतिक्रम-ਦੁਰਤਿਕ੍ਰਮ, ਵਿ., ਅਪਾਰ, ਪਰਬਲ, ਜਿਸ ਨੂੰ ਕੋਈ ਜਿੱਤ ਨਾ ਸਕੇ

दुरत्यय-ਦੁਰਤਯਯ, ਵਿ., ਜਿਸ ਦਾ ਪਾਰ ਕਰਨਾ ਔਖਾ ਹੋਵੇ

दुरदाम-ਦੁਰਦਾਮ, ਵਿ., ਔਖਿਆਈ ਨਾਲ ਦੂਰ ਹੋਣ ਵਾਲਾ

दुरदाल-ਦੁਰਦਾਲ, ਪੁ., ਹਾਥੀ

दुरदुराना-ਦੁਰਦੁਰਾਨਾ, ਕ੍ਰਿ., ਬੇ ਇੱਜਤ ਕਰਾਉਣਾ, ਨਸਾਉਣਾ

दुरधीत-ਦੁਰਧੀਤ, ਵਿ., ਜੋ ਪੜ੍ਹਿਆ ਤਾਂ ਗਿਆ ਹੋਵੇ ਪਰ ਭਾਵ ਦਾ ਪਤਾ ਨਾ ਲਗਿਆ ਹੋਵੇ

दुरध्व-ਦੁਰਧ੍ਵ, ਪੁ., ਖੋਟਾ ਰਸਤਾ

दुरना-ਦੁਰਨਾ, ਕ੍ਰਿ., ਅੱਖਾਂ ਅੱਗੋਂ ਹਟਣਾ

दुरन्त-ਦੁਰੰਤ, ਵਿ., ਜੋ ਪਹਿਲਾਂ ਚੰਗਾ ਅਤੇ ਪਿਛੋਂ ਬੁਰਾ ਲਗੇ, ਔਖਾ, ਕਠਨ, ਮੁਸ਼ਕਲ

दुरन्तक-ਦੁਰੰਤਕ, ਪੁ., ਸ਼ਿਵ, ਮਹਾਦੇਵ

दुरपदी-ਦੁਰਪਦੀ, ਇ., ਦਰੋਪਦੀ

दुरबचा-ਦੁਰਬਚਾ, ਪੁ., ਇਕ ਤਰ੍ਹਾਂ ਦਾ ਮੋਤੀ

दुरवास-ਦੁਰਬਾਸ, ਪੁ., ਬਦਬੋ, ਦੁਰਗੰਧ

दुरमुस-ਦੁਰਮੁਸ, ਪੁ., ਦੁਰਮੁਟ, ਕੰਕਰ ਮਿੱਟੀ ਆਦਿਕ ਕੁੱਟਣ ਦਾ ਸੰਦ

दुरवस्था-ਦੁਰਵਸਥਾ, ਵਿ.. ਭੈੜੀ ਹਾਲਤ, ਬੁਰੀ ਦਸ਼ਾ

दुरस-ਦੁਰਸ, ਪੁ., ਸਕਾ ਭਾਈ

दुराकांक्षा-ਦੁਰਾਕਾਂਕਸ਼ਾ, ਇ., ਭੈੜੇ ਕੰਮ ਦੀ ਇੱਛਿਆਂ

दुराकृति-ਦੁਰਾਕ੍ਰਿਤਿ, ਵਿ., ਬਦਸ਼ਕਲ, ਕੁਸੋਹਣਾ

दुराक्रन्द-ਦੁਰਾਕ੍ਰੰਦ, ਪੁ., ਦੁਖਾਂ ਭਰਿਆ ਰੋਣ, ਬੁਰਾ ਰੋਣ

दुराक्रम-ਦੁਰਾਕ੍ਰਮ, ਵਿ., ਜਿਸ ਤੇ ਮੁਸ਼ਕਲ ਨਾਲ ਹੱਲਾ ਕੀਤਾ ਜਾ ਸਕੇ

दुराक्रोश–ਦੁਰਾਕ੍ਰੋਸ਼, ਪੁ., ਦੁਖਾਂ ਭਰਿਆ ਵਿਰਲਾਪ

दुरागत–ਦੁਰਾਗਤ, ਵਿ.. ਦੁਖੀ

दुरागम–ਦੁਰਾਗਮ, ਪੁ., ਭੈੜੀ ਤਰ੍ਹਾਂ ਪ੍ਰਾਪਤ ਕਰਨ ਦਾ ਭਾਵ

दुरागौन–ਦੁਰਾਗੌਨ, ਪੁ., ਦਰੋਜਾ, ਬਹੂ ਦਾ ਤੀਜੀ ਵਾਰੀ ਸੌਹਰੀਂ ਆਉਣ ਦਾ ਭਾਵ

दुराग्रह–ਦੁਰਾਗ੍ਰਹ, ਪੁ.. ਭੈੜਾ ਹਠ, ਨਿਕੰਮੀ ਜ਼ਿੱਦ

दुराग्रही–ਦੁਰਾਗ੍ਰਹੀ, ਵਿ., ਨਿਕੰਮੀ ਜ਼ਿੱਦ ਕਰਨ ਵਾਲਾ, ਹਠੀ

दुराचरण, दुराचार–ਦੁਰਾਚਰਣ. ਦੁਰਾਚਾਰ, ਪੁ., ਭੈੜਾ ਚਾਲ ਚਲਣ

दुराचारी–ਦੁਰਾਚਾਰੀ. ਵਿ., ਬਦਮਾਸ਼, ਲੁੱਚਾ, ਭੈੜੇ ਚਾਲ ਚਲਣ ਵਾਲਾ

दुराज–ਦੁਰਾਜ, ਪੁ., ਭੈੜੀ ਹਕੂਮਤ, ਖੋਟਾ ਰਾਜ, ਉਹ ਰਾਜ ਜਿਥੇ ਦੋ ਰਾਜੇ ਰਾਜ ਕਰਦੇ ਹੋਣ

दुराजी–ਦੁਰਾਜੀ, ਵਿ., ਦੋ ਰਾਜਿਆਂ ਦਾ

दुराढ्यसम्भव–ਦੁਰਾਢਜਸੰਭਵ, ਪੁ., ਜੋ ਬੜਾ ਔਖਾ ਹੋ ਕੇ ਚੰਗੀ ਹਾਲਤ ਵਿਚ ਹੋਇਆ ਹੋਵੇ

दुरात्मता–ਦੁਰਾਤਮਤਾ, ਇ.. ਭੈੜੇ ਆਦਮੀ ਦਾ ਕੰਮ

दुरात्मा–ਦੁਰਾਤਮਾ, ਵਿ., ਨੀਚ, ਦੁਸ਼ਟ, ਖੋਟਾ ਆਦਮੀ

दुरादुरी–ਦੁਰਾਦੁਰੀ, ਪੁ., ਲੁਕਾਉ ਛਿਪਾਉ

दुराधर्ष–ਦੁਰਾਧਰਸ਼, ਪੁ., ਸਫੇਦ ਸਰੋਂ. ਵਿਸ਼ਨੂੰ, ਵਿ., ਜਿਸ ਦਾ ਨਾਸ ਔਖਾ ਹੋਵੇ, ਹੰਕਾਰੀ ਘਮੰਡੀ

दुरानम–ਦੁਰਾਨਮ. ਵਿ.. ਜੋ ਔਖੇ ਹੀ ਰੱਜੇ

दुराना–ਦੁਰਾਨਾ, ਕ੍ਰਿ., ਦੂਰ ਹੋਣਾ, ਹਟਣਾ, ਹਟਾਉਣਾ, ਛਿਪਾਉਣਾ, ਛੱਡਣਾ

दुराप–ਦੁਰਾਪ, ਵਿ., ਔਖੇ ਹੀ ਪ੍ਰਾਪਤ ਹੋਣ ਜੋਗ

दुराम्नाय–ਦੁਰਾਮ੍ਨਾਯ, ਵਿ., ਜੋ ਵੱਡੀ ਔਖਿਆਈ ਨਾਲ ਕਾਬੂ ਲਾਇਆ ਜਾ ਸਕੇ

दुरारक्ष्य–ਦੁਰਾਰਕਸ਼ਜ, ਵਿ.. ਜੋ ਔਖੇ ਹੀ ਬਚਾਇਆ ਜਾ ਸਕੇ, ਜਿਸ ਨੂੰ ਖੁਸ਼ ਕਰਨਾ ਔਖਾ ਹੋਵੇ

दुराराध्य–ਦੁਰਾਰਾਧਯ, ਵਿ., ਜੋ ਔਖੇ ਹੀ ਪੂਜਿਆ ਜਾ ਸਕੇ, ਜਿਸ ਨੂੰ ਖੁਸ਼ ਕਰਨਾ ਔਖਾ ਹੋਵੇ

दुरारुह–ਦੁਰਾਰੁਹ, ਪੁ., ਬਿਲ ਦਾ ਰੁੱਖ, ਨਰੇਲ ਦਾ ਰੁੱਖ

दुरारुहा–ਦੁਰਾਰੂਹਾ, ਇ., ਖਜੂਰ ਦਾ ਰੁੱਖ, ਬਾਂਸ

दुरारोह–ਦੁਰਾਰੋਹ, ਪੁ.. ਗਿਰਗਿਟ. ਕੋਹੜ ਕਿਰਲਾ, ਖਜੂਰ, ਵਿ., ਜਿਸ ਤੇ ਚੜ੍ਹਨਾ ਔਖਾ ਹੋਵੇ

दुरारोहा–ਦੁਰਾਰੋਹਾ, ਪੁ., ਦੇਖੋ ਦੁਰਾਰੋਹ (दुरारोह)

दुरालभ–ਦੁਰਾਲਭ, ਵਿ., ਜਿਸ ਦਾ ਮਿਲਣਾ ਔਖਾ ਹੋਵੇ, ਦੁਰਲਭ

दुरालम्भ–ਦੁਰਾਲੰਭ, ਵਿ., ਦੇਖੋ ਦੁਰਾਲਭ (दुरालभ)

दुरालाप–ਦੁਰਾਲਾਪ, ਪੁ., ਗਾਲ ਗਲੋਜ, ਭੈੜੀਆਂ ਗੱਲਾਂ, ਕੌੜਾ ਵਚਨ

दुरालोक–ਦੁਰਾਲੋਕ, ਵਿ., ਬਹੁਤ ਚਮਕਦਾਰ, ਬਹੁਤ ਸਫੇਦ, ਪੁ., ਚਮਕ, ਲਿਸ਼ਕ

दुराव–ਦੁਰਾਵ, ਪੁ., ਕਪਟ, ਛਲ

दुरावर्त–ਦੁਰਾਵਰਤ, ਵਿ., ਜੋ ਔਖਿਆਈ ਨਾਲ ਘੁਮਾਇਆ ਜਾਵੇ

दुराश–ਦੁਰਾਸ਼, ਵਿ., ਭੈੜੀ ਆਸ਼ਾ ਵਾਲਾ, ਬੁਰੇ ਖਿਆਲਾਂ ਵਾਲਾ

दुराशय–ਦੁਰਾਸ਼ਯ, ਪੁ.. ਦੁਸ਼ਟ ਆਸ਼ਾ, ਭੈੜਾ ਖਿਆਲ, ਨਿਕੰਮਾ ਮਤਲਬ

दुराशा–ਦੁਰਾਸ਼ਾ. ਇ., ਵਾਧੂ ਆਸ਼ਾ, ਭੈੜੀ ਇੱਛਿਆ

दुरास–ਦੁਰਾਸ, ਵਿ., ਜੋ ਹਾਰੇ ਨਾ, ਜੋ ਜਿਤਿਆ ਨਾ ਜਾ ਸੰਕੇ

दुरासद–ਦੁਰਾਸਦ, ਵਿ., ਜੋ ਔਖਿਆਈ ਨਾਲ ਲੱਭੇ

दुराहर–ਦੁਰਾਹਰ, ਵਿ., ਜੋ ਔਖਿਆਈ ਨਾਲ ਖਾਧਾ ਜਾ ਸਕੇ

दुराहा–ਦੁਰਾਹਾ, ਵਿ., ਅਭਾਗਾ, ਬਦਕਿਸਮਤ

दुरित–ਦੁਰਿਤ, ਪੁ., ਪਾਪ, ਭੈੜ, ਛੋਟਾ ਪਾਪ, ਵਿ., ਪਾਪੀ

दुरितदमनी–ਦੁਰਿਤਦਮਨੀ, ਵਿ., ਪਾਪ ਦਾ ਨਾਸ ਕਰਨ ਵਾਲਾ, ਇ., ਜੰਡੀ ਦਾ ਰੁੱਖ

दुरितारि–ਦੁਰਿਤਾਰਿ, ਵਿ., ਪਾਪ ਨਾਸ ਕਰਨ ਵਾਲਾ

दुरियाना–ਦੁਰਿਯਾਨਾ, ਕ੍ਰਿ., ਦੂਰ ਕਰਨਾ, ਦੁਰਕਾਰਨਾ

दुरीश–ਦੁਰੀਸ਼, ਪੁ., ਨਿੰਦਤ ਮਾਲਕ

दुरीषणा–ਦੁਰੀਸ਼ਣਾ, ਇ., ਸਰਾਪ, ਬਦ ਦੁਆ, ਬੁਰੀ ਨੀਅਤ

दुरुक्त. दुरुक्ति–ਦੁਰੁਕ੍ਤ, ਦੁਰੁਕ੍ਤਿ, ਪੁ., ਇ., ਕੌੜੀ ਗੱਲ. ਮੰਦਾ ਵਾਕ

दुरुखा–ਦੁਰੁਖਾ, ਵਿ., ਦੁਪਾਸੜ, ਜਿਸ ਦੇ ਦੁਹਾਂ ਪਾਸੇ ਮੂੰਹ ਹੋਵੇ

दुरुत्तर–ਦੁਰੁੱਤਰ, ਵਿ., ਜਿਸ ਨੂੰ ਪਾਰ ਕਰਨਾ ਔਖਾ ਹੋਵੇ, ਜਿਸ ਦਾ ਜਵਾਬ ਨਾ ਹੋਵੇ

दुरुत्तोल्य–ਦਰੁੱਤੋਲਜ, ਵਿ., ਜੋ ਮੁਸ਼ਕਲ ਨਾਲ ਤੋਲਿਆ ਜਾ ਸਕੇ

दुरुत्सह–ਦੁਰੁਤਸਹ, ਵਿ., ਅਸਹਿ. ਨਾ ਸਹਿਣ ਜੋਗ

दुरुदय–ਦੁਰੁਦਯ. ਵਿ., ਜੋ ਚੰਗੀ ਤਰ੍ਹਾਂ ਨਾ ਦਿਸੇ

दुरुदाहर–ਦੁਰੁਦਾਹਰ, ਵਿ., ਜਿਸ ਦੀ ਮਿਸਾਲ ਆਮ ਨਾ ਮਿਲੇ

दुरुपचार–ਦੁਰੁਪਚਾਰ. ਵਿ., ਭੈੜਾ ਵਰਤਾਰਾ, ਕੋਝਾ ਵਿਵਹਾਰ

दुरुपयोग–ਦੁਰੁਪਜੋਗ, ਪੁ., ਭੈੜੀ ਵਰਤੋਂ, ਗਲਤ ਇਸਤੇਮਾਲ

दुरुपाय–ਦੁਰੁਪਾਯ, ਪੁ., ਭੈੜਾ ਖਿਆਲ, ਕੋਝਾ ਖਿਆਲ

दुरुम–ਦੁਰੁਮ, ਪੁ., ਪਤਲੇ ਦਾਣੇ ਦੀ ਕਣਕ

दुरुस्त–ਦੁਰੁਸ੍ਤ. ਵਿ., ਅਮਲੀ, ਸਹੀ, ਠੀਕ, ਬੇਐਬ

दुरुस्ती–ਦੁਰੁਸ੍ਤੀ, ਇ., ਸੁਧਾਈ. ਸੁਧਾਰ

दुरूह–ਦੁਰੂਹ, ਵਿ., ਕਠਨ, ਮੁਸ਼ਕਲ. ਔਖਾ, ਜੋ ਛੇਤੀ ਸਮਝਿਆ ਨਾ ਜਾ ਸਕੇ

दुरोक–ਦੁਰੋਕ, ਵਿ., ਰਹਿਣ ਦੇ ਅਜੋਗ ਥਾਂ

दुरोदर–ਦੁਰੋਦਰ. ਪੁ., ਪਾਸਾ, ਜੂਆ, ਦਾਉ

दुरोह–ਦੁਰੋਹ, ਪੁ., ਨਾਗ ਕੇਸਰ ਦਾ ਬੂਟਾ

दुरौंधा–ਦੁਰੌਂਧਾ. ਪੁ.. ਬੂਹੇ ਉਤਲੀ ਲੱਕੜ

दुर्ग–ਦੁਰਗ, ਪੁ., ਕੋਟ, ਕਿਲਾ, ਗੜ੍ਹ, ਇਕ ਦੈਂਤ

दुर्गत–ਦੁਰਗਤ, ਇ., ਦੁਰਦਸ਼ਾ, ਭੈੜੀ ਹਾਲਤ, ਵਿ., ਜਿਸ ਦੀ ਹਾਲਤ ਖਰਾਬ ਹੋਵੇ, ਗਰੀਬ, ਕੰਗਾਲ

दुर्गतता–ਦੁਰਗਤਤਾ, ਇ., ਦਰਿਦਰਤਾ, ਕੰਗਾਲੀ, ਗਰੀਬੀ

दुर्गति–ਦੁਰਗਤਿ, ਇ., ਨਰਕ, ਬੁਰੀ ਹਾਲਤ, ਔਖਾ ਰਾਹ, ਵਿ., ਗਰੀਬ, ਕੰਗਾਲ

दुर्गन्ध–ਦੁਰਗੰਧ, ਪੁ., ਬਦਬੂ, ਕਾਲਾ ਲੂਣ, ਵਿ., ਬਦਬੂ ਵਾਲਾ

दुर्गन्धता–ਦੁਰਗੰਧਤਾ, ਇ., ਬਦਬੂ ਆਉਣ ਦਾ ਭਾਵ

दुर्गन्धी–ਦੁਰਗੰਧੀ, ਵਿ., ਬਦਬੂ ਵਾਲਾ, ਜਿਸ ਵਿਚੋਂ ਬੋ ਆਉਂਦੀ ਹੋਵੇ

दुर्गपति–ਦੁਰਗਪਤਿ, ਪੁ., ਕਿਲੇ ਦਾ ਰਾਖਾ, ਕਿਲੇਦਾਰ

दुर्गपाल–ਦੁਰਗਪਾਲ, ਪੁ., ਕਿਲੇਦਾਰ

दुर्गम–ਦੁਰਗਮ, ਵਿ., ਜਿਥੇ ਜਾਣਾ ਔਖਾ ਹੋਵੇ, ਪੁ., ਬਣ, ਜੰਗਲ

दुर्गमणीय–ਦੁਰਗਮਣੀਜ, ਵਿ., ਜਿਥੇ ਪਹੁੰਚਣਾ ਔਖਾ ਹੋਵੇ

दुर्गमता–ਦੁਰਗਮਤਾ, ਇ , ਮੁਸ਼ਕਲ, ਔਖਿਆਈ, ਔਖਾ

दुर्गरक्षक–ਦੁਰਗਰਕਸ਼ਕ, ਪੁ., ਕਿਲੇਦਾਰ, ਕਿਲੇ ਦਾ ਰਾਖਾ

दुर्गलंघन–ਦੁਰਗਲੰਘਨ, ਪੁ., ਉੱਠ, ਬੋਤਾ

दुर्गा–ਦੁਰਗਾ, ਇ., ਦੇਵੀ, ਆਦਿ ਸ਼ਕਤੀ, ਨੌ ਵਰ੍ਹੇ ਦੀ ਕੁੜੀ, ਇਕ ਰਾਗਣੀ

दुर्गुण–ਦੂਰਗੁਣ, ਪੁ., ਐਬ, ਭੈੜ, ਦੋਸ਼, ਖੋਟ

दुर्ग्रह–ਦੁਰਗ੍ਰਹ, ਵਿ., ਜੋ ਮੁਸ਼ਕਲ ਨਾਲ ਜਾਣਿਆ ਜਾਵੇ

दुर्घट–ਦੁਰਘਟ, ਵਿ., ਜੋ ਮੁਸ਼ਕਲ ਨਾਲ ਬਣ ਸਕੇ

दुर्घटना–ਦੁਰਘਟਨਾ, ਇ., ਆਫਤ, ਵਿਪਤਾ, ਹਾਦਸਾ

दुर्घोष–ਦੁਰਘੋਸ਼, ਪੁ., ਰਿੱਛ; ਭਾਲੂ. ਕੌੜੀ ਗੱਲ, ਵਿ., ਜੋ ਕੌੜ ਬੋਲੇ

दुर्जन–ਦੁਰਜਨ, ਪੁ.. ਭੈੜਾ ਬੰਦਾ, ਖੋਟਾ ਆਦਮੀ

दुर्जनता–ਦੁਰਜਨਤਾ, ਇ., ਖੁਟਿਆਈ, ਭੈੜ

दुर्जर–ਦੁਰਜਰ, ਵਿ., ਮੁਸ਼ਕਲ ਨਾਲ ਪਚਣ ਵਾਲਾ, ਪੁ., ਕਕੜੀ, ਤਰ

दुर्जेय–ਦੁਰਜੇਜ, ਵਿ., ਜੋ ਮੁਸ਼ਕਲ ਨਾਲ ਜਿੱਤਿਆ ਜਾ ਸਕੇ

दुर्ज्ञेय–ਦੁਰਗਜੇਜ. ਵਿ., ਜੋ ਸਮਝ ਵਿਚ ਨਾ ਆਵੇ

दुर्दम–ਦੁਰਦਮ. ਵਿ., ਬਲਵਾਨ, ਜੋ ਆਸਾਨੀ ਨਾਲ ਨਾ ਜਿਤਿਆ ਜਾ ਸਕੇ

दुर्दमनीय–ਦੁਰਦਮਨੀਜ, ਵਿ., ਬਲਵਾਨ, ਸਿਸ ਨੂੰ ਮਾਰਨਾ ਔਖਾ ਹੋਵੇ

दुर्दम्य–ਦੁਰਦਮਜ, ਵਿ., ਦੇਖੋ ਦੁਰਦਮ (दुर्दम)

दुर्दशा–ਦੁਰਦਸ਼ਾ, ਇ., ਭੈੜੀ ਹਾਲਤ, ਮੰਦੇ ਭਾਗ

दुर्दान्त–ਦੁਰਦਾਂਤ, ਵਿ., ਬਲਵਾਨ, ਪਰਬਲ, ਪਰਚੰਡ, ਜਿਸ ਦਾ ਨਾਸ ਕਰਨਾ ਕਠਨ ਹੋਵੇ

दुर्दिन–ਦੁਰਦਿਨ, ਪੁ., ਬੁਰੇ ਦਿਨ, ਦੁਖ ਦਾ ਸਮਾ, ਬੱਦਲਾਂ ਵਾਲਾ ਦਿਨ

दुर्दैव–ਦੁਰਦੈਵ, ਪੁ., ਮਾੜੀ ਕਿਸਮਤ, ਭੈੜਾ ਸੰਜੋਗ,ਦੁਰਭਾਗ

दुर्द्रुम–ਦੁਰਦ੍ਰੁਮ, ਪੁ., ਪਿਆਜ, ਗੰਢਾ

दुर्धर–ਦੁਰਧਰ, ਪੁ., ਇਕ ਨਰਕ ਦਾ ਨਾਉਂ, ਪਾਰਾ ,ਵਿ., ਮੁਸ਼ਕਲ ਨਾਲ ਹੋਣ ਵਾਲਾ, ਬਲਵਾਨ, ਤਿੱਖਾ, ਜੋ ਸਹਿਜੇ ਹੀ ਸਮਝ ਵਿਚ ਨਾ ਆ ਸਕੇ

दुर्धर्ष–ਦੁਰਧਰਸ਼, ਵਿ., ਤਾਕਤ ਵਾਲਾ, ਬਲਵਾਨ, ਜਿਸ ਦਾ ਜਿੱਤਣਾ ਔਖਾ ਹੋਵੇ

दुर्नय–ਦੁਰਨਯ, ਪੁ., ਬੁਰੀ ਵਰਤੋਂ, ਨੀਤੀ ਖਿਲਾਫ ਆਚਰਣ

दुर्नीति–ਦੁਰਨੀਤਿ, ਇ., ਬੇ ਇਨਸਾਫੀ, ਕੋਝਾ ਆਚਰਣ

दुर्वचन–ਦੁਰਬਚਨ, ਪੁ., ਭੈੜੀ ਗੱਲ, ਕੌੜਾ ਬੋਲ

दुर्बल–ਦੁਰਬਲ, ਵਿ., ਕਮਜੋਰ, ਮਾੜਚੂ, ਨਤਾਕਤਾ

दुर्बलता–ਦੁਰਬਲਤਾ, ਇ., ਕਮਜੋਰੀ, ਮਾੜਾਪਣ

दुर्बोध–ਦੁਰਬੋਧ, ਵਿ., ਔਖਾ, ਮੁਸ਼ਕਲ, ਗੂੜ੍ਹਾ

दुर्भक्ष–ਦੁਰਭਕਸ਼, ਵਿ., ਬੇਸੁਆਦ, ਜੋ ਛੇਤੀ ਨਾ ਖਾਧਾ ਜਾ ਸਕੇ

दुर्भग–ਦੁਰਭਗ, ਵਿ., ਅਭਾਗਾ, ਮੰਦਭਾਗਾ

दुर्भर–ਦੁਰਭਰ, ਵਿ., ਜੋ ਚੁੱਕਿਆ ਨਾ ਜਾ ਸਕੇ, ਭਾਰੀ, ਬੋਝਲ ਵਜ਼ਨੀ, ਦੁੱਭਰ

दुर्भाग्य–ਦੁਰਭਾਗਜ. ਵਿ., ਅਭਾਗਾ, ਬਦਕਿਸਮਤ

दुर्भाव–ਦੁਰਭਾਵ, ਪੁ., ਭੈੜਾ ਖਿਆਲ, ਐਬ, ਕੋਝਾ ਖਿਆਲ

दुर्भावना–ਦੁਰਭਾਵਨਾ, ਇ., ਚਿੰਤਾ, ਫਿਕਰ, ਖਟਕਾ, ਅੰਦੇਸ਼ਾ, ਕੋਝਾ ਖਿਆਲ

दुर्भिक्ष–ਦੁਰਭਿਕਸ਼, ਪੁ., ਕਾਲ, ਕਹਿਤ, ਅੰਨ ਦਾ ਤੋੜਾ

दुर्भृत्य–ਦੁਰਭ੍ਰਿਤਜ, ਪੁ., ਖਰਾਬ ਨੌਕਰ

दुर्भेद्य–ਦੁਰਭੇਦ, ਵਿ., ਜੋ ਛੇਤੀ ਨਾ ਵਿੰਨ੍ਹਿਆ ਜਾ ਸਕੇ

दुर्मति–ਦੁਰਮਤਿ, ਇ., ਬੇ ਸਮਝੀ, ਬੇਅਕਲੀ, ਕਮਅਕਲੀ

दुर्मद–ਦੁਰਮਦ, ਵਿ., ਨਸ਼ੇ ਵਿਚ ਚੂਰ, ਹੰਕਾਰੀ

दुर्मनस–ਦੁਰਮਨਸ, ਵਿ., ਦੁਖੀ, ਉਦਾਸ, ਬੁਰੇ ਮਨ ਦਾ

दुर्मन्त्रणा–ਦੁਰਮੰਤ੍ਰਣਾ, ਇ.. ਭੈੜੀ ਸਲਾਹ, ਖੋਟੀ ਰਾਇ

दुर्मन्त्रित–ਦੁਰਮੰਤ੍ਰਤ, ਵਿ., ਜਿਸ ਨੇ ਠੀਕ ਰਾਇ ਨਾ ਦਿਤੀ ਹੋਵੇ

दुर्मन्त्री–ਦੁਰਮੰਤ੍ਰੀ, ਪੁ , ਦੁਸ਼ਟ ਮੰਤਰੀ

दुर्मर–ਦੁਰਮਰ, ਵਿ., ਜਿਸ ਦੇ ਔਖੇ ਹੀ ਸਾਹ ਨਿਕਲਣ

दुर्मरण–ਦੁਰਮਰਣ, ਪੁ., ਬੁਰੀ ਤਰ੍ਹਾਂ ਨਾਲ ਹੋਣ ਵਾਲੀ ਮੌਤ

दुर्मर्ष–ਦੁਰਮਰਸ਼, ਪੁ., ਜੋ ਬਰਦਾਸ਼ਤ ਕਰਨਾ ਔਖਾ ਹੋਵੇ

दुर्मर्षित–ਦੁਰਮਰਸ਼ਿਤ, ਵਿ., ਜੋ ਵੈਰ ਕੱਢਣ ਦੀ ਤਾਕ ਵਿਚ ਹੋਵੇ

दुर्मित्र–ਦੁਰਮਿੱਤ੍ਰ, ਪੁ., ਦੁਸ਼ਮਣ, ਵੈਰੀ

दुर्मुख–ਦੁਰਮੁਖ, ਪੁ., ਘੋੜਾ, ਰਾਮ ਚੰਦਰ ਜੀ ਦੀ ਫੌਜ ਦਾ ਇਕ ਬਾਂਦਰ, ਗਣੇਸ਼ ਦਾ ਇਕ ਗਣ

दुर्मुखा–ਦੁਰਮੁਖਾ, ਇ., ਸਫੇਦ ਰੱਤਕ

दुर्मुस–ਦੁਰਮੁਸ, ਪੁ., ਦੁਰਮੁਟ

दुर्मेधस्–ਦੁਰਮੇਧਸ, ਵਿ., ਨਾ ਸਮਝ, ਮੂਰਖ

दुर्य–ਦੁਰਯ, ਪੁ., ਘਰ, ਬਹੇ ਦਾ ਖੰਭਾ

दुर्यश–ਦੁਰਜਸ਼, ਪੁ., ਅਪਜਸ, ਨਿੰਦਿਆ

दुर्योध–ਦੁਰਜੋਧ, ਵਿ., ਲੜਾਕਾ, ਜੁੱਧ ਵਿਚ ਥਿਰ ਰਹਿਣ ਵਾਲਾ

दुर्योधन–ਦੁਰਜੋਧਨ, ਪੁ.. ਧ੍ਰਿਤਰਾਸ਼ਟਰ ਦਾ ਪੁੱਤਰ, ਕੌਰਵ ਕੁਲ ਦਾ ਰਾਜਾ

दुर्योनि–ਦੁਰਜੋਨਿ, ਵਿ., ਨੀਵੀਂ ਜਾਤ ਵਾਲਾ, ਕਮੀਣਾ

दुर्रा–ਦੁਰਰਾ, ਪੁ., ਕੋਰੜਾ, ਹੰਟਰ

दुर्रानी–ਦੁਰਰਾਨੀ, ਪੁ.. ਅਫਗਾਨਾਂ ਦੀ ਇਕ ਜਾਤ

दुर्लक्ष्य–ਦੁਰਲਕਸ਼ਜ, ਪੁ., ਬਦਨੀਯਤ, ਭੈੜਾ ਖਿਆਲ, ਵਿ., ਜੋ ਮੁਸ਼ਕਲ ਨਾਲ ਦਿਖਾਈ ਦੇਵੇ

दुर्लभ–ਦੁਰਲਭ, ਵਿ., ਮੁਸ਼ਕਲ ਨਾਲ ਮਿਲਣ ਵਾਲਾ, ਬਹੁਤ ਵਧੀਆ, ਅਨੋਖਾ, ਪਿਆਰਾ

दुर्वचन–ਦੁਰਵਚਨ, ਪੁ., ਗਾਲ, ਭੈੜੀ ਗੱਲ

दुर्वह–ਦੁਰਵਹ, ਵਿ., ਜੋ ਚੁਕ ਕੇ ਲੈ ਜਾਣਾ ਔਖਾ ਮਲੂਮ ਹੋਵੇ

दुर्वाच, दुर्वाद–ਦੁਰਵਾਚ, ਦੁਰਵਾਦ, ਪੁ., ਅਨੁਚਿਤ ਗੱਲ, ਖੋਟਾ ਵਚਨ, ਕੌੜੀ ਗੱਲ

दुर्वादी–ਦੁਰਵਾਦੀ, ਵਿ., ਹੁੱਜਤੀ, ਨਿੰਦਕ

दुर्वार–ਦੁਰਵਾਰ, ਵਿ., ਜਿਸ ਦਾ ਹਟਾਉਣਾ ਕਠਨ ਹੋਵੇ

दुर्वार्ता–ਦੁਰਵਾਰਤਾ, ਇ., ਭੈੜੀ ਖਬਰ, ਬੁਰਾ ਸਮਾਚਾਰ

दुर्वासना–ਦੁਰਵਾਸਨਾ, ਇ., ਭੈੜੀ ਇੱਛਿਆ, ਇਹੋ ਜਿਹੀ ਇੱਛਿਆ ਜੋ ਕਦੀ ਵੀ ਪੂਰੀ ਨਾ ਹੋਵੇ

दुर्वासा–ਦੁਰਵਾਸਾ, ਪੁ., ਇਕ ਰਿਸ਼ੀ

दुर्वाहित–ਦੁਰਵਾਹਿਤ, ਪੁ., ਜਿਸ ਨੂੰ ਚੁਕ ਕੇ ਲੈ ਜਾਣਾ ਔਖਾ ਹੋਵੇ

दुर्विगाह–ਦੁਰਵਿਗਾਹ, ਵਿ., ਜਿਸ ਦਾ ਥਾਹ ਛੇਤੀ ਨਾ ਲੱਭੇ

दुर्विद–ਦੁਰਵਿਦ, ਵਿ., ਜਿਸ ਦੀ ਸਮਝ ਮੁਸ਼ਕਲ ਨਾਲ ਆਵੇ

दुर्विदग्ध–ਦੁਰਵਿਦਗਧ, ਵਿ., ਹੰਕਾਰੀ, ਅਧਜਲਿਆ, ਮਚਿਆ ਹੋਇਆ

दुर्विदग्धता–ਦੁਰਵਿਦਗਧਤਾ, ਇ., ਹੁਸ਼ਿਆਰੀ ਦਾ ਨਾ ਹੋਣ ਦਾ ਭਾਵ

दुर्विध–ਦੁਰਵਿਧ, ਵਿ., ਮੂਰਖ, ਦੁਸ਼ਟ, ਪਾਜੀ

दुर्विनीत–ਦੁਰਵਿਨੀਤ, ਵਿ.. ਉਜੱਡ, ਬੜਬੋਲਾ

दुर्विनीति–ਦੁਰਵਿਨੀਤਿ, ਇ., ਨਿਮਰਤਾ ਦੀ ਅਣਹੋਂਦ, ਅੱਖੜਪਣ

दुर्विपाक–ਦੁਰਵਿਪਾਕ, ਪੁ., ਭੈੜਾ ਨਤੀਜਾ, ਦੁਰਘਟਨਾ, ਭੈੜਾ ਸੰਜੋਗ

दुर्विभाव्य–ਦੁਰਵਿਭਾਵਜ, ਵਿ., ਜਿਸ ਦਾ ਅੰਦਾਜ਼ਾ ਨਾ ਲਗ ਸਕੇ, ਦੁਰਬੋਧ

दुर्वक्ता–ਦੁਰਵਕਾ, ਵਿ., ਕੌੜਾ ਵਚਨ ਬੋਲਣ ਵਾਲਾ

दुर्विवाह–ਦੁਰਵਿਵਾਹ, ਪੁ., ਬਦਚਲਣ ਔਰਤ ਨਾਲ ਵਿਆਹ ਕਰਾਉਣ ਦਾ ਭਾਵ

दुर्वृत्त–ਦੁਰਵ੍ਰਿੱਤ, ਵਿ., ਬਦਮਾਸ਼, ਦੁਰਾਚਾਰੀ, ਪੁ., ਭੈੜਾ ਚਾਲਚਲਣ

दुर्व्यवस्था–ਦੁਰਵਜਵਸਥਾ, ਇ., ਬਦ ਇੰਤਜ਼ਾਮੀ, ਭੈੜਾ ਪਰਬੰਧ

दुर्व्यवहार–ਦੁਰਵਜਵਹਾਰ, ਪੁ., ਭੈੜੀ ਵਰਤੋਂ, ਬੁਰਾ ਵਿਹਾਰ

दुर्व्यसन–ਦੁਰਵਜਸਨ, ਪੁ., ਭੈੜੀ ਆਦਤ, ਵੈਲ, ਐਬ

दुर्व्यसनी–ਦੁਰਵਜਸਨੀ, ਵਿ., ਜਿਸ ਨੂੰ ਬੁਰੀ ਲਤ ਲਗੀ ਹੋਵੇ, ਐਬੀ, ਵੈਲੀ

दुर्हृद–ਦੁਰਹ੍ਰਿਦ, ਵਿ.; ਵੈਰੀ, ਦੁਸ਼ਮਣ, ਖੋਟੇ ਦਿਲ ਵਾਲਾ

दुलकी–ਦੁਲਕੀ; ਇ., ਘੋੜੇ ਦੀ ਇਕ ਚਾਲ, ਦੁੜਕੀ

दुलखना–ਦੁਲਖਨਾ, ਕ੍ਰਿ., ਘੜੀ ਮੁੜੀ ਆਖਣਾ, ਵਾਰ ਵਾਰ ਦੱਸਣਾ

दुलखी–ਦੁਲਖੀ, ਇ., ਖੇਤੀ ਦਾ ਵੈਰੀ ਇਕ ਕੀੜਾ

दुलड़ा–ਦੁਲੜਾ, ਵਿ., ਦੋ ਲੜੀਆਂ ਵਾਲਾ

दुलत्ती–ਦੁਲੱਤੀ, ਇ., ਮੱਲਾਂ ਦਾ ਇਕ ਦਾਉ, ਪਸੂ ਦਾ ਪਿਛਲੇ ਦੋਏ ਪੈਰ ਚੱਕ ਕੇ ਮਾਰਨ ਦੀ ਕਿਰਿਆ

दुलदुल–ਦੁਲਦੁਲ, ਪੁ.; ਮੁਹਰਮ ਦੇ ਦਿਨਾਂ ਵਿਚ ਉਹ ਘੋੜਾ ਜਿਸ ਦਾ ਜਲੂਸ ਕੱਢਦੇ ਹਨ

दुलना–ਦੁਲਨਾ, ਕ੍ਰਿ., ਡੋਲਣਾ, ਧੀਰਜ ਨਾ ਕਰਨੀ

दुलभ–ਦੁਲਭ, ਵਿ., ਮੁਸ਼ਕਲ ਨਾਲ ਮਿਲਣ ਵਾਲਾ

दुलरा–ਦੁਲਰਾ, ਵਿ., ਪਿਆਰਾ, ਲਾਡਲਾ, ਦੁਲਾਰਾ

दुलराना–ਦੁਲਰਾਨਾ, ਕ੍ਰਿ., ਪਿਆਰ ਕਰਨਾ,ਲਾਡ ਲਡਾਉਣਾ

दुलरी–ਦੁਲਰੀ, ਵਿ., ਦੋ ਲੜੀ

दुलहन–ਦੁਲਹਨ, ਇ., ਨਵੀਂ ਵਿਆਹੀ ਵਹੁਟੀ

दुलहा–ਦੁਲਹਾ, ਪੁ., ਲਾੜਾ

दुलहाई–ਦੁਲਹਾਈ, ਇ., ਵਿਆਹ ਦੇ ਗੀਤ

दुलहिन–ਦੁਲਹਿਨ, ਇ., ਦੇਖੋ ਦੁਲਹਨ (दुलहन)

दुलहिया–ਦੁਲਹਿਯਾ, ਇ., ਦੁਲਹਨ, ਵਹੁਟੀ

दुलही–ਦੁਲਹੀ, ਇ., ਵਹੁਟੀ

दुलहेटा–ਦੁਲਹੇਟਾ, ਪੁ., ਪਿਆਰਾ ਪੁੱਤਰ

दुलाई–ਦੁਲਾਈ, ਇ., ਰਜਾਈ

दुलार–ਦੁਲਾਰ, ਪੁ., ਪਿਆਰ, ਲਾਡ

दुलारना–ਦੁਲਾਰਨਾ, ਕ੍ਰਿ., ਪਿਆਰ ਕਰਨਾ

दुलारा–ਦੁਲਾਰਾ, ਵਿ., ਪਿਆਰਾ, ਲਾਡਲਾ

दुलारी–ਦੁਲਾਰੀ, ਵਿ., ਪਿਆਰੀ, ਲਾਡਲੀ

दुलीचा–ਦੁਲੀਚਾ, ਪੁ., ਗਲੀਚਾ, ਕਾਲੀਨ

दुलोही–ਦੁਲੋਹੀ, ਇ., ਇਕ ਤਰ੍ਹਾਂ ਦੀ ਤਲਵਾਰ ਜੋ ਲੋਹੇ ਦੇ ਟੁਕੜੇ ਜੋੜ ਕੇ ਬਣਾਈ ਜਾਂਦੀ ਹੈ

दुल्लभ–ਦੁੱਲਭ, ਵਿ., ਦੇਖੋ ਦੁਰਲਭ (दुर्लभ)

दुल्लल–ਦੁੱਲਲ, ਪੁ., ਰੇਸ਼ਮ

दुव–ਦੁਵ, ਵਿ., ਦੋ

दुवन–ਦੁਵਨ, ਪੁ., ਭੈੜਾ ਬੰਦਾ, ਰਾਖਸ਼, ਦੈਂਤ, ਵੈਰੀ, ਕਮੀਣਾ

दुवस–ਦੁਵਸ, ਪੁ., ਟਹਿਲ ਸੇਵਾ

दुवाज–ਦੁਵਾਜ, ਪੁ.. ਘੋੜਾ

दुवादस–ਦੁਵਾਦਸ, ਵਿ., ਬਾਰਾਂ, ਦੋ ਤੇ ਦਸ

दुवार–ਦੁਵਾਰ, ਪੁ., ਬੂਹਾ, ਦੁਆਰ, ਦਰਵਾਜ਼ਾ

दुवाया–ਦੁਵਾਯਾ, ਇ., ਪੂਜਾ

दुवो–ਦੁਵੋ, ਵਿ., ਦੁਸ਼ਮਣ, ਵੈਰੀ

दुशवार–ਦੁਸ਼ਵਾਰ, ਵਿ., ਔਖਾ, ਮੁਸ਼ਕਲ, ਅਸਹਿ

दुश्चर–ਦੁਸ਼ਚਰ, ਵਿ., ਜਿਥੇ ਜਾਣਾ ਕਠਨ ਹੋਵੇ,ਜਿਸ ਦਾ ਕਰਨਾ ਔਖਾ ਹੋਵੇ. ਪੁ., ਰਿੱਛ, ਸਿੱਪ

दुश्चरित–ਦੁਸ਼ਚਰਿਤ, ਪੁ., ਵੈਲ, ਬੁਰੀ ਆਦਤ, ਭੈੜੀ ਵਰਤੋਂ

दुश्चरित्र–ਦੁਸਚਰਿੱਤ੍ਰ, ਵਿ., ਵੈਲੀ, ਬਦ ਚਲਣ, ਬਦਮਾਸ਼, ਪੁ., ਦੁਰਾਚਾਰ, ਖੋਟਾ ਕਰਮ

दुश्चलन–ਦੁਸ਼ਚਲਨ, ਇ., ਖੋਟੀ ਚਾਲ, ਭੈੜੀ ਆਦਤ, ਵੈਲ

दुश्चारित्र–ਦੁਸ਼ਚਾਰਿਤ੍ਰ, ਵਿ., ਖੋਟੇ ਚਾਲ ਚਲਣ ਵਾਲਾ, ਵੈਲੀ, ਬਦਚਲਣ

दुश्चिकित्स–ਦੁਸ਼ਚਿਕਿਤਸ, ਵਿ., ਜਿਸ ਦਾ ਇਲਾਜ ਔਖਾ ਹੋਵੇ

दुश्चित–ਦੁਸ਼ਚਿਤ, ਪੁ., ਘਬਰਾਹਟ, ਦੁਚਿੱਤੀ

दुश्चिन्ता–ਦੁਸ਼ਚਿੰਤਾ, ਇ., ਫਿਕਰ, ਭੈੜੀ ਸੋਚ

दुश्चेष्टा–ਦੁਸ਼ਚੇਸ਼੍ਟਾ, ਇ., ਬੁਰਾ ਕੰਮ, ਭੈੜੀ ਆਦਤ

दुश्च्यवन–ਦੁਸ਼ਚਜਵਨ, ਪੁ., ਇੰਦਰ ਦੇਵਤਾ ਦਾ ਇਕ ਨਾਉਂ

दुश्च्याव–ਦੁਸ਼ਚਜਾਵ, ਪੁ., ਸ਼ਿਵ, ਮਹਾਦੇਵ, ਵਿ., ਜੋ ਸਹਿਜੇ ਨਾ ਹਟਾਇਆ ਜਾ ਸਕੇ

दुश्मन–ਦੁਸ਼ਮਨ, ਪੁ , ਵੈਰੀ, ਦੁਸ਼ਮਣ

दुष्कर–ਦੁਸ਼ਕਰ, ਵਿ., ਦੁਖ ਨਾਲ ਕਰਨ ਵਾਲਾ, ਜਿਸ ਦਾ ਕਰਨਾ ਕਠਨ ਹੋਵੇ

दुष्कर्म–ਦੁਸ਼ਕਰਮ, ਪੁ., ਕੁਕਰਮ, ਭੈੜ, ਪਾਪ, ਬੁਰਾ ਕੰਮ

दुष्कर्मी–ਦੁਸ਼ਕਰਮੀ, ਵਿ., ਪਾਪੀ, ਭੈੜਾ, ਬਦਮਾਸ਼

दुष्काल–ਦੁਸ਼ਕਾਲ, ਪੁ., ਭੈੜਾ ਸਮਾ, ਕਾਲ, ਮਹਾਦੇਵ

दुष्कीर्ति–ਦੁਸ਼ਕੀਰਤਿ, ਇ., ਨਿੰਦਿਆ, ਅਪਜਸ

दुष्कुल–ਦੁਸ਼ਕੁਲ. ਪੁ., ਨਿੰਦਤ ਕੁਲ ਨੀਚ ਕੁਲ, ਨੀਵੀਂ ਕੁਲ

दुष्कृत–ਦੁਸ਼ਕ੍ਰਿਤ, ਪੁ., ਭੈੜਾ ਕੰਮ, ਪਾਪ ਬੁਰਾ ਕੰਮ

दुष्कृतकर्मा–ਦੁਸ਼ਕ੍ਰਿਤਕਰਮਾ. ਵਿ., ਖੋਟਾ, ਭੈੜੇ ਦਿਲ ਵਾਲਾ, ਪਾਪੀ

दुष्कृतात्मा–ਦੁਸ਼ਕ੍ਰਿਤਾਤਮਾ ਵਿ., ਖੋਟਾ. ਭੈੜੇ ਦਿਲ ਵਾਲਾ

दुष्कृति–ਦੁਸ਼ਕ੍ਰਿਤਿ, ਪੁ., ਬੁਰਾ ਕੰਮ, ਪਾਪ, ਕੁਕਰਮ

दुष्क्रीत–ਦੁਸ਼ਕ੍ਰੀਤ, ਵਿ., ਮਹਿੰਗੇ ਮੁੱਲ ਦਾ

दुष्ट–ਦੁਸ਼੍ਟ, ਵਿ., ਨੀਚ, ਪਾਜੀ, ਭੈੜਾ, ਬਦਮਾਸ਼

दुष्टता–ਦੁਸ਼੍ਟਤਾ, ਇ., ਭੈੜ, ਬੁਰਾਈ, ਨੀਚਤਾ, ਕਮੀਣਗੀ

दुष्टत्व–ਦੁਸ਼੍ਟਤ੍ਵ. ਪੁ., ਖੋਟ, ਬੁਰਾਈ. ਕਮੀਣਗੀ

दुष्टव्रण–ਦੁਸ਼੍ਟਵ੍ਰਣ, ਪੁ., ਉਹ ਜ਼ਖਮ, ਜੋ ਜਲਦੀ ਨਾ ਭਰੇ

दुष्टात्मा–ਦੁਸ਼੍ਟਾਤਮਾ, ਵਿ., ਬੂਰੇ ਸੁਭਾਉ ਵਾਲਾ, ਖੋਟਾ, ਪਾਪੀ

दुष्टान्न–ਦੁਸ਼੍ਟਾੱਨ, ਪੁ., ਪਾਪ ਦੀ ਕਮਾਈ ਦਾ ਅੰਨ, ਬੇਹਿਆ ਅੰਨ

दुष्पद–ਦੁਸ਼ਪਦ, ਵਿ., ਦੁਖਾਂ ਨਾਲ ਲਿਆ ਹੋਇਆ

दुष्परीक्ष–ਦੁਸ਼ਪਰੀਕਸ਼, ਵਿ., ਜਿਸ ਦੀ ਪਰਖ ਮੁਸ਼ਕਲ ਹੋਵੇ

दुष्पान–ਦੁਸ਼ਪਾਨ, ਵਿ., ਜੋ ਮੁਸ਼ਕਲ ਨਾਲ ਪੀਤਾ ਜਾ ਸਕੇ

दुष्पार–ਦੁਸ਼ਪਾਰ, ਵਿ., ਔਖਾ, ਮੁਸ਼ਕਲ, ਦੁਸੱਾਧ

दुष्पूर–ਦੁਸ਼ਪੂਰ, ਵਿ., ਜਿਸ ਦਾ ਭਰਨਾ ਔਖਾ ਹੋਵੇ

दुष्प्रकाश–ਦੁਸ਼ਪ੍ਰਕਾਸ਼, ਪੁ., ਅਨ੍ਹੇਰਾ, ਅੰਧਕਾਰ.

दुष्प्रकृति–ਦੁਸ਼ਪ੍ਰਕ੍ਰਿਤਿ, ਵਿ., ਭੈੜੀ ਆਦਤ ਵਾਲਾ

दुष्प्रज्ञ–ਦੁਸ਼ਪ੍ਰਗਜ, ਵਿ., ਅਣਜਾਣ, ਅਣਭੋਲ

दुष्प्रलम्भ–ਦੁਸ਼ਪ੍ਰਲੰਭ, ਵਿ., ਜੋ ਜਲਦੀ ਨਾ ਲੱਭੇ, ਜੋ ਛੇਤੀ ਠਗਿਆ ਨਾ ਜਾ ਸਕੇ

दुष्प्राप–ਦੁਸ਼ਪ੍ਰਾਪ, ਵਿ., ਜੋ ਮੁਸ਼ਕਲ ਨਾਲ ਲੱਭੇ

दुष्प्राप्य–ਦੁਸ਼ਪ੍ਰਾਪਜ, ਵਿ., ਜੋ ਆਸਾਨੀ ਨਾਲ ਨਾ ਮਿਲੇ

दुष्प्रीति–ਦੁਸ਼ਪ੍ਰੀਤਿ, ਇ., ਭੈੜਾ ਪਿਆਰ, ਨਿਕੰਮੀ ਪ੍ਰੀਤ

दुष्प्रेक्ष–ਦੁਸਪ੍ਰੇਕਸ਼ ਵਿ.,ਜੋ ਮੁਸ਼ਕਲ ਨਾਲ ਦਿਸੇ,ਖੌਫਨਾਕ,ਭਿਅੰਕਰ

दुष्योदर–ਦੁਸ਼ਜੋਦਰ, ਪੁ., ਜਲੋਧਰ ਰੋਗ

दुष्यन्त–ਦੁਸ਼ਜੰਤ, ਪੁ., ਇਕ ਰਾਜਾ ਜੋ ਸ਼ਕੁੰਤਲਾ ਦਾ ਪਤੀ ਸੀ ਜਿਸ ਤੋਂ ਭਰਤ ਨਾਉਂ ਦਾ ਪਰਤਾਪੀ ਪੁੱਤਰ ਪੈਦਾ ਹੋਇਆ ਸੀ

दुसह–ਦੁਸਹ, ਵਿ., ਜੋ ਸਹਿਆ ਨਾ ਜਾ ਸਕੇ

दुसहो–ਦੁਸਹੀ, ਜੋ ਮੁਸ਼ਕਲ ਨਾਲ ਸਹਿਆ ਜਾਵੇ

दुसाध–ਦੁਸਾਧ, ਪੁ., ਇਕ ਨੀਵੀਂ ਜਾਤ ਜੋ ਸੂਰ ਪਾਲਦੀ ਹੈ

दुसार, दुसाल–ਦੁਸਾਰ, ਦੁਸਾਲ, ਕ੍ਰਿ. ਵਿ., ਆਰ-ਪਾਰ, ਪੁ., ਆਰਪਾਰ ਛੇਕ

दुसाहा–ਦੁਸਾਹਾ. ਪੁ., ਦੋ ਫਸਲਾ ਖੇਤ

दुसूती–ਦੁਸੂਤੀ. ਇ., ਇਕ ਤਰ੍ਹਾਂ ਦੀ ਚਾਦਰ ਜਿਸ ਵਿਚ ਦੋ ਧਾਗਿਆਂ ਦਾ ਤਾਣਾ ਹੁੰਦਾ ਹੈ

दुसेजा–ਦੁਸੇਜਾ, ਪੁ., ਦੋ ਆਦਮੀਆਂ ਦੇ ਸੌਣ ਦਾ ਮੰਜਾ, ਪਲੰਘ

दुस्तर–ਦੁਸ੍ਤਰ, ਵਿ., ਮੁਸ਼ਕਲ,ਔਖਾ,ਜਿਸ ਦਾ ਪਾਰ ਕਰਨਾ ਔਖਾ ਹੋਵੇ

दुहता–ਦੁਹਤਾ, ਪੁ., ਦੋਹਤਾ, ਧੀ ਦਾ ਪੁੱਤਰ

दुहत्था–ਦੁਹੱਥਾ, ਵਿ., ਜਿਸ ਦੀਆਂ ਦੋ ਮੁੱਠਾਂ ਹੋਣ, ਦੋਹਾਂ ਹੱਥਾਂ ਨਾਲ ਕੀਤਾ ਜਾਣ ਵਾਲਾ

दुहना–ਦੁਹਨਾ. ਕ੍ਰਿ., ਚੋਣਾ, ਧਾਰ ਕਢਣੀ

दुहनी–ਦੁਹਨੀ, ਇ., ਦੁਹਣੀ, ਦੁੱਧ ਚੋਣ ਦਾ ਭਾਂਡਾ

दुहाग–ਦੁਹਾਗ. ਪੁ., ਰੰਡੇਪਾ, ਮੰਦੇ ਭਾਗ

दुहागिन–ਦੁਹਾਗਿਨ, ਇ., ਰੰਡੀ ਤੀਵੀਂ

दुहागी–ਦੁਹਾਗੀ, ਵਿ., ਅਭਾਗਾ, ਮੰਦੇ ਭਾਗਾਂ ਵਾਲਾ

दुहाजू–ਦੁਹਾਜੂ, ਵਿ., ਦੂਜੀ ਵਾਰ ਵਿਆਹ ਕਰਾਊਣ ਵਾਲਾ

दुहाना–ਦੁਹਾਨਾ, ਕ੍ਰਿ., ਦੁੱਧ ਚੁਆਉਣਾ, ਧਾਰ ਕਢਾਉਣੀ

दुहाव–ਦੁਹਾਬ, ਇ., ਕਿਸਾਨਾਂ ਤੋਂ ਵਿਸਵੇਦਾਰ ਦਾ ਬਗਾਰ ਵਿਚ ਦੁੱਧ ਲੈਣ ਦਾ ਭਾਵ

दुहावनी–ਦੁਹਾਵਨੀ, ਇ,. ਦੁੱਧ ਚੋਣ ਦੀ ਮਜਦੂਰੀ

दुहिता–ਦੁਹਿਤਾ, ਇ., ਧੀ, ਕੁੜੀ, ਪੁੱਤਰੀ

दुहितृपति–ਦੁਹਿਤ੍ਰਿਪਤਿ, ਪੁ., ਜੁਆਈ, ਧੀ ਦਾ ਪਤੀ·

दुहिन–ਦੁਹਿਨ, ਪੁ., ਬ੍ਰਹਮਾ

दुहेल–ਦੁਹੇਲ, ਪੁ., ਦੁਖ, ਕਸ਼ਟ, ਕਲੇਸ਼

दुहेला–ਦੁਹੇਲਾ, ਵਿ., ਦੁਖ, ਮੁਸ਼ਕਲ, ਕਠਨ, ਦੁਖਦਾਈ, ਪੁ., ਔਖਾ ਕੰਮ, ਔਖੀ ਖੇਡ

दुहोतरा–ਦੁਹੋਤਰਾ, ਪੁ., ਦੋਹਤਾ, ਧੀ ਦਾ ਪੁੱਤਰ

दूंद–ਦੂੰਦ, ਪੁ., ਊਧਮ, ਰੌਲਾ, ਧਮੱਚੀ

दू–ਦੂ, ਪੁ., ਰੋਗ ਬੀਮਾਰੀ

दूआ–ਦੂਆ, ਪੁ., ਕਲਾਈ ਦਾ ਇਕ ਗਹਿਣਾ, ਵਿ., ਤਾਸ਼ ਦੀ ਦੁੱਕੀ, ਕਿਸੇ ਖੇਲ੍ਹ ਦਾ ਦਾਉ, ਵਿ., ਦੂਸਰਾ

दूइज–ਦੂਇਜ, ਇ., ਦੂਜ ਤਿਥ

दूक़–ਦੂਕ, ਵਿ., ਇਕ ਅੱਧ, ਦੋ ਇਕ

दूक़ान–ਦੂਕਾਨ, ਪੁ., ਹੱਟੀ, ਦੁਕਾਨ

दूखन–ਦੂਖਨ, ਪੁ., ਦੋਸ਼, ਕਲੰਕ, ਧੱਬਾ, ਦਾਗ਼

दूखना–ਦੂਖਨਾ, ਕ੍ਰਿ., ਦੋਸ਼ ਲਾਉਣਾ, ਦੁਖਣਾ

दूगा–ਦੂਗਾ, ਪੁ., ਪਹਾੜੀ ਬੱਕਰਾ

दूज–ਦੂਜ, ਇ., ਕਿਸੇ ਪੱਖ ਦੀ ਦੂਸਰੀ ਤਿਥ

दूजा–ਦੂਜਾ, ਵਿ., ਦੂਸਰਾ, ਦੂਆ

दूडाश–ਦੂਡਾਸ਼, ਵਿ., ਦੁਖੀ, ਦੁਖੀਆ

दूढ़ी–ਦੂਢੀ, ਇ., ਦੁਸ਼ਟ ਬੁੱਧ

दूत–ਦੂਤ, ਪੁ., ਸੁਨੇਹਾ ਜਾਂ ਚਿੱਠੀ ਪੁਚਾਉਣ ਵਾਲਾ, ਸੰਦੇਸਾ ਲੈ ਜਾਣ ਵਾਲਾ

दूतक़–ਦੂਤਕ, ਪੁ., ਰਾਜੇ ਦਾ ਹੁਕਮ ਲੋਕਾਂ ਤਕ ਪੁਚਾਉਣ ਵਾਲਾ

दूतक़र्म–ਦੂਤਕਰਮ, ਪੁ., ਖਬਰ ਪੁਚਾਉਣ ਦਾ ਕੰਮ

दूतता–ਦੂਤਤਾ, ਇ., ਦੂਤ ਦਾ ਕੰਮ

दूतर–ਦੂਤਰ, ਵਿ., ਮੁਸ਼ਕਲ, ਔਖਾ, ਕਠਨ

दूतावास–ਦੂਤਾਵਾਸ, ਪੁ., ਦੂਤ ਦੇ ਰਹਿਣ ਦੀ ਥਾਂ

दूति–ਦੂਤਿ, ਇ., ਕੁਟਨੀ

दूतिका–ਦੂਤਿਕਾ, ਇ., ਕੁਟਨੀ

दूती–ਦੂਤੀ, ਇ., ਉਹ ਤੀਵੀਂ ਜੋ ਪ੍ਰੇਮੀ ਤੇ ਪ੍ਰੇਮਣ ਦਾ ਸੁਨੇਹਾ ਦਿੰਦੀ ਹੈ

दूत्य–ਦੂਤਜ, ਪੁ., ਦੂਤ ਦਾ ਕੰਮ

दूदला–ਦੂਦਲਾ, ਪੁ., ਇਕ ਤਰ੍ਹਾਂ ਦਾ ਰੁੱਖ

दूध–ਦੂਧ, ਪੁ., ਦੁੱਧ, ਖੀਰ

दूधचढ़ी–ਦੂਧਚੜ੍ਹੀ, ਵਿ., ਜਿਸ ਦਾ ਦੁੱਧ ਵਧ ਗਿਆ ਹੋਵੇ

दूधपूत–ਦੂਧਪੂਤ, ਪੁ., ਸੰਤਾਨ ਅਤੇ ਧਨ

दूधमसहरी–ਦੂਧਮਸਹਰੀ, ਇ., ਇਕ ਰੇਸ਼ਮੀ ਕਪੜਾ

दूधमुहां–ਦੂਧਮੁਹਾਂ, ਵਿ., ਦੁੱਧ ਚੁੰਘਦਾ ਬੱਚਾ

दूधमुख–ਦੂਧਮੁਖ, ਵਿ., ਛੋਟਾ ਬੱਚਾ

दूधराज–ਦੂਧਰਾਜ, ਪੁ., ਇਕ ਕਿਸਮ ਦੀ ਬੁਲਬੁਲ, ਇਕ ਚੌੜੇ ਫਣ ਵਾਲਾ ਸੱਪ

दूधवाला–ਦੂਧਵਾਲਾ, ਪੁ., ਦੁੱਧ ਵੇਚਣ ਵਾਲਾ

दूधहंडी–ਦੂਧਹੰਡੀ, ਇ., ਦਧੌੜੀ, ਕਾੜ੍ਹਨੀ

दूधाभाती–ਦੂਧਾਭਾਤੀ, ਇ., ਵਿਆਹ ਦੀ ਦੁੱਧ ਚਾਉਲ ਖੁਆਉਣ ਦੀ ਰੀਤ

दूधिया–ਦੁਧਿਯਾ, ਵਿ., ਦੁੱਧ ਜੇਹਾ, ਦੁੱਧ ਰੰਗਾ

दून–ਦੂਨ, ਪੁ., ਥੱਕਿਆ ਰਾਹੀ, ਤਰਾਈ, ਘਾਟੀ, ਦੋ ਪਹਾੜਾਂ ਦੇ ਵਿਚਕਾਰਲੀ ਸਾਫ਼ ਧਰਤੀ, ਇ., ਦੁਗਣੇ ਦਾ ਭਾਵ, ਦੂਣ, ਕਾਹਲਾ ਗੀਤ, ਵਿ., ਦੁਖੀ

दूनर–ਦੂਨਰ, ਵਿ., ਜੋ ਲਚਕ ਕੇ ਦੂਹਰਾ ਹੋ ਗਿਆ ਹੋਵੇ

दूना–ਦੂਨਾ, ਵਿ., ਦੁਗਣਾ, ਦੂਣਾ

दूनौं–ਦੂਨੌਂ, ਵਿ., ਦੋਵੇਂ, ਦੋਏ, ਦੋਨੋਂ

दूब–ਦੂਬ, ਇ., ਦੱਭ ਨਾਉਂ ਦਾ ਘਾਹ, ਦੁੱਬ

दूबरा–ਦੂਬਰਾ, ਵਿ., ਕਮਜ਼ੋਰ, ਪਤਲਾ, ਮਾੜਾ, ਦੁਬਲਾ

दूबिया–ਦੂਬਿਯਾ, ਵਿ., ਹਰੇ ਰੰਗ ਵਾਲਾ

दूबे–ਦੂਬੇ, ਪੁ., ਬ੍ਰਾਹਮਣਾਂ ਦੀ ਇਕ ਮੂਹੀਂ

दूभर–ਦੂਭਰ, ਵਿ., ਮੁਸ਼ਕਲ, ਔਖਾ, ਦੁੱਭਰ

दूमना–ਦੂਮਨਾ, ਕ੍ਰਿ., ਹਿਲਣਾ, ਡੋਲਣਾ

दूमा–ਦੂਮਾ, ਪੁ., ਚਮੜੇ ਦਾ ਪਹਾੜੀ ਬਟੂਆ

दूरंदेश–ਦੂਰੰਦੇਸ਼, ਵਿ., ਦੂਰ ਦੀ ਸੋਚਣ ਵਾਲਾ, ਪਹਿਲਾਂ ਸੋਚਣ ਵਾਲਾ

दूर–ਦੂਰ, ਕ੍ਰਿ. ਵਿ., ਦੁਰੇਡੇ, ਫ਼ਾਸਲੇ ਤੇ

दूरक–ਦੂਰਕ, ਵਿ., ਜੋ ਦੂਰ ਹੋਵੇ

दूरग–ਦੂਰਗ, ਵਿ., ਬਹੁਤ, ਪੁ., ਉੱਠ, ਗਧਾ

दूरगत, दूरगामी–ਦੂਰਗਤ, ਦੂਰਗਾਮੀ, ਵਿ., ਦੂਰ ਜਾਣ ਵਾਲਾ

दूरङ्गम–ਦੂਰੰਗਮ, ਵਿ., ਬਹੁਤ ਦੂਰ ਤੀਕ ਜਾਣ ਵਾਲਾ

दूरचर–ਦੂਰਚਰ, ਵਿ., ਦੂਰ ਤਕ ਜਾਣ ਵਾਲਾ

दूरता–ਦੂਰਤਾ, ਪੁ., ਦੂਰੀ, ਫ਼ਾਸਲਾ

दूरदर्शक–ਦੂਰਦਰਸ਼ਕ, ਵਿ., ਦੂਰ ਦੇਖਣ ਵਾਲਾ

दूरदर्शकयन्त्र–ਦੂਰਦਰਸ਼ਕਯੰਤ੍ਰ, ਇ., ਦੂਰਬੀਨ

दूरदर्शन–ਦੂਰਦਰਸ਼ਨ, ਪੁ., ਦੂਰਬੀਨ, ਦੂਰੋਂ ਵੇਖਣ ਦਾ ਕੰਮ, ਗਿੱਧ, ਗਿਲਝ, ਇੱਲ੍ਹ

दूरदर्शिता–ਦੂਰਦਰਸ਼ਿਤਾ, ਇ., ਦੂਰੰਦੇਸ਼ੀ, ਦੂਰ ਦੀ ਸੋਚਣ ਦਾ ਗੁਣ

दूरदर्शी–ਦੂਰਦਰਸ਼ੀ, ਵਿ., ਦੂਰ ਦੀ ਸੋਚਣ ਵਾਲਾ

दूरवा–ਦੂਰਵਾ, ਪੁ., ਦੇਖੋ ਦੂਰਵਾ (दूर्वा)

दूरवीन–ਦੂਰਵੀਨ, ਪੁ., ਇਕ ਜੰਤਰ ਜਿਸ ਨਾਲ ਦੂਰ ਦੀ ਚੀਜ਼ ਨੇੜੇ ਮਲੂਮ ਹੁੰਦੀ ਹੈ

दूरमूल–ਦੂਰਮੂਲ, ਪੁ., ਮੁੰਜ, ਜੁਆਹਾਂ, ਧਮਾਹਾਂ

दूरयायी–ਦੂਰਯਾਯੀ, ਵਿ., ਦੂਰ ਜਾਣ ਵਾਲਾ

दूरवासी–ਦੂਰਵਾਸੀ, ਵਿ., ਦੂਰ ਵਸਣ ਵਾਲਾ

दूरवीक्षण–ਦੂਰਵੀਕਸ਼ਣ, ਪੁ., ਦੂਰਬੀਨ

दूरवेधी–ਦੂਰਵੇਧੀ, ਵਿ., ਜੋ ਦੂਰੋਂ ਨਿਸ਼ਾਨਾ ਮਾਰੇ

दूरपात–ਦੂਰਪਾਤ ਪੁ., ਦੂਰੋਂ ਮਾਰਨ ਵਾਲਾ ਹਥਿਆਰ

दूरा–ਦੂਰੀ, ਇ., ਫਾਸਲਾ, ਵਿੱਥ

दूरीकरण–ਦੂਰੀਕਰਣ, ਪੁ., ਬਾਹਰ ਕੱਢਣ ਦਾ ਕੰਮ, ਪਰੇ ਹਟਾਉਣ ਦਾ ਭਾਵ

दूरीकृत–ਦੂਰੀਕ੍ਰਿਤ. ਵਿ., ਜੋ ਦੂਰ ਕਰ ਦਿਤਾ ਗਿਆ ਹੋਵੇ

दूराभूत–ਦੂਰੀਭੂਤ, ਵਿ., ਦੂਰ ਕੱਢਿਆ ਹੋਇਆ

दूरेभा–ਦੂਰੇਭਾ, ਵਿ., ਦੂਰੋਂ ਚਮਕਣ ਵਾਲਾ

दूरेयम–ਦੂਰੇਯਮ, ਵਿ., ਜਿਥੇ ਜਮ ਨਾ ਪੁੱਜ ਸਕਣ

दूरेवध–ਦੂਰੇਵਧ, ਵਿ., ਦੂਰੋਂ ਮਾਰਨ ਵਾਲਾ

दूरोहण–ਦੂਰੋਹਣ, ਪੁ., ਸੂਰਜ, ਇਕ ਛੰਦ, ਵਿ., ਜਿਸ ਤੇ ਚੜ੍ਹਨਾ ਔਖਾ ਹੋਵੇ

दूर्य–ਦੂਰਯ, ਪੁ., ਵਿਸ਼ਟਾ, ਟੱਟੀ. ਪਖਾਨਾ

दूर्वा–ਦੂਰਵਾ, ਇ., ਦੱਭ, ਦੁੱਬ

दूलन–ਦੂਲਨ, ਪੁ., ਦੇਖੋ ਦੋਲਨ (दोलन)

दूलह–ਦੂਲਹ, ਪੁ., ਲਾੜਾ

दूलिका–ਦੂਲਿਕਾ, ਇ., ਨੀਲ ਦਾ ਬੂਟਾ

दूवा–ਦੂਵਾ, ਪੁ., ਅਸੀਰਵਾਦ, ਦੁਆ

दूश्य–ਦੂਸ਼ਜ, ਪੁ., ਤੰਬੂ

दूषक–ਦੂਸ਼ਕ, ਵਿ., ਦੋਸ਼ ਲਾਉਣ ਵਾਲਾ

दूषण–ਦੂਸ਼ਣ ਪੁ., ਤੁਹਮਤ. ਦੋਸ਼ ਕਲੰਕ, ਧੱਬਾ

दूषना–ਦੂਸ਼ਨਾ, ਕ੍ਰਿ., ਦੋਸ਼ ਲਾਉਣਾ, ਕਲੰਕ ਮੜ੍ਹਨਾ

दूषि–ਦੂਸ਼ਿ, ਇ., ਗਿੱਡ

दूषिका–ਦੂਸ਼ਿਕਾ, ਇ., ਗਿੱਡ. ਚਿਤਰਕਾਰ ਦੀ ਕੂਚੀ, ਵਿ., ਦੋਸ਼ ਲਾਉਣ ਵਾਲੀ

दूषित–ਦੂਸ਼ਿਤ, ਵਿ., ਕਲੰਕੀ, ਐਬੀ, ਭੈੜਾ

दूषिता–ਦੂਸ਼ਿਤਾ, ਇ., ਉਹ ਕੁੜੀ ਜਿਸ ਨੂੰ ਦੋਸ਼ ਲਾਇਆ ਗਿਆ ਹੋਵੇ

दूषी–ਦੂਸ਼ੀ, ਇ., ਦੇਖੋ ਦੂਸ਼ਿ (दूषि)

दूष्य–ਦੂਸ਼ਜ, ਵਿ., ਦੂਸ਼ ਲਗਾਉਣ ਜੋਗ

दूसर–ਦੂਸਰ, ਵਿ., ਦੂਜਾ, ਦੂਸਰਾ

दूसरा–ਦੂਸਰਾ, ਵਿ., ਦੂਆ, ਦੂਜਾ, ਪਰਾਇਆ

दूहना–ਦੂਹਨਾ, ਕ੍ਰਿ., ਚੋਣਾ. ਧਾਰ ਕੱਢਣੀ

दूहनी–ਦੂਹਨੀ, ਇ., ਦੋਹਣੀ, ਦੁਧ ਕੱਢਣ ਵਾਲਾ ਭਾਂਡਾ

दूहा–ਦੂਹਾ, ਪੁ., ਦੋਹਾ, ਦੁਹਰਾ, ਦੋਞੀ

दृक्–ਦ੍ਰਿਕ, ਪੁ., ਛੇਕ, ਨੇਤਰ, ਅੱਖ

दृक्कर्ण–ਦ੍ਰਿੰਕਰਣ, ਪੁ., ਸੱਪ

दृक्पथ–ਦ੍ਰਿਕਪਥ, ਪੁ., ਨਿਗਾਹ ਦੀ ਪਹੁੰਚ

दृगंचल–ਦ੍ਰਿਗਚਲ, ਪੁ., ਪਲਕ, ਭੋਂਹ

दृग–ਦ੍ਰਿਗ, ਪੁ., ਅੱਖ, ਨੇਤਰ

दृग्गोचर–ਦ੍ਰਿਗਗੋਚਰ, ਵਿ , ਅੱਖਾਂ ਸਾਹਮਣੇ ਦਿਖਣ ਵਾਲਾ

दृढ़–ਦ੍ਰਿੜ੍ਹ, ਵਿ., ਮਜਬੂਤ, ਠੋਸ, ਨਿਡਰ, ਢੀਠ, ਅਚੱਲ

दृढ़कर्मा–ਦ੍ਰਿੜ੍ਹਕਰਮਾ, ਵਿ., ਆਪਣੇ ਕੰਮ ਵਿਚ ਅਡੋਲ ਰਹਿਣ ਵਾਲਾ.

दृढ़ता–ਦ੍ਰਿੜ੍ਹਤਾ, ਇ., ਮਜ਼ਬੂਤੀ, ਕਾਇਮੀ, ਪਕਿਆਈ

दृढ़निश्चय–ਦ੍ਰਿੜ੍ਹਨਿਸਚਯ, ਵਿ., ਆਪਣੀ ਗੱਲ ਤੇ ਡਟਿਆ ਰਹਿਣ ਵਾਲਾ

दृढ़प्रतिज्ञ–ਦ੍ਰਿੜ੍ਹਪ੍ਰਤਿਗਜੰ, ਵਿ., ਜੋ ਬਚਨ ਕਰ ਕੇ ਨਾ ਫਿਰੇ

दृढ़व्रत–ਦ੍ਰਿੜ੍ਹਵ੍ਰਤ, ਵਿ., ਜੋ ਆਪਣਾ ਖਿਆਲ ਨਾ ਬਦਲੇ

दृढ़ाई–ਦ੍ਰਿੜ੍ਹਾਈ, ਇ., ਮਜ਼ਬੂਤੀ

दृढ़ाना–ਦ੍ਰਿੜ੍ਹਾਨਾ, ਕ੍ਰਿ., ਪੱਕਾ ਕਰਨਾ, ਮਜ਼ਬੂਤ ਕਰਨਾ

दृत–ਦ੍ਰਿਤ, ਵਿ , ਸਨਮਾਨਤ, ਸਨਮਾਨਿਆ ਹੋਇਆ, ਫਾੜਿਆ ਹੋਇਆ

दृति–ਦ੍ਰਿਤਿ, ਪੁ., ਖੱਲ ਦਾ ਬਣਿਆ ਹੋਇਆ ਭਾਂਡਾ, ਗਊ ਦੇ ਗਲ ਦਾ ਲਮਕਦਾ ਮਾਸ. ਬੱਦਲ, ਚੰਮ

दृप्त–ਦ੍ਰਿਪੁ, ਵਿ., ਘਮੰਡੀ, ਹੰਕਾਰੀ, ਤਕੜਾ

दृश–ਦ੍ਰਿਸ਼, ਪੁ., ਅੱਖ, ਨੇਤਰ, ਗਿਆਨ, ਦਰਸ਼ਨ, ਨਿਗਾਹ, ਦੋ ਦੀ ਗਿਣਤੀ, ਵਿ., ਦੇਖਣ ਜਾਂ ਦਿਖਾਉਣ ਵਾਲਾ

दृशा–ਦ੍ਰਿਸ਼ਾ, ਇ., ਅੱਖ, ਨੇਤਰ

दृशान–ਦ੍ਰਿਸ਼ਾਨ. ਪੁ., ਚਮਕ, ਰੋਸ਼ਨੀ,ਪਰਕਾਸ਼, ਗੁਰੂ, ਬ੍ਰਾਹਮਣ, ਅਚਾਰਜ, ਲੋਕ ਪਾਲ, ਵਿ., ਜੋ ਦਿਖਾਈ ਦੇਵੇ

दृशि–ਦ੍ਰਿਸ਼ਿ, ਇ., ਅੱਖ

दृश्य–ਦ੍ਰਿਸ਼ਜ, ਵਿ., ਸੁੰਦਰ ਝਾਕੀ, ਮਨੋਹਰ ਨਜ਼ਾਰਾ

दृश्यकाव्य–ਦ੍ਰਿਸ਼ਜ ਕਾਵਜ, ਪੁ., ਕਾਵ ਦਾ ਇਕ ਭੇਦ

दृश्यमान–ਦ੍ਰਿਸ਼ਜਮਾਨ. ਵਿ., ਜੋ ਦਿਸੇ, ਚਮਕੀਲਾ, ਸੁੰਦਰ

दृष्ट–ਦ੍ਰਿਸ਼ਟ, ਵਿ., ਦੇਖਿਆ ਹੋਇਆ, ਪ੍ਰਤੱਖ, ਸੌਹੇ, ਜਾਣਿਆ ਹੋਇਆ, ਗਿਆਤ

दृष्टान्त–ਦ੍ਰਿਸ਼ਟਾਂਤ, ਪੁ., ਉਦਾਹਰਣ, ਮਿਸਾਲ

दृष्टि–ਦ੍ਰਿਸ਼ਟਿ, ਇ., ਨਿਗਾਹ, ਪਰਖ, ਉਦੇਸ਼

दृष्टिगत–ਦ੍ਰਿਸ਼ਟਿਗਤ, ਵਿ., ਅੱਖਾਂ ਸੌਹੇਂ

दृष्टिगोचर–ਦ੍ਰਿਸ਼ਟਿਗੋਚਰ, ਵਿ., ਜੋ ਦਿਸੇ, ਜੋ ਦੇਖਿਆ ਜਾ ਸਕੇ

दृष्टिपथ–ਦ੍ਰਿਸ਼ਟਿਪਥ, ਪੁ., ਨਿਗਾਹ ਦੀ ਪਹੁੰਚ

दे, देई–ਦੇ, ਦੇਈ, ਇ., ਤੀਵੀਆਂ ਨੂੰ ਆਦਰ ਨਾਲ ਬੁਲਾਉਣ ਦਾ ਸ਼ਬਦ. ਦੇਵੀ

देख, देखन–ਦੇਖ, ਦੇਖਨ, ਇ., ਦੇਖਣ ਦੀ ਕਿਰਿਆ ਜਾਂ ਭਾਵ

देखनहारा–ਦੇਖਨਹਾਰਾ, ਵਿ., ਦੇਖਣ ਵਾਲਾ

देखना–ਦੇਖਨਾ, ਕ੍ਰਿ., ਝਾਕਣਾ, ਨਿਰੀਖਣ ਕਰਨਾ, ਤਾਕਣਾ, ਵੇਖਣਾ, ਪਤਾ ਲਾਉਣਾ, ਪਰਖਣਾ

देखभाल–ਦੇਖਭਾਲ, ਇ., ਜਾਂਚ ਪੜਤਾਲ, ਨਿਗਰਾਨੀ

देखरेख–ਦੇਖਰੇਖ, ਇ., ਦੇਖ ਭਾਲ, ਨਜ਼ਰਸਾਨੀ

देखाऊ–ਦੇਖਾਊ, ਵਿ., ਦਿਖਾਵਾ, ਜੋ ਕੇਵਲ ਦਿਖਾਉਣ ਲਈ ਹੋਵੇ

देखादेखी–ਦੇਖਾਦੇਖੀ, ਇ., ਸੌਹੇਂ, ਕ੍ਰਿ. ਵਿ., ਦੂਜੇ ਨੂੰ ਕਰਦਾ ਵੇਖ ਕੇ

देखाभाली–ਦੇਖਾਭਾਲੀ, ਇ., ਦੇਖਭਾਲ, ਜਾਚ ਪੜਤਾਲ

देखाव–ਦੇਖਾਵ, ਪੁ., ਤੜਕ ਭੜਕ, ਬਣਾਵਟ, ਨਿਗਾਹ ਦੀ

ਪਹੁੰਚ

देखावट–ਦੇਖਾਵਟ, ਇ., ਠਾਠਬਾਠ, ਤੜਕ ਭੜਕ

देग–ਦੇਗ, ਪੁ., ਇਕ ਤਰ੍ਹਾਂ ਦਾਂ ਬਾਜ ਪੰਛੀ

देदीप्यमान–ਦੇਦੀਪਜਮਾਨ, ਵਿ., ਚਮਕੀਲਾ, ਭੜਕੀਲਾ

देन–ਦੇਨ, ਇ., ਦਾਨ. ਦਾਤ, ਦਾਨ ਦਿਤੀ ਹੋਈ ਚੀਜ਼

देनदार–ਦੇਨਦਾਰ, ਪੁ.. ਕਰਜਾਈ, ਦਾਨੀ, ਦਾਤਾ

देनदारी–ਦੇਨਦਾਰੀ, ਇ., ਕਰਜਾ ਦੇਣ ਦੀ ਹਾਲਤ

देनलेन–ਦੇਨਲੇਨ, ਪੁ., ਸੂਦ ਤੇ ਪੈਸਾ ਦੇਣ ਲੈਣ

देमान–ਦੇਮਾਨ, ਪੁ., ਦੇਖੋ ਦਿਵਾਨ (दिवान)

देरानी–ਦੇਰਾਨੀ, ਇ., ਦਿਰਾਣੀ, ਪਤੀ ਦੇ ਛੋਟੇ ਭਰਾ ਦੀ ਤੀਵੀਂ

देरी–ਦੇਰੀ, ਇ., ਡੇਰ. ਚਿਰ

देव–ਦੇਵ, ਪੁ., ਦੇਵਤਾ, ਮੇਘ, ਸੁਰ, ਰੱਬ

देवअंशी–ਦੇਵਅੰਸ਼ੀ, ਵਿ., ਜੋ ਦੇਵਤੇ ਤੋਂ ਪੈਦਾ ਹੋਇਆ ਹੋਵੇ

देवकन्या–ਦੇਵਤਨਜਾ, ਇ., ਦੇਵਤੇ ਦੀ ਧੀ, ਦੇਵੀ

देवकपास–ਦੇਵਕਪਾਸ, ਇ., ਨਰਮਾ ਕਪਾਹ

देवकलि–ਦੇਵਕਲਿ, ਇ.. ਇਕ ਰਾਗਣੀ

देवकी–ਦੇਵਕੀ, ਇ., ਸ੍ਰੀ ਕ੍ਰਿਸ਼ਨ ਭਗਵਾਨ ਦੀ ਮਾਂ

देवकीनंदन–ਦੇਵਕੀਨੰਦਨ, ਪੁ., ਸ੍ਰੀ ਕ੍ਰਿਸ਼ਨ

देवकुल्या–ਦੇਵਕੁਲਜਾ. ਪੁ., ਗੰਗਾ

देवकुसुम–ਦੇਵਕੁਸੁਮ. ਪੁ., ਲੌਂਗ

देवक्षेत्र–ਦੇਵਕਸ਼ੇਤ੍ਰ, ਪੁ., ਸੁਰਗ

देवगण–ਦੇਵਗਣ, ਪੁ., ਦੇਵਤਿਆਂ ਦਾ ਸਮੂਹ

देवगणिका–ਦੇਵਗਣਿਕਾ, ਇ., ਅਪੱਛਰਾ

देवगति–ਦੇਵਗਤਿ, ਇ., ਮਰਣ ਪਿਛੋਂ ਦੇਵਤੇ ਦੀ ਜੂਣੀ ਪੈਣ ਦਾ ਭਾਵ

देवगन्धर्व–ਦੇਵਗੰਧਰਵ, ਪੁ., ਦੇਵਤਿਆਂ ਦੇ ਰਾਗੀ

देवगिरा–ਦੇਵਗਿਰਾ, ਇ., ਦੇਵਤਿਆਂ ਦੀ ਬੋਲੀ, ਸੰਸਕ੍ਰਿਤ

देवगुरु–ਦੇਵਗੁਰੁ, ਪੁ., ਦੇਵਤਿਆਂ ਦਾ ਗੁਰੂ, ਬ੍ਰਿਹਸਪਤੀ

देवगृह–ਦੇਵਗ੍ਰਿਹ, ਪੁ., ਮੰਦਰ, ਦੇਵਾਲਾ

देवचिकित्सक–ਦੇਵਚਿਕਿਤਸਕ. ਪੁ., ਦੇਵਤਿਆਂ ਦੇ ਹਕੀਮ, ਅਸ਼ੁਨੀ ਕੁਮਾਰ

देवट–ਦੇਵਟ, ਪੁ., ਕਾਰੀਗਰ

देवतरु–ਦੇਵਤਰੁ. ਪੁ., ਕਲਪ ਬ੍ਰਿਛ

देवतर्पण–ਦੇਵਤਰਪਣ, ਪੁ., ਦੇਵਤਿਆਂ ਦਾ ਨਾਉਂ ਲੈ ਕੇ ਪਾਣੀ ਦੇਣ ਦਾ ਭਾਵ

देवता–ਦੇਵਤਾ, ਇ., ਸੁਰਗ ਵਿਚ ਰਹਿਣ ਵਾਲੇ ਦੇਵ

देवताधिप–ਦੇਵਤਾਧਿਪ, ਪੁ.. ਇੰਦਰ ਦੇਵਤਾ

देवत्व–ਦੇਵਤ੍ਵ, ਪੁ., ਦੇਵਤਾ ਹੋਣ ਦਾ ਭਾਵ

देवदार–ਦੇਵਦਾਰ, ਪੁ., ਦਿਆਰ, ਬਿਆੜ

देवदासी–ਦੇਵਦਾਸੀ, ਇ., ਮੰਦਰ ਦੀ ਸੇਵਾ ਕਰਨ ਵਾਲੀ ਤੀਵੀਂ, ਇਕ ਤਰਾਂ ਦਾ ਨਿੰਬੂ, ਵੇਸਵਾ, ਰੰਡੀ

देवदीप–ਦੇਵਦੀਪ, ਪੁ., ਦੇਵਤਿਆਂ ਨਮਿਤ ਸੁਲਗਾਇਆ ਦੀਵਾ, ਅੱਖ

देवदूत–ਦੇਵਦੂਤ, ਪੁ., ਅੱਗ

देवदूती–ਦੇਵਦੂਤੀ, ਇ., ਸਵਰਗ ਦੀ ਅਪੱਛਰਾ. ਬਿਜੌਰੀ ਨਿੰਬੂ

देवधुनि–ਦੇਵਧੁਨੀ. ਇ., ਗੰਗਾ

देवन–ਦੇਵਨ, ਪੁ., ਚੌਪੜ, ਜੂਆ, ਕੰਵਲ

देवनदी–ਦੇਵਨਦੀ, ਇ., ਗੰਗਾ ਸਰਸੁਤੀ ਆਦਿ ਨਦੀ

देवनंदी–ਦੇਵਨੰਦੀ, ਪੁ,, ਇੰਦਰ ਦਾ ਦੁਆਰਪਾਲ

देवना–ਦੇਵਨਾ, ਇ., ਸੇਵਾ, ਟਹਿਲ, ਖੇਲੁ, ਖੇਡ

देवनागरी–ਦੇਵਨਾਗਰੀ, ਪੁ., ਹਿੰਦੀ ਮਰਾਠੀ ਅਤੇ ਸੰਸਕ੍ਰਿਤ ਬੋਲੀਆਂ ਦੇ ਲਿਖਣ ਦੀ ਲਿਪੀ

देवनाथ–ਦੇਵਨਾਥ, ਪੁ., ਮਹਾਦੇਵ, ਸ਼ਿਵ

देवनायक–ਦੇਵਨਾਯਕ, ਪੁ., ਇੰਦਰ ਦੇਵਤਾ

देवनिकाय–ਦੇਵਨਿਕਾਯ. ਪੁ., ਸਵਰਗ

देवनिर्मित–ਦੇਵਨਿਰਮਿਤ, ਵਿ., ਦੇਵਤਿਆਂ ਦਾ ਬਣਾਇਆ ਹੋਇਆ

देवपति–ਦੇਵਪਤਿ, ਪੁ., ਇੰਦਰ

देवपत्नी–ਦੇਵਪਤ੍ਨੀ, ਇ., ਦੇਵਤਿਆਂ ਦੀ ਤੀਵੀਂ

देवपथ–ਦੇਵਪਥ, ਪੁ., ਦੇਵਤਿਆਂ ਦਾ ਰਾਹ, ਅਗਾਸ

देवपात्र–ਦੇਵਪਾਤ੍ਰ, ਪੁ.. ਅੱਗ

देवपालित–ਦੇਵਪਾਲਿਤ, ਵਿ., ਉਹ ਦੇਸ਼ ਜਿਥੇ ਮੀਂਹ ਦੇ ਆਸਰੇ ਖੇਤੀ ਹੁੰਦੀ ਹੈ

देवपुरी–ਦੇਵਪੁਰੀ, ਇ., ਅਮਰਾਵਤੀ, ਇੰਦਰ ਦੇਵਤਾ ਦੀ ਨਗਰੀ

देवपुष्प–ਦੇਵਪੁਸ਼ਪ, ਪੁ., ਲੌਂਗ

देवपूज्य–ਦੇਵਪੂਜਜ, ਪੁ., ਬ੍ਰਿਹਸਪਤੀ

देवप्रयाग–ਦੇਵਪ੍ਰਯਾਗ, ਪੁ., ਟਿਹਰੀ ਰਾਜ ਵਿਚ ਇਕ ਤੀਰਥ ਦਾ ਨਾਂਉਂ

देवप्रिय–ਦੇਵਪ੍ਰਿਯ. ਪੁ., ਅਗਸਤ ਦਾ ਫੁੱਲ, ਪੀਲੀ ਭੰਗ, ਮਹਾਰਾਜ ਅਸ਼ੋਕ ਦਾ ਖਿਤਾਬ

देववधू–ਦੇਵਵਧੂ. ਇ., ਅਪੱਛਰਾ, ਪਰੀ

देववन्द–ਦੇਵਬੰਦ, ਪੁ., ਘੋੜੇ ਦੀ ਛਾਤੀ ਦੀ ਸ਼ੁਭ ਭੌਰੀ

देवभवन–ਦੇਵਭਵਨ, ਪੂ., ਸਵਰਗ ਪਿੱਪਲ, ਦੇਵਾਲਾ

देवभाषा–ਦੇਵਭਾਸ਼ਾ, ਇ., ਸੰਸਕ੍ਰਿਤ

देवभिषक्–ਦੇਵਭਿਸ਼ਕ, ਪੁ. ਦੇਵਤਿਆਂ ਦੇ ਵੈਦ, ਅਸ਼ੁਨੀਕੁਮਾਰ

देवभू–ਦੇਵਭੂ, ਪੁ., ਸਵਰਗ, ਦੇਵਭੂਮੀ

देवभूमि–ਦੇਵਭੂਮਿ, ਇ., ਸਵਰਗ, ਦੇਵਤਿਆਂ ਦੀ ਧਰਤੀ

देवभृत–ਦੇਵਭ੍ਰਿਤ, ਪੂ.. ਵਿਸ਼ਨੂੰ, ਇੰਦਰ

देवभोज्य–ਦੇਵਭੋਜਜ, ਪੁ., ਅੰਮ੍ਰਿਤ

देवमन्दिर–ਦੇਵਮੰਦਿਰ, ਪੁ., ਠਾਕੁਰਦੁਆਰਾ, ਮੰਦਰ

देवमाता–ਦੇਵਮਾਤਾ, ਇ., ਅਦਿਤੀ

देवमादन–ਦੇਵਮਾਦਨ, ਪੁ., ਉਹ ਸੋਮ ਜਿਸ ਨੂੰ ਪੀ ਕੇ ਦੇਵਤੇ ਮਸਤ ਹੁੰਦੇ ਹਨ

देवमार्ग–ਦੇਵਮਾਰਗ, ਪੁ., ਦੇਵਤਿਆਂ ਦਾ ਰਸਤਾ

देवमास–ਦੇਵਮਾਸ, ਪੁ., ਗਰਭ ਦਾ ਅਠਵਾਂ ਮਹੀਨਾ

देवयान–ਦੇਵਯਾਨ, ਪੁ., ਸਰੀਰ [ਨਾਲੋਂ ਵੱਖ ਹੋਣ ਦੇ ਜੀਵ \ ਆਤਮਾ ਦੇ ਜਾਣ ਦਾ ਰਸਤਾ

देवयानी–ਦੇਵਯਾਨੀ, ਇ., ਸ਼ੁਕ੍ਰਾਚਾਰਯ ਦੀ ਧੀ

देवयुग–ਦੇਵਯੁਗ, ਪੁ., ਸਤਿਜੁਗ

देवर–ਦੇਵਰ, ਪੁ., ਦੇਉਰ, ਪਤੀ ਦਾ ਛੋਟਾ ਭਰਾ

देवरक–ਦੇਵਰਕ, ਪੁ., ਪਤੀ ਦਾ ਛੋਟਾ ਭਰਾ

देवरथ–ਦੇਵਰਥ, ਪੁ., ਵਿਮਾਨ

देवरा–ਦੇਵਰਾ, ਪੁ., ਛੋਟਾ ਦੇਵਤਾ, ਦੇਉਰ

देवराज–ਦੇਵਰਾਜ, ਪੁ., ਇੰਦਰ

देवराज्य–ਦੇਵਰਾਜ੍ਯ, ਪੁ., ਸਵਰਗ

देवरानी–ਦੇਵਰਾਨੀ, ਇ., ਇੰਦਰ ਦੀ ਤੀਵੀਂ, ਸ਼ਚੀ, ਦੇਉਰ ਦੀ ਵਹੁਟੀ

देवर्षि–ਦੇਵਰਿਸ਼ਿ, ਪੁ., ਨਾਰਦ ਅਤ੍ਰੀ ਮਰੀਚ ਭਾਰਦਵਾਜ ਆਦਿ ਰਿਸ਼ੀ

देवल–ਦੇਵਲ, ਪੁ.,ਦੇਵ ਪੂਜਾ ਤੇ ਨਿਰਵਾਹ ਕਰਨ ਵਾਲਾ ਬੰਦਾ, ਪੁਜਾਰੀ, ਪੰਡਾ, ਨਾਰਦ, ਇਕ ਸਿਮ੍ਰਿਤੀਕਾਰ, ਮੰਦਰ

देवलोक–ਦੇਵਲੋਕ, ਪੁ., ਸਵਰਗ

देववधू–ਦੇਵਵਧੂ, ਇ., ਅਪੱਛਰਾ

देववाणी–ਦੇਵਵਾਣੀ, ਇ., ਅਕਾਸ਼ ਵਾਣੀ, ਸੰਸਕ੍ਰਿਤ

देववाहन–ਦੇਵਵਾਹਨ, ਪੁ., ਅੱਗ, ਦੇਵਤਿਆਂ ਦੀ ਸਵਾਰੀ

देवव्रत–ਦੇਵਵ੍ਰਤ, ਪੁ., ਭੀਸ਼ਮ ਪਿਤਾਮਹ

देवशत्रु–ਦੇਵਸ਼ਤਰੁ, ਪੁ., ਰਾਖਸ਼, ਦੈਂਤ

देवविहाग–ਦੇਵਵਿਹਾਗ, ਪੁ., ਇਕ ਰਾਗ

देववृक्ष–ਦੇਵਵ੍ਰਿਕਸ਼, ਪੁ., ਅੱਕ, ਗੁੱਗਲ ਦਾ ਰੁੱਖ

देवशाक–ਦੇਵਸ਼ਾਕ, ਪੁ., ਸ਼ੰਕਰ ਨਾਉਂ ਦਾ ਇਕ ਰਾਗ

देवशिल्पी–ਦੇਵਸ਼ਿਲਪੀ, ਪੁ., ਵਿਸ਼੍ਵਕਰਮਾ

देवशुनी–ਦੇਵਸ਼ੁਨੀ, ਇ.. ਸੁਰਭਾ ਨਾਉਂ ਦੀ ਦੇਵਤਿਆਂ ਦੀ ਕੁੱਤੀ

देवश्रवा–ਦੇਵਸ਼੍ਰਵਾ, ਪੁ., ਵਿਸ਼ਵਾਮਿਤਰ ਦਾ ਪੁੱਤਰ, ਵਸੁਦੇਵ ਦਾ ਭਰਾ

देवश्री–ਦੇਵਸ਼੍ਰੀ, ਪੁ., ਜੱਗ, ਇ., ਦੇਵਤਿਆਂ ਦੀ ਲੱਛਮੀ

देवसख–ਦੇਵਸਖ, ਪੁ., ਦੇਵਤਿਆਂ ਦਾ ਮਿੱਤਰ

देवसखा–ਦੇਵਸਖਾ, ਪੁ., ਉੱਤਰ ਦਿਸ਼ਾ ਦਾ ਇਕ ਪਹਾੜ

देवसद्म–ਦੇਵਸਦਮ, ਪੁ., ਦੇਵਾਲਾ, ਮੰਦਰ

देवसदन–ਦੇਵਸਦਨ, ਪੁ., ਦੇਵਾਲਾ, ਮੰਦਰ

देवसभा–ਦੇਵਸਭਾ, ਇ., ਦੇਵਤਿਆਂ ਦੀ ਸਭਾ, ਸੁਧਰਮਾ ਨਾਉਂ ਦੀ ਸਭਾ ਜਿਸ ਨੂੰ ਮਯ ਦਾਨੋ ਨੇ ਬਣਾਇਆ ਸੀ

देवसमाज–ਦੇਵਸਮਾਜ, ਪੁ., ਸੁਧਰਮਾ ਨਾਉਂ ਦੀ ਸਭਾ, ਭਾਰਤ ਦੀ ਇਕ ਸੰਸਥਾ

देवसरित्–ਦੇਵਸਰਿਤ, ਇ.. ਗੰਗਾ

देवसूरि–ਦੇਵਸੂਰਿ, ਪੁ., ਜੈਨ ਅਚਾਰਯ

देवसृष्ट–ਦੇਵਸ੍ਰਿਸ਼੍ਟ, ਇ., ਦੇਵਤਿਆਂ ਦਾ ਬਣਾਇਆ ਹੋਇਆ

देवसृष्टा–ਦੇਵਸ੍ਰਿਸ਼੍ਟਾ, ਇ., ਮਦਰਾ, ਸ਼ਰਾਬ

देवसेना–ਦੇਵਸੇਨਾ, ਇ., ਪਰਜਾ ਪਤੀ ਦੀ ਧੀ, ਬੱਚੇ ਨੂੰ ਪਾਲਣ ਵਾਲੀ, ਛੇਵੀਂ ਦੇਵੀ, ਦੇਵਤਿਆਂ ਦੀ ਫੌਜ

देवसेनापति–ਦੇਵਸੇਨਾਪਤਿ, ਪੁ., ਸਕੰਧ, ਕਾਰਤਿਕ

देवस्थान–ਦੇਵਸਥਾਨ, ਪੁ., ਮੰਦਰ, ਠਾਕੁਰਦੁਆਰਾ

देवहंस–ਦੇਵਹੰਸ, ਪੁ., ਬੱਤਕ

देवहू–ਦੇਵਹੁ, ਇ., ਦੇਵਤਿਆਂ ਦੀ ਪੁਕਾਰ, ਅੰਨ ਦੀ ਭਰੀ ਗੱਡੀ, ਖੱਬਾ ਕੰਨ, ਵਿ., ਦੇਵਤਿਆਂ ਨੂੰ ਬੁਲਾਉਣ ਵਾਲਾ

देवहूति–ਦੇਵਹੂਤਿ, ਇ., ਮਨੂ ਦੀ ਧੀ, ਸਾਂਖ ਸ਼ਾਸਤਰ ਦੇ ਕਰਤਾ ਕਪਿਲ ਰਿਸ਼ੀ ਦੀ ਮਾਂ

देवहूय–ਦੇਵਹੂਯ, ਪੁ., ਦੇਵਤੇ ਤੇ ਦੈਂਤਾਂ ਦਾ ਜੁੱਧ

देवा–ਦੇਵਾ, ਇ., ਇਕ ਤਰ੍ਹਾਂ ਦੀ ਵੇਲ, ਵਿ., ਕਰਜਾਈ, ਦੇਣ ਦਾਰ

देवागार–ਦੇਵਾਗਾਰ, ਪੁ., ਮੰਦਰ, ਦੇਵਾਲਾ

देवाङ्गना–ਦੇਵਾਂਗਨਾ, ਇ., ਅਪੱਛਰਾ

देवाची–ਦੇਵਾਚੀ, ਇ., ਦੇਵਤਿਆਂ ਦੀ ਪੂਜਾ ਕਰਨ ਵਾਲੀ

देवाजीव–ਦੇਵਾਜੀਵ. ਇ., ਪੁਜਾਰੀ

देवातिदेव–ਦੇਵਾਤਿਦੇਵ, ਪੁ., ਵਿਸ਼ਨੂੰ

देवात्मा–ਦੇਵਾਤਮਾ, ਪੁ., ਪਿੱਪਲ

देवाधिदेव–ਦੇਵਾਧਿਦੇਵ, ਪੁ., ਪਰਮੇਸ਼ਰ, ਮਹਾਦੇਵ, ਇੰਦਰ

देवाधिप–ਦੇਵਾਧਿਪ, ਪੁ., ਇੰਦਰ

देवानांप्रिय–ਦੇਵਾਨਾਂਪ੍ਰਿਯ, ਪੁ., ਦੇਵਤਿਆਂ ਦਾ ਪਿਆਰਾ, ਬੱਕਰਾ, ਮੂਰਖ ਬੰਦਾ, ਰਾਜੇ ਅਸ਼ੋਕ ਦਾ ਖਿਤਾਬ

देवाना–ਦੇਵਾਨਾ, ਵਿ., ਪਾਗਲ, ਸੁਦਾਈ, ਕਮਲਾ, ਦੀਵਾਨਾ

देवायुध–ਦੇਵਾਯੁਧ, ਪੁ., ਇੰਦਰ ਧਨੁਸ਼ ਜੋ ਬਰਸਾਤ ਵਿਚ ਦਿਸਦਾ ਹੈ, ਸਬਜ਼ਾ. ਬੁੱਢੀ ਦੀ ਪੀਂਘ

देवारण्य–ਦੇਵਾਰਣ੍ਯ. ਪੁ., ਦੇਵਤਿਆਂ ਦਾ ਬਗੀਚਾ

देवारि–ਦੇਵਾਰਿ, ਪੁ., ਦੇਵਤਿਆਂ ਦੇ ਵੈਰੀ, ਦੈਂਤ

देवारी–ਦੇਵਾਰੀ, ਇ., ਦਿਵਾਲੀ

देवाल–ਦੇਵਾਲ, ਵਿ., ਦਾਤਾ, ਦੇਣ ਵਾਲਾ

देवालय–ਦੇਵਾਲਯ, ਪੁ., ਸਵਰਗ, ਠਾਕੁਰਦੁਆਰਾ

देवाला–ਦੇਵਾਲਾ, ਪੁ., ਇਕ ਰਾਗਣੀ

देवालिया–ਦੇਵਾਲਿਯਾ, ਵਿ., ਕਰਜਾਈ

देवावतार–ਦੇਵਾਵਤਾਰ, ਪੁ., ਦੇਵਤਿਆਂ ਦਾ ਅਵਤਾਰ

देवावास–ਦੇਵਾਵਾਸ, ਪੁ., ਸਵਰਗ, ਸੁਮੇਰ, ਦੇਵਾਲਾ

देवाश्व–ਦੇਵਾਸ਼੍ਵ, ਪੁ., ਇੰਦਰ ਦਾ ਘੋੜਾ, ਉਚੈਸ਼੍ਰਵਾ

देवाहार–ਦੇਵਾਹਾਰ, ਪੁ., ਅੰਮ੍ਰਿਤ

देविका–ਦੇਵਿਕਾ, ਇ., ਯੁਧਿਸ਼ਟਰ ਦੀ ਪਤਨੀ

देविया–ਦੇਵਿਯਾ, ਪੁ., ਧਤੂਰੇ ਦਾ ਬੂਟਾ

देविल–ਦੇਵਿਲ, ਵਿ., ਧਾਰਮਕ

देवी–ਦੇਵੀ, ਇ., ਦੁਰਗਾ, ਮਹਾਰਾਣੀ, ਪਟਰਾਣੀ, ਆਦਿ ਸ਼ਕਤੀ ਚੰਗੀ ਤੀਵੀਂ

देवीपुराण–ਦੇਵੀਪੁਰਾਣ. ਪੁ., ਦੇਵੀ ਦੀ ਉਸਤੁਤ ਦਾ ਪੁਰਾਣ

देवीभागवत–ਦੇਵੀਂਭਾਗਵਤ, ਪੁ., ਬਾਰਾਂ ਸਕੰਧ ੧੮ ਹਜ਼ਾਰ ਸ਼ਲੋਕ ਵਾਲੀ ਦੇਵੀ ਮਹਾਤਮ ਦੀ ਪੁਸਤਕ

देवीवीर्य–ਦੇਵੀਵੀਰਯ ਪੁ.. ਗੰਧਕ

देवेन्द्र–ਦੇਵੇਂਦ੍ਰ, ਪੁ.. ਦੇਵਤਿਆਂ ਦਾ ਰਾਜਾ, ਇੰਦਰ

देवेश–ਦੇਵੇਸ਼, ਪੁ., ਮਹਾਦੇਵ, ਵਿਸ਼ਨੂੰ,ਪਰਮੇਸ਼ਰ, ਇੰਦਰ

देवेशी–ਦੇਵੇਸ਼ੀ. ਇ., ਦੇਵੀ,ਪਾਰਵਤੀ

देवेश्वर–ਦੇਵੇਸ਼੍ਵਰ, ਪੁ., ਸ਼ਿਵ, ਮਹਾਦੇਵ

देवेष्ट–ਦੇਵੇਸ਼੍ਟ, ਪੁ., ਦੇਵਤਿਆਂ ਦਾ ਪਿਆਰਾ, ਗੁੱਗਲ

देवैया–ਦੇਵੈਯਾ, ਵਿ., ਦਾਤਾ

देवोत्थान–ਦੇਵੋਥੱਾਨ, ਇ., ਵਿਸ਼ਨੂੰ ਦਾ ਕਤਕ ਸ਼ੁਦੀ ੧੧ ਨੂੰ ਨੀਂਦਰ ਤੋਂ ਉਠਣ ਦਾ ਭਾਵ

देवोद्यान–ਦੇਵੋਦਜਾਨ, ਪੁ., ਦੇਵਤਿਆਂ ਦਾ ਬਾਗ ਨੰਦਨ ਬਣ ਵਗੈਰਾ

देवोन्माद–ਦੇਵੋਨਮਾਦ, ਪੁ., ਉਹ ਪਾਗਲਪਣ ਜਿਸ ਵਿਚ ਰੋਗੀ ਸ਼ੁਧ ਪਵਿਤਰ ਰਹਿੰਦਾ ਹੈ ਫੁੱਲਾਂ ਦੀ ਮਾਲਾ ਪਹਿਰਦਾ ਹੈ ਅੱਖਾਂ ਬੰਦ ਨਹੀਂ ਕਰਦਾ

देव्या–ਦੇਵਜਾ, ਇ , ਬ੍ਰਹਮੀ ਬੂਟੀ

देश–ਦੇਸ਼, ਪੁ., ਧਰਤੀ ਦਾ ਇਕ ਹਿੱਸਾ, ਮੁਲਕ. ਦਿਸ਼ਾ, ਥਾਂ, ਰਾਸ਼ਟਰ

देशक–ਦੇਸ਼ਕ, ਵਿ., ਉਪਦੇਸ਼ਕ

देशकली–ਦੇਸ਼ਕਲੀ, ਇ., ਰਾਗਣੀ

देशकार–ਦੇਸ਼ਕਾਰ, ਪੁ., ਸੰਪੂਰਣ ਰਾਗ

देशकारी–ਦੇਸ਼ਕਾਰੀ, ਪੁ., ਇਕ ਰਾਗ

देशज–ਦੇਸ਼ਜ, ਵਿ., ਸੁਦੇਸ਼ੀ, ਦੇਸ਼ ਵਿਚ ਪੈਦਾ ਹੋਇਆ

देशज्ञ–ਦੇਸ਼ਗਜ, ਪੁ., ਪਰਚੱਲਤ ਸ਼ਬਦ, ਵਿ.. ਦੇਸ਼ ਦਾ ਹਾਲ ਜਾਣਨ ਵਾਲਾ

देशधर्म–ਦੇਸ਼ਧਰਮ, ਪੁ., ਦੇਸ਼ ਦੇ ਰਿਵਾਜ ਦੀ ਵਰਤੋਂ

देशनिकाला–ਦੇਸ਼ਨਿਕਾਲਾ, ਪੁ., ਦੇਸ਼ ਨਿਕਾਲਾ, ਦੇਸ਼ ਤੋਂ ਬਾਹਰ ਕੱਢਣ ਦੀ ਸਜ਼ਾ

देशपरिच्छन्न–ਦੇਸ਼ਪਰਿਛੰਨ, ਵਿ., ਸਰਬਵਿਆਪਕ

देशपाली–ਦੇਸ਼ਪਾਲੀ, ਇ., ਇਕ ਰਾਗਣੀ

देशभाषा–ਦੇਸ਼ਭਾਸ਼ਾ, ਇ., ਦੇਸ਼ ਦੀ ਪਰਚਲਤ ਬੋਲੀ, ਰਾਸ਼ਟਰਭਾਸ਼ਾ

देशमल्लार–ਦੇਸ਼ਮੱਲਾਰ, ਪੁ., ਇਕ ਸੰਪੂਰਣ ਰਾਗ

देशराज–ਦੇਸ਼ਰਾਜ, ਪੁ., ਦੇਸ਼ ਦਾ ਰਾਜਾ, ਆਲਾ ਉਦਲ ਦਾ ਪਿਉ

देशरूप–ਦੇਸ਼ਰੂਪ, ਵਿ., ਜੋਗ, ਉਚਿਤ

देशस्थ–ਦੇਸ਼ਸਥ, ਵਿ., ਦੇਸ਼ਵਾਸੀ

देशा–ਦੇਸ਼ਾ, ਪੁ., ਇਕ ਗੰਧਰਵ

देशाका––ਦੇਸ਼ਾਕਾ, ਇ., ਇਕ ਰਾਗਣੀ

देशाक्षी–ਦੇਸ਼ਾਕੀ, ਇ., ਇਕ ਰਾਗਣੀ

देशाखी–ਦੇਸ਼ਾਂਖੀ, ਇ., ਇਕ ਰਾਗਣੀ

देशाचार–ਦੇਸ਼ਾਚਾਰ, ਪੁ., ਲੋਕ ਵਰਤੋਂ, ਦੇਸ਼ ਦੀ ਰਸਮ

देशाटन–ਦੇਸ਼ਾਟਨ, ਪੁ., ਦੇਸ਼ ਦੀ ਸੈਰ

देशांतर–ਦੇਸ਼ਾਂਤਰ, ਪੁ., ਦੇਸ਼ ਭੇਦ, ਪਰਦੇਸ,ਭੂਗੋਲ ਵਿਚ ਉੱਤਰ ਤੋਂ ਦੱਖਣੀ ਧਰੂ ਤਕ ਗਈ ਮੱਧ ਰੇਖਾ

देशिक–ਦੇਸ਼ਿਕ, ਪੁ., ਪਥਕ, ਰਾਹੀ, ਗੁਰੂ

देशित–ਦੇਸ਼ਿਤ, ਵਿ., ਜਿਸ ਤੋਂ ਉਪਦੇਸ਼ ਲਿਆ ਹੋਵੇ

देशिनी–ਦੇਸ਼ਿਨੀ, ਇ., ਅੰਗੂਠੇ ਤੇ ਵਿਚਕਾਰਲੀ ਉਂਗਲੀ ਦੇ ਵਿਚਲੀ ਉਂਗਲੀ, ਇਸ਼ਾਰਾ ਕਰਨ ਵਾਲੀ ਉਂਗਲ਼

देशी, देशीय–ਦੇਸ਼ੀ, ਦੇਸ਼ੀਯ, ਵਿ., ਦੇਸ਼ ਦਾ, ਮੁਲਕ ਸਬੰਧੀ

देश्य–ਦੇਸ਼ਜ, ਪੁ., ਪੂਰਵਪੱਖੀ, ਵਿ., ਦੇਸ਼ ਦਾ, ਦੇਸੀ

देष्ठ–ਦੇਸ਼ਠ, ਵਿ., ਮਹਾਦਾਨੀ, ਵੱਡਾ ਦਾਨ ਕਰਨ ਵਾਲਾ

देस–ਦੇਸ, ਪੁ., ਦੇਖੋ ਦੇਸ਼ (देश)

देसाई–ਦੇਸਾਈ, ਵਿ., ਗੁਜਰਾਤੀ ਬ੍ਰਾਹਮਣ

देसावर–ਦੇਸਾਵਰ, ਪੁ., ਪਰਦੇਸ, ਦੂਜਾ ਇਲਾਕਾ

देसावरी–ਦੇਸ਼ਾਵਰੀ, ਪੁ., ਵਿਦੇਸੀ

देह–ਦੇਹ, ਇ., ਸਰੀਰ. ਕਾਇਆਂ, ਪਿੰਡਾ

देहकर्ता–ਦੇਹਕੰਰਤਾ, ਪੁ., ਰੱਬ, ਈਸ਼ਵਰ, ਸੂਰਜ

देहकृत–ਦੇਹਕ੍ਰਿਤ, ਵਿ., ਪ੍ਰਮੇਸ਼ਵਰ

देहकोष–ਦੇਹਕੋਸ਼, ਪੁ., ਚਮੜੀ, ਖੱਲ

देहक्षय–ਦੇਹਕਸ਼ਯ, ਪੁ., ਸਰੀਰ ਦਾ ਨਾਸ਼

देहज–ਦੇਹਜ, ਪੁ., ਪੁੱਤਰ, ਬੇਟਾ, ਇ., ਧੀ, ਬੇਟੀ, ਵਿ., ਜੋ ਆਪਣੇ ਤੋਂ ਪੈਦਾ ਹੋਵੇ

देहत्याग–ਦੇਹਤਜਾਗ, ਪੁ., ਮੌਤ

देहद–ਦੇਹਦ. ਵਿ., ਦੇਹਦਾਤਾ, ਪੁ., ਪਾਰਾ

देहधारक–ਦੇਹਧਾਰਕ, ਵਿ., ਸਰੀਰ ਧਾਰਨ ਵਾਲਾ, ਪੁ., ਰੋਟੀ, ਹੱਡੀ, ਅਹਾਰ

देहधारी–ਦੇਹਧਾਰੀ, ਵਿ., ਸਰੀਰ ਧਾਰਨ ਵਾਲਾ

देहधारण–ਦੇਹਧਾਰਣ, ਪੁ., ਸ਼ਰੀਰ ਰੱਖਿਆ

देहधि–ਦੇਹਧਿ, ਪੁ., ਪੰਛੀ ਦਾ ਖੰਭ

देहधृज–ਦੇਹਧ੍ਰਿਜ, ਪੁ., ਪੌਣ, ਹਵਾ

देहपात–ਦੇਹਪਾਤ. ਪੁ., ਮੌਤ

देहभाज–ਦੇਹਭਾਜ, ਪੁ., ਸਰੀਰ ਧਾਰੀ

देहभृत–ਦੇਹਭ੍ਰਿਤ, ਪੁ., ਜੀਵ

देहर–ਦੇਹਰ, ਇ., ਨਦੀ ਦੇ ਕਿਨਾਰੇ ਦੀ ਨੀਵੀਂ ਧਰਤੀ

देहरी–ਦੇਹਰੀ, ਇ., ਦੇਹਲੀ. ਚੁਗਾਠ

देहला–ਦੇਹਲਾ, ਇ., ਸ਼ਰਾਬ

देहली–ਦੇਹਲੀ, ਇ., ਦੇਹਲੀ, ਦਿੱਲੀ

देहली दीपक–ਦੇਹਲੀ ਦੀਪਕ, ਪੁ., ਦੇਹਲੀ ਤੇ ਰਖਿਆ ਦੀਵਾ, ਇਕ ਅਲੰਕਾਰ

देहवंत-ਦੇਹਵੰਤ, ਵਿ., ਸਰੀਰ ਵਾਲਾ

देहांत-ਦੇਹਾਂਤ, ਪੁ., ਮੌਤ

देहांतर-ਦੇਹਾਂਤਰ, ਪੁ., ਦੂਜੇ ਸ਼ਰੀਰ ਦੀ ਪ੍ਰਾਪਤੀ, ਮੌਤ

देहावरण-ਦੇਹਾਵਰਣ, ਪੁ.. ਚਿੜੀ ਦਾ ਖੰਭ

देहाती-ਦੇਹਾਤੀ, ਵਿ., ਪੇਂਡੂ

देहातीत-ਦੇਹਾਤੀਤ, ਵਿ., ਜੋ ਦੇਹ ਤੋਂ ਅਜ਼ਾਦ ਹੋਵੇ .

देही-ਦੇਹੀ, ਇ., ਜੀਵਾਤਮਾ, ਜੀਵ, ਸਰੀਰ

दैतेय-ਦੈਤੇਯ, ਪੁ., ਦੈਂਤ

दैत्य-ਦਤਜ, ਪੁ., ਰਾਖਸ਼

दैत्यगुरू-ਦੈਤਜਗੁਰੂ, ਪੁ., ਸ਼ੁੱਕ੍ਰਾਚਾਰਯ

दैत्यदेव-ਦੈਤਜਦੇਵ, ਪੁ., ਵਰੁਣ, ਹਵਾ

दैत्यमाता-ਦੈਂਤਜਾਮਾਤਾ, ਇ., ਦਿਤੀ

दैत्या-ਦੈਤਜਾ, ਇ., ਦੈਂਤ ਦੀ ਤੀਵੀਂ, ਸ਼ਰਾਬ, ਮਦਰਾ

दैत्यारि-ਦੈਤਜਾਰਿ, ਪੁ., ਵਿਸ਼ਨੂੰ, ਇੰਦਰ ਦੇਵਤਾ

दैन-ਦੈਨ, ਪੁ., ਦੀਨਤਾ, ਵਿ., ਦਿਨ ਸਬੰਧੀ

दैनिक-ਦੈਨਿਕ, ਵਿ., ਰੋਜ਼ਾਨਾ, ਨੈਤਕੀ

दैन्य-ਦੈਨਜ, ਪੁ., ਗਰੀਬੀ, ਕੰਗਾਲੀ

दैयत-ਦੈਯਤ, ਪੁ., ਰਾਖਸ਼

दैया-ਦੈਯਾ, ਪੁ., ਰੱਬ, ਦੇਵ

दैव-ਦੈਵ, ਵਿ.. ਦੇਵਤੇ ਸਬੰਧੀ. ਪੁ., ਪਰਾਲਬਧ, ਭਾਗ, ਵਿਧਾਤਾ, ਅਕਾਸ਼

दैवक-ਦੈਵਕ, ਪੁ., ਕੁਦਰਤੀ, ਸੁਭਾਵਕ

दैवकी-ਦੈਵਕੀ, ਇ., ਕ੍ਰਿਸ਼ਨ ਦੀ ਮਾਂ

दैवकोविद-ਦੈਵਕੋਵਿਦ, ਪੁ.. ਜੋਤਸ਼ੀ

दैवगति-ਦੈਵਗਤਿ, ਇ., ਰੱਬ ਦੀ ਮਰਜੀ, ਭਾਗਲਿਖੀ

दैवज्ञ-ਦੈਵਗਯ, ਪੁ., ਜੋਤਸ਼ੀ

दैवत-ਦੈਵਤ, ਪੁ., ਦੇਵਤਾ. ਵਿ.. ਦੇਵਤਾ ਸਬੰਧੀ

दैवतन्त्र-ਦੈਵਤੰਤ੍ਰ, ਵਿ., ਭਾਗਵਸ

दैपतपति-ਦੈਵਤਪਤਿ, ਪੁ.. ਇੰਦਰ ਦੇਵਤਾ

दैवतप्रतिमा-ਦੈਵਤਪ੍ਰਤਿਮਾ, ਇ.. ਦੇਵਮੂਰਤੀ

दैवति-ਦੈਵਤਿ, ਪੁ., ਦੇਵਤਿਆਂ ਦੀ ਵੰਸ

दैवतीर्थ-ਦੈਵਤੀਰਥ, ਪੁ., ਉਂਗਲੀਆਂ ਦੀ ਨੋਕ

दैवत्य-ਦੈਵਤਜ, ਪੁ.. ਦੇਵਤਾ

दैवदीप-ਦਵਦੀਪ, ਪੁ., ਅੱਖ, ਨੇਤਰ

दैवदुर्विपाक-ਦੈਵਦੁਰਵਿਪਾਕ. ਪੁ., ਭਾਗ ਦੀ ਖੁਟਾਈ

दैवयोग-ਦੈਵਯੋਗ, ਪੁ , ਸੰਜੋਗੀ, ਕੁਦਰਤੀ

दैववश-ਦੈਵਵਸ਼. ਕ੍ਰਿ. ਵਿ., ਟੱਬ ਸਬੱਬੀ

दैववाणी-ਦੈਵਵਾਣੀ, ਇ., ਅਕਾਸ਼ ਬਾਣੀ, ਸੰਸਕ੍ਰਿਤ, ਇਲਹਾਮ

दैवात-ਦੈਵਾਤ, ਕ੍ਰਿ., ਵਿ., ਅਚਾਣਕ, ਕੁਦਰਤੀ

दैविक-ਦੈਵਿਕ, ਵਿ., ਦੇਵਤਾ ਸਬੰਧੀ, ਅਚਾਣਕ

दैवी-ਦੈਵੀ, ਵਿ., ਦੇਵਤਾ ਸਬੰਧੀ, ਅਚਾਣਕ ਰੱਬ ਸਬੱਬੀ ਹੋਣ ਵਾਲੀ

दैहिक-ਦੈਹਿਕ, ਵਿ., ਸਰੀਰਕ, ਸਰੀਰ ਤੋਂ ਉਤਪੰਨ

दोंकना-ਦੋਂਕਨਾ, ਕ੍ਰਿ., ਘੁਰਕਣਾ, ਗੁਰਰਾਨਾ

दोंकी-ਦੋਂਕੀ, ਇ., ਧੌਂਕਣੀ, ਫੂਕਣੀ

दोंचना-ਦੋਂਚਨਾ, ਕ੍ਰਿ., ਰੋਹਬ ਪਾਉਣਾ, ਦਾਬਾ ਦੇਣਾ

दो-ਦੋ, ਵਿ., ਤਿੰਨ ਤੋਂ ਇਕ ਘਟ, ਇਕ ਤੇ ਇਕ

दोइ-ਦੋਇ ਵਿ., ਦੋ

दोउ-ਦੋਉ, ਵਿ., ਦੋਨੋ

दोऊ-ਦੋਊ, ਵਿ., ਦੋਵੇਂ ਦੋਨੋਂ

दोक-ਦੋਕ, ਪੁ., ਦੋ ਵਰ੍ਹੇ ਦਾ ਵੱਛਾ, ਦੁੱਗਾ

दोकला-ਦੋਕਲਾ, ਪੁ., ਪੱਕੀ ਬੇੜੀ, ਦੋ ਪੇਚਾਂ ਵਾਲਾ ਤਾਲਾ

दोकोहा-ਦੋਕੋਹਾ, ਪੁ.. ਦੋ ਘੁਆਟਾਂ ਵਾਲਾ ਉੱਠ

दोख-ਦੋਖ, ਪੁ., ਦੋਸ਼, ਖੋਟ

दोखना-ਦੋਖਨਾ, ਕ੍ਰਿ., ਦੋਸ਼ ਲਾਉਣਾ

दोगंग-ਦੋਗੰਗ, ਇ., ਦੁਆਬਾ

दोगण्डी-ਦੋਗੰਡੀ, ਵਿ.. ਝਗੜਾਲੂ, ਉਪੱਦਰੀ, ਬਦਮਾਸ਼

दोगला-ਦੋਗਲਾ, ਵਿ., ਵਰਣ ਸ਼ੰਕਰ, ਹਰਾਮੀ

दोगाड़ा-ਦੋਗਾੜਾ, ਪੁ., ਦੁਨਾਲੀ ਬੰਦੂਕ

दोगुना-ਦੋਗੁਨਾ, ਵਿ., ਦੇਖੋ ਦੁਗਨਾ (दुगना)

दोग्धव्य-ਦੋਗਧਵਜ, ਵਿ., ਚੋਣ ਵਾਲਾ, ਚੋਣ ਜੋਗ

दोग्धा-ਦੋਗਧਾ, ਵਿ., ਗੁਆਲਾ, ਗੁੱਜਰ. ਚੋਣ ਵਾਲਾ ਬੰਦਾ, ਦੋਝੀ

दोग्ध्री-ਦੋਗਧ੍ਰੀ, ਇ., ਦੁਧਾਰ ਗਊ

दोघ-ਦੋਘ, ਪੁ., ਦੋਝੀ, ਦੁੱਧ ਚੋਣ ਵਾਲਾ

दोच-ਦੋਚ, ਇ., ਦੁਬਿਧਾ, ਕਸ਼ਟ. ਦੁਖ, ਦਬਾਉ

दोचन-ਦੋਚਨ, ਇ., ਦੁਬਿਧਾ, ਮੁਸੀਬਤ

दोचना-ਦੋਚਨਾ, ਕ੍ਰਿ., ਰੋਹਬ ਪਾਉਣਾ

दोचिता-ਦੋਚਿਤਾ, ਵਿ., ਜਿਸ ਦਾ ਮਨ ਠਿਕਾਣੇ ਨਾ ਹੋਵੇ

दोचित्ती-ਦੋਚਿੱਤੀ, ਇ., ਚਿੱਤ ਦਾ ਟਿਕਾਉ ਨਾ ਹੋਣ ਦਾ ਭਾਵ

दोज-ਦੋਜ ਇ., ਦੂਜ ਤਿਥ

दोजानु-ਦੋਜਾਨੂ, ਕ੍ਰਿ. ਵਿ., ਗੋਡਿਆਂ ਪਰਨੇ

दोतला-ਦੋਤਲਾ. ਵਿ. ਦੁਮੰਜਲਾ

दोतल्ला-ਦੋਤੱਲਾ, ਵਿ.. ਦੁਹਾਸਮਾ, ਦੁਮੰਜ਼ਲਾ

दोतही-ਦੋਤਹੀ, ਇ., ਦੋ ਤਹਿਆਂ ਵਾਲਾ ਖੇਸ

दोतारा-ਦੋਤਾਰਾ, ਵਿ., ਇਕ ਦੁਸ਼ਾਲਾ, ਦੋ ਤਾਰਾਂ ਵਾਲਾ ਵਾਜਾ

दोदना-ਦੋਦਨਾ, ਕ੍ਰਿ., ਆਖੀ ਗੱਲ ਤੋਂ ਮੁਕਰ ਜਾਣਾ

दोदरी-ਦੋਦਰੀ, ਇ., ਸਦਾ ਬਹਾਰੀ ਫੁੱਲਾਂ ਦਾ ਬੂਟਾ

दोदलक-ਦੋਦਲਕ, ਪੁ., ਛੋਲਿਆਂ ਦੀ ਦਾਲ

दोदा-ਦੋਦਾ, ਪੁ., ਢੋਡਰ ਕਾਂ, ਪਹਾੜੀ ਕਾਂ

दोदिन-ਦੋਦਿਨ, ਪੁ., ਰੀਠੇ ਦੀ ਨਸਲ ਦਾ ਰੁੱਖ

दोदिला-ਦੋਦਿਲਾ, ਵਿ., ਦੁਚਿੱਤਾ

दोदुल्यमान-ਦੋਦੁਲਜਮਾਨ, ਵਿ., ਬਾਰ ਬਾਰ ਝੂਟਣ ਵਾਲਾ

दोध-ਦੋਧ, ਪੁ., ਦੋਧੀ, ਗੁਆਲਾ, ਦੋਝੀ, ਅਹੀਰ

दोधार–ਦੋਧਾਰ, ਪੁ., ਭਾਲਾ, ਬਰਛਾ

दोधारा–ਦੋਧਾਰਾ, ਪੁ., ਖੰਡਾ, ਥੋਹਰ

दोधूयमान–ਦੋਧੂਯਮਾਨ, ਵਿ., ਬਾਰ ਬਾਰ ਕੰਬਣ ਵਾਲਾ

दोन–ਦੋਨ, ਪੁ., ਦੂਣ, ਦੋ ਪਹਾੜਾਂ ਵਿਚਕਾਰ ਦੀ ਪੱਧਰ ਧਰਤੀ

दोनली–ਦੋਨਲੀ, ਵਿ., ਦੁਨਾਲੀ

दोना–ਦੋਨਾ, ਪੁ., ਪੱਤਿਆਂ ਦਾ ਡੁੰਨਾ, ਡੂੰਨਾ

दोनियां–ਦੋਨਿਯਾਂ, ਇ., ਛੋਟਾ ਡੁੰਨਾ

दोनों–ਦੋਨੋਂ, ਵਿ., ਦੋਵੇਂ

दोपंथी–ਦੋਪੰਥੀ, ਇ., ਦੁਹਰੇ ਖਾਨੇ ਦੀ ਜਾਲੀ

दोपलका–ਦੋਪਲਕਾ, ਵਿ., ਦੋ ਪੱਲੇ ਦਾ, ਪੁ., ਦੁਹਰਾ ਨਰੀਨਾ, ਇਕ ਤਰ੍ਹਾਂ ਦਾ ਕਬੂਤਰ

दोपल्ली–ਦੋਪੱਲੀ, ਵਿ., ਦੋ ਪੱਲਿਆਂ ਦੀ ਟੋਪੀ

दोपहर–ਦੋਪਹਰ, ਇ., ਦੁਪਹਿਰਾ, ਸਵੇਰ ਅਤੇ ਸੰਝ ਦੇ ਵਿਚਕਾਰ ਦਾ ਸਮਾ

दोपीठा–ਦੋਪੀਠਾ, ਵਿ., ਦੁਹਾਂ ਪਾਸਿਆਂ ਤੋਂ ਇਕੋ ਜੇਹਾ ਕਪੜਾ ਕਾਗਤ ਨੂੰ ਇਕ ਪਾਸਿਉਂ ਛਾਪ ਕੇ ਦੂਸਰੇ ਪਾਸੇ ਛਾਪਣ ਦਾ ਕੰਮ

दोबल–ਦੋਬਲ, ਪੁ., ਦੋਸ਼, ਅਪਰਾਧ

दोबारा–ਦੋਬਾਰਾ, ਕ੍ਰਿ. ਵਿ., ਦੂਜੀ ਵਾਰ

दोबाला–ਦੋਬਾਲਾ, ਵਿ., ਦੂਣਾ, ਦੁਗਣਾ

दोमंज़िला–ਦੋਮੰਜ਼ਿਲਾ, ਵਿ., ਇਹੋ ਜਿਹਾ ਮਕਾਨ ਜਿਸ ਦੀਆਂ ਦੋ ਮੰਜਿਲਾਂ ਹੋਣ

दोमट–ਦੋਮਟ, ਇ., ਰੇਤਲੀ ਧਰਤੀ

दोमहला–ਦੋਮਹਲਾ, ਵਿ., ਦੋ ਛਤਾ, ਦੋ ਹਿਸਿਆਂ ਵਾਲਾ, ਦੋ ਮੰਜਲਾਂ

दोमरगा–ਦੋਮਰਗਾ, ਪੁ., ਇਕ ਮੋਟਾ ਕਪੜਾ

दोमूंहा–ਦੋਮੂਹਾਂ, ਵਿ., ਜਿਸ ਦੇ ਦੋ ਮੂੰਹ ਹੋਣ, ਦੁਹਰੀ ਚਾਲ ਵਾਲਾ, ਕਪਟੀ

दोमूंहीं–ਦੋਮੂਹੀਂ, ਇ., ਸੁਨਿਆਰਾਂ ਦਾ ਨੱਕਾਸ਼ੀ ਕਰਨ ਦਾ ਸੰਦ

दोय–ਦੋਯ, ਵਿ., ਦੋਵੇਂ ਦੋਨੋਂ

दोयरी–ਦੋਯਰੀ. ਇ., ਇਕ ਤਰ੍ਹਾਂ ਦਾ ਪਹਾੜੀ ਰੁੱਖ

दोयल–ਦੋਯਲ, ਪੁ., ਬਈਆ ਪੰਛੀ

दोरंगा–ਦੋਰੰਗਾ, ਵਿ., ਦੋ ਹੰਗਾਂ ਵਾਲਾ, ਦੋਹੀਂ ਪਾਸੀਂ ਚੱਲਣ ਵਾਲਾ. ਦੋਗਲਾ

दोरंगी–ਦੋਰੰਗੀ, ਵਿ., ਕਪਟੀ, ਛਲੀਆ, ਦੋਹੀਂ ਪਾਸੀਂ ਤੁਰਨ ਵਾਲਾ

दोरक़–ਦੋਰਕ, ਪੁ., ਬੀਣ ਦੀਆਂ ਤਾਰਾਂ ਬੰਨ੍ਹਣ ਅੀ ਰੱਸੀ

दोरसा–ਦੋਰਸਾ, ਵਿ., ਦੋ ਸੁਆਦ ਵਾਲਾ, ਇਕ ਤਰ੍ਹਾਂ ਦਾ ਤਮਾਖੂ

दोराहा–ਦੋਰਾਹਾ, ਪੁ., ਜਿਥੋਂ ਦੋ ਰਸਤੇ ਨਿਕਲਦੇ ਹੋਣ

दोरुखा–ਦੋਰੁਖਾ, ਵਿ., ਦੁਪਾਸੜ, ਪੁ., ਸੁਨਿਆਰਾਂ ਦਾ ਇਕ ਸੰਦ

दोर्गुण्ड–ਦੋਰਗੁੰਡ, ਪੁ., ਕਾਠ ਦੀ ਮੋਗਰੀ, ਲੱਕੜ ਦਾ ਮੂਹਲਾ

दोर्ग्रह–ਦੋਰਗ੍ਰਹ, ਪੁ., ਹੱਥ ਦੀ ਪੀੜ, ਹੱਥ ਦੀ ਪਕੜ

दोल–ਦੋਲ, ਪੁ., ਹਿੰਡੋਲਾ, ਡੋਲੀ

दोलड़ा–ਦੋਲੜਾ, ਵਿ., ਜ਼ਿਸ ਵਿਚ ਦੋ ਲੜੀਆਂ ਹੋਣ

दोल्लती–ਦੋਲੱਤੀ, ਇ., ਦੇਖੋ ਦੁਲੱਤੀ (दुलत्ती)

दोला–ਦੋਲਾ, ਇ., ਝੂਲਾ, ਡੋਲੀ, ਹਿੰਡੋਲਾ

दोलायमान–ਦੋਲਾਯਮਾਨ, ਵਿ., ਝੂਲਦਾ ਹੋਇਆ, ਹਿੱਲਦਾ ਹੋਇਆ,

दोलिका–ਦੋਲਿਕਾ, ਇ., ਦੇਖੋ ਦੋਲਾ(दोला)

दोली–ਦੋਲੀ, ਇ., ਡੋਲੀ, ਪਾਲਕੀ

दोलोत्सव–ਦੋਲੋਤਸਵ, ਪੁ., ਫੱਗਣ ਦੀ ਪੂਰਨਮਾਸ਼ੀ ਦਾ ਵੈਰਾਗੀਆਂ ਦਾ ਇਕ ਤਿਉਹਾਰ

दोशाला–ਦੋਸ਼ਾਲਾ, ਪੁ., ਉਤੇ ਲੈਣ ਦੀ ਇਕ ਕਿਸਮ ਦੀ ਚਾਦਰ

दोष–ਦੋਸ਼, ਪੁ., ਦੂਸ਼ਣ, ਅਵਗੁਣ, ਕਲੰਕ, ਖਰਾਬੀ, ਨੁਕਸ, ਕਸੂਰ, ਖੋਟ, ਐਬ

दोषक–ਦੋਸ਼ਕ, ਪੁ., ਵੱਛਾ, ਗਊ ਦਾ ਬੱਚਾ

दोषग्राही–ਦੋਸ਼ਗ੍ਰਾਹੀ, ਵਿ., ਦੁਰਜਨ, ਦੁਸ਼ਟ, ਭੈੜਾ, ਖੋਟਾ

दोषज्ञ–ਦੋਸ਼ਗਜ, ਪੁ., ਵੈਦ, ਪੰਡਤ, ਹਕੀਮ

दोषत्रय–ਦੋਸ਼ਤ੍ਰਯ, ਪੁ., ਵਾਤ ਪਿੱਤ ਅਤੇ ਕਫ

दोषन–ਦੋਸ਼ਨ, ਪੁ., ਦੋਸ਼, ਅਪਰਾਧ, ਕਲੰਕ

दोषना–ਦੋਸ਼ਨਾ, ਕ੍ਰਿ., ਦੋਸ਼ ਲਾਉਣਾ

दोषल–ਦੋਸ਼ਲ, ਵਿ., ਦੋਸ਼ਾਂ ਭਰਿਆ

दोषा–ਦੋਸ਼ਾ, ਇ., ਰਾਤ

दोषाकर–ਦੋਸ਼ਾਕਰ, ਪੁ., ਅਵਗੁਣ ਦੀ ਖਾਨ, ਚੰਨ, ਚੰਦਰਮਾ

दोषाक्लेशी–ਦੋਸ਼ਾਕਲੇਸ਼ੀ, ਇ., ਬਣਤੁਲਸੀ

दोषिक–ਦੋਸ਼ਿਕ, ਪੁ., ਰੋਗ, ਬੀਮਾਰੀ

दोषिन–ਦੋਸ਼ਿਨ, ਵਿ., ਪਾਪਣ, ਅਪਰਾਧਣ

दोषी–ਦੋਸ਼ੀ, ਵਿ., ਅਪਰਾਧੀ, ਪਾਪੀ

दोसदारी–ਦੋਸਦਾਰੀ, ਇ., ਦੋਸਤੀ, ਮਿੱਤਰਤਾ

दोसा–ਦੋਸਾ, ਪੁ., ਪਾਣੀ ਦਾ ਘਾਹ

दोसाल–ਦੋਸਾਲ, ਪੁ., ਬਰਮਾ ਦੇਸ ਦਾ ਲਕੜੀਆਂ ਢੋਣ ਵਾਲਾ ਹਾਥੀ

दोसाला–ਦੋਸਾਲਾ, ਵਿ., ਦੋ ਵਰ੍ਹਿਆਂ ਦਾ

दोसाही–ਦੋਸਾਹੀ, ਵਿ., ਦੁ ਫਸਲੀ

दोसूती–ਦੋਸੂਤੀ, ਇ., ਇਕ ਮੋਟਾ ਕਪੜਾ

दोस्त–ਦੋਸ੍ਤ, ਪੁ.. ਮਿੱਤਰ, ਯਾਰ

दोस्ती–ਦੋਸ੍ਤੀ, ਇ., ਮਿੱਤਰਤਾ, ਪ੍ਰੀਤੀ, ਯਾਰੀ

दोस्थ–ਦੋਸਥ, ਵਿ., ਬਹੁਤ ਦੂਰ, ਪੁ., ਖੇਡਣ ਵਾਲਾ

दोह–ਦੋਹ, ਪੁ., ਦਵੈਸ਼, ਦਰੋਹ, ਦੁੱਧ ਚੋਣ ਦਾ ਭਾਂਡਾ, ਦੁੱਧ ਚੋਣ ਦਾ ਕੰਮ

दोहगा–ਦੋਹਗਾ, ਇ., ਰਖੈਲ ਤੀਵੀਂ

दोहज–ਦੋਹਜ, ਪੁ., ਦੁੱਧ

दोहता–ਦੋਹਤਾ, ਪੁ., ਧੀ ਦਾ ਪੁੱਤਰ

दोहत्थड़–ਦੋਹੱਥੜ, ਵਿ., ਉਹ ਥੱਪੜ ਜੋ ਦੋਹਾਂ ਹੱਥ਼ਾਂ ਨਾਲ ਮਾਰਿਆ ਜਾਵੇ.
दोहत्था–ਦੋਹੱਥਾ, ਇ., ਦੋਹਾਂ ਹੱਥਾਂ ਨਾਲ ਮਾਰਿਆ ਗਿਆ ਥੱਪੜ
दोहद–ਦੋਹਦ, ਇ., ਗਰਭਵਤੀ ਦੀ ਇੱਛਿਆ, ਗਰਭ ਦਾ ਚਿੰਨ੍ਹ, ਗਰਭ
दोहदवती–ਦੋਹਦਵਤੀ. ਇ., ਗਰਭਵਤੀ ਤੀਵੀਂ
दोहन–ਦੋਹਨ, ਪੁ., ਦੁੱਧ ਚੋਣ ਦਾ ਕੰਮ. ਦੁਹਣਾ
दोहना–ਦੋਹਨਾ, ਕ੍ਰਿ., ਐਬ ਕੱਢਣਾ ਦੋਸ਼ ਢੂੰਢਣਾ
दोहनी–ਦੋਹਨੀ, ਇ., ਦੁੱਧ ਚੋਣ ਵਾਲਾ ਭਾਂਡਾ
दोहर–ਦੋਹਰ, ਇ.. ਦੁਪੱਟੀ ਚਾਦਰ
दोहरना–ਦੋਹਰਨਾ, ਕ੍ਰਿ., ਦੂਹਰਾ ਹੋਣਾ, ਦੁਬਾਰਾ ਹੋਣਾ
दोहरफ़–ਦੋਹਰਫ਼, ਪੁ., ਧਿਰਕਾਰ, ਲਾਅਨ੍ਤ, ਫਿਟਕਾਰ
दोहरा–ਦੋਹਰਾ, ਵਿ., ਦੋ ਤਹਿਆ, ਪੁ.. ਇਕ ਛੰਦ, ਦੋ ਪਾਨ ਜੋ ਇਕ ਪੱਤੇ ਵਿਚ ਲਪੇਟੇ ਹੋਏ ਹੋਣ
दोहराना–ਦੋਹਰਾਨਾ, ਕ੍ਰਿ., ਕਿਸੇ ਗੱਲ ਨੂੰ ਦੁਬਾਰਾ ਕਹਿਣਾ
दोहलवती–ਦੋਹਲਵਤੀ, ਇ.. ਗਰਭਵਤੀ, ਉਹ ਤੀਵੀਂ ਜਿਸ ਨੂੰ ਢਿਡ ਹੋਇਆ ਹੋਵੇ
दोहला–ਦੋਹਲਾ. ਵਿ., ਜਿਸ ਨੇ ਦੋ ਬਾਰ ਬੱਚਾ ਦਿਤਾ ਹੋਵੇ
दोहा–ਦੋਹਾ, ਪੁ., ਇਕ ਛੰਦ. ਰਾਗ ਦਾ ਇਕ ਭੇਦ
दोहापयन–ਦੋਹਾਪਯਨ, ਪੁ., ਗਊ ਦਾ ਦੁੱਧ
दोहाक–ਦੋਹਾਕ, ਪੁ., ਦੁਰਭਾਗ, ਬਦ ਕਿਸਮਤੀ
दोहाग–ਦੋਹਾਗ, ਪੁ., ਦੁਰਭਾਗ, ਬਦਨਸੀਬੀ
दोहागा–ਦੋਹਾਗਾ, ਵਿ., ਅਭਾਗਾ, ਬੇਨਸੀਬ
दोहित–ਦੋਹਿਤ, ਵਿ., ਚੋਇਆ ਹੋਇਆ, ਪੁ., ਦੋਹਤਾ
दोही–ਦੋਹੀ. ਪੁ., ਦੋਝੀ, ਗੁੱਜਰ. ਗੁਆਲ
दौंकना–ਦੌਂਕਨਾ, ਕ੍ਰਿ., ਚਮਕਣਾ. ਦਮਕਣਾ, ਲਿਸ਼ਕਣਾ
दौंचना–ਦੌਂਚਨਾ, ਕ੍ਰਿ., ਦਾਬਾ ਪਾ ਕੇ ਲੈਣਾ
दौंरी–ਦੌਂਰੀ. ਇ., ਪੈੜੀ ਵਿਚ ਬਲ੍ਹਦ ਫੇਰਨ ਦਾ ਕੰਮ, ਬਲਾਂ ਨੂੰ ਵੰਨ੍ਹਣ ਦੀ ਰੱਸੀ
दौं–ਦੌਂ, ਇ., ਜੰਗਲ ਦੀ ਅੱਗ, ਜਲਣ, ਸੰਤਾਪ
दौड़–ਦੌੜ, ਇ., ਭਾਜ. ਨੱਸਣ, ਧਾਵਾ, ਹੱਲਾ, ਪਹੁੰਚ, ਲੰਮਾਈ ਬੁੱਧ ਦੀ ਪਹੁੰਚ
दौड़धूप–ਦੌੜਧੂਪ, ਇ., ਨੱਸ ਭੱਜ.
दौड़ाना–ਦੌੜਾਨਾ, ਕ੍ਰਿ. ਨਸਾਉਣਾ, ਭਜਾਉਣਾ
दौड़ादौड़ी–ਦੌੜਾਦੌੜੀ. ਇ., ਭਾਜ, ਘਬਰਾਹਟ, ਆਤੁਰਤਾ
दौन–ਦੌਨ, ਪੁ., ਦਮਨ. ਨਾਸ
दौना–ਦੌਨਾ, ਪੁ., ਇਕ ਸੁਗੰਧਤ ਬੂਟਾ, ਕ੍ਰਿ., ਦਮਨ ਕਰਨਾ ਪਛਾੜਨਾ
दौर–ਦੌਰ, ਪੁ., ਚੱਕਰ, ਫੇਰੀ, ਸਮੇ ਦਾ ਹੇਰ ਫੇਰ, ਦਫ਼ਾ ਪਰਭਾਵ,
दौरना–ਦੌਰਨਾ, ਕ੍ਰਿ., ਦੌੜਨਾ, ਨੱਸਣਾ, ਭੱਜਣਾ
दौरा–ਦੌਰਾ, ਪੁ., ਟੋਕਰਾ
दौरादौर–ਦੌਰਾਦੌਰ, ਕ੍ਰਿ. ਵਿ., ਜਲਦੀ ਜਲਦੀ, ਕਾਹਲੀ ਨਾਲ, ਧੁਣ ਵਿਚ
दौराना–ਦੌਰਾਨਾ, ਕ੍ਰਿ.. ਨਸਾਉਣਾ, ਵਜਾਉਣਾ
दौरित–ਦੌਰਿਤ, ਪੁ., ਨੁਕਸਾਨ, ਘਾਟਾ, ਕਮੀ, ਤੋਟ, ਹਾਨ
दौरी–ਦੌਰੀ, ਇ., ਟੋਕਰੀ
दौर्जन्य–ਦੌਰਜਨਯ, ਪੁ., ਦੁਸ਼ਟਤਾ, ਖੁਟਿਆਈ
दौर्मनस्य–ਦੌਰਮਨਸਯ, ਪੁ., ਭੈੜੇ ਖਿਆਲ, ਬੁਰੀ ਸਲਾਹ
दौर्य–ਦੌਰਯ, ਪੁ., ਦਬੀ, ਫਾਸਲਾ, ਫਰਕ
दौर्बल्य–ਦੌਲਵਲਯ, ਪੁ.. ਕਮਜ਼ੋਰੀ
दौर्वासेस–ਦੌਰਵਾਸੇਸ. ਪੁ , ਇਕ ਉਪ ਪੁਰਾਣ
दौर्वीन–ਦੌਰਵੀਨ, ਇ., ਅਜ਼ਾਦੀ, ਖੁਲ੍ਹ ਖੇਡ
दौलत–ਦੌਲਤ, ਪੁ., ਮਾਇਆ, ਧਨ, ਪੈਸਾ
दौलतख़ाना–ਦੌਲਤਖ਼ਾਨਾ, ਪੁ., ਘਰ, ਰਹਿਣ ਦੀ ਥਾਂ
दौलतमन्द–ਦੌਲਤਮੰਦ, ਵਿ., ਧਨੀ, ਅਮੀਰ, ਸੇਠ
दौलतमन्दी–ਦੌਲਤਮੰਦੀ, ਇ., ਅਮੀਰੀ
दौलेय–ਦੌਲੇਯ, ਪੁ., ਕੱਛੂ
दौवारिक–ਦੌਵਾਰਿਕ, ਪੁ., ਦੁਆਰਪਾਲ, ਦਰਬਾਨ
दौहिक–ਦੌਹਿਕ, ਵਿ., ਰੋਜ਼ਾਨਾ ਚੋਈ ਜਾਣ ਵਾਲੀ
दौहित्र–ਦੌਹਿਤ੍ਰ. ਪੁ., ਦੋਹਤਾ
द्यावाक्षमा–ਦਯਾਮਾਕਸ਼ਮਾ, ਇ., ਪ੍ਰਿਥਵੀ ਅਤੇ ਸਵਰਗ
द्यु–ਦਯੁ, ਪੁ., ਅਕਾਸ਼, ਦਿਨ, ਸਵਰਗ, ਅੱਗ, ਸੂਰਜ ਲੋਕ
द्युग–ਦਯੁਗ, ਪੁ., ਪੰਛੀ, ਚਿੜੀ
द्युति–ਦਯੁਤ, ਵਿ., ਚਮਕਦਾ ਹੋਇਆ
द्युति–ਦਯੁਤਿ, ਇ., ਸੋਭਾ, ਕਿਰਣ
द्युतिमंत्–ਦਯੁਤਿਮਤ, ਵਿ.. ਚਮਕਦਾਰ, ਚਮਕੀਲਾ
द्युतिमा–ਦਯੁਤਿਮਾ, ਇ.. ਚਮਕ. ਲਿਸ਼ਕ
द्युपति–ਦਯੁਪਤਿ, ਪੁ., ਇੰਦਰ. ਸੂਰਜ
द्युपथ–ਦਯੁਪਥ, ਪੁ., ਅਕਾਸ਼ਮਾਰਗ
द्युमणि–ਦਯੁਮਣਿ, ਪੁ., ਅੱਕ, ਸੋਧਿਆ ਹੋਇਆ ਤਾਂਬਾ, ਸੂਰਜ
द्युमान–ਦਯੁਮਾਨ, ਵਿ.. ਚਮਕੀਲਾ
द्युम्न–ਦਯੁਮ੍ਨ, ਪੁ., ਸੂਰਜ, ਅੰਨ, ਧਾਨ
द्युलोक–ਦਯੁਲੋਕ. ਪੁ., ਸਵਰਗ
द्यूत–ਦਯੂਤ, ਪੁ., ਜੂਆ
द्यो–ਦਯੋ, ਇ., ਅਕਾਸ਼, ਸਵਰਗ, ਅੱਠਾਂ ਵਸੂਆਂ ਵਿਚੋਂ ਇਕ
द्योत–ਦਯੋਤ, ਵਿ.. ਪਰਕਾਸ਼, ਧਪ, ਗਰਮੀ
द्योतक–ਦਯੋਤਕ, ਵਿ', ਚਮਕਦਾਰ, ਪਰਕਾਸ਼ ਕਰਨ ਵਾਲਾ
द्योतन–ਦਯੋਤਨ, ਪੁ.. ਦਿਖਾਉਣ ਦਾ ਕੰਮ, ਇ., ਚਮਕ
द्योस–ਦਯੋਸ. ਪੁ., ਦਿਨ
द्रगड़–ਦ੍ਰਗੜ, ਪੁ., ਇਕ ਤਰ੍ਹਾਂ ਦਾ ਵਾਜਾ
द्रढ़िमा–ਦ੍ਰੜ੍ਹਿਮਾ, ਪੁ., ਮਜ਼ਬੂਤੀ, ਦ੍ਰਿੜ੍ਹਤਾ, ਪਕਿਆਈ
द्रव–ਦ੍ਰਵ, ਪੁ., ਆਸਵ, ਰਸ, ਬਹਾਵ, ਦੌੜ, ਹਾਸਾ, ਵਿ., ਗਿੱਲਾ

ਤਰਲ, ਪਿਘਲਿਆ ਹੋਇਆ

द्रवण-ਦ੍ਰਵਣ, ਪੁ., ਬਹਾਵ, ਦੌੜ, ਪਸੀਜਨ ਦਾ ਭਾਵ

द्रवता-ਦ੍ਰਵਤਾ, ਇ., ਪਾਣੀ ਵਾਂਙ ਪਤਲਾ ਹੋਣ ਦਾ ਭਾਵ

द्रवना-ਦ੍ਰਵਨਾ. ਕ੍ਰਿ., ਪੰਘਰਨਾ, ਵਹਿਣਾ, ਵਗਣਾ

द्रविड़-ਦ੍ਰਵਿੜ, ਪੁ., ਦੱਖਣ ਦਾ ਇਕ ਦੇਸ਼

द्रविण-ਦ੍ਰਵਿਣ, ਪੁ., ਸੋਨਾ, ਧਨ, ਬਲ. ਤਾਕਤ

द्रवीभूत-ਦ੍ਰਵੀਭੂਤ, ਵਿ., ਘੁਲਿਆ ਹੋਇਆ,ਪੰਘਰਿਆ ਹੋਇਆ, ਕ੍ਰਿਪਾਲੂ, ਦਿਆਲੂ

द्रव्य-ਦ੍ਰਵਜ, ਪੁ., ਪਦਾਰਥ. ਚੀਜ਼, ਸਮੱਗ੍ਰੀ, ਧਨ, ਦੌਲਤ, ਲੇਪ, ਦਵਾਈ ਸ਼ਰਾਬ, ਵੈਸ਼ੇਸਕ ਦਰਸ਼ਨ ਅਨੁਸਾਰ ਨੌ ਪਦਾਰਥ

द्रव्यवान्-ਦ੍ਰਵਜਵਾਨ, ਵਿ., ਧਨੀ, ਧਨਵਾਨੰ, ਅਮੀਰ

द्रष्टव्य-ਦ੍ਰਸ਼੍ਟਵਜ, ਵਿ., ਦਰਸ਼ਨੀ. ਦੇਖਣ ਜੋਗ

द्रष्टा-ਦ੍ਰਸ਼੍ਟਾ, ਵਿ., ਦੇਖਣ ਵਾਲਾ, ਸਾਹਮਣਾ ਕਰਨ ਵਾਲਾ, ਦਰਸ਼ਕ

द्रह-ਦ੍ਰਹ, ਪੁ., ਝੀਲ, ਉਹ ਤਲਾਉ ਜੋ ਬਹੁਤ ਡੂੰਘਾ ਹੋਵੇ

द्राक्षा-ਦ੍ਰਾਕਸ਼ਾ. ਇ.. ਦਾਖ, ਮੁਨੱਕਾ

द्राघिमा-ਦ੍ਰਾਘਿਮਾ, ਪੁ., ਲੰਮਾਈ

द्राण-ਦ੍ਰਾਣ, ਵਿ., ਸੁੱਤਾ ਹੋਇਆ, ਪੁ., ਸੁਫਣਾ

द्राप-ਦ੍ਰਾਪ. ਪੁ., ਚਿੱਕੜ, ਅਕਾਸ਼, ਕੌਡੀ. ਵਿ.. ਮੂਰਖ

द्राव-ਦ੍ਰਾਵ, ਪੁ., ਗਮਨ. ਪਸੀਜਣ, ਵਹਿਣ, ਬਹਾਉ, ਗਰਮੀ

द्रावक-ਦ੍ਰਾਵਕ, ਵਿ., ਪੰਘਲਾਉਣ ਵਾਲਾ, ਪਤਲਾ ਕਰਨ ਵਾਲਾ ਚਤੁਰ, ਦਿਲ ਨੂੰ ਚੰਗਾ ਲੱਗਣ ਵਾਲਾ, ਪਿੱਛਾ ਕਰਨ ਵਾਲਾ, ਪੁ., ਚੰਦਰਕਾਂਤਾ ਮਣੀ, ਮੋਮ, ਸੁਹਾਗਾ

द्राविका-ਦ੍ਰਾਵਿਕਾ, ਇ., ਲਾਰ, ਮੋਮ

द्राविड़-ਦ੍ਰਾਵਿੜ, ਵਿ.. ਦੱਖਣ ਦੇ ਇਕ ਦੇਸ ਦਾ ਨਿਵਾਸੀ

द्राविड़क-ਦ੍ਰਾਵਿੜਕ, ਪੁ., ਸੌਂਚਰ ਲੂਣ

द्रावित-ਦ੍ਰਾਵਿਤ, ਵਿ., ਪੰਘਰਾਇਆ ਹੋਇਆ

द्रु-ਦ੍ਰੁ, ਪੁ., ਰੁੱਖ, ਟਾਹਣੀ, ਚਾਲ

द्रुघन-ਦ੍ਰੁਘਨ, ਪੁ., ਮੁਗਦਰ ਜਿਹਾ ਇਕ ਹਥਿਆਰ

द्रुण-ਦ੍ਰੁਣ, ਪੁ., ਧਨੁਸ਼, ਤਲਵਾਰ, ਭੌਰਾ. ਸ਼ਹਿਦ ਦੀ ਮੱਖੀ

द्रुणस-ਦ੍ਰੁਣਸ, ਵਿ., ਲੰਮੇ ਨੱਕ ਵਾਲ

द्रुणह-ਦ੍ਰੁਣਹ, ਪੁ., ਤਲਵਾਰ ਦਾ ਮਿਆਨ

द्रुणा-ਦ੍ਰੁਣਾ, ਇ., ਧਨੁਸ਼ ਦੀ ਡੋਰੀ, ਚਿੱਲਾ

द्रुणि-ਦ੍ਰੁਣਿ, ਇ., ਸੰਦੂਕ, ਪਿਟਾਰੀ

द्रुणी-ਦ੍ਰੁਣੀ, ਇ., ਸੰਦੂਕੜੀ ਪਿਟਾਰੀ

द्रुत-ਦ੍ਰੁਤ, ਵਿ., ਪੰਘਰਿਆ ਹੋਇਆ, ਜਲਦੀ ਤੁਰਨ ਵਾਲਾ, ਨੱਸਿਆ ਹੋਇਆ, ਅਵਜ, ਛੇਤੀ, ਕਾਹਲੀ

द्रुतगति, द्रुतगामी-ਦ੍ਰੁਤਗਤਿ, ਦ੍ਰੁਤਗਾਮੀ, ਵਿ., ਛੇਤੀ ਤੁਰਨ ਵਾਲਾ

द्रुतचारी-ਦ੍ਰੁਤਗਾਰੀ, ਵਿ., ਧਰਤੀ ਤੇ ਛੇਤੀਂ ਛੇਤੀ ਚੱਲਣ ਵਾਲਾ

द्रुति-ਦ੍ਰੁਤਿ, ਇ., ਗਤੀ, ਚਾਲ, ਧਨ

द्रुनख-ਦ੍ਰੁਨਖ, ਪੁ., ਕੰਡਾ

द्रुपद-ਦ੍ਰੁਪਦ, ਪੁ., ਚੰਦ੍ਰਵੰਸੀ ਰਾਜਾ; ਸ਼ਿਖੰਡੀ ਦਾ ਪਿਤਾ

द्रुपदा-ਦ੍ਰੁਪਦਾ, ਇ., ਇਕ ਵੈਦਿਕ ਮੰਤਰ

द्रुम-ਦ੍ਰੁਮ, ਪੁ., ਰੁੱਖ, ਬਿਰਛ, ਅਮਲਤਾਸ ਦਾ ਰੁੱਖ ਰੁਕਮਣੀ ਦਾ ਪੁੱਤਰ

द्रुमकिल-ਦ੍ਰੁਮਕਿਲ, ਪੁ., ਦੇਵਦਾਰ, ਦਿਆਰ. ਬਿਆਰ

द्रुमग-ਦ੍ਰੁਮਗ, ਪੁ., ਉਹ ਦੇਸ਼ ਜਿਥੇ ਪਾਣੀ ਘੱਟ ਹੋਵੇ

द्रुमसार-ਦੁਮਸਾਰ, ਪੁ., ਅਨਾਰ ਦਾ ਰੁੱਖ

द्रुमारि-ਦ੍ਰੁਮਾਰਿ; ਪੁ., ਹਾਥੀ

द्रुमिणी-ਦ੍ਰੁਮਿਣੀ, ਇ., ਬਣ, ਜੰਗਲ

द्रुमिल-ਦ੍ਰੁਮਿਲ, ਪੁ., ਇਕ ਦਾਨੋਂ

द्रुमिला-ਦ੍ਰੁਮਿਲਾ, ਇ., ਇਕ ਛੰਦ

द्रुह-ਦ੍ਰੁਹ, ਪੁ., ਪੁੱਤਰ, ਬੇਟਾ

द्रुहण, द्रुहिणा-ਦ੍ਰੁਹਣ, ਦ੍ਰੁਹਿਣਾ,ਵਿ., ਬਗ਼ਾਵਤੀ ਪੁ., ਬ੍ਰਹਮਾ

द्रुही-ਦ੍ਰੁਹੀ, ਇ., ਬੇਟੀ, ਧੀ

द्रू-ਦ੍ਰੂ, ਪੁ., ਸੋਨਾ

द्रूघण-ਦ੍ਰਘਣ, ਪੁ., ਮੁਘਦਰ, ਮੁਦਗਰ

द्रूण-ਦ੍ਰੂਣ, ਪੁ., ਬਿੱਛੂ

द्रोण-ਦ੍ਰੋਣ, ਪੁ., ਲਕੜੀ ਦਾ ਕਲਸਾ, ਘੜਾ, ਇਕ ਪੁਰਾਣਾ ਸੋਲਾਂ ਸੇਰ ਦਾ ਤੋਲ, ਰਥ, ਡੂੰਨਾ, ਕਾਂ, ਬਿੱਛੂ, ਕਿਸ਼ਤੀ ਕੌਰਵ ਪਾਂਡਵਾ ਦੇ ਗੁਰੂ ਦ੍ਰੋਣਾਚਾਰਯ

द्रोणक्षीरा-ਦ੍ਰੋਣਕਸ਼ੀਰਾ, ਇ., ਸੋਲਾਂ ਸੇਰ ਦੁੱਧ ਦੇਣ ਵਾਲੀ ਗਊ

द्रोणगिरि-ਦ੍ਰੋਣਗਿਰਿ, ਪੁ., ਉਹ ਪਹਾੜ ਜਿਥੋਂ ਹਨੂਮਾਨ ਨੇ ਬੂਟੀ ਲਿਆਂਦੀ ਸੀ

द्रोणाचार्य-ਦ੍ਰੋਣਾਚਾਰਯ,ਪੁ., ਕੈਰਵਾਂ ਪਾਂਡਵਾਂ ਦੇ ਗੁਰੂ

द्रोणि-ਦ੍ਰੋਣਿ, ਇ.,ਦੋ ਪਹਾੜਾਂ ਦੇ ਵਿਚਕਾਲੀ ਧਰਤੀ,ਇਕ ਤੋਲਾ ਅਸ਼ਥਾਮਾ

द्रोणी-ਦ੍ਰੋਣੀ, ਇ., ਛੋਟੀ ਕਿਸ਼ਤੀ, ਡੂੰਨਾ, ਛੋਟਾ ਡੰਨਾ, ਲਕੜ ਦਾ ਪਿਆਲਾ, ਇਕ ਤਰ੍ਹਾਂ ਦਾ ਲੂਣ

द्रोमिल-ਦ੍ਰੋਮਿਲ. ਪੁ.. ਚਾਣੱਕ ਮੁਨੀ

द्रोह-ਦ੍ਰੋਹ, ਪੁ., ਦਵੈਸ, ਵੈਰ

द्रोहाट-ਦ੍ਰੋਹਾਟ, ਪੁ., ਮਿਰਗ ਤ੍ਰਿਸ਼ਣਾ, ਉਪਰੋਂ ਚੰਗਾ ਤੇ ਅੰਦਰੋਂ ਖੋਟਾ ਆਦਮੀ

द्रोही-ਦ੍ਰੋਹੀ, ਪੁ., ਦੁਸ਼ਮਣ, ਵੈਰੀ

द्रोपदी-ਦ੍ਰੋਪਦੀ, ਇ., ਪਾਂਡਵਾਂ ਦੀ ਪਤਨੀ, ਦ੍ਰਪਦ ਦੀ ਧੀ

द्रौहिक-ਦ੍ਰੋਹਿਕ. ਵਿ., ਦਰੋਹ ਕਰਨ ਵਾਲਾ

द्वंद-ਦ੍ਵੰਦ. ਪੁ., ਜੋੜਾ, ਜੁੱਧ, ਮੁਕਾਬਲਾ ਕਰਨ ਵਾਲਾ, ਜੋੜ. ਦੋ ਵਿਰੋਧੀ ਚੀਜ਼ਾਂ ਦਾ ਜੋੜਾ, ਝੰਝਟ, ਭੈ, ਦੁਖ, ਫਿਕਰ, ਤੀਵੀਂ ਮਨੁੱਖ ਦਾ ਜੋੜ

द्वन्द्वचर-ਦ੍ਵੰਦ੍ਵਚਰ, ਪੁ., ਚਕਵਾ ਪੰਛੀ

द्वन्द्वयुद्ध-ਦ੍ਵੰਦ੍ਵਜੁੱਧ, ਪੁ., ਦੋ ਜਣਿਆਂ ਦਾ ਪਰਸਪਰ ਜੁੱਧ, ਕੁਸ਼ਤੀ, ਘੋਲ

द्वय-ਦ੍ਵਯ, ਪੁ., ਦੋ

द्वर–ਦ੍ਵਰ, ਵਿ., ਵਿਘਨ ਪਾਉਣ ਵਾਲਾ
द्वाज–ਦ੍ਵਾਜ, ਵਿ., ਦੋਗਲਾ, ਹਰਾਮੀ
द्वादश–ਦ੍ਵਾਦਸ਼, ਵਿ., ਦੋ ਤੇ ਦਸ, ਬਾਰਾਂ
द्वादशाक्षर–ਦ੍ਵਾਦਸ਼ਾਕਸ਼ਰ, ਪੁ., ਇਕ ਮੰਤਰ
द्वादशी–ਦ੍ਵਾਦਸ਼ੀ, ਇ., ਦੁਆਦਸੀ ਤਿਥ
द्वापर–ਦ੍ਵਾਪਰ, ਪੁ., ਤੀਜਾ ਜੁਗ
द्वार–ਦ੍ਵਾਰ, ਪੁ., ਬੂਹਾ, ਦਰਵਾਜ਼ਾ, ਬਾਰ ਉਪਾਉ, ਸਾਧਨ
द्वारका–ਦ੍ਵਾਰਕਾ, ਇ., ਹਿੰਦੂਆਂ ਦਾ ਪਰਸਿੱਧ ਤੀਰਥ, ਦੁਆਰਕਾ
द्वारकाधीश द्वारकानाथ,–ਦ੍ਵਾਰਕਾਪੀਸ਼, ਦ੍ਵਾਰਕਾਨਾਥ, ਪੁ., ਕ੍ਰਿਸ਼ਨ ਜੀ. ਦੁਆਰਕਾ ਦਾ ਮਾਲਕ
द्वारचार–ਦ੍ਵਾਰਚਾਰ, ਪੁ., ਵਿਆਹ ਦੀ ਇਕ ਰਸਮ
द्वारपाल–ਦ੍ਵਾਰਪਾਲ, ਪੁ., ਦਰਬਾਨ, ਰਾਖਾ. ਪਹਿਰੂ, ਚੌਕੀਦਾਰ
द्वारवती–ਦ੍ਵਾਰਵਤੀ, ਇ., ਦੁਆਰਕਾ ਪੁਰੀ
द्वारस्थ–ਦ੍ਵਾਰਸਥ. ਪੁ., ਚੌਕੀਦਾਰ, ਦ੍ਵਾਰਪਾਲ
द्वारा–ਦ੍ਵਾਰਾ, ਪੁ., ਦਰਵਾਜ਼ਾ, ਫਾਟਕ, ਰਾਹ, ਅਵਯ., ਜ਼ਰੀਏ ਤੋਂ, ਵਸੀਲੇ ਤੋਂ, ਰਾਹੀਂ
द्वारी–ਦ੍ਵਾਰੀ, ਪੁ., ਦਰਬਾਨ
द्वि–ਦ੍ਵਿ, ਵਿ., ਦੋ
द्विक–ਦ੍ਵਿਕ, ਵਿ.. ਦੂਹਰਾ, ਦੂਜਾ, ਪੁ., ਕਾਂ, ਚਕਵਾ
द्विकर–ਦ੍ਵਿਕਰ, ਪੁ , ਦੋ ਹੱਥ
द्विक्षार–ਦ੍ਵਿਕਸ਼ਾਰ, ਪੁ., ਸ਼ੋਰਾ ਅਤੇ ਸੱਜੀਖਾਰ
द्विगुण–ਦ੍ਵਿਗੁਣ, ਵਿ., ਦੋ ਗੁਣਾ, ਦੂਣਾ
द्विचक्र–ਦ੍ਵਿਚਕ੍ਰ, ਵਿ., ਦੋ ਪਹੀਏ ਵਾਲਾ
द्विज–ਦ੍ਵਿਜ, ਵਿ., ਦੋ ਬਾਰਾਂ ਜੰਮਿਆ ਹੋਇਆ, ਪੁ., ਬ੍ਰਾਹਮਣ
द्विजराज–ਦ੍ਵਿਜਰਾਜ, ਪੁ., ਚੰਗਾ ਬ੍ਰਾਹਮਣ, ਚੰਦਰਮਾ, ਗਰੜ
द्विजा–ਦ੍ਵਿਜਾ, ਇ., ਭੰਗਰਾ, ਪਾਲਕ
द्विजाग्रज–ਦ੍ਵਿਜਾਗ੍ਰਜ. ਪੁ., ਬ੍ਰਾਹਮਣ
द्विजङ्गिका–ਦ੍ਵਿਜੰਗਿਕਾ, ਇ., ਕੜੂ, ਕੁਟਕੀ
द्विजाति–ਦ੍ਵਿਜਾਤਿ, ਪੁ., ਬ੍ਰਾਹਮਣ ਖੱਤਰੀ ਅਤੇ ਵੈਸ਼, ਦੰਦ, ਪੰਛੀ
द्विजायनी–ਦ੍ਵਿਜਾਯਨੀ, ਇ., ਜਨੇਊ
द्विजिह्व–ਦ੍ਵਿਜਿਹ੍ਵ. ਵਿ., ਦੋ ਜੀਭਾ, ਚੁਗਲ, ਦੁਸ਼ਟ, ਪੁ., ਸੱਪ
द्वितीय–ਦ੍ਵਿਤੀਯ, ਵਿ.. ਦੂਜਾ. ਦੂਸਰਾ
द्वितीया–ਦ੍ਵਿਤੀਯਾ, ਇ., ਦੂਜ ਤਿਥ, ਤੀਵੀਂ, ਘਰ ਵਾਲੀ,
द्विधा–ਦ੍ਵਿਧਾ. ਕ੍ਰਿ. ਵਿ., ਦੋ ਤਰ੍ਹਾਂ
द्विप–ਦ੍ਵਿਪ ਪੁ.. ਹਾਥੀ, ਨਾਗਕੇਸਰ
द्विपक्ष–ਦ੍ਵਿਪਕਸ਼, ਪੁ., ਪੰਛੀ, ਚਿੜੀ, ਇਕ ਮਹੀਨਾ
द्विपाद–ਦ੍ਵਿਪਾਦ, ਪੁ., ਦੋ ਪੈਰਾਂ ਵਾਲੇ ਜੀਵ
द्विपायी–ਦ੍ਵਿਪਾਯੀ, ਪੁ., ਹਾਥੀ
द्विभाव–ਦ੍ਵਿਭਾਵ. ਪੁ., ਦੁਸ਼ਮਣੀ, ਵੈਰ
द्विभाषी–ਦ੍ਵਿਭਾਸ਼ੀ, ਵਿ., ਦੋ ਬੋਲੀਆਂ ਜਾਣਨ ਵਾਲਾ
द्विरागमन–ਦ੍ਵਿਰਾਗਮਨ, ਪੁ., ਮੁਕਲਾਵਾ, ਦਰੌਜਾ
द्विराप–ਦ੍ਵਿਰਾਪ, ਪੁ., ਹਾਥੀ
द्विरेतस्–ਦ੍ਵਿਰੇਤਸ, ਪੁ., ਖੱਚਰ, ਦੋਗਲਾ
द्विरेफ–ਦ੍ਵਿਰੇਫ, ਪੁ., ਭੌਰਾ
द्विविध–ਦ੍ਵਿਵਿਧ, ਕ੍ਰਿ. ਵਿ.. ਦੋ ਤਰ੍ਹਾਂ
द्विवेदी–ਦ੍ਵਿਵੇਦੀ, ਪੁ., ਬ੍ਰਾਹਮਣਾਂ ਦੀ ਇਕ ਕੌਮ
द्वीप–ਦ੍ਵੀਪ, ਪੁ., ਚਹੁੰਆਂ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਟਾਪੂ
द्वेष–ਦ੍ਵੇਸ਼,. ਪੁ.. ਵੈਰ, ਈਰਖਾ, ਸਾੜਾ, ਕੀਨਾ
द्वेषी–ਦ੍ਵੇਸ਼ੀ. ਵਿ.. ਵਿਰੋਧੀ, ਵੈਰੀ. ਦੁਸ਼ਮਣ
द्वेष्टा–ਦ੍ਵੇਸ਼੍ਟਾ, ਵਿ.. ਵੈਰੀ, ਦੁਸ਼ਮਣ
द्वैगुणिक–ਦ੍ਵੈਗੁਣਿਕ, ਪੁ., ਦੂਣਾ ਬਿਆਜ ਲੈਣ ਵਾਲਾ ਬੰਦਾ
द्वैज–ਦ੍ਵੈਜ, ਇ.. ਦੂਜ ਤਿਥ
द्वैत–ਦ੍ਵੈਤ, ਪੁ., ਭੇਦ, ਭਰਮ, ਅਗਿਆਨ, ਦੁਵਿਧਾ, ਭੇਦ ਭਾਵ
द्वैतवन–ਦ੍ਵੈਤਵਨ, ਉਹ ਤਪੋਬਨ ਜਿਸ ਵਿਚ ਯੁਧਿਸ਼ਟਰ ਨੇ ਕੁਝ ਦਿਨ ਨਿਵਾਸ ਕੀਤਾ ਸੀ
द्वैतवाद–ਦ੍ਵੈਤਵਾਦ, ਪੁ., ਜੀਵ ਅਤੇ ਈਸ਼ਵਰ ਨੂੰ ਵੱਖੋ ਵੱਖ ਮੰਨਣ ਦਾ ਭਾਵ
द्वैतवादी–ਦ੍ਵੈਤਵਾਦੀ, ਵਿ., ਜੀਵ ਈਸ਼ਰ ਵਿਚ ਭੇਦ ਮੰਨਣ ਵਾਲਾ
द्वैध–ਦ੍ਵੈਧ, ਅਵਯ., ਦੋ ਤਰ੍ਹਾਂ ਨਾਲ, ਵਿ., ਆਪਸ ਵਿਚ ਵਿਰੋਧ
द्वैधीभाव–ਦ੍ਵੈਧੀਭਾਵ. ਪੁ., ਪਰਸਪਰ ਵਿਰੋਧ
द्वैप–ਦ੍ਵੈਪ, ਪੁ., ਬਾਘ ਦਾ ਚਮੜਾ
द्वैपायन–ਦ੍ਵੈਪਾਯਨ, ਪੁ., ਵੇਦ ਵਿਆਸ ਜੀ
द्वैप्य–ਦ੍ਵੈਪ੍ਯ, ਵਿ., ਦੀਪ ਸਬੰਧੀ
द्वैभाव्य–ਦ੍ਵੈਭਾਵ੍ਯ, ਵਿ., ਦੋ ਹਿੱਸਿਆਂ ਵਿਚ ਵੰਡਿਆ ਹੋਇਆ
द्वैमातुर–ਦ੍ਵੈਮਾਤੁਰ, ਪੁ., ਜਰਾਸੰਧ, ਗਣੇਸ਼ ਜੀ
द्व्यर्थ–ਦ੍ਵ੍ਯਰਥ, ਵਿ., ਜਿਸ ਦੇ ਦੋ ਅਰਥ ਹੋਣ
द्वैराज्य–ਦ੍ਵੈਰਾਜ੍ਯ, ਪੁ., ਉਹ ਰਾਜ ਜਿਸ ਦੇ ਦੋ ਰਾਜੇ ਹੋਣ
द्वौ–ਦ੍ਵੌ, ਵਿ., ਦੋਨੋਂ, ਦੋਏ. ਦੋਵੇਂ

ध-ਧ

ध–ਧ. ਹਿੰਦੀ ਵਰਣਮਾਲਾ ਦਾ ਉਨ੍ਹੀਵਾਂ ਵਿਅੰਜਨ, ਇਹ ਅੱਖਰ ਦੰਦਾਂ ਤੋਂ ਬੋਲਿਆ ਜਾਂਦਾ ਹੈ, ਪੁ., ਧਨ, ਦੌਲਤ, ਬ੍ਰਹਮਾ, ਕੁਬੇਰ, ਧਰਮ, 'ਧ' ਅੱਖਰ
धई–ਧਈ, ਇ., ਇਕ ਤਰ੍ਹਾਂ ਦਾ ਬੂਟਾ
धंगार–ਧੰਗਾਰ, ਪੁ., ਪਾਲੀ, ਅਹੀਰ, ਆਜੜੀ, ਚਰਵਾਹਾ, ਇਕ ਤਰ੍ਹਾਂ ਦਾ ਧਾਰੀਦਾਰ ਕਪੜਾ, ਗੁੱਜਰ
धंधक–ਧੰਧਕ, ਪੁ., ਜੰਜਾਲ, ਬਖੇੜਾ, ਕੰਮ ਧੰਧੇ ਦਾ ਵਿਖਾਲਾ, ਇਕ ਤਰ੍ਹਾਂ ਦਾ ਢੋਲ, ਝੰਝਟ
धंधरक–ਧੰਧਰਕ, ਪੁ., ਦੇਖੋ ਧੰਧਕ (धंधक)

धंधरकधोरी-ਧੰਧਰਕਧੋਰੀ, ਪੁ., ਕੰਮ ਧੰਧੇ ਦਾ ਭਾਰ ਚੁੱਕਣ ਵਾਲਾ ਬੈਲ, ਧੋਰੀ, ਕਾਮਾ

धंधला-ਧੰਧਲਾ, ਪੁ., ਝੂਠਾ ਪਖੰਡ. ਢੋਂਗ. ਹੀਲਾ, ਬਹਾਨਾ

धंधलाना-ਧੰਧਲਾਨਾ, ਕ੍ਰਿ., ਝੂਠਾ, ਪਖੰਡ ਕਰਨਾ, ਢੋਂਗ ਕਰਨਾ

धंधा-ਧੰਧਾ, ਪੁ., ਕੰਮ ਕਾਰ, ਕੰਮ ਕਾਜ, ਉੱਦਮ

धंधार-ਧੰਧਾਰ, ਪੁ., ਭਾਰੀ ਪੱਥਰ ਜਾਂ ਲੱਕੜ ਆਦਿਕ ਦੇ ਚੁੱਕਣ ਦਾ ਸੰਦ

धंधारी-ਧੰਧਾਰੀ, ਇ.. ਗੋਰਖ ਪੰਥੀ ਨਾਥਾਂ ਦਾ ਇਕ ਨਿਸ਼ਾਨ

धंधाला-ਧੰਧਾਲਾ, ਇ., ਦੂਤੀ, ਵਿਚੋਲੀ, ਫਫਾਕੁਟਨੀ

धंधोर-ਧੰਧੋਰ, ਪੁ.. ਹੋਲੀ, ਅੱਗ ਦੀ ਲਾਟ

धंस-ਧੰਸ. ਪੁ., ਗੋਤਾ, ਟੁੱਭੀ, ਡੁਬਕੀ, ਚੁੱਭੀ

धंसना-ਧੰਸਨਾ, ਕ੍ਰਿ., ਖੁੱਭਣਾ, ਵੜਨਾ, ਦਖਲ ਦੇਣਾ, ਹੇਠਾਂ ਗੱਡੇ ਜਾਣਾ

धंसान-ਧੰਸਾਨ, ਇ., ਧਸਣ ਜਾਂ ਵੜਨ ਦਾ ਕੰਮ ਜਾਂ ਹਾਲਤ, ਧਸਾਉ. ਖੋਭਾ

धंसाना-ਧੰਸਾਨਾ, ਕ੍ਰਿ., ਖੁਭਾਉਣਾ, ਵਾੜਨਾ, ਚੋਭਣਾ, ਖੋਭਣਾ

धंसाव-ਧੰਸਾਵ, ਪੁ., ਧਸਣ ਦਾ ਕੰਮ, ਦਲਦਲ, ਖੋਭਾ

धक-ਧਕ, ਇ., ਦਿਲ ਦੇ ਛੇਤੀ ਛੇਤੀ ਧੜਕਣ ਦਾ ਭਾਵ ਜਾਂ ਸ਼ਬਦ, ਲਹਿਰ, ਛੋਟੀ ਜੂੰ, ਧੱਖ, ਲੀਖ, ਕ੍ਰਿ.ਵਿ., ਅਚਾਣਕ, ਇਕੋ ਵਾਰੀ

धकधकाना-ਧਕਧਕਾਨਾ, ਕ੍ਰਿ., ਦਿਲ ਦਾ ਧਕ ਧਕ ਕਰਨਾ, ਅੱਗ ਦੀਆਂ ਲਾਟਾਂ ਨਾਲ ਮੱਚਣਾ, ਦਹਕਣਾ, ਸੁਲਗਣਾ

धकधकाहट-ਧਕਧਕਾਹਟ, ਇ., ਧਕ ਧਕ ਕਰਨਦੀ ਕਿਰਿਆ, ਧੜਕਣ, ਖਟਕਾ

धकधकी-ਧਕਧਕੀ, ਇ., ਸਹਿਮ, ਖੌਫ਼, ਖਟਕਾ, ਧੁਕ ਧੁਕੀ

धकपक-ਧਕਪਕ, ਇ., ਕਾਲਜੇ ਦੀ ਧੜਕਣ

धकपकाना-ਧਕਪਕਾਨਾ, ਕ੍ਰਿ., ਡਰਨਾ, ਭੈ ਖਾਣਾ

धकपेल-ਧਕਪੇਲ, ਇ., ਧੱਕਾਧੱਕੀ

धकाना-ਧਕਾਨਾ. ਕ੍ਰਿ., ਅੱਗ ਸੁਲਗਾਉਣਾ, ਧਧਕਾਉਣਾ

धकार-ਧਕਾਰ, ਪੁ., 'ਧ' ਅੱਖਰ

धकारा-ਧਕਾਰਾ, ਪੁ., ਖਟਕਾ. ਭੈ

धकियाना-ਧਕਿਯਾਨਾ, ਕ੍ਰਿ., ਧੱਕਾ ਦੇਣਾ, ਜੋਰ ਨਾਲ ਅੱਗੇ ਕਰਨਾ

धकेलना-ਧਕੇਲਨਾ, ਕ੍ਰਿ., ਦੇਖੋ ਧਕਿਯਾਨਾ (धकियाना)

धकेलू-ਧਕੇਲੂ, ਵਿ., ਜੋ ਧਕੇਲੇ, ਧੱਕਾ ਦੇਣ ਵਾਲਾ

धकैत-ਧਕੈਤ, ਵਿ., ਧੱਕਾ ਦੇਣ ਵਾਲਾ. ਧੱਕੇਬਾਜ਼, ਧੱਕੜ

धक्कमधक्का-ਧੱਕਮਧੱਕਾ, ਪੁ., ਬਾਰ ਬਾਰ ਧੱਕਣ ਦਾ ਕੰਮ, ਧਕੋਧਕੀ ਹੋਣ ਦਾ ਭਾਵ

धक्का-ਧੱਕਾ, ਪੁ., ਹਾਨ, ਨੁਕਸਾਨ, ਟੱਕਰ, ਝੋਕਾ, ਹਿਝਕੋਲਾ, ਵਿਪਦਾ, ਧੱਕਾ, ਕੁਸ਼ਤੀ ਦਾ ਇਕ ਦਾਉ

धगड़-ਧਗੜ, ਪੁ., ਜਾਰ, ਇਕ ਤਰ੍ਹਾਂ ਦਾ ਚੁਭਵਾਂ ਸ਼ਬਦ, ਧਗੜਾ

धगड़बाज़-ਧਗੜਬਾਜ਼, ਵਿ., ਬਦਮਾਸ਼, ਲੁੱਚੀ, ਘਰਹੰਢਣੀ

धगड़ा-ਧਗੜਾ, ਪੁ., ਦੇਖੋ ਧਗੜ (धगड़)

धगड़ी-ਧਗੜੀ, ਇ., ਲੁੱਚੀ, ਬਦਮਾਸ਼. ਵੈਲਣ

धगरा-ਧਗਰਾ, ਪੁ., ਦੇਖੋ ਧਗੜ (धगड़)

धगरिन-ਧਗਰਿਨ, ਇ., ਬੱਚੇ ਦਾ ਨਾੜੂਆ ਕਟਣ ਵਾਲੀ ਤੀਵੀਂ

धगवरी-ਧਗਵਰੀ, ਵਿ., ਖਸਮ ਦੇ ਮੂੰਹ ਲੱਗੀ, ਲੁੱਚੀ, ਵੈਲਣ

धग्गड़-ਧੱਗੜ, ਪੁ., ਦੇਖੋ ਧਗੜ (धगड़)

धचका-ਧਚਕਾ, ਪੁ., ਚੋਟ, ਧੱਕਾ, ਹਝਕਾ, ਹਿਝਕੋਲਾ

धज-ਧਜ, ਇ., ਸੋਹਣੀ ਰਚਨਾ, ਸਜਾਵਟ, ਨਖਰਾ. ਚਾਲ ਢਾਲ, ਰੂਪਰੰਗ, ਡੀਲ ਡੌਲ, ਸੋਭਾ

धजबड़-ਧਜਬੜ, ਇ., ਖੜਗ, ਤਲਵਾਰ

धजा-ਧਜਾ, ਇ., ਝੰਡਾ, ਸ਼ਕਲ, ਡੀਲ ਡੌਲ, ਕਪੜੇ ਦਾ ਫਰਰਾ ਨਿਸ਼ਾਠ, ਕਪੜੇ ਦੀ ਲੀਰ

धजीला-ਧਜੀਲਾ, ਵਿ., ਸੋਹਣਾ, ਸੁਨੱਖਾ, ਰੂਪ ਰੰਗ ਵਾਲਾ, ਬਣਿਆ ਤਣਿਆ

धज्जी-ਧੱਜੀ, ਇ., ਕਪੜੇ ਦੀ ਟਾਕੀ, ਲੀਰ, ਲੋਹੇ ਜਾਂ ਚਾਦਰ ਦੀ ਕਾਤਰ, ਇਕ ਲਕੜ ਦੀ ਚੌਰਸ ਛੋਟੀ ਫੱਟੀ

धट-ਧਟ, ਪੁ., ਤੁਲਾ ਰਾਸ, ਇਕ ਰੁੱਖ

धटक-ਧਟਕ, ਪੁ.. ਇਕ ਪੁਰਾਣਾ ਤੋਲ ਜੋ ੪੨ ਰੱਤੀਆਂ ਦਾ ਹੁੰਦਾ ਸੀ

धटकर्कट-ਧਟਕਰਕਟ, ਪੁ., ਇਕ ਤਰ੍ਹਾਂ ਦੀ ਲੋਹੇ ਦੀ ਮੇਖ

धटिका-ਧਟਿਕਾ, ਇ., ਪੰਜ ਸੇਰ ਦਾ ਇਕ ਤੋਲ, ਪੰਸੇਰੀ, ਲੰਗੋਟੀ, ਲੀਰ, ਕੁਪੀਨ

धटी-ਧਟੀ, ਇ.. ਕਪੜੇ ਦੀ ਟਾਕੀ, ਲੰਗੋਟੀ, ਕੁਪੀਨ

धड़ंग-ਧੜੰਗ, ਵਿ., ਬਿਨਾ ਕਪੜੇ ਤੋਂ, ਨੰਗਾ

धड़-ਧੜ. ਪੁ., ਸਰੀਰ ਦਾ ਵਿਚਕਾਰਲਾ ਮੋਟਾ ਹਿੱਸਾ ਜਿਸ ਅੰਦਰ ਛਾਤੀ ਪਿਠ ਅਤੇ ਢਿਡ ਹੁੰਦੇ ਹਨ, ਲੱਕ ਤੋਂ ਉਤਲਾ ਹਿੱਸਾ, ਰੁੱਖ ਦਾ ਤਣਾ, ਇ., ਕਿਸੇ ਚੀਜ਼ ਦੇ ਡਿੱਗਣ ਦਾ ਸ਼ਬਦ

धड़क-ਧੜਕ, ਇ., ਦਿਲ ਦੀ ਧੜਕਣ, ਕਾਲਜੇ ਦੇ ਟੱਪਣ ਦਾ ਕੰਮ, ਡਰ, ਖੌਫ਼, ਸਹਿਮ, ਖਟਕਾ

धड़कन-ਧੜਕਨ, ਇ., ਕਲੇਜੇ ਦੀ ਧਕਧਕ, ਦਿਲ ਦਾ ਥਰ ਥਰ ਕੰਬਣ ਦਾ ਭਾਵ

धड़कना-ਧੜਕਨਾ, ਕ੍ਰਿ., ਦਿਲ ਦਾ ਥਰ ਥਰ ਕੰਬਣਾ, ਡਰ ਨਾਲ ਕੰਬਣਾ, ਦਿਲ ਦੀ ਚਾਲ ਤੇਜ਼ ਹੋਣੀ

धड़का-ਧੜਕਾ. ਪੁ., ਕਲੇਜੇ ਦੀ ਧਕ ਧਕ, ਦਿਲ ਦੀ ਧੜਕਣ ਦਾ ਸ਼ਬਦ, ਖਟਕਾ, ਡਿੱਗ ਪੈਣ ਦਾ ਸ਼ਬਦ, ਡਰਨਾ, ਕੰਬਣੀ ਧੁਕਧੁਕੀ

धड़काना-ਧੜਕਾਨਾ, ਕ੍ਰਿ., ਦਿਲ ਵਿਚ ਧੜਕਣ ਪੈਦਾ ਕਰਨੀ, ਕਲੇਜੇ ਦਾ ਧਕ ਧਕ ਕਰਨਾ, ਡਰਾਉਣਾ, ਧੜ ਧੜ ਸ਼ਬਦ ਪੈਦਾ ਕਰਨਾ

धड़टूटा-ਧੜਟੂਟਾ, ਵਿ., ਜਿਸ ਦਾ ਲੱਕ ਝੁਕਿਆ ਹੋਵੇ, ਕੁੱਬਾ

धड़ट्टा-ਧੜੱਟਾ, ਵਿ., ਕੁੱਬਾ

धड़धड़-ਧੜਧੜ, ਇ., ਕਿਸੇ ਭਾਰੀ ਚੀਜ਼ ਦੇ ਚੱਲਣ ਨਾਲ ਪੈਦਾ ਹੋਇਆ ਤੇਜ਼ ਸ਼ਬਦ, ਕ੍ਰਿ. ਵਿ., ਬਿਨਾ ਰੋਕ ਦੇ, ਬੇਧੜਕ. ਨਿਧੜਕ

धड़धड़ाना-ਧੜਧੜਾਨਾ, ਕ੍ਰਿ., ਧੜ ਧੜ ਦਾ ਸ਼ਬਦ ਕਰਨਾ

धड़ल्ला-ਧੜੱਲਾ, ਪੁ., ਮੀਂਹ ਜਾਂ ਗੜੇ ਪੈਣ ਦੀ ਆਵਾਜ਼, ਭੀੜ ਦਾ ਰੌਲਾ ਗੌਲਾ, ਧੜਾਕਾ

धड़वा-ਧੜਵਾ, ਪੁ., ਇਕ ਤਰ੍ਹਾਂ ਦੀ ਮੈਨਾ ਚਿੜੀ

धड़वाई-ਧੜਵਾਈ, ਪੁ., ਕਿਸੇ ਚੀਜ਼ ਨੂੰ ਤੋਲਣ ਵਾਲਾ

धड़ा-ਧੜਾ. ਪੁ., ਪੂਰਾ ਕੀਤਾ ਹੋਇਆ ਤੋਲ, ਜਿਸ ਭਾਂਡੇ ਵਿਚ ਕੋਈ ਚੀਜ਼ ਤੋਲਣੀ ਹੋਵੇ ਤਾਂ ਉਸ ਦੇ ਤੋਲ ਦੇ ਬਰਾਬਰ ਵੱਟੇ ਆਦਿਕ ਦੂਜੇ ਛਾਬੇ ਵਿਚ ਪਾਉਣ ਦਾ ਕੰਮ, ਤੱਕੜੀ, ਚਾਰ ਸੇਰ ਦਾ ਤੋਲ, ਵੱਟਾ

धड़ाका-ਧੜਾਕਾ, ਪੁ., ਕਿਸੇ ਕਰੜੀ ਚੀਜ਼ ਦੇ ਟੁੱਟਣ ਦੀ ਜਾਂ ਬੰਦੂਕ ਆਦਿਕ ਚੱਲਣ ਦੀ ਆਵਾਜ਼, ਖੜਕਾ, ਖ਼ੜਾਕ

धड़ाधड़-ਧੜਾਧੜ, ਕ੍ਰਿ. ਵਿ., ਧੜਧੜ ਸ਼ਬਦ ਨਾਲ, ਲਗਾਤਾਰ ਬਿਨਾ ਰੋਕ ਟੋਕ ਤੋਂ, ਛੇਤੀ ਨਾਲ

धड़ाबन्दी-ਧੜਾਬੰਦੀ, ਇ., ਧੜਾ ਬੰਨ੍ਹਣ ਦਾ ਕੰਮ, ਪਾਰਟੀਬਾਜ਼ੀ

धड़ाम-ਧੜਾਮ. ਪੁ., ਕਿਸੇ ਚੀਜ਼ ਦੇ ਡਿੱਗਣ ਦਾ ਸ਼ਬਦ, ਅਚਾਣਕ ਡਿੱਗਣ ਦਾ ਖੜਾਕ

धड़ी-ਧੜੀ. ਇ., ਚਾਰ ਜਾਂ ਪੰਜ ਸੇਰ ਦਾ ਤੋਲ

धत्-ਧੱਤ, ਅਵ੍ਯ., ਬੇਇੱਜ਼ਤੀ ਨਾਲ ਹਟਾਉਣ ਦਾ ਸ਼ਬਦ, ਦੁਰ ਦੁਰ ਕਰਨ ਦਾ ਸ਼ਬਦ

धत-ਧਤ, ਇ., ਬੁਰੀ ਆਦਤ, ਇੱਲਤ

धतकारना-ਧਤਕਾਰਨਾ, ਕ੍ਰਿ.. ਫਿਟਕਾਰਨਾ, ਦੁਰ ਦੁਰ ਕਰਨਾ

धता-ਧਤਾ, ਵਿ., ਹਟਾਇਆ ਹੋਇਆ. ਨਸਾਇਆ ਹੋਇਆ

धतिया-ਧਤਿਯਾ, ਵਿ., ਭੈੜੀ ਆਦਤ ਦਾ

धतींगड़, धतींगड़ा-ਧਤੀਂਗੜ, ਧਤੀਂਗੜਾ, ਪੁ., ਮੋਟਾ ਤਾਜ਼ਾ ਮਨੁੱਖ, ਮੁਸ਼ਟੰਡਾ

धतूर-ਧਤੂਰ, ਪੁ., ਇਕ ਤਰ੍ਹਾਂ ਦਾ ਵਾਜਾ, ਤੁਰਮਚੂ

धतूरा-ਧਤੂਰਾ, ਪੁ.. ਇਕ ਬੂਟਾ ਜਿਸ ਦਾ ਫਲ ਕੰਡਿਆਂ ਵਾਲਾ ਅਤੇ ਬੀਜ ਜ਼ਹਿਰੀਲੇ ਹੁੰਦੇ ਹਨ

धतूरिया-ਧਤੂਰਿਯਾ, ਪੁ.. ਠੱਗਾਂ ਦਾ ਇਕ ਝੁੰਡ ਜੋ ਰਾਹੀਆਂ ਨੂੰ ਧਤੂਰੇ ਦੀ ਜ਼ਹਿਰ ਨਾਲ ਮਸਤ ਕਰ ਕੇ ਲੁੱਟ ਲੈਂਦੇ ਹਨ

धत्तर-ਧੱਤਰ, ਪੁ., ਧਤੂਰਾ

धत्ता- ਧੱਤਾ, ਪੁ., ਇਕ ਤਰ੍ਹਾਂ ਦਾ ਛੰਦ

धत्तानन्द-ਧੱਤਾਨੰਦ, ਪੁ., ਇਕ ਛੰਦ

धधक-ਧਧਕ, ਇ., ਅੱਗ ਦੀ ਲਾਟ ਦਾ ਉਤਾਹਾਂ ਨੂੰ ਉੱਠਣ ਦਾ ਭਾਵ, ਲਾਟ, ਅੱਗ ਦਾ ਭੰਬਾਕਾ

धधकना-ਧਧਕਨਾ, ਕ੍ਰਿ., ਲਾਟ ਦੇ ਨਾਲ ਅੱਗ ਮੱਚਣੀ, ਭੜਕਣਾ, ਅੱਗ ਦਾ ਭੰਬਾਕਾ ਉਠਣਾ

धधकाना-ਧਧਕਾਨਾ, ਕ੍ਰਿ., ਅੱਗ ਸੁਲਗਾਉਣੀ

धन-ਧਨ, ਪੁ., ਦੌਲਤ, ਮਾਲ, ਪਦਾਰਥ, ਰੁਪੈਯਾ, ਜਾਇਦਾਦ, ਬਹੁਤ ਪਿਆਰੀ ਚੀਜ਼, ਡੰਗਰ, ਪੁੰਜੀ, ਇ., ਬਹੂ, ਮੁਟਿਆਰ ਔਰਤ

धनक-ਧਨਕ. ਇ., ਧਨ ਦੀ ਇੱਛਿਆ, ਪੁ., ਧਨੁਸ਼, ਕਮਾਣ, ਟੋਪੀ ਤੇ ਲਾਉਣ ਦਾ ਗੋਟਾ, ਇਕ ਤਰ੍ਹਾਂ ਦਾ ਦੁਪੱਟਾ

धनकटी-ਧਨਕਟੀ, ਇ., ਧਾਨ ਵੱਢਣ ਦੀ ਰੁੱਤ, ਇਕ ਕਪੜਾ

धनकर-ਧਨਕਰ, ਪੁ., ਇਕ ਤਰ੍ਹਾਂ ਦੀ ਕਰੜੀ ਮਿੱਟੀ ਜਿਸ ਵਿਚ ਧਾਨ ਬੀਜਿਆ ਜਾਂਦਾ ਹੈ, ਧਾਨ ਦਾ ਖੇਤ

धनकुबेर-ਧਨਕੁਬੇਰ. ਪੁ., ਕੁਬੇਰ ਵਰਗਾ, ਅਮੀਰ, ਸਰਮਾਇਦਾਰ

धनकेलि-ਧਨਕੇਲਿ, ਪੁ.. ਕੁਬੇਰ, ਪੂੰਜੀਪਤੀ, ਸਰਮਾਏਦਾਰ

धनकोटा-ਧਨਕੋਟਾ, ਪੁ., ਇਕ ਤਰ੍ਹਾਂ ਦਾ ਪਹਾੜੀ ਬੂਟਾ ਜਿਸ ਨਾਲ ਕਾਗਜ ਬਣਾਏ ਜਾਂਦੇ ਹਨ

धनक्षय-ਧਨਕਸ਼ਯ, ਪੁ., ਧਨ ਦਾ ਨਾਸ, ਦੌਲਤ ਦੀ ਬਰਬਾਦੀ

धनखर-ਧਨਖਰ, ਪੁ., ਉਹ ਖੇਤ ਜੋ ਧਾਨ ਬੀਜਣ ਦੇ ਕੰਮ ਆਉਂਦਾ ਹੈ

धनगर्व-ਧਨਗਰਵ, ਪੁ. ਦੌਲਤ ਦਾ ਘਮੰਡ, ਮਾਇਆ ਦਾ ਮਾਨ

धनगुप्त-ਧਨਗੁਪ੍ਤ, ਪੁ., ਧਨ ਨੂੰ ਵੱਡੇ ਜਤਨ ਲਾਲ ਰੱਖਣ ਵਾਲਾ ਮਨੁੱਖ

धनचिड़ी-ਧਨਚਿੜੀ, ਇ., ਇਕ ਤਰ੍ਹਾਂ ਦਾ ਜਾਨਵਰ

धनतेरस-ਧਨਤੇਰਸ, ਇ., ਕੱਤਕ ਵਦੀ ਤਰੌਦਸੀ ਇਸ ਦਿਨ ਲੱਛਮੀ ਦੀ ਪੂਜਾ ਹੁੰਦੀ ਹੈ

धनद-ਧਨਦ, ਪੁ., ਕੁਬੇਰ, ਵਿ., ਧਨ ਦੇਣ ਵਾਲਾ

धनदण्ड-ਧਨਦੰਡ, ਪੁ., ਜੁਰਮਾਨਾ

धनदत्त-ਧਨਦੱਤ, ਵਿ., ਧਨ ਦੇਣ ਵਾਲੀ

धनदा-ਧਨਦਾ, ਇ., ਦੇਵੀ ਦਾ ਇਕ ਨਾਉਂ, ਅੱਸੂ ਵਦੀ ਇਕਾਦਸ਼ੀ, ਵਿ.. ਧਨ ਦੇਣ ਵਾਲਾ

धनदानुज-ਧਨਦਾਨੁਜ, ਪੁ., ਰਾਵਣ ਆਦਿਕ ਤਿੰਨੇ ਭਾਈ

धनदायी-ਧਨਦਾਯੀ, ਵਿ.. ਧਨ ਦੇਣ ਵਾਲਾ. ਪੁ , ਅੱਗ

धनदेव-ਧਨਦੇਵ. ਪੁ., ਧਨ ਦਾ ਦੇਵਤਾ, ਕੁਬੇਰ

धनधान्य-ਧਨਧਾਨਯ, ਪੁ., ਧਨ ਅਤੇ ਅੰਨ ਆਦਿਕ ਸਮੱਗਰੀ

धनधाम-ਧਨਧਾਮ, ਪੁ., ਘਰ ਬਾਰ ਅਤੇ ਰੁਪੈਯਾ ਪੈਸਾ ਮਕਾਨ ਤੇ ਸਰਮਾਇਆ

धनधारी, धननाथ, धनपति-ਧਨਧਾਰੀ. ਧਨਨਾਥ, ਧਨਪਤਿ, ਪੁ , ਧਨ ਦਾ ਮਾਲਕ, ਕੁਬੇਰ

धनपत्र-ਧਨਪਤ੍ਰ. ਪੁ., ਹਿਸਾਬ ਲਿਖਣ ਦਾ ਬਹੀ ਖਾਤਾ

धनपात्र-ਧਨਪਾਤ੍ਰ, ਪੁ., ਅਮੀਰ, ਪੂੰਜੀਦਾਰ, ਸਰਮਾਇਦਾਰ

धनपाल-ਧਨਪਾਲ. ਵਿ., ਧਨ ਦੀ ਰੱਖਿਆ ਕਰਨ ਵਾਲਾ, ਪੁ., ਕੁਬੇਰ

धनपिशाचिका-ਧਨਪਿਸ਼ਾਚਿਕਾ, ਇ., ਪੈਸੇ ਦਾ ਲੋਭ, ਰੁਪੈਯੇ ਪੈਸੇ ਦੀ ਆਸ

धनप्रयोग-ਧਨਪ੍ਰਜੋਗ, ਪੁ., ਰੁਪੈਜੇ ਆਦਿਕ ਨੂੰ ਕਿਸੇ ਵਪਾਰ ਵਿਚ ਲਾਉਣ ਦਾ ਕੰਮ, ਧਨ ਦੀ ਵਰਤੋਂ

धनप्रिया-ਧਨਪ੍ਰਿਯਾ, ਇ., ਇਕ ਤਰ੍ਹਾਂ ਦੀ ਜਾਮਣ

धनमद-ਧਨਮਦ, ਪੁ., ਧਨ ਦਾ ਘਮੰਡ

धनवंत-ਧਨਵੰਤ, ਵਿ., ਅਮੀਰ, ਸਰਮਾਇਦਾਰ

धनवती-ਧਨਵਤੀ, ਵਿ., ਧਨ ਰੱਖਣ ਵਾਲੀ

धनवा-ਧਨਵਾ, ਪੁ., ਇਕ ਤਰ੍ਹਾਂ ਦਾ ਘਾਹ

धनवान, धनशाली-ਧਨਵਾਨ, ਧਨਸ਼ਾਲੀ, ਵਿ., ਦੌਲਤ ਵਾਲਾ, ਧਨੀ, ਅਮੀਰ, ਜਿਸ ਕੋਲ ਧਨ ਹੋਵੇ, ਸਰਮਾਇਦਾਰ

धनसञ्चय-ਧਨਸੰਚਯ, ਪੁ., ਧਨ ਕੱਠਾ ਕਰਨ ਦਾ ਕੰਮ

धनसार-ਧਨਸਾਰ, ਪੁ., ਅੰਨ ਰੱਖਣ ਦੀ ਕੋਠੜੀ, ਦਾਣਿਆਂ ਦੀ ਬੁਖਾਰੀ

धनसिरी-ਧਨਸਿਰੀ, ਇ., ਇਕ ਤਰ੍ਹਾਂ ਦੀ ਚਿੜੀ

धनसू-ਧਨਸੂ, ਪੁ., ਦੇਖੋ ਧਨਸੰਚਯ (धनसञ्चय)

धनस्थ-ਧਨਸਥ, ਵਿ., ਦੇਖੋ ਧਨਵਾਨ (धनवान)

धनस्पृहा-ਧਨਸਪ੍ਰਿਹਾ, ਇ., ਧਨ ਦੀ ਚਾਹਨਾ

धनस्वामी-ਧਨਸ੍ਵਾਮੀ, ਪੁ., ਕੁਬੇਰ, ਧਨ ਦਾ ਦੇਵਤਾ

धनहर-ਧਨਹਰ, ਵਿ., ਧਨ ਚੁਰਾਉਣ ਵਾਲਾ, ਚੋਰ

धनहारी-ਧਨਹਾਰੀ, ਵਿ., ਦੂਸਰੇ ਦੇ ਧਨ ਦਾ ਵਾਰਸ

धनहीन-ਧਨਹੀਨ, ਵਿ., ਕੰਗਾਲ, ਦਲਿਦਰੀ, ਗਰੀਬ

धनहृत-ਧਨਹ੍ਰਿਤ, ਵਿ., ਦੇਖੋ ਧਨਹਰ (धनहर)

धना-ਧਨਾ, ਇ., ਇਕ ਰਾਗਣੀ, ਧਣੀਆਂ

धनाकांक्षा-ਧਨਾਕਾਂਕਸ਼ਾ, ਇ., ਧਨ ਦੀ ਇੱਛਿਆ

धनागम-ਧਨਾਗਮ, ਪੁ., ਧਨ ਆਉਣ ਦਾ ਭਾਵ, ਧਨ ਮਿਲਣ ਦਾ ਭਾਵ

धनाढ्य-ਧਨਾਢਜ, ਵਿ., ਧਨੀ, ਸਰਮਾਇਦਾਰ

धनाधिकारी, धनाधिप-ਧਨਾਧਿਕਾਰੀ, ਧਨਧਿਪ, ਪੁ., ਖਜ਼ਾਨਚੀ ਭੰਡਾਰੀ, ਕੁਬੇਰ

धनाना-ਧਨਾਨਾ, ਕ੍ਰਿ., ਗਊ ਦਾ ਗੱਭਣ ਹੋਣਾ, ਨਵੇਂ ਦੁੱਧ ਹੋਣਾ

धनार्थी-ਧਨਾਰਥੀ, ਵਿ., ਧਨ ਦਾ ਚਾਹਵਾਨ

धनाशा-ਧਨਾਸ਼ਾ, ਇ., ਧਨ ਦਾ ਲਾਲਚ

धनाश्री-ਧਨਾਸ਼੍ਰੀ, ਇ., ਇਕ ਰਾਗਣੀ

धनि-ਧਨਿ, ਇ., ਜੁਆਨ ਤੀਵੀਂ, ਮੁਟਿਆਰ ਤੀਵੀਂ

धनिक-ਧਨਿਕ, ਵਿ., ਮਾਲਦਾਰ, ਰੁਪਏ ਪੈਸੇ ਵਾਲਾ, ਧਨੀ, ਅਮੀਰ

धनिका-ਧਨਿਕਾ, ਇ., ਚੰਗੇ ਚਾਲਚਲਣ ਵਾਲੀ ਤੀਵੀਂ, ਜੁਆਨ ਤੀਵੀਂ, ਬਹੂ, ਪੈਸੇ ਵਾਲੀ ਤੀਵੀਂ

धनिता-ਧਨਿਤਾ, ਇ., ਅਮੀਰੀ

धनिया-ਧਨਿਯਾ, ਪੁ., ਮਸਾਲੇ ਵਿਚ ਵਰਤੀ ਜਾਣ ਵਾਲੀ ਇਕ ਚੀਜ਼, ਦੇਖੋ ਧਨਿਕਾ (धनिका)

धनिश-ਧਨਿਸ਼, ਵਿ., ਬਹੁਤ ਵੱਡਾ ਧਨੀ

धनिष्ठा-ਧਨਿਸ਼ਠਾ, ਇ., ਸਤਾਈ ਨਛੱਤਰਾਂ ਵਿਚੋਂ ਤੇਈਵਾਂ ਨਛੱਤਰ

धनी-ਧਨੀ, ਇ., ਜੁਆਨ ਤੀਵੀਂ, ਬਹੂ, ਮੁਟਿਆਰ, ਵਿ., ਦੇਖ ਧਨਿਕ (धनिक)

धनीयक-ਧਨੀਯਕ, ਪੁ., ਧਣੀਆਂ

धनु-ਧਨੁ, ਪੁ., ਧਨੁਸ਼, ਕਮਾਣ, ਬਾਰਾਂ ਰਾਸ਼ਾਂ ਵਿਚੋਂ ਇਕ

धनुआ-ਧਨੁਆ, ਪੁ., ਧਨੁਸ਼, ਕਮਾਣ, ਤਾੜਾ, ਧੁਣਕੀ

धनुक-ਧਨੁਕ, ਪੁ., ਕਮਾਣ, ਸਤਰੰਗੀ ਪੀਂਘ

धनुकवाई-ਧਨੁਕਵਾਈ, ਪੁ., ਇਕ ਬੀਮਾਰੀ

धनुर्गुण-ਧਨੁਰਗੁਣ, ਪੁ., ਧਨੁਸ਼ ਦੀ ਡੋਰੀ, ਚਿੱਲਾ

धनुर्द्रुम-ਧਨੁਰਦ੍ਰੁਮ, ਪੁ., ਬਾਂਸ ਦਾ ਰੁੱਖ

धनुर्धर-ਧਨੁਰਧਰ, ਵਿ., ਧਨੁਸ਼ਧਾਰੀ, ਤੀਰੰਦਾਜ਼, ਪੁ., ਧਿਰਤਰਾਸ਼ਟਰ ਦੇ ਇਕ ਪੁੱਤਰ ਦਾ ਨਾਉਂ

धनुर्धारी, धनुर्भृत-ਧਨੁਰਧਾਰੀ, ਧਨੁਰਭ੍ਰਿਤ, ਵਿ., ਦੇਖੋ ਧਨੁਰਧਰ (धनुर्धर)

धनुर्विद्या-ਧਨੁਰਵਿਦਜਾ, ਇ., ਧਨੁਸ਼ ਚਲਾਉਣ ਦਾ ਕਸਬ ਜਾਂ ਕੰਮ, ਤੀਰੰਦਾਜ਼ੀ

धनुर्वृक्ष-ਧਨੁਰਵ੍ਰਿਕਸ਼, ਪੁ., ਪਿੱਪਲ ਦਾ ਰੁੱਖ

धनुर्वेद-ਧਨੁਰਵੇਦ ਪੁ., ਇਕ ਉਪਵੇਦ

धनुष-ਧਨੁਸ਼, ਪੁ., ਕਮਾਣ, ਕੁੱਤਾ

धनुहाई-ਧਨੁਹਾਈ, ਇ., ਧਨੁਸ਼ ਦੀ ਲੜਾਈ

धनुहिया, धनुही-ਧਨੁਹਿਯਾ, ਧਨੁਹੀ, ਵਿ., ਮੁੰਡਿਆਂ ਦੇ ਖੇਲ੍ਹਣ ਦਾ ਤੀਰ ਕਮਾਣ, ਧੁਣਖੀ

धनेयक-ਧਨੇਯਕ, ਪੁ., ਧਣੀਆਂ

धनेश, धनेश्वर-ਧਨੇਸ਼, ਧਨੇਸ੍ਵਰ, ਪੁ., ਕੁਬੇਰ, ਵਿਸ਼ਨੂੰ

धनेस-ਧਨੇਸ, ਪੁ., ਬਗਲੇ ਵਰਗਾ ਇਕ ਜਾਨਵਰ

धनैश्वर्य-ਧਨੈਸ੍ਵਰਯ, ਪੁ., ਦੌਲਤ

धनैषी-ਧਨੈਸ਼ੀ, ਵਿ., ਧਨ ਚਾਹੁਣ ਵਾਲਾ

धन्ना-ਧੱਨਾ, ਪੁ., ਦੇਖੋ ਧਰਨਾ (धरना) ਵਿ., ਧੰਨ

धन्नासिका-ਧੰਨਾਸਿਕਾ, ਵਿ., ਇਕ ਰਾਗਣੀ

धन्ना सेठ-ਧੰਨਾਸੇਠ, ਪੁ., ਵੱਡਾ ਅਮੀਰ

धन्नो-ਧੰਨੀ, ਇ., ਗਊ, ਬੈਲ ਅਤੇ ਘੋੜੇ ਦੀ ਇਕ ਨਸਲ

धन्य-ਧਨਜ, ਵਿ., ਨਿਹਾਲ, ਸੁਖੀ, ਜਿਸ ਦੀ ਵਡਿਆਈ ਹੋਵੇ

धन्यवाद-ਧਨਜਵਾਦ, ਪੁ., ਧੰਨ ਧੰਨ ਕਰਨ ਦਾ ਭਾਵ, ਸ਼ੁਕਰ ਕਰਨ ਦਾ ਭਾਵ, ਸ਼ਾਬਾਸ਼ੀ, ਐਸਾਨ ਮੰਨਣ ਦਾ ਸੂਚਕ ਸ਼ਬਦ, ਸ਼ੁਕਰੀਆ

धन्या-ਧਨਜਾ, ਇ., ਛੋਟਾ ਔਲਾ, ਛੋਟੀ ਮਾਂ, ਧਣੀਆਂ, ਮਨੂ ਦੀ ਇਕ ਕੁੜੀ ਦਾ ਨਾਉਂ ਜੋ ਧਰੂ ਭਗਤ ਨੂੰ ਵਿਆਹੀ ਸੀ

धन्व-ਧਨ੍ਵ, ਪੁ., ਦੇਖੋ ਧਨੁਸ਼ (धनुष)

धन्वन्तर-ਧਨ੍ਵੰਤਰ, ਪੁ., ਚਹੁੰ ਹੱਥ ਦਾ ਨਾਪ

धन्वन्तरि-ਧਨਵੰਤਰਿ, ਪੁ., ਦੇਉਤਿਆਂ ਦਾ ਵੈਦ ਜੋ ਸਮੁੰਦਰ ਰਿੜਕਣ ਨਾਲ ਵਿਚੋਂ ਨਿਕਲਿਆ

धन्वपति-ਧਨੁਪਤਿ, ਪੁ., ਮਾਰਵਾੜ ਦੇਸ ਦਾ ਰਾਜਾ

धन्वसह–ਧਨ੍ਵਸਹ. ਪੁ., ਜੋਧਾ. ਬਹਾਦਰ

धन्वा–ਧਨ੍ਵਾ, ਪੁ., ਧਨੁਸ਼, ਰੇਤਲੀ ਧਰਤੀ, ਕਮਾਣ

धन्वाकार–ਧਨ੍ਵਾਕਾਰ, ਵਿ., ਕਮਾਣ ਵਰਗਾ, ਡਿੰਗਾ, ਵਿੰਗਾ

धन्वी–ਧਨ੍ਵੀ, ਪੁ , ਬਹਾਦਰ, ਹੋਸ਼ਿਆਰ, ਜੋਧਾ, ਵਿਸ਼ਨੂੰ, ਮਹਾ ਦੇਵ, ਧਨਰਾਸੀ

धप–ਧਪ, ਇ., ਨਰਮ ਚੀਜ਼ ਦੇ ਡਿੱਗਣ ਦਾ ਸ਼ਬਦ, ਥੱਪੜ

धपना–ਧਪਨਾ, ਕ੍ਰਿ., ਤੇਜ਼ੀ ਨਾਲ ਚੱਲਣਾ, ਲਪਕਣਾ, ਕੁੱਟਣਾ ਮਾਰਨਾ

धप्पा–ਧੱਪਾ, ਪੁ., ਥੱਪੜ, ਹਾਨੀ, ਨੁਕਸਾਨ, ਤਮਾਚਾ

धप्पाड़–ਧੱਪਾੜ. ਇ., ਭਾਜ, ਦੌੜ

धवधव–ਧਵਧਵ, ਇ., ਕਿਸੇ ਭਾਰੀ ਤੇ ਮੁਲਾਇਮ ਚੀਜ਼ ਦੇ ਡਿੱਗਣ ਦਾ ਸ਼ਬਦ, ਮੋਟੇ ਆਦਮੀ ਦੇ ਪੈਰ ਰੱਖਣ ਨਾਲ ਪੈਦਾ ਹੋਈ ਅਵਾਜ਼

धबला–ਧਬਲਾ, ਪੁ., ਇਕ ਤਰ੍ਹਾਂ ਦਾ ਢਿੱਲਾ ਪਹਿਰਾਵਾ, ਝਗਲਾ

धब्बा–ਧੱਬਾ ਪੁ., ਧੱਫਾ ਕਲੰਕ, ਦਾਗ਼, ਤਮਾਚਾ

धम–ਧਮ, ਇ., ਕਿਸੀ ਭਾਰੀ ਚੀਜ਼ ਦੇ ਡਿੱਗਣ ਦਾ ਸ਼ਬਦ, ਧਮਾਕਾ, ਖੜਾਕ

धमक–ਧਮਕ, ਇ., ਭਾਰੀ ਚੀਜ ਡਿਗਣ ਦਾ ਸ਼ਬਦ, ਤੁਰਨ ਦਾ ਖੜਕਾਰ

धमकना–ਧਮਕਨਾ, ਕ੍ਰਿ., ਧਸ ਸ਼ਬਦ ਨਾਲ ਡਿੱਗਣਾ, ਧਮਾਕਾ ਕਰਨਾ, ਰੁਕ ਰੁਕ ਕੇ ਪੀੜ ਹੋਣੀ

धमकाना–ਧਮਕਾਨਾ, ਕ੍ਰਿ., ਘੂਰਨਾ, ਡਰਾਉਣਾ, ਡਾਂਟਣਾ, ਧਮਕਾਉਣਾ

धमकी–ਧਮਕੀ, ਇ., ਡਰਾਵਾ, ਝਿੜਕ, ਫਟਕਾਰ

धमगजर–ਧਮਗਜਰ, ਪ., ਬਖੇੜਾ, ਰੁਕਾਵਟ, ਜੁੱਧ, ਲੜਾਈ

धमधूसर–ਧਮਧੂਸਰ, ਵਿ., ਭੱਦਾ, ਮੋਟਾ

धमन–ਧਮਨ, ਪੁ., ਫੂਕ ਮਾਰਨ ਦਾ ਕੰਮ, ਫੂਕਣੀ, ਧੋਕਣੀ, ਨਿੰਮ ਦਾ ਰੁੱਖ, ਫੂਕ ਮਾਹਨ ਦੀ ਖੱਲ

धमना–ਧਮਨਾ, ਕ੍ਰਿ., ਧੌਂਕਣਾ, ਫੂਕਣਾ, ਗਰਮ ਕਰਨਾ, ਗਰਮਾਉਣਾ

धमनी–ਧਮਨੀ, ਇ., ਲਹੂ ਦੇ ਇਧਰ ਉਧਰ ਵਗਾਉਣ ਵਾਲੀ ਨਾੜੀ, ਹਲਦੀ, ਗਰਦਨ, ਗਲ. ਚੋਗਾ

धमसा–ਧਮਸਾ, ਪੁ., ਨਗਾਰਾ, ਧੌਂਸਾ

धमाका–ਧਮਾਕਾ, ਪੁ., ਭਾਰੀ ਚੀਜ਼ ਦੇ ਡਿੰਗਣ ਦੀ ਅਵਾਜ਼, ਸੱਟ, ਹਾਥੀ ਉਤੇ ਲੱਦੀ ਜਾਣ ਵਾਲੀ ਤੋਪ

धमाचौंकड़ी–ਧਮਾਚੌਂਕੜੀ, ਇ., ਉਛੱਲਕੁੱਦ, ਕਈ ਮਨੁੱਖਾਂ ਦਾ ਇਕੱਠੇ ਭੱਜਣਾ, ਹੱਲਾ ਕਰਨਾ, ਰੌਲਾ ਪਾਉਣਾ

धमाधम–ਧਮਾਧਮ, ਕ੍ਰਿ ਵਿ., ਕਈ ਧਮਾਕਿਆਂ ਨਾਲ, ਮਾਰਕੁੱਟ ਦੇ ਸ਼ਬਦ ਨਾਲ, ਛੇਤੀ ਛੇਤੀ

धमाना–ਧਮਾਨਾ, ਕ੍ਰਿ.. ਜੋਰ ਨਾਲ ਹਵਾ ਕਰਨੀ ਜਾਂ ਭਰਨੀ

धमार–ਧਮਾਰ, ਇ.. ਉੱਛਲ ਕੁੱਦ, ਕਲਾਬਾਜ਼ੀ, ਖਾਸ ਖਾਸ ਫ਼ਕੀਰਾਂ ਦਾ ਮਰਦੀ ਅੱਗ ਤੇ ਛਾਲ ਮਾਰਨ ਦਾ ਕੰਮ, ਪੁ., ਹੋਲੀ ਵਿਚ ਗਾਉਣ ਦਾ ਇਕ ਗੀਤ

धमारिया–ਧਮਾਰਿਯਾ, ਪੁ., ਉਛਲਣ ਕੁੱਦਣ ਵਾਲਾ, ਨਟ, ਵਿ., ਹੋਲੀ ਵਿਚ ਗਾਉਣ ਵਾਲਾ, ਝਗੜਾਲੂ, ਸ਼ੈਤਾਨ

धमारी–ਧਮਾਰੀ, ਵਿ., ਉਪੱਦਰ ਕਰਨ ਵਾਲਾ, ਸ਼ੈਤਾਨ, ਪਾਪੀ

धमाल–ਧਮਾਲ, ਪੁ., ਦੇਖੋ ਧਮਾਰ (धमार)

धमासा–ਧਮਾਸਾ, ਪੁ., ਇਕ ਝਾੜੀ, ਜੁਆਹਾ

धमि–ਧਮਿ, ਇ., ਧਮਨੀ, ਨਾੜੀ, ਅੰਤੜੀ, ਆਂਦਰ

धमिका–ਧਮਿਕਾ, ਇ., ਲੁਹਾਰ ਦੀ ਵਹੁਟੀ, ਲੁਹਾਰੀ

धमूका–ਧਮੂਕਾ, ਪੁ., ਦੇਖੋ ਧਮਾਕਾ (धमाका)

धमेख–ਧਮੇਖ, ਇ.. ਬੁੱਧ ਦੇ ਵੇਲੇ ਦਾ ਖੰਭਾ

धम्मन–ਧੱਮਨ, ਪੁ., ਧਾਮਣ ਘਾਹ

धम्माल–ਧੱਮਾਲ, ਇ.. ਦੇਖੋ ਧਮਾਰ (धमार)

धम्मिल–ਧੱਮਿਲ, ਇ., ਗੁੱਤ, ਜੂੜਾ

धरंता–ਧਰੰਤਾ, ਵਿ., ਫੜਨ ਵਾਲਾ, ਧਰਨ ਵਾਲਾ

धर–ਧਰ, ਪੁ., ਪਹਾੜ, ਧਰਤੀ, ਸ੍ਰੀ ਕ੍ਰਿਸ਼ਣ, ਵਿਸ਼ਨੂੰ, ਬਦਮਾਸ਼, ਲੁੱਚਾ, ਰਖਣ ਜਾਂ ਧਾਰਨ ਵਾਲਾ, ਜਿਵੇਂ ਮੁਰਲੀਧਰ, ਧਾਰਣ ਕਰ ਕੇ ਭਾਰ ਸੰਭਾਲਣ ਵਾਲਾ ਜਿਵੇਂ ਧਰਣੀਧਰ,ਵਿ.,ਥੰਮਣ ਵਾਲਾ,ਫੜਨ ਵਾਲਾ, ਪੁ., ਕੱਛੂ ਜੋ ਧਰਤੀ ਨੂੰ ਚੱਕੀਂ ਬੈਠਾ ਹੈ

धरक–ਧਰਕ, ਇ., ਦੇਖੋ ਧੜਕ (धड़क!

धरकना–ਧਰਕਨਾ, ਕ੍ਰਿ., ਦੇਖੋ ਧੜਕਨਾ, (धड़कना।)

धरण–ਧਰਣ, ਪੁ., ਧਾਰਨ, ਥੰਮਣ ਜਾ ਸੰਭਾਲਣ ਦੀ ਕਿਰਿਆ, ਬੰਧਨ, ਪੁਲ. ਦੁਨੀਆ, ਸੂਰਜ, ਜਨਾਨੀ ਦੀ ਛਾਤੀ ਵਿਚੋਂ ਦੁੱਧ ਨਿਕਣ ਦੀ ਥਾਂ, ਮੁੰਮਾ, ਧਾਨ, ਅੱਕ ਦਾ ਰੁੱਖ, ਥਣ

धरणि–ਧਰਣਿ, ਇ., ਧਰਤੀ. ਧਮਨੀ, ਨਾੜੀ, ਆਂਦਰ

धरणिज–ਧਰਣਿਜ. ਪੁ., ਮੰਗਲ ਗ੍ਰਹਿ, ਨਰਕਾਸ਼ੁਰ, ਰਾਖਸ਼, ਪਾਣੀ ਦਾ ਚਸ਼ਮਾ

धरणिधर–ਧਰਣਿਧਰ, ਪੁ., ਪਹਾੜ, ਕੱਛੂ, ਵਿਸ਼ਨੂੰ. ਸ਼ਿਵ, ਮਹਾਦੇਵ, ਸ਼ੇਸ਼ਨਾਗ

धरणिरुह–ਧਰਣਿਰੁਹ, ਰੁੱਖ, ਪੇੜ, ਬੂਟਾ

धरणी–ਧਰਣੀ, ਇ., ਧਰਤੀ. ਨਾੜੀ, ਮੈਦਾ, ਖੈਰ ਦਾ ਰੁੱਖ

धरणीपूर–ਧਰਣੀਪੂਰ, ਪੁ., ਸਮੁੰਦਰ, ਸਾਗਰ

धरणीभृत–ਧਰਣੀਤ੍ਰਿਤ, ਪੁ., ਪਹਾੜ. ਵਿਸ਼ਨੂੰ, ਅਨੰਤ

धरणीश्वर–ਧਰਣੀਸਵਰ, ਪੁ., ਵਿਸ਼ਨੂੰ, ਰਾਜਾ, ਸ਼ਿਵ

धरणीसुत–ਫਰਣੀਸੁਤ, ਪੁ., ਮੰਗਲ, ਨਰਕਾਸੁਰ

धरणीसुता–ਧਰਣੀਸ਼ੁਤਾ, ਇ.. ਸੀਤਾ, ਧਰਤੀ ਦੀ ਧੀ

धरता–ਬਰਤਾ, ਪੁ., ਦੇਣਦਾਰ, ਕਰਜ਼ਾਈ, ਕਿਸੇ ਕੰਮ ਦਾ ਭਾਰ ਆਪਣੇ ਤੇ ਲੈਣ ਵਾਲਾ

धरती–ਧਰਤੀ, ਇ., ਜ਼ਮੀਨ, ਭੋਇੰ, ਪਿਰਥਵੀ, ਦੁਨੀਆ

धरधर–ਧਰਧਰ, ਪੁ., ਦੇਖੋ ਧਗਾਧਰ (धराधर)

धरन–ਧਰਨ, ਇ., ਫੜਨ ਦਾ ਕੰਮ, ਧੁੰਨੀ ਦੀ ਨਾੜ, ਠੁੰਮਣਾ, ਹਠ, ਜ਼ਿੱਦ, ਅੜੋਕਣ, ਥੰਮੀ

धरनहार–ਧਰਨਹਾਰ, ਵਿ., ਧਾਰਨ ਕਰਨ ਵਾਲਾ, ਫੜਨ ਵਾਲਾ

धरना-ਧਰਨਾ, ਕ੍ਰਿ., ਇੱਧਰ ਉਧਰ ਹਿੱਲਣ ਤੋਂ ਬਚਾਉਣਾ, ਰਖਣਾ, ਟਿਕਾਉਣਾ, ਆਸਰਾ ਲੈਣਾ, ਮਨਜ਼ੂਰ ਕਰਨਾ, ਪਹਿਨਣਾ, ਪੁ., ਆਪਣੀ ਮਰਜ਼ੀ ਪੂਰੀ ਕਰਾਉਣ ਲਈ ਕਿਸੇ ਦੇ ਬੂਹੇ ਅੱਗੇ ਅੜ ਕੇ ਬਹਿ ਜਾਣ ਦਾ ਭਾਵ

धरनि-ਧਰਨਿ, ਇ., ਦੇਖੋ ਧਰਣਿ (धरणि)

धरनी-ਧਰਨੀ, ਇ., ਦੇਖੋ ਧਰਣੀ (धरणी)

धरनेत-ਧਰਨੇਤ, ਪੁ., ਧਰਨਾ ਦੇਣ ਵਾਲਾ ਮਨੁੱਖ

धरवाना-ਧਰਵਾਨਾ, ਕ੍ਰਿ., ਰਖਾਉਣਾ, ਟਿਕਵਾਉਣਾ

धरषना-ਧਰਸ਼ਨਾ, ਕ੍ਰਿ., ਦੇਖੋ ਧਰਸਨਾ (धरसना)

धरसना-ਧਰਸਨਾ, ਕ੍ਰਿ., ਡਰ ਜਾਣਾ, ਬੇਇੱਜਤ ਕਰਨਾ, ਦਬ ਜਾਣਾ, ਸਹਿਮ ਜਾਣਾ, ਦਬਾਉਣਾ

धरसनी-ਧਰਸਨੀ, ਇ., ਲੁੱਚੀ, ਬਦਮਾਸ਼ ਤੀਵੀਂ

धरहर-ਧਰਹਰ, ਇ., ਪਕੜ, ਰੱਖਿਆ, ਬਚਾਉ, ਧੀਰਜ, ਰਾਜ਼ੀਨਾਵਾਂ

धरहरना-ਧਰਹਰਨਾ, ਕ੍ਰਿ., ਦੇਖੋ ਧੜਕਨਾ धड़कना)

धरहरा-ਧਰਹਰਾ, ਪੁ., ਮੀਨਾਰ, ਉੱਚਾ ਬੁਰਜ ਜਾਂ ਘਰ, ਜਿਸ ਦੇ ਅੰਦਰੋਂ ਅੰਦਰ ਪੌੜੀਆਂ ਹੁੰਦੀਆਂ ਹਨ

धरहरिया-ਧਰਹਰਿਯਾ, ਪੁ., ਰਾਜ਼ੀਨਾਮਾ ਕਰਾਉਣ ਵਾਲਾ, ਰੱਖਕ

धरा-ਧਰਾ, ਇ., ਧਰਤੀ, ਜ਼ਮੀਨ, ਭੋਂ, ਦੁਨੀਆ, ਵੱਟਾ, ਦਾਰ ਸੇਰ ਦਾ ਤੋਲ, ਧੜਾ

धराऊ-ਧਰਾਊ, ਵਿ., ਬਹੁਮੁੱਲਾ, ਬਹੁਤ ਦਿਨਾਂ ਦਾ ਰੱਖਿਆ ਹੋਇਆ, ਮਮੂਲੀ ਤੋਂ ਚੰਗਾ, ਪੁਰਾਣਾ

धरातल-ਧਰਾਤਲ, ਪੁ., ਧਰਤੀ, ਜ਼ਮੀਨ, ਲੰਮਾਈ ਤੇ ਚੌੜਾਈ ਦਾ ਗੁਣਨਫਲ, ਰਕਬਾ, ਖੇਤ੍ਰਫਲ, ਹਸਪਤਾਲ

धरात्मज-ਧਰਾਤਮਜ, ਪੁ., ਨਰਕਾਸੁਰ ਰਾਖਸ਼, ਮੰਗਲ ਗ੍ਰਹਿ

धराधर-ਧਰਾਧਰ, ਪੁ., ਪਹਾੜ, ਵਿਸ਼ਨੂੰ, ਸ਼ੇਸ਼ਨਾਗ

धराधार-ਧਰਾਧਾਰ, ਵਿ., ਪਿਰਥੀ ਦੀ ਰਖਿਆ ਕਰਨ ਵਾਲਾ ਪੁ., ਸ਼ੇਸ਼ਨਾਗ,

धराधिप, धराधिपति, धराधीश-ਧਰਾਧਿਪ, ਧਰਾਧਿਪਤਿ, ਧਰਾਧੀਸ਼, ਪੁ., ਰਾਜਾ

धराना-ਧਰਾਨਾ, ਕ੍ਰਿ., ਟਿਕਾਉਣਾ, ਦੇਖੋ ਧਰਵਾਨਾ (धरवाना)

धरान्तस्चर-ਧਰਾਂਤਸਚਰ, ਵਿ., ਧਰਤੀ ਤੇ ਘੁੰਮਣ ਵਾਲਾ

धरापति-ਧਰਾਪਤਿ, ਪੁ., ਰਾਜਾ

धरामयी-ਧਰਾਮਯੀ, ਪੁ., ਬ੍ਰਾਹਮਣ

धराहर-ਧਰਾਹਰ, ਪੁ., ਦੇਖੋ ਧਰਹਰਾ (धरहरा)

धरिंगा-ਧਰਿੰਗਾ, ਪੁ., ਇਕ ਤਰ੍ਹਾਂ ਦੇ ਚੌਲ

धरित्री-ਧਰਿਤ੍ਰੀ, ਇ., ਪਿਰਥਵੀ, ਜ਼ਮੀਨ, ਧਰਤੀ

धरी-ਧਰੀ, ਇ., ਰਖੇਲ, ਕੰਨ ਦਾ ਗਹਿਣਾ

धरुण-ਧਰੁਣ, ਪੁ., ਪਾਣੀ, ਅੱਗ, ਧਰਤੀ, ਸੂਰਜ, ਬ੍ਰਹਮਾ, ਸੁਰੰਗਾ ੩੧ ਦੀ ਗਿਣਤੀ

धरेचा-ਧਰੇਚਾ, ਪੁ., ਦੇਖੋ ਧਰੇਲਾ (धरेला)

धरेध-ਧਰੇਧ, ਇ., ਰਖੇਲ ਤੀਵੀਂ, ਜਾਰ

धरेला-ਧਰੇਲਾ, ਪੁ., ਬਿਨਾ ਵਿਆਹ ਤੋਂ ਰਖਿਆ ਹੋਇਆ ਖਸਮ

धरैया-ਧਰੈਯਾ, ਪੁ., ਫੜਣ ਵਾਲਾ, ਰੱਖਣ ਵਾਲਾ

धरोड़-ਧਰੋੜ, ਇ., ਦੇਖੋ ਧਰੋਹਰ (धरोहर)

धरोत्तम-ਧਰੋਤਮ, ਪੁ., ਸ਼ਿਵ, ਮਹਾਦੇਵ

धरोहर-ਧਰੋਹਰ, ਇ., ਅਮਾਨਤ, ਜੋ ਚੀਜ਼ ਦੂਏ ਕੋਲ ਕੁਝ ਚਿਰ ਲਈ ਰੱਖੀ ਜਾਵੇ

धरौलो-ਧਰੌਲੀ, ਇ., ਇਕ ਰੁੱਖ ਦਾ ਨਾਉਂ

धरौवा-ਧਰੌਵਾ, ਪੁ., ਬਿਨਾ ਵਿਆਹ ਤੋਂ ਤੀਵੀਂ ਨੂੰ ਰੱਖਣ ਦੀ ਚਾਲ

धर्तव्य-ਧਰਤਵਯ, ਵਿ., ਫੜਣ ਜੋਗ

धर्ता-ਧਰਤਾ, ਪੁ., ਧਾਰਨ ਕਰਨ ਵਾਲਾ, ਆਪਣੇ ਉਤੇ ਕਿਸੇ ਤਰ੍ਹਾਂ ਭਾਰ ਲੈਣ ਵਾਲਾ

धर्तूर-ਧਰਤੂਰ, ਪੁ., ਧਤੂਰਾ

धर्म-ਧਰਮ, ਪੁ., ਪੁੰਨ, ਸਚਿਆਈ, ਨੇਕੀ, ਮਤ, ਮਜ਼੍ਹਬ, ਇਮਾਨ, ਨਿਆਉਂ, ਮਰਜਾਦਾ, ਕਰਤੱਵ,ਰੀਤ, ਕਾਇਦਾ, ਕਾਨੂੰਨ, ਇਨਸਾਫ

धर्मकत्थक-ਧਰਮਕੱਥਕ, ਪੁ., ਉਪਦੇਸ਼ਕ

धर्मकर्म-ਧਰਮ ਕਰਮ, ਪੁ., ਉਹ ਕਰਮ ਜਿਸ ਨੂੰ ਕਰਨਾ ਕਿਸੇ ਧਰਮ ਗ੍ਰੰਥ ਵਿਚ ਜ਼ਰੂਰੀ ਦੱਸਿਆ ਹੋਵੇ, ਨਿੱਤਨੇਮ

धर्मकाय-ਧਰਮਕਾਯ, ਪੁ., ਮਹਾਤਮਾ ਬੁਧ

धर्मक्षेत्र-ਧਰਮਕਸ਼ੇਤ੍ਰ, ਪੁ., ਕਰਮ ਭੂਮੀ, ਭਾਰਤ ਵਰਸ਼, ਕੁਰਖੇਤਰ

धर्मचक्र-ਧਰਮਚੱਕ੍ਰ, ਪੁ., ਧਰਮ ਦਾ ਸਮੂਹ, ਧਰਮ ਦਾ ਢੇਰ ਬੁਧ, ਇਕ ਪੁਰਾਣਾ ਸੰਦ

धर्मचर्या-ਧਰਮਚਰਯਾ, ਇ., ਧਰਮ ਦਾ ਕੰਮ

धर्मचारी-ਧਰਮਚਾਰੀ, ਵਿ., ਧਰਮ ਤੋਂ ਜੰਮਿਆ ਹੋਇਆ, ਪੁ., ਪਹਿਲਾ ਪੁੱਤਰ, ਯੁਧਿਸ਼ਟਰ

धर्मज्ञ-ਧਰਮਗਯ,ਵਿ., ਧਰਮ ਤੋਂ ਜਾਣਕਾਰ, ਧਰਮੀ

धर्मणा-ਧਰਮਣਾ, ਕ੍ਰਿ. ਵਿ., ਧਰਮ ਦੇ ਵਿਚਾਰ ਨਾਲ, ਧਰਮ ਅਨੁਸਾਰ

धर्मतः-ਧਰਮਤः, ਅਵਯ., ਧਰਮ ਨਾਲ, ਧਰਮ ਤੇ, ਸਚ ਸਚ

धर्मत्व-ਧਰਮਤ੍ਵ, ਪੁ., ਧਰਮ ਦਾ ਗੁੱਝਾ ਭੇਦ

धर्मदार-ਧਰਮਦਾਰ, ਇ., ਵਿਆਹੀ ਹੋਈ ਤੀਵੀਂ

धर्मधक्का-ਧਰਮਧੱਕਾ, ਪੁ., ਉਹ ਦੁਖ ਜੋ ਧਰਮ ਲਈ ਉਠਾਉਣਾ ਪਏ

धर्मध्वज-ਧਰਮਧ੍ਵਜ, ਪੁ., ਧਰਮ ਦੀ ਆੜ ਵਿਚ ਮਤਲਬ ਕੱਢਣ ਵਾਲਾ ਮਨੁੱਖ, ਪਖੰਡੀ, ਮਿਥਿਲਾ ਦਾ ਇਕ ਰਾਜਾ

धर्मनन्दी-ਧਰਮਨੰਦੀ, ਪੁ., ਬੁਧ ਮਤ ਦੇ ਇਕ ਪੰਡਿਤ, ਜਿਨ੍ਹਾਂ ਨ ਕਈ ਗ੍ਰੰਥਾਂ ਦਾ ਚੀਨੀ ਬੋਲੀ ਵਿਚ ਉਲਥਾ ਕੀਤਾ ਸੀ

धर्मनिष्ठ-ਧਰਮਨਿਸਠ, ਵਿ , ਧਰਮਵਾਲਾ, ਸੱਚਾ ਨੇਕ

धर्मनिष्ठा-ਧਰਮਨਿਸਠਾ, ਇ., ਧਰਮ ਵਿਚ ਸਰਧਾ ਅਤੇ ਭਗਤੀ

ਧਾਰਮਕ, ਧਰਮੀ

धर्मपति–ਧਰਮਪਤਿ, ਪੁ., ਧਰਮੀ, ਧਰਮਾਤਮਾ, ਵਰੁਣ ਦੇਵਤਾ

धर्मपत्नी–ਧਰਮਪਤਨੀ, ਇ., ਦੇਖੋ ਧਰਮਦਾਰ (धर्मदार)

धर्मपीठ–ਧਰਮਪੀਠ, ਪੁ., ਧਰਮ ਦੀ ਪ੍ਰਧਾਨ ਥਾਂ, ਕਾਂਸ਼ੀ ਬਨਾਰਸ

धर्मपुत्र–ਧਰਮਪੁੱਤ੍ਰ, ਪੁ., ਜੁਧਿਸ਼ਟਰ, ਧਰਮ ਦਾ ਪੁੱਤਰ

धर्मपुरी–ਧਰਮਪੁਰੀ, ਇ., ਧਰਮ ਰਾਜ ਦੀ ਥਾਂ ਜਿਥੇ ਪਾਪ ਤੇ ਪੁੰਨ ਵੇਖ ਕੇ ਨਿਆਉਂ ਕੀਤਾ ਜਾਂਦਾ ਹੈ

धर्मपुस्तक–ਧਰਮਪੁਸੁਕ, ਇ., ਉਹ ਪੁਸਤਕ ਜੋ ਕਿਸੇ ਧਰਮ ਦਾ ਮੁਖ ਅਧਾਰ ਹੋਵੇ, ਕਿਸੇ ਧਰਮ ਦਾ ਅਧਾਰ ਗ੍ਰੰਥ

धर्मबुद्धि–ਦਰਮਬੁੱਧਿ, ਇ., ਭਲੇ ਬੁਰੇ ਦਾ ਵਿਚਾਰ

धर्मभाणक–ਧਰਮ ਭਾਣਕ, ਪੁ., ਕਥਾ ਕਰਨ ਵਾਲਾ, ਕਥੱਕੜ

धर्मभीरु–ਧਰਮਭੀਰੁ, ਵਿ., ਜੋ ਪਾਪ ਤੋਂ ਡਰਦਾ ਹੋਵੇ

धर्मयुग–ਧਰਮਜੁਗ, ਪੁ., ਸਤਜੁਗ

धर्मयुद्ध–ਧਰਮਜੁੱਧ, ਪੁ., ਉਹ ਲੜਾਈ ਜਿਸ ਵਿਚ ਨਿਆਉਂ ਦੇ ਨਿਜਮਾਂ ਨੂੰ ਨਾ ਤੋੜਿਆ ਜਾਵੇ

धर्मराई, धर्मराज, धर्मराय–ਧਰਮਰਾਈ, ਧਰਮਰਾਜ, ਧਰਮਰਾਯ, ਪੁ., ਪਰਲੋਕ ਵਿਚ ਜੀਵਾਂ ਦਾ ਨਿਆਉਂ ਕਰਨ ਵਾਲਾ ਦੇਵਤਾ

धर्मलिपि–ਧਰਮਲਿਪਿ, ਵਿ., ਉਹ ਲਿਖਤ ਜਿਸ ਵਿਚ ਕਿਸੇ ਧਰਮ ਦੀ ਮੁਖ ਪੁਸਤਕ ਲਿਖੀ ਗਈ ਹੋਵੇ, ਅਸ਼ੋਕ ਦੇ ਸਿਲਾ ਲੇਖ

धर्मविवेचन–ਧਰਮਵਿਵੇਚਨ, ਪੁ., ਧਰਮ ਬਾਰੇ ਸੋਚ ਵਿਚਾਰ ਕਰਨ ਦਾ ਭਾਵ

धर्मवीर–ਧਰਮਵੀਰ, ਪੁ., ਉਹ ਜੋ ਧਰਮ ਕਰਨ ਵਿਚ ਚਤੁਰ ਹੋਵੇ

धर्मवृक्ष–ਧਰਮਵ੍ਰਿਕਸ਼, ਪੁ., ਪਿੱਪਲ ਦਾ ਰੁੱਖ

धर्मवैतंसिक–ਧਰਮਵੈਤੰਸਿਕ, ਪੁ., ਉਹ ਜੋ ਪਾਪ ਦਾ ਪੈਸਾ ਕਮਾ ਕੇ ਲੋਕ ਦਿਖਾਵੇ ਲਈ ਪੁੰਨ ਦਾਨ ਕਰੇ

धर्मव्याध–ਧਰਮਵਜਾਧ, ਪੁ., ਮਿਥਿਲਾ ਪੁਰੀ ਦੇ ਇਕ ਮਾਸ ਵੇਚਣ ਵਾਲੇ ਮਹਾ ਪੁਰਖ ਜਿਨ੍ਹਾਂ ਨੇ ਕੌਸ਼ਕ ਨੂੰ ਧਰਮ ਬਾਰੇ ਕੁਝ ਦਸਿਆ ਸੀ

धर्मव्रता–ਧਰਮਵ੍ਰਤਾ, ਇ., ਧਰਮ ਨਾਉਂ ਦੇ ਰਾਜਾ ਦੀ ਧੀ ਜੋ ਮਰੀਚੀ ਰਿਸ਼ੀ ਨਾਲ ਵਿਆਹੀ ਸੀ

धर्मशाला–ਧਰਮਸ਼ਾਲਾ, ਇ., ਮੁਸਾਫਰਾਂ ਦੇ ਟਿਕਣ ਦੀ ਥਾਂ, ਲੰਗਰਖਾਨਾ, ਮੁਸਾਫਰ ਖਾਨਾ, ਧਰਮਸਥਾਨ

धर्मशास्त्र–ਧਰਮਸ਼ਾਸਤ੍ਰ, ਪੁ., ਉਹ ਪੁਸਤਕ ਜਿਸ ਵਿਚ ਧਰਮ ਬਾਰੇ ਕੁਝ ਲਿਖਿਆ ਹੋਵੇ

धर्मशास्त्री–ਧਰਮਸ਼ਾਸਤ੍ਰੀ, ਪੁ., ਧਰਮਸ਼ਾਸਤ੍ਰ ਦਾ ਜਾਣਕਾਰ ਪੰਡਤ

धर्मशील–ਧਰਮਸ਼ੀਲ, ਵਿ., ਧਰਮ ਦੇ ਮੁਤਾਬਕ ਚੱਲਣ ਵਾਲਾ, ਧਤਮੀ, ਧਰਮਾਤਮਾ

धर्मसंहिता–ਧਰਮਸੰਹਿਤਾ, ਇ., ਧਰਮ ਸ਼ਾਸਤਰ

धर्म सभा–ਧਰਮ ਸਭਾ, ਇ., ਉਹ ਥਾਉਂ ਜਿਥੇ ਨਿਆਉਂ ਹੁੰਦਾ ਹੈ, ਕਚੈਹਰੀ, ਅਦਾਲਤ

धर्मसारी–ਧਰਮਸਾਰੀ, ਇ., ਧਰਮਸ਼ਾਲਾ

धर्मसेतु–ਧਰਮਸੇਤੁ, ਪੁ., ਧਰਮ ਦਾ ਰਾਖਾ

धर्मांग–ਧਰਮਾਂਗ, ਪੁ., ਬਗਲਾ

धर्माचार्य–ਧਤਮਾਚਾਰਯ, ਪੁ., ਧਰਮ ਦੀ ਸਿਖਿਆ ਦੇਣ ਵਾਲਾ, ਗੁਰੂ

धर्मात्मा–ਧਰਮਾਤਮਾ, ਵਿ., ਜਿਸ ਵਿਚ ਧਰਮ ਹੋਵੇ, ਨੇਕ, ਸੱਚਾ

धर्माधिकारी–ਧਰਮਾਧਿਕਾਰੀ, ਪੁ., ਨਿਆਉਂ ਕਰਨ ਵਾਲਾ, ਪੁੰਨ ਖਾਤੇ ਦਾ ਪਰਬੰਧ ਕਰਨ ਵਾਲਾ

धर्माध्यक्ष–ਧਰਮਾਧਜਕਸ਼, ਪੁ., ਦੇਖੋ ਧਰਮਾਧਿਕਾਰੀ (धर्माधिकारी)

धर्मारण्य–ਧਰਮਾਰਣਜ, ਪੁ., ਤਪ ਕਰਨ ਦੀ ਥਾਂ

धर्मार्थ–ਧਰਮਾਰਥ, ਕ੍ਰਿ. ਵਿ., ਧਰਮ ਨਿਮਿਤ, ਪਰ ਉਪਕਾਰ ਲਈ

धर्मावतार–ਧਰਮਾਵਤਾਰ, ਪੁ., ਧਰਮ ਵਾਲਾ, ਨੇਕ ਮਨੁੱਖ

धर्मासन–ਧਰਮਾਸਨ, ਪੁ., ਨਿਆਉਂ ਕਰਨ ਵਾਲੇ ਦੀ ਕੁਰਸੀ

धर्मिष्ठ–ਧਰਮਿਸ਼ਠ, ਵਿ., ਦੇਖੋ ਧਰਮਾਤਮਾ (धर्मात्मा)

धर्मी–ਧਰਮੀ, ਵਿ., ਦੇਖੋ ਧਰਮਾਤਮਾ (धर्मात्मा)

धर्मीपुत्र–ਧਰਮੀਪੁਤ੍ਰ, ਪੁ., ਨਾਟਕ ਦਾ ਕੋਈ ਪਾਤਰ, ਨਟ

धर्मेन्द्र, धर्मेश–ਧਰਮੇਂਦ੍ਰ, ਧਰਮੇਸ਼, ਪੁ., ਧਰਮਰਾਜ

धर्मोपदेश–ਧਰਮੋਪਦੇਸ਼, ਪੁ., ਧਰਮ ਦੀ ਸਿਖਿਆ, ਧਰਮ ਦਾ ਉਪਦੇਸ਼

धर्मोपदेशक–ਧਰਮੋਪਦੇਸ਼ਕ, ਪੁ., ਧਰਮ ਦੀ ਸਿਖਿਆ ਦੇਣ ਵਾਲਾ

धर्म्य–ਧਰਮਯ, ਵਿ., ਜੋ ਧਰਮ ਦੇ ਅਨੁਕੂਲ ਹੋਵੇ

धर्ष–ਧਰਸ਼, ਵਿ., ਗੁਸਤਾਖੀ, ਸਾਮ੍ਹਣੇ ਬੋਲਣਾ, ਬੇਅਦਬੀ, ਬੇਸਬਰੀ, ਰੋਕ, ਦਬਾਉ, ਨਾਮਰਦ, ਹੀਜੜਾ, ਹਿੰਸਾ, ਜੀ ਦੁਖਾਉਣ ਦਾ ਕੰਮ, ਹਤਕ, ਬੇਇੱਜ਼ਤੀ, ਇਸਤ੍ਰੀ ਦਾ ਧਰਮ ਤੋੜਨਾ

धर्षक–ਧਰਸ਼ਕ, ਵਿ., ਦਬਾਉਣ ਵਾਲਾ, ਹਤਕ ਕਰਨ ਵਾਲਾ, ਬੇਇੱਜ਼ਤੀ ਕਰਨ ਵਾਲਾ, ਨੀਚਾ ਦਿਖਾਉਣ ਵਾਲਾ

धर्षकारिणी–ਧਰਸ਼ਕਾਰਿਣੀ, ਵਿ., ਭ੍ਰਿੱਟੀ ਹੋਈ ਤੀਵੀਂ, ਵਿਭਚਾਰਿਨੀ

धर्षणा–ਧਰਸ਼ਣਾ, ਇ., ਦੇਖੋ ਧਰਸ਼ (धर्ष)

धर्षणी–ਧਰਸ਼ਣੀ, ਇ., ਵਿਭਚਾਰਿਨੀ, ਲੁੱਚੀ, ਬਦਮਾਸ਼ ਤੀਵੀਂ

धर्षित–ਧਰਸ਼ਿਤ, ਵਿ., ਬੇਇੱਜ਼ਤ ਕੀਤਾ ਹੋਇਆ, ਹਰਾਇਆ ਹੋਇਆ

धर्षी–ਧਰਸ਼ੀ, ਵਿ., ਦੇਖੋ ਧਰਸ਼ਕ (धर्षक)

धव–ਧਵ, ਪੁ., ਇਕ ਜੰਗਲੀ ਰੁੱਖ, ਮਾਲਿਕ, ਖਸਮ, ਪੁਰਖ,

ਮਰਦ, ਮੂਰਖ, ਮਨੁੱਖ

धवई–ਧਵਈ, ਇਕ ਰੁੱਖ

धवनी–ਧਵਨੀ, ਦੇਖੋ ਧਮਨੀ (धमनी)

धवर–ਧਵਰ, ਪੁ., ਇਕ ਪੰਖੇਰੂ ਜਿਸ ਦਾ ਗਲ ਲਾਲ ਤੇ ਸਾਰਾ ਸਰੀਰ ਚਿੱਟਾ ਹੁੰਦਾ ਹੈ

धवरहर–ਧਵਰਹਰ, ਪੁ., ਮੀਨਾਰ, ਬੁਰਜ

धवरा–ਧਵਰਾ, ਵਿ., ਚਿੱਟਾ, ਸਫੈਦ, ਉੱਜਲ

धवरी–ਧਵਰੀ, ਵਿ., ਚਿੱਟੀ, ਸਪੈਦ

धवल–ਧਵਲ, ਵਿ., ਚਿੱਟਾ, ਸਫੈਦ, ਸਾਫ, ਸੋਹਣਾ, ਪੁ., ਚੀਨੀਆ ਕਪੂਰ, ਸੰਧੂਰ, ਚਿੱਟੀ ਮਿਰਚ, ਚਿੱਟਾ ਕਬੂਤਰ, ਭਾਰੀ, ਬਾਦੀ, ਅਰਜਣ ਰੁਖ, ਸਫੈਦ ਕੋੜ੍ਹ, ਇਕ ਰਾਗ

धवलगिरि–ਧਵਲਗਿਰਿ, ਪੁ., ਇਕ ਪਹਾੜ ਦਾ ਨਾਂ

धवलता–ਧਵਲਤਾ, ਇ., ਸਫੈਦੀ, ਸਫਾਈ, ਚਿਟਿਆਈ, ਬਰਫਾਨੀ ਪਹਾੜ

धवलत्व–ਧਵਲਤ੍ਵ, ਪੁ., ਦੇਖੋ ਧਵਲਤਾ (धवलता)

धवलना–ਧਵਲਨਾ, ਕ੍ਰਿ., ਨਿਖਾਰਨਾ, ਚਮਕਾਉਣਾ, ਸਾਫ਼ ਕਰਨਾ

धवलपक्ष–ਧਵਲਪਕਸ਼, ਵਿ., ਚਾਨਣਾ ਪੱਖ, ਚਿੱਟੇ ਫੰਗਾਂ ਵਾਲਾ ਹੰਸ

धवलमृत्तिका–ਧਵਲਮ੍ਰਿੱਤਿਕਾ, ਇ., ਖੜੀਆ ਮਿੱਟੀ; ਦੁਧੀਆ ਬੂਟੀ

धवलश्री–ਧਵਲਸ਼੍ਰੀ, ਇ., ਰਾਗਣੀ

धवलांग–ਧਵਲਾਂਗ, ਪੁ., ਹੰਸ

धवला–ਧਵਲਾ, ਇ., ਸਫੈਦ, ਸਾਫ, ਚਿੱਟੀ ਗਊ, ਪੁ., ਚਿੱਟਾ ਬਲਦ

धवलाई–ਧਵਲਾਈ, ਇ., ਦੇਖੋ ਧਵਲਤਾ (धवलता)

धवलागिरि–ਧਵਲਾਗਿਰਿ, ਪੁ., ਹਿਮਾਲੇ ਦੀ ਇਕ ਚੋਟੀ

धवलित–ਧਵਲਿਤ, ਵਿ., ਜੋ ਚਿੱਟਾ ਕੀਤਾ ਗਿਆ ਹੋਵੇ

धवली–ਧਵਲੀ, ਇ., ਦੇਖੋ ਧਵਰੀ (धवरी)

धवा–ਧਵਾ, ਪੂ., ਦੇਖੋ ਧਵ (धव)

धवाणक–ਧਵਾਣਕ, ਪੁ., ਹਵਾ

धवाना–ਧਵਾਨਾ, ਕ੍ਰਿ., ਭਜਾਉਣਾ, ਦੜਾਉਣਾ

धवित–ਧਵਿਤ, ਪੁ., ਮਿਰਗ ਦੇ ਚੰਮ ਦਾ ਪੱਖਾ

धस–ਧਸ਼, ਪੁ., ਡੁਬਕੀ, ਗੋਤਾ, ਚੁੱਭੀ

धसक–ਧਸਕ, ਇ., ਸੁੱਕੀ ਖੰਘ, ਈਰਖਾ, ਸਾੜਾ

धसकना–ਧਸਕਨਾ, ਕ੍ਰਿ., ਹੇਠਾਂ ਨੂੰ ਧਸ ਜਾਣਾ, ਦਬ ਜਾਣਾ, ਬੈਠ ਜਾਣਾ, ਹੀਰਖਾ ਕਰਨੀ, ਡਾਹ ਕਰਨੀ

धसका–ਧਸਕਾ, ਪੁ., ਡੰਗਰਾਂ ਦੀ ਇਕ ਬੀਮਾਰੀ

धसना–ਧਸਨਾ, ਕ੍ਰਿ., ਨਾਸ਼ ਹੋਣਾ, ਮਿਟਣਾ, ਦਬਣਾ

धसमसाना–ਧਸਮਸਾਨਾ, ਕ੍ਰਿ., ਧਸ ਜਾਣਾ, ਧਰਤੀ ਵਿਚ ਦਬ ਜਾਣਾ

धांक–ਧਾਂਕ, ਪੁ., ਇਕ ਜੰਗਲੀ ਕੌਮ

धांगड़–ਧਾਂਗੜ, ਪੁ., ਤਾਲ/ ਖੂਹ ਆਦਿਕ ਪੁੱਟਣ ਵਾਲੀ ਇਕ ਕੌਮ

धांगर–ਧਾਂਗਰ, ਪੁ., ਦੇਖੋ ਧਾਂਗੜ (धांगड़)

धांधना–ਧਾਂਧਨਾ, ਕ੍ਰਿ., ਬੰਦ ਕਰਨਾ, ਭੇੜਨਾ, ਅੜਾਉਣਾ

धांधल–ਧਾਂਧਲ, ਇ., ਹੀਲਾ, ਧੋਖਾ, ਦਗ਼ਾ, ਫਰੇਬ, ਗੜਬੜ ਬਖੇੜਾ

धांधलपन–ਧਾਂਧਲਪਨ, ਪੁ., ਪਾਜੀਪਣ, ਸ਼ਰਾਰਤ, ਧੋਖੇਬਾਜ਼ੀ ਦਗ਼ਾਬਾਜ਼ੀ

धांधा–ਧਾਂਧਾ, ਇ., ਇਲਾਇਚੀ

धांधली–ਧਾਂਧਲੀ, ਵਿ., ਸ਼ਰਾਰਤੀ, ਪਾਜੀ, ਧੋਖੇਬਾਜ਼, ਰੌਲੀ, ਰੌਲਾ ਪਾਉਣ ਵਾਲਾ

धांस–ਧਾਂਸ, ਇ., ਸੁੱਕੇ ਤਮਾਕੂ ਜਾਂ ਮਿਰਚ ਆਦਿਕ ਨਾਲ ਜੋ ਖੰਘ ਹੋਵੇ, ਧੁਆਂਕ

धांसना–ਧਾਂਸਨਾ, ਕ੍ਰਿ., ਡੰਗਰਾਂ ਦਾ ਖੰਘਣਾ

धांसी–ਧਾਂਸੀ, ਇ., ਘੋੜੇ ਦੀ ਖੰਘ

ध–ਧਾ, ਪੁ., ਬ੍ਰਹਮਾ, ਬ੍ਰਿਹਸਪਤਿ, ਵਿ., ਧਾਰਨ ਵਾਲਾ, ਤਬਲੇ ਦਾ ਇਕ ਬੋਲ

धाइ, धाई–ਧਾਇ, ਧਾਈ, ਇ., ਦੇਖੇ ਧਾਯ (धाय)

धाउ–ਧਾਉ, ਪੁ., ਇਕ ਤਰ੍ਹਾਂ ਦਾ ਨਾਚ

धाऊ–ਧਾਊ, ਪੁ., ਉਹ ਮਨੁੱਖ ਜੋ ਕਿਸੇ ਮੁੱਖ ਕੰਮ ਲਈ ਭੇਜਿਆ ਜਾਏ, ਹਲਕਾਰਾ, ਦੂਤ

धाक–ਧਾਕ, ਪੁ., ਬਲਦ, ਖਾਣਾ, ਅੰਨ, ਖੰਭਾ, ਸਹਾਰਾ, ਰੋਬ, ਸ਼ੁਹਰਤ, ਮਸ਼ਹੂਰੀ, ਢੱਕ ਦਾ ਰੁੱਖ

धाकना–ਧਾਕਨਾ, ਕ੍ਰਿ., ਰੋਬ ਜਮਾਉਣਾ

धागा–ਧਾਗਾ, ਪੁ., ਵੱਟਿਆ ਹੋਇਆ ਸੂਤ, ਡੋਰੀ

धाड़–ਧਾੜ, ਇ., ਲੁਟੇਰਿਆਂ ਦਾ ਧਾਵਾ, ਮੰਡਲੀ, ਝੁੰਡ, ਜੱਥਾ

धाड़ी–ਧਾੜੀ, ਪੁ., ਲੁਟੇਰਾ, ਡਾਕੂ, ਧਾੜਵੀ

धात–ਧਾਤ, ਇ., ਖਾਣ ਵਿਚੋਂ ਨਿਕਲਣ ਵਾਲੀ ਚੀਜ਼, ਲੋਹਾ ਆਦਿਕ, ਵੀਰਜ

धाता–ਧਾਤਾ, ਪੁ., ਬ੍ਰਹਮਾ ਆਦਿਕ ਤਿੰਨੇ ਦੇਵਤੇ, ਭ੍ਰਿਗੂ ਦੇ ਪੁੱਤਰ ਦਾ ਨਾਉਂ, ਇਕ ਹਵਾ, ਸ਼ੇਸ਼ਨਾਗ, ੧੨ ਸੂਰਜਾਂ ਵਿਚੋਂ ਇਕ, ਇਕ ਸਾਲ ਦਾ ਨਾਉਂ

धातु–ਧਾਤੂ, ਪੁ., ਸ਼ਬਦ ਦਾ ਉਹ ਰੂਪ ਜਿਸ ਤੋਂ ਕ੍ਰਿਆ ਬਣਦੀ ਹੈ, ਦੇਖੋ ਧਾਤ (धात)

धातुक–ਧਾਤੁਕ, ਪੁ., ਸ਼ਿਲਾਜੀਤ

धातुक्षय–ਧਾਤੁਕਸ਼ਯ, ਪੁ., ਪ੍ਰਮੇਹ ਆਦਿਕ ਰੋਗ

धातुद्रावक–ਧਾਤੁਦ੍ਰਾਵਕ, ਵਿ., ਧਾਤ ਦੇ ਗਾਲਣ ਵਾਲਾ

धातुपुष्ट–ਧਾਤੁਪੁਸ਼੍ਟ, ਵਿ., ਧਾਤ ਦੇ ਗੜ੍ਹਾ ਕਰਨ ਵਾਲਾ

धातुभृत–ਧਾਤੁਭ੍ਰਿਤ, ਪੁ., ਪਹਾੜ, ਵਿ., ਧਾਤ ਦੀ ਰੱਖਿਆ ਕਰਨ ਵਾਲਾ

धातुमारिणी–ਧਾਤੁਮਾਰਿਣੀ, ਇ., ਸੁਹਾਗਾ

धातुवर्धक–ਧਾਤਵਰਧਕ, ਵਿ., ਧਾਤ ਦੇ ਵਧਾਉਣ ਵਾਲਾ,

ਵੀਰਜ ਵਧਾਉਣ ਵਾਲਾ

धातुवल्लभ–ਧਾਤੂਵੱਲਭ, ਪੁ., ਸੁਹਾਗਾ

धातुवाद–ਧਾਤੂਵਾਦ, ਪੁ., ਰਸੈਣ ਬਨਾਉਣ ਦਾ ਕੰਮ

धातुविष, धातुविट–ਧਾਤੂਵਿਸ਼, ਧਾਤੂਵਿਟ, ਇ., ਹਰਤਾਲ, ਸ਼ਿਕਾ

धातुवैरी–ਧਾਤੂਵੈਰੀ, ਪੁ., ਗੰਧਕ

धातुशेखर–ਧਾਤੂਸ਼ੇਖਰ, ਪੁ., ਕਸੀਸ

धातुस्तम्भक–ਧਾਤੁਸਤੰਭਕ, ਵਿ., ਵੀਰਜ ਦੇ ਰੋਕਣ ਵਾਲਾ

धातुहन–ਧਾਤੂਹਨ, ਪੁ., ਗੰਧਕ

धातुपल–ਧਾਤੂਪਲ, ਪੁ., ਖੜੀਆ ਮਿੱਟੀ

धातृ–ਧਾਤ੍ਰੀ, ਵਿ., ਧਾਰਨ ਕਰਨ ਵਾਲਾ, ਦੇਖੋ ਧਾਤਾ (धाता)

धात्र–ਧਾਤ੍ਰ, ਪੁ., ਬਰਤਨ ਭਾਂਡਾ

धात्री–ਧਾਤ੍ਰੀ, ਇ., ਮਾਂ, ਮਾਤਾ, ਬਾਲ ਦੇ ਜਨਾਉਣ ਜਾਂ ਪਾਲਣ ਵਾਲੀ, ਟਹਿਲਣ, ਧਰਤੀ, ਗਾਇਤ੍ਰੀ, ਦੇਵੀ, ਗੰਗਾ, ਫੌਜ, ਗਊ, ਦਾਈ

धात्रपुत्र–ਧਾਤ੍ਰੀਪੁਤ੍ਰ, ਪੁ., ਦਾਈ ਦਾ ਮੁੰਡਾ

धात्रीफल–ਧਾਤ੍ਰੀਫਲ, ਪੁ., ਔਲਾ

धात्रीविद्या–ਧਾਤ੍ਰੀ ਵਿਦਯਾ, ਇ., ਬਾਲ ਜਨਾਉਣ ਤੇ ਪਾਲਣ ਦੀ ਵਿਦਿਆ, ਦਾਈ ਪੁਣਾ

धात्रेयी–ਧਾਤ੍ਰੇਯੀ, ਇ., ਦੇਖੋ ਧਾਤ੍ਰੀ (धात्री)

धाधी–ਧਧੀ, ਇ., ਅੱਗ ਦੀ ਲਾਟ

धान–ਧਾਨ, ਪੁ., ਤੋਹ ਵਾਲੇ ਚੌਲ

धानक–ਧਾਨਕ, ਪੁ., ਧਣੀਆਂ, ਇਕ ਰੱਤੀ ਦਾ ਚੌਥਾ ਹਿੱਸਾ, ਧਣੁਖ ਚਲਾਉਣ ਵਾਲਾ

धानकी–ਧਾਨਕੀ, ਪੁ., ਧਣੁਖਧਾਰੀ, ਕਾਮਦੇਵ

धानपान–ਧਾਨਪਾਨ, ਪੁ., ਵਿਆਹ ਤੋਂ ਪਹਿਲਾਂ ਦੀ ਇਕ ਰਸਮ ਜਿਸ ਵਿਚ ਕੁੜੀ ਨੂੰ ਮੁੰਡੇ ਦੇ ਘਰ ਵੱਲੋਂ ਧਾਨ ਤੇ ਹਲਦੀ ਭੇਜਦੇ ਹਨ, ਵਿ., ਦੁਬਲਾ, ਪਤਲਾ, ਮਾੜਚੂ, ਕਮਜ਼ੋਰ

धानमाली–ਧਾਨਮਾਲੀ, ਪੁ., ਦੂਜੇ ਦੇ ਹਥਿਆਰ ਰੋਕਣ ਦੀ ਕਿਰਿਆ

धाना–ਧਾਨਾ, ਇ., ਭੁੰਨਿਆ ਹੋਇਆ ਜੌ ਜਾਂ ਚੌਲ, ਧਣੀਆਂ, ਅੰਨ ਦੀਆਂ ਕਣੀਆਂ, ਸੱਤੂ, ਧਾਨ, ਕ੍ਰਿ., ਦੌੜਨਾ, ਭੱਜਣਾ

धानाचूर्ण–ਧਾਨਾ ਚੂਰਣ, ਪੁ., ਸੱਤੂ

धानी–ਧਾਨੀ, ਇ., ਉਹ ਜੋ ਧਾਰਨ ਕਰੇ, ਉਹ ਜਿਸ ਵਿਚ ਕੋਈ ਚੀਜ਼ ਰੱਖੀ ਜਾਵੇ, ਥਾਂ, ਧਣੀਆਂ

धानुक–ਧਾਨੁਕ. ਪੁ., ਧਣੁਖ ਧਾਰੀ, ਤੀਰੰਦਾਜ਼, ਇਕ ਨੀਚ ਜਾਤ

धानुष्क–ਧਾਨੁਸ਼ਕ, ਪੁ., ਧਣੁਖ ਧਾਰੀ, ਧਣੁਖ ਦੇ ਜ਼ਰੀਏ ਰੋਜ਼ੀ ਕਮਾਉਣ ਵਾਲਾ

धानुष्का–ਧਾਨੁਸ਼ਕਾ, ਇ., ਪੁਠਕੰਡਾ

धानुष्य–ਧਾਨੁਸ਼ਯ, ਪੁ., ਬਾਂਸ

धान्धा–ਧਾਂਧਾ, ਇ., ਇਲੈਚੀ

धान्य–ਧਾਨਯ, ਪੁ., ਚਹੁੰ ਤਿਲਾਂ ਜਿੰਨਾ ਤੋਲ, ਧਣੀਆਂ, ਛਿੱਲੜ ਵਾਲੇ ਚੌਲ, ਧਾਨ, ਇਕ ਤਰ੍ਹਾਂ ਦਾ ਨਾਗਰ ਮੋਥਾ, ਇਕ ਪੁਰਾਣਾ ਹਥਿਆਰ

धान्यक–ਧਾਨਯਕ, ਪੁ., ਧਣੀਆ, ਧਾਨ

धान्यकोष्ठक–ਧਾਨਯਕੋਸ਼ਠਕ, ਪੁ., ਅੰਨ ਭਰਣ ਦਾ ਕੋਠਾ, ਖਾਤਾ, ਬੁਖਾਰੀ

धान्यतुषोद–ਧਾਨਯਤੁਸ਼ੋਦ, ਪੁ., ਕਾਂਜੀ

धानयपति–ਧਾਨਯਪਤਿ, ਪੁ., ਚੌਲ, ਜੌ

धान्यमुख–ਧਾਨਯਮੁਖ, ਪੁ, ਚੀਰਣ ਤੇ ਫਾੜਣ ਦਾ ਇਕ ਪੁਰਾਣਾ ਸੰਦ

धान्या, धान्याक–ਧਾਨਯਾ, ਧਾਨਯਾਕ ,ਇ., ਧਣੀਆਂ

धान्याकृत–ਧਾਨਯਾਕ੍ਰਿਤ, ਪੁ., ਖੇਤ ਮਜੂਰ, ਕਿਸਾਨ

धान्याम्ल–ਧਾਨਯਾਮਲ, ਪੁ., ਕਾਂਜੀ

धान्यारि–ਧਾਨਯਾਰਿ, ਪੁ., ਚੂਹਾ

धान्याशय–ਧਾਨਯਾਸ਼ਯ, ਪੁ., ਅੰਨ ਰੱਖਣ ਦਾ ਥਾਉਂ, ਭੰਡਾਰ, ਬੁਖਾਰੀ

धान्यास्थि–ਧਾਨਯਾਸਥਿ, ਪੁ., ਤੂੜੀ

धाप–ਧਾਪ, ਪੁ., ਲੰਮਾ ਚੌੜਾ ਮੈਦਾਨ, ਖੇਤ ਦੀ ਲੰਮਾਈ ਚੁੜਾਈ, ਇ., ਸਬਰ, ਸੰਤੋਖ, ਪਾਣੀ ਦੀ ਧਾਰ

धापना–ਧਾਪਨਾ ਕ੍ਰਿ., ਸਬਰ ਆਉਣਾ, ਰੱਜ ਜਾਣਾ, ਦੌੜਣਾ, ਭੱਜਣਾ

धावा–ਧਾਬਾ, ਪੁ., ਛੱਤ ਦੇ ਉਤਲਾ ਕਮਰਾ, ਅਟਾਰੀ, ਉਹ ਥਾਂ ਜਿਥੇ ਕੱਚੀ ਪੱਕੀ ਰਸੋਈ ਮਿਲਦੀ ਹੋਵੇ, ਤੰਦਰ, ਢਾਬਾ

धाभाई–ਧਾਭਾਈ, ਪੁ., ਇਕ ਮਾਂ ਦਾ ਦੁੱਧ ਪੀਣ ਵਾਲੇ ਵੱਖੋ ਵੱਖ ਮਾਂ ਦੇ ਪੁੱਤਰ, ਦਾਈ ਦਾ ਪੁੱਤਰ

धाम–ਧਾਮ, ਪੁ., ਇਕ ਦੇਵਤਾ, ਵਿਸ਼ਨੂੰ, ਘਰ, ਸਰੀਰ, ਲਗਾਮ, ਸ਼ੋਭਾ, ਪੁੰਨ ਦਾ ਥਾਉਂ, ਜਨਮ, ਪ੍ਰਭਾਵ, ਜੋਤ, ਚਾਰਦੀਵਾਰੀ, ਕਿਰਣ, ਤੇਜ, ਪਰਲੋਕ, ਹਾਲਤ

धामक–ਧਾਮਕ, ਪੁ., ਇਕ ਮਾਸ਼ੇ ਦਾ ਤੋਲ, ਇਕ ਘਾਹ

धामन–ਧਾਮਨ, ਪੁ., ਦੇਖੋ ਧਾਮ (धाम)

धामनिका–ਧਾਮਨਿਕਾ, ਇ., ਦੇਖੋ ਧਮਨੀ (धमनी)

धाम निधि–ਧਾਮਨਿਧਿ, ਪੁ., ਸੂਰਜ

धामनी–ਧਾਮਨੀ, ਇ., ਨਾੜੀ, ਆਂਦਰਾ

धामा–ਧਾਮਾ, ਪੁ., ਨਿਉਂਦਾ

धामिन–ਧਾਮਿਨ, ਇ., ਇਕ ਤਰ੍ਹਾਂ ਦਾ ਸੱਪ, ਇਕ ਘਾਹ

धामिया–ਧਾਮਿਯਾ, ਪੁ., ਇਕ ਪੰਥ ਦਾ ਨਾਉਂ, ਇਕ ਪੰਥ ਦਾ ਆਦਮੀ

धायं–ਧਾਯੰ, ਇ., ਕਿਸੇ ਚੀਜ਼ ਦੇ ਡਿੱਗਣ ਦਾ ਸ਼ਬਦ

धाय–ਧਾਯ, ਇ., ਦਾਈ, ਬੱਚੇ ਜਨਾਉਣ ਜਾਂ ਪਾਲਣ ਵਾਲੀ ਟਹਿਲਣ, ਇਕ ਰੁੱਖ

धायना–ਧਾਯਨਾ, ਕ੍ਰਿ., ਨੱਸਣਾ ਭੱਜਣਾ

धाय्य–ਧਾਬਯ, ਪੁ., ਪੁਰੋਹਤ

धार–ਧਾਰ, ਪੁ., ਜ਼ੋਰ ਦੀ ਵਰਖਾ, ਇਲਾਕਾ, ਕਰਜ਼ਾ, ਕੱਚੇ ਖੂਹ ਤੇ ਲਾਉਣ ਵਾਲੇ ਰੁੱਖ ਦਾ ਤਣਾ, ਪਹਾੜ ਦਾ ਇਕ ਚੋਟੀ ਦਾ ਹਿੱਸਾ, ਵਿ., ਗੰਭੀਰ, ਡੂੰਘਾ ਇ.,ਮੂਤਰ ਆਦਿ ਦਾ ਵਹਿਣ

धारक–ਧਾਰਕ, ਪੁ., ਘੜਾ, ਵਿ , ਧਾਰਨ ਕਰਨ ਵਾਲਾ, ਕਰਜ਼ਾਈ

धारका–ਧਾਰਕਾ, ਇ., ਤੀਵੀਂ ਦੀ ਗੁੱਝੀ ਥਾਂ, ਤੀਵੀਂ ਦੇ ਮੂਤਣ ਦੀ ਥਾਂ

धारण–ਧਾਰਣ, ਪੁ., ਪਹਨਣਾ, ਪਾਉਣਾ, ਲਣਾ

धारणक–ਧਾਰਣਕ, ਪੁ., ਕਰਜ਼ਾਈ

धारणा–ਧਾਰਣਾ, ਇ., ਧਾਰਨ ਕਰਨ ਦੀ ਕਿਰਿਆ, ਸਮਝ, ਅਕਲ, ਪੱਕਾ ਵਿਚਾਰ, ਮਰਜਾਦਾ, ਯਾਦ, ਰਹਿਤ

धारणी–ਧਾਰਣੀ, ਇ., ਨਾੜੀ, ਸ੍ਰੇਣੀ, ਪੰਗਤ, ਧਰਤੀ, ਪਿਰਥੀ, ਸਿੱਧੀ ਲਕੀਰ, ਡਾਰ

धारणीय–ਧਾਰਣੀਯ, ਵਿ., ਧਾਰਨ ਕਰਨ ਦੇ ਲਾਇਕ

धारधूरा–ਧਾਰਧੂਰਾ, ਪੁ., ਨਦੀ ਦੇ ਹੜ੍ਹ ਦੇ ਘੱਟ ਹੋਣ ਤੇ ਵਿਚਕਾਰ ਉਭਰੀ ਹੋਈ ਧਰਤੀ

धारन–ਧਾਰਨ, ਪੁ., ਹਾਥੀ ਨੂੰ ਖੁਆਉਣ ਲਈ ਤਿਆਰ ਕੀਤੀ ਦੁਆ

धारयिता–ਧਾਰਯਿਤਾ, ਪੁ., ਧਾਰਨ ਕਰਨ ਵਾਲਾ

धारयित्री–ਧਾਰਯਿਤ੍ਰੀ, ਇ., ਧਾਰਨ ਕਰਨ ਵਾਲੀ, ਧਰਤੀ

धारांकुर–ਧਾਰਾਂਕੁਰ, ਪੁ., ਇਕ ਗੂੰਦ, ਗੜਾ, ਓਲਾ, ਕਾਕੜਾ ਬਰਫ ਦੇ ਕਣ

धारा–ਧਾਰਾ, ਇ., ਘੋੜੇ ਦੀ ਚਾਲ, ਧਾਰ, ਨਦੀ, ਵਹਿਣ, ਘੜੇ ਵਿਚ ਬਣਾਇਆ ਹੋਇਆ ਛੇਕ, ਉਲਾਦ, ਤਰੱਕੀ, ਪੰਗਤ

धारागृह–ਧਾਰਾਗ੍ਰਿਹ, ਪੁ., ਉਹ ਘਰ ਜਿਸ ਵਿਚ ਫੁਆਰਾ ਲੱਗਿਆ ਹੋਵੇ

धाराट–ਧਾਰਾਟ, ਪੁ., ਪਪੀਹਾ, ਬੱਦਲ, ਘੋੜਾ, ਮਸਤ ਹਾਥੀ

धाराधर–ਧਾਰਾਧਰ, ਪੁ., ਬੱਦਲ. ਚਾਤ੍ਰਿਕ. ਬੰਬੀਹਾ, ਤਲਵਾਰ

धारापात–ਧਾਰਾਪਾਤ, ਪੁ., ਪਾਣੀ ਦਾ ਝਰਨਾ, ਆਬਸ਼ਾਰ

धाराल -ਧਾਰਾਲ, ਵਿ., ਤਿੱਖੀ ਧਾਰ ਵਾਲਾ

धाराली–ਧਾਰਾਲੀ, ਇ., ਤਲਵਾਰ

धारावनि–ਧਾਰਾਵਨਿ, ਪੁ., ਹਵਾ

धारावर–ਧਾਰਾਵਰ, ਪੁ., ਬੱਦਲ

धारावाही–ਧਾਰਾਵਾਹੀ, ਵਿ., ਬਿਨਾ ਰੋਕ ਟੋਕ ਤੋਂ ਚੱਲਣ ਵਾਲਾ ਜੋ ਧਾਰ ਦੀ ਤਰ੍ਹਾਂ ਅਗਾਹਾਂ ਨੂੰ ਵਧੇ, ਇਕ ਰਸ

धाराविष–ਧਾਰਾਵਿਸ਼, ਪੁ., ਤਲਵਾਰ

धारि–ਧਾਰਿ, ਪੁ., ਉਮਰ, ਇ., ਸਮੂਹ, ਝੁੰਡ, ਜੱਥਾ, ਇਕ ਛੰਦ ਦਾ ਨਾਉਂ

धारिणी–ਧਾਰਿਣੀ, ਇ., ਪਿਰਥੀ, ਧਰਤੀ, ਇਕ ਰੁੱਖ, ਚੋਦ੍ਹਾਂ ਦੇਵਤਿਆਂ ਦੀਆਂ ਘਰ ਵਾਲੀਆਂ, ਵਿ., ਧਾਰਨ ਕਰਨ ਦੇ ਲਾਇਕ

धारी–ਧਾਰੀ, ਵਿ., ਧਾਰਨ ਕਰਨ ਵਾਲੀ, ਇ., ਫੌਜ, ਝੁੰਡ, ਲਕੀਰ

धारीदार–ਧਾਰੀਦਾਰ, ਵਿ., ਜਿਸ ਵਿਚ ਧਾਰੀਆਂ ਹੋਣ

धारु–ਧਾਰੁ, ਵਿ., ਪੀਣ ਵਾਲਾ

धारोष्ण–ਧਾਰੋਸ਼ਣ, ਪੁ., ਥਣਾਂ ਤੋਂ ਕੱਢਿਆ ਹੋਇਆ ਤਾਜ਼ਾ ਦੁੱਧ, ਧਾਰਾ ਨਾਲ ਗਰਮ

धार्मिक–ਧਾਰਮਿਕ, ਵਿ., ਧਰਮਾਤਮਾ, ਧਰਮੀ

धार्मिकता–ਧਾਰਮਿਕਤਾ, ਇ., ਧਰਮਾਤਮਾ ਹੋਣ ਦਾ ਭਾਵ

धार्य–ਧਾਰਯ, ਵਿ., ਧਾਰਨ ਕਰਨ ਦੇ ਲਾਇਕ, ਪੁ., ਕਪੜਾ, ਲੀੜਾ

धार्ष्ट्य–ਧਾਰਸ਼ਟ੍ਯ, ਪੁ., ਖੋਟਾ ਵਿਹਾਰ, ਬੇਮਤਲਬੀ ਹਿੰਮਤ

धार्ष्ट्या–ਧਾਰਸ਼ਟ੍ਯਾ, ਪੁ., ਬੇਸ਼ਰਮੀ, ਢਿਲਾਈ, ਢੀਠਪੁਣਾ

धाव–ਧਾਵ., ਪੁ., ਇਕ ਤਰ੍ਹਾਂ ਦਾ ਵਡਾ ਲੰਮਾ ਸੋਹਣਾ ਰੁਖ

धावक–ਧਾਵਕ, ਪੁ., ਹਲਕਾਰਾ, ਧੋਬੀ

धावन–ਧਾਵਨ, ਪੁ., ਏਲਚੀ, ਦੂਤ, ਹਰਕਾਰਾ

धावना–ਧਾਵਨਾ, ਕ੍ਰਿ., ਭੱਜਣਾ ।ਦੌੜਨਾ, ਤੇਜ਼ੀ ਨਾਲ ਜਾਣਾ

धावनि–ਧਾਵਨਿ, ਇ., ਇਕ ਤਰ੍ਹਾਂ ਦੀ ਬੇਲ ਜੋ ਦੁਆ ਵਿਚ ਵਰਤੀ ਜਾਂਦੀ ਹੈ, ਇਕ ਕੰਡਿਆਂ ਵਾਲਾ ਬੂਟਾ, ਚੜ੍ਹਾਈ, ਧਾਵਾ

धावनिका–ਧਾਵਨਿਕਾ, ਇ., ਕੰਡਿਆਂ ਵਾਲੀ ਮਕੋ

धावनी–ਧਾਵਨੀ, ਇ , ਦੇਖੋ ਧਾਵਿਨ (धाविन।

धावरी–ਧਾਵਰੀ, ਇ., ਇਕ ਫੁੱਲ ਦਾ ਨਾਂ, ਦੇਖੋ ਧਾਵਿਨ (धाविन)

धावा–ਧਾਵਾ, ਪੁ., ਹੱਲਾ, ਚੜ੍ਹਾਈ, ਦੌੜ, ਹਮਲਾ

धासि–ਧਾਸਿ, ਪੁ., ਅੰਨ, ਘਰ

धाह–ਧਾਹ, ਇ., ਉਚੀ ਉਚੀ ਰੋਣਾ

धाही–ਧਾਹੀ, ਇ., ਦੇਖੋ ਧਾਯ (धाय)

धिंग–ਧਿੰਗ, ਇ., ਸ਼ਰਾਰਤ, ਸ਼ੇਖ਼ੀ, ਉਪੱਦਰ, ਇੱਲਤ

धिंगा–ਧਿਗਾ, ਵਿ., ਉਪੱਦਰੀ, ਸ਼ੈਤਾਨ, ਪਾਪੀ, ਬੇਸ਼ਰਮ, ਸ਼ਰਾਰਤੀ, ਇੱਲਤੀ

धिंगाई–ਧਿੰਗਾਈ, ਇ., ਬੇਸ਼ਰਮੀ, ਉਪੱਦਰ, ਖਰਾਬੀ, ਧਿੰਗੋ ਜੋਰੀ, ਬਦੋ ਬਦੀ

धिंगाधिंगी–ਧਿੰਗਾਧਿੰਗੀ, ਇ., ਦੇਖੋ ਧਿੰਗ (धिंग)

धिआ–ਧਿਆ, ਇ., ਧੀ, ਬੇਟੀ, ਛੋਟੀ ਕੁੜੀ

धिक–ਧਿਕ, ਅਵਜ., ਲਾਨਤ, ਫਿਟਕਾਰ ਦਾ ਸ਼ਬਦ

धिकना–ਧਿਕਨਾ, ਕ੍ਰਿ., ਗਰਮ ਹੋਣਾ

धिकाना–ਧਿਕਾਨਾ, ਕ੍ਰਿ., ਅੱਗ ਤੇ ਤੱਤਾ ਕਰਨਾ, ਤਪਾਉਣਾ

धिक्कार–ਧਿੱਕਾਰ, ਪੁ., ਲਾਨਤ, ਫਿਟਕਾਰ. ਨਿਰਾਦਰੀ

धिक्कारना–ਧਿੱਕਾਰਨਾ, ਕ੍ਰਿ., ਫਿਟਕਾਰਨਾ, ਲਾਨਤ ਮਲਾਮਤ ਕਰਨਾ

धिग–ਧਿਗ, ਅਵਜ., ਦੇਖੋ ਧਿਕ (धिक)

धिमचा–ਧਿਮਚਾ, ਪੁ., ਇਕ ਤਰ੍ਹਾਂ ਦੀ ਮਿਲਾਈ

धिय–ਧਿਯ, ਇ., ਦੇਖੋ ਧਿਆ (धिआ)

धियसान–ਧਿਯਸਾਨ, ਵਿ., ਧਾਰਨ ਕਰਨ ਵਾਲਾ

धियायु–ਧਿਯਾਯੁ, ਵਿ., ਆਪਣੀ ਅਕਲ ਦੇ ਮੁਤਾਬਕ ਕੰਮ ਕਰਨ ਵਾਲਾ

धिरकार–ਧਿਰਕਾਰ, ਇ., ਦੇਖੋ ਧਿੱਕਾਰ (धिक्कार) ਇਕ ਤਰ੍ਹਾਂ ਦਾ ਭੈੜਾ ਸ਼ਬਦ

धिरवना–ਧਿਰਵਨਾ, ਕ੍ਰਿ., ਡਰਾਉਣਾ, ਧਮਕਾਉਣਾ

धिराना–ਧਿਰਾਨਾ, ਕ੍ਰਿ., ਦੇਖੋ ਧਿਰਵਨਾ (धिरवना)

धिषण–ਧਿਸ਼ਣ, ਪੁ., ਬ੍ਰਹਮਾ, ਬ੍ਰਿਹਸਪਤਿ, ਗੁਰੂ. ਵਿ., ਬੁੱਧੀਮਾਨ

धिषणा–ਧਿਸ਼ਣਾ, ਇ., ਬੁੱਧੀ, ਅਕਲ, ਤਾਰੀਫ, ਪੱਥਰ, ਪਿਰਥੀ, ਧਰਤੀ, ਥਾਉਂ, ਵਿ , ਧਾਰਨ ਕਰਨ ਵਾਲੀ

धिषणाधिप–ਧਿਸ਼ਣਾਧਿਪ, ਪੁ., ਦੇਉਤਿਆਂ ਦੇ ਗੁਰੂ, ਬ੍ਰਿਹਸਪਤਿ

धिष्ण्य–ਧਿਸ਼ਣਜ, ਪੁ., ਥਾਂ, ਘਰ, ਤਾਕਤ, ਅੱਗ, ਵਿ., ਉਸਤਤ ਕਰਨ ਜੋਗ

धींग–ਧੀਂਗ, ਵਿ ,. ਹੱਟਾ ਕੱਟਾ, ਬਦਮਾਸ਼, ਲੁੱਚਾ, ਵੈਲੀ, ਮਜ਼ਬੂਤ, ਪਾਪੀ, ਉਪੱਦਰੀ

धींगधुकड़ी–ਧੀਂਗਧੂਕੜੀ, ਇ.. ਉਪੱਦਰ, ਪਾਜੀਪਣ, ਬਦੋਬਦੀ, ਮੱਲੋਮਲੀ

धींगड़ा–ਧੀਂਗੜਾ, ਪੁ.. ਹੱਟਾ ਕੱਟਾ ਮਨੁੱਖ, ਮੋਟਾ ਤਾਜ਼ਾ, ਸੰਡ-ਮੁਸ਼ਟੰਡ, ਗੁੰਡਾ, ਬਦਮਾਸ਼

धींगा–ਧੀਂਗਾ, ਵਿ., ਬਦਮਾਸ਼, ਲੁੱਚਾ ਉਪੱਦਰੀ, ਪਾਜੀ

धींगा धींगी–ਧੀਂਗਾ ਧੀਂਗੀ, ਇ., ਬਦੋਬਦੀ, ਜ਼ਬਰਦਸਤੀ

धींगाड़, धींगाड़ा–ਧੀਂਗਾੜ, ਧੀਂਗਾੜਾ, ਵਿ., ਲੁੱਚਾ, ਬਦਮਾਸ਼, ਹੱਟਾ ਕੱਟਾ, ਗੁੰਡਾ, ਦੋਗਲਾ, ਹਰਾਮੀ, ਵੈਲੀ

धींगा मुश्ती–ਧੀਂਗਾਮੁਸ਼ਤੀ, ਇ., ਦੇਖੋ ਧੀਗਾਧੀਗੀ (धीगाधीगी)

धींवर–ਧੀਂਵਰ, ਪੁ., ਦੇਖੋ ਧੀਵਰ (धीवर)

धी–ਧੀ, ਇ., ਗਿਆਨ, ਮਨ, ਕਰਮ, ਅਕਲ, ਇ., ਬੇਟੀ, ਧੀ, ਲੜਕੀ

धीजना–ਧੀਜਨਾ, ਕ੍ਰਿ., ਮਨਜ਼ੂਰ ਕਰਨਾ, ਖੁਸ਼ ਹੋਣਾ, ਰਜਣਾ. ਸਬਰ ਹੋਣਾ, ਪ੍ਰਸੰਨ ਹੋਣਾ

धीत–ਧੀਤ, ਵਿ., ਨਿਰਾਦਰਾ, ਪਿਆਸਾ

धीति–ਧੀਤਿ, ਇ., ਨਿਰਾਦਰੀ, ਪਿਆਸ, ਯਾਦ

धीदा–ਧੀਦਾ. ਇ.. ਕੁਵਾਰੀ ਕੁੜੀ, ਬੇਟੀ, ਵਿ., ਅਕਲ ਦੇਣ ਵਾਲਾ

धीन्द्रिय–ਧੀਂਦ੍ਰਯ, ਪੁ., ਉਹ ਇੰਦਰੀ ਜਿਸ ਨਾਲ ਕਿਸੇ ਗੱਲ ਦਾ ਗਿਆਨ ਹੋਵੇ

धीम–ਧੀਮ, ਵਿ., ਜੋ ਤੇਜ਼ ਨਾ ਹੋਵੇ, ਜਿਸ ਦੀ ਤੇਜ਼ੀ ਘੱਟ ਹੋ ਗਈ ਹੋਵੇ, ਹਲਕਾ, ਸ਼ਾਂਤੀਵਾਨ, ਜੋ ਛਿਥਾ ਨਾ ਪਏ

धीमत्–ਧੀਮਤ, ਵਿ., ਬੁੱਧਮਾਨ, ਸਿਆਣਾ

धीमर–ਧੀਮਰ ਪੁ., ਮਲਾਹ, ਦੇਖੋ ਧੀਵਰ (धीवर)

धीमा–ਧੀਮਾ, ਵਿ., ਦੇਖੋ ਧੀਮ (धीम)

धीमान्–ਧੀਮਾਨ, ਵਿ., ਬੁੱਧੀਮਾਨ, ਅਕਲ ਵਾਲਾ, ਤਰਖਾਣਾਂ ਦੀ ਇਕ ਮੁੰਹੀਂ

धीमोदिनी–ਧੀਮੋਦਿਨੀ, ਇ., ਸ਼ਰਾਬ

धीय. धीया–ਧੀਯ, ਧੀਯਾ, ਇ., ਦੇਖੋ ਧਿਆ (धिआ)

धीर–ਧੀਰ, ਵਿ., ਜੋ ਧੀਰਜ ਕਰੇ, ਜੋ ਛੇਤੀ ਛੇਤੀ ਘਬਰਾਉਂਦਾ ਨਾ ਹੋਵੇ, ਤਕੜਾ, ਹੌਂਸਲੇ ਵਾਲਾ, ਵਿਚਾਰ ਵਾਲਾ, ਨਰਮੀ ਵਾਲਾ. ਧੀਮਾ. ਸ਼ਾਂਤੀ ਵਾਲਾ, ਸਾਬਰ, ਪੁ., ਸਬਰ, ਹੌਂਸਲਾ, ਵਿਚਾਰ, ਨਰਮਾਈ

धीरट–ਧੀਰਟ, ਪੁ., ਹੰਸ, ਪੰਖੇਰੂ, ਪੰਛੀ

धीरज–ਧੀਰਜ, ਪੁ., ਸਬਰ, ਹੌਸਲਾ, ਵਿਚਾਰ, ਨਰਮੀ, ਸ਼ਾਂਤੀ

धीरता–ਧੀਰਤਾ, ਇ., ਮਨ ਦਾ ਟਿਕਾਉ, ਦੇਖੋ ਧੀਰਜ (धीरज)

धीरपत्री–ਧੀਰਪੱਤ੍ਰੀ, ਇ., ਜ਼ਿਮੀਕੰਦ

धीरप्रशान्त–ਧੀਰਪ੍ਰਸ਼ਾਂਤ. ਪੁ., ਨਾਟਕ ਦਾ ਉਹ ਨਾਇਕ ਜੋ ਸਭ ਤੋਂ ਚੰਗਾ ਹੋਵੇ

धीरललित–ਧੀਰਲਲਿਤ, ਪੁ., ਨਾਟਕ ਦਾ ਇਕ ਨਾਇਕ

धीरशान्त–ਧੀਰਸ਼ਾਂਤ, ਪੁ., ਉਹ ਨਾਇਕ ਜੋ ਦਯਾ ਵਾਲਾ ਹੋਵੇ

धीरस्कन्ध–ਧੀਰਸ਼ਕੰਧ, ਪੁ., ਮੱਝ, ਮਹਿੰ, ਝੋਟੀ

धीरा–ਧੀਰਾ, ਇ., ਮਾਲ ਕੰਗਣੀ, ਇਕ ਦੁਆ, ਇਕ ਨਾਇਕਾ ਵਿ., ਦੇਖੋ ਧੀਮ (धीम)

धीरावी–ਧੀਰਾਵੀ, ਇ., ਸ਼ੀਹੋ ਦਾ ਰੁੱਖ, ਟਾਲ੍ਹੀ

धीरी–ਧੀਰੀ, ਇ., ਅੱਖ ਦੀ ਪੁਤਲੀ, ਡੇਲੀ

धीरे–ਧੀਰੇ, ਕ੍ਰਿ. ਵਿ., ਹੌਲੀ ਹੌਲੀ, ਸਹਿਜੇ, ਆਸਤੇ

धीरोदात्त–ਧੀਰੋਦੱਤ, ਵਿ., ਉਹ ਨਾਇਕ ਜੋ ਘਮੰਡ ਨਹੀਂ ਵਿਖਾਉਂਦਾ, ਦਇਆਵਾਨ

धीरोद्धत–ਧੀਰੋਧੱਤ, ਪੁ., ਆਪਣੀ ਵਡਿਆਈ ਕਰਨ ਵਾਲਾ ਨਾਇਕ

धीर्य–ਧੀਰਯ, ਵਿ., ਡਰਪੋਕ, ਬੁਜ਼ਦਿਲ

धीलटि–ਧੀਲਟਿ, ਇ., ਬੇਟੀ, ਧੀ

धीवर–ਧੀਵਰ, ਪੁ., ਮਲਾਹ, ਮਾਛੀ, ਸੇਵਾਦਾਰ, ਝੀਉਰ

धीवरी–ਧੀਵਰੀ, ਇ., ਮਲਾਹ ਦੀ ਤੀਵੀਂ, ਮਛੀਆਂ ਫੜਨ ਦੀ ਕੁੰਡੀ

धी सचिव–ਧੀ ਸਚਿਵ, ਪੁ., ਬੁੱਧੀਮਾਨ ਮੰਤ੍ਰੀ, ਅਕਲ ਵਾਲਾ ਵਜ਼ੀਰ

धु–ਧੁ, ਇ., ਕਾਂਬਾ, ਕੰਬਣੀ

धुआं–ਧੁਆਂ, ਪੁ., ਅੱਗ ਬਲਣ ਨਾਲ ਜੋ ਹਵਾ ਨਾਲ ਕਾਲਖ ਉੱਪਰ ਚੜ੍ਹਦੀ ਹੈ, ਧਆਂ

धुंकार–ਧੁੰਕਾਰ, ਪੁ., ਜ਼ੋਰ ਦੀ ਆਵਾਜ਼, ਗੜਗੜਾਹਟ

धुंगार–ਧੁੰਗਾਰ. ਇ., ਛੌਂਕ, ਤੜਕਾ, ਰਾੜ੍ਹਾ

धुंगारना–ਧੁੰਗਾਰਨਾ, ਕ੍ਰਿ., ਤੜਕਣਾ, ਘਿਉ ਸਾੜ ਕੇ ਖਾਣਾ, ਰਾੜ੍ਹਾ ਲਾਉਣਾ

धुंद–ਧੁੰਦ, ਇ., ਕੋਹਰਾ, ਹਨੇਰਾ, ਘੱਟ ਦਿਸਣਾ, ਘੱਟਾ, ਹਵਾ ਨਾਲ ਮਿਲੀ ਹੋਈ ਭਾਫ ਜਾਂ ਘਟਾ

धुंदा–ਧੁੰਦਾ, ਵਿ., ਅੰਨ੍ਹਾ, ਬਿਨਾ ਨੇਤਰਾਂ ਤੋਂ

धुंध–ਧੁੰਧ, ਇ., ਦੇਖੋ ਧੁੰਦ (धुंद)

धुंधका–ਧੁੰਧਕਾ ਪੁ., ਧੁੰਆਂ ਕੱਢਣ ਦਾ ਛੇਕ

धुंधकार–ਧੁੰਧਕਾਰ, ਪੁ., ਹਨੇਰਾ, ਹਨੇਰ ਘੁਪਘੇਰ

धुंधमार–ਧੁੰਧਮਾਰ ਪੁ., ਦੇਖੋ ਧੁੰਧਕਾਰ (धंदकार)

धृंधराना–ਧੁੰਧਰਾਨਾ, ਕ੍ਰਿ., ਦੇਖੋ ਧੁੰਧਲਾਨਾ, (धंधलाना)

धंधला–ਧੁੰਧਲਾ, ਵਿ., ਧੂਏਂ ਦੇ ਰੰਗ ਦਾ, ਧੁੰਦ ਵਾਲਾ, ਜੋ ਚੰਗੀ ਤਰ੍ਹਾਂ ਨਾ ਦਿੱਸੇ, ਮੈਲਾ

धुंधलाना–ਧੁੰਧਲਾਨਾ, ਕ੍ਰਿ., ਧੁੰਧਲਾ ਪੈਣਾ, ਧੂੰਏਂ ਰੰਗਾ ਹੋਣਾ

धुंधकार–ਧੁੰਧਕਾਰ, ਪੁ.; ਹਨੇਰਾ, ਧੁੰਧਲਾਪਣ, ਨਗਾਰੇ ਦਾ ਸ਼ਬਦ

धुंधुरि–ਧੁੰਧੁਰਿ, ਇ., ਗਰਦ, ਗੁਬਾਰ, ਹਨੇਰਾ

धुंधुरित–ਧੁੰਧੁਰਿਤ ਵਿ., ਧੁੰਦਲਾ ਕੀਤਾ ਹੋਇਆ, ਅੰਨ੍ਹਾ, ਧੁੰਦਲੀ ਅੱਖ ਵਾਲਾ, ਮਟਕ ਚਾਨਣਾ

धुंधेरी–ਧੁੰਧੇਰੀ, ਇ., ਉਹ ਹਨੇਰਾ ਜੋ ਹਵਾ ਵਿਚ ਮਿਲੀ ਧੂਲ ਦੇ ਕਾਰਣ ਹੋਵੇ, ਹਨੇਰਾ ਪਣ

धुंधेला–ਧੁੰਧੇਲਾ, ਪੁ., ਬਦਮਾਸ਼, ਲੁੱਚਾ, ਧੋਖੇਬਾਜ਼

धुंवां–ਧੁੰਵਾਂ. ਪੁ., ਦੇਖੋ ਧੂੰਆਂ (धूंआं)

धुआं–ਧੁਆਂ, ਪੁ., ਦੇਖੋ ਧੂੰਆਂ (धूंआं)

धुआंकश–ਧੁਆਂਕਾਸ਼, ਪੁ , ਭਾਫ ਨਾਲ ਚੱਲਣ ਵਾਲੀ ਬੇੜੀ ਜਾਂ ਜਹਾਜ਼, ਅਗਨਬੋਟ

धुआंधार–ਧੁਆਂਧਾਰ, ਵਿ., ਧੂਏਂ ਨਾਲ ਭਰਿਆ ਹੋਇਆ, ਧੂਏਂ ਵਰਗਾ, ਭੜਕੀਲਾ, ਕਾਲਖ,ਵੱਡੇ ਜ਼ੋਰ ਦਾ

धुआंना–ਧੁਆਂਨਾ, ਕ੍ਰਿ., ਧੂੰਏ ਕਰਕੇ ਸੁਆਦ ਦਾ ਬਿਗਾੜ ਹੋ ਜਾਣਾ, ਧੁਆਖਿਆ ਜਾਣਾ

धुआयंध–ਧੁਆਂਯੰਧ, ਵਿ., ਧੂੰਏ ਵਾਕੁਰ ਮਹਿਕਣ ਵਾਲਾ ਇ., ਬਦਹਜ਼ਮੀ ਦਾ ਡਕਾਰ

धुआंरा–ਧੁਆਂਰਾ, ਪੁ., ਧੂਆਂ ਬਾਹਰ ਕੱਢਣ ਵਾਲਾ, ਛੇਕ ਜਾਂ ਨਾਲੀ, ਚਿਮਨੀ

धुआंसा–ਧੁਆਂਸਾ ਪੁ., ਘਰ ਦੀ ਛਤ ਵਿਚ ਜੰਮੀ ਹੋਈ ਧੂਏਂ ਦੀ ਕਾਲਖ, ਧੁਆਂਹਾ

धुक–ਧੁਕ, ਇ., ਚਾਂਦੀ ਆਦਿ ਦੀਆਂ ਤਾਰਾਂ ਦੇ ਵਟਣ ਦੀ ਸਿਲਾਈ

धुकड़धुकड़–ਧੁਕੜਧੁਕੜ, ਪੁ., ਘਬਰਾਹਟ, ਅੱਗਾ ਪਿੱਛਾ

धकड़ी–ਧੁਕੜੀ, ਇ.. ਛੋਟੀ ਥੈਲੀ, ਬਟੂਆ, ਬਾਂਸਣੀ

धुकधुकी–ਧੁਕਧੁਕੀ, ਇ., ਢਿਡ ਤੇ ਛਾਤੀ ਦਾ ਗਭਲਾ ਹਿੱਸਾ, ਕਲੇਜਾ, ਕਲੇਜੇ ਦੀ ਧੜਕਣ, ਡਰ, ਖੌਫ਼, ਛਾਤੀ ਦਾ ਇਕ ਗਹਿਣਾ

धुकनधुक–ਧੁਕਨਧੁਕ, ਪੁ., ਬੇਰੀ ਦਾ ਫਲ, ਬੇਰ

धुकना–ਧੁਕਨਾ, ਕ੍ਰਿ., ਝੁਕਣਾ, ਡਿੱਗ ਪੈਣਾ, ਝਪਟਣਾ, ਟੁੱਟ ਪੈਣਾ

धुकनी–ਧੁਕਨੀ, ਵਿ., ਧੂਣੀ, ਹਵਾ ਦੇਣ ਦੀ ਖੱਲ

धुकान–ਧੁਕਾਨ, ਇ., ਧੁੰਧਕਾਰ, ਗੜਗੜ ਦੀ ਅਵਾਜ਼

धकाना–ਧੁਕਾਨਾ, ਕ੍ਰਿ., ਝੁਕਾਨਾ, ਡੇਗਣਾ, ਧੂਣੀ ਦੇਣਾ

धुकार–ਧੁਕਾਰ, ਇ., ਨਗਾਰੇ ਦੀ ਅਵਾਜ਼

धकी–ਧੁਕੀ, ਇ., ਬੇਰੀ

धगधुगी–ਧੁਗਧੁਗੀ, ਇ., ਦੇਖੋ ਧੁਕਧੁਕੀ (धुकधकी)

धुजधुजा–ਧੁਜਧੁਜਾ, ਪੁ., ਇ., ਧਜ, ਧੁਜਾ, ਨਿਸ਼ਾਨ, ਝੰਡੀ, ਝੰਡਾ

धुजिनी–ਧੁਜਿਨੀ, ਇ., ਫੌਜ

धुड़ंगा–ਧੁੜੰਗਾ, ਵਿ., ਰੇਤੇ ਨਾਲ ਲਿਬੜਿਆ ਹੋਇਆ, ਜਿਸ ਦੇ ਸਰੀਰ ਤੇ ਕੋਈ ਕਪੜਾ ਨਾ ਹੋਵੇ, ਨੰਗਧੜੰਗਾ

धुत–ਧੁਤ, ਵਿ., ਛੱਡਿਆ ਹੋਇਆ, ਫਟਕਾਰਿਆ ਹੋਇਆ

धुतकार–ਧੁਤਕਾਰ, ਇ., ਫ਼ਟਕਾਰ, ਝਿੜਕ

धुतकारना–ਧੁਤਕਾਰਨਾ, ਕ੍ਰਿ., ਫਟਕਾਰਨਾ, ਝਿੜਕਣਾ

धुतू–ਧੁਤੂ, ਪੁ., ਅੱਗ ਦੇ ਬਲਣ ਦੀ ਅਵਾਜ਼

धुतूरा–ਧੁਤੂਰਾ, ਪੁ., ਦੇਖੋ ਧਤੂਰਾ, (धतूरा)

धुन–ਧੁਨ, ਪੁ., ਕਾਂਬਾ, ਇ., ਧਿਆਨ, ਲਗਣ, ਮੌਜ, ਸੋਚ, ਫਿਕਰ, ਸੁਰ, ਤਾਨ, ਇਕ ਰਾਗ

धुनकना–ਧੁਨਕਨਾ, ਕ੍ਰਿ., ਧੁਣਖੀ ਨਾਲ ਰੂੰ ਸਾਫ਼ ਕਰਨੀ, ਪੰਜਣਾ, ਕਿਸੇ ਕੰਮ ਵਿਚ ਲੱਗੇ ਰਹਿਣਾ

धुनकी–ਧੁਨਕੀ, ਇ., ਰੂੰ ਪਿੰਜਣ ਦਾ ਤਾੜਾ, ਧੁਣਖਾ

धुनवाना–ਧੁਨਵਾਨਾ, ਕ੍ਰਿ., ਰੂੰ ਧੁਣਖਣ ਦਾ ਕੰਮ ਕਰਾਉਣਾ, ਰੂੰ ਪਿੰਜਵਾਉਣੀ

धुनि–ਧੁਨਿ, ਇ., ਇਕ ਰਾਖਸ਼ ਦਾ ਨਾਉਂ, ਕਾਂਬਾ, ਅਵਾਜ਼

धुनियां–ਧੁਨਿਯਾਂ, ਪੁ., ਰੂੰ ਧੁਣਖੁਣ ਵਾਲਾ, ਪੇਂਜਾ

धुनिनाथ–ਧੁਨਿਨਾਥ, ਪੁ., ਸਮੁੰਦਰ

धुनेचा–ਧੁਨੇਚਾ, ਪੁ., ਇਕ ਤਰ੍ਹਾਂ ਦਾ ਸਣ ਦਾ ਬੂਟਾ

धुनेहा–ਧੁਨੇਹਾ, ਪੁ., ਦੇਖੋ ਧੁਨਿਯਾਂ (धनियां)

धुन्धु–ਧੁੰਧੁ, ਪੁ., ਮਧੂ ਰਾਖਸ਼ ਦੇ ਪੁੱਤਰ ਦਾ ਨਾਉਂ

धुन्धुमार–ਧੁੰਧੁਮਾਰ, ਪੁ., ਧੁੰਧੁ ਰਾਖਸ਼ ਦੇ ਮਾਰਨ ਵਾਲਾ, ਘਰ ਦੀ ਕਾਲਸ, ਬੀਰ ਵਹੁਟੀ, ਕਿਰਲੀ

धुपना–ਧੁਪਨਾ, ਕ੍ਰਿ., ਧੋਣਾ

धुपाना–ਧੁਪਾਨਾ, ਕ੍ਰਿ., ਸੁਕਾਉਣਾ

धुपेली–ਧੁਪੇਲੀ, ਇ., ਗਰਮੀ ਦੇ ਦਿਨਾਂ ਵਿਚ ਪਿੰਡੇ ਤੇ ਨਿਕਲਣ ਵਾਲੀ ਛੋਟੀ ਛੋਟੀ ਫੁਣਸੀ, ਪਿੱਤ

धुमारा–ਧੁਮਾਰਾ, ਵਿ., ਧੂੰਏ ਰੰਗਾ

धुर–ਧੁਰ, ਪੁ., ਗੱਡੀ ਜਾਂ ਰਥ ਦਾ ਧੁਰਾ, ਪਹੀਏ ਵਿਚਲੀ ਲੱਠ ਜਾਂ ਮੋਟੀ ਲੱਕੜ, ਭਾਰ, ਬੋਝ, ਸ਼ੁਰੂ, ਮੁਢਾ, ਜੂਲਾ, ਉਚਾ ਥਾਉਂ, ਧਨ, ਦੌਲਤ, ਧਰਤੀ ਦੀ ਇਕ ਨਾਪ ਜੋ ਬਿਸਵੇ ਦਾ ਬੀਹਵਾਂ ਹਿੱਸਾ ਹੁੰਦੀ ਹੈ, ਭਾਗ, ਚਿੰਗਿਆੜੀ, ਅਖੀਰ, ਵਿ , ਪੱਕਾ, ਮਜ਼ਬੂਤ, ਅਵਜ., ਠੀਕ ਥਾਂ ਤੇ, ਸਿਧਾ, ਸੇਧ ਵਿਚ

धुरकट–ਧੁਰਕਟ, ਪੁ., ਧਰਤੀ ਦਾ ਮਾਮਲਾ ਜੋ ਮਜ਼ਾਰਾ ਜ਼ਿਮੀਂਦਾਰ ਨੂੰ ਜੇਠ ਦੇ ਮਹੀਨੇ ਦੇ ਦਿੰਦਾ ਸੀ

धुरकिल्लो–ਧੁਰਕਿੱਲੀ, ਇ., ਗੱਡੀ ਦੇ ਧੁਰੇ ਵਿਚ ਫਸਾਈ ਹੋਈ

ਲੋਹੇ ਦੀ ਮੇਖ

धुरना–ਧੁਰਨਾ, ਕ੍ਰਿ., ਮਾਰਨਾ, ਕੁੱਟਣਾ, ਬਜਾਉਣਾ

धुरन्धर–ਧੁਰੰਧਰ, ਪੁ., ਬੋਝ ਉਠਾਉਣ ਵਾਲਾ, ਡੰਗਰ, ਇਕ ਰਾਖਸ਼, ਇਕ ਰੁੱਖ, ਵਿ., ਤਾਕਤਵਰ, ਬਲਵਾਨ

धुरपद–ਧੁਰਪਦ, ਪੁ., ਇਕ ਰਾਗ ਜਾਂ ਛੰਦ

धुरा–ਧੁਰਾ, ਪੁ., ਪਹੀਏ ਦੀ ਵਿਚਲੀ ਲੋਹੇ ਦੀ ਲਠ

धुरियाधुरंग–ਧੁਰਿਯਾ ਧੁਰੰਗ, ਵਿ., ਬਿਨਾ ਸਾਥ ਤੋਂ ਗਾਇਆ ਜਾਣ ਵਾਲਾ ਗ਼ੀਤ

धुरियाना–ਧੁਰਿਯਾਨਾ, ਕ੍ਰਿ., ਕਿਸੇ ਚੀਜ਼ ਨੂੰ ਰੇਤੇ ਨਾਲ ਢਕਣਾ, ਇਖ ਦੇ ਖੇਤ ਨੂੰ ਪਹਿਲੋਂ ਪਹਿਲੋਂ ਗੱਡਣਾ, ਕਿਸੇ ਐਬ ਜਾਂ ਬਦਨਾਮੀ ਦਾ ਦਬਾ ਦੇਣਾ

धुरिया मल्लार–ਧੁਰਿਯਾ ਮੱਲਾਰ, ਪੁ., ਇਕ ਰਾਗ, ਮਲ੍ਹਾਰ ਦਾ ਇਕ ਭੇਦ

धुरी–ਧੁਰੀ, ਇ., ਛੋਟਾ ਧੁਰਾ

धुरीण–ਧੁਰੀਣ, ਵਿ., ਬੋਝਾ ਲਜਾਣ ਵਾਲਾ, ਪਰਧਾਨ, ਮੁਖੀਆ

धुरीय–ਧੁਰੀਯ, ਪੁ., ਬੋਝਾ ਢੋਣ ਵਾਲਾ, ਪਸ਼ੂ, ਵਿ., ਬੋਝਾ ਢੋਣ ਦੇ ਲਾਇਕ

धुरेटना–ਧੁਰੇਟਨਾ, ਕ੍ਰਿ., ਰੇਤਾ ਲਾਉਣਾ ਜਾਂ ਰੇਤੇ ਨਾਲ ਲਪੇਟਨਾ

धुर्रा–ਧੁਰਰਾ, ਪੁ., ਕਿਸੇ ਚੀਜ਼ ਦਾ ਬਹੁਤ ਛੋਟਾ ਹਿੱਸਾ, ਜ਼ਰਰਾ, ਕਣ, ਪਰਮਾਣੂ, ਅਣੂ

धुलना–ਧੁਲਨਾ, ਕ੍ਰਿ., ਧੋਇਆ ਜਾਣਾ, ਸਾਫ ਹੋਣਾ, ਨਿਖਰਨਾ

धुलवाना–ਧੁਲਵਾਨਾ, ਕ੍ਰਿ., ਧੋਣ ਦਾ ਕੰਮ ਕਰਾਉਣਾ

धुलाई–ਧੁਲਾਈ, ਇ., ਧੋਣ ਦਾ ਕੰਮ ਜਾਂ ਮਜ਼ੂਰੀ

धुलाना–ਧੁਲਾਨਾ, ਕ੍ਰਿ , ਦੇਖੋ ਧੁਲਵਾਨਾ (धुलवाना)

धुलेंड़ी–ਧੁਲੇਂੜੀ. ਇ.. ਹੋਲੀ ਤੋਂ ਦੂਜੇ ਦਿਨ ਹੋਣ ਵਾਲਾ ਹਿੰਦੂਆਂ ਦਾ ਇਕ ਤਿਉਹਾਰ

धव–ਧੁਵ, ਪੁ , ਗੁੱਸਾ, ਕ੍ਰੋਧ, ਦੇਖੋ ਧੁਰਵ (ध्रुव)

धवक–ਧੁਵਕ, ਵਿ., ਗਰਭ ਦੇ ਨਾਸ ਕਰਨ ਵਾਲਾ

धवका–ਧੁਵਕਾ. ਇ., ਗੀਤ ਦਾ ਪਹਿਲਾ ਪਦ

धवन–ਧੁਵਨ, ਪੁ., ਅੱਗ. ਵਿ., ਹਿਲਾਉਣ ਵਾਲਾ

धुवां–ਧੁਵਾਂ, ਪੁ., ਦੇਖੋ ਧੁਆਂ (धुआं)

ध्वांस–ਧੁਵਾਂਸ, ਇ., ਮਹਾਂ ਦਾ ਆਟਾ ਜਿਸ ਦੇ ਪਾਪੜ ਬਣਦੇ ਹਨ

धुवाना–ਧੁਵਾਨਾ, ਕ੍ਰਿ., ਧੁਲਵਾਨਾ (धलवाना)

धुवित्र–ਧੁਵਿਤ੍ਰ. ਪੁ.. ਮਿਰਗ ਦੇ ਚੰਮ ਦਾ ਬਣਿਆ ਪੱਖਾ

धुस्तूर–ਧੁਸਤੂਰ, ਪੁ., ਧਤੂਰਾ

धुस्स–ਧੁੱਸ, ਪੁ., ਟਿੱਬਾ; ਨਦੀ ਦੇ ਕੰਢੇ ਦਾ ਬੰਨ੍ਹ, ਬੰਨ੍ਹ

धुस्सा–ਧੁੱਸਾ, ਪੁ., ਮੋਟੀ ਉੱਨ ਦੀ ਬਣੀ ਲੋਈ

धंधुर–ਧੂੰਧਰ, ਵਿ., ਧੁੰਧਲਾ, ਮੈਲਾ, ਜੋ ਸਾਫ ਨਾ ਦਿਸੇ

धू–ਧੂ, ਪੁ , ਧਰੂਤਾਰਾ, ਧੁਰੀ, ਉਤਾਨਪਾਦ ਰਾਜੇ ਦੇ ਪੁੱਤ੍ਰ ਦਾ ਨਾਂ

धूईं–ਧੂਈਂ, ਇ., ਧੂਣੀ

धूक–ਧੂਕ, ਪੁ., ਵਾ, ਹਵਾ, ਮੂਰਖ, ਮਨੁੱਖ, ਮੌਤ, ਮੌਲਸਰੀ ਦਾ ਰੁੱਖ, ਦੇਖੋ ਧੁਕ (धूक)

धूजट–ਧੂਜਟ, ਪੁ., ਸ਼ਿਵ, ਮਹਾਂ ਦੇਵ

धूजना–ਧੂਜਨਾ, ਵਿ., ਹਿਲਣਾ, ਕੰਬਣਾ

धूत–ਧੂਤ, ਵਿ., ਕੰਬਦਾ ਹੋਇਆ, ਧਮਕਾਇਆ ਜਾਂ ਡਾਂਟਿਆ ਹੋਇਆ, ਮੂਰਖ, ਦਗ਼ਾਬਾਜ਼

धूतना–ਧੂਤਨਾ, ਕ੍ਰਿ., ਠਗਨਾ, ਧੋਖਾ ਦੇਣਾ, ਛਲਣਾ

धूता–ਧੂਤਾ, ਇ., ਵਹੁਟੀ, ਘਰ ਵਾਲੀ

धूतुक–ਧੂਤੁਕ, ਪੁ., ਧੂਧੂ. ਇਕ ਵੱਾਜਾ. ਤੁਰਹੀ

धूधू–ਧੂਧੂ. ਵਿ., ਅੱਗ ਦੀ ਲਾਟ ਦੇ ਉਠੱਣ ਦੀ ਅਵਾਜ਼

धून–ਧੂਨ, ਵਿ., ਕੰਬਦਾ ਹੋਇਆ

धूनक–ਧੂਨਕ, ਪੁ., ਗੂੰਦ, ਗਲ, ਧੁਪ, ਵਿ., ਹਿਲਾਉਣ ਚਲਾਉਣ ਵਾਲਾ

धूनना–ਧੂਨਨਾ, ਸਰਵ.. ਧੂਪਦਾ ਧੂਆਂ,ਧੂਆ ਜਾਂ ਧੂਣੀ ਦੇਣਾ

धूना–ਧੂਨਾ, ਪੁ., ਗੁੱਗਲ ਦੀ ਜਾਤ ਦਾ ਇਕ ਰੁੱਖ

धूनी–ਧੂਨੀ, ਇ., ਬਲਦੇ ਕੱਖ ਕਾਨੇ ਦੀ ਢੇਰੀ, ਅਗ ਸੇਕਣ ਲਈ ਕਖਾਂ ਕਾਨਿਆਂ ਨੂੰ ਲਾਈ ਅੱਗ

धूप–ਧੂਪ, ਪੁ., ਪੂਜਾ ਵੇਲੇ ਧੁਖਾਉਣ ਵਾਲੀ ਇਕ ਖੁਸ਼ਬੂਦਾਰ ਚੀਜ਼, ਸੂਰਜ ਦੀ ਤਪਤ, ਗਰਮੀ, ਧੁਪ

धूपघड़ी–ਧੂਪ ਘੜੀ, ਪੁ., ਧੁਪ ਨਾਲ ਵਕਤ ਦਸਣ ਵਾਲੀ ਘੜੀ

धूपक–ਧੂਪਕ, ਇ., ਤੂਤ ਦੀ ਲੱਕੜ

धूपछांह–ਧੂਪ ਛਾਂਹ, ਇ., ਇਕ ਕਪੜੇ ਦਾ ਨਾਉਂ, ਜਿਸਨੂੰ ਤਾਫਤਾ ਵੀ ਆਖਦੇ ਹਨ

धूपदान, धूपदानी–ਧੂਪਦਾਨ, ਧੂਪਦਾਨੀ, ਪੁ., ਉਹ ਭਾਂਡਾ ਜਿਸ ਵਿਚ ਧੂਪ ਦਿੱਤੀ ਜਾਂਦੀ ਹੈ

धूपद्रुम–ਧੂਪਦ੍ਰੁਮ, ਪੂ., ਲਾਲ ਖੈਰ ਦਾ ਰੁੱਖ

धूपन–ਧੂਪਨ. ਪੁ., ਸਾਲ ਦਾ ਰੁੱਖ, ਧੂਪ ਦੇਣ ਦੀ ਕ੍ਰਿਆ

धूपना–ਧੂਪਨਾ, ਕ੍ਰਿ., ਧੂਪ ਦੇਣਾ, ਹੈਰਾਨ ਕਰਨਾ, ਸੁਗੰਧਤ ਧੂਆਂ ਪੈਦਾ ਕਰਨ

धूपपात्र–ਧੂਪਬੱਤ੍ਰ, ਪੁ., ਦੇਖੋ ਧੂਪਦਾਨ (धूपदान)

धूपवत्ती–ਧੂਪਬੱਤੀ, ਇ., ਮਸਾਲੇ ਨਾਲ ਲਿਬੜੀ ਹੋਈ ਸੀਂਖ, ਬਤੀ ਜੋ ਅੱਗ ਲਾਉਣ ਤੇ ਖੁਸ਼ਬੂਦਾਰ ਧੂਆਂ ਦਿੰਦੀ ਹੇ

धूपमुद्रा–ਧੂਪਮੁੱਦ੍ਰਾ, ਇ., ਤਾਂਤ੍ਰਕਾਂ ਦੀ ਇਕ ਰਸਮ

धूपवास–ਧੂਪਵਾਸ ਪੁ.,ਨ੍ਹਾਉਣ ਤੋਂ ਪਿੱਛੋਂ ਖੁਸ਼ਬੂਦਾਰ ਧੂੰਏਂ ਨਾਲ ਸਰੀਰ ਕੇਸ ਆਦਿਕ ਦੇ ਖੁਸ਼ਬੂਦਾਰ ਕਰਨ ਦਾ ਕੰਮ

धूपवृक्ष–ਧੂਪਵ੍ਰਿਕਸ਼, ਪੁ , ਗੁੱਗਲ ਦਾ ਰੁੱਖ

धूपायित–ਧੂਪਾਯਿਤ, ਵਿ., ਧੂਪਦਿੱਤਾ ਹੋਇਆ, ਹੈਰਾਨ, ਤੁਰਨ ਤੇ ਥੱਕਿਆ ਹੋਇਆ

धूपित–ਧੂਪਿਤ, ਵਿ., ਦੇਖੋ ਧੂਪਾਯਿਤ (धूपायित)

धूम–ਧੂਮ, ਪੁ., ਧੂਆਂ, ਡਕਾਰ, ਇਕ ਰਿਸ਼ੀ ਦਾ ਨਾਉਂ, ਇਕ ਦੇਸ ਦਾ ਨਾਉਂ, ਪੁ., ਬਹੁਤ ਸਾਰੇ ਮਨੁੱਖਾਂ ਦਾ ਕੱਠੇ ਹੋ ਕੇ

ਰੌਲਾ ਪਾਉਣਾ, ਉਪੱਦਰ, ਹਲਚਲ, ਰੌਲਾਰੱਪਾ, ਕੱਠ, ਮਸ਼ਹੂਰੀ, ਹੱਲਾ, ਠਾਟਬਾਟ

धूमक–ਧੂਮਕ, ਪੁ., ਧੂਆਂ, ਇਕ ਤਰ੍ਹਾਂ ਦਾ ਸਾਗ

धूमकेतू–ਧੂਮਕੇਤੁ, ਪੁ., ਪੂਛਲ ਤਾਰਾ, ਇਕ ਤਰ੍ਹਾਂ ਦਾ ਘੋੜਾ, ਰਾਵਣ ਦਾ ਇਕ ਰਾਖਸ਼ ਸੈਨਾਪਤੀ, ਅੱਗ, ਮਹਾਦੇਵ, ਕੇਤੂ ਗ੍ਰਹ

धूमज–ਧੂਮਜ, ਪੁ., ਬੱਦਲ, ਮੋਥਾ, ਘਾਹ

धूमजाङ्गज–ਧੂਮਜਾਂਗਜ, ਪੁ., ਨਸ਼ਾਦਰ

धूमदर्शी–ਧੂਮਦਰਸ਼ੀ, ਪੁ., ਜਿਸ ਦੀਆਂ ਅੱਖਾਂ ਦੇ ਸਾਹਮਣੇ ਧੂਆਂ ਦਿਖਾਈ ਪਵੇ

धूमधड़क्का–ਧੂਮਧੱੜਕਾ, ਪੁ., ਧੂਮ ਧਾਮ, ਠਾਟਬਾਟ

धूमधाम–ਧੂਮਧਾਮ, ਇ., ਠਾਟਬਾਟ, ਤਿਆਰੀ, ਸਜਾਵਟ

धूमपथ–ਧੂਮਪਥ, ਪੁ., ਧੂੰਆਂ ਨਿਕਲਣ ਦਾ ਰਾਹ

धूमपोत–ਧੂਮਪੋਤ, ਪੁ., ਅਗਿਨ ਬੋਟ

धूमप्रभा–ਧੂਮਪ੍ਰਭਾ, ਇ., ਇਕ ਨਰਕ, ਵਿ., ਧੂੰਏ ਰੰਗਾ

धूमप्राश–ਧੂਮਪ੍ਰਾਸ਼, ਵਿ., ਧੂੰਆਂ, ਧੀਰੇ, ਤਪੱਸਿਆ ਕਰਨ ਵਾਲਾ

धूममार्ग–ਧੂਮਮਾਰਗ, ਪੁ., ਦੇਖੋ ਧੂਮਪਥ (धूमपथ)

धूममृत्तिका–ਧੂਮਮ੍ਰਿਤਿਕਾ, ਇ., ਸੋਨੇ ਦੇ ਸੋਧਣ ਦੀ ਇਕ ਤਰ੍ਹਾਂ ਦੀ ਮਿੱਟੀ

धूमयोनि–ਧੂਮਯੋਨਿ, ਪੁ., ਬੱਦਲ, ਮੋਥਾ, ਮੀਂਹ

धूमर–ਧੂਮਰ, ਪੁ., ਅੱਖ ਦਾ ਇਕ ਰੋਗ ਜਿਸ ਵਿੱਚ ਸਭ ਚੀਜ਼ਾਂ ਧੂਏਂ ਵਾਕਰ ਹੀ ਦਿਖਾਈ ਦਿੰਦੀਆਂ ਹਨ

धूमरज–ਧੂਮਰਜ, ਪੁ., ਘਰ ਦਾ ਧੂਆਂ

धूमल–ਧੂਮਲ, ਵਿ., ਧੂਏਂ ਰੰਗਾ

धूमला–ਧੂਮਲਾ, ਵਿ., ਧੂਏਂ ਰੰਗਾ, ਧੁੰਧਲਾ

धूमसार–ਧੂਮਸਾਰ, ਪੁ., ਘਰ ਦਾ ਧੂਆਂ

धूमसी–ਧੂਮਸੀ, ਇ., ਦੇਖੋ ਧੁਵਾਂਸ (धूवांस)

धूमसंहति–ਧੂਮਸੰਹਤਿ, ਇ., ਧੂੰਏਂ ਦਾ ਇਕੱਠ

धूमाक्ष–ਧੂਮਾਕਸ਼, ਵਿ., ਧੂਏਂ ਵਰਗੀਆਂ ਅੱਖਾਂ ਵਾਲਾ

धूमावती–ਧੂਮਾਵਤੀ, ਇ., ਦਸ ਮਹਾਂ ਵਿਦਿਆਵਾਂ ਵਿਚੋਂ ਇਕ ਮਹਾਂ ਵਿਦਿਆ

धूमिका–ਧੂਮਿਕ, ਇ., ਇਕ ਤਰ੍ਹਾਂ ਦਾ ਪੰਛੀ

धूमित–ਧੂਮਿਤ, ਵਿ.; ਜਿਸ ਵਿੱਚ ਧੂਆਂ ਲੱਗਿਆ ਹੋਵੇ, ਧੂਏਂ ਨਾਲ ਭਰਿਆ

धूमिता–ਧੂਮਿਤਾ, ਇ., ਸੂਰਜ ਦੇ ਡੁੱਬਣ ਵਾਲਾ ਪਾਸਾ

धूमिन्–ਧੂਮਿਨ, ਪੁ., ਅੱਗ ਦੀ ਇਕ ਜੀਭ ਦਾ ਨਾਉਂ

धूमिल–ਧੂਮਿਲ, ਵਿ., ਧੁੰਧਲਾ, ਧੂਏਂ ਰੰਗਾ, ਧੂਏਂ ਭਰਿਆ

धूमोद्गार–ਧੂਮੋਦਗਾਰ, ਵਿ., ਧੂੰਏਂ ਰੰਗਾ, ਧੂਏਂ ਭਰਿਆ ਪੁ., ਧੂਏਂ ਦਾ ਨਿਕਲਣਾ

धूमोर्णा–ਧੂਮੋਰਣਾ, ਇ., ਜਮ ਦੀ ਵਹੁਟੀ, ਮਾਰਕੰਡੇ ਰਿਸ਼ੀ ਦੇ ਘਰ ਵਾਲੀ ਦਾ ਨਾਉਂ

धूम्याट–ਧੂਮਿਆਦ, ਪੁ., ਇਕ ਤਰ੍ਹਾਂ ਦਾ ਕਾਲਾ ਭੂੰਡ, ਭਉਰਾ

धूम्र–ਧੂਮ੍ਰ., ਵਿ., ਧੁੰਦਲਾ, ਸ਼ਿਵ, ਬੱਦਲ, ਰਾਮਚੰਦ੍ਰ ਦੀ ਫੌਜ ਦਾ ਇਕ ਰਿੱਛ, ਨਸਵਾਰ ਜੇਹਾ

धूम्रक–ਧੂਮ੍ਰਕ, ਪੁ., ਉਠ, ਊਟ, ਬੋਤਾ

धूम्रकेतु–ਧੂਮ੍ਰਕੇਤੁ, ਪੁ., ਰਾਜੇ ਭਰਤ ਦੇ ਪੁੱਤਰ ਦਾ ਨਾਉਂ, ਵਿ., ਧੂੰਏ ਦੇ ਰੰਗ ਵਰਗੇ ਝੰਡੇ ਵਾਲਾ

धूम्रलोचन–ਧੂਮ੍ਰਲੋਚਨ, ਪੁ., ਕਬੂਤਰ, ਸ਼ੁੰਭ ਰਾਖਸ਼ ਦਾ ਸੈਨਾਪਤੀ

धूम्रवर्णा–ਧੂਮ੍ਰਵਰਣਾ, ਇ., ਅੱਗ ਦੀਆਂ ਸਤ ਜੀਭਾਂ ਵਿਚੋਂ ਇਕ

धूम्रा–ਧੂਮ੍ਰਾ, ਇਕ ਤਰ੍ਹਾਂ ਦੀ ਕੱਕੜੀ, ਤਰ

धूम्राक्ष–ਧੂਮ੍ਰਾਕਸ਼, ਵਿ., ਜਿਸ ਦੀਆਂ ਅੱਖਾਂ ਧੂਏਂ ਵਰਗੀਆਂ ਹੋਣ, ਪੁ., ਰਾਵਣ ਦੇ ਇਕ ਸੈਨਾਪਤੀ ਦਾ ਨਾਉਂ

धूम्राट–ਧੂਮ੍ਰਾਟ, ਪੁ., ਦੇਖੋ ਧੂਮਿਆਟ (धूम्याट)

धूम्राश्व–ਧੂਮ੍ਰਾਸ਼੍ਵ, ਪੁ., ਰਾਜਾ ਇਖਵਾਕੂ ਦੇ ਪੜਪੋਤੇ ਦਾ ਨਾਉਂ

धूम्रिका–ਧੂਮ੍ਰਿਕਾ, ਇ., ਸੀਹੋ ਦਾ ਰੁੱਖ, ਟਾਲ੍ਹੀ, ਸ਼ੀਸਮ

धूर्–ਧੂਰ, ਇ., ਮਿੱਟੀ ਟੇਤੇ ਆਦਿਕ ਦਾ ਚੂਰਾ, ਧੂੜ

धूर्कट–ਧੂਰਕਟ, ਪੁ., ਦੇਖੋ ਧੁਰਕਟ (धूर्कट)

धूर्धान–ਧੂਰਧਾਨ, ਪੁ., ਗਰਦੇ ਦਾ ਢੇਰ, ਮਿੱਟੀ ਦਾ ਢੇਰ

धूर्धानी–ਧੂਰਧਾਨੀ, ਇ., ਗਰਦ ਦਾ ਢੇਰ, ਨਾਸ, ਇਕ ਤਰ੍ਹਾਂ ਦੀ ਬੰਦੂਕ, ਨਸਵਾਰ

धूरा–ਧੂਰਾ, ਪੁ., ਗਰਦ, ਚੂਰਾ, ਧੂੜ

धूरि–ਧੂਰਿ, ਇ., ਦੇਖੋ ਧੂਲ (धूल)

धूर्जटि–ਧੂਰਜਟਿ, ਪੁ., ਸ਼ਿਵ, ਮਹਾਂਦੇਵ

धूर्त–ਧੂਰਤ, ਵਿ., ਛਲੀਆ, ਠੱਗ, ਧੋਖੇਬਾਜ਼, ਚਾਲਬਾਜ਼, ਪੁ., ਲੋਹੇ ਦੀ ਮੈਲ, ਧਤੂਰਾ, ਚੋਬ ਨਾਉਂ ਵਾਲੀ ਇਕ ਬ ਵਾਲੀ ਚੀਜ਼, ਜੁਆਰੀ, ਜੂਏਬਾਜ਼

धूर्तक–ਧੂਰਤਕ, ਪੁ., ਗਿੱਦੜ, ਜੁਆਰੀਆ

धूर्तता–ਧੂਰਤਤਾ, ਇ., ਠਗਪੁਣਾ, ਚਾਲਬਾਜ਼ੀ, ਧੋਖੇਬਾਜ਼ੀ

धूर्तर–ਧੂਰਤਰ, ਪੁ., ਪਾਰਾ

धूर्धर–ਧੂਰਧਰ, ਪੁ., ਬੋਝਾ ਢੋਣ ਵਾਲਾ

धूर्वर–ਧੂਰਵਰ, ਵਿ., ਦੇਖੋ ਧੂਰਧਰ (धूर्धर)

धूल–ਧੂਲ, ਇ., ਧੂੜ, ਖੇਹ, ਘੱਟਾ, ਗਰਦ, ਬਰੀਕ ਪੀਠੀ ਹੋਈ ਚੀਜ਼

धूलक–ਧਲਕ, ਪੁ., ਜ਼ਹਿਰ

धूलधानी–ਧੂਲਧਾਨੀ, ਇ., ਦੇਖੋ ਧੂਰਧਾਨੀ (धूर्धानी)

धूला–ਧੂਲਾ, ਪੁ., ਟੁਕੜਾ, ਕਤਰਾ

धूलि–ਧੂਲਿ, ਇ., ਮਿੱਟੀ ਰੇਤ ਆਦਿਕ ਦਾ ਬਰੀਕ ਚੂਰਾ, ਧੂੜੀ, ਗਰਦਾ

धूलिका–ਧੂਲਿਕਾ, ਇ., ਤ੍ਰੇਲ ਦੇ ਤੁਬਕੇ, ਓਸ ਕਣ

धूलिकुट्टिम–ਧੁਲਿਕੁੱਟਿਮ, ਪੁ., ਬਾਹਿਆ ਹੋਇਆ ਖੇਤ

धूलिकेदार–ਧੂਲਿਕੇਦਾਰ, ਪੁ., ਮਿੱਟੀ ਦਾ ਟਿੱਲਾ

धूली–ਧਲੀ, ਇ., ਦੇਖੋ ਧੂਲਿ (धूलि)

धूवां–ਧੂਵਾਂ, ਦੇਖੋ ਧੂਆਂ (धूआं)

धूसर–ਧੂਸਰ, ਪੁ., ਮਿਟਮੈਲਾ ਰੰਗ, ਗਧਾ, ਊਠ, ਕਬੂਤਰ, ਬਾਣੀਆਂ ਦੀ ਇਕ ਜਾਤ, ਵਿ., ਮਿਟਮੈਲਾ, ਰੇਤਾ ਭਰਿਆ

धूसरा–ਧੂਸਰਾ, ਵਿ., ਖਾਕੀ, ਮਿੱਟੀ ਰੰਗਾ, ਭੂਸਲਾ

धूसरित–ਧੂਸਰਿਤ, ਵਿ., ਮਿਟਮੈਲਾ ਕੀਤਾ ਹੋਇਆ, ਖਾਕੀ, ਭੂਸਲਾ

धूसला–ਧੂਸਲਾ, ਵਿ., ਦੇਖੋ ਧੂਸਰਾ (धूसरा)

धूस्तूर–ਧੂਸਤੂਰ, ਪੁ., ਧਤੂਰਾ

धृक, धृग–ਧ੍ਰਿਕ, ਧ੍ਰਿਗ, ਅਵਜ, ਦੇਖੋ ਧਿਕ (धिक)

धृत–ਧ੍ਰਿਤ, ਵਿ., ਧਾਰਨ ਕੀਤਾ ਹੋਇਆ, ਪਕੜਿਆ ਹੋਇਆ, ਪੁ., ਤੇਰੁਵੇਂ ਮਨੂੰ ਦੇ ਪੁੱਤਰ ਦਾ ਨਾਉਂ

धृतकेतु–ਧ੍ਰਿਤਕੇਤੁ, ਪੁ., ਵਸੁਦੇਵ ਦੇ ਭਣਵਈਏ ਦਾ ਨਾਉਂ

धृतदेवा–ਧ੍ਰਿਤਦੇਵਾ, ਇ., ਦੇਵਕੀ ਦੀ ਇਕ ਕੁੜੀ

धृतपद्मा–ਧ੍ਰਿਤਪਦਾ, ਇ., ਗਾਯਤ੍ਰੀ ਦਾ ਇਕ ਭੇਦ

धृतमाली–ਧ੍ਰਿਤਮਾਲੀ, ਇ., ਹਥਿਆਰਾਂ ਨੂੰ ਬੇਕਾਰ ਕਰਨ ਦਾ ਇਕ ਹਥਿਆਰ

धृतराष्ट्र–ਧ੍ਰਿਤਰਾਸ਼ਟਰ, ਪੁ., ਉਹ ਰਾਜ ਜਿਸਦਾ ਹੁਕਮਰਾਨ ਚੰਗਾ ਹੋਵੇ, ਇਕ ਸ਼ਹਿਰ ਦਾ ਨਾਉਂ, ਦੁਰਜੋਧਨ ਦਾ ਪਿਉ

धृतव्रत–ਧ੍ਰਿਤਵ੍ਰਤ, ਵਿ., ਜਿਸਨੇ ਬਰਤ ਰਖਿਆ ਹੋਵੇ ਪੁ., ਇਕ ਰਾਜੇ ਦਾ ਨਾਉਂ

धृतात्मा–ਧ੍ਰਿਤਾਤਮਾ, ਵਿ., ਮਨ ਨੂੰ ਟਿਕਾਉਣ ਵਾਲਾ

धृति–ਧ੍ਰਿਤਿ, ਇ., ਫੜਨ ਦੀ ਕਿਰਿਆ, ਸਬਰ, ਸੰਤੋਖ, ਮਨ ਦੀ ਪਕਿਆਈ, ਸੋਲਾਂ ਮਾਤ੍ਰਿਕਾਂ ਵਿੱਚੋਂ ਇਕ ਦਾ ਨਾਉਂ, ਮੂੰਹ, ਦਖਸ਼ ਦੀ ਧੀ, ਪੁ., ਰਾਜਾ ਜਯਦਰਥ ਦਾ ਪੋਤਾ, ਅਲੰਕਾਰ ਦਾ ਇਕ ਵਿਭਚਾਰੀ ਭਾਵ

धृतिमत–ਧ੍ਰਿਤਿਮਤ, ਵਿ., ਧੀਰਜ ਵਾਲਾ

धृतिहोम–ਧ੍ਰਿਤਿਹੋਮ, ਪੁ., ਵਿਆਹ ਪਿਛੋਂ ਕਰਨ ਦਾ ਇਕ ਹਵਨ

धृषज्–ਧ੍ਰਿਸ਼ਜ, ਵਿ., ਦਬਾਉਣ ਵਾਲਾ

धृषु–ਧ੍ਰਿਸ਼ੁ, ਵਿ., ਹੁਸ਼ਿਆਰ. ਸਿਆਣਾ

धृष्ट–ਧ੍ਰਿਸ਼ਟ, ਵਿ., ਬਕਵਾਸੀ, ਬੇਸ਼ਰਮ, ਢੀਠ, ਨਿਰਲੱਜ

धृष्टता–ਧ੍ਰਿਸ਼ਟਤਾ, ਇ., ਬੇਸ਼ਰਮੀ, ਗੁਸਤਾਖ਼ੀ, ਢਿਠਾਈ, ਬੇਹਿਆਈ

धृष्टद्युम्न–ਧ੍ਰਿਸ਼ਟਿਦਯੁਮਨ, ਪੁ., ਰਾਜਾ ਦ੍ਰੁਪਦ ਦਾ ਪੁੱਤਰ ਅਤੇ ਦ੍ਰੋਪਦੀ ਦਾ ਭਰਾ

धृष्टा–ਧ੍ਰਿਸ਼ਟਾ, ਇ., ਬਦਮਾਸ਼, ਲੁੱਚੀ ਤੀਵੀਂ

धृष्टि–ਧ੍ਰਿਸ਼ਟਿ, ਪੁ., ਜੱਗ ਦਾ ਇਕ ਭਾਂਡਾ, ਦਸਰਥ ਦਾ ਇਕ ਮੰਤਰੀ

धृष्णज–ਧ੍ਰਿਸ਼ਣਜ, ਵਿ., ਦੇਖੋ, ਧ੍ਰਿਸ਼ਟ (धृष्ट)

धृष्णता–ਧ੍ਰਿਸ਼ਣਤਾ, ਇ., ਦੇਖੋ ਧ੍ਰਿਸ਼ਟਤਾ (धृष्टता)

धृष्णु–ਧ੍ਰਿਸ਼ਣੁ, ਵਿ., ਦੇਖੋ ਧਿਸ਼ਟ (धृष्ट)

धृष्य–ਧਿਸ਼ਯ, ਵਿ., ਦਬਾਉਣ ਦੇ ਲਾਇਕ

धेड़ीकौवा–ਧੇੜੀਕੌਵਾ, ਪੁ., ਕਾਉਂ, ਟਟੀ, ਢੇਡਰ ਕਊਂ, ਪਹਾੜੀ ਕਊਂ

धेन–ਧੇਨ, ਪੁ., ਸਮੁੰਦਰ, ਦਰਿਆ, ਗਊ

धेना–ਧੇਨਾ, ਇ., ਸਵਾਦ, ਰਸ, ਮਜ਼ਾ

धेनु–ਧੇਨੁ, ਇ., ਗਊ, ਬੱਛੇ ਵਾਲੀ ਗਾਂ

धेनुक–ਧੇਨੁਕ, ਪੁ., ਇਕ ਰਾਖਸ਼

धेनुका–ਧੇਨੁਕਾ, ਇ., ਹਥਨੀ, ਗਊ, ਧਣੀਆਂ

धेनुकारि–ਧੇਨੁਕਾਰਿ, ਪੁ., ਬਲਰਾਮ, ਨਾਗਕੇਸਰ ਦਾ ਰੁੱਖ

धेनुदुग्धकर–ਧੇਨੁਦੁਧਕਰ, ਪੁ., ਗਾਜਰ

धेनुमक्षिका–ਧੇਨੁਮਕਸ਼ਿਕਾ, ਇ., ਚਿੱਚੜ

धेनुमती–ਧੇਨੁਮਤੀ, ਇ., ਗੋਮਤੀ ਨਦੀ

धेनुष्टरी–ਧੇਨੁਸ਼੍ਟ੍ਰੀ, ਇ., ਅੱਛੀ ਗਊ

धेय–ਧੇਯ, ਵਿ., ਧਾਰਨ ਕਰਨ ਜਾਂ ਪੀਣ ਦੇ ਲਾਇਕ

धेर–ਧੇਰ, ਪੁ., ਮਰੇ ਹੋਏ ਡੰਗਰਾਂ ਦਾ ਮਾਸ ਖਾਨ ਵਾਲੀ ਇਕ ਜਾਤ, ਢਹੇ ਆਦਿਕ

धेरा–ਧੇਰਾ, ਵਿ., ਭੈਂਗਾ, ਟੀਰਾ

धेला–ਧੇਲਾ, ਪੁ., ਅੱਧੇ ਪੈਸੇ ਦੇ ਬਰਾਬਰ ਦਾ ਸਿੱਕਾ, ਅੱਧਾ ਪੈਸਾ, ਧੇਲਾ

धेली–ਧੇਲੀ, ਇ., ਅੱਧਾ ਰੁਪਯਾ, ਅਠਿਆਨੀ

धेष्ठ–ਧੇਸ਼ਠ, ਵਿ., ਬਹੁਤ ਧਾਰਨ ਕਰਨ ਵਾਲਾ

धैंताल–ਧੈਂਤਾਲ, ਵਿ., ਚੰਚਲ, ਉਜੱਡ

धैनव–ਧੈਨਵ, ਪੁ., ਗਊ ਦਾ ਵੱਛਾ, ਵਿ., ਗਊ ਤੋਂ ਉਤਪੰਨ

धैना–ਧੈਨਾ, ਇ., ਸੁਭਾਉ, ਆਦਤ, ਕੰਮ ਧੰਧਾ

धैनुक–ਧੈਨੁਕ, ਪੁ., ਗਊਆਂ ਦਾ ਵੱਗ

धैर्य–ਧੈਰਯ, ਪੁ., ਦਿਲ ਦਾ ਧਰਵਾਸ, ਧੀਰਜ, ਸਬਰ, ਹੌਂਸਲਾ

धैवत–ਧੈਵਤ, ਪੁ., ਸੰਗੀਤ ਦੇ ਸੱਤਾਂ ਸੁਰਾਂ ਵਿਚੋਂ ਸੱਤਵਾਂ ਸੁਰ

धोंडाल–ਧੋਂਡਾਲ, ਵਿ., ਜਿਸ ਵਿਚ ਕੰਕਰ ਪੱਥਰ ਦੇ ਟੁਕੜੇ ਹੋਣ

धोंधका–ਧੋਂਧਕਾ, ਪੁ , ਧੁਏਂ ਦੇ ਨਿਕਲਣ ਦਾ ਛੇਕ

धोंधा–ਧੋਂਧਾ, ਪੁ., ਭੱਦਾ ਸਰੀਰ

धोई–ਧੋਈ, ਇ., ਮਹਾਂ ਜਾਂ ਮੂੰਗੀ ਦੀ ਧੋਤੀ ਹੋਈ ਦਾਲ, ਫੀਮ ਵਾਲੇ ਭਾਂਡੇ ਦੀ ਧੋਣ

धोकड़–ਧੋਕੜ. ਵਿ., ਹੱਟਾ ਕੱਟਾ, ਮੋਟਾ ਤਾਜ਼ਾ

धोकनी–ਧੋਕਨੀ, ਇ., ਦੇਖੋ ਧਮਨੀ(धमनी)

धोका–ਧੋਕਾ, ਪੁ., ਪੰਜ ਮੁੱਠੀ ਭਰ ਟਾਂਡਿਆਂ ਦਾ ਪੂਲਾ, ਦੇਖੋ ਧੋਖਾ (धोखा)

धोखा–ਧੋਖਾ, ਪੁ., ਫਰੇਬ, ਛਲ, ਬਹਾਨਾ, ਝਾਂਸਾ, ਭਰਮ, ਹੋਣਾ ਕਰਣਾ, ਖਾਣਾ, ਦੇਣਾ, ਲੱਗਣਾ

धोखेबाज़–ਧੋਖੇਬਾਜ਼, ਵਿ., ਧੋਖਾ ਦੇਣ ਵਾਲਾ, ਛਲੀ, ਕਪਟੀ

धोखेबाज़ी–ਧੋਖੇਬਾਜ਼ੀ, ਇ., ਛਲ, ਕਪਟ, ਫਰੇਬ

धोड़–ਧੋੜ, ਪੁ., ਇਕ ਤਰ੍ਹਾਂ ਦਾ ਸੱਪ

धोतर–ਧੋਤਰ, ਪੁ., ਤਹਿਮਤ, ਭੋਥਾ, ਦੇਸੀ ਜੁਤੀ, ਇਕ ਕਪੜਾ

धोती–ਧੋਤੀ, ਕਿ., ਇਕ ਪਹਿਰਣ ਦਾ ਕਪੜਾ, ਹਠ ਜੋਗ ਦੀ ਇਕ ਰੀਤ

धोना-ਧੋਣਾ, ਕ੍ਰਿ., ਪਾਣੀ ਨਾਲ ਸਾਫ ਕਰਨਾ, ਮੈਲ ਕੱਢਣੀ, ਕਲੰਕ ਦੂਰ ਕਰ ਦੇਣਾ

धोप-ਧੋਪ, ਇ., ਤਲਵਾਰ

धोव-ਧੋਬ, ਪੁ., ਧੋਤੇ ਜਾਣ ਦਾ ਕੰਮ

धोविघटा-ਧੋਬਿਘਟਾ, ਪੁ., ਧੋਬੀਆਂ ਦੇ ਕਪੜੇ ਧੋਣ ਦੀ ਥਾਉਂ, ਧੋਬੀਘਾਤ

धोविन-ਧੋਬਿਨ, ਇ., ਕਪੜੇ ਧੋਣ ਵਾਲੀ, ਧੋਬੀ ਦੀ ਵਹੁਟੀ, ਇਕ ਪੰਖੇਰੂ ਜੋ ਪਾਣੀ ਦੇ ਕੰਢੇ ਤੇ ਹੀ ਰਹਿੰਦਾ ਹੈ

धोवी-ਧੋਬੀ, ਪੁ., ਜਿਸ ਦਾ ਕੰਮ ਕਪੜੇ ਧੋਣਾ ਹੋਵੇ

धोवीपछाड़-ਧੋਬੀਪਛਾੜ, ਪੁ., ਕੁਸ਼ਤੀ ਦਾ ਇਕ ਦਾਉ

धोवीपाट-ਧੋਬੀਪਾਟ, ਪੁ., ਦੇਖੋ ਧੋਬੀ ਪਛਾੜ (धोवी पछाड़)

धोम-ਧੋਮ, ਪੁ., ਧੂੰਆਂ

धोर-ਧੋਰ, ਇ., ਪਾਸ, ਨਜ਼ਦੀਕ, ਨੇੜੇ, ਕਿਨਾਰਾ, ਕੰਢਾ, ਕਉਂ, ਹੜ

धोरण-ਧੋਰਣ, ਪੁ., ਹਾਥੀ ਘੋੜੇ ਦੀ ਸਵਾਰੀ, ਘੋੜੇ ਦੀ ਸਰਪਟ ਦੌੜ

धोरणि-ਧੋਰਣਿ, ਇ., ਇਕ ਪਿੱਛੋਂ ਇਕ ਪਰੰਪਰਾ

धोरी-ਧੋਰੀ, ਪੁ., ਬੋਝਾ ਚੁਕਣ ਵਾਲਾ, ਵੱਡਾ ਮਨੁੱਖ, ਪਰਧਾਨ, ਮੁਖੀਆ, ਸਰਦਾਰ

धोला-ਧੋਲਾ, ਪੁ., ਜੁਵਾਹਾਂ ਨਾਉਂ ਦੀ ਬਨਾਸਪਤੀ

धोवन-ਧੋਵਨ, ਪੁ., ਵਰਤਿਆ ਹੋਇਆ ਪਾਣੀ, ਜਿਸ ਪਾਣੀ ਵਿਚ ਕੋਈ ਚੀਜ਼ ਧੋਤੀ ਜਾਵੇ, ਆਟਾ ਗੁੰਨ੍ਹੇ ਭਾਂਡੇ ਦਾ ਧੋਇਆ ਪਾਣੀ, ਧੋਅਣ

धोसा-ਧੋਸਾ, ਪੁ., ਗੁੜ ਦੀ ਭੇਲੀ

धौं-ਧੌਂ, ਅਵਜ., ਮਲੂਮ ਨਹੀਂ, ਨਾ ਜਾਨੇ, ਜਾਂ, ਹੱਛਾ, ਤਾਂ, ਭਲਾ, ਕਿ, ਇਨ੍ਹਾਂ ਮਾਨਿਆ ਵਿਚ ਇਹ ਸ਼ਬਦ ਵਰਤਿਆ ਜਾਂਦਾ ਹੈ

धौंक-ਧੌਂਕ, ਇ., ਅੱਗ ਬਾਲਣ ਲਈ ਧਉਕਣੀ ਨਾਲ ਦਿੱਤੀ ਹੋਈ ਹਵਾ ਦਾ ਝੋਕਾ

धौंकनां-ਧੌਂਕਨਾ, ਕ੍ਰਿ., ਅੱਗ ਸੁਲਗਾਉਣ ਲਈ ਫੂਕਾਂ ਮਾਰਨੀਆਂ

धौंकनी-ਧੌਂਕਨੀ, ਇ., ਫੂਕਣੀ, ਹਵਾ ਦੇਣ ਦਾ ਸੰਦ

धौंका-ਧੌਂਕਾ, ਪੁ., ਹਵਾ ਦਾ ਝੋਕਾ, ਲੂ, ਤੇਜ਼ ਹਵਾ, ਵਾ ਦਾ ਬੁੱਲਾ

धौंकिया-ਧੌਂਕਿਯਾ, ਪੁ., ਅੱਗ ਨੂੰ ਫੂਕਾਂ ਮਾਰਨ ਵਾਲਾ, ਭਾਡਿਆਂ ਤੇ ਕਲੀ ਕਰਨ ਵਾਲਾ

धौंकी-ਧੌਂਕੀ, ਇ., ਦੇਖੋ ਧੌਂਕਨੀ (धौंकनी)

धौंज, धौंजन-ਧੌਂਜ, ਧੌਂਜਨ, ਇ., ਘਬਰਾਹਟ, ਹੈਰਾਨੀ, ਨੱਸ ਭੱਜ

धौंजना-ਧੌਂਜਨਾ, ਕ੍ਰਿ., ਭੱਜਣਾ ਨੱਠਣਾ, ਕਿਸੇ ਚੀਜ਼ ਨੂੰ ਪੈਰ ਹੇਠਾਂ ਮਸਲਨਾ, ਲਤਾੜਨਾ

धौंटा-ਧੌਂਟਾ, ਪੁ., ਕੋਹਲ੍ਹ ਜਾਂ ਹਲਟ ਦੇ ਬਲੁਦ ਦੀਆਂ ਅੱਖਾਂ ਨੂੰ ਢਕਣ ਵਾਲਾ ਚੰਮ ਦਾ ਟੁਕੜਾ, ਖੋਪਾ

धौंताल-ਧੌਂਤਾਲ, ਵਿ., ਚਲਾਕ, ਫੁਰਤੀਲਾ, ਛੋਹਲਾ, ਤੇਜ਼, ਹੱਟਾ ਕੱਟਾ, ਕਿਸੇ ਧੁਨ ਵਿਚ ਲਗ ਜਾਣ ਵਾਲਾ

धौंधौंमर-ਧੌਂਧੌਂਮਰ, ਇ.. ਉਤਾਵਲੀ. ਕਾਹਲੀ, ਛੇਤੀ. ਬੇਸਬਰੀ

धौंर-ਧੌਂਰ, ਇ., ਚਿੱਟੇ ਰੰਗ ਦਾ ਇੱਖ

धौंस-ਧੌਂਸ, ਇ., ਧਮਕੀ, ਡਰਾਵਾ, ਡਾਟਫਾਟ, ਰੋਬਦਾਬ, ਧੋਖਾ. ਭੁਲਾਵਾ, ਦਮ ਦਿਲਾਸਾ

धौंसना-ਧੌਂਸਨਾ, ਕ੍ਰਿ., ਡੰਨ ਦੇਣਾ, ਦਬਾਉਣਾ, ਧਮਕੀ ਦੇਣਾ, ਮਾਰਨਾ

धौंसपट्टी-ਧੌਂਸਪੱਟੀ, ਇ., ਦਮ ਦਿਲਾਸਾ, ਧੋਖਾ, ਭੁਲੇਖਾ

धौंसा-ਧੌਂਸਾ. ਪੁ., ਡੰਕਾ, ਵੱਡਾ ਢੋਲ, ਨਗਾਰਾ

धौंसिया-ਧੌਂਸਿਯਾ, ਪੁ., ਧੌਂਸ ਦੇ ਕੇ ਕੰਮ ਲੈਣ ਵਾਲਾ, ਧੋਖੇਬਾਜ਼, ਨਗਾਰਾ ਬਜਾਉਣ ਵਾਲਾ, ਬਕਾਇਆ ਵਸੂਲਣ ਦਾ ਖਰਚਾ ਲੈਣ ਵਾਲਾ

धौ-ਧੌ, ਪੁ., ਇਕ ਪਹਾੜੀ ਰੁੱਖ

धौत-ਧੌਤ, ਵਿ., ਧੋਤਾ ਹੋਇਆ, ਸਾਫ ਕੀਤਾ ਹੋਇਆ, ਨ੍ਹਾਇਆ ਹੋਇਆ

धौतशिला-ਧੌਤਸ਼ਿਲਾ, ਇ., ਬਿਲੌਰ, ਚਿੱਟੇ ਚਾਕ ਜੇਹਾ ਪੱਥਰ

धौति-ਧੌਤਿ, ਇ., ਸ਼ੁਧ, ਸਾਫ, ਹਠ ਜੋਗ ਦੀ ਸਰੀਰ ਸੁੱਧ ਕਰਨ ਦੀ ਕਿਰਿਆ

धौती-ਧੌਤੀ, ਇ.. ਥਰਥਰਾਹਟ. ਕੰਬਣੀ, ਦੰਦੋੜਿੱਕਾ

धौमय-ਧੌਮਯ. ਪੁ., ਇਕ ਰਿਸ਼ੀ

धौम्र-ਧੌਮ੍ਰ. ਵਿ., ਧੂਏਂ ਰੰਗਾ

धौमल-ਧੌਮਲ, ਪੁ., ਖੂਨ ਦੀ ਖਰਾਬੀ, ਲਹੂ ਦਾ ਵਿਗਾੜ

धौर-ਧੌਰ, ਪੁ., ਧਵ ਨਾਉਂ ਦਾ ਰੁੱਖ, ਇਕ ਚਿੱਟੇ ਰੰਗ ਦਾ ਪੰਛੀ

धौरा-ਧੌਰਾ, ਵਿ., ਦੇਖੋ ਧੌਲਾ (धौला)

धौराहर-ਧੌਰਾਹਰ, ਪੁ., ਮੀਨਾਰ, ਬੁਰਜ, ਉੱਚੀ ਅਟਾਰੀ

धौरित-ਧੌਰਿਤ. ਪੁ., ਘੋੜੇ ਦੀ ਇਕ ਚਾਲ

धौरी-ਧੌਰੀ. ਇ.. ਚਿੱਟੇ ਰੰਗ ਦੀ ਗਊ

धौरेय-ਧੌਰੇਯ, ਵਿ., ਰਥ ਆਦਿਕ ਖਿੱਚਣ ਵਾਲਾ

धौर्तिक्र-ਧੌਰਤ੍ਰਿਕ. ਪੁ., ਬਦਮਾਸ਼ੀ, ਮੂਰਖਤਾ

धौर्य-ਧੌਰਯ, ਪੁ., ਘੋੜੇ ਦੀ ਇਕ ਚਾਲ

धौल-ਧੌਲ, ਇ., ਥੱਪੜ, ਤਮਾਚਾ, ਚਪੇੜ, ਧੱਕਾ, ਟੋਟਾ, ਚਰ੍ਹੀ, ਇਕ ਤਰ੍ਹਾਂ ਦਾ ਇਖ

धौलधक्कड़-ਧੌਲਧੱਕੜ, ਪੁ., ਦੰਗਾ, ਊਧਮ, ਉਪੱਦਰ

धौलधक्का-ਧੌਲਧੱਕਾ. ਪੁ., ਚਪੇੜ, ਥੱਪੜ

धौलधप्पड़-ਧੌਲਧੱਪੜ, ਪੁ., ਦੰਗਾ, ਉਪੱਦਰ, ਰੌਲਾ ਰਪਾ

धौलहर-ਧੌਲਹਰ, ਪੁ., ਦੇਖੋ ਧਰਹਰਾ (धरहरा)

धौलगिर-ਧੌਲਗਿਰ, ਪੁ., ਦੇਖੋ ਧਵਲਗਿਰਿ (धवलगिरि)

धौलांजर-ਧੌਲਾਂਜਰ, ਪੁ., ਇਕ ਪਹਾੜ ਜੋ ਪੰਜਾਬ ਦੇ ਕਾਂਗੜੇ ਜ਼ਿਲੇ ਵਿਚ ਹੈ

धौला-ਧੌਲਾ, ਵਿ., ਸਫੇਦ. ਚਿੱਟਾ, ਪੁ., ਇਕ ਰੁੱਖ, ਚਿੱਟਾ

ਬਲਦ
धौलाई–ਧੌਲਾਈ, ਇ., ਸਫੈਦੀ, ਚਿਟਿਆਈ
धौली–ਧੌਲੀ, ਇ., ਇਕ ਤਰ੍ਹਾਂ ਦਾ ਵੱਡਾ ਰੁੱਖ ਜਿਸ ਦੀ ਲੱਕੜ ਮੁਲਾਇਮ ਹੁੰਦੀ ਹੈ ਤੇ ਪਾਲਕੀ ਖਿਡਾਉਣੇ ਬਣਾਉਣ ਦੇ ਕੰਮ ਆਉਂਦੀ ਹੈ
ध्माकार–ਧਮਾਕਾਰ, ਪੁ., ਧਮਧਮ ਦਾ ਸ਼ਬਦ, ਲੁਹਾਰ
ध्माङ्क्ष–ਧਮਾਂਖ, ਪੁ., ਕਾਉਂ, ਮੰਗਤਾ
ध्माङ्क्षनखी–ਧਮਾਂਖਨਖੀ, ਇ., ਕਾਕਤੁੰਡੀ ਬੂਟੀ
ध्माङ्क्षनाशिनी–ਧਮਾਂਖਨਾਸ਼ਿਨੀ, ਇ., ਹਾਊਬੇਰ ਨਾਉਂ ਦੀ ਦੁਆਈ
ध्माङ्क्षपुष्ट–ਧਮਾਂਖਪੁਸ਼੍ਟ, ਇ., ਕੋਇਲ
ध्माङ्क्षाराति–ਧਮਾਂਖਾਰਾਤਿ, ਪੁ., ਉੱਲੂ
ध्मापन–ਧਮਾਪਨ, ਪੁ., ਬਾਲਣ ਦੀ ਕਿਰਿਆ
ध्मापित–ਧਮਾਪਿਤ, ਇ., ਸਾੜ ਕੇ ਸੁਆਹ ਕੀਤਾ ਹੋਇਆ
ध्यात–ਧਜਾਤ, ਵਿ., ਧਿਆਨ ਕੀਤਾ ਹੋਇਆ, ਵਿਚਾਰਿਆ ਹੋਇਆ
ध्याता–ਧਜਾਤਾ, ਵਿ., ਧਿਆਨ ਕਰਨ ਵਾਲਾ, ਵਿਚਾਰ ਕਰਨ ਵਾਲਾ
ध्यान–ਧਜਾਨ, ਪੁ., ਖਿਆਲ, ਵਿਚਾਰ, ਚੇਤਾ, ਸੋਚ
ध्यानना–ਧਜਾਨਨਾ, ਕ੍ਰਿ., ਖਿਆਲ ਕਰਨਾ
ध्यान त्रिन्दूपनिषद्–ਧਜਾਨਬਿੰਦੂਪਨਿਸ਼ਦ, ਇ., ਇਕ ਉਪਨਿਸ਼ਦ
ध्याना–ਧਜਾਨਾ, ਕ੍ਰਿ., ਜਾਦ ਕਰਨਾ, ਖਿਆਲ ਕਰਨਾ
ध्यानिक–ਧਜਾਨਿਕ, ਵਿ., ਜੋ ਧਿਆਨ ਰਾਹੀਂ ਮਿਲੇ
ध्यानी–ਧਜਾਨੀ, ਵਿ., ਧਿਆਨ ਕਰਨ ਵਾਲਾ, ਧਿਆਨੀ
ध्येय–ਧਜੇਜ, ਵਿ., ਧਿਆਨ ਕਰਨ ਜੋਗ, ਜਿਸ ਦਾ ਧਿਆਨ ਕੀਤਾ ਜਾਵੇ, ਉਦੇਸ਼, ਨਿਸ਼ਾਨਾ
ध्रुपद्–ਧ੍ਰੂਪਦ, ਪੁ., ਇਕ ਗੀਤ ਜਿਸ ਵਿਚ ਦੇਵਤਿਆਂ ਦੀ ਲੀਲਾ ਰਾਜਿਆਂ ਦਾ ਜਸ ਵੱਡੀਆਂ ਵੱਡੀਆ ਲੜਾਈਆਂ ਦਾ ਵਰਣਨ ਸੁਰ ਤਾਲ ਨਾਲ ਕੀਤਾ ਹੁੰਦਾ ਹੈ
ध्रुव–ਧ੍ਰੂਵ, ਵਿ., ਇਕ ਥਾਂ ਤੇ ਟਿਕਣ ਵਾਲਾ, ਸਥਿਰ, ਦ੍ਰਿੜ੍ਹ, ਠੀਕ, ਪੱਕਾ, ਪੁ., ਅਸਮਾਨ, ਅਕਾਸ਼, ਕਿੱਲ, ਪਹਾੜ, ਖੰਭਾ, ਬੋਹੜ, ਉਲਾਦ, ਵਿਸ਼ਨੂੰ, ਇਕ ਤਾਰਾ, ਵਾਸੁ ਦੇਵ ਦੇ ਇਕ ਪੋਤਰ ਦਾ ਨਾਉਂ, ਨਹੁੰਖਦਾ ਪੁੱਤਰ, ਅੱਠਾਂ ਵਸੂਆਂ ਵਿਚੋਂ ਇਕ ਰਾਜਾ, ਰਾਜਾ ਉਤਾਨ ਪਾਦ ਦੇ ਇਕ ਪੁੱਤਰ ਦਾ ਨਾਉਂ ਨੱਕ ਦਾ ਅਗਲਾ ਹਿੱਸਾ, ਗੱਠ
ध्रुवक–ਧ੍ਰੂਵਕ, ਪੁ., ਖੰਭਾ, ਇਕ ਗੀਤ, ਨਛੱਤਰ ਦੀ ਦੂਰੀ
ध्रुवका–ਧ੍ਰੁਵਕਾ, ਇ., ਦੇਖੋ ਧ੍ਰੂਪਦ (ध्रुपद्)
ध्रुवकेतु–ਧ੍ਰੂਵਕੇਤੁ, ਪੁ., ਇਕ ਤਰ੍ਹਾਂ ਦਾ ਕੇਤੂ ਤਾਰਾ
ध्रुवता–ਧ੍ਰੂਵਤਾ, ਇ., ਪੱਕਾਪਣ, ਨਿਸ਼ਚਾ, ਸਥਿਰਤਾ, ਅਟੱਲਤਾ ਦ੍ਰਿੜ੍ਹਤਾ, ਪਕਿਆਈ, ਭਰੋਸਗੀ
ध्रुवतारा–ਧ੍ਰੂਵਤਾਰਾ, ਪੁ., ਉਹ ਤਾਰਾ ਜੋ ਹਮੇਸ਼ਾ ਮੇਰੂ ਪਹਾੜ ਤੇ ਰਹਿੰਦਾ ਹੈ, ਧਰੂੰ
ध्रुवदर्शक–ਧ੍ਰੂਵਦਰਸ਼ਕ, ਪੁ., ਸਪਤਰਿਖੀ, ਕੁਤੁਬਨੁਮਾ
ध्रुवदर्शन–ਧ੍ਰੂਵਦਰਸ਼ਨ, ਪੁ., ਵਿਆਹ ਵੇਲੇ ਮੁੰਡੇ ਕੁੜੀ ਨੂੰ ਧਰੂੰ ਤਾਰਾ ਦਿਖਾਉਣ ਦੀ ਇਕ ਰਸਮ
ध्रुवधेनु–ਧ੍ਰੂਵਧੇਨੁ, ਇ., ਧਾਰ ਕੱਢਣ ਵੇਲੇ ਚੁਪ ਚਾਪ ਖਲੋਣ ਵਾਲੀ ਗਊ
ध्रुवलोक–ਧ੍ਰੂਵਲੋਕ, ਪੁ., ਇਕ ਲੋਕ
ध्रुवा–ਧ੍ਰੂਵਾ, ਇ., ਇਕ ਤਰ੍ਹਾਂ ਦਾ ਜਗ ਦਾ ਭਾਂਡਾ
ध्रुवावर्त–ਧ੍ਰੂਵਾਵਰਤ, ਪੁ., ਘੋੜੇ ਦੀ ਇਕ ਭੌਰੀ
ध्वंस–ਧ੍ਵੰਸ, ਪੁ., ਨਾਸ, ਹਾਨੀ, ਨੁਕਸਾਨ, ਖਾਤਮਾ
ध्वंसक–ਧ੍ਵੰਸਕ, ਵਿ., ਨਾਸ ਕਰਨ ਵਾਲਾ, ਤਬਾਹ ਕਰਨ ਵਾਲਾ
ध्वंसकला–ਧ੍ਵੰਸ ਕਲਾ, ਇ., ਹਿੰਸਾ, ਕਤਲ, ਹੱਤਿਆ, ਖੂੰਨ
ध्वंसित–ਧ੍ਵੰਸਿਤ, ਵਿ., ਨਾਸ਼ ਕੀਤਾ ਹੋਇਆ, ਢਾਹਿਆ ਹੋਇਆ,
ध्वंसी–ਧ੍ਵੰਸੀ, ਵਿ., ਦੇਖੋ ਧਵੰਸਕ (ध्वंसक)
ध्वज–ਧ੍ਵਜ, ਪੁ., ਚਿਨ੍ਹ, ਨਿਸ਼ਾਨ; ਝੰਡਾ, ਘਮੰਡ, ਲਿੰਗ
ध्वजगृह–ਧ੍ਵਜਗ੍ਰਿਹ, ਪੁ., ਝੰਡੇ ਵਾਲਾ ਘਰ
ध्वजग्रहण–ਧ੍ਵਜਗ੍ਰਹਿਣ, ਪੁ., ਹਵਾ, ਵਾਯੂ
ध्वजग्रीव–ਧ੍ਵਜਗ੍ਰੀਵ, ਪੁ., ਇਕ ਰਾਖਸ਼
ध्वजद्रुम–ਧ੍ਵਦ੍ਰੁਮ, ਪੁ., ਤਾੜ ਦਾ ਰੁੱਖ
ध्वजभङ्ग–ਧ੍ਵਜ ਭੰਗ, ਪੁ., ਨਾਮਰਦੀ ਦੀ ਬੀਮਾਰੀ
ध्वजयन्त्र–ਧ੍ਵਜਯੰਤ੍ਰ, ਪੁ., ਉਹ ਜੰਤਰ ਜਿਸ ਵਿਚ ਝੰਡੇ ਦਾ ਡੰਡਾ ਰੱਖਿਆ ਜਾਂਦਾ ਹੈ
ध्वजयष्टि–ਧ੍ਵਜਯਸ਼੍ਟਿ, ਇ., ਝੰਡੇ ਦਾ ਡੰਡਾ
ध्वजांशुक–ਧ੍ਵਜਾਂਸ਼ੁਕ, ਪੁ., ਝੰਡੇ ਦਾ ਕਪੜਾ
ध्वजा–ਧ੍ਵਜਾ, ਇ., ਝੰਡੀ, ਨਿਸ਼ਾਨ, ਇਕ ਕਸਰਤ
ध्वजारोपण–ਧ੍ਵਜਾਰੋਪਣ, ਪੁ., ਮੰਦਰ ਆਦਿਕ ਤੇ ਝੰਡਾ ਚੜ੍ਹਾਉਣਾ, ਝੰਡਾ ਝੁਲਾਉਣਾ
ध्वजिक–ਧ੍ਵਜਿਕ, ਵਿ., ਪਖੰਡੀ
ध्वजिनी–ਧ੍ਵਜਿਨੀ, ਇ., ਸੈਨਾ ਦਾ ਇਕ ਭੇਦ, ਪੰਜ ਹੱਦਾਂ ਵਿਚੋਂ ਇਕ
ध्वजी–ਧ੍ਵਜੀ, ਵਿ., ਝੰਡੀ ਵਾਲਾ, ਨਿਸ਼ਾਨਚੀ, ਪੁ., ਬ੍ਰਾਹਮਣ, ਪਹਾੜ, ਜੁੱਧ, ਸੱਪ, ਘੋੜਾ, ਮੋਰ
ध्वजोत्थान–ਧ੍ਵਜੋੱਥਾਨ, ਪੁ., ਭਾਦੋਂ ਦੇ ਪਿਛਲੇ ਪੱਖ ਦੀ ਦੁਆਦਸੀ ਨੂੰ ਮਨਾਇਆ ਜਾਣ ਵਾਲਾ ਇਕ ਉਤਸ਼ਵ
ध्वन–ਧ੍ਵਨ, ਪੁ., ਸ਼ਬਦ, ਅਵਾਜ਼
ध्वनमोदिन्–ਧ੍ਵਨਮੋਦਿਨ, ਪੁ., ਭੌਰਾ
ध्वनि–ਧ੍ਵਨਿ, ਪੁ., ਅਵਾਜ਼, ਸ਼ਬਦ ਦੀ ਗੂੰਜ, ਡੂੰਘੇ ਮਾਨ੍ਹੇ, ਮਤਲਬ, ਗੁੱਝੇ ਅਰਥ
ध्वनिकाव्य–ਧ੍ਵਨਿਕਾਵ੍ਯ, ਪੁ., ਵਧੀਆ ਕਿਸਮ ਦੀ ਕਵਿਤਾ
ध्वनित–ਧ੍ਵਨਿਤ, ਵਿ., ਸ਼ਬਦ ਕੀਤਾ ਹੋਇਆ, ਕ੍ਰਿ., ਜਿਸ ਵਿਚੋਂ ਅਵਾਜ਼ ਨਿਕਲੇ

ध्वनिताला–ਧ੍ਵਨਿਤਾਲਾ, ਇ., ਬੰਸਰੀ, ਇਕ ਵੱਡਾ ਢੋਲ

ध्वनिविकार–ਧ੍ਵਨਿਵਿਕਾਰ, ਪੁ.. ਅਵਾਜ਼ ਦਾ ਵਿਗਾੜ

ध्वन्य–ਧ੍ਵਨਜ, ਪੁ., ਟੇਢੇ ਮਾਨੇ, ਉਲਟੇ ਅਰਥ

ध्वन्यार्थ–ਧ੍ਵਨਜਾਰਥ, ਪੁ., ਉਹ ਅਰਥ ਜਿਸ ਦਾ ਗਿਆਨ ਅਸਲੀ ਅਰਥ ਤੋਂ ਬਿਨਾ ਹੋਰ ਭੀ ਹੋਵੇ

ध्वसन–ਧ੍ਵਸਨ, ਪੁ , ਨਾਸ ਦੀ ਥਾਉਂ

ध्वसनि–ਧ੍ਵਸਨਿ, ਪੁ., ਬੱਦਲ

ध्वसिर–ਧ੍ਵਸਿਰ. ਵਿ., ਜਿਸ ਦਾ ਨਾਸ ਹੋਇਆ ਹੋਵੇ

ध्वस्त–ਧ੍ਵਸ੍ਤ, ਵਿ.. ਡਿੱਗਿਆ ਹੋਇਆ, ਟੁਟਿਆ ਹੋਇਆ, ਹਰਾਇਆ ਹੋਇਆ

ध्वस्ति–ਧ੍ਵਸ੍ਤਿ, ਇ., ਨਾਸ, ਹਾਨੀ, ਨੁਕਸਾਨ

ध्वस्मन्–ਧ੍ਵਸਮਨ, ਵਿ.. ਦੇਖੋ ਧ੍ਵੰਸਕਾ (ध्वंसक)

ध्वस्र–ਧ੍ਵਸਰ, ਵਿ., ਦੇਖੋ ਧ੍ਵੰਸਕ (ध्वंसक)

ध्वाङ्क्ष–ਧ੍ਵਾਂਕਸ਼, ਪੁ., ਕਾਂ, ਬਗਲਾ, ਮੰਗਤਾ

ध्वाङ्क्षपुष्ट–ਧ੍ਵਾਂਕਸ਼ਪੁਸ਼੍ਟ. ਪੁ., ਕੋਇਲ

ध्वाक्षमाची–ਧ੍ਵਾਕਸ਼ਮਾਚੀ, ਇ., ਮਕੋ, ਕੈਂਚ ਮੈਂਚ

ध्वांक्षी–ਧ੍ਵਾਂਕਸ਼ੀ, ਇ., ਸ਼ੀਤਲ ਚੀਨੀ

ध्वान्त–ਧ੍ਵਾਂਤ, ਪੁ., ਹਨੇਰ. ਇਕ ਨਰਕ

ध्वान्तचर–ਧ੍ਵਾਂਤਚਰ, ਪੁ., ਟਟੈਹਣਾ, ਪਟਵੀਜਨਾ ਟਟਿਆਣਾਂ, ਕਨੂੰਨ

ध्वान्तवित्ता–ਧ੍ਵਾਂਤਵਿੱਤਾ, ਪੁ.. ਟਟਹਿਣਾ ਜਗਣੂ, ਪਟਵੀਜਨਾ

ध्वान्तशात्रव–ਧ੍ਵਾਂਤਸ਼ਾਸਤ੍ਰਵ, ਪੁ , ਸੂਰਜ, ਅੱਗ, ਚੰਦ੍ਰਮਾ

ध्वान्तारति–ਧ੍ਵਾਂਤਾਰਾਤਿ, ਪੁ., ਦੇਖੋ ਧ੍ਵਾਂਤਸ਼ਾਸਤ੍ਰ (ध्वान्तशास्त्र)

ध्वान्तोन्मेष–ਧ੍ਵਾਂਤੋਨਮੇਸ਼, ਪੁ , ਟਟੈਹਨਾ, ਪਟਵੀਜਨਾ, ਜੁਗਨੂੰ ਟਟਿਆਣਾ

न–ਨ

न–ਨ, ਹਿੰਦੀ ਦੇ ਵਿਅੰਜਨ ਅੱਖਰਾਂ ਵਿਚੋਂ ਵੀਹਵਾਂ ਅੱਖਰ ਹੈ ਅਤੇ ਦੰਦਾਂ ਤੋਂ ਬੋਲਿਆ ਜਾਂਦਾ ਹੈ, ਅਵਜ., ਨਾਂਹ ਦਾ ਵਾਚਕ ਸ਼ਬਦ, ਨਹੀਂ, ਜਾਂ ਨਹੀਂ, ਕਿ ਨਹੀਂ, ਪੁ., ਉਪਮਾ, ਨੰਨਾ ਅੱਖਰ, ਸੋਨਾ, ਰਤਨ

नइहर–ਨਇਹਰ, ਪੁ., ਪਿਤ੍ਰੇਕੇ, ਪੇਕੇ, ਵਹੁਟੀ ਦੇ ਮਾਂ ਪਿਉ ਦਾ ਘਰ

नई–ਨਈ, ਵਿ., ਨਵੀਂ, ਥੋੜੇ ਚਿਤ ਦੀ ਬਣੀ ਹੋਈ, ਨਵੇਂ ਸ਼ਬਦ ਦੇ ਇਸਤ੍ਰੀ ਲਿੰਗ ਦਾ ਰੂਪ, ਨਦੀ, ਦੇਖੋ ਨੀਤਿਗਜ (नीतिज्ञ)

नउँजी–ਨਉਂਜੀ, ਇ., ਲੀਚੀ ਨਾਉਂ ਦਾ ਫਲ

नउँ–ਨਉਂ, ਵਿ., ਨੌਂ

नउआ–ਨਉਆ, ਪੁ., ਨਾਈ, ਹਜਾਮਤ ਕਰਨ ਵਾਲਾ ਬੰਦਾ, ਲਾਗੀਆਂ ਦੀ ਇਕ ਜਾਤ

नउका–ਨਉਕਾ, ਪੁ , ਕਿਸ਼ਤੀ, ਬੇੜੀ

नउत–ਨਉਤ, ਵਿ., ਹੇਠਾਂ ਨੂੰ ਝੁਕਿਆ ਹੋਇਆ

नउरंग–ਨਉਰੰਗ, ਇ., ਨਾਰੰਗੀ

नउलि–ਨਉਲਿ, ਵਿ., ਨਵਾਂ, ਥੋੜੇ ਚਿਰ ਦਾ ਬਣਿਆ ਹੋਇਆ

नएपंज–ਨਏਪੰਜ, ਪੁ.. ਪੰਜਾਂ ਵਰ੍ਹਿਆਂ ਦਾ ਜੁਆਨ ਘੋੜਾ

नओढ–ਨਓੜ੍ਹ, ਵਿ., ਦੇਖੋ ਨਵੋੜ੍ਹਾ (नवोढा)

नंग–ਨੰਗ, ਪੁ., ਨੰਗੇ ਹੋਣ ਦਾ ਭਾਵ, ਗੁਝਾ ਅੰਗ, ਨੰਗਾਪਣ ਸਰੀਰ ਦਾ ਛਿਪਿਆ ਹੋਇਆ ਹਿੱਸਾ, ਵਿ., ਨੰਗਾ, ਲੁੱਚਾ, ਬਦਮਾਸ਼, ਬੇਸ਼ਰਮ, ਬੇਹਯਾ, ਗੁਸਤਾਖ, ਨਿਡਰ, ਗਰੀਬ

नंगधड़ंग–ਨੰਗਧੜੰਗ, ਵਿ., ਬਿਲਕੁਲ ਨੰਗਾ

नंगपैरा–ਨੰਗਪੈਰਾ, ਵਿ., ਪੈਰੋਂ ਨੰਗਾ

नंगमुनंगा–ਨੰਗਮੁਨੰਗਾ, ਵਿ., ਦੇਖੋ ਨੰਗਧੜੰਗ (नंगधड़ंग)

नंगरवारी–ਨੰਗਰਵਾਰੀ, ਪੁ., ਸਮੁੰਦਰ ਵਿਚ ਚਲਣ ਵਾਲੀ ਇਕ ਬੇੜੀ

नंगा–ਨੰਗਾ, ਵਿ., ਜਿਸ ਦੇ ਕਪੜੇ ਨਾ ਪਏ ਹੋਣ, ਉੱਘਾ, ਬਦਮਾਸ਼, ਪਾਜੀ, ਬੇਸ਼ਰਮ, ਲੁੱਚਾ, ਪੁ.. ਸ਼ਿਵ, ਮਹਾਦੇਵ, ਕਸ਼ਮੀਰ ਦੀ ਹੱਦ ਤੇ ਇਕ ਪਹਾੜ

नंगाझोरी, नगाझोली–ਨੰਗਾਝੋਰੀ, ਨੰਗਾਝੋਲੀ, ਇ., ਕਪੜਿਆਂ ਦੀ ਤਲਾਸ਼ੀ, ਜਾਮਾ ਤਲਾਸ਼ੀ

नंगाबुच्चा–ਨੰਗਾਬੁੱਚਾ, ਵਿ., ਦਲਿਦਰੀ, ਜਿਸ ਕੋਲ ਕੁਝ ਨਾ ਹੋਵੇ, ਕੰਗਾਲ

नगियाना–ਨੰਗਿਯਾਨਾ, ਕ੍ਰਿ., ਨੰਗਾ ਕਰਨਾ, ਕੁਝ ਵੀ ਨਾ ਰਹਿਣ ਦੇਣਾ

नंदन–ਨੰਦਨ, ਪੁ., ਇੰਦਰ ਦੇਵਤੇ ਦਾ ਬਾਗ਼, ਇਕ ਪਹਾੜ, ਇਕ ਤਰ੍ਹਾਂ ਦਾ ਜ਼ਹਿਰ, ਮਹਾਦੇਵ, ਸ਼ਿਵ, ਵਿਸ਼ਨੂੰ, ਮੇਂਢਕ, ਡੱਡੂ, ਇਕ ਮਕਾਨ, ਕੇਸਰ, ਪੁੱਤਰ, ਚੰਦਨ, ਬੇਟਾ, ਇਕ ਹਥਿਆਰ, ਬੱਦਲ, ਸਾਲ ਦਾ ਇਕ ਨਾਉਂ, ਵਿ., ਖੁਸ਼ ਕਰਨ ਵਾਲਾ

नंदनवन–ਨੰਦਨਵਨ, ਪੁ., ਇੰਦਰ ਦੇਵਤਾ ਦੀ ਬਗੀਚੀ, ਕਪਾਹ

नंदना–ਨੰਦਨਾ, ਇ., ਲੜਕੀ, ਧੀ, ਬੇਟੀ, ਪੁੱਤਰੀ, ਕੁੜੀ, ਕੰਨਿਆ

नंदरानी–ਨੰਦਰਾਨੀ, ਇ., ਨੰਦ ਦੀ ਵਹੁਟੀ, ਜਸ਼ੋਦਾ

नंदरुख–ਨੰਦਰੁਖ, ਪੁ., ਇਕ ਰੁੱਖ ਜਿਸ ਦੇ ਪੱਤੇ ਰੇਸ਼ਮ ਦੇ ਕੀੜਿਆਂ ਦੀ ਖੁਰਾਕ ਹੈ

नंदा–ਨੰਦਾ, ਇ., ਦੁਰਗਾ ਦੇਵੀ, ਗੌਰੀ, ਇਕ ਤਰ੍ਹਾਂ ਦੀ ਕਾਮ ਧੇਨ, ਬੱਚਿਆਂ ਨੂੰ ਦੁਖ ਦੇਣ ਵਾਲੀ ਇਕ ਦੇਵੀ, ਕਿਸੇ ਪੱਖ ਦੀ ਏਕਮ, ਛਠ ਅਤੇ ਇਕਾਦਸ਼ੀ, ਇਕ ਅਪਛਰਾ ਦਾ ਨਾਉਂ ਵਿਭੀਖਨ ਦੀ ਧੀ, ਇਕ ਨਦੀ, ਝਾਰੀ, ਘੜਾ, ਨਣਦ, ਪਤੀ ਦੀ ਭੈਣ

नंदिन–ਨੰਦਿਨ, ਇ., ਇਕ ਤਰ੍ਹਾਂ ਦੀ ਮੱਛੀ

नंदीघंटा–ਨੰਦੀਘੰਟਾ, ਪੁ., ਬੈਲ ਦੇ ਗਲ ਵਿਚ ਬੰਨ੍ਹਣ ਦੀ ਟੱਲੀ

नंदोई–ਨੰਦੋਈ, ਪੁ., ਨਨਾਣਵਈਆ, ਨਨਾਣ ਦਾ ਪਤੀ, ਪਤੀ ਦੀ ਭੈਣ ਦਾ ਘਰ ਵਾਲਾ, ਨਣਦੋਈਆ

नंदोसी–ਨੰਦੋਸੀ, ਪੁ., ਦੇਖੋ ਨੰਦੋਈ (नंदोई)

नंबर–ਨੰਬਰ, ਪੁ., ਗਿਣਤੀ, ਦਰਜਾ, ਵਾਰੀ, ਮਨੁੱਖ ਦਾ ਤੀਵੀਂ ਨਾਲ ਮੇਲ

नंबरदार–ਨੰਬਰਦਾਰ, ਪੁ., ਪਿੰਡ ਦਾ ਸਰਦਾਰ ਜਾਂ ਮੁਖੀਆ, ਜੋ ਸਰਕਾਰੀ ਮਾਲਗੁਜ਼ਾਰੀ ਲੈਂਦਾ ਹੋਵੇ

नंबरवार–ਨੰਬਰਵਾਰ, ਕ੍ਰਿ. ਵਿ., ਸਿਲਸਿਲੇਵਾਰ, ਇਕ ਇਕ ਕਰਕੇ

नंबरी–ਨੰਬਰੀ, ਵਿ., ਜਿਸ ਤੇ ਨੰਬਰ ਜਾਂ ਸੰਖਿਆ ਦਿਤੀ ਹੋਵੇ, ਮਸ਼ਹੂਰ, ਪਰਸਿਧ

नंश–ਨੰਸ਼, ਪੁ., ਨਾਸ, ਬਰਬਾਦੀ, ਤਬਾਹੀ

नंशन–ਨੰਸ਼ਨ, ਪੁ., ਦੇਖੋ ਨੰਸ਼ (नंश)

नंशुक–ਨੰਸ਼ੁਕ, ਵਿ., ਨਾਸ ਕਰਨ ਵਾਲਾ, ਪੁ., ਛੋਟਾ ਟੁਕੜਾ

नकंद–ਨਕੰਦ, ਪੁ., ਇਕ ਤਰ੍ਹਾਂ ਦਾ ਵਧੀਆ ਚਾਉਲ

नककटा–ਨਕਕਟਾ, ਵਿ., ਜਿਸ ਦਾ ਨੱਕ ਕੱਟਿਆ ਹੋਇਆ ਹੋਵੇ, ਬੇਸ਼ਰਮ, ਜਿਸ ਦੀ ਬਹੁਤ ਬਦਨਾਮੀ ਹੋਵੇ, ਜਿਸ ਕਰਕੇ ਬੇਇੱਜ਼ਤੀ ਹੋਵੇ, ਨਕਟਾ

नककटी–ਨਕਕਟੀ, ਇ., ਨੱਕ ਕੱਟਣ ਦੀ ਕਿਰਿਆ, ਬਦਨਾਮੀ

नकघिसनी–ਨਕਘਿਸਨੀ, ਇ., ਨੱਕ ਨੂੰ ਧਰਤੀ ਤੇ ਰਗੜਨ ਦੀ ਕਿਰਿਆ, ਬਹੁਤੀ ਗਰੀਬੀ

नकचढ़ा–ਨਕਚੜ੍ਹਾ, ਵਿ., ਭੈੜੀ ਆਦਤ ਵਾਲਾ, ਖੋਟੇ ਸੁਭਾਉ ਦਾ

नकछिकनी–ਨਕਛਿਕਨੀ, ਇ., ਇਕ ਗਰਮ ਖੁਸ਼ਕ ਬੂਟੀ ਜਿਸ ਨਾਲ ਨਿੱਛਾਂ ਆਉਂਦੀਆਂ ਹਨ

नकटा–ਨਕਟਾ, ਪੁ., ਵਿਆਹ ਵੇਲੇ ਗਾਉਣ ਦਾ ਇਕ ਗੀਤ, ਇਕ ਚਿੜੀ, ਵਿ., ਜਿਸ ਦੀ ਨੱਕ ਕੱਟੀ ਹੋਵੇ, ਬੇਸ਼ਰਮ, ਲੁੱਚਾ, ਬਦਮਾਸ਼

नकड़ा–ਨਕੜਾ, ਪੁ., ਬਲ੍ਹਦਾਂ ਦੇ ਨੱਕ ਸੁੱਜਣ ਦੀ ਇਕ ਬੀਮਾਰੀ

नकतोड़ा–ਨਕਤੋੜਾ, ਪੁ., ਨੱਕ ਚੜ੍ਹਾ ਕੇ ਘਮੰਡ ਨਾਲ ਨਖ਼ਰਾ ਕਰਨ ਜਾਂ ਗੱਲ ਕਰਨ ਦਾ ਭਾਵ

नक़द–ਨਕਦ, ਇ., ਉਹ ਧਨ ਜੋ ਸਿੱਕਿਆਂ ਦੀ ਸ਼ਕਲ ਵਿਚ ਹੁੰਦਾ ਹੈ, ਰੁਪੱਯਾ, ਪੈਸਾ, ਵਿ., ਤਿਆਰ, ਜੋ ਤੁਰਤ ਕੰਮ ਵਿਚ ਲਿਆਂਦਾ ਜਾ ਸਕੇ; ਖਾਸ, ਕ੍ਰਿ. ਵਿ., ਤੁਰਤ ਦਿਤੇ ਹੋਏ ਰੁਪਏ ਬਦਲ ਵਿਚ

नक़दावा–ਨਕਦਾਵਾ, ਪੁ., ਛੋਲਿਆਂ ਜਾਂ ਮਟਰਾਂ ਦੀ ਦਾਲ ਦੀ ਬੜੀ

नक़दी–ਨਕਦੀ, ਇ., ਧਨ ਰੋਕੜ, ਰੁਪੱਯਾ ਪੈਸਾ, ਉਹ ਭੋਂ ਜਿਸ ਦੀ ਮਾਲ ਗੁਜ਼ਾਰੀ ਨਕਦ ਰੁਪਈਆਂ ਵਿਚ ਲਈ ਜਾਂਦੀ ਹੈ

नकना–ਨਕਨਾ, ਕ੍ਰਿ., ਨੱਕ ਵਿਚ ਦਮ ਹੋਣਾ, ਹੈਰਾਨੀ ਹੋਣਾ, ਛਡਣਾ, ਤਗ ਕਰਨਾ

नकफूल–ਨਕਫੂਲ, ਪੁ., ਨੱਕ ਵਿਚ ਪਾਉਣ ਦਾ ਗਹਿਣਾ, ਕੋਕਾ, ਨੱਕ ਦਾ ਲੌਂਗ

नक़ब–ਨਕਬ, ਇ., ਚੋਰ ਦਾ ਲਾਇਆ ਹੋਇਆ ਪਾੜ

नक़बजन–ਨਕਬਜਨ, ਵਿ., ਕੰਧ ਵਿਚ ਪਾੜ ਲਾਉਣ ਵਾਲਾ

नकबानी–ਨਕਬਾਨੀ, ਇ., ਹੈਰਾਨੀ, ਨੱਕ ਵਿਚ ਦਮ, ਅੱਚਵੀ, ਤੱਲੋਮੱਚੀ

नकबेसर–ਨਕਬੇਸਰ, ਇ., ਨੱਕ ਵਿਚ ਪਾਉਣ ਦੀ ਛੋਟੀ ਨੱਥ

नक़ल–ਨਕਲ, ਇ., ਦੂਸਰੇ ਵਾਂਙ ਕਰਨ ਦੀ ਕਿਰਿਆ, ਤਮਾਸ਼ਾ, ਉਲਥਾ, ਉਤਾਰਾ, ਚੁਟਕਲਾ

नक़ल नवीस–ਨਕਲ ਨਵੀਸ, ਪੁ., ਨਕਲ ਲਿਖਣ ਵਾਲਾ

नकल नवीसी–ਨਕਲ ਨਵੀਸੀ, ਇ., ਨਕਲ ਨਵੀਸ ਦਾ ਕੰਮ

नक़ल परवाना–ਨਕਲ ਪਰਵਾਨਾ, ਪੁ., ਵਹੁਟੀ ਦਾ ਭਰਾ, ਸਾਲਾ

नकली–ਨਕਲੀ, ਵਿ., ਬਣਾਉਟੀ, ਜੋ ਅਸਲੀ ਨਾ ਹੋਵੇ, ਖੋਟਾ ਜਾਲੀ, ਝੂਠਾ

नकलेल–ਨਕਲੇਲ, ਇ., ਬੇੜੀ ਖਿੱਚਣ ਦੀ ਰੱਸੀ

नकश–ਨਕਸ਼, ਪੁ., ਇਕ ਤਰ੍ਹਾਂ ਦਾ ਤਾਸ਼ ਨਾਲ ਖੇਲ੍ਹਣ ਦਾ ਜੂਆ

नक़शा–ਨਕਸ਼ਾ, ਪੁ., ਤਸਵੀਰ, ਸੂਰਤ, ਸ਼ਕਲ, ਨਮੂਨਾ, ਢਾਂਚਾ, ਚਾਲ ਢਾਲ, ਠੱਪਾ, ਹਾਲਤ, ਕਿਸੇ ਧਰਤੀ ਦੀ ਬਣਾਈ ਹੋਈ ਮੂਰਤ ਜਿਸ ਵਿਚ ਪਹਾੜ ਨਦੀ ਨਾਲੇ ਆਦਿਕ ਦਿਖਾਏ ਗਏ ਹੋਣ

नक़शानवीस–ਨਕਸ਼ਾਨਵੀਸ, ਪੁ., ਨਕਸ਼ਾ ਬਣਾਉਣ ਵਾਲਾ

नक़शी–ਨਕਸ਼ੀ, ਵਿ., ਜਿਸ ਤੇ ਵੇਲ ਬੂਟੇ ਕੱਢੇ ਹੋਣ

नकसीर–ਨਕਸੀਰ, ਇ., ਨੱਕ ਵਿਚੋਂ ਲਹੂ ਨਿਕਲਣ ਦੀ ਕਿਰਿਆ

नक़ाब–ਨਕਾਬ, ਪੁ., ਮੂੰਹ ਢਕਣ ਦਾ ਰੰਗਿਆ ਕਪੜਾ, ਘੁੰਡ

नकार–ਨਕਾਰ, ਪੁ., ਨ ਅੱਖਰ, ਨਾ ਮਨਜ਼ੂਰ, ਇਨਕਾਰ, ਅਪ੍ਰਵਾਣ

नकारना–ਨਕਾਰਨਾ, ਕ੍ਰਿ., ਇਨਕਾਰ ਕਰਨਾ, ਅਪ੍ਰਵਾਣ ਕਰਨਾ

नक़ारा–ਨਕਾਰਾ, ਵਿ., ਨਿਕੰਮਾ, ਖ਼ਰਾਬ, ਜੋ ਕਿਸੇ ਕੰਮ ਦਾ ਨਹੀਂ

नक़ाश–ਨਕਾਸ਼, ਪੁ., ਧਾਂਤ, ਪੱਥਰ ਆਦਿਕ ਤੇ ਵੇਲ ਬੂਟੇ ਪਾਉਣ ਵਾਲਾ

नक़ाशना–ਨਕਾਸ਼ਨਾ, ਕ੍ਰਿ., ਧਾਤ ਪੱਥਰ ਤੇ ਵੇਲ ਬੂਟੇ ਬਨਾਉਣਾ

नक़ाशी–ਨਕਾਸ਼ੀ, ਇ., ਧਾਤ ਆਦਿਕ ਤੇ ਵੇਲ ਬੂਟੇ ਬਨਾਉਣ ਦਾ ਕੰਮ

नक़ाशीदार–ਨਕਾਸ਼ੀਦਾਰ, ਵਿ., ਜਿਸ ਤੇ ਵੇਲ ਬੂਟੇ ਬਣੇ ਹੋਣ

नकास–ਨਕਾਸ, ਪੁ., ਦੇਖੋ ਨਕਾਸ਼ (नक़ाश)

नकासना–ਨਕਾਸਨਾ, ਕ੍ਰਿ., ਦੇਖੋ ਨਕਾਸ਼ਨਾ (नक़ाशना)

नकासी–ਨਕਾਸੀ, ਇ., ਦੇਖੋ ਨਕਾਸ਼ੀ (नक़ाशी)

नकिञ्चन–ਨਕਿੰਚਨ, ਵਿ., ਦਲਿਦਰੀ, ਕੰਗਾਲ

नकियाना–ਨਕਿਯਾਨਾ, ਕ੍ਰਿ., ਨੱਕ ਤੋਂ ਬੋਲਣਾ, ਹੈਰਾਨ ਹੋਣਾ, ਤੰਗ ਕਰਨਾ

नक़ीब–ਨਕੀਬ, ਪੁ., ਹਲਕਾਰਾ, ਅਮੀਰ ਦੇ ਅੱਗੇ ਚਲਣ ਵਾਲਾ

नकीम–ਨਕੀਮ, ਅਵਜ., ਰੋਕਣ ਦਾ ਕੰਮ

नकुंच–ਨਕੁੰਚ, ਪੁ., ਅੱਕ ਦਾ ਬਟਾ

नकुटी-ਨਕੁਟੀ, ਪੁ., ਨੱਕ

नकुल-ਨਕੁਲ, ਪੁ., ਮਾਸ ਖਾਣ ਵਾਲਾ ਪਸ਼ੂ, ਨੇਉਲਾ, ਮਹਾਦੇਵ ਪਾਂਡੂ ਰਾਜੇ ਦਾ ਚੌਥਾ ਪੁੱਤਰ, ਵਿ., ਜਿਸ ਦੇ ਖਾਨਦਾਨ ਦਾ ਨਾਉਂ ਉਘਾ ਹੋਵੇ

नकुलक-ਨਕੁਲਕ, ਪੁ., ਇਕ ਤਰ੍ਹਾਂ ਦਾ ਪੁਰਾਣਾ ਗਹਿਣਾ, ਰੁਪੈਯਾ ਰਖਣ ਦੀ ਇਕ ਥੈਲੀ

नकुला-ਨਕੁਲਾ, ਇ., ਪਾਰਬਤੀ

नकुलारि-ਨਕੁਲਾਰਿ, ਪੁ., ਬਿੱਲਾ

नकुली-ਨਕੁਲੀ, ਇ., ਨੇਉਲੀ; ਕੁਕੜੀ, ਮੁਰਗੀ, ਇਕ ਬੂਟੀ

नकुवा-ਨਕੁਵਾ, ਪੁ., ਨੱਕ, ਨਰਕ, ਤੱਕੜੀ ਦੇ ਡੰਡੀ ਵਿਚਲਾ ਛੇਕ

नकेल-ਨਕੇਲ.ਇ., ਉੱਠ ਦੇ ਨੱਕ ਵਿੱਚ ਬੰਨ੍ਹੀ ਹੋਈ ਰੱਸੀ ਜਿਸ ਵਿਚ ਮੁਹਾਰ ਪਾਉਂਦੇ ਹਨ

नक्क-ਨੱਕ, ਪੁ., ਨਾਸ, ਬਰਬਾਦੀ

नक्का-ਨੱਕਾ, ਪੁ., ਸੂਈ ਦਾ ਛੇਕ, ਤਾਸ਼ ਦਾ ਯੱਕਾ, ਕੌਡੀ

नक्कार-ਨੱਕਾਰ, ਪੁ., ਨਿਰਾਦਰੀ, ਅਪਮਾਨ, ਬੇਇੱਜ਼ਤੀ

नक्कारची-ਨੱਕਾਰਚੀ, ਪੁ., ਨਗਾਰਾ ਬਜਾਉਣ ਵਾਲਾ

नक्कारा-ਨੱਕਾਰਾ, ਪੁ., ਨਗ਼ਾਰਾ, ਧੌਂਸਾ

नक्काल-ਨੱਕਾਲ, ਪੁ., ਨਕਲ ਕਰਨ ਵਾਲਾ, ਬਰੂਪੀਆ

नक्काली-ਨੱਕਾਲੀ, ਇ., ਬਰੂਪੀਏ ਦਾ ਕੰਮ, ਨਕਲ

नक्कू-ਨੱਕੂ, ਵਿ., ਵੱਡੀ ਨੱਕ ਵਾਲਾ, ਸਭ ਤੋਂ ਉਲਟਾ ਕੰਮ ਕਰਨ ਵਾਲਾ, ਬਦਨਾਮ, ਨੱਕੂ

नक्त-ਨਕ੍ਤ, ਪੁ., ਰਾਤ, ਇਕ ਬਰਤ, ਸ਼ਿਵ, ਮਹਾਦੇਵ, ਰਾਜਾ ਪਿਰਥੂ ਦੇ ਪੁੱਤਰ ਦਾ ਨਾਉਂ, ਵਿ., ਸ਼ਰਮਾਇਆ ਹੋਇਆ

नक्तक-ਨਕ੍ਤਕ, ਪੁ., ਜੁਲੀ, ਅੱਖ ਦੀ ਪਲਕ, ਗੁਦੜ

नक्तचर-ਨਕ੍ਤਚਰ, ਪੁ., ਰਾਤ ਨੂੰ ਘੁਮਣ ਵਾਲਾ, ਸ਼ਿਵ, ਮਹਾਂਦੇਵ ਰਾਖਸ਼, ਉੱਲੂ,

नक्तचारी-ਨਕ੍ਤਚਾਰੀ, ਪੁ., ਬਿੱਲੀ, ਉੱਲੂ, ਰਾਖਸ਼

नक्तञ्चर-ਨਕ੍ਤੰਚਰ. ਪੁ., ਰਾਖਸ਼, ਉੱਲੂ. ਬਿੱਲੀ, ਗੁੱਗਲ, ਚੋਰ, ਨਗਾਰਾ

नक्तचर्या-ਨਕ੍ਤਚਰਯਾ, ਇ., ਰਾਤ ਨੂੰ ਘੁੰਮਣ ਦਾ ਕੰਮ, ਪਹਿਰੇਦਾਰੀ

नक्तञ्जात, नक्तप्रभव-ਨਕ੍ਤੰਜਾਤ, ਨਕ੍ਤਪ੍ਰਭਵ, ਵਿ., ਰਾਤ ਨੂੰ ਜੰਮਣ ਵਾਲਾ

नक्ता-ਨਕ੍ਤਾ, ਇ., ਰਾਤ, ਹਲਦੀ, ਕਲਿਯਾਰੀ ਨਾਉਂ ਦਾ ਜਹਿਰੀਲਾ ਬੂਟਾ, ਇਕ ਤਰ੍ਹਾਂ ਦਾ ਘਾਹ

नक्तान्ध-ਨਕ੍ਤਾਂਧ, ਵਿ., ਅੰਧਰਾਤਾ

नक्र-ਨਕ੍ਰ,ਪੁ., ਮਗਰ ਮੱਛ, ਵੱਡੀ ਮੱਛੀ, ਸੰਸਾਰ, ਇਕ ਸਮੁੰਦਰੀ ਜਾਨਵਰ, ਨੱਕ

नक्रराज-ਨਕ੍ਰਰਾਜ, ਪੁ , ਵੱਡਾ ਮਗਰਮੱਛ, ਘੜਿਆਲ

नक्रा-ਨਕ੍ਰਾ, ਇ., ਨੱਕ, ਸ਼ਹਿਦ ਦੀ ਮੱਖੀ ਦਾ ਡੰਗ

नक्षत्र-ਨਕਸ਼ਤ੍ਰ, ਪੁ.. ਚੰਦ ਦੇ ਰਾਹ ਵਿਚ ਪੈਣ ਵਾਲਾ ਤਾਰਿਆਂ ਦਾ ਉਹ ਇਕੱਠ ਜਿਸ ਦੀ ਜਾਣਕਾਰੀ ਲਈ ਸ਼ਕਲ ਦੇ ਮੁਤਾਬਿਕ ਨਾਉਂ ਰੱਖੇ ਗਏ ਹਨ, ਇਨ੍ਹਾਂ ਦੀ ਸੰਖਿਆ ਸਤਾਈ ਹੈ ਤਾਰਾ, ਗ੍ਰਹਿ, ਅਕਾਸ਼ ਦੇ ਬੁਰਜ

नक्षत्रनाथ-ਨਕਸ਼ਤ੍ਰਨਾਥ, ਪੁ., ਚੰਦ ਚੰਨ, ਚੰਦਰਮਾ

नक्षत्रनेमि-ਨਕਸ਼ਤ੍ਰਨੇਮਿ, ਪੁ.,ਧਰੂ ਤਾਰਾ, ਚੰਦਰਮਾ, ਵਿਸਨੂੰ

नक्षत्रप-ਨਤਸ਼ਤ੍ਰਪ, ਪੁ., ਚੰਦਰਮਾ,ਚੰਨ

नक्षत्रपति-ਨਕਸ਼ਤ੍ਰਪਤਿ, ਪੁ., ਦੇਖੋ ਨਕਸ਼ਤ੍ਰਪ (नक्षत्रप)

नक्षत्रपथ-ਨਕਸ਼ਤ੍ਰਪਥ. ਪੁ., ਤਾਰਿਆਂ ਦਾ ਰਾਹ

नक्षत्रविद्या-ਨਕਸ਼ਤ੍ਰ ਵਿਦਯਾ, ਇ., ਜੋਤਸ਼ ਵਿਦਿਆ

नक्षत्रिय-ਨਕਸ਼ਤ੍ਰਿਯ, ਪੁ., ਜੋ ਖੱਤ੍ਰੀ ਨਾ ਹੋਵੇ

नक्षत्री-ਨਕਸ਼ਤ੍ਰੀ, ਵਿ., ਖੁਸ਼ਕਿਸਮਤ, ਚੰਗੇ ਭਾਗ ਵਾਲਾ

नक्षत्रेश-ਨਕਸ਼ਤ੍ਰੇਸ਼, ਪੁ., ਚੰਦਰਮਾ, ਚੰਦ, ਕਪੂਰ, ਸਿੱਪ

नक्षत्रेश्वर-ਨਕਸ਼ਤ੍ਰੇਸ਼੍ਵਰ, ਪੁ., ਦੇਖੋ ਨਕਸ਼ਤ੍ਰੇਸ਼ (नक्षत्रेश)

नख-ਨਖ, ਪੁ.. ਨਹੁੰ, ਉਂਗਲੀਆਂ ਦੇ ਸਿਰਿਆਂ ਉਤੇ ਜੋ ਹੱਡੀਦਾਰ ਚੀਜ਼ ਹੁੰਦੀ ਹੈ, ਖੁਰ, ਖੰਡ, ਟੁਕੜਾ, ਨਖੀ ਨਾਉਂ ਦੀ ਖੁਸ਼ਬੂਦਾਰ ਚੀਜ਼

नखकर्तनि-ਨਖਕਰਤਨਿ, ਇ., ਨਹੁੰ ਲਾਹੁਣ ਵਾਲਾ ਹਥਿਆਰ, ਨਹੇਰਨਾ

नखकुट्ट-ਨਖਕੁੱਟ, ਪੁ., ਨਾਈ

नखक्षत-ਨਖਕਸ਼ਤ, ਪੁ., ਨਹੁੰਆਂ ਦਾ ਜ਼ਖਮ

नखखादिन्-ਨਖਖਾਦਿਨ, ਵਿ., ਉਹ ਜੋ ਦੰਦਾਂ ਨਾਲ ਆਪਣੇ ਨਹੁੰ ਲਾਹੁੰਦਾ ਹੈ

नखत-ਨਖਤ, ਪੁ., ਦੇਖੋ ਨਕਸ਼ਤ੍ਰ (नक्षत्र)

नखतर-ਨਖਤਰ, ਪੁ , ਦੇਖੋ ਨਕਸ਼ਤ੍ਰ (नक्षत्र)

नखता-ਨਖਤਾ. ਪੁ., ਇਕ ਚਿੜੀ ਜੋ ਭਾਰਤ ਤੋਂ ਸਿਵਾ ਹੋਰ ਕਿਤੇ ਨਹੀਂ ਹੁੰਦੀ

नखना-ਨਖਨਾ, ਕ੍ਰਿ., ਪਾਰ ਕਰਨਾ, ਨਾਸ ਕਰਨਾ

नखदारण-ਨਖਦਾਰਣ, ਪੁ., ਨਹੇਰਨਾ

नखरंजनी-ਨਖਰੰਜਨੀ, ਇ., ਦੇਖੋ ਨਖਦਾਰਣ (नखदारण)

नखरा-ਨਖਰਾ, ਪੁ., ਲਾਡ, ਮਜਾਜ, ਨਾਜ਼, ਚੋਚਲਾ, ਬਾਂਕਾਪਣ, ਦਿਖਾਵਾ, ਹਾਸਾ

नखरातिल्ला-ਨਖਰਾਤਿੱਲਾ, ਪੁ., ਲਾਡ, ਬਾਂਕਾਪਣ, ਸਜਾਉ, ਫਬਾਉ

नखरायुध-ਨਖਤਾਯੁਧ, ਪੁ., ਸ਼ੇਰ, ਬਘਿਆੜ, ਕੁੱਤਾ

नखरीला-ਨਖਰੀਲਾ, ਵਿ., ਜੋ ਨਖਰੇ ਕਰੇ, ਨਖਰੇ ਬਾਜ

नखरेबाज़-ਨਖਰੇਬਾਜ਼; ਵਿ., ਨਖਰਾ ਕਰਨ ਵਾਲਾ

नखरेबाज़ी-ਨਖਰੇਬਾਜ਼ੀ, ਇ., ਬਾਂਕਾਪਣ, ਧੋਖੇਬਾਜ਼ੀ, ਚੁਹਲ ਮੁਹਲ

नखरौट-ਨਖਰੌਟ, ਇ., ਨਹੁੰਆਂ ਦਾ ਜ਼ਖਮ

नखविन्दु-ਨਖਵਿੰਦੂ, ਪੁ., ਅੱਧੇ ਚੰਦ ਵਰਗਾ ਨਿਸ਼ਾਨ ਜੋ ਤੀਵੀਆਂ ਮਹਿੰਦੀ ਨਾਲ ਆਪਣੇ ਨਹੁੰਆਂ ਤੇ ਬਣਾਉਂਦੀਆਂ ਹਨ

नखविष-ਨਖਵਿਸ਼. ਪੁ., ਉਹ ਜਿਸ ਦੇ ਨਹੁੰਆਂ ਵਿਚ ਜ਼ਹਿਰ

ਹੋਵੇ, ਨਹੁੰਆਂ ਦੀ ਵਿਹੁ

नखविष्किर–ਨਖਵਿਸ਼ਕਿਰ, ਪੁ., ਨਹੁਆਂ ਨਾਲ ਚੀਰ ਕੇ ਖਾਣ ਵਾਲਾ

नखवृक्ष–ਨਖਵ੍ਰਿਕਸ਼, ਪੁ., ਨੀਲ ਦਾ ਬੂਟਾ

नखशस्त्र–ਨਖਸ਼ਸਤ੍ਰ, ਪੁ., ਨਹੇਰਨਾ

नखशिख–ਨਖਸ਼ਿਖ, ਵਿ., ਨਹੁੰ ਤੋਂ ਲੈ ਕੇ ਚੋਟੀ ਤਕ ਸਰੀਰ ਦੇ ਸਾਰੇ ਅੰਗਾਂ ਦਾ ਵਰਨਣ

नखहरणी–ਨਖਹਰਣੀ, ਇ., ਨਹੇਰਨੀ

नखांक–ਨਖਾਂਕ, ਪੁ., ਨਹੁੰ ਦਾ ਨਿਸ਼ਾਨ

नखानखि–ਨਖਾਨਖਿ, ਪੁ., ਨਹੁੰਆਂ ਦੀ ਲੜਾਈ

नखायुध–ਨਖਾਜੁਧ, ਪੁ., ਸ਼ੇਰ, ਚਿੱਤਾ, ਕੁੱਤਾ

नखालि–ਨਖਾਲਿ, ਪੁ., ਛੋਟਾ ਸੰਖ

नखालु–ਨਖਾਲੁ, ਪੁ., ਨੀਲ ਦਾ ਰੁੱਖ

नखाशी–ਨਖਾਸ਼ੀ, ਪੁ., ਉੱਲੂ, ਵਿ., ਨਹੁੰਆਂ ਨਾਲ ਖਾਣ ਵਾਲਾ

नखास–ਨਖਾਸ, ਪੁ., ਉਹ ਬਜ਼ਾਰ ਜਿਥੇ ਡੰਗਰ ਖਾਸ ਕਰਕੇ ਘੋੜੇ ਵਿਕਦੇ ਹੋਣ

नखिन्–ਨਖਿਨ, ਪੁ., ਸ਼ੇਰ, ਬਘਿਆੜ

नखोटना–ਨਖੋਟਨਾ, ਕ੍ਰਿ., ਨਹੁੰਆਂ ਨਾਲ ਖੁਰਚਣਾ

नग–ਨਗ, ਪੁ., ਪਹਾੜ, ਰੁੱਖ, ਸੱਪ, ਸੂਰਜ, ਸੱਤ ਦੀ ਸੰਖਿਆ, ਵਿ., ਥਿਰ, ਨਾ ਚੱਲਣ ਫਿਰਨ ਵਾਲਾ, ਪੁ., ਨਗੀਨਾ, ਜਿਸ ਦੀ ਗਿਣਤੀ ਅਲੱਗ ਹੋਵੇ, ਜਵਾਹਰ

नगज–ਨਗਜ, ਪੁ., ਹਾਥੀ, ਵਿ., ਜੋ ਪਹਾੜ ਤੋਂ ਪੈਦਾ ਹੋਵੇ

नगजा–ਨਗਜਾ, ਇ., ਪੱਥਰ ਤੋੜ ਬੂਟੀ, ਪਾਰਬਤੀ

नगण–ਨਗਣ, ਪੁ., ਪਿੰਗਲ, ਛੰਦ ਸ਼ਾਸਤ੍ਰ ਵਿਚ ਤਿੰਨ ਲਘੂ ਅੱਖਰਾਂ ਦਾ ਇਕ ਗਣ

नगणा–ਨਗਣਾ, ਇ., ਮਾਲਕੰਗਣੀ ਨਾਉਂ ਦੀ ਬੂਟੀ

नगण्य–ਨਗਣ੍ਯ, ਵਿ., ਗਿਣਤੀ ਕਰਨ ਦੇ ਅਜੋਗ, ਮਾਮੂਲੀ

नगद्–ਨਗਦ, ਪੁ., ਦੇਖੋ ਨਕਦ (नक़द)

नगदन्ती–ਨਗਦੰਤੀ, ਇ., ਵਿਭੀਖਣ ਦੀ ਤੀਵੀਂ

नगदी–ਨਗਦੀ, ਇ., ਦੇਖੋ ਨਕਦੀ (नक़दी)

नगधर–ਨਗਧਰ, ਪੁ., ਪਹਾੜ ਚੁਕਣ ਵਾਲੇ ਸ੍ਰੀ ਕ੍ਰਿਸ਼ਨ ਜੀ

नगनन्दिनी–ਨਗਨੰਦਿਨੀ, ਵਿ., ਹਿਮਾਲਾ ਦੀ ਧੀ, ਪਾਰਬਤੀ

नगन–ਨਗਨ, ਵਿ., ਨੰਗ ਧੜੰਗਾ

नगना–ਨਗਨਾ, ਇ., ਨੰਗੀ

नगनी–ਨਗਨੀ, ਇ., ਨਾ ਭਿੱਟੀ ਹੋਈ ਕੁੜੀ, ਬੇਟੀ, ਲੜਕੀ, ਨੰਗੀ ਤੀਵੀਂ

नगपति–ਨਗਪਤਿ, ਪੁ., ਹਿਮਾਲਾ ਪਹਾੜ, ਚੰਦਰਮਾ, ਤਾੜ ਦਾ ਰੁੱਖ, ਕੈਲਾਸ਼ ਦੇ ਮਾਲਕ ਸ਼ਿਵ, ਸੁਮੇਰ ਪਹਾੜ

नगभित्–ਨਗਭਿਤ, ਪੁ., ਪਹਾੜ, ਪੱਥਰ ਤੋੜ ਵੇਲ

नगभू–ਨਗਭੂ, ਇ., ਪਹਾੜੀ ਧਰਤੀ

नगमूर्धा–ਨਗਮੂਰਧਾ, ਪੁ., ਪਹਾੜ ਦੀ ਚੋਟੀ

नगर–ਨਗਰ, ਪੁ., ਸ਼ਹਿਰ, ਕਸਬਾ, ਵੱਡੀ ਵਸਤੀ

नगरकीर्तन–ਨਗਰਕੀਰਤਨ, ਪੁ., ਸ਼ਹਿਰ ਵਿਚ ਫਿਰ ਕੇ ਭਜਨ ਗਾਉਣੇ

नगरजन–ਨਗਰਜਨ, ਪੁ., ਸ਼ਹਿਰ ਦੇ ਵਸਨੀਕ

नगरपाल–ਨਗਰਪਾਲ, ਪੁ., ਸ਼ਹਿਰ ਦੀ ਰੱਖਿਆ ਕਰਨ ਵਾਲਾ, ਚੌਕੀਦਾਰ, ਮਿਉਨਿਸੀਪਲ ਕਮਿਸ਼ਨਰ

नगरप्रांत–ਨਗਰਪ੍ਰਾਂਤ, ਪੁ., ਸ਼ਹਿਰ ਦੇ ਨੇੜੇ ਦੀ ਥਾਂ

नगरवासी–ਨਗਰਵਾਸੀ, ਵਿ., ਸ਼ਹਿਰੀ

नगरहा–ਨਗਰਹਾ, ਪੁ., ਦੇਖੋ ਨਗਰਵਾਸੀ (नगरवासी)

नगरहार–ਨਗਰਹਾਰ, ਪੁ., ਭਾਰਤ ਦਾ ਇਕ ਪੁਰਾਣਾ ਸ਼ਹਿਰ

नगराई–ਨਗਰਾਈ, ਇ., ਸ਼ਹਿਰੀਪਣ, ਚਤਰਾਈ, ਚਲਾਕੀ

नगराधिप, नगराधिपति,नगराध्यक्ष- ਨਗਰਾਧਿਪ, ਨਗਰਾਧਿਪਤਿ, ਨਗਰਾਧਜਕਸ਼, ਪੁ., ਸ਼ਰਿਰ ਦਾ ਮਾਲਕ, ਸ਼ਹਿਰ ਦਾ ਉਹ ਬੰਦਾ ਜਿਸ ਉਤੇ ਸ਼ਹਿਰ ਦੀ ਰੱਖਿਆ ਦਾ ਪੁਰਾ ਪੂਰਾ ਭਾਰ ਹੋਵੇ

नगरी–ਨਗਰੀ, ਇ., ਵੱਡਾ ਨਗਰ, ਸ਼ਹਿਰ, ਵਿ., ਸ਼ਹਿਰੀਆ

नगरोत्थ–ਨਗਰੋਥੱ, ਵਿ., ਜੋ ਸ਼ਹਿਰ ਵਿਚ ਪੈਦਾ ਰੋਵੇ

नगरौषधि–ਨਗਰੌਸ਼ਧਿ, ਇ., ਕੇਲਾ

नगाटन–ਨਗਾਟਨ, ਪੁ., ਬੰਦਰ

नगाड़ा–ਨਗਾੜਾ, ਪੁ., ਦੇਖੋ ਨਗਾਰਾ (नगारा)

नगाधिप–ਨਗਾਧਿਪ, ਪੁ., ਹਿਮਾਲਾ ਪਹਾੜ, ਸੁਮੇਰ ਪਰਬਤ

नगारा–ਨਗਾਰਾ, ਪੁ., ਡੁਗਡੁਗੀ ਵਰਗਾ ਇਕ ਬਹੁਤ ਵੱਡਾ ਵਾਜਾ, ਦਮਾਮਾ, ਧੌਂਸਾ

नगारि–ਨਗਾਰਿ, ਪੁ., ਇੰਦਰ ਦੇਵਤਾ

नगावास–ਨਗਾਵਾਸ, ਪੁ., ਰੁੱਖ ਤੇ ਰਹਿਣ ਦੀ ਥਾਂ, ਮੋਰ

नगी–ਨਗੀ, ਇ., ਦੇਖੋ ਨਗ (नग), ਪਾਰਬਤੀ, ਪਹਾੜੀ, ਤੀਵੀਂ

नगीच–ਨਗੀਚ, ਕ੍ਰਿ. ਵਿ., ਕੋਲ, ਨੇੜੇ, ਨਜ਼ਦੀਕ

नगीना–ਨਗੀਨਾ, ਪੁ., ਨਗ, ਥੇਵਾ, ਜੋ ਚੀਜ਼ ਬਹੁ ਸਿਰ ਠੀਕ ਟਿਕੇ, ਇਕ ਦੇਸੀ ਕਪੜਾ

नगीनासाज़–ਨਗੀਨਾਸਾਜ਼ ਪੁ., ਨਗ ਬਣਾਉਣ ਤੇ ਜੜਨ ਵਾਲਾ

नगीनागर–ਨਗੀਨਾਗਰ, ਪੁ., ਦੇਖੋ ਨਗੀਨਾਸਾਜ਼ (नगीनासाज़)

नगेंद्र, नगेश–ਨਗੇਂਦ੍ਰ, ਨਗੇਸ਼, ਪੁ., ਹਿਮਾਲਾ ਪਹਾੜ

नगेसरि–ਨਗੇਸਰਿ, ਪੁ., ਨਾਗਕੇਸਰ

नगौकस–ਨਗੌਕਸ, ਪੁ., ਪੰਖੇਰੂ, ਚਿੜੀ, ਸ਼ੇਰ, ਵਿ., ਪਹਾੜ ਜਾਂ ਰੁੱਖ ਤੇ ਰਹਿਣ ਵਾਲਾ

नग्न–ਨਗ੍ਨ, ਵਿ., ਨੰਗਾ

नग्ना–ਨਗ੍ਨਾ, ਇ., ਨੰਗੀ ਤੀਵੀਂ, ਉਹ ਤੀਵੀਂ ਜਿਸ ਦੇ ਮੰਮੇ ਨਾ ਉਠੇ ਹੋਣ

नग्नाटक–ਨਗ੍ਨਾਟਕ, ਪੁ., ਨਾਂਗਾ ਸਾਧ

नग्रोध–ਨਗ੍ਰੋਧ, ਪੁ., ਬੋਹੜ ਦਾ ਰੁੱਖ

नघना–ਨਘਨਾ, ਕ੍ਰਿ., ਪਾਰ ਕਰਨਾ, ਲੰਘਣਾ

नघमारु, नघारीव–ਨਘਮਾਰੁ, ਨਘਾਰੀਬ, ਪੁ., ਕੋੜ੍ਹ ਰੋਗ, ਵਡਾ

ਦੁਖ

नघुष–ਨਘੁਸ਼, ਪੁ.. ਨਹੁਸ਼ ਰਾਜਾ

नङ्ग–ਨੰਗ, ਪੁ., ਜਾਰ, ਧਗੜਾ, ਦੂਸਰਾ ਖਸਮ

नचना–ਨਚਨਾ, ਕ੍ਰਿ., ਨੱਚਣਾ, ਜੁਗਤ ਨਾਲ ਹੱਥ ਪੈਰ ਮਾਰ ਕੇ ਇਧਰ ਉਧਰ ਟੁਰਨਾ

नचनिया–ਨਚਨਿਯਾ, ਵਿ., ਨੱਚਣ ਵਾਲਾ

नचनी–ਨਚਨੀ, ਵਿ , ਨੱਚਣ ਵਾਲੀ

नचवैया–ਨਚਵੈਯਾ, ਵਿ., ਨੱਚਣ ਵਾਲਾ

नचाना–ਨਚਾਨਾ, ਕ੍ਰਿ., ਨੱਚਣ ਦਾ ਕੰਮ ਕਰਾਉਣਾ, ਹੈਰਾਨ ਕਰਨਾ, ਨਚਾਉਣਾ, ਟਪਾਉਣਾ

नचिकेता–ਨਚਿਕੇਤਾ, ਪੁ., ਇਕ ਰਿਸ਼ੀ ਦਾ ਨਾਉਂ, ਅੱਗ

नचिरात्–ਨਚਿਰਾਤ, ਅਵਜ., ਤੁਰਤ, ਛੇਤੀ

नचौंहा–ਨਚੌਂਹਾਂ, ਵਿ., ਜੋ ਹਰ ਵੇਲੇ ਨਚਦਾ ਤੇ ਇਧਰ ਉਧਰ ਫਿਰਦਾ ਰਹੇ

नछत्र–ਨਛਤ੍ਰ, ਪੁ., ਦੇਖੋ ਨਕਸ਼ਤ੍ਰ (नक्षत्र)

नछत्री–ਨਛਤ੍ਰੀ, ਵਿ., ਦੇਖੋ ਨਕਸ਼ਤ੍ਰੀ (नक्षत्री)

नज़दीक़–ਨਜ਼ਦੀਕ, ਵਿ., ਨਜੀਕ, ਨੇੜੇ, ਸਾਹਮਣੇ, ਲਾਗੇ

नज़दीकी–ਨਜ਼ਦੀਕੀ, ਇ., ਨਜੀਕ ਹੋਣ ਦੀ ਹਾਲਤ, ਪੁ., ਨੇੜੇ ਦਾ ਸਾਕ, ਵਿ., ਨੇੜੇ ਦਾ, ਨਜੀਕ ਦਾ

नज़्म–ਨਜ਼ਮ, ਇ., ਕਵਿਤਾ

नज़र–ਨਜ਼ਰ, ਇ., ਭੇਟਾ, ਨੀਝ, ਨਿਗਾਹ, ਦੇਖ ਭਾਲ, ਪਛਾਣ, ਮੇਹਰ, ਖਿਆਲ, ਧਿਆਨ, ਦੇਖਣ ਦਾ ਬੁਰਾ ਅਸਰ

नज़रना–ਨਜ਼ਰਨਾ, ਕ੍ਰਿ., ਦੇਖਣਾ, ਨਜਰ ਲਾਉਣਾ

नज़रबन्द–ਨਜ਼ਰਬੰਦ, ਵਿ., ਜੋ ਕੈਦੀ ਨਜ਼ਰ ਵਿਚ ਰਹੇ, ਪੁ., ਜਾਦੂ

नज़रबन्दी–ਨਜ਼ਰਬੰਦੀ, ਇ., ਕੈਦ, ਹਵਾਲਾਤ, ਹੱਥ ਚਲਾਕੀ, ਨਜ਼ਰਬੰਦ ਹੋਣ ਦੀ ਹਾਲਤ

नज़राना–ਨਜ਼ਰਾਨਾ, ਕ੍ਰਿ., ਕਿਸੇ ਦੇ ਵੇਖਣ ਦਾ ਬੁਰਾ ਅਸਰ ਹੋਣਾ, ਪੁ., ਉਹ ਚੀਜ਼ ਜੋ ਭੇਟਾ ਦੀ ਸ਼ਕਲ ਵਿਚ ਦਿੱਤੀ ਜਾਵੇ

नज़ला–ਨਜ਼ਲਾ, ਪੁ., ਨੱਕ ਵਿਚੋਂ ਪਾਣੀ ਵਗਣ ਦਾ ਰੋਗ, ਰੇਸ਼ਾ, ਜ਼ੁਕਾਮ

नज़लाबन्द–ਨਜ਼ਲਾਬੰਦ, ਪੁ.. ਜ਼ੁਕਾਮ ਹਟਾਉਣ ਲਈ ਪੁੜਪੁੜੀ ਤੇ ਲਾਈ ਹੋਈ ਪੱਟੀ, ਕਾਗਤੀ

नज़ाक़त–ਨਜ਼ਾਕਤ, ਇ., ਨਾਜ਼ਕ ਹੋਣ ਦੀ ਹਾਲਤ, ਕੋਮਲਤਾ

नज़ात–ਨਜ਼ਾਤ, ਇ., ਮੁਕਤੀ, ਛੁਟਕਾਰਾ, ਦੁਖਾਂ ਦਾ ਦੂਰ ਹੋ ਜਾਣ ਦਾ ਭਾਵ

नज़ामत–ਨਜ਼ਾਮਤ, ਇ., ਨਾਜਮ ਦਾ ਮਹਿਕਮਾ ਜਾਂ ਪਦ

नज़ारत–ਨਜ਼ਾਰਤ, ਇ., ਨਾਜ਼ਰ ਦਾ ਦਫਤਰ

नज़ारा–ਨਜ਼ਾਰਾ, ਪੁ., ਜੋ ਨਜਰ ਆਵੇ, ਸੈਲ, ਤਮਾਸ਼ਾ, ਦ੍ਰਿਸ਼, ਨਜ਼ਰ, ਪਿਆਰ ਨਾਲ ਦੇਖਣ ਦਾ ਭਾਵ

नजिक़ाना–ਨਜਿਕਾਨਾ, ਕ੍ਰਿ.. ਨਜੀਕ ਪਹੁੰਚਣਾ, ਲਾਗੇ ਆਉਣਾ

नजीक़–ਨਜੀਕ, ਵਿ, ਦੇਖੋ ਨਜ਼ਦੀਕ (नज़दीक़)

नज़ीर–ਨਜ਼ੀਰ, ਇ., ਮਿਸਾਲ

नजूम–ਨਜੂਮ, ਪੁ., ਜੋਤਸ਼ ਵਿਦਿਆ

नजूमी–ਨਜੂਮੀ, ਪੁ., ਜੋਤਸ਼ੀ

नजूल–ਨਜੂਲ, ਪੁ., ਸਰਕਾਰੀ ਧਰਤੀ

नट–ਨਟ, ਪੁ., ਤਮਾਸ਼ਾ ਕਰਨ ਵਾਲਾ, ਬਾਜ਼ੀਗਰ, ਮਦਾਰੀ

नटई–ਨਟਈ, ਇ., ਗਲ਼ੁ, ਧੌਣ, ਗਲ਼ੁ ਦੀ ਘੰਡੀ

नटखट–ਨਟਖਟ, ਵਿ., ਉਪੱਦਰੀ, ਚਲਾਕ, ਸ਼ਰਾਰਤੀ, ਚਾਲਬਾਜ਼

नटखटी–ਨਟਖਟੀ, ਇ., ਪਾਜੀਪਣ, ਬਦਮਾਸ਼ੀ, ਸਰਾਰਤ, ਇਲੱਤ

नटचर्या–ਨਟਚਰਯਾ, ਇ., ਡਰਾਮਾ, ਨਾਟਕ ਖੇਲ੍ਹਣ ਦੀ ਕਿਰਿਆ

नटता–ਨਟਤਾ, ਇ., ਨਟ ਦਾ ਕੰਮ

नटन–ਨਟਨ, ਪੁ., ਨਾਚ

नटना–ਨਟਨਾ, ਕ੍ਰਿ., ਮਨਜ਼ੂਰ ਨਾ ਕਰਨਾ, ਕਹਿ ਕੇ ਮੁਕਰ ਜਾਣਾ, ਨੱਚਣਾ, ਨਾਸ ਕਰਨਾ

नटनारायण–ਨਟਨਾਰਾਯਣ, ਪੁ., ਇਕ ਰਾਗ

नटनि–ਨਟਨਿ, ਇ., ਨਾਚ, ਇਨਕਾਰ

नटनी–ਨਟਨੀ, ਇ., ਨਟੀ, ਨਟ ਜਾਤ ਦੀ ਤੀਵੀਂ, ਨਟ ਦੀ ਵਹੁਟੀ

नटपत्रिका–ਨਟਪਤ੍ਰਿਕਾ, ਇ., ਬੈਂਗਣ

नटपर्ण–ਨਟਪਰਣ, ਪੁ., ਦਾਲਚੀਨੀ

नटभूषण, नटमंडन, नटमंडल–ਨਟਭੂਸ਼ਣ, ਨਟਮੰਡਨ, ਨਟਮੰਡਲ, ਪੁ., ਹੜਤਾਲ, ਇਕ ਦਵਾ, ਇਕ ਧਾਤ

नटमल–ਨਟਮਲ, ਪੁ., ਇਕ ਰਾਗ

नटमल्लार–ਨਟਮੱਲਾਰ, ਪੂ., ਇਕ ਸੰਕਰ ਰਾਗ

नटमल्लारी–ਨਟਮੱਲਾਰੀ, ਇ., ਇਕ ਰਾਗਣੀ

नटवटु–ਨਟਵਟੁ; ਪੁ., ਜੁਆਨ, ਬਾਜੀਗਰ

नटवना–ਨਟਵਨਾ, ਕ੍ਰਿ., ਡਰਾਮਾ ਕਰਨਾ, ਨਾਟਕ ਕਰਨਾ

नटवर–ਨਟਵਰ, ਪੁ., ਨਾਟਕ ਦਾ ਹੁਸ਼ਿਆਰ ਮਨੁੱਖ ਵਿ., ਬਹੁਤ ਚਤੁਰ, ਚਲਾਕ

नटसंज्ञक–ਨਟਸੰਗਯਕ, ਪੁ., ਗੋਦੰਤੀ ਹਰਤਾਲ

नटसार–ਨਟਸਾਰ, ਇ., ਨਾਟਕ ਖੇਲ੍ਹਣ ਦੀ ਥਾਂ, ਸਟੇਜ

नटसाल–ਨਟਸਾਲ, ਇ.. ਕੰਡੇ ਦਾ ਟੁਟਿਆ ਭਾਗ ਜੋ ਵਿਚ ਰਹਿ ਜਾਂਦਾ ਹੈ, ਕਸਕ, ਪੀੜ, ਅਣੀ

नटाई–ਨਟਾਈ, ਤਾਣਾ ਤਾਣਨ ਦਾ ਜੁਲਾਹਿਆਂ ਦਾ ਇਕ ਸੰਦ

नटान्तिका–ਨਟਾਂਤਿਕਾ, ਇ., ਸ਼ਰਮ

नटी–ਨਟੀ, ਇ., ਦੇਖੋ ਨਟਨੀ (नटनी)

नटुआ, नटुवा–ਨਟੁਆ, ਨਟੁਵਾ, ਪੁ., ਦੇਖੋ ਨਟ (नट)

नटेश्वर–ਨਟੇਸ਼੍ਵਰ, ਪੁ., ਸ਼ਿਵ, ਮਹਾਦੇਵ

नट्या–ਨਟਯਾ, ਇ., ਇਕ ਰਾਗਣੀ

नठना–ਨਠਨਾ, ਕ੍ਰਿ., ਨਾਸ ਹਣਾ, ਖਰਾਬ ਹੋਣਾ

नड़मीन–ਨੜਮੀਨ, ਪੁ., ਝੀਂਗਾ ਨਾਉਂ ਦੀ ਮੱਛੀ

नड़ी–ਨੜੀ, ਇ., ਇਕ ਤਰ੍ਹਾਂ ਦੀ ਆਤਿਸ਼ਬਾਜ਼ੀ

नड़ना–ਨੜਨਾ, ਕ੍ਰਿ., ਬੰਨ੍ਹਣਾ, ਪਰੋਣਾ, ਗੁੱਥਣਾ, ਗੁੰਦਣਾ

नत–ਨਤ, ਵਿ., ਝੁਕਿਆ ਹੋਇਆ, ਟੇਢਾ ਮੇਢਾ

नतकुर–ਨਤਕੁਰ, ਪੁ., ਧੀ ਦਾ ਮੁੰਡਾ, ਧੀ ਦੀ ਔਲਾਦ, ਦੋਹਤਾ

नतपाल–ਨਤਪਾਲ, ਪੁ., ਮੱਥਾ ਟੇਕਣ ਵਾਲੇ ਦੀ ਰੱਖਿਆ ਕਰਨ ਵਾਲਾ

नतम–ਨਤਮ, ਵਿ., ਬਾਂਕਾ, ਸ਼ੁਕੀਨ

नतर, नतरक, नतरु–ਨਤਰ, ਨਤਰਕ, ਨਤਰੁ, ਕ੍ਰਿ. ਵਿ., ਨਹੀਂ ਤਾਂ

नताङ्गी–ਨਤਾਂਗੀ, ਇ., ਔਰਤ, ਤੀਵੀਂ, ਕਾਕੜਾਸਿੰਗੀ

नति–ਨਤਿ, ਇ., ਝੁਕਾਉ, ਪ੍ਰਣਾਮ, ਬੇਨਤੀ, ਨਰਮੀ, ਜੋਤਸ਼, ਵਿਚ ਇਕ ਤਰ੍ਹਾਂ ਦੀ ਗਿਣਤੀ

नतिनी–ਨਤਿਨੀ, ਇ., ਕੁੜੀ ਦੀ ਕੁੜੀ, ਦੋਹਤੀ

नतीजा–ਨਤੀਜਾ, ਪੁ., ਕਿਸੇ ਕੰਮ ਦਾ ਫਲ, ਛੇਕੜ, ਕਾਰਣ, ਇਨਾਮ

नतु–ਨਤੁ, ਅਵਜ., ਨਹੀਂ ਤਾਂ

नतैत–ਨਤੈਤ, ਪੁ., ਸਰਬੰਧੀ, ਸਾਕ, ਰਿਸ਼ਤੇਦਾਰ

नत्थ–ਨੱਥ, ਇ., ਨੱਕ ਦਾ ਇਕ ਗਹਿਣਾ, ਬਲ੍ਹਦ ਆਦਿਕ ਦੇ ਨੱਕ ਦਾ ਰੱਸਾ

नत्थी–ਨੱਥੀ, ਇ., ਕਾਗਤ ਗੰਢਣ ਵਾਲਾ ਧਾਗਾ, ਕਿਸੇ ਮਾਮਲੇ ਦੇ ਕਾਗਤਾਂ ਦਾ ਕੱਠ

नथ–ਨਥ, ਇ., ਦੇਖੋ ਨੱਥ (नत्थ)

नथना–ਨਥਨਾ, ਪੁ., ਨੱਕ ਦਾ ਛੇਕ, ਕ੍ਰਿ., ਜਾਨਵਰ ਦੇ ਨੱਕ ਵਿਚ ਰੱਸਾ ਪਾਉਣਾ. ਨੱਥੀ ਕਰਨੀ, ਕਿਸੇ ਨੂੰ ਕਾਬੂ ਕਰਨਾ

नथनी–ਨਥਨੀ, ਇ., ਛੋਟੀ ਨੱਥ, ਤਲਵਾਰ ਦੇ ਮੁੱਠੇ ਦਾ ਛੱਲਾ, ਬਲ੍ਹਦ ਆਦਿਕ ਦੇ ਨੱਕ ਦਾ ਰੱਸਾ

नद–ਨਦ, ਪੁ., ਵੱਡੀ ਨਦੀ, ਦਰਿਆ

नदना–ਨਦਨਾ, ਕ੍ਰਿ., ਸ਼ਬਦ ਕਰਨਾ, ਅਵਾਜ਼ ਕਰਨਾ, ਵੱਜਣਾ, ਪਸ਼ੂਆਂ ਦਾ ਰੰਭਣਾ

नदनु–ਨਦਨੁ, ਪੁ., ਸ਼ੇਰ, ਮੀਂਢਾ, ਬੱਦਲ, ਸ਼ਬਦ

नदम–ਨਦਮ, ਇ., ਇਕ ਤਰ੍ਹਾਂ ਦੀ ਕਪਾਹ

नदर–ਨਦਰ, ਵਿ., ਬੇਖੌਫ਼, ਨਿਰਭੌ; ਨਿਡਰ

नदराज–ਨਦਰਾਜ਼, ਪੁ., ਸਮੁੰਦਰ

नदान–ਨਦਾਨ, ਵਿ., ਦੇਖੋ ਨਾਦਾਨ (नादान)

नदारत, नदारद–ਨਦਾਰਤ, ਨਦਾਰਦ, ਵਿ., ਜੋ ਮੌਜੂਦ ਨਾ ਹੋਵੇ. ਛੁਪਿਆ ਹੋਵੇ. ਨਿਕੰਮਾ

नदाल–ਨਦਾਲ, ਵਿ., ਭਾਗ ਵਾਲਾ

नदि–ਨਦਿ, ਪੁ., ਤਰੀਫ਼, ਵਡਿਆਈ. ਉਸਤੁਤਿ

नदी–ਨਦੀ, ਇ., ਦਰਿਆ, ਨਾਲਾ, ਇਕ ਛੰਦ

नदी कान्त–ਨਦੀਕਾਂਤ, ਪੁ., ਸਮੁੰਦਰ

नदीकान्ता–ਨਦੀਕਾਂਤਾ, ਇ., ਜਾਮਣ ਦਾ ਰੁੱਖ

नदीकूल–ਨਦੀਕੂਲ, ਪੁ., ਕੰਢਾ, ਕਿਨਾਰਾ, ਤੀਰ

नदीज–ਨਦੀਜ, ਪੁ., ਕਾਲਾ ਸੁਰਮਾ, ਸੇਂਧਾ ਲੂਣ, ਅਰਜਨ ਨਾਉਂ ਦਾ ਰੁੱਖ, ਵਿ., ਜੋ ਨਦੀ ਤੋਂ ਪੈਦਾ ਹੋਵੇ

नदीजा–ਨਦੀਜਾ, ਇ., ਅਰਣੀ ਦਾ ਰੁੱਖ, ਸਿੱਪ

नदीदोह–ਨਦੀਦੋਹ, ਪੁ.. ਨਦੀ ਪਾਰ ਹੋਣ ਦਾ ਮਸੂਲ, ਟੈਕਸ

नदीपति–ਨਦੀਪਤਿ, ਪੁ., ਸਮੁੰਦਰ

नदीया–ਨਦੀਯਾ, ਇ., ਅਰਣੀ ਦਾ ਰੁੱਖ

नदीश–ਨਦੀਸ਼, ਪੁ.. ਸਮੁੰਦਰ

नदोला–ਨਦੋਲਾ, ਪੁ., ਮਿੱਟੀ ਦੀ ਛੋਟੀ ਹਾਂਡੀ ਜਿਹੀ

नद्ध–ਨੱਧ, ਵਿ., ਬੰਨ੍ਹਿਆ ਹੋਇਆ, ਨੱਥਿਆ ਹੋਇਆ

नद्धी–ਨੱਧੀ, ਇ., ਚੰਮ ਦੀ ਡੋਰੀ, ਰੱਸੀ

नधना–ਨਧਨਾ, ਕ੍ਰਿ., ਜੁਤਨਾ, ਕਿਸੇ ਕੰਮ ਵਿਚ ਜੁਟਨਾ

नधाव–ਨਧਾਵ, ਪੁ., ਖੇਤ ਦੀ ਰਮਾਈ ਲਈ ਬਣਾਇਆ ਟੋਆ

नध्री–ਨਧ੍ਰੀ, ਇ., ਦੇਖੋ ਨੱਧੀ (नद्धी)

ननकारना–ਨਨਕਾਰਨਾ, ਕ੍ਰਿ., ਇਨਕਾਰ ਕਰਨਾ, ਨਾਂਹ ਕਰਨਾ, ਅਪ੍ਰਵਾਣ ਕਰਨਾ

ननन्द्र, ननंद. ननद–ਨਨੰਦ੍ਰ, ਨਨੰਦ, ਨਨਦ, ਇ., ਨਨਾਣ, ਖਸਮ ਦੀ ਭੈਣ, ਨਣਦ

ननदोई–ਨਨਦੋਈ, ਪੁ., ਨਨਾਣ ਦਾ ਮਾਲਕ, ਨਨਾਣਵਈਆ, ਨਨਦੋਈਆ

ननसार–ਨਨਸਾਰ, ਇ., ਮਾਂ ਦੇ ਪਿਉਕੇ; ਨਾਨਕੇ

नना–ਨਨਾ, ਇ., ਮਾਂ, ਬੇਟੀ

ननियाससुर–ਨਨਿਯਾਸਸੁਰ; ਪੁ.. ਖਸਮ ਜਾਂ ਵਹੁਟੀ ਦਾ ਨਾਨਾ

ननिहारी–ਨਨਿਹਾਰੀ, ਇ., ਇਕ ਤਰ੍ਹਾਂ ਦੀ ਇੱਟ

ननिहाल–ਨਨਿਹਾਲ, ਪੁ., ਨਾਨਕੇ, ਨਾਨੇ ਦਾ ਘਰ; ਮਾਂ ਦੇ ਪਿਉਕੇ

ननु–ਨਨੁ, ਅਵਜ., ਇਹ ਕਿਸੇ ਗੱਲ ਦੇ ਪੁੱਛਣ ਜਾਂ ਸ਼ੱਕ ਪਰਗਟ ਕਰਨ ਜਾਂ ਵਾਕ ਦੇ ਸ਼ੁਰੂ ਵਿਚ ਵਰਤਿਆ ਜਾਂਦਾ ਹੈ

ननोई–ਨਨੋਈ, ਪੁ., ਇਕ ਤਰ੍ਹਾਂ ਦਾ ਜੰਗਲੀ ਧਾਨ

नन्द–ਨੰਦ, ਪੁ.. ਖੁਸ਼ੀ; ਡੱਡੂ; ਇਕ ਤਰ੍ਹਾਂ ਦੀ ਵੀਣਾ, ਇਕ ਵਾਜਾ, ਧ੍ਰਿਤਰਾਸ਼ਟਰ ਦੇ ਇਕ ਪੁੱਤਰ ਦਾ ਨਾਉਂ, ਵਿਸ਼ਨੂੰ, ਪੁੱਤਰ, ਲੜਕਾ, ਮਹਾਤਮਾ ਬੁੱਧ ਦੇ ਸੌਤੇਲੇ ਭਰਾ ਦਾ ਨਾਉਂ, ਸ੍ਰੀ ਕ੍ਰਿਸ਼ਨ ਜੀ ਦੇ ਪਾਲਣ ਵਾਲੇ ਦਾ ਨਾਉਂ

नन्दक–ਨੰਦਕ, ਵਿ., ਅਨੰਦ ਦੇਣ ਵਾਲਾ, ਕੁਲ ਦੀ ਰੱਖਿਆ ਕਰਨ ਵਾਲਾ

नन्दकि–ਨੰਦਕਿ, ਇ., ਪਿਪਲੀ, ਛੋਟਾ ਪਿੱਪਲ

नन्दि–ਨੰਦਿ, ਪੁ., ਟੁਕੜਾ, ਪਰਮਾਤਮਾ, ਸ਼ਿਵਾਂ ਦਾ ਬਲਦ, ਇਕ ਤਰ੍ਹਾਂ ਦਾ ਜੂਆ, ਇਕ ਗੰਧਰਵ ਦਾ ਨਾਉਂ, ਪ੍ਰਸੰਨਤਾ, ਖੁਸ਼ੀ

नन्दिका–ਨੰਦਿਕਾ, ਪੁ., ਨੰਦਨ ਬਣ, ਪਾਣੀ ਰੱਖਣ ਦਾ ਮਿੱਟੀ ਦਾ ਭਾਂਡਾ, ਹਸਮੁਖ ਤੀਵੀਂ, ਇੰਦਰ ਦਾ ਬਾਗ਼

नन्दिकेश्वर–ਨੰਦਿਕੇਸ਼੍ਵਰ, ਪੁ., ਸ਼ਿਵਾਂ ਦੀ ਸਵਾਰੀ ਦਾ ਨਾਉਂ

नन्दित–ਨੰਦਿਤ, ਵਿ., ਪ੍ਰਸੰਨ, ਖੁਸ਼

नन्दिनी–ਨੰਦਿਨੀ, ਇ., ਗੰਗਾ, ਨਣਦ, ਬੇਟੀ, ਬਸਿਸ਼ਠ ਰਿਸ਼ੀ ਦੀ ਗਊ, ਵਹੁਟੀ, ਦੁਰਗਾ, ਹਰੜ

नन्दीट–ਨੰਦੀਟ, ਪੁ., ਗੰਜੇ ਸਿਰ ਵਾਲਾ

नन्दीश्वर–ਨੰਦੀਸ਼੍ਵਰ, ਪੁ., ਦੇਖੋ ਨੰਦਿਕੇਸ਼੍ਵਰ नन्दिकेश्वर)

नन्दक–ਨੰਦਕ, ਪੁ., ਅੱਤਰੀ ਰਿਸ਼ੀ ਦੇ ਪੁੱਤਰ ਦਾ ਨਾਉਂ

नन्जोरा–ਨਨਜੋਰਾ, ਪੁ.. ਦੇਖੋ ਨਨਿਹਾਲ (ननिहाल)

नन्हा–ਨਨ੍ਹਾ, ਵਿ., ਛੋਟਾ

नन्हाई–ਨਨ੍ਹਾਈ, ਇ., ਛੋਟਾਈ, ਬਦਨਾਮੀ, ਕਮੀਣਗੀ

नपराजित–ਨਪਰਾਜਿਤ, ਪੁ.. ਸ਼ਿਵ, ਮਹਾਦੇਵ

नपाई–ਨਪਾਈ, ਇ.. ਮਾਪਣ ਦਾ ਕੰਮ ਜਾਂ ਮਜ਼ਦੂਰੀ

नपुंसक–ਨਪੁੰਸਕ. ਪੁ., ਹੀਜੜਾ, ਨਾਮਰਦ, ਵਿ., ਬੁਜ਼ਦਿਲ, ਡਰਪੋਕ

नपुंसकता–ਨਪੁੰਸਕਤਾ, ਇ.. ਹੀਜੜਾਪਣ ਨਾਮਰਦੀ

नप्ता–ਨਪ੍ਤਾ, ਇ., ਦੋਹਤਾ ਜਾਂ ਪੋਤਾ

नप्त्री–ਨਪ੍ਤ੍ਰੀ, ਇ.. ਪੋਤੀ ਜਾਂ ਦੋਹਤੀ

नफ़र–ਨਫ਼ਰ, ਪੁ., ਸੇਵਾਦਾਰ, ਨੌਕਰ, ਟਹਿਲੀਆ

नफ़रत–ਨਫ਼ਰਤ, ਇ., ਘਿਰਣਾ

नफ़री–ਨਫ਼ਰੀ, ਇ., ਇਕ ਵਾਜਾ, ਮਜੂਰ ਦੀ ਇਕ ਦਿਨ ਦੀ ਮਜੂਰੀ

नफ़्सानफ़्सी–ਨਫ਼ਸਾਨਫਸੀ, ਇ., ਲੜਾਈ ਝਗੜਾ

नफ़ा–ਨਫ਼ਾ, ਪੁ., ਲਾਹਾ, ਫਾਇਦਾ, ਖੱਟੀ

नफ़ासत–ਨਫ਼ਸੁ, ਇ., ਸੁੰਦਰਤਾ, ਸੁਹੱਪਣ, ਖੂਬਸੂਰਤੀ

नफ़ीस–ਨਫ਼ੀਸ, ਵਿ., ਵਧੀਆ, ਸੋਹਣਾ

नबी–ਨਬੀ, ਪੁ.. ਦੇਵਤਿਆਂ ਦਾ ਦੂਤ, ਪੈਗੰਬਰ

नबेड़ना–ਨਬੇੜਨਾ, ਕ੍ਰਿ., ਝਗੜਾ ਹਟਾਉਣਾ, ਨਬੇੜਾ ਕਰਨਾ, ਮੁਕਾਉਣਾ, ਫੈਸਲਾ ਕਰਨਾ

नबेड़ा–ਨਬੇੜਾ, ਪੁ., ਅੰਤ ਕੰਮ ਦੇ ਮੁੰਕਣ ਦਾ ਭਾਵ, ਫੈਸਲਾ

नबेरना–ਨਬੇਰਨਾ, ਕ੍ਰਿ., ਦੇਖੋ ਨਬੇੜਨਾ (नबेड़ना)

नब्ज़–ਨਬਜ਼, ਇ.. ਨਾੜੀ, ਹੱਥ ਦੀ ਰਗ

नब्बे–ਨੱਬੇ, ਪੁ., ਦਸ ਤੇ ਅੱਸੀ ਦੀ ਸੰਖਿਆ,

नभ–ਨਭ, ਪੁ., ਭਾਦੋਂ ਦਾ ਮਹੀਨਾ. ਅਕਾਸ. ਸਿਫਰ, ਸੁਨਸਾਨ, ਮਹਾਦੇਵ, ਸ਼ਿਵ, ਆਸਰਾ, ਨੇੜੇ, ਲਾਗੇ, ਅਭਰਕ, ਪਾਣੀ ਬੱਦਲ, ਵਰਖਾ

नभःकेतन, नभःपान्थ–ਨਭ ਕੇਤਨ, ਨਭਃ ਪਾਂਥ, ਪੁ., ਸੂਰਜ

नभःसद्–ਨਭਃ ਸਦ, ਪੁ., ਦੇਵਤਾ, ਪੰਖੇਰੂ

नभःसरित–ਨਭਃਸਰਿਤ, ਇ., ਅਕਾਸ ਗੰਗਾ, ਛੜਿਆਂ ਦਾ ਰਾਹ

नभःसुत–ਨਭਃਸੁਤ, ਪੁ., ਪਵਨ, ਹਵਾ, ਵਾ

नभग–ਨਭਗ, ਪੁ., ਵੈਵਸਵਤ ਮਨੂ ਦੇ ਇਕ ਪੁੱਤਰ ਦਾ ਨਾਉਂ ਪੰਖੇਰੂ, ਹਵਾ, ਬੱਦਲ, ਵਿ., ਅਕਾਸ ਵਿਚ ਫਿਰਨ ਵਾਲਾ, ਬਦਕਿਸਮਤ

नभगनाथ–ਨਭਗਨਾਥ. ਪੁ., ਗਰੜ ਪੰਛੀ

नभगामी–ਨਭਗਾਮੀ, ਪੁ., ਸੂਰਜ, ਤਾਰਾ, ਦੇਵਤਾ, ਚੰਦਰਮਾ, ਪੰਖੇਰੂ

नभगेश–ਨਭਗੇਸ਼, ਪੁ., ਗਰੜ

नभचर–ਨਕਚਰ, ਪੁ., ਪੰਖੇਰੂ, ਬੱਦਲ, ਹਵਾ, ਦੇਵਤਾ ਆਦਿਕ

नभधुज–ਨਭਧੁਜ, ਪੁ., ਬੱਦਲ

नभनीरप–ਨਭਨੀਰਪ, ਪੁ., ਪਪੀਹਾ, ਬੰਬੀਹਾ, ਚਾਤ੍ਰਕ

नभस्थल–ਨਭਸਥਲ, ਪੁ., ਅਕਾਸ, ਸ਼ਿਵ, ਮਹਾਦੇਵ

नभस्य–ਨਭਸਜ, ਪੁ., ਭਾਦੋਂ ਦਾ ਮਹੀਨਾ

नभस्वान्–ਨਭਸ੍ਵਾਨ, ਪੁ., ਵਾ, ਹਵਾ

नभाक–ਨਭਾਗ, ਪੁ., ਹਨੇਰਾ, ਰਾਹੂ, ਇਕ ਰਿਸ਼ੀ ਦਾ ਨਾਉਂ

नभि–ਨਭਿ. ਇ., ਪਹੀਆ, ਚੱਕਰ

नभोग–ਨਭੋਗ, ਪੁ., ਪੰਖੇਰੂ, ਦੇਵਤਾ, ਗ੍ਰਹਿ, ਵਿ., ਅਕਾਸ਼ ਵਿਚ ਰਹਿਣ ਵਾਲਾ

नभोगति–ਨਭੋਗਤਿ, ਪੁ., ਦੇਖੋ ਨਭੋਗ (नभोग)

नभोदुह. नभोद्वीप, नभोध्वज–ਨਭੋਦੁਹ, ਨਭੋਦ੍ਵੀਪ, ਨਭੋਧ੍ਵਜ, ਪੁ., ਬੱਦਲ

नभोनदी–ਨਭੋਨਦੀ, ਇ., ਅਕਾਸ ਗੰਗਾ, ਛੜਿਆਂ ਦਾ ਰਾਹ

नभोमणि–ਨਭੋਮਣਿ, ਪੁ., ਸੂਰਜ

नभोयोनि–ਨਭੋਯੋਨਿ, ਪੁ., ਮਹਾਦੇਵ, ਸ਼ਿਵ

नभोरूप–ਨਭੋਰੂਪ, ਵਿ., ਨੀਲੇ ਰੰਗ ਦਾ

नभ्य–ਨਭਜ, ਪੁ., ਪਹੀਏ ਦੇ ਵਿਚਕਾਰਲਾ ਲੱਠ ਜਾਂ ਮੋਟੀ ਲੱਕੜ, ਧੁਰਾ, ਨਾਭ

नभ्राज्–ਨਭ੍ਰਾਜ, ਪੁ., ਬੱਦਲ

नम–ਨਮ, ਵਿ., ਗਿੱਲਾ, ਤਰ, ਭਿੱਜਿਆ ਹੋਇਆ, ਸਿਲ੍ਹਾ, ਸਲ੍ਹਾਬਾ, ਪੁ., ਨਖਸਕਾਰ, ਤਿਆਗ, ਅੰਨ, ਬੱਜਰ, ਜੋਗ, ਸਤੋਤਰ

नमक–ਨਮਕ, ਪੁ., ਲੂਣ, ਦਾਲ ਭਾਜੀ ਵਿਚ ਪਾਉਣ ਦਾ ਮਸ਼ਹੂਰ ਮਸਾਲਾ

नमकहराम–ਨਮਕਹਰਾਮ, ਪੁ., ਲੂਣ ਹਰਾਮੀ, ਕਿਰਤਘਨ

नमकहलाल–ਨਮਕਹਲਾਲ. ਪੁ., ਮਾਲਕ ਦਾ ਭਗਤ

नमकीन–ਨਮਕੀਨ, ਵਿ., ਜਿਸ ਵਿਚ ਲੂਣ ਹੋਵੇ, ਸਲੂਣਾ

नमगीरा–ਨਮਗੀਰਾ, ਪੁ., ਤਰੇਲ ਤੋਂ ਬਚਣ ਲਈ ਮੰਜੇ ਤੇ ਤਾਣੀ ਹੋਈ ਤਰਪਾਲ

नमत–ਨਮਤ, ਪੁ., ਮਾਲਕ, ਧੂਆਂ, ਨਟ, ਵਿ., ਨਰਮ, ਜੋ ਝੁਕੇ

नमदा–ਨਮਦਾ. ਪੁ., ਉੱਨ ਦਾ ਮੋਟਾ ਕਪੜਾ

नमन–ਨਮਨ, ਪੁ., ਨਮਸਕਾਰ, ਮੱਥਾ ਟੇਕਣ ਦੀ ਕਿਰਿਆ, ਪੈਰੀਂ ਪੈਣ ਦਾ ਭਾਵ

नमना–ਨਮਨਾ, ਕ੍ਰਿ., ਝੁਕਣਾ, ਨਮਸਕਾਰ ਕਰਨਾ

नमनीय–ਨਮਨੀਯ, ਵਿ., ਝੁਕਣ ਜਾਂ ਝੁਕਾਉਣ ਜੋਗ, ਨਮਸਕਾਰ ਕਰਨ ਦੇ ਲਾਇਕ

नमस्–ਨਮਸ, ਅਵ੍ਯ., ਦੇਖੋ ਨਮ (नम)

नमस्कार–ਨਮਸਕਾਰ, ਪੁ., ਝੁਕ ਕੇ ਮੱਥਾ ਟੇਕਣ ਦੀ ਕਿਰਿਆ

नमस्ते–ਨਮਸ੍ਤੇ, ਪੁ., ਦੇਖੋ ਨਮਸਕਾਰ (नमस्कार)

नमस्य–ਨਮਸਜ, ਵਿ., ਮਾਨ ਜੋਗ

नमस्या–ਨਮਸਜਾ, ਇ., ਪੂਜਾ

नमाज़–ਨਮਾਜ਼, ਇ., ਮੁਸਲਮਾਨਾਂ ਦੀ ਪੰਜ ਵੇਲੇ ਦੀ ਪੂਜਾ

नमाज़गाह–ਨਮਾਜ਼ਗਾਹ, ਪੁ., ਮਸਜਿਦ ਦੀ ਉਹ ਥਾਂ ਜਿਥੇ ਨਮਾਜ਼ ਪੜ੍ਹੀ ਜਾਂਦੀ ਹੈ

नमाज़ी–ਨਮਾਜ਼ੀ, ਪੁ., ਨਮਾਜ਼ ਪੜ੍ਹਨ ਵਾਲਾ

नमाना–ਨਮਾਨਾ, ਕ੍ਰਿ., ਝੁਕਾਉਣਾ, ਦਬਾਉ ਦੇ ਕੇ ਕਾਬੂ ਕਰਨਾ, ਨੀਵਾਂ ਕਰਨਾ

नमित–ਨਮਿਤ, ਵਿ., ਝੁਕਿਆ ਹੋਇਆ, ਨਿਵਿਆ ਹੋਇਆ

नमिस–ਨਮਿਸ, ਇ., ਇਕ ਖਾਸ ਤਰ੍ਹਾਂ ਨਾਲ ਤਿਆਰ ਕੀਤੀ ਹੋਈ ਝੱਗ ਜੋ ਸਰਦੀਆਂ ਵਿਚ ਖਾਈ ਜਾਂਦੀ ਹੈ

नमी–ਨਮੀ, ਇ., ਗਿੱਲਾਪਣ, ਤਰੀ, ਸਿਲ੍ਹ, ਸਲਾਭ

नमुचि–ਨਮੁਚਿ, ਪੁ., ਇਕ ਰਾਖਸ਼ ਦਾ ਨਾਉਂ, ਫੁੱਲਾਂ ਦਾ ਧਣੁਸ਼, ਕਾਮਦੇਵ

नमुचिसूदन–ਨਮੁਚਿਸੂਦਨ, ਪੁ., ਇੰਦਰ

नमूदार–ਨਮੂਦਾਰ, ਵਿ., ਪਰਗਟ, ਸਾਹਮਣੇ

नमूना–ਨਮੂਨਾ, ਪੁ., ਨਕਲ, ਵੰਨਗੀ, ਢਾਂਚਾ

नमेर, नमेरू–ਨਮੇਰ, ਨਮੇਰੂ, ਪੁ., ਰੁਦ੍ਰਾਖਸ਼ ਦਾ ਰੁੱਖ. ਇਕ ਤਰ੍ਹਾਂ ਦੀ ਸੁਪਾਰੀ

नमोगुरू–ਨਮੋਗੁਰੂ, ਪੁ., ਬ੍ਰਾਹਮਣ

नम्र–ਨਮ੍ਰ, ਵਿ., ਝੁਕਿਆ ਹੋਇਆ, ਨਰਮਦਿਲ, ਹਲੀਮ

नम्रक–ਨਮ੍ਰਕ, ਇ., ਬੈਂਤ ਦਾ ਰੁੱਖ

नम्रता–ਨਮ੍ਰਤਾ, ਇ., ਹਲੀਮੀ, ਗਰੀਬੀ, ਆਜਜ਼ੀ, ਨਿਮ੍ਰਤਾਈ

नय–ਨਯ, ਪੁ., ਨੀਤੀ, ਦਸਤੂਰ, ਨਿਮ੍ਰਤਾ, ਇਕ ਜੂਆ, ਵਿਸ਼ਨੂੰ

नयक–ਨਯਕ, ਵਿ., ਨੀਤੀ ਅਤੇ ਨਿਆਉਂ ਵਿਚ ਹੁਸ਼ਿਆਰ

नयकारी–ਨਯਕਾਰੀ, ਪੁ , ਨੱਚਣ ਵਾਲਿਆਂ ਦਾ ਸਰਦਾਰ, ਨਚਾਰ ਨੱਚਣ ਵਾਲਾ ਬੰਦਾ

नयन–ਨਯਨ. ਪੁ.. ਨੇਤਰ, ਅੱਖ, ਨੈਣ, ਦੀਦਾ, ਲੈ ਜਾਣ ਦਾ ਭਾਵ

नयनगोचर–ਨਯਨਗੋਚਰ, ਵਿ , ਜੋ ਅੱਖਾਂ ਦੇ ਸਾਹਮਣੇ ਹੋਵੇ

नयनपट–ਨਯਨਪਟ. ਪੁ., ਅੱਖ ਦੀ ਪਲਕ

नयनपुट- ਨਯਨਪੁਟ. ਪੁ., ਦੇਖੋ ਨਯਨਪਟ (नयनपट)

नयना–ਨਯਨਾ, ਕ੍ਰਿ., ਨਿੰਮਰ ਹੋਣਾ, ਝੁਕਣਾ, ਲਮਕਣਾ

नयनागर–ਨਯਨਾਗਰ, ਵਿ., ਦੇਖੋ ਨਯਕ (नयक)

नयनाञ्जन–ਨਯਨਾਂਜਨ. ਪੁ., ਅੱਖ ਦਾ ਸੁਰਮਾ

नयनापाङ्ग–ਨਯਨਾਪਾਂਗ. ਪੁ., ਅੱਖ ਦਾ ਕੋਇਆ

नयनाभिराम–ਨਯਨਾਭਿਰਾਮ, ਵਿ., ਅੱਖਾਂ ਨੂੰ ਪਿਆਰਾ ਲੱਗਣ ਵਾਲਾ, ਪੁ., ਚੰਦਰਮਾ, ਚੰਨ

नयनी–ਨਯਨੀ, ਇ., ਅੱਖ ਦੀ ਪੁਤਲੀ, ਵਿ., ਅੱਖਾਂ ਵਾਲੀ

नयनू–ਨਯਨੂ. ਪੁ.. ਮੱਖਣ, ਇਕ ਤਰ੍ਹਾਂ ਦੀ ਮਲਮਲ

नयनोत्सव–ਨਯੋਤਸਵ, ਪੁ.. ਦਵਾ

नयनौषध–ਨਯਨੌਸ਼ਧ, ਪੁ., ਪੀਲਾ ਕਸੀਸ, ਅੱਖ ਦੀ ਦਵਾ

नयपीठी–ਨਯਪੀਠੀ, ਇ., ਇਕ ਤਰ੍ਹਾਂ ਦਾ ਜੂਏ ਦਾ ਖੇਲ

नयर–ਨਯਰ, ਪੁ., ਸ਼ਹਿਰ, ਨਗਰ

नयशास्त्र–ਨਯਸ਼ਾਸਤ੍ਰ, ਪੁ., ਨੀਤੀ ਸ਼ਾਸਤਰ

नयशील–ਨਯਸ਼ੀਲ, ਵਿ., ਨੀਤੀ ਜਾਨਣ ਵਾਲਾ, ਨਿੰਮਰ

नया–ਨਯਾ, ਵਿ., ਥੋੜ੍ਹੇ ਚਿਰ ਦਾ ਬਣਿਆ ਹੋਇਆ, ਨਵਾਂ, ਸੱਜਰਾ, ਤਾਜ਼ਾ, ਅਣੋਖਾ

नयापन–ਨਯਾਪਨ , ਪੁ., ਨਵਾਂਪਣ

नयाम–ਨਯਾਮ, ਪੁ., ਤਲਵਾਰ ਦਾ ਮਿਆਨ

नरंग–ਨਰੰਗ, ਪੁ., ਨਾਰੰਗੀ ਦਾ ਰੁੱਖ

नर–ਨਰ, ਪੁ., ਪਰਮਾਤਮਾ, ਵਿਸ਼ਨੂੰ. ਸ਼ਿਵ, ਮਹਾਦੇਵ, ਮਰਦ, ਮਨੁੱਖ, ਆਦਮੀ. ਇਕ ਤਰ੍ਹਾਂ ਦਾ ਦੇਵਤਾ, ਇਕ ਘਾਹ, ਕੀਲਾ, ਸੇਵਦਾਰ, ਪਾਣੀ ਵਾਲਾ ਨਲਕਾ, ਪੰਪ, ਵਿ., ਦਲੇਰ

नरई–ਨਰਈ, ਇ., ਕਣਕ ਦੀ ਬੱਲੀ ਟਾਹਣੀ, ਪਾਣੀ ਦਾ ਘਾਹ

नरकंत–ਨਰਕੰਤ, ਪੁ., ਰਾਜਾ

नरक–ਨਰਕ, ਪੁ., ਦੋਜਖ, ਉਹ ਥਾਂ ਜਿਥੇ ਪਾਪੀ ਜਾਂਦੇ ਹਨ

नरककुण्ड–ਨਰਕਕੁੰਡ, ਪੁ., ਨਰਕ ਦਾ ਡੂੰਘਾ ਟੋਆ ਜਿਥੇ ਪਾਪੀ ਦੁਖ ਭੋਗਦੇ ਹਨ

नरकगामी–ਨਰਕਗਾਮੀ, ਵਿ., ਨਰਕ ਨੂੰ ਜਾਣ ਵਾਲਾ

नरकचतुर्दशी–ਨਰਕਚਤੁਰਦਸ਼ੀ, ਇ., ਕੱਤਕ ਵਦੀ ਚੌਦੇਂ ਜਿਸ ਦਿਨ ਘਰ ਦਾ ਕੂੜਾ ਕਰਕਟ ਬਾਹਰ ਸਿੱਟਿਆ ਜਾਂਦਾ ਹੈ

नरकट–ਨਰਕਟ, ਪੁ., ਬੈਂਤ ਵਰਗਾ ਰੁੱਖ

नरकपाल–ਨਰਕਪਾਲ, ਪੁ., ਮੁਰਦੇ ਦੀ ਖੋਪੜੀ

नरकासुर–ਨਰਕਾਸੁਰ, ਪੁ., ਇਕ ਰਾਖਸ਼

नरकी–ਨਰਕੀ, ਵਿ., ਦੇਖੋ ਨਾਰਕੀ (नारकी)

नरकेशरी–ਨਰਕੇਸ਼ਰੀ, ਪੁ., ਨਰਸਿੰਘ, ਮਨੁੱਖ ਤੋਂ ਚੰਗਾ

नरकौतुक–ਨਰਕੌਤੁਕ ਪੁ., ਮਦਾਰੀ ਦਾ ਖੇਲ੍ਹ

नरकौकश–ਨਰਕੌਕਸ਼, ਵਿੰ., ਨਰਕ ਵਾਸੀ, ਨਰਕ ਗਾਮੀ

नरगिस–ਨਰਗਿਸ. ਪੁ., ਪਿਆਜ਼ ਵਰਗਾ ਇਕ ਬੂਟਾ ਜਿਸ ਤੇ ਕਲੀ ਵਰਗੇ ਸੋਹਣੇ ਗੋਲ ਫੁੱਲ ਲਗਦੇ ਹਨ ਅਤੇ ਖੁਸ਼ਬੂਦਾਰ ਹੁੰਦਾ ਹੈ

नरगिसी–ਨਰਗਿਸੀ, ਪੁ., ਇਕ ਤਰ੍ਹਾ ਦਾ ਕਪੜਾ

नरतात–ਨਰਤਾਤ. ਪੁ., ਰਾਜਾ

नरत्व–ਨਰਤ੍ਵ. ਪੁ., ਆਦਮੀਅਤ. ਮਨੁੱਖਪਣ. ਮਨੁੱਖਤਾ

नरद–ਨਰਦ, ਇ., ਚੋਪੜ ਜਾਂ ਸਤਰੰਜ ਦਾ ਮੁਹਰਾ, ਗੋਟ, ਸ਼ਬਦ, ਅਵਾਜ਼

नरदन–ਨਰਦਨ, ਇ., ਗੱਜਣ ਦੀ ਕਿਰਿਆ, ਅਵਾਜ਼ ਕਰਨ ਦੀ ਕਿਰਿਆ

नरदवां–ਨਰਦਵਾਂ, ਪੁ., ਪਤਨਾਲਾ, ਨਲਕਾ, ਪਰਨਾਲਾ

नरदा–ਨਰਦਾ, ਪੁ., ਮੈਲਾ ਪਾਣੀ ਵਹਿਣ ਦੀ ਨਾਲੀ

नरदारा–ਨਰਦਾਰਾ, ਪੁ., ਹੀਜੜਾ, ਨਾਮਰਦ, ਜਨਖ਼ਾ, ਵਿ.,

ਡਰਪੋਕ, ਬੁਜ਼ਦਿਲ

नरदेव-ਨਰਦੇਵ, ਪੁ., ਰਾਜਾ, ਬ੍ਰਾਹਮਣ

नरनाथ-ਨਰਨਾਥ, ਪੁ., ਰਾਜਾ, ਚੰਗਾ ਆਦਮੀ

नरनारायण-ਨਰਨਾਰਾਯਣ, ਪੁ., ਨਰ ਅਤੇ ਨਾਰਾਯਣ ਨਾਂ ਦੇ ਦੋ ਰਿਸ਼ੀ; ਆਦਮੀ ਤੇ ਰੱਬ

नरनारि-ਨਰਨਾਰਿ, ਇ., ਅਰਜੁਨ ਦੀ ਤੀਵੀਂ, ਦ੍ਰੋਪਤੀ

नरनाह-ਨਰਨਾਹ, ਪੁ., ਰਾਜਾ

नरनाहर-ਨਰਨਾਹਰ, ਪੁ., ਨਰਸਿੰਘ ਭਗਵਾਨ

नरपद-ਨਰਪਦ, ਪੁ., ਦੇਸ਼, ਨਗਰ

नरपति-ਨਰਪਤਿ, ਪੁ., ਦੇਖੋ ਨਰਨਾਹ (नरनाह)

नरपालि-ਨਰਪਾਲਿ, ਪੁ., ਛੋਟਾ ਸੰਖ

नरपिशाच-ਨਰਪਿਸ਼ਾਚ, ਪੁ., ਰਾਖਸ਼ਾਂ ਵਾਂਙ ਕੰਮ ਕਰਨ ਵਾਲਾ ਮਨੁੱਖ

नरपुङ्गव-ਨਰਪੁੰਗਵ, ਪੁ., ਮਨੁੱਖਾਂ ਵਿਚੋਂ ਚੰਗਾ

नरपुर-ਨਰਪੁਰ, ਪੁ., ਮਿਰਤਲੋਕ, ਮਾਤਲੋਕ

नरप्रिय-ਨਰਪ੍ਰਿਯ, ਵਿ., ਸੋਹਣਾ ਲੱਗਣ ਵਾਲਾ, ਪੁ., ਕਬੂਤਰ

नरवदा-ਨਰਬਦਾ, ਇ., ਇਕ ਨਦੀ ਦਾ ਨਾਉਂ

नरबलि-ਨਰਬਲਿ, ਪੁ., ਮਨੁੱਖ ਦੀ ਦੇਵਤੇ ਨੂੰ ਭੇਟ

नरभक्षी-ਨਰਭਕਸ਼ੀ, ਪੁ., ਦੈਂਤ, ਰਾਖਸ਼

नरभूमि-ਨਰਭੂਮਿ, ਇ., ਭਾਰਤ, ਹਿੰਦੁਸਤਾਨ

नरम-ਨਰਮ, ਵਿ., ਕੋਮਲ, ਚਿਤੁੰਕਣਾ, ਠੀਕ, ਸਹੀ, ਮੁਲਾਇਮ

नरमट-ਨਰਮਟ, ਇ.. ਉਹ ਥਾਂ ਜਿਥੇ ਦੀ ਮਿੱਟੀ ਮੁਲਾਇਮ ਹੋਵੇ

नरमलोहा-ਨਰਮਲੋਹਾ, ਪੁ., ਅੱਗ ਵਿਚ ਲਾਲ ਕਰ ਕੇ ਪਾਣੀ ਵਿਚ ਠੰਡਾ ਕੀਤਾ ਹੋਇਆ ਲੋਹਾ

नरमा-ਨਰਮਾ, ਇ., ਇਕ ਤਰ੍ਹਾਂ ਦੀ ਕਪਾਹ, ਕੰਨ ਦਾ ਹੇਠਲਾ ਹਿੱਸਾ

नरमाई-ਨਰਮਾਈ, ਇ., ਨਰਮੀ, ਨਿੰਮ੍ਰਤਾ, ਅਧੀਨਗੀ

नरमाना-ਨਰਮਾਨਾ, ਕ੍ਰਿ., ਮੁਲਾਇਮ ਕਰਨਾ, ਨਰਮ ਕਰਨਾ

नरमानिका, नरमानिकी-ਨਰਮਾਨਿਕਾ, ਨਰਮਾਨਿਕੀ, ਇ., ਮੁੱਛ ਦਾੜ੍ਹੀ ਵਾਲੀ ਤੀਵੀਂ

नरमावड़ी-ਨਰਮਾਵੜੀ, ਇ., ਜੰਗਲੀ ਕਪਾਹ

नरमी-ਨਰਮੀ, ਇ., ਨਰਮ ਹੋਣ ਦਾ ਗੁਣ, ਨਰਮਾਈ, ਅਧੀਨਗੀ

नरमेध-ਨਰਮੇਧ, ਪੁ., ਮਨੁੱਖ ਦੇ ਮਾਸ ਦੀ ਅਹੂਤੀ ਦਿੱਤੀ ਜਾਣ ਵਾਲਾ ਜੱਗ

नरलोक-ਨਰਲੋਕ, ਪੁ., ਦੁਨੀਆ, ਮਾਤਲੋਕ

नरवरी-ਨਰਵਰੀ, ਇ., ਖੱਤ੍ਰੀਆਂ ਦੀ ਇਕ ਜਾਤ

नरवल्लभ-ਨਰਵੱਲਭ, ਪੁ., ਕਬੂਤਰ

नरवा-ਨਰਵਾ, ਪੁ., ਇਕ ਤਰ੍ਹਾਂ ਦੀ ਚਿੜੀ

नरवाई-ਨਰਵਾਈ, ਇ., ਦੇਖੋ ਨਰਈ (नरई)

नरवाह-ਨਰਵਾਹ, ਪੁ., ਉਹ ਸਵਾਰੀ ਜਿਸ ਨੂੰ ਮਨੁੱਖ ਖਿੱਚੇ, ਪਾਲਕੀ

नरव्याघ्र-ਨਰਵ੍ਯਾਘ੍ਰ, ਪੁ., ਪਾਣੀ ਦਾ ਇਕ ਜਾਨਵਰ, ਮਨੁੱਖਾਂ ਵਿਚੋਂ ਬਹਾਦੁਰ ਮਨੁੱਖ

नरशक्र-ਨਰਸ਼ਕ੍ਰ, ਪੁ., ਰਾਜਾ

नरसार-ਨਰਸਾਰ, ਪੁ., ਨੌਸ਼ਾਦਰ

नरसिंग-ਨਰਸਿੰਗ, ਪੁ., ਇਕ ਵਿਲਾਯਤੀ ਫੁੱਲ

नरसिंगा, नरसिंघा-ਨਰਸਿੰਗਾ, ਨਰਸਿੰਘਾ, ਪੁ., ਇਕ ਤਰ੍ਹਾਂ ਦੀ ਤੁਤੀ

नरसिंह-ਨਰਸਿੰਹ, ਪੁ., ਇਕ ਅਵਤਾਰ

नरसिंहज्वर-ਨਰਸਿੰਹਜ੍ਵਰ, ਪੁ., ਤਿੱਨਾਂ ਦਿਨਾਂ ਪਿਛੋਂ ਚੌਥੇ ਦਿਨ ਠੀਕ ਹੋਣ ਵਾਲਾ ਬੁਖਾਰ, ਪੈਰ ਦੀ ਉਹ ਹੱਡੀ ਜੋ ਪਿੰਨੀ ਦੇ ਉਤੇ ਹੁੰਦੀ ਹੈ

नरसिंह पुराण-ਨਰਸਿੰਹ ਪੁਰਾਣ, ਪੁ., ਇਕ ਉਪਪੁਰਾਣ

नरहरि-ਨਰਹਰਿ, ਪੁ., ਨਿਰਸਿੰਘ ਭਗਵਾਨ

नरहरी-ਨਰਹਰੀ, ਪੁ., ਇਕ ਛੰਦ

नरांतक-ਨਰਾਂਤਕ, ਪੁ., ਰੌਣ ਦਾ ਇਕ ਪੁੱਤਰ

नरा-ਨਰਾ, ਪੁ., ਸੂਤ ਲਪੇਟਣ ਵਾਲਾ ਨੜਾ, ਇਕ ਤਰ੍ਹਾਂ ਦਾ ਪਤਲਾ ਬਾਂਸ

नराच-ਨਰਾਚ, ਪੁ., ਤੀਰ, ਬਾਣ, ਇਕ ਸੰਦ

नराज-ਨਰਾਜ, ਵਿ., ਦੇਖੋ ਨਾਰਾਜ (नाराज)

नराजना-ਨਰਾਜਨਾ, ਕ੍ਰਿ., ਨਰਾਜ਼ ਹੋਣਾ ਜਾਂ ਕਰਨਾ

नराट-ਨਰਾਟ, ਪੁ., ਰਾਜਾ

नराधम-ਨਰਾਧਮ, ਪੁ.. ਨੀਚ ਮਨੁੱਖ, ਭੈੜਾ ਬੰਦਾ

नराधिप-ਨਰਾਧਿਪ, ਪੁ., ਰਾਜਾ, ਸੋਨਾਪਾਠਾ, ਵੱਡੇ ਅਮਲਤਾਸ ਦਾ ਰੁੱਖ

नरी-ਨਰੀ, ਇ., ਤੀਵੀਂ, ਔਰਤ, ਚਮੜੀ, ਖੱਲ, ਬੱਕਰੀ ਦਾ ਰੰਗਿਆ ਹੋਇਆ ਚੰਮ, ਇਕ ਤਰ੍ਹਾਂ ਦਾ ਕੱਾਨਾ, ਇਕ ਘਾਹ, ਪੁ., ਇਕ ਤਰ੍ਹਾਂ ਦਾ ਬਗਲਾ, ਫੂਕਣੀ, ਧੌਂਕਣੀ

नरुई-ਨਰੁਈ, ਇ., ਛੋਟੀ ਨੜੀ

नरुवा-ਨਰੁਵਾ, ਵਿ., ਅੰਨ ਦੇ ਬੂਟੇ ਦੀ ਡੰਡੀ ਜੋ ਪੀਲੀ ਹੁੰਦੀ ਹੈ

नरेन्द्र-ਨਰੇਂਦ੍ਰ, ਪੁ.. ਰਾਜਾ, ਸੱਪ, ਬਿੱਛੂ ਆਦਿਕ ਦੇ ਕੱਟੇ ਹੋਏ ਦਾ ਇਲਾਜ ਕਰਨ ਵਾਲਾ ਬੰਦਾ, ਅਮਲਤਾਸ, ਗੁੱਲਕੜ, ਅੰਸਫਲੀ, ਅਗਰ ਦਾ ਰੁੱਖ

नरेवी-ਨਰੇਬੀ, ਪੁ, ਇਕ ਤਰ੍ਹਾਂ ਦਾ ਰੁੱਖ ਜਿਸ ਦੇ ਛਿਲਕੇ ਦਾ ਖਾਕੀ ਰੰਗ ਬਣਦਾ ਹੈ

नरेश-ਨਰੇਸ਼, ਪੁ.. ਰਾਜਾ

नरोत्तम-ਨਰੋਤਮ, ਪੁ., ਪਰਮਾਤਮਾ, ਚੰਗਾ ਆਦਮੀ

नरोह-ਨਰੋਹ, ਇ., ਪੈਰ ਦੀ ਪਿੰਨੀ ਦੀ ਹੱਡੀ, ਕੋਲ੍ਹ ਦੀ ਨਾਲ ਜਿਸ ਵਿਚੋਂ ਰਸ ਨਿਕਲਦਾ ਹੈ

नर्त, नर्तक-ਨਰਤ, ਨਰਤਕ, ਪੁ., ਨੱਚਣ ਵਾਲਾ ਭਟ, ਇਕ ਦੋਗਲੀ ਜਾਤ, ਰਾਜਾ, ਮਹਾਦੇਵ, ਮੋਰ, ਮਹੂਆ

नर्तकी-ਨਰਤਕੀ, ਇ., ਨੱਚਣ ਵਾਲੀ ਔਰਤ, ਰੰਡੀ, ਹਥਣੀ, ਵੇਸਵਾ, ਨਾਚੀ

नर्तन-ਨਰਤਨ, ਪੁ., ਨਾਚ, ਵਿ., ਨੱਚਣ ਵਾਲਾ

नर्तनप्रिय-ਨਰਤਨਪ੍ਰਿਯ, ਪੁ., ਉਹ ਜੋ ਨੱਚਣਾ ਪਸੰਦ ਕਰਦਾਂ ਹੋਵੇ, ਮੋਰ

नर्तनशाला-ਨਰਤਨਸ਼ਾਲਾ, ਇ., ਨੱਚਣ ਵਾਲਾ ਥਾਂ, ਨਾਚਘਰ

नर्तनागार-ਨਰਤਨਾਗਾਰ, ਪੁ., ਨਾਚਘਰ

नर्तना-ਨਰਤਨਾ, ਕ੍ਰਿ., ਨੱਚਣਾ

नर्द-ਨਰਦ, ਇ., ਚੌਪੜ ਦੀ ਗੋਟ

नर्दकी-ਨਰਦਕੀ, ਇ., ਇਕ ਤਰ੍ਹਾਂ ਦੀ ਕਪਾਹ

नर्दवान-ਨਰਦਬਾਨ, ਪੁ., ਲੱਕੜ ਦੀ ਬਣੀ ਹੋਈ ਪੌੜੀ

नर्दा-ਨਰਦਾ, ਪੁ., ਗੰਦਾ ਨਾਲਾ

नर्म-ਨਰਮ, ਪੁ., ਇਕ ਦੇਵਤਾ, ਹਾਸਾ, ਦਿਲਲਗੀ, ਵਿ., ਦੇਖੋ ਨਰਮ (नरम)

नर्मदा-ਨਰਮਦਾ, ਇ., ਇਕ ਨਦੀ, ਇਕ ਖੁਸ਼ਬੂਦਾਰ ਪਦਾਰਥ

नर्मदेश्वर-ਨਰਮਦੇਸ੍ਵਰ, ਪੁ., ਨਰਮਦਾ ਨਦੀ ਵਿਚੋਂ ਨਿਕਲਣ ਵਾਲੀ ਇਕ ਸ਼ਿਵਲਿੰਗ ਦੀ ਮੂਰਤੀ

नर्मरा-ਨਰਮਰਾ, ਇ., ਗੁਫ਼ਾ, ਖੋਹ, ਪਾਤਰ, ਬੁੱਢੀ ਤੀਵੀਂ, ਧੌਂਕਣੀ

नर्य-ਨਰਯ, ਵਿ., ਤਕੜਾ, ਹਿੰਮਤੀ, ਵੀਰ, ਬਹਾਦੁਰ, ਦਲੇਰ

नर्री-ਨਰਰੀ, ਇ., ਇਕ ਬਾਰਾਂਮਾਸੀ ਘਾਹ ਜੋ ਕੱਲਰ ਵਿਚ ਹੀ ਹੁੰਦਾ ਹੈ, ਇਕ ਤਰ੍ਹਾਂ ਦਾ ਪਹਾੜੀ ਬਾਂਸ

नल-ਨਲ, ਪੁ., ਕੰਵਲ, ਬੈਂਤ ਵਰਗਾ ਰੁੱਖ, ਇਕ ਰਾਜੇ ਦਾ ਨਾਉਂ, ਲੋਹੇ ਜਾਂ ਬਾਂਸ ਦੀ ਥੋਥੀ ਨਲੀ, ਪਤਾਲੂ

नलक-ਨਲਕ, ਪੁ., ਨੜੀ ਦੀ ਸ਼ਕਲ ਦੀ ਹੱਡੀ

नलका-ਨਲਕਾ, ਪੁ., ਛੋਟਾ ਨਲ

नलकिनी, नलकील-ਨਲਕਿਨੀ, ਨਲਕੀਲ, ਇ., ਪੱਟ, ਗੋਡੇ

नलकूबर-ਨਲਕੁਬਰ, ਪੁ., ਕੁਬੇਰ ਦੇ ਇਕ ਪੁੱਤਰ ਦਾ ਨਾਉਂ

नलद-ਨਲਦ, ਪੁ., ਫੁੱਲ ਦਾ ਰਸ, ਖਸ, ਇਕ ਬੂਟੀ, ਬਾਲਛੜ

नलदम्बु-ਨਲਦੰਬੁ, ਪੁ., ਨਿੰਮ ਦਾ ਰੁੱਖ

नलदा-ਨਲਦਾ, ਇ., ਜਟਾਮਾਸੀ ਤੇ ਬਾਲਛੜ ਨਾਉਂ ਦੀ ਬੂਟੀ

नलपट्टिका-ਨਲਪੱਟਿਕਾ, ਇ., ਇਕ ਕਿਸਮ ਦੀ ਚਟਾਈ

नलवा-ਨਲਵਾ, ਪੁ., ਗਊਆਂ ਆਦਿਕ ਨੂੰ ਪਿਲਾਉਣ ਦੀ ਨਾਲ

नला-ਨਲਾ, ਪੁ., ਪੇਡੂ ਦੇ ਅੰਦਰਲੀ ਨਲਕੀ ਜਿਸ ਰਾਹੀਂ ਮੂਤਰ ਹੇਠਾਂ ਉਤਰਦਾ ਹੈ, ਹੱਥ ਜਾਂ ਪੈਰ ਦੀ ਇਕ ਹੱਡੀ

नलाई-ਨਲਾਈ, ਇ., ਬੀਜੇ ਹੋਏ ਖੇਤ ਵਿਚੋਂ ਘਾਹ ਆਦਿਕ ਕੱਢਣ ਦੀ ਮਜ਼ਦੂਰੀ ਜਾਂ ਕੰਮ

नलाना-ਨਲਾਨਾ, ਕ੍ਰਿ., ਖੇਤੀ ਵਿਚੋਂ ਘਾਹ ਆਦਿਕ ਕੱਢਣਾ, ਗੋਡੀ ਕਰਾਉਣਾ

नलिका-ਨਲਿਕਾ, ਇ., ਪੁਰਾਣਾ ਹਥਿਆਰ, ਨਲਕੀ ਦੀ ਸ਼ਕਲ ਦੀ ਕੋਈ ਚੀਜ਼, ਪਾਣੀ ਵਗਣ ਦੀ ਨਾਲੀ, ਚੋਂਗਾ, ਇਕ ਸਾਗ, ਪੁਦੀਨਾ

नलिन-ਨਲਿਨ, ਪੁ., ਕਮਲ, ਨੀਲ ਪਾਣੀ, ਨਿੰਮ, ਸਾਰਸ ਪੰਖੇਰੂ, ਕਰੌਂਦਾ

नलिनी-ਨਲਿਨੀ, ਇ., ਕਮਲਿਨੀ, ਕਮਲ, ਗੰਗਾ ਦੀ ਇਕ ਧਾਰ ਦਾ ਨਾਉਂ, ਖੋਪੇ ਦੀ ਸ਼ਰਾਬ, ਨੱਕ ਦੀ ਖੱਬੀ ਨਾਸ, ਨਦੀ

नलिनीनन्दन-ਨਲਿਨੀਨੰਦਨ, ਪੁ., ਕੁਬੇਰ ਦੇ ਬਗੀਚੇ ਦਾ ਨਾਉਂ

नलिनेशय-ਨਲਿਨੇਸ਼ਯ, ਪੁ., ਬ੍ਰਹਮਾ

नली-ਨਲੀ, ਇ., ਮੈਨਸਿਲ, ਇਕ ਤਰ੍ਹਾਂ ਦੀ ਖੁਸ਼ਬੂਦਾਰ ਚੀਜ਼, ਛੋਟੀ ਪਤਲੀ ਨਲਕੀ, ਨਲ ਵਰਗੀ ਹੱਡੀ, ਬੰਦੂਕ ਦੀ ਨਾਲੀ, ਜੁਲਾਹੇ ਦੀ ਪੋਲੀ ਨਲਕੀ

नलीमोज़-ਨਲੀਮੋਜ਼, ਪੁ., ਇਕ ਤਰ੍ਹਾਂ ਦਾ ਕਬੂਤਰ ਜਿਸ ਦੇ ਪੰਜਿਆਂ ਤਕ ਫੰਘ ਹੁੰਦੇ ਹਨ

नलुआ-ਨਲੁਆ, ਪੁ., ਬਾਂਸ ਦੀ ਪੋਰੀ, ਛੋਟੀ ਨਲੀ, ਡੰਗਰਾਂ ਦਾ ਇਕ ਰੋਗ

नलुका-ਨਲੁਕਾ, ਇ., ਜਾਯਫਲ ਦਾ ਬੂਟਾ

नवंबर-ਨਵੰਬਰ, ਪੁ., ਅੰਗਰੇਜ਼ੀ ਸਾਲ ਦਾ ਗਿਆਰਵਾਂ ਮਹੀਨਾ

नव-ਨਵ, ਪੁ., ਸਤੋਤ੍ਰ, ਵਿ., ਦੇਖੋ ਨਯਾ (नया) ਨੌਂ ਦੀ ਗਿਣਤੀ ਦਾ

नवकारिका-ਨਵਕਾਰਿਕਾ, ਇ., ਨਵੀਂ ਵਿਆਹੀ ਤੀਵੀਂ

नवकालिका-ਨਵਕਾਲਿਕਾ, ਇ., ਜੁਆਨ ਤੀਵੀਂ, ਹੁੰਦੜਹੇਲ, ਮੁਟਿਆਰ

नवकुमारी-ਨਵਕੁਮਾਰੀ, ਇ., ਨੌ ਕੁਮਾਰੀਆਂ ਜਿਨ੍ਹਾਂ ਦੀ ਪੂਜਾ ਨਰਾਤਿਆਂ ਵਿਚ ਹੁੰਦੀ ਹੈ

नवखण्ड-ਨਵਖੰਡ, ਪੁ., ਧਰਤੀ ਦੇ ਨੌ ਹਿੱਸੇ

नवग्रह-ਨਵਗ੍ਰਹ, ਪੁ., ਸੂਰਜ ਚੰਦ ਆਦਿਕ ਨੌਂ ਗ੍ਰਹਿ

नवता-ਨਵਤਾ, ਪੁ., ਢਾਲਵੀਂ ਧਰਤੀ, ਢਲਾਣ, ਇ., ਨਵਾਂਪਣ ਨਵੀਨਤਾ

नवतिका-ਨਵਤਿਕਾ, ਇ., ਫੋਟੋ ਵਿਚ ਰੰਗ ਭਰਨ ਦੀ ਕੂਚੀ

नवदल-ਨਵਦਲ, ਪੁ., ਨਵਾਂ ਪੱਤਾ, ਕਰੂੰਬਲ

नवदुर्गा-ਨਵਦੁਰਗਾ, ਇ., ਦੁਰਗਾ ਦੇਵੀ ਦੇ ਨੌਂ ਭੇਦ

नवद्वार-ਨਵਦ੍ਵਾਰ, ਪੁ., ਸਰੀਰ ਦੇ ਨੌਂ ਦਰਵਾਜੇ, ਜਿਵੇਂ, ਦੋ ਅੱਖਾਂ ਦੋ ਕੰਨ ਦੋ ਨ੍ਹਾਸਾਂ, ਮੂੰਹ, ਗੁਦਾ, ਲਿੰਗ ਜਾਂ ਭਗ

नवधा-ਨਵਧਾ, ਅਵਜ., ਨੌਂ ਗੁਣਾ, ਨੌਂ ਬਾਰ

नवधाभक्ति-ਨਵਧਾਭਕ੍ਤਿ, ਇ., ਨੌ ਤਰ੍ਹਾਂ ਦੀ ਭਗਤੀ, ਜਿਵੇਂ ਸੁਣਨ ਕੀਰਤਨ, ਸਿਮਰਨ, ਚਰਨ ਸੇਵਾ, ਪੂਜਨ, ਪ੍ਰਣਾਮ, ਦੋਸਤੀ, ਸੇਵਾ ਭਾਵ ਅਤੇ ਆਪਣੀ ਭੇਟਾ

नवना-ਨਵਨਾ, ਕ੍ਰਿ., ਝੁਕਣਾ, ਨਿਉਂਣਾ, ਨਿਮ੍ਰ ਹੋਣਾ

नवनीत-ਨਵਨੀਤ, ਪੁ., ਮੱਖਣ, ਸ੍ਰੀ ਕ੍ਰਿਸ਼ਨ

नवनीतक-ਨਵਨੀਤਕ, ਪੁ., ਘਿਉ, ਮੱਖਣ

नवपद-ਨਵਪਦ, ਪੁ., ਜੈਨੀਆਂ ਦੇ ਪੂਜਣ ਦੀ ਮੂਰਤੀ

नवमल्लिका-ਨਵਮੱਲਿਕਾ, ਇ., ਚਮੇਲੀ

नवमांश-ਨਵਮਾਂਸ਼, ਪੁ., ਨੌਵਾਂ ਹਿੱਸਾ

नवमालिका-ਨਵਮਾਲਿਕਾ, ਇ., ਚਮੇਲੀ, ਇਕ ਛੰਦ

नवमी-ਨਵਮੀ, ਇ., ਨੌਵੀਂ ਤਿਥ, ਨੌਮੀ

नवयुवक-ਨਵਯੁਵਕ, ਪੁ., ਨੌਜੁਆਨ, ਜੁਆਨ

नवयौवन-ਨਵ ਜੌਵਨ. ਪੁ.. ਜੁਆਨੀ. ਨਵੀਂ ਜੁਆਨੀ

नवयौवना-ਨਵਯੌਵਨਾ, ਇ., ਜੁਆਨ ਤੀਵੀਂ. ਮੁਟਿਆਰ

नवरंग-ਨਵਰੰਗ, ਵਿ., ਖ਼ੂਬਸੂਰਤ, ਸੋਹਣਾ, ਅਲਬੇਲਾ

नवरंगी-ਨਵਰੰਗੀ, ਵਿ., ਹਸਮੁਖ, ਰੰਗੀਲਾ, ਖ਼ੁਸ਼ਮਿਜਾਜ਼

नवरत्न-ਨਵਰਤ੍ਨ. ਪੁ., ਮੋਤੀ. ਪੰਨਾ, ਮਣੀ, ਗੋਮੇਦ, ਹੀਰਾ, ਮੂੰਗਾ, ਲਹਸੁਨੀਆ, ਪਦਮ ਰਾਗ ਅਤੇ ਨੀਲਮ ਆਦਿਕ ਨੌ ਰਤਨ. ਵਿਕ੍ਰਮਾਦਿੱਤ ਦੀ ਸਭਾ ਦੇ ਨੌ ਰਤਨ ਕਾਲੀਦਾਸ ਆਦਿਕ, ਗਲ ਦਾ ਹਾਰ

नवरस-ਨਵਰਸ, ਪੁ., ਕੱਾਵ ਦੇ ਸ਼ਿੰਗਾਰ ਕਰੁਣ ਆਦਿਕ ਨੌ ਰਸ

नवरात्र-ਨਵਰਾਤ੍ਰ, ਪੁ., ਚੇਤਰ ਅਤੇ ਅੱਸੂ ਦੇ ਮਹੀਨੇ ਜੋ ਬਰਤ ਦੁਰਗਾ ਦੇ ਉਪਾਸ਼ਕ ਰਖਦੇ ਹਨ, ਨਰਾਤੇ

नवल-ਨਵਲ, ਵਿ., ਨਵਾਂ. ਸੋਹਣਾ, ਜੁਆਨ, ਸਾਫ਼

नवलकिशोर-ਨਵਲਕਿਸ਼ੋਰ, ਪੁ., ਸ੍ਰੀ ਕ੍ਰਿਸ਼ਨ

नवलवधु-ਨਵਲਵਧੁ, ਇ., ਮੁਗਧਾ ਨਾਇਕਾ ਦੇ ਚਹੁੰ ਭੇਦਾਂ ਵਿਚੋਂ ਇਕ ਹੈ

नवला-ਨਵਲਾ, ਇ., ਨਵੀਂ ਤੀਵੀਂ, ਮੁਟਿਆਰ, ਵਿ., ਨਵੀਂ

नवलेवा-ਨਵਲੇਵਾ, ਪੁ., ਨਦੀ ਦੇ ਕੰਢੇ ਦੀ ਦਲਦਲ

नववधू-ਨਵਵਧੂ. ਇ., ਨਵੀਂ ਵਿਆਹੀ ਤੀਵੀਂ

नववरिका-ਨਵਵਰਿਕਾ, ਇ., ਦੇਖੋ ਨਵਵਧੁ (नववधू)

नववर्ष-ਨਵਵਰਸ਼, ਪੁ., ਨਵਾਂ ਸਾਲ

नवविध-ਨਵਵਿਧ, ਵਿ., ਨੌਂ ਤਰ੍ਹਾਂ ਦਾ

नवशक्ति-ਨਵਸ਼ਕ੍ਤਿ, ਇ., ਨੌਂ ਤਰ੍ਹਾਂ ਦੀਆਂ ਸ਼ਕਤੀਆਂ

नवसंगम-ਨਵਸੰਗਮ, ਪੁ., ਮਾਲਕ ਤੀਵੀਂ ਦਾ ਪਹਿਲਾ ਮਿਲਣ, ਸੁਹਾਗ ਰਾਤ

नवसू, नवसूतिका-ਨਵਸੂ, ਨਵਸੁਤਿਕਾ, ਇ., ਨਵੀਂ ਜੱਚਾ ਔਰਤ

नवां-ਨਵਾਂ, ਵਿ., ਨੌਵਾਂ, ਨੌ ਦੀ ਗਿਣਤੀ ਪੂਰਾ ਕਰਨ ਵਾਲਾ

नवाज़-ਨਵਾਜ਼, ਵਿ., ਮਿਹਰ ਕਰਨ ਵਾਲਾ

नवाज़ना-ਨਵਾਜ਼ਨਾ, ਕ੍ਰਿ., ਮਿਹਰ ਕਰਨਾ, ਇੱਜ਼ਤ ਕਰਨਾ, ਸਤਿਕਾਰ ਕਰਨਾ

नवाज़िश-ਨਵਾਜ਼ਿਸ਼, ਇ.. ਮਿਹਰ, ਕਿਰਪਾ. ਮਿਹਰਬਾਨੀ

नवाब-ਨਵਾਬ, ਪੁ., ਸ਼ਹਿਰ ਜਾਂ ਜ਼ਿਲੇ ਦਾ ਹਾਕਮ, ਰਈਸ

नवाबज़ादा-ਨਵਾਬਜ਼ਾਦਾ, ਪੁ., ਨਵਾਬ ਦਾ ਮੁੰਡਾ, ਵੱਡਾ ਸ਼ੁਕੀਨ

नवाबी-ਨਵਾਬੀ, ਇ., ਨਵਾਬ ਦਾ ਦਰਜਾ ਜਾਂ ਕੰਮ

नवासा-ਨਵਾਸਾ, ਪੁ., ਕੁੜੀ ਦਾ ਮੁੰਡਾ, ਦੋਹਤਾ

नवासी-ਨਵਾਸੀ, ਵਿ., ਨੌਂ ਉਤੇ ਅੱਸੀ

नवाह-ਨਵਾਹ, ਪੁ., ਨੌ ਦਿਨ, ਕਿਸੇ ਮਹੀਨੇ ਜਾਂ ਸਾਲ ਦਾ ਨਵਾਂ ਦਿਨ

नवि-ਨਵਿ, ਇ., ਵੱਛੇ ਦੀ ਰੱਸੀ ਜੋ ਧਾਰ ਕੱਢਣ ਵੇਲੇ ਗਊ ਦੇ ਪੈਰਾਂ ਨੂੰ ਬੰਨ੍ਹ ਦਿੰਦੇ ਹਨ, ਨਿਆਣਾ

नवीन-ਨਵੀਨ, ਵਿ., ਨਵਾਂ

नवीनता-ਨਵੀਨਤਾ, ਇ., ਨਵਾਂਪਣ, ਸੱਜਰਾ ਪਣ

नवीस-ਨਵੀਸ, ਪੁ., ਲਿਖਾਰੀ

नवीसी-ਨਵੀਸੀ, ਇ., ਲਿਖਾਈ, ਲਿਖਤ

नवेद-ਨਵੇਦ, ਇ., ਨਿਉਂਦਾ, ਸੱਦਾ

नवेला-ਨਵੇਲਾ, ਵਿ., ਨਵਾਂ ਜੁਆਨ, ਗੱਭਰੂ

नवेली-ਨਵੇਲੀ, ਇ.. ਨਵੀਂ. ਜੁਆਨ ਤੀਵੀਂ, ਮੁਟਿਆਰ

नवोढा-ਨਵੋੜ੍ਹਾ, ਇ., ਨਵੀਂ ਵਿਆਹੀ ਤੀਵੀਂ

नव्य-ਨਵ੍ਯ, ਵਿ., ਨਵਾਂ, ਤਾਜ਼ਾ

नशा-ਨਸ਼ਾ, ਪੁ., ਮਦ, ਮਸਤੀ, ਸ਼ਰਾਬ ਆਦਿਕ ਦਾ ਅਮਲ, ਮਸਤ ਕਰਨ ਵਾਲੀ ਚੀਜ਼, ਹੰਕਾਰ

नशाखोर-ਨਸ਼ਾਖੋਰ, ਪੁ., ਜੋ ਨਸ਼ਾ ਵਰਤੇ, ਅਮਲੀ

नशीन-ਨਸ਼ੀਨ, ਵਿ., ਬਣਾਉਣ ਵਾਲਾ, ਰਚਨਹਾਰ

नशीला-ਨਸ਼ੀਲਾ, ਵਿ., ਨਸ਼ਾ ਲਿਆਉਣ ਵਾਲਾ

नशेबाज़-ਨਸ਼ੇਬਾਜ਼, ਵਿ., ਜੋ ਨਸ਼ਾ ਵਰਤੇ

नश्तर-ਨਸ਼੍ਤਰ, ਪੁ., ਲਹੂ ਕੱਢਣ ਵਾਲਾ ਇਕ ਹਥਿਆਰ

नश्वर-ਨਸ਼੍ਵਰ, ਵਿ., ਨਾਸ ਹੋਣ ਵਾਲਾ

नष्ट-ਨਸ਼੍ਟ, ਵਿ., ਬਰਬਾਦ, ਤਬਾਹ, ਨੀਚ

नष्टचित्त-ਨਸ਼੍ਟਚਿੱਤ, ਵਿ., ਮਤਵਾਲਾ, ਪਾਗਲ

नष्टचेतन-ਨਸ਼੍ਟਚੇਤਨ, ਪੁ.. ਬੇਹੋਸ਼, ਮਦਹੋਸ਼

नष्टचेष्टता-ਨਸ਼੍ਟ ਚੇਸ਼੍ਟਤਾ, ਇ., ਬੇਹੋਸ਼ੀ

नष्टजन्मा-ਨਸ਼੍ਟਜੰਮਾ, ਵਿ., ਦੋਗਲਾ, ਹਰਾਮੀ

नष्टता-ਨਸ਼੍ਟਤਾ, ਇ., ਨਸ਼ਟ ਹੋਣ ਦਾ ਕੰਮ. ਬਰਬਾਦੀ

नष्टदृष्टि-ਨਸ਼੍ਟਦ੍ਰਿਸ਼੍ਟਿ, ਵਿ., ਅੰਨ੍ਹਾ, ਮੁਨਾਖਾ

नष्टबुद्धि-ਨਸ਼੍ਟਬੁੱਧਿ, ਵਿ., ਮੂਰਖ

नष्टभ्रष्ट-ਨਸ਼੍ਟਭ੍ਰਸ਼੍ਟ, ਵਿ., ਟੁੱਟਿਆ ਫੁੱਟਿਆ, ਬਰਬਾਦ

नष्टमार्गण-ਨਸ਼੍ਟਮਾਰਗਣ, ਪੁ., ਖੋਈ ਹੋਈ ਦੀ ਭਾਲ

नष्टविष-ਨਸ਼੍ਟਵਿਸ਼. ਵਿ., ਉਹ ਜ਼ਹਿਰੀਲਾ ਜਾਨਵਰ ਜਿਸ ਦੀ ਵਿਹੁ ਦੂਰ ਹੋ ਗਈ ਹੋਵੇ

नष्टबीज-ਨਸ਼੍ਟਵੀਜ, ਪੁ., ਉਹ ਬੀਜ ਜੋ ਬੀਜਣ ਤੋਂ ਨਾ ਜੰਮੇ

नष्टवेदन-ਨਸ਼੍ਟਵੇਦਨ, ਪੁ., ਦੇਖੋ ਨਸ਼ਟ ਮਾਰਗਣ (नष्टमार्गण)

नष्टशुक्र-ਨਸ਼੍ਟਸ਼ੁਕ੍ਰ, ਵਿ., ਜਿਸ ਦਾ ਵੀਰਜ ਖਤਮ ਹੋ ਚੁਕਾ ਹੋਵੇ

नष्टा-ਨਸ਼੍ਟਾ, ਇ., ਬਦਮਾਸ਼, ਲੁੱਚੀ, ਰੰਡੀ

नसंक-ਨਸੰਕ, ਵਿ., ਬੇਖੌਫ਼, ਨਿਧੜਕ, ਨਿਡਰ

नस-ਨਸ, ਇ., ਨਾੜੀ, ਰਗ, ਨਾੜ

नसकटा-ਨਸਕਟਾ, ਪੁ., ਨਾਮਰਦ, ਹੀਜੜਾ

नसतरंग-ਨਸਤਰੰਗ, ਪੁ., ਸ਼ਹਨਾਈ ਵਰਗਾ ਇਕ ਵਾਜਾ

नसतालीक़-ਨਸਤਾਲੀਕ, ਪੁ., ਫ਼ਾਰਸੀ ਜਾਂ ਅਰਬੀ ਲਿਖਣ ਦਾ ਤਰੀਕਾ

नसना-ਨਸਨਾ, ਕ੍ਰਿ., ਬਰਬਾਦ ਹੋਣਾ, ਭੱਜਣਾ

नसफाड़-ਨਸਫਾੜ, ਪੁ., ਹਾਥੀ ਦੇ ਪੈਰ ਫੁੱਲਣ ਦੀ ਬੀਮਾਰੀ

नसर-ਨਸਰ, ਇ., ਦੱਦ, ਅਰਬ ਦੇ ਦੇਵਤੇ ਦੀ ਤਸਵੀਰ

नसल–ਨਸਲ, ਇ., ਕੁਲ, ਖਾਨਦਾਨ, ਮੂਹੀਂ,

नसवार–ਨਸਵਾਰ, ਇ., ਨੱਕ ਵਿਚ ਚੜ੍ਹਾਉਣ ਵਾਲੀ ਕੁੱਟੀ ਹੋਈ ਦਵਾ, ਸੁੰਘਣੀ

नसा–ਨਸਾ, ਇ., ਨੱਕ

नसाना–ਨਸਾਨਾ, ਕ੍ਰਿ., ਬਿਗੜਣਾ, ਭਜਾਉਣਾ, ਨਾਸ ਕਰਨਾ

नसी–ਨਸੀ, ਇ., ਹਲ ਦੀ ਫਾਲ ਦਾ ਅਗਲਾ ਹਿੱਸਾ

नसीठ–ਨਸੀਠ, ਪੁ., ਅਪਸ਼ਗਣ, ਭੈੜਾ ਸਗਣ

नसीनी–ਨਸੀਨੀ, ਇ., ਪੌੜੀ

नसीब. नसीबा–ਨਸੀਬ, ਨਸੀਬਾ, ਪੁ., ਕਿਸਮਤ ਭਾਗ

नसीम–ਨਸੀਮ, ਪੁ., ਠੰਢੀ ਧੀਮੀ ਚੱਲਣ ਵਾਲੀ ਵਾ

नसीहत–ਨਸੀਹਤ. ਇ., ਸਿੱਖਿਆ, ਚੰਗੀ ਸਲਾਹ

नसीहा–ਨਸੀਹਾ, ਪੁ., ਹਲਕਾ ਹਲ ਜੋ ਪੋਲੀ ਮਿੱਟੀ ਨੂੰ ਵਾਹੁਣ ਲਈ ਵਰਤਿਆ ਜਾਂਦਾ ਹੈ

नसूड़िया–ਨਸੂੜਿਯਾ, ਵਿ., ਮਨਹੂਸ, ਚੰਦਰਾ, ਨਸੂੜ੍ਹੇ ਵਰਗੇ ਰੰਗ ਦਾ

नसेनी–ਨਸੇਨੀ. ਇ., ਪੌੜੀ

नस्त–ਨਸ੍ਤ, ਪੁ., ਨੱਕ, ਇਕ ਤਰ੍ਹਾਂ ਦੀ ਨਸਵਾਰ

नस्तरण–ਨਸ੍ਤਰਣ, ਪੁ., ਚਿੱਟਾ ਗੁਲਾਬ. ਇਕ ਤਰ੍ਹਾਂ ਦਾ ਕਪੜਾ

नस्ता–ਨਸ੍ਤਾ, ਇ.. ਡੰਗਰਾਂ ਦੇ ਨੱਕ ਦਾ ਛੇਕ

नस्य–ਨਸਜ, ਪੁ., ਦੇਖੋ ਨਸਵਾਰ (नसवार)

नस्या–ਨਸਜਾ. ਇ.. ਨੱਕ ਦਾ ਛੇਕ

नहुं–ਨਹੁੰ. ਪੁ., ਨਹੁੰ. ਨਾਖੂਨ

नहछू–ਨਹਛੂ, ਪੁ., ਹਿੰਦੂਆਂ ਦੇ ਵਿਆਹ ਦੀ ਇਕ ਰਸਮ ਜਿਸ ਵਿਚ ਵਰ ਦੀ ਹਜਾਮਤ ਬਣਵਾਈ ਤੇ ਬਟਣਾ ਮਲਿਆ ਜਾਂਦਾ ਹੈ

नहट्टा–ਨਹੱਟਾ, ਪੁ., ਨਹੁੰਆਂ ਨਾਲ ਕੀਤੀ ਖੁਰਕ

नहना–ਨਹਨਾ, ਕ੍ਰਿ., ਕੰਮ ਵਿਚ ਲਾਉਣਾ, ਜੋੜਨਾ

नहरनी–ਨਹਰਨੀ, ਇ., ਨਹੁੰ ਕੱਟਣ ਦਾ ਸੰਦ. ਨਹੇਰਨੀ

नहरम–ਨਹਰਮ, ਇ.. ਇਕ ਤਰ੍ਹਾਂ ਦੀ ਮੱਛੀ

नहरी–ਨਹਰੀ. ਇ., ਛੋਟੀ ਨਹਿਰ, ਉਹ ਭੋਂ ਜਿਸ ਨੂੰ ਨਹਿਰ ਦਾ ਪਾਣੀ ਲਗੇ, ਵਿ., ਨਹਿਰ ਦਾ

नहरुआ–ਨਹਰੁਆ, ਪੁ., ਲੱਕ ਤੋਂ ਹੇਠਾਂ ਹੋਣ ਵਾਲੀ ਇਕ ਬੀਮਾਰੀ

नहला–ਨਹਲਾ, ਪੁ., ਤਾਸ਼ ਦਾ ਨੌਂ ਬੂਟੀਆਂ ਵਾਲਾ ਪੱਤਾ, ਨਹਿਲਾ

नहलाई–ਨਹਲਾਈ, ਇ., ਅਸ਼ਨਾਨ ਦਾ ਕੰਮ, ਨ੍ਹਲਾਈ, ਨ੍ਹਾਉਣ

नहलाना–ਨਹਲਾਨਾ, ਕ੍ਰਿ., ਅਸ਼ਨਾਨ ਕਰਾਉਣਾ, ਨ੍ਹਵਾਉਣਾ

नहवाना–ਨਹਵਾਨਾ, ਕ੍ਰਿ., ਦੇਖੋ ਨਹਲਾਨਾ (नहलाना)

नहां–ਨਹਾਂ, ਪੁ., ਪਹੀਏ ਦਾ ਵਿਚਕਾਰਲਾ ਛੇਕ, ਘਰ ਦਾ ਮੂਹਰਲਾ ਵੇਹੜਾ

नहाना–ਨਹਾਨਾ, ਕ੍ਰਿ., ਪਿੰਡਾ ਧੋਣਾ, ਅਸ਼ਨਾਨ ਕਰਨਾ, ਨ੍ਹਾਉਣਾ

नहानी–ਨਹਾਨੀ, ਇ., ਤੀਵੀਂ ਦਾ ਭਿੱਟੀ ਜਾਣ ਦਾ ਭਾਵ, ਕਪੜੇ ਆਉਣ ਦਾ ਭਾਵ

नहार–ਨਹਾਰ, ਵਿ., ਜਿਸ ਨੇ ਸਵੇਰੇ ਤੋਂ ਹੀ ਕੁਝ ਨਾ ਖਾਇਆ ਹੋਵੇ. ਨਿਰਣੇ ਕਾਲਜੇ, ਨਿਰਾਹਾਰ

नहारी–ਨਹਾਰੀ, ਇ., ਸਵੇਰੇ ਦਾ ਖਾਣਾ, ਛਾਹ ਵੇਲਾ, ਹਾਜਰੀ, ਘੋੜੇ ਨੂੰ ਖੁਆਉਣ ਲਈ ਜੌਂ ਮਿਲਾਇਆ ਆਟਾ

नहि–ਨਹਿ, ਅਵਜ., ਕਦੀ ਨਹੀਂ

नहिअन–ਨਹਿਅਨ, ਪੁ.. ਤੀਵੀਂ ਦੀ ਉਂਗਲੀ ਦਾ ਇਕ ਗਹਿਣਾ

नहीं–ਨਹੀਂ; ਅਵਜ., ਨਾ, ਇਨਕਾਰ ਜਤਲਾਉਣ ਦਾ ਸ਼ਬਦ

नहीं तो–ਨਹੀਂ ਤੋ, ਕ੍ਰਿ. ਵਿ., ਜੇ ਇਹ ਗੱਲ ਨਾ ਹੋਵੇ ਫੇਰ

नहुष–ਨਹੁਸ਼. ਪੁ., ਵਿਸ਼ਨੂੰ, ਇਕ ਸੱਪ ਦਾ ਨਾਉਂ, ਇਕ ਰਾਜੇ ਦਾ ਨਾਉਂ

नहूर–ਨਹੂਰ, ਇ , ਇਕ ਤਰ੍ਹਾਂ ਦੀ ਤਿੱਬਤ ਦੀ ਭੇਡ

नाउं–ਨਾਉਂ, ਪੁ., ਦੇਖੋ ਨਾਮ (नाम)

नाँगा–ਨਾਂਗਾ, ਵਿ.. ਦੇਖੋ ਨੰਗਾ (नंगा)

नाँघना–ਨਾਂਘਨਾ, ਕ੍ਰਿ., ਉੱਛਲ ਕੇ ਦੂਸਰੇ ਪਾਸੇ ਜਾਣਾ, ਲੰਘਣਾ

नाँद–ਨਾਂਦ, ਇ., ਚੌੜੇ ਮੂੰਹ ਦਾ ਮਿੱਟੀ ਦਾ ਇਕ ਵੱਡਾ ਭਾਂਡਾ ਜਿਸ ਵਿਚ ਡੰਗਰਾਂ ਨੂੰ ਖਾਣ ਲਈ ਚਾਰਾ ਦਿੱਤਾ ਜਾਂਦਾ ਹੈ, ਖੁਰਲੀ

नाँदना–ਨਾਂਦਨਾ, ਕ੍ਰਿ., ਰੌਲਾ ਪਾਉਣਾ, ਖੁਸ਼ ਹੋਣਾ, ਛਿੱਕ ਮਾਰਨੀ, ਦੀਵੇ ਦਾ ਬੁਝਣ ਤੋਂ ਪਹਿਲਾਂ ਭੜਕਣਾ

नाँव–ਨਾਂਵ, ਪੁ., ਦੇਖੋ ਨਾਮ (नाम)

ना–ਨਾ, ਅਵਜ., ਨਹੀਂ; ਨਾ

नाइत्तिफाकी–ਨਾਇੱਤਿਫ਼ਾਕੀ, ਇ., ਵੈਰ, ਮਤਭੇਦ, ਫੁਟ

नाइन–ਨਾਇਨ, ਇ., ਨਾਈ ਦੀ ਵਹੁਟੀ, ਨਾਈ ਦੇ ਘਰਵਾਲੀ

नाईं–ਨਾਈਂ; ਕ੍ਰਿ. ਵਿ., ਵਾਕਰ, ਵਾਙ, ਤਰ੍ਹਾਂ, ਸਮਾਨ, ਬਰਾਬਰ

नाई–ਨਾਈ, ਪੁ.. ਹਜਾਮਤ ਕਰਨ ਵਾਲਾ ਬੰਦਾ, ਇਕ ਖਾਸ ਕੌਮ

नाउ–ਨਾਉ, ਇ., ਕਿਸ਼ਤੀ, ਬੇੜੀ

नाउत–ਨਾਉਤ. ਪੁ., ਭੂਤ ਪ੍ਰੇਤ ਨੂੰ ਝਾੜਨ ਵਾਲਾ, ਮਾਂਦਰੀ

नाक–ਨਾਕ, ਪੁ., ਸੁਰਗ, ਅਕਾਸ, ਕਿਸੇ ਹਥਿਆਰ ਦੀ ਚੋਟ, ਨੱਕ, ਸੀਂਢ, ਚਰਖੇ ਦੀ ਹੱਥੀ, ਇੱਜ਼ਤ, ਮਾਨ

नाकड़ा–ਨਾਕੜਾ, ਪੁ., ਨੱਕ ਦਾ ਇਕ ਰੋਗ

नाकनटी–ਨਾਕਨਟੀ, ਇ., ਸੁਰਗ ਦੀ ਨਾਚੀ, ਅਪਸਰਾ

नाकनाथ–ਨਾਕਨਾਥ, ਪੁ., ਇੰਦਰ ਦੇਵਤਾ

नाका–ਨਾਕਾ, ਪੁ., ਪਿੰਡ ਵਿਚ ਵੜਨ ਦੀ ਥਾਉਂ, ਨਾਂਘਾ; ਫਾਟਕ, ਲਾਂਘਾ

नाकाबंदी–ਨਾਕਾਬੰਦੀ, ਇ., ਨਾਂਘਾ ਰੋਕਣ ਦਾ ਭਾਵ, ਕਿਸੇ ਰਾਹ ਤੋਂ ਆਉਣ ਜਾਣ ਦੀ ਰੋਕ

नाकाबिल- ਨਾਕਾਬਿਲ, ਵਿ., ਨਾਲਾਇਕ

नाकारा–ਨਾਕਾਰਾ, ਵਿ., ਨਿਕੰਮਾ, ਜੋ ਕਿਸੇ ਕੰਮ ਦਾ ਨਹੀਂ,

ਵਿਹਲੜ

नाकिस–ਨਾਕਿਸ, ਵਿ., ਦੇਖੋ ਨਾਕਾਰਾ (नाकारा)

नाकी–ਨਾਕੀ, ਪੁ., ਦੇਵਤਾ

नाकु–ਨਾਕੁ, ਪੁ., ਇਕ ਰਿਸ਼ੀ ਦਾ ਨਾਂ, ਪਹਾੜ, ਟਿੱਬਾ

नाकेदार–ਨਾਕੇਦਾਰ, ਪੁ., ਨਾਂਘੇ ਜਾਂ ਫਾਟਕ ਤੇ ਰਹਿਣ ਵਾਲਾ ਸਿਪਾਈ

नाखना–ਨਾਖਨਾ, ਕ੍ਰਿ.. ਵਿਗਾੜਨਾ, ਨਾਸ ਕਰਨਾ

नाखुना–ਨਾਖੁਨਾ, ਪੁ... ਅੱਖ ਦੀ ਇਕ ਬੀਮਾਰੀ

नाखुश–ਨਾਖੁਸ਼, ਵਿ., ਨਾਰਾਜ਼, ਗੁੱਸੇ

नाख़ून–ਨਾਖ਼ੂਨ, ਪੁ., ਨਹੁੰ, ਡੱਗਰਾਂ ਦੇ ਖ਼ੂਰ ਦਾ ਵਧਿਆ ਹੋਇਆ ਕਿਨਾਰਾ

नाग–ਨਾਗ, ਪੁ., ਪਤਾਲ ਦੇ ਵਾਸੀ ਸ਼ੱਪ ਜਿਨ੍ਹਾਂ ਦਾ ਮੂੰਹ ਮਨੁੱਖਾਂ ਵਰਗਾ ਹੈ, ਸੱਪ, ਇਕ ਦੇਸ ਦੇ ਹਾਥੀ, ਰਾਂਗਾ, ਸੀਸਾ, ਕਲੀ. ਸਿੱਕਾ, ਜਿਸਤ

नागकन्या–ਨਾਗਕਨਜਾ, ਇ., ਨਾਂਗਾ ਜਾਤ ਦੀ ਕੁੜੀ

नागकेसर–ਨਾਗਕੇਸਰ. ਪੁ., ਇਕ ਬੂਟੀ

नागगर्भ–ਨਾਗਗਰਭ, ਪੁ., ਸਿੰਧੂਰ

नागचूड़–ਨਾਗਚੂੜ, ਪੁ., ਸ਼ਿਵ. ਮਹਾਦੇਵ

नागझाग–ਨਾਗਝਾਗ. ਪੁ., ਅਫੀਮ. ਫੀਮ

नागदन्त–ਨਾਗਦੰਤ, ਪੁ.. ਹਾਥੀ ਦੰਦ, ਕਪੜੇ ਟੰਗਣ ਦਾ ਕਿੱਲਾ

नागदलोपम–ਨਾਗਦਲੋਪਮ, ਪੁ., ਫਾਲਸਾ

नागदौन–ਨਾਗਦੌਨ, ਪੁ., ਛੋਟੇ ਕੱਦ ਦਾ ਇਕ ਰੁੱਖ ਜੋ ਸ਼ਿਮਲੇ ਅਤੇ ਜ਼ਿਲਾ ਹਜ਼ਾਰੇ ਵਿਚ ਮਿਲਦਾ ਹੈ

नागधर–ਨਾਗਧਰ, ਪੁ., ਸ਼ਿਵ, ਮਹਾਦੇਵ

नागनग–ਨਾਗਨਗ, ਪੁ., ਰਾਜ ਮੋਤੀ

नावपंचमी–ਨਾਗਪੰਚਮੀ, ਇ., ਸੌਣ ਸੁਦੀ ਪੰਚਮੀ

नागपति–ਨਾਗਪਤਿ, ਪੁ., ਵਾਸਕੀ ਨਾਗ, ਐਰਾਵਤ ਹਾਥੀ

नागपर्णी–ਨਾਗਪਰਣੀ, ਇ., ਪਾਨ, ਇਕ ਵੇਲ

नागपाश–ਨਾਗਪਾਸ਼, ਇ., ਵਰੁਣ ਦੇ ਇਕ ਹਥਿਆਰ ਦਾ ਨਾਉਂ ਜਿਸ ਨਾਲ ਦੁਸ਼ਮਣ ਨੂੰ ਬੰਨ੍ਹ ਲੈਂਦੇ ਸੀ

नागपुर–ਨਾਗਪੁਰ, ਪੁ., ਭੋਗਵਤੀ ਨਾਉਂ ਦੀ ਨਗਰੀ ਜੋ ਪਤਾਲ ਵਿਚ ਹੈ

नागपुष्प–ਨਾਗਪੁਸ਼ਪ, ਪੁ., ਨਾਗਕੇਸਰ, ਚਮੇਲੀ

नागपुष्पी–ਨਾਗਪੁਸ਼ਪੀ, ਇ., ਮੇਂਢਾ ਸਿੰਗੀ ਨਾਉਂ ਦੀ ਬੂਟੀ

नागफनी–ਨਾਗਫਨੀ. ਇ., ਇਕ ਪਰਸਿੱਧ ਬੂਟੀ

नागफाँस–ਨਾਗਫਾਂਸ. ਪੁ., ਦੇਖੋ ਨਾਗਪਾਸ਼ (नागपाश)

नागफेन–ਨਾਗਫੇਨ, ਪੁ., ਅਫੀਮ, ਫੀਮ

नागबन्धु–ਨਾਗਬੰਧੁ, ਪੁ., ਪਿੱਪਲ ਦਾ ਰੁੱਖ

नागवेल–ਨਾਗਬੇਲ, ਇ., ਪਾਨ ਦੀ ਵੇਲ, ਪਾਨ, ਘੋੜੇ ਦੀ ਟੇਢੀ ਚਾਲ

नागभगिनी–ਨਾਗਭਗਿਨੀ, ਇ., ਵਾਸਕੀ ਦੀ ਭੈਣ ਜਰਤਕਾਰੂ

नागमती–ਨਾਗਮਤੀ, ਇ., ਇਕ ਵੇਲ ਦਾ ਨਾਉਂ

नागमाता–ਨਾਗਮਾਤਾ, ਇ., ਸੱਪਾਂ ਦੀ ਮਾਂ ਕੱਦਰੂ, ਮੈਨਸਲ

नागर–ਨਾਗਰ, ਵਿ., ਸ਼ਹਿਰ ਦੇ ਰਹਿਣ ਵਾਲਾ, ਹੁਸ਼ਿਆਰ, ਪੁ., ਦੇਉਰ, ਨਾਰੰਗੀ, ਨਾਗਰਮੋਥਾ, ਇਕ ਦੇਸ ਦਾ ਨਾਉਂ

नागरक–ਨਾਗਰਕ, ਵਿ., ਕਾਰੀਗਰ, ਚੋਰ, ਸ਼ਹਿਰੀ

नागरता–ਨਾਗਰਤਾ, ਇ., ਸ਼ਹਿਰੀਪਣ. ਤਹਿਜ਼ੀਬ, ਭਲਮਾਣਸੀ

नागरबेल–ਨਾਗਰਬੇਲ, ਇ., ਦੇਖੋ ਨਾਗਬੇਲ (नागवेल)

नागरमुस्ता. नागरमोथा–ਨਾਗਰਮੁਸਤਾ, ਨਾਗਰਮੋਥਾ, ਇ., ਇਕ ਖੁਸ਼ਬੂਦਾਰ ਘਾਹ ਜਿਸ ਦੀ ਜੜ ਦਵਾਈ ਵਾਙ ਵਰਤੀ ਜਾਂਦੀ ਹੈ

नागराज–ਨਾਗਰਾਜ, ਪੁ., ਸ਼ੇਸ਼ਨਾਗ, ਐਰਾਵਤ ਹਾਥੀ

नागरिक–ਨਾਗਰਿਕ, ਵਿ., ਸ਼ਹਿਰ ਦਾ, ਸ਼ਹਿਰੀ, ਹੁਸ਼ਿਆਰ

नागरी–ਨਾਗਰੀ, ਇ., ਸ਼ਹਿਰ ਦੀ ਤੀਵੀਂ, ਥੋਹਰ, ਇਕ ਲਿਪੀ ਜਿਸ ਵਿਚ ਸੰਸਕ੍ਰਿਤ ਅਤੇ ਹਿੰਦੀ ਲਿਖੀ ਜਾਂਦੀ ਹੈ

नागरीट–ਨਾਗਰੀਟ, ਇ., ਲੁੱਚਾਲੰਡਾ, ਬਦਮਾਸ਼, ਗੁੰਡਾ, ਜਾਰ, ਬਾਜਾਰੂ

नागरुक–ਨਾਗਰੁਕ, ਪੁ., ਨਾਰੰਗੀ

नागल–ਨਾਗਲ, ਪੁ., ਜੂਲੇ ਦੀ ਰੱਸੀ ਜਿਸ ਨਾਲ ਬਲਦ ਦਾ ਕੰਨ੍ਹਾ ਬੰਨ੍ਹਿਆ ਜਾਂਦਾ ਹੈ, ਜੋਤ

नागलोक–ਲਾਗਲੋਕ. ਪੁ., ਪਤਾਲ

नागवल्लरी. नागवल्लिका–ਨਾਗਵੱਲਰੀ, ਨਾਗਵੱਲਿਕਾ, ਇ., ਪਾਨ ਦੀ ਵੇਲ

नागवार–ਨਾਗਵਾਰ. ਵਿ., ਦੁਪਿਆਰਾ, ਜੋ ਸਹਿਆ ਨਾ ਜਾਵੇ

नागवारिक–ਨਾਗਵਾਰਿਕ, ਪੁ.. ਮਹਾਵਤ, ਗਰੜ, ਮੋਰ

नागवृक्ष–ਨਾਗਵ੍ਰਿਕਸ਼, ਪੁ., ਨਾਗਕੇਸਰ ਦਾ ਰੁੱਖ

नागहाँ–ਨਾਗਹਾਂ, ਕ੍ਰਿ. ਵਿ., ਅਚਾਣਕ, ਇਕ ਦਮ

नागहानी–ਨਾਗਹਾਨੀ, ਵਿ., ਅਚਾਣਕ ਆਈ ਹੋਈ

नागा–ਨਾਗਾ, ਪੁ.,ਸ਼ਿਵ ਜੀ ਦੇ ਭਗਤ ਜੋ ਹਰ ਵੇਲੇ ਨੰਗੇ ਰਹਿੰਦੇ ਹਨ, ਨਾਂਗਾ, ਅਸਾਮ ਵੱਲ ਰਹਿਣ ਵਾਲੀ ਇਕ ਜਾਤ, ਨੰਗਾ ਰਹਿਣ ਵਾਲਾ ਫਕੀਰ

नाग़ा–ਨਾਗ਼ਾ, ਪੁ., ਛੁੱਟੀ, ਥੋੜੇ ਚਿਰ ਦੀ ਰੋਕ, ਗੈਰਹਾਜ਼ਰੀ

नागाख्य–ਨਾਗਾਖਜ, ਪੁ., ਨਾਗਕੇਸਰ

नागाङ्गना–ਨਾਗਾਂਗਨਾ, ਇ., ਨਾਗਾਂ ਦੀ ਵਹੁਟੀ

नागाञ्जना–ਨਾਗਾਂਜਨਾ, ਇ., ਹਥਣੀ

नागाधिपति–ਨਾਗਾਧਿਪਤਿ, ਪੁ.. ਹਾਥੀ ਜਾਂ ਸੱਪਾਂ ਦਾ ਰਾਜਾ

नागान्तक–ਨਾਗਾਂਤਕ, ਪੁ., ਗਰੜ. ਮੋਰ, ਸ਼ੇਰ

नागार्जुन–ਨਾਗਾਰਜੁਨ, ਪੁ., ਵਿਦਰਭ ਦੇਸ ਦੇ ਰਹਿਣ ਵਾਲਾ ਇਕ ਬ੍ਰਾਹਮਣ ਜੋ ਬੁੱਧ ਧਰਮ ਦਾ ਪਰਚਾਰ ਕਰਦਾ ਸੀ, ਚੌਰਾਸੀ ਸਿੱਧਾਂ ਵਿਚੋਂ ਇਕ

नागार्जुनी–ਨਾਗਾਰਜੁਨੀ, ਇ., ਦੂਧੀਆ ਘਾਹ

नागालाबु–ਨਾਗਾਲਾਬੁ, ਪੁ., ਗੋਲ ਕੱਦੂ

नागिन–ਨਾਗਿਨ, ਇ.,ਸੱਪਣੀ, ਡੰਗਰਾਂ ਦੀ ਪਿੱਠ ਤੇ ਹੋਣ ਵਾਲੀ ਇਕ ਭੌਰੀ

नागुला-ਨਾਗੁਲਾ, ਪੁ., ਨਿਉਲਾ

नागेन्द्र, नागेश्वर-ਨਾਗੇਂਦ੍ਰ, ਨਾਗੇਸ਼੍ਵਰ, ਪੁ., ਐਰਾਵਤ ਨਾਉਂ ਦਾ ਹਾਥੀ, ਸ਼ੇਸ਼ਨਾਗ, ਵੱਡਾ ਹਾਥੀ, ਵੱਡਾ ਸੱਪ

नागोद-ਨਾਗੋਦ, ਪੁ., ਸੀਨਾਬੰਦ, ਛਾਤੀ ਦਾ ਲੋਹੇ ਦਾ ਸੰਜੋਇ

नागोदर-ਨਾਗੋਦਰ, ਪੁ., ਗਰਭਿਣੀ ਦੇ ਗਰਭ ਦਾ ਇਕ ਰੋਗ

नागौर-ਨਾਗੌਰ, ਪੁ., ਬੀਕਾਨੇਰ ਰਾਜ ਦੇ ਲਾਗੇ ਇਕ ਥਾਂ ਜਿਥੇ ਦੇ ਗਊ ਬਲੁਦ ਬਹੁਤ ਮਸ਼ਹੂਰ ਹਨ, ਵਿ., ਚੰਗੀ ਜਾਤ ਦਾ ਬਲਦ, ਵੱਛਾ

नागौरी-ਨਾਗੌਰੀ, ਵਿ., ਨਾਗੌਰ ਦਾ ਬਲੁਦ ਵੱਛਾ ਆਦਿਕ, ਇਕ ਜਾਤ ਦੀ ਗਊ, ਨਾਗੌਰ ਦਾ

नाच-ਨਾਚ, ਪੁ., ਨੱਚਣ ਦਾ ਕੰਮ ਜਾਂ ਢੰਗ. ਖੇਲੁ, ਕੰਮ ਧੰਧਾ

नाचकूद-ਨਾਚਕੂਦ, ਇ., ਨਾਚ ਤਮਾਸ਼ਾ, ਵੱਡਿਆਈ ਪਰਗਟ ਕਰਨ ਦਾ ਹੰਭਲਾ, ਡੀਂਗ, ਸ਼ੇਖ਼ੀ

नाचघर-ਨਾਚਘਰ, ਪੁ., ਉਹ ਥਾਂ ਜਿਥੇ ਨਾਚ ਆਦਿਕ ਹੋਵੇ

नाचना-ਨਚਨਾ, ਕ੍ਰਿ., ਜੁਗਤ ਨਾਲ ਹੱਥ ਪੈਰ ਮਾਰ ਕੇ ਇਧਰ ਉਧਰ ਟੁਰਨਾ, ਕੁੱਦਣਾ, ਟੱਪਣਾ

नाचरंग-ਨਾਚਰੰਗ, ਪੁ., ਜਲਸਾ, ਤਮਾਸ਼ਾ

नाचार-ਨਾਚਾਰ, ਵਿ., ਮਜ਼ਬੂਰ, ਲਾਚਾਰ, ਨਿਕੰਮਾ, ਮਾਮੂਲੀ

नाचारी-ਨਾਚਾਰੀ, ਇ., ਮਜਬੂਰੀ, ਬੇਵਸੀ

नाचीज़-ਨਾਚੀਜ਼, ਵਿ., ਮਮੂਲੀ, ਨਿਕੰਮਾ

नाज-ਨਾਜ, ਪੁ., ਅੰਨ, ਅਨਾਜ, ਭੋਜਨ ਦਾ ਸਮਾਨ

नाज़-ਨਾਜ਼, ਪੁ.. ਨਖ਼ਰਾ, ਘਮੰਡ, ਅਭਿਮਾਨ

नाज़नी-ਨਾਜ਼ਨੀ, ਵਿ., ਸੁੰਦਰ ਤੀਵੀਂ, ਖ਼ੂਬਸੂਰਤ ਤੀਵੀਂ

नाज़बू-ਨਾਜ਼ਬੂ, ਇ., ਮਹੂਏ ਦਾ ਬੂਟਾ

नाज़ां-ਨਾਜ਼ਾਂ, ਵਿ., ਘਮੰਡੀ, ਨਖਰੇ ਵਾਲਾ

नाजायज़-ਨਾਜਾਯਜ਼, ਵਿ., ਨਿਯਮ ਤੋਂ ਉਲਟ, ਅਜੋਗ

नाजिम-ਨਾਜਿਮ, ਖੁ., ਜ਼ਿਲੇ ਦਾ ਪਰਬੰਧਕ

नाज़िर- ਨਾਜ਼ਿਰ, ਵਿ., ਨਿਰੀਖਕ, ਦੇਖ ਭਾਲ ਕਰਨ ਵਾਲਾ, ਲਿਖਾਰੀਆਂ ਦਾ ਵੱਡਾ ਅਫਸਰ

नाज़ी-ਨਾਜ਼ੀ, ਇ., ਲਾਡਲੀ. ਪਿਆਰੀ. ਨਖਰੇਲੀ,

नाज़ुक-ਨਾਜ਼ੁਕ, ਵਿ., ਕੱਚਾ, ਕੋਮਲ, ਮੁਲਾਇਮ, ਕਮਜ਼ੋਰ, ਸੋਹਣਾ

नाट-ਨਾਟ, ਪੁ., ਨਾਚ, ਇਕ ਰਾਗ

नाटक-ਨਾਟਕ, ਪੁ., ਤਮਾਸ਼ਾ, ਖੇਲੁ. ਸਾਂਗ, ਨਟ ਦਾ ਕੰਮ

नाटकशाला-ਨਾਟਕਸ਼ਾਲਾ,ਇ., ਨਾਟਕ ਖੇਲੁਣ ਦਾ ਥਾਂ, ਮੰਡੁਆ, ਸਟੇਜ

नाटकावतार-ਨਾਟਕਾਵਤਾਰ, ਪੁ., ਕਿਸੇ ਤਮਾਸ਼ੇ ਵਿਚ ਦੂਸਰਾ ਤਮਾਸ਼ਾ

नाटकिया,नाटकी-ਨਾਟਕਿਯਾ, ਨਾਟਕੀ, ਪੁ., ਤਮਾਸ਼ਾ ਕਰਨ ਵਾਲਾ ਬੰਦਾ

नाटना-ਨਾਟਨਾ, ਕ੍ਰਿ., ਨਾਂਹ ਕਰਨਾ, ਇਨਕਾਰ ਕਰਨਾ

नाटबसंत-ਨਾਟਬਸੰਤ, ਪੁ.. ਇਕ ਰਾਗ

नाटा-ਨਾਟਾ, ਵਿ., ਛੋਟੇ ਕੱਦ ਦਾ, ਮਧਰਾ, ਬੌਣਾ

नाटाम्र-ਨਾਟਾਮ੍ਰ, ਪੁ., ਤਰਬੂਜ, ਹਦਵਾਣਾ, ਮਤੀਰਾ

नाटिका-ਨਾਟਿਕਾ, ਇ., ਚਾਰ ਅੰਕ ਦਾ ਇਕ ਨਾਟਕ, ਡਰਾਮਾ

नाट्य-ਨਾਟਯ, ਪੁ., ਨਟਾਂ ਦਾ ਕੰਮ, ਨੱਚਣ ਗਾਉਣ, ਡਰਾਮਾ, ਤਮਾਸ਼ਾ, ਨਕਲ, ਸਾਂਗ, ਖੇਲੁ, ਨਾਟਕ

नाट्यकार-ਨਾਰਯਕਾਰ, ਪੁ., ਤਮਾਸ਼ਾ ਕਰਨ ਵਾਲਾ ਨਟ

नाट्यशास्त्र-ਨਾਟਯਾਸ਼ਾਸਤ੍ਰ, ਧੁ., ਨੱਚਣ ਗਾਉਣ ਦੀ ਵਿਦਿਆ

नाट्यशाला-ਨਾਟਯਸ਼ਾਲਾ, ਪੁ., ਤਮਾਸ਼ਾ ਕਰਨ ਦਾ ਥਾਂ, ਸਟੇਜ, ਮੰਡੁਆ

नाठ-ਨਾਠ. ਪੁ.. ਨਾਸ, ਹਾਨ, ਅਭਾਵ

नाठना-ਨਾਠਨਾ, ਕ੍ਰਿ., ਨਾਸ ਹੋਣਾ ਜਾ ਕਰਨਾ

नाठा-ਨਾਠਾ, ਪੁ., ਯਤੀਮ, ਅਨਾਥ.

नाड़-ਨਾੜ, ਇ., ਧੌਣ, ਗਰਦਨ. ਹੱਡੀ, ਨਸ

नाड़ा-ਨਾੜਾ, ਪੁ., ਨਾਲਾ, ਪਜਾਮੇ ਆਦਿਕ ਦੇ ਨੇਫੇ ਵਿਚ ਪਾਉਣ ਵਾਲਾ ਡੋਰਾ

नाड़िया-ਨਾੜਿਯਾ, ਪੁ., ਵੈਦ, ਹਕੀਮ

नाड़ी-ਨਾੜੀ, ਇ., ਰਗ, ਨਸ, ਨਬਜ ਫੋੜੇ ਦਾ ਛੇਕ, ਬੰਦੂਕ ਦੀ ਨਾਲੀ

नाड़ीचक्र-ਨਾੜੀਚੱਕ੍ਰ, ਪੁ., ਹਠ ਜੋਗ ਦੇ ਮੁਤਾਬਕ ਧੁੰਨ ਵਿਚ ਇਕ ਅੰਡੇ ਵਰਗੀ ਗੋਲ ਗੱਠ ਜਿਸ ਵਿਚੋਂ ਸਾਰੀਆਂ ਨਾੜਾਂ ਨਿਕਲਦੀਆਂ ਹਨ

नाड़ीयन्त्र-ਨਾੜੀਯੰਤ੍ਰ, ਪੁ., ਚੀਰ ਫਾੜ ਦਾ ਇਕ ਪੁਰਾਣਾ ਸੰਦ

नाड़ीव्रण-ਨਾੜੀਵ੍ਰਣ, ਪੁ., ਇਕ ਤਰ੍ਹਾਂ ਦਾ ਨਾੜ ਦਾ ਜ਼ਖਮ

नाणक-ਨਾਣਕ, ਪੁ., ਸਿੱਕਾ, ਧਾਤ

नात-ਨਾਤ, ਪੁ., ਸਬੰਧੀ, ਸਾਕ, ਰਿਸ਼ਤੇਦਾਰ

नातरु-ਨਾਤਰੁ, ਅਵਜ., ਨਹੀਂ ਤਾਂ

नाता-ਨਾਤਾ, ਪੁ., ਸਾਕ, ਸਰਬੰਧ, ਧੀ ਭੈਣ ਦੀ ਕੁੜਮਾਈ

नाताक़त-ਨਾਤਾਕ਼ਤ, ਵਿ., ਕਮਜੋਰ, ਮਾੜਚੂ. ਨਿਰਬਲ

नातिदीर्घ-ਨਾਤਿਦੀਰਘ, ਵਿ., ਜੋ ਬਹੁਤ ਲੰਮਾ ਨਾ ਹੋਵੇ

नातिन-ਨਾਤਿਨ, ਇ., ਬੇਟੀ ਦੀ ਬੇਟੀ, ਦੋਹਤੀ

नाती-ਨਾਤੀ, ਪੁ., ਬੇਟੀ ਦਾ ਬੇਟਾ, ਦੋਹਤਾ

नाते-ਨਾਤੇ, ਕ੍ਰਿ. ਵਿ., ਸੰਬੰਧ ਨਾਲ, ਲਈ, ਵਾਸਤੇ

नातेदार-ਨਾਤੇਦਾਰ, ਵਿ., ਸਰਬੰਧੀ, ਰਿਸ਼ਤੇਦਾਰ, ਸਾਕ

नाथ-ਨਾਥ, ਪੁ., ਮਾਲਕ, ਸਵਾਮੀ, ਖਾਵੰਦ, ਪਰਮੇਸ਼ਰ, ਜੋਗੀ, ਡੰਗਰਾਂ ਦੀ ਨੱਥ, ਇ., ਨੱਥੀ ਕਰਨ ਦੀ ਕਿਰਿਆ

नाथता-ਨਾਥਤਾ. ਇ.. ਪ੍ਰਭਤਾ, ਵਡਿਆਈ, ਮਲਕੀਅਤ

नाथना-ਨਾਥਨਾ, ਕ੍ਰਿ., ਨਕੇਲ ਲਾਉਣਾ, ਨੱਥੀ ਕਰਨਾ, ਲੜੀ ਵਾਰ ਕਰਨਾ, ਨੱਕ ਵਿੰਨ੍ਹਣਾ

नाथद्वारा-ਨਾਥਦ੍ਵਾਰਾ, ਪੁ., ਉਦੇਪੁਰ ਰਾਜ ਦਾ ਸ੍ਰੀ ਨਾਥ ਜੀ ਦਾ ਮੰਦਰ

नाथहरि-ਨਾਥਹਰਿ, ਪੁ., ਪਸ਼ੂ, ਡੰਗਰ

नाद-ਨਾਦ, ਪੁ., ਸ਼ਬਦ, ਆਵਾਜ਼, ਗੰਜ, ਸੁਰ, ਰਾਗ, ਇਕ

ਰਿਸ਼ੀ ਦਾ ਨਾਉਂ, ਸੰਗੀਤ, ਅੱਧਾ ਚੰਦ

नादली–ਨਾਦਲੀ, ਇ., ਇਕ ਪੱਥਰ ਦਾ ਛੋਟਾ ਜਿਹਾ ਟੁਕੜਾ ਜੋ ਕਲੇਜੇ ਦੀ ਧੜਕਣ ਦੂਰ ਕਰਨ ਲਈ ਤਬੀਤ ਵਾਙ ਗਲ ਵਿਚ ਪਾਇਆ ਜਾਂਦਾ ਹੈ

नादान–ਨਾਦਾਨ, ਵਿ., ਮੂਰਖ, ਨਾਸਮਝ, ਅਗਿਆਨੀ, ਕਮੱਕਲ

नादानी–ਨਾਦਾਨੀ, ਇ., ਨਾਸਮਝੀ

नादार–ਨਾਦਾਰ, ਵਿ., ਕੰਗਾਲ, ਤਾਸ਼ ਦੇ ਖੇਲੁ ਵਿਚ ਬਿਨਾ ਰੰਗ ਦੀ ਬਾਜ਼ੀ

नादारी–ਨਾਦਾਰੀ, ਇ., ਗਰੀਬੀ, ਕੰਗਾਲੀ

नादित–ਨਾਦਿਤ, ਵਿ., ਸ਼ਬਦ ਕਰਦਾ ਹੋਇਆ

नादिया–ਨਾਦਿਯਾ, ਪੁ., ਸ਼ਿਵ ਦੀ ਸਵਾਰੀ, ਉਹ ਬਲੁਦ ਜਿਸ ਨੂੰ ਨਾਲ ਲਈ ਜੋਗੀ ਭੀਖ ਮੰਗਦੇ ਫਿਰਦੇ ਹਨ, ਸ਼ਿਵਾਂ ਦਾ ਬਲੁਦ, ਨਾਂਦੀ

नादिर–ਨਾਦਿਰ, ਵਿ., ਅਨੋਖਾ, ਨਿਰਾਲਾ

नादिरशाही–ਨਾਦਿਰਸ਼ਾਹੀ, ਇ., ਅਨ੍ਹੇਰ, ਉਪੱਦਰ, ਧੱਕੇਸ਼ਾਹੀ, ਜ਼ੁਲਮ, ਲੁੱਟਮਾਰ, ਵਿ., ਜ਼ਾਲਮ

नादिरी–ਨਾਦਿਰੀ, ਇ., ਮੁਸਲਮਾਨੀ ਹਕੂਮਤ ਵੇਲੇ ਦੀ ਇਕ ਤਰ੍ਹਾਂ ਦੀ ਬੇੜੀ

नादी–ਨਾਦੀ, ਵਿ., ਸ਼ਬਦ ਕਰਨ ਵਾਲਾ, ਵੱਜਣ ਵਾਲਾ

नाधन–ਨਾਧਨ, ਇ., ਚਰਖੇ ਦੇ ਤਕਲੇ ਦਾ ਦਮਕੜਾ

नाधना–ਨਾਧਨਾ, ਕ੍ਰਿ., ਜੋਤਨਾ, ਸਰਬੰਧ ਕਰਨਾ, ਅਰੰਭ ਕਰਨਾ

नान–ਨਾਨ, ਇ., ਰੋਟੀ; ਚਪਾਤੀ, ਤੰਦੂਰ ਵਿਚ ਪਕਾਈ ਹੋਈ ਖਮੀਰੀ ਰੋਟੀ

नानक–ਨਾਨਕ, ਪੁ., ਸਿੱਖਾਂ ਦਾ ਪਹਿਲਾ ਗੁਰੂ

नानकपंथी–ਨਾਨਕਪਥੀ, ਪੁ.; ਗੁਰੂ ਨਾਨਕ ਦਾ ਭਗਤ, ਸਿੱਖ

नानकशाही–ਨਾਨਕਸ਼ਾਹੀ,ਪੁ., ਨਾਨਕਪੰਥ ਵਿਚ ਇਕ ਸੰਪਰਦਾ, ਸਿੱਖ

नानकार–ਨਾਨਕਾਰ, ਪੁ., ਇਕ ਤਰ੍ਹਾਂ ਦੀ ਮਾਫ਼ੀ ਜਿਸ ਵਿਚ ਜ਼ਮੀਦਾਰ ਹਾਲਾ ਨਹੀਂ ਦਿੰਦਾ

नानकीन–ਨਾਨਕੀਨ, ਪੁ., ਇਕ ਤਰ੍ਹਾਂ ਦਾ ਚੀਨੀ ਕਪੜਾ

नानखताई–ਨਾਨਖਤਾਈ, ਇ., ਇਕ ਖਸਤਾ ਮਿਠਿਆਈ

नानपेरिल–ਨਾਨਪੇਰਿਲ, ਪੁ., ਇਕ ਛੋਟਾ ਟਾਈਪ

नानबाई–ਨਾਨਬਾਈ, ਪੁ., ਰੋਟੀਆਂ ਪਕਾ ਕੇ ਵੇਚਨ ਵਾਲਾ

नानस–ਨਾਨਸ, ਇ., ਸੱਸ ਦੀ ਮਾਂ

नानसरा–ਨਾਨਸਰਾ, ਪੁ., ਮਾਲਕ ਜਾਂ ਵਹੁਟੀ ਦਾ ਨਾਨਾ

नाना–ਨਾਨਾ, ਪੁ., ਮਾਂ ਦਾ ਪੇਉ, ਕ੍ਰਿ., ਹੇਠਾਂ ਕਰਨਾ, ਸਿੱਟਨਾ, ਘੁਸਾਉਣਾ

नानाद्र–ਨਾਨਾਦ੍ਰ, ਪੁ., ਨਣਦ ਦੀ ਉਲਾਦ

नानाप्रकार–ਨਾਨਾਪ੍ਰਕਾਰ, ਵਿ., ਕਈ ਤਰ੍ਹਾਂ ਨਾਲ

नानिहाल–ਨਾਨਿਹਾਲ, ਪੁ., ਕਈ ਤਰ੍ਹਾਂ ਦਾ, ਬਹੁਤ, ਨਾਨਾ ਨਾਨੀ ਦੇ ਰਹਿਣ ਦੀ ਥਾਂ, ਨਾਨਕੇ

नानी–ਨਾਨੀ, ਇ., ਮਾਂ ਦੀ ਮਾਂ

नानुकर–ਨਾਨੁਕਰ, ਪੁ., ਇਨਕਾਰ, ਨਹੀਂ, ਨਾਂਹ, ਨਨਕਾਰ

नान्तरीयक–ਨਾਂਤਰੀਯਕ, ਪੁ., ਜ਼ਰੂਰੀ ਹੋਣ ਵਾਲਾ, ਹੋਣਹਾਰ

नान्दी–ਨਾਂਦੀ, ਇ., ਤਮਾਸ਼ੇ ਦਾ ਮੰਗਲਾਚਰਣ

नान्दीक–ਨਾਂਦੀਕ, ਪੁ., ਕਿਲੇ ਦਾ ਖੰਭਾ, ਇਕ ਕਿਸਮ ਦਾ ਸ਼ਰਾਧ

नान्दीघोष–ਨਾਂਦੀਘੋਸ਼, ਪੁ.; ਨਗਾਰੇ ਦੀ ਅਵਾਜ਼

नान्दीपट–ਨਾਂਦੀਪਟ, ਪੁ., ਖੂਹ ਉਤੇ ਰੱਖਣ ਦਾ ਢਕਣਾ

नान्दीमुख–ਨਾਂਦੀਮੁਖ, ਪੁ., ਦੇਖੋ ਨਾਂਦੀਪਟ (नान्दीपट) ਇਕ ਸ਼ਰਾਧ ਦੇ ਛਕਣ ਵਾਲੇ ਪਿਤਰ

नान्दीश्राद्ध–ਨਾਂਦੀਸ੍ਰਾਧ, ਪੁ.. ਇਸ ਨਾਉਂ ਦਾ ਸ਼ਰਾਧ

नान्ह–ਨਾਨ੍ਹ, ਵਿ., ਛੋਟਾ, ਪਤਲਾ, ਬਰੀਕ

नान्हा–ਨਾਨ੍ਹਾ, ਵਿ., ਦੇਖੋ ਨਾਨ੍ਹ (नान्ह)

नाप–ਨਾਪ, ਇ., ਮਿਨਤੀ, ਜਿੰਨੀ ਲੰਮੀ ਚੌੜੀ ਕੋਈ ਚੀਜ਼ ਹੋਵੇ, ਮੇਚ

नापना–ਨਾਪਨਾ, ਕ੍ਰਿ., ਨਾਪ ਮਲੂਮ ਕਰਨਾ, ਮਿਣਨਾ, ਮੱਪਣਾ

ना पसन्द–ਨਾ ਪਸੰਦ, ਵਿ., ਜੋ ਚੰਗਾ ਨਾ ਲਗੇ

नापाक–ਨਾਪਾਕ, ਵਿ., ਅਪਵਿੱਤਰ, ਮੈਲਾਕੁਚੈਲਾ

नापित–ਨਾਪਿਤ, ਪੁ., ਨਾਈ

नापितशाला–ਨਾਪਿਤਸ਼ਾਲਾ, ਇ., ਹਜ਼ਾਮਤ ਕਰਨ ਦੀ ਥਾਂ, ਨਾਈ ਦਾ ਘਰ

नाफ़ा–ਨਾਫ਼ਾ, ਪੁ., ਕਾਲੇ ਮਿਰਗ ਦੀ ਧੁੰਨ ਜਿਸ ਵਿਚੋਂ ਕਸਤੂਰੀ ਨਿਕਲਦੀ ਹੈ

नाबदान–ਨਾਬਦਾਨ, ਪੁ., ਪਰਨਾਲਾ, ਮੈਲਾ ਪਾਣੀ ਵਹਿਣ ਦੀ ਨਾਲੀ, ਪਨਾਲਾ

नाबालिग़–ਨਾਬਾਲਿਗ਼, ਵਿ., ਅਠਾਰਾਂ ਸਾਲ ਤੋਂ ਘਟ ਉਮਰ ਦਾ ਮਨੁੱਖ, ਜੋ ਪੂਰਾ ਜੁਆਨ ਨਾ ਹੋਇਆ ਹੋਵੇ

नाबूद–ਨਾਬੂਦ, ਵਿ., ਜੋ ਮੌਜੂਦ ਨਾ ਹੋਵੇ, ਬਰਬਾਦ, ਤਬਾਹ

नाभ–ਨਾਭ, ਇ., ਧੁੰਨੀ, ਢਿਡ ਦੇ ਵਿਚਕਾਰ ਡੂੰਘੀ ਥਾਂ, ਸ਼ਿਵ ਜੀ ਦਾ ਇਕ ਨਾਉਂ, ਹਥਿਆਰਾਂ ਦਾ ਨਾਸ, ਚੰਦ ਦੀ ਰੋਸ਼ਨੀ

नाभक–ਨਾਭਕ, ਪੁ., ਹਰੜ

नाभा, नाभादास–ਨਾਭਾ, ਨਾਭਾਦਾਸ, ਪੁ., ਇਕ ਕਵੀ ਦਾ ਨਾਉਂ

नाभाग–ਨਾਭਾਗ, ਪੁ., ਵੈਵਸਵਤ ਮਨੂ ਦੇ ਇਕ ਪੁੱਤਰ ਦਾ ਨਾਉਂ

नाभारत–ਨਾਭਾਰਤ, ਇ., ਘੋੜੇ ਦੀ ਧੁੰਨੀ ਦੇ ਹੇਠਲੀ ਭੌਰੀ

नाभि–ਨਾਭਿ, ਇ., ਪਹੀਏ ਦਾ ਵਿਚਕਾਰਲਾ ਹਿੱਸਾ, ਧੁੰਨੀ, ਕਸਤੂਰੀ, ਨਾਭ

नाभिकण्टक–ਨਾਭਿਕੰਟਕ, ਪੁ., ਬਾਹਰ ਨੂੰ ਉਭਰੀ ਹੋਈ ਧੁੰਨੀ

नाभिच्छेदन–ਨਾਭਿੱਛੇਦਨ, ਪੁ., ਨਵੇਂ ਜੰਮੇ ਬਾਲ ਦੀ ਧੁੰਨੀ ਦੀ ਨਾੜ ਕੱਟਣ ਦਾ ਕੰਮ

नाभिज–ਨਾਭਿਜ. ਪੁ., ਬ੍ਰਹਮਾ

नाभिल–ਨਾਭਿਲ, ਵਿ., ਉਭਰੀ ਧੁੰਨੀ ਵਾਲਾ

नाभी–ਨਾਭੀ, ਇ., ਦੇਖੋ ਨਾਭਿ (नाभि)

नाभील–ਨਾਭੀਲ, ਪੁ., ਤੀਵੀਂ ਦੇ ਲੱਕ ਦਾ ਹੇਠਲਾ ਹਿੱਸਾ

नामंजूर–ਨਾਮੰਜੂਰ, ਪੁ., ਜੋ ਪ੍ਰਵਾਣ ਨਾ ਹੋਵੇ

नाम–ਨਾਮ, ਪੁ., ਨਾਉਂ. ਮਸ਼ਹੂਰੀ, ਸੋਭਾ, ਵਡਿਆਈ

नामक–ਨਾਮਕ, ਵਿ., ਨਾਉਂ ਧਾਰਨ ਕਰਨ ਵਾਲਾ, ਨਾਉਂ ਨਾਲ ਹੀ ਮਸ਼ਹੂਰ

नामकरण–ਨਾਮਕਰਣ, ਪੁ., ਬਾਲ ਦੇ ਨਾਉਂ ਰੱਖਣ ਦਾ ਸੰਸਕਾਰ

नामकीर्तन–ਨਾਮਕੀਰਤਨ, ਪੁ., ਪਰਮੇਸ਼ਰ ਦਾ ਜਾਪ

नामग्राम–ਨਾਮਗ੍ਰਾਮ, ਪੁ., ਨਾਉਂ ਅਤੇ ਪਤਾ, ਨਾਉਂ ਥੇਹ

नामदार–ਨਾਮਦਾਰ, ਵਿ., ਮਸ਼ਹੂਰ, ਨਾਮੀ

नामदेव–ਨਾਮਦੇਵ, ਪੁ., ਇਕ ਭਗਤ ਦਾ ਨਾਉਂ

नामधन–ਨਾਮਧਨ, ਪੁ., ਇਕ ਰਾਗ

नामधराई–ਨਾਮਧਰਾਈ, ਇ., ਨਿੰਦਿਆ, ਬਦਨਾਮੀ, ਅਪਜਸ

नामधाम–ਨਾਮਧਾਮ, ਪੁ., ਨਾਉਂ ਅਤੇ ਪਤਾ

नामधारी–ਨਾਮਧਾਰੀ, ਵਿ., ਨਾਉਂ ਧਾਰਨ ਕਰਨ ਵਾਲਾ, ਨਾਉਂ ਵਾਲਾ, ਪੁ., ਸਿੱਖਾਂ ਦੀ ਇਕ ਸੰਪਰਦਾ ਜੋ ਨਾਮਬਾਣੀ ਦੇ ਨਿਤਨੇਮੀ ਹਨ

नामधेय-ਨਾਮਧੇਯ, ਪੁ., ਨਾਉਂ

नामनिशान–ਨਾਮਨਿਸ਼ਾਨ, ਪੁ., ਨਿਸ਼ਾਨ, ਪਤਾ, ਠਿਕਾਣਾ

नामबोला–ਨਾਮਬੋਲਾ, ਪੁ., ਨਾਉਂ ਜਪਣ ਵਾਲਾ

नाममात्र–ਨਾਮਮਾਤ੍ਰ, ਵਿ., ਇਵੇਂ ਕਿਵੇਂ, ਕੇਵਲ ਨਾਉਂ ਮਾਤਰ

नाममाला–ਨਾਮਮਾਲਾ, ਇ., ਇਕ ਤਰ੍ਹਾਂ ਦਾ ਕੋਸ਼

नाममुद्रा–ਨਾਮਮੁੱਦ੍ਰਾ, ਇ., ਨਾਉਂ ਖੁਦੀ ਮੁੰਦੀ, ਨਾਉਂ ਖੁਦੀ ਹੋਈ ਮੁਹਰ

नामर्द–ਨਾਮਰਦ, ਵਿ., ਹੀਜੜਾ, ਜਨਖਾ, ਡਰਪੋਕ, ਬੁਜ਼ਦਿਲ ਨਮਰਦ

नामर्दी–ਨਾਮਰਦੀ, ਇ., ਨਮਰਦੀ, ਹੀਜੜਾਪਣ, ਹਿੰਮਤ ਦੇ ਨਾ ਹੋਣ ਦਾ ਭਾਵ, ਬੁਜ਼ਦਿਲੀ

नामलेवा–ਨਾਮਲੇਵਾ, ਪੁ., ਨਾਉਂ ਲੈਣ ਵਾਲਾ, ਵਾਰਸ, ਉਲਾਦ

नामवर–ਨਾਵਰ, ਵਿ., ਮਸ਼ਹੁਰ, ਨਾਮੀ, ਉੱਘਾ

नामवरी–ਨਾਮਵਰੀ, ਇ., ਮਸ਼ਹੂਰੀ

नामशेष–ਨਾਮਸ਼ੇਸ਼, ਵਿ., ਮਰਿਆ ਹੋਇਆ, ਜਿਸ ਦਾ ਨਾਉਂ ਹੀ ਬਾਕੀ ਰਹਿ ਗਿਆ ਹੋਵੇ

नामा–ਨਾਮਾ. ਵਿ., ਨਾਮਧਾਰੀ, ਨਾਉਂ ਵਾਲਾ, ਪੁ., ਨਾਮਦੇਵ ਭਗਤ

ना माकूल–ਨਾ ਮਾਕੂਲ, ਵਿ., ਨਲਾਇਕ, ਬੇਵਕੂਫ, ਅਜੋਗ, ਅਨੁਚਿਤ

नामाङ्क–ਨਾਮਾਂਕ, ਵਿ., ਜਿਸ ਉਤੇ ਨਾਉਂ ਲਿਖਿਆ ਜਾਂ ਖੁਣਿਆ ਹੋਵੇ

नामाङ्कित–ਨਾਮਾਂਕਿਤ, ਵਿ., ਦੇਖੋ ਨਾਮਾਂਕ (नामाङ्क)

ना मालूम–ਨਾ ਮਾਲੂਮ, ਵਿ., ਜੋ ਮਾਲੂਮ ਨਾ ਹੋਵੇ, ਬੇ ਪਤੇ

नामावली–ਨਾਮਾਵਲੀ, ਇ., ਨਾਵਾਂ ਦੀ ਲਿਸਟ; ਰਾਮਨੌਮੀ ਨਾਉਂ ਦਾ ਕਪੜਾ

नामित–ਨਾਮਿਤ, ਵਿ., ਝੁਕਾਇਆ ਹੋਇਜਾ

नामी–ਨਾਮੀ, ਵਿ., ਮਸ਼ਹੂਰ, ਉੱਘਾ, ਬਦਨਾਮ

नामुनासिब–ਨਾਮੁਨਾਸਿਬ, ਵਿ., ਅਨੁਚਿਤ, ਅਜੋਗ

नामुमकिन–ਨਾਮੁਮਕਿਨ, ਵਿ., ਜੋ ਕਦੀ ਨਾ ਹੋ ਸਕੇ

नामूसी–ਨਾਮੂਸੀ, ਇ., ਨਿੰਦਿਆ, ਬਦਨਾਮੀ

नाय–ਨਾਯ, ਪੁ., ਨੀਤੀ, ਜੁਗਤ, ਨੇਤਾ, ਆਗੂ

नायक–ਨਾਯਕ, ਪੁ., ਲੋਕਾਂ ਨੂੰ ਆਪਣੇ ਕਹੇ ਤੇ ਚਲਾਉਣ ਵਾਲਾ ਮਨੁੱਖ, ਨੇਤਾ, ਆਗੂ, ਸਰਦਾਰ, ਮਾਲਕ, ਮਾਲਾ ਦਾ ਮੇਰੂ, ਉਹ ਮਨੁੱਖ ਜਿਸ ਦਾ ਚਲਿੱਤਰ ਕਿਸੇ ਨਾਟਕ ਜਾਂ ਕਾੱਵ ਵਿਚ ਦਸਿਆ ਜਾਵੇ

नायका–ਨਾਯਕਾ, ਇ., ਰੰਡੀ ਦੀ ਮਾਂ, ਕੁਟਣੀ, ਦੇਖੋ ਨਾਯਿਕਾ (नायिका)

नायकाधिप–ਨਾਯਕਾਧਿਪ, ਪੁ., ਰਾਜਾ

नायकी, नायकी कान्हड़ा, नायकी मल्लार–ਨਾਯਕੀ, ਨਾਯਕੀ-ਕਾਨ੍ਹੜਾ, ਨਾਯਕੀ ਮੱਲਾਰ, ਪੁ., ਇਕ ਰਾਗ ਦਾ ਨਾਉਂ

नायत–ਨਾਯਤ, ਪੁ., ਵੈਦ, ਹਕੀਮ

नायन–ਨਾਯਨ, ਇ., ਨਾਈ ਦੀ ਵਹੁਟੀ

नायब–ਨਾਯਬ,ਪੁ., ਕਿਸੇ ਵੱਲੋਂ ਕੰਮ ਕਰਨ ਵਾਲਾ, ਕਿਸੇ ਦੇ ਕੰਮ ਦੀ ਦੇਖ ਰੇਖ ਰੱਖਣ ਵਾਲਾ, ਮੁਖਿਤਿਆਰ

नायबी–ਨਾਯਬੀ, ਇ., ਨਾਯਬ ਦਾ ਕੰਮ ਜਾਂ ਪਦ

नायिका–ਨਾਯਿਕਾ, ਇ., ਦੁਰਗਾ ਸ਼ਕਤੀ, ਸਿੰਗਾਰ ਰਸ ਦਾ ਸਹਾਰਾ ਤੱਕਣ ਵਾਲੀ ਸੁੰਦਰ ਔਰਤ, ਉਹ ਤੀਵੀਂ ਜਿਸ ਦੇ ਚਲਿਤਰ ਵਾ ਵਰਨਣ ਕਿਸੇ ਕਾੱਵ ਜਾਂ ਨਾਟਕ ਵਿਚ ਕੀਤਾ ਹੋਵੇ

निषाद्–ਨਿਸ਼ਾਦ, ਪੁ.,ਸ੍ਰਿੰਗਬੇਰ ਪੁਰ ਦਾ ਰਾਜਾ ਰਾਮ ਦਾ ਮਿੱਤਰ, ਸੰਗੀਤ ਦਾ ਅੰਤਲਾ ਸੁਰ

निषादी–ਨਿਸ਼ਾਦੀ, ਪੁ., ਮਹਾਵਤ, ਹਾਥੀਵਾਨ, ਵਿ., ਬੈਠਾ ਹੋਇਆ

निषिद्ध–ਨਿਸ਼ਿੱਧ ਵਿ., ਭੈੜਾ, ਨਿਕੰਮਾ, ਨਾ ਕਰਨ ਜੋਗ

निषिद्धि–ਨਿਸ਼ਿੱਧਿ, ਇ., ਮਨਾਹੀ, ਨਿਖੇਧ

निषेक–ਨਿਸ਼ੇਕ, ਪੁ., ਗਰਭਾ ਧਾਨ, ਸਿੰਜਾਈ, ਚੂਣ ਦਾ ਭਾਵ, ਟਪਕਣ

निषेचन–ਨਿਸ਼ੇਚਨ, ਪੁ., ਸਿੰਜਣ, ਤਰ ਕਰਨ ਦੀ ਕਿਰਿਆ, ਭਿਉਣ ਦੀ ਕਿਰਿਆ

निषेध–ਨਿਸ਼ੇਧ, ਪੁ., ਵਰਜਣਾ, ਮਨਾਹੀ, ਰੁਕਾਵਟ, ਰੋਕ

निषेधन–ਨਿਸ਼ੇਧਨ, ਪੁ., ਹਟਾਉਣਾ, ਮਨਾ ਕਰਨਾ, ਨਿਵਾਰਣਾ

निषेधक–ਨਿਸ਼ੇਧਕ, ਵਿ., ਮਨਾਹੀ ਕਰਨ ਵਾਲਾ

निषेधित–ਨਿਸ਼ੇਧਿਤ, ਵਿ., ਵਰਜਤ, ਮਨ੍ਹਾ ਕੀਤਾ ਹੋਇਆ, ਹਟਾਇਆ ਹੋਇਆ

निष्कंटक–ਨਿਸ਼ਕੰਟਕ, ਵਿ., ਜਿਸ ਵਿਚ ਕੋਈ ਰੋਕ ਨਾ ਹੋਵੇ, ਨਿਰਵਿਘਨ

निष्क–ਨਿਸ਼ਕ, ਪੁ., ਸੋਨੇ ਦਾ ਸਿੱਕਾ, ਪੁਰਾਣਾ ਚਾਂਦੀ ਦਾ ਤੋਲ ਵੈਦਕ ਵਿਚ ਚਾਰ ਮਾਸੇ ਦਾ ਤੋਲ, ਸੋਨੇ ਦਾ ਭਾਂਡਾ, ਸੋਨਾ

निष्कपट–ਨਿਸ਼ਕਪਟ, ਵਿ., ਸਿੱਧਾ ਸਾਦਾ, ਕਪਟ ਤੋਂ ਬਿਨਾ

निष्कपटता-ਨਿਸ਼ਕਪਟਤਾ, ਇ., ਸਿੱਧਾਪਣ, ਸਰਲਤਾ

निष्कपटी–ਨਿਸ਼ਕਪਟੀ, ਵਿ., ਸਿੱਧਾ ਸਾਦਾ, ਛਲ ਰਹਿਤ

निष्कर–ਨਿਸ਼ਕਰ, ਪੁ., ਉਹ ਜ਼ਮੀਨ ਜਿਸ ਨੂੰ ਮਾਮਲਾ ਨਾ ਲਗੇ

निष्करुण–ਨਿਸ਼ਕਰੁਣ, ਵਿ., ਬੇ ਰਹਿਮ, ਬੇ ਤਰਸ

निष्कर्म–ਨਿਸ਼ਕਰਮ, ਵਿ., ਜੋ ਕੰਮ ਵਿਚ ਲਿਪਤ ਨਾ ਹੋਵੇ, ਤਿਆਗੀ

निष्कर्मण्य–ਨਿਸ਼ਕਰਮਣਜ, ਵਿ., ਨਿਕੰਮਾ, ਵਿਹਲੜ, ਆਲਸੀ

निष्कर्मा–ਨਿਸ਼ਕਰਮਾਂ, ਵਿ., ਨਿਕੰਮਾ, ਕੰਮ ਵਿਚ ਖਚਤ ਨਾ ਹੋਣ ਵਾਲਾ

निष्कर्ष–ਨਿਸ਼ਕਰਸ਼, ਪੁ., ਖੁਲਾਸਾ, ਤੱਤ, ਨਿਚੋੜ, ਸਾਰ, ਸਿੱਟਾ, ਕਰ ਵਸੂਲ ਕਰਨ ਲਈ ਰਾਜੇ ਦਾ ਪਰਜਾ ਨੂੰ ਤੰਗ ਕਰਨ ਦਾ ਭਾਵ, ਕੱਢਣ ਦਾ ਭਾਵ

निष्कलंक–ਨਿਸ਼ਕਲੰਕ, ਵਿ., ਬੇ ਐਬ, ਭਲਾਮਾਣਸ, ਬੇਦਾਗ

निष्कलंकी–ਨਿਸ਼ਕਲੰਕੀ, ਵਿ., ਭਲੇਮਾਣਸ, ਬੇਦਾਗ

निष्कली–ਨਿਸ਼ਕਲੀ, ਇ., ਉਹ ਤੀਵੀਂ ਜਿਸ ਨੂੰ ਕਪੜੇ ਬੰਦ ਹੋ ਗਏ ਹੋਣ

निष्काम–ਨਿਸ਼ਕਾਮ, ਵਿ.,ਕਾਮਨਾ ਰਹਿਤ, ਨਿਰਇਛੱਤ, ਬੇਲੋੜ

निष्कामता–ਨਿਸ਼ਕਾਮਤਾ, ਇ., ਨਿਰਇੱਛਤਾ, ਬੇਲੋੜੀ

निष्कारण–ਨਿਸ਼ਕਾਰਣ, ਵਿ., ਵਾਧੂ, ਫਜ਼ੂਲ, ਬੇਅਰਥ

निष्क्रम–ਨਿਸ਼ਕ੍ਰਮ, ਵਿ., ਅਘੜਦੁਘੜਾ, ਬੇਤਰਤੀਬ, ਪੁ., ਪਤਿਤ ਹੋਣ ਦਾ ਭਾਵ

निष्क्रमण–ਨਿਸ਼ਕ੍ਰਮਣ,ਪੁ., ਕਾਹਰ ਨਿਕਲਣ ਦੀ ਕਿਰਿਆ,ਇਕ ਸੰਸਕਾਰ

निष्क्रय–ਨਿਸ਼ਕ੍ਰਯ, ਪੁ.,ਤਨਖਾਹ, ਮਜ਼ਦੂਰੀ, ਇਨਾਮ, ਵਿਕਰੀ, ਤਲਬ

निष्क्रिय–ਨਿਸ਼ਕ੍ਰਿਯ, ਵਿ., ਨਿਕੰਮਾ, ਵਿਹਲੜ

निष्ठ–ਨਿਸ਼ਠ, ਵਿ., ਤਤਪਰ, ਤਿਆਰ, ਸਥਿਤ, ਜਿਸ ਵਿਚ ਕਿਸੇ ਲਈ ਸ਼ਰਧਾ ਹੋਵੇ

निष्ठा–ਨਿਸ਼ਠਾ, ਇ., ਮਨ ਦੀ ਹਾਲਤ, ਨਿਸਚਾ, ਵਡਿਆਂ ਲਈ ਸਤਕਾਰ, ਸਮਾਪਤੀ, ਨਾਸ, ਸਿੱਧ ਅਵਸਥਾ ਦੀ ਅੰਤਮ ਮੰਜ਼ਿਲ, ਧਰਮ ਆਦਿ ਵਿਚ ਸ਼ਰਧਾ, ਨਿਰਵਾਹ, ਗੁਜ਼ਰ

निष्ठावान्–ਨਿਸ਼ਠਾਵਾਨ, ਵਿ., ਸ਼ਰਧਾਲੂ, ਭਗਤ

निष्ठीव, निष्ठीवन–ਨਿਸ਼ਠੀਵ, ਨਿਸ਼ਠੀਵਨ, ਪੁ., ਥੁੱਕ, ਖੰਘਾਰ

निष्ठुर–ਨਿਸ਼ਠੁਰ, ਵਿ., ਔਖਾ, ਭੈੜਾ, ਰੁੱਖਾ, ਕਠੋਰ, ਬੇਰਹਿਮ

निष्ठुरता–ਨਿਸ਼ਠੁਰਤਾ, ਇ., ਨਿਰਦੈਤਾ, ਬੇਰਹਿਮੀ, ਕਠੋਰਤਾ, ਕਰੜਾਈ

निष्ण–ਨਿਸ਼ਣ, ਵਿ., ਚਤਰ, ਹੁਸ਼ਿਆਰ

निष्णात–ਨਿਸ਼ਣਾਤ, ਵਿ., ਜਾਨਕਾਰ, ਚਤਰ, ਸਰੇਸ਼ਟ

निष्पक्ष–ਨਿਸ਼ਪਕਸ਼, ਵਿ., ਪੱਖਪਾਤ ਰਹਿਤ

निष्पक्षता–ਨਿਸ਼ਪਕਸ਼ਤਾ, ਇ., ਨਿਰਪੱਖਤਾ

निष्पत्ति–ਨਿਸ਼ਪੱਤੀ, ਇ., ਅੰਤ, ਸਮਾਪਤੀ, ਨਿਰਵਾਹ, ਫੈਸਲਾ ਨਿਸਚਾ

निष्पद्–ਨਿਸ਼ਪਦ, ਪੁ., ਬਿਨਾ ਪਹੀਏ ਚੀ ਅਸਵਾਰੀ, ਵਿ., ਬੇ ਪੈਰੀ

निष्पीड़न–ਨਿਸ਼ਪੀੜਨ, ਪੁ., ਨਿਚੋੜਨਾ, ਰਸ ਕੱਢਣ ਦੀ ਹਾਲਤ

निष्प्रभ–ਨਿਸ਼ਪ੍ਰਭ, ਵਿ., ਫਿੱਕਾ, ਚਮਕ ਤੋਂ ਬਿਨਾ, ਮਟ ਮੈਲਾ ਨਿਸਤੇਜ

निष्प्रयोजन–ਨਿਸ਼ਪ੍ਰਯੋਜਨ, ਵਿ., ਬੇਅਰਥ, ਵਾਧੂ, ਫ਼ਜ਼ੂਲ ਬੇਮਤਲਬ

निष्प्राण–ਨਿਸ਼ਪ੍ਰਾਣ ਵਿ., ਮੁਰਦਾ ਕਰਿਆ ਹੋਇਆ, ਜਿਸ ਵਿਚ ਸਾਹ ਨਾ ਹੋਣ,

निष्फल–ਨਿਸ਼ਫਲ, ਵਿ., ਫਲ ਰਹਿਤ, ਬੇਅਰਥ, ਵਾਧੂ,ਫਜ਼ੂਲ

निस–ਨਿਸ, ਅਵਜ਼., ਇਹ ਸ਼ਬਦ ਨਿਖੇਧ ਨਿਸਚਾ ਆਦਿ ਵਿਚ ਵਰਤਿਆ ਜਾਂਦਾ ਹੈ

निसंज्ञ–ਨਿਸੰਗਜ, ਵਿ., ਬੇਸੁਧ, ਅਚੇਤ, ਮੂਰਛਾ

निसंस–ਨਿਸੰਸ, ਵਿ., ਨਿਰਦਈ, ਬੇਰਹਿਮ

निसंसना–ਨਿਸੰਸਨਾ, ਕ੍ਰਿ., ਹਫਣਾ, ਸਾਹ ਚੜਨਾ

निस्-ਨਿਸ਼. ਇ., ਰਾਤ

निसक-ਨਿਸਕ, ਵਿ., ਕਮਜ਼ੋਰ, ਮਾੜਚੂ, ਲਿੱਸਾ

निसकर-ਨਿਸਕਰ, ਪੁ., ਚੰਦ, ਚੰਨ

निसचय-ਨਿਸਚਯ, ਪੁ., ਫੈਸਲਾ, ਸਿੱਟਾ

निसचै-ਨਿਸਚੈ, ਪੁ., ਫੈਸਲਾ

निसत-ਨਿਸਤ, ਵਿ., ਝੂਠ, ਅਸੱਤ

निसतरना-ਨਿਸਤਰਨਾ, ਕ੍ਰਿ., ਮੁਕਤ ਹੋਣਾ, ਤਰਨਾ,ਪਾਰ ਹੋਣਾ

निसतार-ਨਿਸਤਾਰ, ਪੁ., ਮੁਕਤੀ, ਅਜ਼ਾਦੀ

निसतारना-ਨਿਸਤਾਰਨਾ, ਕ੍ਰਿ., ਮੁਕਤ ਕਰਨਾ

निसद्योस-ਨਿਸਦਜੋਸ, ਪੁ., ਰਾਤ ਦਿਨ

निसयाना-ਨਿਸਜਾਨਾ, ਵਿ., ਬੇਦਿਲਾ, ਜਿਸ ਦਾ ਚਿੱਤ ਠਿਕਾਨੇ ਨਾ ਹੋਵੇ

निसर-ਨਿਸਰ, ਵਿ., ਤੇਜ਼ ਚਲਣ ਵਾਲਾ

निसरना-ਨਿਸਰਨਾ, ਕ੍ਰਿ., ਨਿਕਲਣਾ, ਫੁੱਟਣਾ

निसर्ग-ਨਿਸਰਗ, ਪੁ., ਸੁਭਾਉ, ਆਦਤ, ਪਰਕਿਰਤੀ, ਹਾਲ; ਸ਼ਕਲ, ਦੁਨੀਆ, ਦਾਣਾ

निसवादला-ਨਿਸਵਾਦਲਾ, ਵਿ., ਬਿਨਾ ਸੁਆਦੋਂ, ਫਿੱਕਾਂ

निसवासर-ਨਿਸਵਾਸਰ. ਪੁ., ਰਾਤ ਦਿਨ, ਸਦੀਵ

निसस-ਨਿਸਸ, ਵਿ., ਸਾਹ ਬਿਨਾ, ਅਚੇਤ, ਬੇਸੁਧ

निसांस, निसांसा-ਨਿਸਾਂਸ, ਨਿਸਾਂਸਾ, ਪੁ., ਲੰਮੇ ਤੇ ਠੰਢੇ ਹੋਕੇ, ਵਿ., ਮਰਦਾ ਹੋਇਆ, ਮਰਣ ਤੇ

निसा-ਨਿਸਾ, ਇ., ਤ੍ਰਿਪਤੀ, ਰਜੇਵਾਂ, ਸੰਤੋਖ, ਤਸੱਲੀ

निसाकर-ਨਿਸਾਕਰ, ਪੁ., ਚੰਦ, ਚੰਨ

निसाचर-ਨਿਸਾਚਰ, ਪੁ., ਰਾਖਸ਼, ਦੈਂਤ

निसाद-ਨਿਸਾਦ, ਪੁ., ਭੰਗੀ, ਮਿਹਤਰ

निसान-ਨਿਸਾਨ, ਪੁ., ਚਿੰਨ੍ਹ. ਨਗਾਰਾ, ਧੌਂਸਾ

निसानन-ਨਿਸਾਨਨ, ਪੁ., ਆਥਣ ਵੇਲਾ, ਸੰਝ, ਤ੍ਰਿਕਾਲਾਂ

निसापति-ਨਿਸਾਪਤਿ, ਵਿ., ਚੰਦ, ਚੰਨ

निसाफ़-ਨਿਸਾਫ਼, ਪੁ., ਨਿਰਣਾ, ਫੈਸਲਾ ਇਨਸਾਫ

निसार-ਨਿਸਾਰ, ਪੁ., ਨਿਛਾਵਰ, ਸਮੂਹ, ਵਾਰੇ ਵਾਰੇ

निसारना-ਨਿਸਾਰਨਾ, ਕ੍ਰਿ., ਕੱਢਣਾ, ਬਾਹਰ ਕਰਨਾ, ਉਤੋਂ ਦੀ ਵਾਰਨਾ

निसारा-ਨਿਸਾਰਾ, ਇ., ਕੇਲੇ ਦਾ ਬੂਟਾ

निसासी-ਨਿਸਾਸੀ, ਵਿ., ਬੇ ਸਾਹਾ

निसावरा-ਨਿਸਾਵਰਾ, ਪੁ., ਕਬੂਤਰ ਦੀ ਇਕ ਨਸਲ

निसदिन-ਨਿਸਦਿਨ, ਪੁ., ਰਾਤ ਦਿਨ, ਸਦੀਵੀ, ਹਮੇਸ਼

निसिनिसि-ਨਿਸਿਨਿਸਿ, ਇ., ਅੱਧੀ ਰਾਤ, ਰਾਤੋ ਰਾਤ

निसियर-ਨਿਸਿਜਰ, ਪੁ., ਚੰਦ

निसवासर-ਨਿਮਿਵਾਸਰ, ਪੁ., ਸਦੀਵੀ, ਰਾਤ ਦਿਨ

निसीठा-ਨਿਸੀਠਾ, ਨਿ., ਫਿੱਕਾ, ਰਸ ਬਿਨਾ

निसीथ-ਨਿਸੀਥ, ਪੁ., ਅੱਧੀ ਰਾਤ

निसु-ਨਿਸੁ, ਇ., ਰਾਤ, ਰੈਣ

निसुका-ਨਿਸੁਕਾ, ਵਿ., ਦਲਿਦਰੀ, ਗਰੀਬ

निसुन्धार-ਨਿਸੁੰਧਾਰ, ਪੁ., ਸੰਭਾਲੂ ਦਾ ਰੁੱਖ

निसुन्धु-ਨਿਸੁੰਧੁ, ਪੁ., ਇਕ ਦੈਂਤ

निसूदक-ਨਿਸੂਦਕ, ਵਿ., ਹਿੰਸਕ, ਹਿੰਸਾ ਕਰਨ ਵਾਲਾ

निसूदन-ਨਿਸੂਦਨ, ਪੁ., ਖੂਨ ਕਰਨ ਦੀ ਕਿਰਿਆ

निसेनी-ਨਿਸ਼ੇਨੀ, ਇ., ਪੌੜੀ, ਸੀੜ੍ਹੀ

निसेस-ਨਿਸੇਸ, ਪੁ., ਚੰਦਰਮਾ

निसोढ़-ਨਿਸੋੜ੍ਹ, ਵਿ., ਬਰਦਾਸ਼ਤ ਕਰਨ ਜੋਗ

निसतारा-ਨਿਸ੍ਤਾਰਾ, ਪੁ., ਛੁੱਟੀ, ਮੁਕਤੀ, ਆਜ਼ਾਦੀ

निसोग-ਨਿਸੋਗ, ਵਿ., ਜਿਸ ਨੂੰ ਸੋਗ ਨਾ ਹੋਵੇ,ਬੇ ਫਿਕਰ

निसोच-ਨਿਸੋਚ, ਵਿ., ਬੇਫਿਕਰ

निसोत-ਨਿਸੋਤ, ਵਿ., ਖਾਲਸ, ਸ਼ੁੱਧ, ਬੇ ਮੈਲ

निसोथ-ਨਿਸੋਥ, ਇ., ਇਕ ਬੂਟੀ

निसोधु-ਨਿਸੋਧੁ, ਇ., ਰੇਸ਼ਮੀ ਕੀੜਾ

निस्केवल-ਨਿਸਕੇਵਲ, ਵਿ., ਨਿਰਮਲ, ਸ਼ੁੱਧ

निस्तनी-ਨਿਸ੍ਤਨੀ, ਇ., ਉਹ ਤੀਵੀਂ ਜਿਸ ਦੇ ਮੰਮੇ ਨਾ ਹੋਣ, ਬੱਟੀ, ਗੋਲੀ

निस्तन्तु-ਨਿਸ੍ਤੰਤੁ ਵਿ., ਨਿਪੁੰਤਾ, ਔਤ, ਬੇਉਲਾਦ

निस्तन्द्र-ਨਿਸ੍ਤੰਦ੍ਰ, ਵਿ., ਆਲਸ ਰਹਿਤ, ਉਦਮੀ, ਬਲਵਾਨ

निस्तब्ध-ਨਿਸ੍ਤਬਧ, ਵਿ.. ਖਮੋਸ਼, ਚੁਪੀਤਾ

निस्तब्धता-ਨਿਸ਼੍ਤਬਧਤਾ, ਇ., ਖਮੋਸ਼ੀ, ਚੁਪ ਚਾਂਦ

निस्तरण-ਨਿਸ੍ਤਰਣ, ਪੁ., ਪਾਰ ਹੋਣ ਦੀ ਕਿਰਿਆ, ਛੁਟਕਾਰਾ, ਮੁਕਤੀ

निस्तरना-ਨਿਸ੍ਤਰਨਾ, ਕ੍ਰਿ., ਮੁਕਤ ਹੋਣਾ, ਪਾਰ ਉਤਰਨਾ

निस्तरी-ਨਿਸ੍ਤਰੀ, ਇ., ਇਕ ਰੇਸ਼ਮੀ ਕੀੜਾ

निस्तरीक-ਨਿਸ੍ਤਰੀਕ, ਵਿ., ਬਿਨਾ ਬੇੜੇ ਤੋਂ

निस्तरीप-ਨਿਸ੍ਤਰੀਪ, ਵਿ., ਬਿਨਾ ਮਲਾਹੋਂ ਬੇੜੀ

निस्तल-ਨਿਸ੍ਤਲ, ਵਿ., ਬਿਨਾ ਪੇਂਦੀ ਤੋਂ ਚਲਾਇਮਾਨ

निस्तार-ਨਿਸ੍ਤਾਰ, ਪੁ., ਪਾਰ ਹੋਣ ਦਾ ਭਾਵ, ਅਜ਼ਾਦ ਹੋਣ ਦੀ ਕਿਰਿਆ, ਮੁਕਤ ਹੋਣ ਦਾ ਭਾਵ

निस्तारक-ਨਿਸ੍ਤਾਰਕ, ਵਿ., ਮੁਕਤੀ ਦਾਤਾ, ਅਜ਼ਾਦੀ ਦੇਣ ਵਾਲਾ

निस्तारण-ਨਿਸ੍ਤਾਰਣ, ਪੁ., ਛੱਡਣ ਦਾ ਭਾਵ, ਅਜ਼ਾਦ ਕਰਨ ਦਾ ਭਾਵ, ਮੁਕਤ ਕਰਨ ਦਾ ਕੰਮ, ਪਾਰ ਕਰਨ ਦਾ ਕੰਮ, ਬਚਾਉਣ ਦਾ ਕੰਮ, ਦੀਵਾਲਾ

निस्तारना-ਨਿਸ੍ਤਾਰਨਾ, ਕ੍ਰਿ., ਮੁਕਤ ਕਰਨਾ, ਪਾਰ ਕਰਨਾ

निस्तिमिर-ਨਿਸ੍ਤਿਮਿਰ,ਵਿ., ਪਰਕਾਸ਼, ਹਨੇਰੇ ਤੋਂ ਬਿਨਾ

निस्तीर्ण-ਨਿਸ੍ਤੀਰਣ, ਵਿ., ਜੋ ਪਾਰ ਜਾ ਚੁੱਕਾ ਹੋਵੇ, ਜੋ ਅਜ਼ਾਦ ਹੋ ਚੁਕਾ ਹੋਵੇ

निस्तुति-ਨਿਸਤੁਤਿ, ਵਿ., ਪਰਸੰਸਾ ਰਹਿਤ

निस्तुपत-ਨਿਸਤੁਸ਼ਿਤ, ਵਿ,, ਜਿਸ ਵਿਚ ਤੂੜੀ ਨਾ ਹੋਵੇ, ਬਿਨਾ ਘੁੰਡੀ, ਬਿਨਾ ਡੱਕੇ

निस्तुपोपल-ਨਿਸਤੁਸ਼ੋਪਲ, ਪੁ., ਸਫਟਿਕ ਮਣੀ, ਬਿਲੌਰ ਪੱਥਰ

निस्तेज–ਨਿਸ੍ਤੇਜ, ਵਿ., ਜਿਸ ਵਿਚ ਚਮਕ ਜਾਂ ਭਾਹ ਨਾ ਹੋਵੇ, ਮਲੀਨ

निस्तैल–ਨਿਸ੍ਤੈਲ. ਵਿ., ਤੇਲ ਵਿਹੂਣਾ

निस्तोदन–ਨਿਸ੍ਤੋਦਨ, ਪੁ., ਬਹੁਤ ਦੁਖੀ

निस्तोय–ਨਿਸ੍ਤੋਯ, ਵਿ., ਬਿਨਾ ਪਾਨੀ

निस्त्रप–ਨਿਸਤ੍ਰਪ, ਵਿ., ਨਿਰਲੱਜ, ਬੇਸ਼ਰਮ

निस्त्रिंश–ਨਿਸਤ੍ਰਿੰਸ਼, ਵਿ., ਨਿਰਦਈ, ਸਖਤ ਪੁ., ਤਲਵਾਰ, ਖੰਡਾ

निस्नेह–ਨਿਸ੍ਨੇਹ. ਵਿ., ਪਿਆਰ, ਰਹਿਤ.ਬਿਨਾ ਪਿਆਰੋਂ,. ਜਿਸ ਵਿਚ ਤੇਲ ਨਾ ਹੋਵੇ

निस्पन्द–ਨਿਸਪੰਦ. ਵਿ., ਜਿਸ ਵਿਚ ਕਾਂਬਾ ਨਾ ਹੋਵੇ

निस्पन्दी–ਨਿਸਪੰਦੀ, ਵਿ., ਕੰਬਦਾ ਹੋਇਆ

निस्पृह–ਨਿਸਪ੍ਰਿਹ, ਵਿ., ਨਿਰਲੋਭ, ਨਿਰਇੱਛਤ

निस्पृहता–ਨਿਸਪ੍ਰਿਹਤਾ, ਇ., ਨਿਰਲੋਭਤਾ, ਇੱਛਿਆ ਦਾ ਅਭਾਵ

निस्रव–ਨਿਸ੍ਰਵ, ਪੁ., ਚਾਉਲਾਂ ਦੀ ਪਿੱਛ

निस्व–ਨਿਸ੍ਵ, ਵਿ., ਗਰੀਬ, ਕੰਗਾਲ

निस्वन–ਨਿਸ੍ਵਨ, ਪੁ., ਸ਼ਬਦ

निस्वास–ਨਿਸ੍ਵਾਸ, ਪੁ., ਹੌਕੇ, ਆਹ

निस्संकोच–ਨਿਸਸੰਕੋਚ, ਵਿ., ਬੇਧੜਕ, ਬੇ ਖੌਫ, ਬਿਨਾ ਰੋਕ ਟੋਕ ਦੇ

निस्संतान–ਨਿਸਸੰਤਾਨ. ਵਿ., ਨਿਪੁੱਤਾ, ਬੇਉਲਾਦਾ

निस्संदेह–ਨਿਸਸੰਦੇਹ, ਵਿ., ਬਿਨਾ ਸ਼ੱਕ

निस्सरण–ਨਿਸਸਰਣ, ਪੁ., ਨਿਕਲਣ ਦਾ ਰਸਤਾ ਜਾਂ ਸਥਾਨ, ਨਿਕਾਸ

निस्सार–ਨਿਸਸਾਰ, ਵਿ., ਫ਼ਜ਼ੂਲ, ਬੇਅਰਥ, ਬੇ ਮਤਲਬ, ਬਿਨ ਤੱਤ

निस्सहाय–ਨਿਸਸਹਾਯ, ਵਿ., ਬੇਆਸਰੇ, ਬਿਨਾ ਸਹਾਇਤਾ ਤੋਂ

निस्सीम–ਨਿਸਸੀਮ, ਵਿ., ਬੇਹੱਦ, ਸੀਮਾ ਰਹਿਤ, ਵੱਟ ਬੰਨ੍ਹੇ ਬਿਨਾ

निस्स्वादु–ਨਿਸਸਵਾਦੁ, ਵਿ., ਬੇਸੁਆਦ.ਬਦ ਜ਼ਾਇਕਾ

निस्स्वार्थ–ਨਿਸਸ੍ਵਾਰਥ, ਵਿ., ਬਿਨਾ ਖੁਦਗਦਜ਼ੀ, ਬਿਨਾ ਮਤਲਬ

निहंग–ਨਿਹੰਗ, ਵਿ., ਕਲਮ ਕਲਾ, ਨੰਗਾ, ਨਿਧੜਕ,ਬੇਖੌਫ

निहंग लाडला–ਨਿਹੰਗ ਲਾਡਲਾ, ਵਿ., ਮਾ ਪਿਉ ਦੇ ਪਿਆਰ ਨਾਲ ਇੱਲਤੀ ਬਣਿਆ ਹੋਇਆ

निहंता–ਨਿਹੰਤਾ, ਵਿ., ਨਾਸ ਕਟਨ ਵਾਲਾ, ਮਾਰ ਮੁਕਾਉਣ ਵਾਲਾ

निहकाम–ਨਿਹਕਾਮ, ਵਿ., ਦੇਖੋ ਨਿਸ਼ਕਾਮ (निष्काम)

निहित–ਨਿਹਿਤ, ਵਿ., ਮਾਰਿਆ ਹੋਇਆ, ਸੁਟਿਆ ਹੋਇਆ, ਢਾਹਿਆ ਹੋਇਆ

निहत्था–ਨਿਹੱਥਾ, ਵਿ , ਖਾਲੀ ਹੱਥ

निहनन–ਨਿਹਨਨ, ਪੁ., ਮਾਰਨ, ਕਤਲ, ਖੂਨ

निहल–ਨਿਹਲ ਪੁ., ਉਹ ਜਮੀਨ ਜੋ ਨਦੀ ਦੇ ਵਹਿਣ ਦੇ ਹਟ ਜਾਣ ਤੇ ਨਿਕਲੇ

निहाई–ਨਿਹਾਈ, ਇ., ਆਹਰਣ, ਲੁਹਾਰਾਂ ਆਦਿਕ ਦਾ ਇਕ ਸੰਦ

निहाका–ਨਿਹਾਕਾ, ਇ., ਘੜਿਆਲ, ਗੋਹ

निहानी–ਨਿਹਾਨੀ, ਇ., ਤਰਖਾਣਾਂ ਦਾ ਇਕ ਸੰਦ

निहार–ਨਿਹਾਰ, ਪੁ., ਬਰਫ, ਤੇਲ, ਓਸ. ਕੁਹਰਾ, ਪਾਲਾ

निहारना–ਨਿਹਾਰਨਾ, ਕ੍ਰਿ., ਤੱਕਣਾ, ਜਾੱਚਣਾ, ਦੇਖਣਾ

निहारिका–ਨਿਹਾਰਿਕਾ, ਇ., ਅਕਾਸ਼ ਤੇ ਦਿਖਣ ਵਾਲਾ ਧੂੰਆਂ ਜੇਹਾ, ਓਸ

निहाव–ਨਿਹਾਵ, ਪੁ., ਘਣ. ਵੱਡਾ ਹਥੌੜਾ

निहीत–ਨਿਹੀਤ, ਵਿ., ਪਾਮਰ, ਨੀਚ, ਦੁਸ਼ਟ

निहुंकना–ਨਿਹੁੰਕਨਾ, ਕ੍ਰਿ., ਝੁਕਣਾ, ਨਿੰਵਣਾ, ਨਿੰਮ੍ਰ ਹੋਣਾ

निहुराना–ਨਿਹੁਰਾਨਾ ਕ੍ਰਿ., ਨਿਵਾਉਣਾ, ਝੁਕਾਉਣਾ

निहुराई–ਨਿਹੁਰਾਈ, ਇ., ਕਠੋਰਤਾ

निहोरना–ਨਿਹੋਰਨਾ, ਕ੍ਰਿ., ਬੇਨਤੀ ਕਰਨਾ, ਪ੍ਰਾਰਥਨਾ ਕਰਨਾ, ਐਹਸਾਨਮੰਦ ਹੋਣਾ, ਮਨੌਤੀ ਮਨਾਉਂਣੀ

निहोरा–ਨਿਹੋਰਾ, ਪੁ., ਉਪਕਾਰ, ਮਿਹਰਬਾਨੀ,ਆਸ਼੍ਰਮ, ਆਧਾਰ, ਭਰੋਸਾ, ਬੇਨਤੀ, ਪ੍ਰਾਰਥਨਾ, ਕ੍ਰਿ. ਵਿ., ਨਿਮਿਤ, ਰਾਹੀਂ, ਦੁਆਰਾ, ਵਾਸਤੇ, ਲਈ, ਬਦੌਲਤ

नींद–ਨੀਂਦ, ਇ., ਨੀਂਦਰ, ਸੌਣ ਦੀ ਹਾਲਤ, ਉਂਘ

नीक, नीका–ਨੀਕ, ਨੀਕਾ, ਵਿ., ਸੋਹਣਾ, ਚੰਗਾ, ਭਲਾ, ਅੱਛਾ ਪੁ., ਅੱਛਾਪਣ, ਸੁੰਦਰਤਾ

नीकार–ਨੀਕਾਰ, ਪੁ., ਬੇਇੱਜ਼ਤੀ, ਝਿੜਕ ਝੰਭ

नीकाश–ਨੀਕਾਸ਼, ਵਿ., ਬਰਾਬਰ, ਤੁੱਲ, ਸਮਾਨ, ਪੁ., ਨਿਸ਼ਚਾ

नीके–ਨੀਕੇ, ਕ੍ਰਿ. ਵਿ., ਚੰਗੀ ਤਰ੍ਹਾਂ

नीग्रो–ਨੀਗ੍ਰੋ, ਪੁ., ਹਬਸ਼ੀ

नीच–ਨੀਚ, ਵਿ., ਨਿੱਕੀ ਸੁੱਕੀ ਜਾਤ ਦਾ, ਕਮੀਣਾ, ਨਕਾਰਾ, ਦੁਸ਼ਟ, ਹੋਛਾ

नीचक–ਨੀਚਕ, ਵਿ., ਬੌਣਾ, ਮਧਰਾ

नीचकमाई–ਨੀਚਕਮਾਈ, ਇ., ਖੋਟਾ ਕੰਮ, ਭੈੜੇ ਕੰਮਾਂ ਨਾਲ ਕਮਾਇਆ ਹੋਇਆ ਪੈਸਾ

नीचका–ਨੀਚਕਾ, ਇ., ਅੱਛੀ ਗਊ, ਚੰਗੀ ਗਊ

नीचकी–ਨੀਚਕੀ, ਵਿ., ਉੱਚਾ, ਚੰਗਾ, ਜਿਸ ਕੋਲ ਚੰਗੀਆਂ ਗਊਆਂ ਹੋਣ, ਪੁ., ਉਪਰਲਾ ਹਿੱਸਾ

नीचग–ਨੀਚਗ, ਵਿ., ਹੇਠਾਂ ਨੂੰ ਜਾਣ ਵਾਲਾ, ਹੋਛਾ, ਪੁ., ਪਾਣੀ

नीचगा–ਨੀਚਗਾ, ਇ., ਨਦੀ, ਨੀਚ ਨਾਲ ਭੋਗ ਕਰਨ ਵਾਲੀ ਤੀਵੀਂ

नीचगामी–ਨੀਚਗਾਮੀ, ਵਿ., ਦੇਖੋ ਨੀਚਗ (नीचग)

नीचता–ਨੀਚਤਾ, ਇ., ਕਮੀਣਾਪਣ, ਖੁਟਾਈ, ਦੁਸ਼ਟਤਾ

नीचा–ਨੀਚਾ, ਪੁ., ਹੇਠਾਂ ਦਾ, ਥੱਲੜਾ, ਨੀਵਾਂ, ਹੇਠਲਾ, ਹੋਛਾ, ਧੌਮਾ, ਝੁਕਿਆ ਹੋਇਆ

नीचाशय–ਨੀਚਾਸ਼ਜ, ਵਿ., ਛੋਟੇ ਵਿਚਾਰ ਦਾ, ਭੈੜੇ ਖਿਆਲ ਦਾ, ਹੋਛਾ

नीचू–ਨੀਚੂ, ਵਿ., ਜੋ ਟਪਕਦਾ ਨਾ ਹੋਵੇ, ਜੋ ਰਸੇ ਨਾ

नीचे–ਨੀਚੇ, ਕ੍ਰਿ. ਵਿ., ਨੀਵੇਂ ਪਾਸੇ, ਹੇਠ ਨੂੰ, ਥੱਲੇ ਨੂੰ

नीज–ਨੀਜ; ਪੁ., ਰੱਸੀ, ਲੱਜ

नीजन–ਨੀਜਨ, ਪੁ., ਦੇਖੋ ਨਿਰਜਨ (निर्जन)

नीजू–ਨੀਜੂ, ਇ., ਲੱਜ, ਰੱਸੀ, ਪਾਣੀ ਭਰਨ ਦੀ ਰੱਸੀ

नीझर–ਨੀਝਰ, ਪੁ., ਝਰਨਾ

नीठ–ਨੀਠ, ਕ੍ਰਿ. ਵਿ., ਕਿਸੇ ਨਾ ਕਿਸੇ ਤਰ੍ਹਾਂ, ਔਖ ਨਾਲ

नीठि–ਨੀਠਿ, ਇ., ਅਰੁਚਿ ਇੱਛਿਆ ਤੋਂ ਬਿਨਾ

नीठो–ਨੀਠੋ, ਵਿ., ਦੁਪਿਆਰਾ, ਜੋ ਸੋਹਣਾ ਨਾ ਹੋਵੇ

नीड़–ਨੀੜ, ਪੁ., ਆਲ੍ਹਣਾ, ਘੌਂਸਲਾ

नीड़क–ਨੀੜਕ, ਪੁ., ਪੰਖੇਰੂ, ਪੰਛੀ

नीड़ज–ਨੀੜਜ, ਪੁ., ਪੰਖੇਰੂ, ਪੰਛੀ, ਚਿੜੀ

नीड़जेन्द्र–ਨੀੜਜੇਂਦ੍ਰ, ਪੁ., ਗਰੜ

नीत–ਨੀਤ, ਵਿ., ਲਿਆਂਦਾ ਹੋਇਆ, ਲਿਆ ਹੋਇਆ, ਪ੍ਰਾਪਤ ਹੋਇਆ, ਪੁ., ਧਾਨ

नीति–ਨੀਤਿ, ਇ., ਲੈ ਜਾਣ ਦੀ ਕਿਰਿਆ, ਢੰਗ, ਵਿਹਾਰ ਦਾ ਤਰੀਕਾ, ਦਸਤੂਰ, ਰੀਤੀ, ਵਰਤਾਰਾ

नीतिज्ञ–ਨੀਤਿਗਜ, ਵਿ., ਨੀਤੀ ਦਾ ਜਾਣਨ ਵਾਲਾ

नीतिमान्–ਨੀਤਿਮਾਨ, ਵਿ., ਨੀਤੀ ਦਾ ਜਾਣਕਾਰ, ਸਦਾਚਾਰੀ

नीतिशास्त्र–ਨੀਤਿਸ਼ਾਸਤ੍ਰ, ਪੁ., ਨੀਤੀ ਸਬੰਧੀ ਗ੍ਰੰਥ

नीधना–ਨੀਧਨਾ, ਵਿ., ਕੰਗਾਲ, ਗਰੀਬ, ਨਿਰਧਨ

नीध्र–ਨੀਧ੍ਰ, ਪੁ., ਛੱਪਰ ਦਾ ਪਰਨਾਲਾ, ਪਹੀਏ ਦਾ ਚੱਕਰ, ਰੇਵਤੀ ਨਛੱਤਰ, ਚੰਦ

नीप–ਨੀਪ, ਪੁ., ਪਹਾੜ ਦਾ ਹੇਠਲਾ ਹਿੱਸਾ, ਅਸ਼ੋਕ ਦਾ ਰੁੱਖ, ਗੱਠ ਦੇਣ ਲਈ ਰੱਸੀ ਦਾ ਫੰਦਾ

नीपर–ਨੀਪਰ, ਪੁ., ਲੰਗਰ ਨਾਲ ਬੰਨ੍ਹੀ ਹੋਈ ਰੱਸੀ

नीबू–ਨੀਬੂ, ਪੁ., ਖੱਟੇ ਰਸ ਵਾਲਾ ਮਸ਼ਹੂਰ ਫੱਲ, ਨਿੰਬੂ

नीम–ਨੀਮ, ਪੁ., ਮਸ਼ਹੂਰ ਕੌੜੇ ਫਲ ਵਾਲਾ ਰੁੱਖ, ਨਿੰਮ

नीमच–ਨੀਮਚ, ਪੁ., ਇਕ ਮੱਛੀ

नीमचा–ਨੀਮਚਾ, ਪੁ., ਖੱਡਾ, ਟੋਆ

नीमजा–ਨੀਮਜਾ, ਵਿ., ਅਧ ਮਰਿਆ, ਅਧ ਮੋਇਆ

नीमटर–ਨੀਮਟਰ, ਵਿ., ਜਿਸ ਨੂੰ ਪੂਰਾ ਗਿਆਨ ਨਾ ਹੋਵੇ

नीमन–ਨੀਮਨ, ਵਿ., ਅੱਛਾ, ਭਲਾ, ਚੰਗਾ, ਤੰਦਰੁਸਤ, ਸੋਹਣਾ, ਵਧੀਆ

नीमर–ਨੀਮਰ, ਵਿ., ਕਮਜ਼ੋਰ, ਨਤਾਕਤਾ, ਮਰੀਅਲ, ਮਾੜਚੂ, ਲਿੱਸਾ

नीमा–ਨੀਮਾ, ਪੁ., ਕੁੜਤੇ ਦੀ ਸ਼ਕਲ ਦਾ ਇਕ ਪਹਿਰਾਵਾ

नीमावत–ਨੀਮਾਵਤ, ਪੁ., ਵੈਸ਼ਣਵਾਂ ਦੀ ਇਕ ਸੰਪਰਦਾ

नीयत–ਨੀਯਤ, ਇ., ਮਨੋਰਥ, ਮਨਸਾ, ਨੀਤ, ਮਰਜ਼ੀ, ਦਲੀਲ

नीर–ਨੀਰ, ਪੁ., ਪਾਣੀ ਜਲ

नीरज–ਨੀਰਜ, ਪੁ., ਪਾਣੀ ਤੋਂ ਉਤਪਨੰ ਚੀਜ਼, ਕੰਵਲ, ਮੋਤੀ ਆਦਿਕ

नीरद–ਨੀਰਦ, ਪੁ., ਬੱਦਲ, ਵਿ., ਬਿਨਾ ਦੰਦਾਂ ਦੇ

नीरधि–ਨੀਰਧਿ, ਪੁ., ਸਮੁੰਦਰ

नीरन्ध्र–ਨੀਰੰਧ੍ਰ, ਵਿ., ਜਿਸ ਵਿਚ ਛੇਕ ਨਾ ਹੋਵੇ

नीरपति–ਨੀਰਪਤਿ, ਪੁ., ਵਰੁਣ ਦੇਵਤਾ

नीरम–ਨੀਰਮ, ਪੁ, ਜਹਾਜ਼ ਨੂੰ ਬਰਾਬਰ ਭਾਰੀ ਕਰਨ ਲਈ ਰੱਖਿਆ ਜਾਣ ਵਾਲਾ ਭਾਰ

नीरवा–ਨੀਰਵਾ, ਇ., ਖਾਮੋਸ਼ੀ, ਚੁੱਪ ਚਾਂਦ

नीरस–ਨੀਰਸ, ਵਿ., ਜਿਸ ਵਿਚ ਰਸ ਨਾ ਹੋਵੇ, ਸੁੱਕਾ, ਫਿੱਕਾ, ਬੇਸੁਆਦਾ

नीरसा–ਨੀਰਸਾ, ਇ., ਇਕ ਤਰ੍ਹਾਂ ਦੀ ਘਾਹ

नीराखु–ਨੀਰਾਖੁ, ਪੁ., ਊਦਬਿਲਾਉ, ਨੇਉਲਾ

नीराजन–ਨੀਰਾਜਨ, ਪੁ., ਆਰਤੀ

नीराञ्जन–ਨੀਰਾਂਜਨ, ਪੁ., ਆਰਤੀ, ਹਥਿਆਰਾਂ ਦੇ ਸਾਫ ਕਰਨ ਜਾਂ ਚਮਕਾਉਣ ਦਾ ਕੰਮ

नीरुज्–ਨੀਰੁਜ, ਪੁ., ਸਿਹਤ, ਤੰਦਰੁਸਤੀ, ਵਿ., ਚਲਾਕ, ਤੰਦਰੁਸਤ, ਬੇਰੋਗ, ਅਰਗ

नीरे–ਨੀਰੇ, ਕ੍ਰਿ. ਵਿ., ਪਾਸ, ਕੋਲ, ਲਾਗੇ, ਨੇੜੇ, ਨਜ਼ੀਕ

नीरोग–ਨੀਰੋਗ, ਵਿ., ਤੰਦਰੁਸਤ, ਬਿਨਾ ਰੋਗ ਵਾਲਾ

नील–ਨੀਲ, ਵਿ., ਨੀਲੇ ਰੰਗ ਦਾ, ਅਸਮਾਨੀ ਰੰਗ ਦਾ, ਪੁ., ਇਕ ਪਹਾੜ, ਰਾਮ ਦੀ ਫੋਜ ਦਾ ਇਕ ਬਾਂਦਰ, ਬਰੋਟਾ, ਕਲੰਕ, ਬੋਹੜ, ਸੌ ਅਰਬ ਦੀ ਗਿਣਤੀ, ਇਕ ਨਗ, ਸੱਟ ਲੱਗਣ ਨਾਲ ਪਿਆ ਹੋਇਆ ਨੀਲਾ ਨਿਸ਼ਾਨ, ਇਕ ਤਰ੍ਹਾਂ ਦਾ ਨਾਚ, ਜ਼ਹਿਰ

नीलक–ਨੀਲਕ, ਪੁ., ਸ਼ੀਸਾ ਲੂਣ, ਭਿਲਾਵੇਂ, ਮਟਰ, ਭੌਰਾ

नीलकणा–ਨੀਲਕਣਾ, ਇ., ਕਾਲਾ ਜੀਰਾ

नीलकण्टक–ਨੀਲਕੰਟਕ, ਪੁ., ਪਪੀਹਾ, ਚਾਤ੍ਰਕ

नीलकण्ठ–ਨੀਲਕੰਠ, ਵਿ., ਜਿਸ ਦਾ ਗ਼ਲ ਨੀਲਾ ਹੋਵੇ, ਪੁ., ਸ਼ਿਵ, ਮਹਾਦੇਵ, ਇਕ ਚਿੜੀ, ਮੋਰ

नीलकण्ठाक्ष–ਨੀਲਕੰਠਾਕਸ਼, ਪੁ., ਰੁਦ੍ਰਾਖਸ਼ ਦਾ ਮਣਕਾ, ਵਿ., ਜਿਸ ਦੀ ਅੱਖ ਮਮੋਲੇ ਵਰਗੀ ਹੋਵੇ

नीलकेशी–ਨੀਲਕੇਸ਼ੀ, ਇ., ਨੀਲ ਦਾ ਬੂਟਾ

नीलक्रौंच–ਨੀਲਕ੍ਰੌਂਚ, ਪੁ., ਕਾਲਾ ਬਗਲਾ

नीलगाय–ਨੀਲਗਾਯ, ਇ., ਰੋਝ

नीलनीरज–ਨੀਲਨੀਰਜ, ਪੁ., ਨੀਲਾ ਕੰਵਲ

नीलता–ਨੀਲਤਾ, ਇ., ਨੀਲਾਪਣ, ਨਿਲਾਈ

नीलपद्म–ਨੀਲਪਦਮ, ਪੁ., ਨੀਲਾ ਕੰਵਲ

नीलपिङ्गला–ਨੀਲਪਿੰਗਲਾ, ਇ., ਨੀਲੇ ਅਤੇ ਭੂਰੇ ਰੰਗ ਵਾਲੀ ਲਾਲ ਗਊ

नीलपिच्छ–ਨੀਲਪਿੱਛ, ਪੁ., ਬਾਜ਼, ਪੰਛੀ

नीलपुष्प–ਨੀਲਪੁਸ਼ਪ, ਪੁ., ਨੀਲਾ ਫੁੱਲ

नीलपुष्पिका, नीलपुष्पी–ਨੀਲਪੁਸ਼ਪਿਕਾ, ਨੀਲਪੁਸ਼ਪੀ, ਇ., ਅਲਸੀ, ਨੀਲ ਦਾ ਬੂਟਾ

नीलफला–ਨੀਲਫਲਾ, ਇ., ਬੈਂਗਣ, ਬਤਾਊਂ

नीलभा–ਨੀਲਭਾ, ਵਿ., ਚੰਦਰਮਾ, ਬੱਦਲ, ਮੱਖੀ

नीलम–ਨੀਲਮ. ਪੁ., ਇਕ ਰਤਨ. ਨੀਲ ਮਣੀ

नीलमण्डल–ਨੀਲਮੰਡਲ, ਪੁ., ਫਾਲਸਾ

नीलमाष–ਨੀਲਮਾਸ਼, ਪੁ., ਕਾਲੇ ਮਾਂਹ. ਕਾਲੇ ਉੜਦ

नीलमोर–ਨੀਲਮੋਰ, ਪੁ., ਕੁਰਹੀ ਨਾਉਂ ਦਾ ਜਾਨਵਰ

नीललोचन–ਨੀਲਲੋਚਨ, ਵਿ.. ਨੀਲੀ ਅੱਖ ਵਾਲਾ

नीललोहिता–ਨੀਲਲੋਹਿਤਾ, ਇ., ਸ਼ਿਵ ਪਾਰਬਤੀ, ਇਕ ਤਰ੍ਹਾਂ ਦੀ ਛੋਟੀ ਜਾਮਣ ਜੰਮੋਆ

नीलवसन–ਨੀਲਵਸਨ, ਪੁ., ਨੀਲਾ ਕਪੜਾ. ਸ਼ਨੀ ਗ੍ਰਹਿ

नीलवृन्त–ਨੀਲਵ੍ਰਿੰਤ, ਪੁ., ਰੂਈ, ਤਰਕਸ ਬਣਾਉਣ ਦੀ ਲੱਕੜੀ

नीलसरस्वती–ਨੀਲਸਰਸ੍ਵਤੀ, ਇ., ਤਾਰਾ ਦੇਵੀ

नीलसस्य–ਨੀਲਸਸਜ, ਪੁ., ਬਾਜਰਾ

नीला–ਨੀਲਾ, ਵਿ., ਨੀਲੇ ਰੰਗ ਦਾ, ਪੁ., ਨੀਲਮ, ਇਕ ਤਰ੍ਹਾਂ ਦਾ ਕਬੂਤਰ

नीलाक्ष–ਨੀਲਾਕਸ਼, ਵਿ., ਨੀਲੀ ਅੱਖ ਦਾ. ਪੁ., ਰਾਜ ਹੰਸ

नीलाङ्ग–ਨੀਲਾਂਗ, ਪੁ., ਸਾਰਸ, ਵਿ., ਨੀਲੇ ਰੰਗ ਦਾ

नीलाङ्गु–ਨੀਲਾਂਗੁ, ਪੁ., ਕੀੜਾ, ਭੌਰਾ, ਭੌਰ

नीलाचल–ਨੀਲਾਚਲ, ਪੁ., ਇਕ ਪਹਾੜ

नीलाञ्जन–ਨੀਲਾਂਜਨ, ਪੁ., ਨੀਲਾ ਸੁਰਮਾ, ਤੂਤੀਆ, ਨੀਲਾ ਥੋਥਾ

नीलाञ्जना–ਨੀਲਾਂਜਨਾ, ਇ., ਬਿਜਲੀ

नीलाथोथा–ਨੀਲਾਥੋਥਾ, ਪੁ., ਇਕ ਨੀਲਾ ਪੱਥਰ ਜਿਸ ਵਿਚ ਤਾਂਬਾ ਅਤੇ ਗੰਧਕ ਹੁੰਦੀ ਹੈ

नीलाब्ज–ਨੀਲਾਬਜ, ਪੁ., ਦੇਖੋ ਨੀਲ ਪਦਮ (नीलपद्म)

नीलाभ्र–ਨੀਲਾਭ੍ਰ, ਪੁ., ਕਾਲਾ ਅਭਰਕ

नीलाम–ਨੀਲਾਮ, ਪੁ., ਆਮ ਵਿੱਕਰੀ ਜਿਸ ਵਿਚ ਬੋਲੀ ਦੇ ਕੇ ਸਭ ਤੋਂ ਵੱਧ ਮੁੱਲ ਦੇਣ ਵਾਲੇ ਨੂੰ ਚੀਜ਼ ਦਿਤੀ ਜਾਂਦੀ ਹੈ

नीलामी–ਨੀਲਾਮੀ, ਇ., ਨਿਲਾਮ ਕਰਨ ਦਾ ਕੰਮ

नीलाम्बर–ਨੀਲਾਂਬਰ, ਪੁ., ਨੀਲਾ ਕਪੜਾ, ਬਲਰਾਮ, ਰਾਖਸ਼, ਵਿ., ਨੀਲੇ ਕਪੜੇ ਵਾਲਾ

नीलाम्बरी–ਨੀਲਾਂਬਰੀ, ਇ., ਇਕ ਰਾਗਣੀ

नीलांबुजं–ਨੀਲਾਂਬੁਜ, ਪੁ., ਨੀਲਾ ਕੰਵਲ

नीलावती–ਨੀਲਾਵਤੀ, ਇ., ਇਕ ਤਰ੍ਹਾਂ ਦਾ ਚਾਉਲ

नीलाहट–ਨੀਲਾਹਟ, ਇ., ਨੀਲਾ ਪਣ

नीलिनी–ਨੀਲਿਨੀ, ਇ., ਨੀਲ ਦਾ ਬੂਟਾ

नीलिमा–ਨੀਲਿਮਾ, ਇ., ਦੇਖੋ ਨੀਲਾਹਟ (नीलहट)

नीली–ਨੀਲੀ, ਵਿ., ਨੀਲੇ ਰੰਗ ਦੀ. ਅਸਮਾਨੀ

नीलीघोड़ी–ਨੀਲੀਘੋੜੀ, ਇ., ਕੁੜਤੇ ਦੇ ਨਾਲ ਸਿਉਂਤੀ ਹੋਈ ਕਾਗਜ਼ ਦੀ ਘੋੜੀ ਜਿਸ ਨੂੰ ਪਹਿਰ ਕੇ ਮਨੁੱਖ ਨੂੰ ਜਾਪਦਾ ਹੈ ਕਿ ਮੈਂ ਘੋੜੇ ਉਤੇ ਸਵਾਰ ਹਾਂ, ਕਾਲੇ ਨੀਲੇ ਰੰਗ ਦੀ ਘੋੜੀ

नीलोत्पल–ਨੀਲੋਤਪਲ, ਪੁ., ਨੀਲਾ ਕੰਵਲ

नीलोद–ਨੀਲੋਦ, ਪੁ., ਉਹ ਸਮੁੰਦਰ ਜਾਂ ਨਦੀ ਜਿਸ ਦਾ ਪਾਣੀ ਨੀਲਾ ਹੋਵੇ

नीलोफ़र–ਨੀਲੋਫਰ, ਪੁ., ਮਸ਼ਹੂਰ ਠੰਡਾ ਫੁੱਲ ਜਿਸ ਦਾ ਸ਼ਰਬਤ ਬਣਦਾ ਹੈ. ਕੰਮੀ, ਭੰਬੂਲ

नीव–ਨੀਵ, ਇ., ਨੀਂਹ, ਜਿਸ ਦੀ ਮਿਆਦ ਉਤੇ ਉਸਾਰੀ ਹੁੰਦੀ ਹੈ, ਨਿਉਂ

नीवानाश–ਨੀਵਾਨਾਸ, ਪੁ., ਜੜ ਮੂਲ ਤੋਂ ਨਾਸ, ਬਰਬਾਦੀ, ਤਬਾਹੀ

नीवार–ਨੀਵਾਰ, ਪੁ., ਸੱਠੀ ਦਾ ਚਾਉਲ

नीवि, नीवी–ਨੀਵਿ, ਨੀਵੀ, ਇ., ਬਾਜ਼ੀ, ਪੂੰਜੀ, ਤੀਵੀਂ ਦੇ ਨੱਕ ਨਾਲ ਬੰਨ੍ਹਣ ਦਾ ਡੋਰਾ, ਨਾਲਾ, ਲੱਕ ਨਾਲ ਲਪੇਟੀ ਹੋਈ ਧੋਤੀ ਦੀ ਗੱਠ, ਇਜ਼ਾਰਬੰਦ

नीशार–ਨੀਸ਼ਾਰ, ਪੁ,, ਪਾਲੇ ਤੋਂ ਬਚਣ ਦਾ ਪਰਦਾ, ਕਨਾਤ

नीस–ਨੀਸ, ਪੁ., ਚਿੱਟਾ ਧਤੂਰਾ

नीसू–ਨੀਸੂ, ਪੁ., ਧਰਤੀ ਵਿਚ ਗੱਡੀ ਹੋਈ ਲੱਕੜ ਜਿਸ ਉਤੇ ਪੱਠੇ ਆਦਿਕ ਕੱਟੀਂਦੇ ਹਨ, ਅੱਡਾ, ਠੀਹਾ

नीहार–ਨੀਹਾਰ, ਪੁ., ਕੁਹਰਾ, ਬਰਫ਼, ਪਾਲਾ

नीहारिका–ਨੀਹਾਰਿਕਾ, ਇ., ਕੁਹਰੇ ਵਰਗਾ ਅਕਾਸ਼ ਵਿਚ ਫੈਲਿਆ ਹੋਇਆ ਧੂਆਂ ਜੋ ਹਨੇਰੀ ਰਾਤ ਵਿਚ ਧੱਬੇ ਵਾਙ ਦਿਖਾਈ ਦੇਂਦਾ ਹੈ, ਓਸ, ਤ੍ਰੇਲ

नुक़ता–ਨੁਕਤਾ, ਪੁ., ਬਿੰਦੀ, ਗੁੱਝਾ ਅਰਥ, ਭੇਤ ਦੀ ਗੱਲ, ਐਬ, ਘੋੜੇ ਦੇ ਮੱਥੇ ਉਤੇ ਬੰਨ੍ਹਣ ਦਾ ਪੜਦਾ

नुक़ताचीन–ਨੁਕਤਾਚੀਨ, ਵਿ., ਦੋਸ਼ ਕੱਢਣ ਵਾਲਾ, ਨੁਕਤਾਚੀਨੀ ਕਰਨ ਵਾਲਾ

नुक़ताचीनी–ਨੁਕਤਾਚੀਨੀ, ਇ., ਦੋਸ਼ ਕੱਢਣ ਦਾ ਕੰਮ

नुक़ती–ਨੁਕਤੀ, ਇ., ਵੇਸਣ ਦੀ ਤਲੀ ਹੋਈ ਮਿਠਿਆਈ, ਬੂੰਦੀ, ਨੁਗਦੀ

नुक़रा–ਨੁਕਰਾ, ਪੁ , ਚਾਂਦੀ. ਘੋੜੇ ਦਾ ਸਫ਼ੇਦ ਰੰਗ, ਵਿ., ਚਿੱਟਾ

नुक़री–ਨੁਕਰੀ, ਇ., ਤਲਾਉ ਲਾਗੇ ਰਹਿਣ ਵਾਲੀ ਇਕ ਚਿੜੀ

नुक़सान–ਨੁਕਸਾਨ, ਪੁ., ਘਾਟਾ, ਟੋਟਾ. ਹਾਨ, ਹਰਜ, ਵਿਗਾੜ

नुकीला–ਨੁਕੀਲਾ, ਵਿ., ਨੋਕਦਾਰ, ਤਿੱਖਾ

नुकीली–ਨੁਕੀਲੀ, ਵਿ., ਦੇਖੋ ਨੁਕੀਲਾ (नुकीला)

नुक्कड़–ਨੁੱਕੜ, ਪੁ., ਨੋਕ, ਪਤਲਾ ਸਿਰਾ, ਕੂਣਾ, ਚੁੰਝ, ਕੋਣ

नुक़स–ਨੁਕਸ਼, ਪੁ., ਕਮੀ, ਖਰਾਬੀ, ਖੁਟਾਈ, ਐਬ

नुखरना–ਨੁਖਰਨਾ, ਕ੍ਰਿ., ਰਿੱਛ ਦਾ ਲਿਟਣਾ

नुचना–ਨੁਚਨਾ, ਕ੍ਰਿ., ਕਿਸੇ ਚੀਜ਼ ਦਾ ਪਿੰਚ ਕੇ ਵੱਖ ਹੋਣਾ, ਉਖੜਨਾ. ਖੁਰਚਿਆ ਜਾਣਾ

नुत-ਨੁਤ, ਵਿ., ਉਸਤਤ ਕੀਤਾ ਹੋਇਆ

नुति-ਨੁਤਿ, ਇ., ਬੇਨਤੀ, ਉਸਤੁਤ, ਪੂਜਾ

नुत्फ़ा-ਨੁਤਫ਼ਾ, ਪੁ., ਵੀਰਜ, ਉਲਾਦ, ਸੰਤਾਨ

नुत्फ़ा हराम-ਨੁਤਫ਼ਾ ਹਰਾਮ, ਵਿ., ਦੋਗਲਾ, ਕਮੀਣਾ

नुनखरा, नुनखारा-ਨੁਨਖਰਾ,ਨੁਖਰਾਰਾ, ਵਿ., ਨਮਕੀਨ, ਸੁਆਦ ਵਿਚ ਲੂਣ ਵਰਗਾ, ਸਲੂਣਾ

नुनना-ਨੁਨਨਾ, ਕ੍ਰਿ., ਖੇਤੀ ਕੱਟਣੀ, ਫਸਲ ਵੱਢਣੀ

नुनी-ਨੁਨੀ, ਇ., ਛੋਟੀ ਜਾਤ ਦਾ ਤੂਤ

नुनेरा-ਨੁਨੇਰਾ, ਪੁ., ਲੂਣ ਬਣਾਉਣ ਵਾਲਾ, ਲੂਣਗਰ

नुन्नाई-ਨੁੰਨਾਈ, ਇ., ਸੋਹਣਾ ਪਣ, ਸੁਹੱਪਣ, ਖੂਬਸੂਰਤੀ

नुमाइश-ਨੁਮਾਇਸ਼, ਇ., ਦਿਖਾਵਾ, ਜਿਸ ਜਗਾ ਭਾਂਤ ਭਾਂਤ ਦੀਆਂ ਅਚਰਜ ਵਸਤਾਂ ਦਿਖਾਈਆਂ ਜਾਣ, ਚੜਕ ਭੜਕ, ਪਰਦਰਸ਼ਨੀ

नुमाइशी-ਨੁਮਾਇਸ਼ੀ, ਵਿ., ਦਿਖਾਊ, ਜੋ ਵੇਖਣ ਵਿਚ ਹੀ ਚਮਕਦਾਰ ਹੋਵੇ

नुस्ख़ा-ਨੁਸਖ਼ਾ, ਪੁ., ਲਿਖਿਆ ਹੋਇਆ ਕਾਗਜ਼, ਜਿਸ ਕਾਗਜ਼ ਉੱਪਰ ਰੋਗੀ ਵਾਸਤੇ ਦਵਾਈਆਂ ਲਿਖੀਆਂ ਹੋਣ

नूत-ਨੂਤ, ਵਿ., ਤਰੀਫ ਕੀਤਾ ਹੋਇਆ, ਨਵਾਂ, ਅਣੋਖਾ

नूतन-ਨੂਤਨ, ਵਿ., ਨਵਾਂ, ਹੁਣ ਦਾ, ਤਾਜ਼ਾ, ਨਿਰਾਲਾ

नूतनता-ਨੂਤਨਤਾ, ਇ , ਨਵਾਂਪਣ, ਨਵੀਨਤਾ

नूतनत्व-ਨੂਤਨਤ੍ਵ, ਪੁ., ਨਵੀਨਤਾ, ਨਵਾਂਪਣ

नूद-ਨੂਦ, ਪੁ., ਤੂਤ ਦਾ ਰੁੱਖ

नूधा-ਨੂਧਾ, ਪੁ., ਬਿਕ ਤਰ੍ਹਾਂ ਦਾ ਤਮਾਖੂ

नून-ਨੂਨ, ਪੁ., ਅੱਲ ਦੀ ਜਾਤ ਦੀ ਇਕ ਵੇਲ, ਲੂਣ, ਵਿ., ਘੱਟ, ਕਮ, ਥੋੜਾ

नूनताई-ਨੂਨਤਾਈ, ਇ., ਕਮੀ, ਘਾਟਾ, ਥੁੜ

नूपुर-ਨੂਪੁਰ, ਪੁ., ਤੀਵੀਂ ਦਾ ਇਕ ਛਣਕਣ ਵਾਲਾ ਪੈਰਾਂ ਦਾ ਗਹਿਣਾ, ਪੰਜੇਬ

नूर-ਨੂਰ, ਪੁ., ਜੋਤ, ਚਾਨਣ, ਚਮਕ. ਸੋਭਾ, ਰੌਣਕ,ਝਲਕ, ਅੱਖ ਦੀ ਜੋਤ, ਪਰਮੇਸ਼ਰ ਦਾ ਨਾਉਂ

नूरबाफ़-ਨੂਰਬਾਫ, ਪੁ., ਜੁਲਾਹਾ

नूरा-ਨੂਰਾ, ਪੁ., ਬੇਬੰਨ੍ਹੇ ਘੋਲ ਮਿਲ ਕੇ ਕਰਨ ਦੀ ਕੁਸ਼ਤੀ

नूरी-ਨੂਰੀ, ਇ., ਇਕ ਚਿੜੀ ਦਾ ਨਾਉਂ

नूह-ਨੂਹ, ਪੁ., ਯਹੂਦੀ, ਇਕ ਪੈਗੰਬਰ ਦਾ ਨਾਉਂ

नृ-ਨ੍ਰਿ, ਪੁ., ਮਨੁੱਖ, ਆਦਮੀ

नृकपाल-ਨ੍ਰਿਕਪਾਲ, ਪੁ., ਮਨੁੱਖ ਦੀ ਖੋਪਰੀ

नृकेशरी-ਨ੍ਰਿਕੇਸ਼ਰੀ, ਪੁ., ਨਰਸਿੰਘ ਅਵਤਾਰ, ਤਾਕਤਵਰ ਬੰਦਾ ਭਲਾ ਮਨੁੱਖ

नृग-ਨ੍ਰਿਗ, ਪੁ., ਗਊਆਂ ਦਾ ਦਾਨ ਕਰਨ ਵਾਲਾ ਇਕ ਰਾਜਾ

नृघ्न-ਨ੍ਰਿਘ੍ਨ, ਵਿ., ਮਨੁੱਖਾਂ ਨੂੰ ਮਾਰਨ ਵਾਲਾ

नृति-ਨ੍ਰਿਤਿ, ਇ., ਨਾਚ

नृतु-ਨ੍ਰਿਤੁ, ਪੁ., ਨਚਾਰ, ਨੱਚਣ ਵਾਲਾ, ਨਾਚਾ

नृत्य-ਨ੍ਰਿਤਜ, ਪੁ., ਨਾਚ

नृत्यकी-ਨ੍ਰਿਤਜਕੀ, ਇ., ਨੱਚਣ ਵਾਲੀ, ਨਾਚੀ

नृत्यशाला-ਨ੍ਰਿਤਜਸ਼ਾਲਾ, ਇ.; ਨਾਚ ਘਰ

नृदेव-ਨ੍ਰਿਦੇਵ, ਪੁ., ਰਾਜਾ, ਬ੍ਰਾਹਮਣ

नृप-ਨ੍ਰਿਪ, ਪੁ., ਰਾਜਾ

नृपति-ਨ੍ਰਿਪਤਿ, ਪੁ., ਰਾਜਾ, ਕੁਬੇਰ

नृपद्रुम-ਨ੍ਰਿਪਦ੍ਰੁਮ ਪੁ , ਅੰਮਲਤਾਸ, ਅੰਸਫਲੀ, ਖਿਰਨੀ ਦਾ ਰੁੱਖ, ਗੁਲੱਕੜ

नृपद्रोही-ਨ੍ਰਿਪਦ੍ਰੋਹੀ, ਪੁ., ਪਰਸਰਾਮ

नृपप्रिय-ਨ੍ਰਿਪਪ੍ਰਿਯ, ਪੁ., ਲਾਲ ਪਿਆਜ਼, ਰਾਮ ਚੰਦਰ ਦਾ ਤੀਰ, ਸਰਕੰਡਾ, ਇਕ ਤਰ੍ਹਾਂ ਦਾ ਬਾਂਸ, ਅੰਬ ਦਾ ਰੁੱਖ, ਪਹਾੜੀ ਤੋਤਾ, ਲਾਲ ਗੱਠਾ

नृपप्रियफला-ਨ੍ਰਿਪਪ੍ਰਿਯਫਲਾ, ਇ., ਬੈਂਗਣ, ਬਤਾਊਂ

नृपमान-ਨ੍ਰਿਪਮਾਨ, ਪੁ., ਇਕ ਵਾਜਾ ਜੋ ਰਾਜਿਆਂ ਦੇ ਰੋਟੀ ਖਾਣ ਵੇਲੇ ਵਜਾਇਆ ਜਾਂਦਾ ਹੈ

नृपसुता-ਨ੍ਰਿਪਸੁਤਾ, ਇ., ਰਾਜ ਕੁਮਾਰੀ, ਛਛੂੰਦਰ

नृपात्मजा-ਨ੍ਰਿਪਾਤਮਜਾ, ਇ., ਰਾਜਕੁਮਾਰੀ, ਕੌੜਾ ਕੱਦੂ, ਕੌੜੀ ਤੁੰਬੀ

नृपाध्वर-ਨ੍ਰਿਪਾਧ੍ਵਰ, ਪੁ., ਇਕ ਤਰ੍ਹਾਂ ਦਾ ਜੱਗ

नृपाभीर-ਨ੍ਰਿਪਾਭੀਰ, ਪੁ., ਦੇਖੋ ਨ੍ਰਿਪਮਾਨ (नृपमान)

नृपामय-ਨ੍ਰਿਪਾਮਯ, ਪੁ.. ਖਈ ਰੋਗ, ਤਪਦਿਕ

नृपाल-ਨ੍ਰਿਪਾਲ, ਪੁ., ਰਾਜਾ

नृपासन-ਨ੍ਰਿਪਾਸਨ, ਪੁ., ਤਖਤ, ਰਾਜ ਸਿੰਘਾਸਨ

नृपाह्वय-ਨ੍ਰਿਪਾਹ੍ਵਯ, ਪੁ., ਰਾਜੇ ਦੇ ਖਿਤਾਬ ਵਾਲਾ, ਰਾਜਾ ਕਹਾਉਣ ਵਾਲਾ, ਲਾਲ ਗੰਢਾ

नृपोचित-ਨ੍ਰਿਪੋਚਿਤ, ਵਿ., ਰਾਜੇ ਦੇ ਲਾਇਕ

नृमण-ਨ੍ਰਿਮਣ, ਪੁ., ਧਨ, ਦੌਲਤ

नृमणि-ਨ੍ਰਿਮਣਿ, ਪੁ., ਇਕ ਭੂਤ ਜੋ ਬੱਚਿਆਂ ਨੂੰ ਤੰਗ ਕਰਦਾ ਹੈ

नृमर-ਨ੍ਰਿਮਰ, ਪੁ., ਮਨੁੱਖਾਂ ਨੂੰ ਮਾਰਨ ਵਾਲਾ, ਰਾਖਸ਼

नृमेध-ਨ੍ਰਿਮੇਧ, ਪੁ., ਇਕ ਜੱਗ

नृयज्ञ-ਨ੍ਰਿਪਗਜ, ਪੁ.. ਪੰਜਾਂ ਜੱਗਾਂ ਵਿਚੋਂ ਇਕ ਜੱਗ, ਮਹਮਾਨ ਨਿਵਾਜੀ, ਪਾਹੁਨ ਚਾਰੀ, ਅਤਿਥੀ ਸੇਵਾ

नृलोक-ਨ੍ਰਿਲੋਕ, ਪੁ., ਮਿਰਤਲੋਕ, ਮਨੁਖ ਲੋਕ, ਮਾਤ ਭੂਮੀ

नृशंस-ਨ੍ਰਿਸ਼ੰਸ, ਵਿ., ਬੇਰਹਿਮ, ਜ਼ਾਲਮ, ਪੱਥਰ ਦਿਲ, ਕਠੋਰ; ਅਤਿਆਚਾਰੀ

नृशंसता-ਨ੍ਰਿਸ਼ੰਸਤਾ, ਇ., ਬੇਰਹਮੀ, ਨਿਰਦੈਤਾ, ਬੇਤਰਸੀ

नृशृंग-ਨ੍ਰਿਸ਼੍ਰਿੰਗ, ਇ., ਮਨੁੱਖਾਂ ਦੇ ਸਿੰਗਾਂ ਵਾਂਙ ਅਣਹੋਨੀ ਗੱਲ, ਝੂਠੀ ਗੱਲ

नृसिंह-ਨ੍ਰਿਸਿੰਹ, ਪੁ., ਵਿਸ਼ਨੂੰ ਜੀ ਦਾ ਚੌਥਾ ਅਵਤਾਰ

नृसिंह चतुर्दशी-ਨ੍ਰਿਸਿੰਹ ਚਤੁਰਦਸ਼ੀ, ਇ., ਬਸਾਖ ਸ਼ੁਦੀ ਚੌਦੇਂ

नृसिंहपुराण-ਨ੍ਰਿਸਿੰਹਪੁਰਾਣ, ਪੁ., ਇਕ ਉਪਪੁਰਾਣ

नृसिंहपुरी-ਨ੍ਰਿਸਿੰਹਪੁਰੀ, ਪੁ., ਇਕ ਤੀਰਥ ਜੋ ਮੁਲਤਾਨ ਵਿਚ ਦਸਦੇ ਹਨ

नृसोम-ਨ੍ਰਿਸੋਮ, ਪੁ., ਮਨੁੱਖਾਂ ਵਿਚ ਚੰਦ ਵਰਗਾ

नृहरि-ਨ੍ਰਿਹਰਿ, ਪੁ., ਦੇਖੋ ਨ੍ਰਿਸਿੰਹ (नृसिंह)

ने-ਨੇ, ਪ੍ਰਤਯ., ਕਰਤਾ ਦਾ ਚਿੰਨ੍ਹ ਜੋ ਸਕਰਮਕ ਕਿਰਿਆ ਹੋਣ ਕਰ ਕੇ ਕਰਤਾ ਦੇ ਨਾਲ ਲਗਦਾ ਹੈ

नेउला-ਨੇਉਲਾ, ਪੁ., ਭੂਰੇ ਰੰਗ ਦਾ ਸੱਪ ਮਾਰਨ ਵਾਲਾ ਜਾਨਵਰ

नेउली-ਨੇਉਲੀ, ਇ., ਹਠ ਜੋਗ ਦਾ ਇਕ ਭੇਦ

नेक-ਨੇਕ, ਵਿ., ਅੱਛਾ, ਭਲਾ, ਸੱਜਨ, ਸਾਊ, ਕ੍ਰਿ. ਵਿ., ਥੋੜਾ ਜੇਹਾ, ਮਾਮੂਲੀ, ਭੋਰਾ ਕੂ

नेकचलन-ਨੇਕਚਲਨ, ਵਿ., ਅੱਛੇ ਚਾਲ ਚਲਣ ਵਾਲਾ

नेकचलनी-ਨੇਕਚਲਨੀ, ਇ., ਭਲਮਾਣਸੀ, ਸਾਊਪਣਾ

नेकनाम-ਨੇਕਨਾਮ, ਵਿ., ਜਿਸ ਦਾ ਅੱਛਾ ਨਾਉਂ ਹੋਵੇ, ਉੱਘਾ, ਸਤਿਕਾਰ ਜੋਗ

नेकनामी-ਨੇਕਨਾਮੀ, ਇ., ਜਸ, ਕੀਰਤੀ, ਸੋਭਾ, ਵਡਿਆਈ

नेकनीयत-ਨੇਕਨੀਯਤ, ਵਿ., ਜਿਸ ਦੀ ਨੀਤ ਚੰਗੀ ਹੋਵੇ, ਭਲਾਮਾਣਸ

नेकनीयती-ਨੇਕਨੀਯਤੀ, ਇ., ਭਲਾ ਵਿਚਾਰ, ਇਮਾਨਦਾਰੀ

नेकबख़्त-ਨੇਕਬਖ਼ਤ, ਵਿ., ਆਗਿਆਕਾਰ, ਕਿਸਮਤ ਵਾਲਾ

नेकरी-ਨੇਕਰੀ, ਇ., ਸਮੁੰਦਰ ਦੀ ਲਹਿਰ ਦਾ ਥਪੇੜਾ ਜਿਸ ਨਾਲ ਜਹਾਜ਼ ਇਕ ਪਾਸੇ ਵਧਦਾ ਹੈ

नेकी-ਨੇਕੀ, ਇ., ਚੰਗਿਆਈ, ਭਲਮਾਣਸੀ, ਭਲਿਆਈ

नेकु-ਨੇਕੁ, ਇ. ਵਿ., ਦੇਖੋ ਨੇਕ (नेक)

नेग-ਨੇਗ, ਪੁ., ਬ੍ਰਾਹਮਣ ਆਦਿਕਾਂ ਦਾ ਲਾਗ, ਵਰਤਾਉ

नेगचार, नेगजोग-ਨੇਗਚਾਰ, ਨੇਗਜੋਗ, ਪੁ., ਵਿਆਹ ਵੇਲੇ ਕੰਮ ਕਰਨ ਵਾਲਿਆਂ ਨੂੰ ਦਿੱਤਾ ਜਾਣ ਵਾਲਾ ਇਨਾਮ, ਵੰਡਣ ਦੀ ਰਸਮ

नेगटी-ਨੇਗਟੀ, ਵਿ., ਰਸਮ ਦਾ ਪਾਲਣ ਕਰਨ ਵਾਲਾ

नेगीजोगी-ਨੇਗੀਜੋਗੀ, ਪੁ., ਰਾਜੇ ਜਾਂ ਸਰਦਾਰ ਦੇ ਘਰ ਦਾ ਮੋਹਰੀ, ਲਾਗ ਲੈਣ ਦਾ ਹੱਕਦਾਰ

नेचरिया-ਨੇਚਰਿਯਾ, ਪੁ., ਪਰਮੇਸ਼ਰ ਨੂੰ ਨਾ ਮੰਨਣ ਵਾਲਾ, ਨਾਸਤਕ

नेजक-ਨੇਜਕ, ਪੁ., ਧੋਬੀ

नेजा-ਨੇਜਾ, ਪੁ., ਲੰਮਾ ਭਾਲਾ, ਬਰਛਾ, ਨਿਸ਼ਾਨ

नेज़ाल-ਨੇਜਾਲ, ਪੁ., ਦੇਖੋ ਨੇਜਾ (नेजा)

नेटा-ਨੇਟਾ, ਪੁ., ਨੱਕ ਦੀ ਮੈਲ ਜੋ ਸੁਣਕਣ ਨਾਲ ਬਾਹਰ ਆ ਜਾਂਦੀ ਹੈ, ਸੀਂਢ

नेड़े-ਨੇੜੇ, ਕ੍ਰਿ. ਵਿ., ਪਾਸ, ਲਾਗੇ, ਨਜੀਕ, ਕੋਲ

नेत-ਨੇਤ, ਪੁ., ਕਿਸੇ ਗੱਲ ਦੇ ਪੱਕਾ ਹੋਣ ਦਾ ਭਾਵ, ਨਿਸਚਾ, ਪਰਬੰਧ, ਇਰਾਦਾ, ਮਨਸਾ, ਇਕ ਚਾਦਰ, ਪਰਮੇਸ਼ਰ ਦੀ ਮਰਜ਼ੀ

नेतली-ਨੇਤਲੀ, ਇ., ਮਧਾਣੀ ਦੀ ਰੱਸੀ, ਨੇਤਰਾ

नेता-ਨੇਤਾ, ਪੂ., ਨਾਯਕ, ਸਰਦਾਰ, ਆਗੂ, ਸੁਆਮੀ, ਮਾਲਕ, ਵਿਸ਼ਨੂੰ, ਨਿੰਮ ਦਾ ਰੁੱਖ, ਮਧਾਣੀ ਦੀ ਰੱਸੀ, ਨੇਤਰਾ

नेति-ਨੇਤਿ, ਇ., ਹਠ ਜੋਗ ਦਾ ਇਕ ਭੇਦ

नेती-ਨੇਤੀ, ਇ., ਦੇਖੋ ਨੇਤਲੀ (नेतली)

नेतीधोती-ਨੇਤੀਧੋਤੀ, ਇ., ਹਠ ਜੋਗ ਦੀ ਉਹ ਕਿਰਿਆ ਜਿਸ ਵਿਚ ਕਪੜੇ ਦਾ ਟੁਕੜਾ ਢਿਡ ਵਿਚ ਪਾ ਕੇ ਆਂਦਰਾਂ ਸਾਫ ਕਰਦੇ ਹਨ

नेत्र-ਨੇਤ੍ਰ, ਪੁ., ਅੱਖ, ਨੈਣ, ਦੀਦਾ, ਮਧਾਣੀ ਦੀ ਰੱਸੀ, ਇਕ ਕਪੜਾ, ਰੁੱਖ ਦੀ ਜੜ, ਰਥ, ਜਟਾ, ਰਗ, ਨਸ, ਦੋ ਦੀ ਗਿਣਤੀ ਦੱਸਣ ਦਾ ਸ਼ਬਦ, ਨੇਤਰਾ

नेत्रकनीनिका-ਨੇਤ੍ਰਕਨੀਨਿਕਾ, ਪੁ., ਅੱਖ ਦੀ ਪੁਤਲੀ

नेत्रकोष-ਨੇਤ੍ਰਕੋਸ਼, ਪੁ., ਅੱਖ ਦਾ ਪਰਦਾ

नेत्रज-ਨੇਤ੍ਰਜ, ਪੁ., ਹੰਝੂ, ਅੱਥਰੂ

नेत्रजल-ਨੇਤ੍ਰਜਲ, ਪੁ., ਅੱਥਰੂ, ਹੰਝੂ

नेत्रपिण्ड-ਨੇਤ੍ਰਪਿੰਡ, ਪੁ., ਬਿੱਲੀ, ਅੱਖ ਦਾ ਡੇਲਾ

नेत्रबन्ध-ਨੇਤ੍ਰਬੰਧ, ਪੁ., ਲੁਕਣ ਮੀਚੀ ਨਾਉਂ ਦਾ ਖੇਲੁ

नेत्रबाला-ਨੇਤ੍ਰਬਾਲਾ, ਪੁ., ਖੁਸ਼ਬੂਦਾਰ ਬੂਟੀ

नेत्रभाव-ਨੇਤ੍ਰਭਾਵ, ਪੁ., ਗੌਣ ਜਾਂ ਨਾਚ ਵਿਚ ਅੱਖਾਂ ਰਾਹੀਂ ਸੁਖ ਦੁਖ ਦੱਸਣ ਦਾ ਭਾਵ

नेत्रमण्डल-ਨੇਤ੍ਰਮੰਡਲ, ਪੁ., ਅੱਖ ਦਾ ਘੇਰਾ

नेत्रमल-ਨੇਤ੍ਰਮਲ, ਪੁ., ਅੱਖਾਂ ਦੀ ਚਿੱਟੀ ਜੇਹੀ ਮੈਲ, ਗਿੱਡ

नेत्रयोनि-ਨੇਤ੍ਰਯੋਨਿ, ਪੁ., ਇੰਦਰ, ਚੰਦ

नेत्ररञ्जन-ਨੇਤ੍ਰਰੰਜਨ, ਪੁ., ਕੱਜਲ, ਸੁਰਮਾ

नेत्रवारि-ਨੇਤ੍ਰਵਾਰਿ, ਪੁ., ਦੇਖੋ ਨੇਤ੍ਰਜਲ (नेत्रजल)

नेत्रविष-ਨੇਤ੍ਰਵਿਸ਼, ਪੁ., ਇਕ ਸੱਪ ਜਿਸ ਦੀ ਅੱਖ ਵਿਚ ਜ਼ਹਿਰ ਹੁੰਦੀ ਹੈ।

नेत्रस्तम्भ-ਨੇਤ੍ਰਸੁੰਭ, ਪੁ., ਅੱਖ ਦੀ ਪਲਕਾਂ ਦਾ ਥਿਰ ਹੋ ਜਾਣ ਦਾ ਭਾਵ, ਟਿਕ ਜਾਣ ਦਾ ਭਾਵ

नेत्रस्राव-ਨੇਤ੍ਰਸ੍ਰਾਵ, ਪੁ., ਅੱਖਾਂ ਵਿਚੋਂ ਪਾਣੀ ਵਗਣ ਦੀ ਹਾਲਤ

नेत्रात-ਨੇਤ੍ਰਾਤ, ਪੁ., ਪੁੜਪੁੜੀ

नेत्राभिष्यंद-ਨੇਤ੍ਰਾਭਿਸ਼ਜੰਦ, ਪੁ., ਅੱਖ ਦੁਖਣ ਦਾ ਰੋਗ

नेत्राम्बु-ਨੇਤ੍ਰਾਂਬੁ, ਪੁ., ਦੇਖੋ ਨੇਤ੍ਰਜਲ (नेत्रजल)

नेत्री-ਨੇਤ੍ਰੀ, ਇ., ਲੱਛਮੀ, ਨਾੜੀ, ਰਗ, ਨਦੀ, ਅੱਗੇ ਚੱਲਣ ਵਾਲੀ, ਰਾਹ ਦੱਸਨ ਵਾਲੀ

नेत्रोत्सव-ਨੇਤ੍ਰੋਤਸਵ, ਪੁ., ਉਹ ਚੀਜ਼ ਜਿਸ ਨੂੰ ਦੇਖ ਕੇ ਖੁਸ਼ੀ ਮਿਲੇ

नेनुआ, नेनुवां-ਨੇਨੁਆ ਨੇਨੁਵਾ,ਪੁ., ਇਕ ਤਰ੍ਹਾਂ ਦੀ ਤਰਕਾਰੀ, ਘੀਆ ਤੋਰੀ

नेपचून-ਨੇਪਚੂਨ, ਪੁ., ਸੂਰਜ ਦੇ ਆਲੇ ਦੁਆਲੇ ਘੁੰਮਣ ਵਾਲਾ ਇਕ ਗ੍ਰਹਿ ਜਿਸ ਦਾ ਪਤਾ ਸਨ ੧੯੪੬ ਤੋਂ ਪਹਿਲਾਂ ਕਿਸੇ ਨੂੰ ਨਹੀਂ ਸੀ।

नेपथ्य–ਨੇਪਥਜ, ਪੁ., ਸਜਾਵਟ, ਪਰਦੇ ਦੇ ਪਿੱਛੇ ਦੀ ਉਹ ਥਾਂ ਜਿਥੇ ਸਾਂਗ ਧਾਰਦੇ ਤੇ ਬਦਲਦੇ ਹਨ, ਰੰਗ ਭੂਮੀ, ਅਖਾੜਾ

नेपाल–ਨੇਪਾਲ, ਪੁ., ਹਿੰਦੁਸਤਾਨ ਦਾ ਇਕ ਸੁਤੰਤਰ ਰਾਜ

नेपालजा–ਨੇਪਾਲਜਾ, ਪੁ., ਮੈਨਸਲ

नेपाली–ਨੇਪਾਲੀ, ਵਿ., ਨੇਪਾਲ ਦਾ ਰਹਿਣ ਵਾਲਾ

नेफा–ਨੇਫਾ, ਪੁ., ਪਜਾਮੇ ਆਦਿਕ ਦੀ ਨਾਲਾ ਪਾਉਣ ਵਾਲੀ ਥਾਂ

नेब–ਨੇਬ, ਪੁ., ਸਹਾਇਕ, ਮੰਤ੍ਰੀ, ਦੀਵਾਨ

नेबू–ਨੇਬੁ, ਪੁ., ਨਿੰਬੂ

नेम–ਨੇਮ, ਪੁ., ਨਿਜਮ, ਕੈਦਾ, ਰੀਤ, ਦਸਤੂਰ, ਰੋਜ਼ ਹੋਣ ਵਾਲੀ ਗੱਲ, ਖਾਨਦਾਨੀ ਕੰਮਾਂ ਦੀ ਰੱਖਿਆ

नेमधर्म–ਨੇਮਧਰਮ, ਪੁ., ਪੂਜਾ ਪਾਠ, ਨਿੱਤਨੇਮ

नेमि–ਨੇਮਿ, ਇ., ਪਹੀਏ ਦਾ ਘੇਰਾ, ਚੱਕਰ, ਖੂਹ ਦੀ ਭੌਣੀ, ਬੱਜਰ, ਇਕ ਦੈਂਤ ਦਾ ਨਾਉਂ

नेमी–ਨੇਮੀ, ਵਿ., ਨੇਮ ਕਰਨ ਵਾਲਾ, ਜੋ ਨੇਮ ਕਰੇ

नेय–ਨੇਯ, ਵਿ., ਲਿਆਉਣ ਜੋਗ

नेयार्थता–ਨੇਯਾਰਥਤਾ, ਇ., ਕੱਾਵ ਦੋਸ਼ ਦਾ ਇਕ ਭੇਦ

नेरवाती–ਨੇਰਵਾਤੀ, ਇ., ਨੀਲੇਂ ਰੰਗ ਦੀ ਪਹਾੜੀ ਭੇਡ

नेरुवा–ਨੇਤੁਵਾ, ਪੁ., ਕੋਹਲੂ ਦੇ ਹੇਠਾਂ ਤੇਲ ਵਗਣ ਦੀ ਨਾਲੀ

नेरे–ਨੇਰੇ, ਕ੍ਰਿ. ਵਿ., ਲਾਗੇ, ਪਾਸ, ਨਜੀਕ

नेवज–ਨੇਵਜ, ਪੁ., ਨਈਵੇਦ, ਦੇਵਤਿਆਂ ਦਾ ਖਾਣਾ

नेवजा–ਨੇਵਜਾ, ਪੁ., ਕਾਬਲ ਦਾ ਇਕ ਮੇਵਾ, ਚਿਲਗੋਜਾ, ਨਿਉਜਾ

नेवजी–ਨੇਵਜ਼ੀ, ਇ., ਇਕ ਤਰ੍ਹਾਂ ਦਾ ਫੁੱਲ

नेवतना–ਨੇਵਤਨਾ, ਕ੍ਰਿ., ਨੇਉਂਦਾ ਦੇਣਾ

नेवतहरी–ਨੇਵਤਹਰੀ, ਵਿ., ਜਿਸ ਨੂੰ ਨੇਉਂਦਾ ਦਿੱਤਾ ਜਾਵੇ

नेवता–ਨੇਵਤਾ, ਪੁ., ਨੇਉਤਾ, ਨੇਉਂਦਾ ਬ੍ਰਾਹਮਣ ਨੂੰ ਭੋਜਨ ਲਈ ਬੁਲਾਉਣ ਦਾ ਕਰਮ, ਸੱਦਾ

नेवर–ਨੇਵਰ, ਪੁ., ਦੇਖੋ ਨੂਪੁਰ (नूपुर) ਘੋੜੇ ਦੇ ਪੈਰ ਦੀ ਰਗੜ, ਵਿ., ਭੈੜਾ, ਮੋਟਾ

नेवरना–ਨੇਵਰਨਾ, ਕ੍ਰਿ., ਦੂਰ ਹੋਣਾ, ਖਤਮ ਹੋਣਾ

नेवला–ਨੇਵਲਾ, ਪੁ., ਦੇਖੋ ਨੇਉਲਾ (नेउल)

नेवा–ਨੇਵਾ, ਪੁ., ਰੀਤ, ਰਵਾਜ, ਦਸਤੂਰ, ਕਹਾਵਤ, ਅਖਾਣ, ਵਿ., ਵਾਂਙ, ਬਰਾਬਰ, ਤਰ੍ਹਾਂ

नेवाज–ਨੇਵਾਜ, ਵਿ., ਮੁਸਲਮਾਨਾਂ ਦੀ ਪੰਜ ਵੇਲੇ ਦੀ ਪੂਜਾ

नेवारी–ਨੇਵਾਰੀ, ਇ., ਫੁੱਲਾਂ ਵਾਲੀ ਇਕ ਖੁਸ਼ਬੂਦਾਰ ਵੇਲ

नेष्ट–ਨੇਸ਼੍ਟ, ਵਿ., ਜੋ ਚੰਗਾ ਨਾ ਹੋਵੇ, ਸ਼ਾਸਤਰ ਤੋਂ ਨਿਖਿੱਧ

नेस–ਨੇਸ, ਪੁ., ਡੰਗਰਾਂ ਦੇ ਲੰਮੇ ਨੁਕੀਲੇ ਦੰਦ

नेसुक–ਨੇਸੁਕ, ਵਿ., ਥੋੜਾ, ਤਨਿਕ, ਮਾਮੂਲੀ, ਜਰਾਕੁ, ਕ੍ਰਿ. ਵਿ., ਥੋੜਾ ਜਿਹਾ

नेस्त–ਨੇਸੁ, ਵਿ., ਜੋ ਨਾ ਹੋਵੇ, ਖਾਤਮਾ

नेस्तनाबूद–ਨੇਸੁਨਾਬੂਦ, ਪੁ., ਜੋ ਜੜ ਤੋਂ ਹੀ ਨਾ ਰਿਹਾ ਹੋਵੇ

नेस्ती–ਨੇਸ੍ਤੀ, ਇ., ਨਾਂ ਰਹਿਣ ਦਾ ਧਰਮ, ਨਾਸ, ਸੁਸਤੀ, ਵਿ., ਨਕਾਰਾ, ਸੁਸਤ

नेह–ਨੇਹ, ਪੁ., ਪਿਆਰ, ਪ੍ਰੇਮ, ਮੁਹੱਬਤ, ਮੋਹ, ਤੇਲ ਜਾਂ ਘਿਉ

नेही–ਨੇਹੀ, ਵਿ., ਪਿਆਰਾ, ਪ੍ਰੇਮੀ, ਮੁਹੱਬਤ ਕਰਨ ਵਾਲਾ, ਆਸ਼ਕ

नै–ਨੈ, ਇ., ਨਦੀ, ਨੀਤੀ, ਇਨਸਾਫ, ਵਿ., ਹੁੱਕੇ ਦੀ ਨੜੀ, ਬੰਸਰੀ

नैरित–ਨੈਰਿਤ, ਵਿ., ਇਕ ਦਿਸ਼ਾ

नैक–ਨੈਕ, ਵਿ., ਬਹੁਤ; ਪੁ., ਵਿਸ਼ਨੂੰ, ਚੰਗਾ, ਭਲਾ

नैकचर–ਨੈਕਚਰ, ਵਿ., ਇਕੱਲੇ ਚੱਲਣ ਵਾਲੇ, ਜੋ ਇਕੱਲੇ ਚਲਦੇ ਹੋਣ

नैकटिक–ਨੈਕਟਿਕ, ਵਿ., ਲਾਗੇ ਦਾ, ਨੇੜੇ ਦਾ

नैकध–ਨੈਕਧ, ਅਵਜ., ਕਈ ਤਰ੍ਹਾਂ ਨਾਲ

नैकभेद–ਨੈਕਭੇਦ, ਵਿ., ਕਈ ਤਰ੍ਹਾਂ ਦਾ

नैकरूप–ਨੈਕਰੂਪ, ਵਿ., ਪਰਮੇਸ਼ਰ, ਰੱਬ

कशः–ਨੈਕਸ਼ः, ਵਿ., ਕਈ ਬਾਰ

नैकशेय–ਨੈਕਸ਼ੇਯ, ਪੁ., ਰਾਖਸ਼

नैकसानुचर–ਨੈਕਸਾਨੁਚਰ, ਪੁ., ਸ਼ਿਵ, ਮਹਾਦੇਵ

नैकृतिक–ਨੈਕ੍ਰਿਤਿਕ, ਵਿ., ਕੌੜਾ ਬੋਲਣ ਵਾਲਾ, ਰੁੱਖਾ

नैगम–ਨੈਗਮ, ਪੁ., ਨੀਤੀ, ਉਪਨਿਸ਼ਦ ਰੂਪ ਵੇਦ ਵਾਕ, ਸ਼ਹਿਰੀ, ਮਨੁੱਖ, ਨੇਤਾ, ਆਗੂ

नैगमेय–ਨੈਗਮੇਯ, ਪੁ., ਕਾਰਤਿਕ ਦੇ ਇਕ ਸੇਵਾਦਾਰ ਦਾ ਨਾਉਂ

नैचा–ਨੈਚਾ, ਪੁ., ਹੁੱਕੇ ਦੀ ਨੜੀ ਜਿਸ ਉਤੇ ਚਿਲਮ ਰਖੀਂਦੀ ਹੈ, ਨੇਚੱਾ

नैचावन्द–ਨੈਚਾਬੰਦ, ਪੁ., ਨੇਚਾ ਬਣਾਉਣ ਵਾਲਾ

नैचावन्दी–ਨੈਚਾਬੰਦੀ, ਇ., ਨੇਚੱਾ ਬਣਾਉਣ ਦਾ ਕੰਮ

नैची–ਨੈਚੀ, ਇ., ਚਰਸ ਆਦਿਕ ਦੇ ਖਿੱਚਣ ਵੇਲੇ ਬਲ੍ਹਦਾਂ ਦੇ ਚੱਲਣ ਲਈ ਬਣੀ ਹੋਈ ਢਾਲਵੀਂ ਧਰਤੀ, ਪੈੜ

नैज–ਨੈਜ, ਵਿ., ਆਪਣਾ, ਨਿਜੀ

नैटी–ਨੈਟੀ, ਇ., ਦੁਧੀਆ ਘਾਹ, ਚਿੱਟਾ ਖੱਬਲ

नैतिक–ਨੈਤਿਕ, ਵਿ., ਨੀਤੀ ਸਬੰਧੀ

नैत्य–ਨੈਤਜ., ਪੁ., ਨਿੱਤ ਨੇਮ, ਰੋਜ ਦਾ ਕੰਮ

नैत्यिक–ਨੈਤਿਜਕ, ਵਿ., ਰੋਜ਼ ਕਰਨ ਵਾਲਾ, ਰੋਜ਼ ਕਰਨ ਦਾ

नैदाघ–ਨੈਦਾਘ, ਵਿ., ਗਰਮੀ ਦਾ

नैदेशिक–ਨੈਦੇਸ਼ਿਕ, ਵਿ., ਸੇਵਾਦਾਰ, ਨੌਕਰ, ਦਾਸ

नैधन–ਨੈਧਨ, ਪੁ., ਮੌਤ, ਖਾਤਮਾ

नैन–ਨੈਨ, ਪੁ., ਨੇਤਰ, ਅੱਖ, ਦੀਦਾ, ਮੱਖਣ

नैनसुख–ਨੈਨਸੁਖ, ਪੁ., ਇਕ ਤਰ੍ਹਾਂ ਦਾ ਚਿਉਂਕਣਾ ਸੂਤੀ ਕਪੜਾ

नैनू–ਨੈਨੂ, ਪੁ., ਇਕ ਸੂਤੀ ਕਪੜਾ, ਮੱਖਣ

नैपाल–ਨੈਪਾਲ, ਵਿ., ਨੈਪਾਲ ਦਾ ਵਸਨੀਕ, ਨੈਪਾਲ ਸਬੰਧੀ, ਪੁ., ਨੈਪਾਲ ਦੇਸ, ਕਮਾਦ ਦੀ ਇਕ ਨਸਲ

नैपुण–ਨੈਪੁਣ, ਪੁ., ਹੁਸ਼ਿਆਰੀ, ਚਤਰਾਈ, ਕਮਾਲ

नैमय–ਨੈਮਯ, ਪੁ., ਰੁਜ਼ਗਾਰੀ

नैमित्तिक–ਨੈਮਿੱਤਿਕ, ਵਿ., ਜੋ ਕਿਸੇ ਨਿਮਿੱਤ ਕੀਤਾ ਜਾਵੇ

नैमिषारण्य–ਨੈਮਿਸ਼ਾਰਣਜ, ਪੁ., ਸੀਤਾਪੁਰ ਜ਼ਿਲੇ ਦੀ ਇਕ ਥਾਂ ਜਿਸ ਨੂੰ ਅੱਜ ਕਲ ਨੀਮਖਾਰ ਕਹਿੰਦੇ ਹਨ, ਇਕ ਪੁਰਾਣਾ ਜੰਗਲ

नैमेय–ਨੈਮੇਜ, ਪੁ., ਚੀਜ਼ਾਂ ਦੀ ਅਦਲਬਦਲ

नैया–ਨੈਜਾ, ਇ., ਨਾਵ, ਕਿਸ਼ਤੀ, ਨੌਕਾ, ਬੇੜੀ

नैयायिक–ਨੈਯਾਜਿਕ, ਪੁ., ਨਿਆਇ ਸ਼ਾਸਤਰ ਦਾ ਜਾਣਕਾਰ

नैर–ਨੈਰ, ਪੁ., ਦੇਸ, ਨਗਰ, ਸ਼ਹਿਰ

नैरयिक–ਨੈਰਜਿਕ, ਵਿ., ਨਰਕ ਵਿਚ ਰਹਿਣ ਵਾਲਾ

नैरर्थ्य–ਨੈਰਰਥਜ, ਪੁ., ਫਜ਼ੂਲ, ਬੇਮਾਹਨੇ, ਬੇਅਰਥ

नैराश्य–ਨੈਰਾਸ਼ਜ, ਪੁ., ਨਿਰਾਸਤਾ, ਨਾ ਉਮੈਦੀ

नैर्ऋत–ਨੈਰਰਿਤ, ਪੁ., ਰਾਖਸ਼,ਮੂਲਾ ਨਛੱਤ੍ਰ, ਪੱਛਮ ਅਤੇ ਦੱਖਣ ਕੂਣ ਦਾ ਮਾਲਕ

नैर्ऋति–ਨੈਰਰਿਤਿ, ਇ., ਦੱਖਣ ਅਤੇ ਪੱਛਮ ਦਿਸ਼ਾ ਦ ਵਿਚਕਾਰਲੀ ਦਿਸ਼ਾ

नैर्मल्य–ਨੈਰਮਲਜ, ਪੁ., ਸਫਾਈ, ਨਿਰਮਲਤਾ, ਸਵੱਛਤਾ

नैर्लज्ज–ਨੈਰਲੱਜ, ਪੁ., ਬੇਸ਼ਰਮੀ, ਬੇਹਿਆਈ

नैवेद्य–ਨੈਵੇਦਜ, ਪੁ., ਦੇਵਤਾ ਦੇ ਅਰਪਣ ਕੀਤਾ ਹੋਇਆ ਭੋਗ

नैश–ਨੈਸ਼, ਵਿ., ਰਾਤ ਦਾ, ਰਾਤ ਸਬੰਧੀ

नैश्चित्य–ਨੈਸ਼ਚਿਤਜ, ਪੁ., ਨਿਸ਼ਚਾ, ਯਕੀਨ, ਵਸਾਹ. ਭਰੋਸਾ

नैषध–ਨੈਸ਼ਧ, ਪੁ., ਨਿਸ਼ਧ ਦੇਸ ਦਾ ਰਾਜਾ ਨਲ, ਇਕ ਮਹਾਕੱਵ

नैष्ठुर्य–ਨੈਸ਼ਠੁਰਯ, ਪੁ., ਕਰੜਾਈ, ਸਖਤੀ

नैष्फल–ਨੈਸ਼ਫਲ, ਪੁ., ਬੇਅਰਥ, ਫਜ਼ੂਲ

नैसर्गिक–ਨੈਸਰਗਿਕ, ਵਿ., ਕੁਰਦਤੀ, ਸੁਭਾਉਕ

नैसा–ਨੈਸਾ, ਵਿ., ਬੁਰਾ ਖਰਾਬ, ਭੈੜਾ

नैहर–ਨੈਹਰ, ਪੁ., ਤੀਵੀਂ ਦੇ ਪੇਉ ਦਾ ਘਰ, ਪੇਉਕੇ

नो–ਨੋ, ਅਵਜ., ਨਹੀਂ, ਨਾਂਹ ਵਾਚਕ ਸ਼ਬਦ

नोआ, नोई–ਨੋਆ, ਨੋਈ, ਪੁ, ਦੁੱਧ ਕੱਢਣ ਵੇਲੇ ਗਊ ਦੇ ਪੈਰਾਂ ਨਾਲ ਬੰਨ੍ਹਣ ਦੀ ਰੱਸੀ, ਨਿਆਣਾ

नोक–ਨੋਕ, ਇ., ਨੁੱਕਰ, ਬਰੀਕ ਸਿਰਾ, ਚੁੰਝ, ਕੂਣਾ

नोक़झोंक़–ਨੋਕਝੋਂਕ. ਇ., ਠਾਠਬਾਟ, ਸਜਾਉਟ, ਸ਼ਿੰਗਾਰ ਹੰਕਾਰ, ਤੇਜ਼. ਚੁਭਣ ਵਾਲੀ ਗੱਲ. ਟਿਚਕਰ, ਹੁੱਜਤ, ਛੇੜਛਾੜ. ਹਾਸਾ, ਠੱਠਾ, ਮਸ਼ਕਰੀ, ਮਖੌਲ

नोक़दार–ਨੋਕਦਾਰ, ਇ.. ਤਿੱਖਾ, ਨੁੱਕਰ ਵਾਲਾ, ਚੁਭਣ ਵਾਲਾ, ਤੜਕ ਭੜਕ ਦਾ, ਪ੍ਰਭਾਵ ਪਾਉਣ ਵਾਲਾ

नोकपलक–ਨੋਕਪਲਕ, ਇ., ਚਿਹਰੇ ਦੀ ਬਣਾਵਟ

नोखा–ਨੋਖਾ, ਵਿ., ਅਣੋਖਾ, ਨਿਰਾਲਾ

नोच–ਨੋਚ, ਇ., ਨੋਚਣ ਜਾਂ ਖਸੋਟਣ ਦੀ ਕਿਰਿਆ ਜਾਂ ਭਾਵ, ਬਹੁਤੇ ਲੋਕਾਂ ਦਾ ਤਗਾਦਾ

नोचखसोट–ਨੋਚਖਸੋਟ, ਇ., ਝਟਕੇ ਨਾਲ ਖੋਹਣ ਦਾ ਭਾਵ, ਧੂਹਣ ਤੇ ਮੁਰੰਡਣ ਦਾ ਭਾਵ

नोचना–ਨੋਚਨਾ, ਕ੍ਰਿ., ਉਖਾੜਣਾ, ਪੁੱਟਣਾ, ਚੰਢੀ ਵੱਢਣੀ, ਖੋਹਣਾ, ਤਗਾਦਾ ਕਰਨਾ, ਤਕੀਦ ਕਰਨੀ

नोचू–ਨੋਚੂ, ਵਿ., ਨੋਚਣ ਵਾਲਾ, ਤੰਗ ਕਰਨ ਵਾਲਾ, ਮਰੁੰਡਣ ਵਾਲਾ

नोट–ਨੋਟ, ਪੁ., ਸਰਕਾਰੀ ਹੁੰਡੀ, ਲਿਖਤ, ਕਾਗਜ਼ ਦਾ ਸਿੱਕਾ, ਚਿੱਠੀ, ਪਰਚਾ

नोटपेपर–ਨੋਟਪੇਪਰ, ਪੁ., ਚਿੱਠੀ ਲਿਖਣ ਦਾ ਕਾਗਜ਼

नोटबुक्–ਨੋਟਬੁਕ, ਇ., ਉਹ ਕਾਪੀ ਜਿਸ ਉਤੇ ਚੀਜ਼ ਯਾਦ ਰੱਖਣ ਲਈ ਲਿਖੀ ਜਾਵੇ

नोटिस–ਨੋਟਿਸ, ਇ., ਸੂਚਨਾ, ਖਬਰ, ਲਿਖ ਕੇ ਜਾਂ ਛਾਪ ਕੇ ਜੋ ਗੱਲ ਪਰਗਟ ਕੀਤੀ ਜਾਵੇ

नोण–ਨੋਣ, ਪੁ., ਲੂਣ, ਨਿਮਕ

नोदन–ਨੋਦਨ, ਪੁ., ਪਰੇਰਣਾ, ਚਲਾਉਣ ਜਾਂ ਹੱਕਣ ਦਾ ਕੰਮ, ਬਲ੍ਹਦਾਂ ਨੂੰ ਹੱਕਣ ਦਾ ਛਾਂਟਾ, ਪਰਾਣੀ

नोधा–ਨੋਧਾ, ਅਵਜ., ਨੌਂ ਤਰ੍ਹਾਂ ਨਾਲ

नोन–ਨੋਨ, ਪੁ., ਦੇਖੋ ਨੋਣ (नोण)

नोनचा–ਨੋਨਚਾ, ਪੁ., ਉਹ ਧਰਤੀ ਜਿਥੇ ਲੂਣ ਬਹੁਤ ਮਿਲਦਾ ਹੈ ਸਲੂਣਾ ਅਚਾਰ

नोनछी–ਨੋਨਛੀ, ਇ., ਸਲੂਣੀ ਮਿੱਟੀ

नोना–ਨੋਨਾ, ਪੁ., ਇਕ ਖਾਸ ਫਲ, ਸੀਤਾਫਲ, ਪੁਰਾਣੀ ਕੰਧ ਦੀ ਗਲੀ ਹੋਈ ਮਿੱਟੀ, ਖਾਰਾ ਪਾਣੀ, ਰੇਹੀ

नोनिया–ਨੋਨਿਯਾ, ਪੁ., ਇਕ ਜਾਤ ਜੋ ਲੂਣ ਬਣਾਉਂਦੀ ਹੈ

नोनी–ਨੋਨੀ, ਇ., ਸਲੂਣੀ ਮਿੱਟੀ, ਇਕ ਬੂਟਾ, ਵਿ., ਸੋਹਣੀ, ਲੂਣ ਵਾਲੀ, ਸਲੂਣੀ

नोनो–ਨੋਨੋ, ਵਿ., ਦੇਖੋ ਨੋਨਾ (नोना)

नोवना–ਨੋਵਨਾ, ਕ੍ਰਿ., ਗਊ ਦੀ ਧਾਰ ਕੱਢਣ ਵੇਲੇ ਪਿਛਲਾ ਪੈਰ ਰੱਸੀ ਨਾਲ ਬੰਨ੍ਹਣਾ, ਨਿਆਣਾ ਪਾਉਣਾ

नोहर–ਨੋਹਰ, ਵਿ., ਦੁਰਲਭ, ਅਣੋਖਾ, ਜੋ ਅਸਾਨੀ ਨਾਲ ਨਾ ਮਿਲ ਸਕੇ

नौ–ਨੌ, ਵਿ., ਨੌਂ ਦੀ ਗਿਣਤੀ, ਇਕ ਘੱਟ ਦਸ ਦੀ ਗਿਣਤੀ

नौक़ड़ा–ਨੌਕੜਾ, ਪੁ., ਤਿੰਨ ਆਦਮੀਆਂ ਦੇ ਖੇਡਣ ਦਾ ਤਿੰਨਾਂ ਕੌਡੀਆਂ ਦਾ ਇਕ ਤਰ੍ਹਾਂ ਦਾ ਜੂਆ, ਇਕ ਤਰ੍ਹਾਂ ਦੀ ਮੰਜੇ ਦੀ ਬੁਣਤੀ

नौकर–ਨੌਕਰ, ਪੁ., ਦਾਸ, ਸੇਵਾਦਾਰ

नौकरानी–ਨੌਕਰਾਨੀ, ਇ., ਦਾਸੀ, ਸੇਵਾਦਾਰਨੀ, ਗੋੱਲੀ

नौकरी–ਨੌਕਰੀ, ਇ., ਸੇਵਾ, ਟਹਿਲ, ਨੌਕਰ ਦਾ ਕੰਮ ਮੁਲਾਜ਼ਮਤ

नौकरीपेशा–ਨੌਕਰੀਪੇਸ਼ਾ, ਵਿ., ਨੌਕਰੀ ਕਰ ਕੇ ਗੁਜ਼ਾਰਾ ਕਰਨ ਵਾਲਾ

नौका–ਨੌਕਾ, ਇ., ਕਿਸ਼ਤੀ, ਬੇੜੀ, ਜਹਾਜ਼

नौकादण्ड–ਨੌਕਾਦੰਡ, ਪੁ., ਬੇੜੀ ਦਾ ਡੰਡਾ, ਚੱਪੂ

नौक्रम्–ਨੌਕ੍ਰਮ, ਪੁ., ਬੇੜੀਆਂ ਦਾ ਪੁਲ

नौची–ਨੌਚੀ, ਇ., ਰੰਡੀ ਦੀ ਪਾਲੀ ਹੋਈ ਕੁੜੀ ਜਿਸ ਨੂੰ ਉਹ

ਆਪਣਾ ਕੰਮ ਸਿਖਾਉਂਦੀ ਹੈ

नौज–ਨੌਜ, ਅਵਜ., ਪਰਮਾਤਮਾ ਕਰੇ, ਰੱਬ ਕਰੇ,ਇਹ ਨਾ ਹੋਵੇ

नौजवान–ਨੌਜਵਾਨ, ਵਿ., ਗੱਭਰੂ, ਜੁਆਨ

नौजवानी–ਨੌਜਵਾਨੀ, ਇ., ਜੁਆਨੀ

नौज़ा–ਨੌਜਾ, ਪੁ., ਬਦਾਮ, ਚਿਲਗੋਜ਼ਾ

नौज़ी–ਨੌਜੀ, ਇ., ਲੀਚੀ

नौता–ਨੌਤਾ, ਪੁ., ਨਿਉਂਦਾ, ਵਿ., ਨਵਾਂ

नौतेरही–ਨੌਤੇਰਹੀ, ਇ., ਛੋਟੀ ਇੱਟ, ਪਾਸੇ ਨਾਲ ਖੇਡਣ ਦਾ ਇਕ ਤਰ੍ਹਾਂ ਦਾ ਜੂਆ

नौध–ਨੌਧ, ਪੁ., ਨਵਾਂ ਬੂਟਾ

नौनगा–ਨੌਨਗਾ, ਪੁ., ਬਾਂਹ ਦਾ ਇਕ ਗਹਿਣਾ

नौना–ਨੌਨਾ, ਕ੍ਰਿ., ਨਿੰਵਣਾ, ਝੁਕਣਾ, ਝੁਕ ਕੇ ਟੇਢਾ ਹੋਣਾ

नौनार–ਨੌਨਾਰ, ਇ., ਮਿੱਟੀ ਵਿਚੋਂ ਲੂਣ ਕੱਢਣ ਵਾਲੇ ਨੂਣਗਰਾਂ ਦੀ ਥਾਂ

नौबढ़–ਨੌਬੜ, ਪੁ., ਉਹ ਜੋ ਭੈੜੀ ਦਿਸ਼ਾ ਤੋਂ ਚੰਗੀ ਹਾਲਤ ਵਿਚ ਆਇਆ ਹੋਵੇ

नौमासा–ਨੌਮਾਸਾ, ਪੁ., ਗਰਭ ਦੇ ਨੌਵੇਂ ਮਹੀਨੇ ਕੀਤੀ ਜਾਣ ਵਾਲੀ ਰਸਮ

नौयान–ਨੌਯਾਨ, ਪੁ., ਬੇੜੀ ਦੀ ਅਸਵਾਰੀ

नौरग-ਨੌਰਗ, ਪੁ, ਇਕ ਚਿੜੀ

नौरङ्ग–ਨੌਰੰਗ, ਪੁ., ਔਰੰਗਜ਼ੇਬ

नौरङ्गी–ਨੌਰੰਗੀ, ਇ., ਦੇਖੋ ਨਾਰੰਗੀ (नारंगी)

नौरतन–ਨੌਰਤਨ, ਪੁ., ਇਕ ਤਰ੍ਹਾਂ ਦੀ ਚਟਣੀ, ਇਕ ਤਰ੍ਹਾਂ ਦਾ ਗਹਿਣਾ, ਨੌਂ ਤਰ੍ਹਾਂ ਦੇ ਰਤਨ

नौरस–ਨੌਰਸ, ਵਿ., ਨੌਜੁਆਨ, ਨਵੇਂ ਰਸ ਵਾਲਾ

नौरूप–ਨੌਰੂਪ. ਪੁ., ਨੀਲ ਦੀ ਫਸਲ ਚੀ ਪਹਿਲੀ ਕਟਾਈ

नौरोज़–ਨੌਰੋਜ਼, ਪੁ., ਪਾਰਸੀਆਂ ਦੇ ਸਾਲ ਦਾ ਪਹਿਲਾ ਦਿਨ

नौल–ਨੌਲ, ਪੁ., ਜਹਾਜ਼ ਤੇ ਮਾਲ ਲੱਦਣ ਦਾ ਭਾੜਾ

नौलक्खा–ਨੌਲੱਖਾ, ਵਿ., ਨੌ ਲਖ ਦਾ, ਕੀਮਤੀ, ਜੜਾਊ

नौलखा–ਨੌਲਖਾ, ਵਿ.. ਨੌ ਲਖ ਦੀ ਕੀਮਤ ਦਾ

नौलखी–ਨੌਲਖੀ, ਇ.,ਜੁਲਾਹਿਆਂ ਦੀ ਤਾਣਾ ਤਣਨ ਦੀ ਲੱਕੜੀ

नौला–ਨੌਲਾ, ਪੁ., ਨੇਊਲਾ

नौलासी–ਨੌਲਾਸੀ, ਵਿ.. ਕੋਮਲ, ਨਰਮ, ਕੂਲਾ, ਮੁਲਾਇਮ

नौवाह–ਨੌਵਾਹ, ਵਿ., ਬੇੜੀ ਦਾ ਚੱਪਾ, ਚੱਪ੍

नौशा–ਨੌਸ਼ਾ, ਪੁ., ਲਾੜਾ, ਵਰ

नौसत–ਨੌਸਤ, ਇ., ਸੋਲਾਂ ਸ਼ਿੰਗਾਰ

नौसरा–ਨੌਸਰਾ, ਪੁ., ਨੌਲੜੀਆ ਹਾਰ

नौसादर–ਨੌਸਾਦਰ, ਪੁ., ਇਕ ਖਾਰਾ ਪਦਾਰਥ

नौसिख–ਨੌਸਿਖ, ਵਿ., ਨਵਾਂ ਸਿਖਿਆ ਹੋਇਆ

नौसिखिया–ਨੌਸਿਖਿਯਾ, ਵਿ., ਕਚਪਕਾ, ਜੋ ਪੂਰੀ ਤਰ੍ਹਾਂ ਕਿਸੇ ਕੰਮ ਦਾ ਜਾਣੂ ਨਾ ਹੋਵੇ

नौसेना–ਨੌਸੇਨਾ, ਇ., ਜਹਾਜਾਂ ਤੇ ਲੜਨ ਵਾਲੀ ਫੌਜ

नौहड़–ਨੌਹੜ, ਪੁ., ਮਿੱਟੀ ਦੀ ਕੋਰੀ ਤੌੜੀ

नौहड़ा–ਨੌਹੜਾ, ਪੁ., ਸ਼ਰਾਧਾਂ ਦਾ ਪੱਖ

न्यक्ष–ਨਯਕਸ਼, ਪੁ., ਝੋਟਾ, ਪਰਸਰਾਮ

न्यग्रोध–ਨਯਗ੍ਰੋਧ, ਪੁ., ਮਹਾਦੇਵ, ਵਿਸ਼ਨੂੰ, ਬਰੋਟਾ, ਬੋਹੜ

न्यस्य–ਨਯਸਯ, ਵਿ., ਰੱਖਣ ਲਾਇਕ, ਰੱਖਣ ਜੋਗ

न्याति–ਨਯਾਤਿ, ਇ., ਵਾਕਫੀਅਤ, ਜਾਤ, ਨਸਲ

न्याय–ਨਯਾਯ, ਇ., ਉਚਿਤ ਗੱਲ. ਜਥਾਰਤ ਬਾਤ, ਇਨਸਾਫ਼, ਵਿਚਾਰ. ਭਲੇ ਬੁਰੇ ਦਾ ਫੈਸਲਾ, ਤਰਕ ਸ਼ਾਸਤਰ

न्यायकर्ता–ਨਯਾਯਕਰਤਾ, ਪੁ., ਇਨਸਾਫ਼ ਕਰਨ ਵਾਲਾ ਅਦਾਲਤੀ

न्यायतः–ਨਯਾਯਤ:, ਅਵਜ., ਈਮਾਨਦਾਰੀ ਨਾਲ, ਠੀਕ ਠੀਕ, ਚੰਗੀ ਤਰ੍ਹਾਂ

न्यायदेश–ਨਯਾਯਦੇਸ਼, ਪੁ., ਅਦਾਲਤ ਘਰ, ਕਚਹਿਰੀ

न्यायपथ–ਨਯਾਯਪਥ, ਪੁ., ਇਨਸਾਫ਼ ਦਾ ਰਸਤਾ

न्यायपरता–ਨਯਾਯਪਰਤਾ, ਇ., ਇਨਸਾਫ਼ ਪਸੰਦੀ

न्यायशीलता–ਨਯਾਯਸ਼ੀਲਤਾ, ਇ., ਇਨਸਾਫ਼ ਦਾ ਕੰਮ

न्यायवान्–ਨਯਾਯਵਾਨ, ਪੁ., ਇਨਸਾਫ ਪਸੰਦ

न्यायविहित–ਨਯਾਯਵਿਹਿਤ, ਵਿ., ਇਨਸਾਫ ਮੁਤਾਬਕ ਕੀਤਾ ਹੋਇਆ

न्यायसभा–ਨਯਾਯਸਭਾ, ਵਿ.. ਅਦਾਲਤ. ਕਚਹਿਰੀ

न्यायाधीश–ਨਯਾਯਾਧੀਸ਼, ਪੁ., ਜੱਜ, ਅਦਾਲਤੀ

न्यायालय–ਨਯਾਯਾਲਯ, ਪੁ., ਕਚਹਿਰੀ, ਅਦਾਲਤ

न्यायी–ਨਯਾਯੀ. ਵਿ., ਅਦਾਲਤੀ, ਜੱਜ

न्यारा–ਨਯਾਰਾ, ਵਿ., ਜੋ ਕੋਲ ਨਾ ਹੋਵੇ, ਵੱਖਰਾ, ਅੱਡਰਾ, ਦੁਰੇਡਾ

न्यारिया–ਨਯਾਰਿਯਾ, ਪੁ., ਸੁਨਿਆਰੇ ਦੀ ਭੱਠੀ ਦੀ ਸੁਆਹ ਧੋਣ ਵਾਲਾ ਬੰਦਾ

न्यारे–ਨਯਾਰੇ, ਕ੍ਰਿ. ਵਿ.. ਦੂਰ, ਅਲੱਗ. ਵੱਖ, ਅੱਡਰਾ

न्याव–ਨਯਾਵ, ਪੁ., ਨਿਯਮ, ਨੀਤੀ, ਠੀਕ ਗੱਲ, ਵਿਵੇਕ, ਭਲੇ ਬੁਰੇ ਦਾ ਫੈਸਲਾ

न्यास–ਨਯਾਸ, ਪੁ., ਤਿਆਗ, ਤੰਤ੍ਰੀਆਂ ਦੀ ਇਕ ਰਸਮ, ਅਮਾਨਤ

न्यासिक, न्यासिन्–ਨਯਾਸਿਕ. ਨਯਾਸਿਨ, ਵਿ., ਤਿਆਗੀ, ਜਨਿਆਸੀ, ਅਮਾਨਤ ਰੱਖਣ ਵਾਲਾ

न्युब्ज–ਨਯੁਬਜ. ਵਿ., ਮੁਧਾ, ਕੁੱਬਾ, ਪੁ., ਕੁਬੇ ਪਣ ਦਾ ਰੋਗ, ਜੱਗ ਦਾ ਇਕ ਭਾਂਡਾ, ਕੁਸ਼ਾ, ਕਮਰਖ

न्यून–ਨਯੂਨ, ਵਿ.. ਕਮ, ਘਟ, ਥੋੜਾ. ਨੀਚ, ਕਮੀਣਾ, ਭੈੜਾ

न्यूनता–ਨਯੂਨਤਾ, ਇ., ਕਮੀ, ਘਾਟ, ਥੁੜ

न्योजी–ਨਯੋਜੀ, ਇ., ਲੀਚੀ, ਚਿਲਗੋਜਾ, ਨਿਉਜਾ

न्योतना–ਨਯੋਤਨਾ, ਕ੍ਰਿ., ਸੱਦਣਾ, ਬੁਲਾਉਣਾ, ਨਿਉਂਦਾ ਦੇਣਾ

न्योतहरी–ਨਯੋਤਹਰੀ, ਪੁ., ਨਿਉਂਦੇ ਵਿਚ ਆਇਆ ਬੰਦਾ

न्योता–ਨਯੋਤਾ, ਕ੍ਰਿ., ਬੁਲਾਵਾ, ਸੱਦਾ, ਪ੍ਰਾਰਥਨਾ, ਨਿਉਂਦਾ

न्योरा–ਨਯੋਰਾ, ਪੁ., ਵੱਡੇ ਦਾਣੇ ਦਾ ਘੁੰਗਰੂ, ਨੇਉਲ

न्यौला–ਨਯੌਲਾ, ਦੇਖੋ ਨੇਵਲਾ (नेवला)

न्यौली–ਨਜੌਲੀ, ਇ., ਜੋਗ ਦੀ ਇਕ ਕਿਰਿਆ, ਨੇਤੀ ਧੋਤੀ ਵਗ਼ੈਰਾ

न्हाना–ਨ੍ਹਾਨਾ, ਕ੍ਰਿ., ਸ਼ਨਾਨ ਕਰਨਾ, ਨ੍ਹਾਉਣਾ

प–ਪ

प–ਪ, ਇਹ ਹਿੰਦੀ ਵਰਣ ਮਾਲਾ ਦਾ ੨੧ਵਾਂ ਅੱਖਰ ਹੈ ਜਿਸ ਦਾ ਉਚਾਰਣ ਸਥਾਨ ਬੁਲ੍ਹ ਹਨ ਇਸ ਨੂੰ ਸੰਸਕ੍ਰਿਤ ਤੇ ਹਿੰਦੀ ਵਾਲੇ ਓਸ਼ਠ ਆਂਹਦੇ ਹਨ, ਇਸ ਦੇ ਉਚਾਰਣ ਲਈ ਦੋਏ ਬੁਲ੍ਹ ਲਗਦੇ ਹਨ ਜਿਸ ਲਈ ਇਹ ਸਪਰਸ਼ ਵਰਣ ਕਹਾਉਂਦਾ ਹੈ, ਪੁ , ਪੌਣ, ਹਵਾ, ਪੱਤਰ, ਪੱਤਾ, ਪਤਨ, ਅੰਤ ਪਤ, ਇੱਜ਼ਤ, ਨਾਸ. ਗਿਰਾਵਟ

पंक–ਪੰਕ, ਪੁ., ਚਿੱਕੜ, ਰੇਗ, ਗਾਰਾ, ਲੇਪ

पंक्ति–ਪੰਕ੍ਤਿ, ਇ., ਜਮਾਤ, ਸ਼੍ਰੇਣੀ, ਦਸ ਦੀ ਗਿਣਤੀ, ਧਰਤੀ

पंख–ਪੰਖ, ਪੁ., ਖੰਭ, ਫੰਘ, ਪੰਖ, ਪਰ

पंखा–ਪੰਖਾ, ਪੁ., ਪੱਖਾ

पंखाज–ਪੰਖਾਜ. ਪੁ., ਦੇਖੋ ਪਖਾਉਜ਼ (पखाउज)

पंखिया–ਪੰਖਿਯਾ, ਪੁ., ਪੰਛੀ, ਜਾਨਵਰ, ਪੰਖੇਰੂ

पंखी–ਪੰਖੀ, ਪੁ., ਪੰਛੀ, ਪੱਖੀ, ਛੋਟਾ ਪੱਖਾ

पंखुड़ा–ਪੰਖੁੜਾ, ਪੁ., ਮੋਢਾ, ਕੰਨ੍ਹਾ

पंखुड़ी–ਪੰਖੜੀ, ਇ., ਦੇਖੋ ਪੰਖੁਰੀ (पंखुरी)

पंखुरा–ਪੰਖੁਰਾ, ਪੁ., ਕਨ੍ਹੇੜਾ, ਕੰਨ੍ਹਾ, ਮੋਢਾ

पंखुरी–ਪੰਖੁਰੀ, ਇ., ਫੁੱਲ ਦੀ ਪੱਤੀ, ਪੰਖੜੀ

पंखेरू–ਪੰਖੇਰੂ, ਪੁ., ਪੰਛੀ, ਜਾਨਵਰ

पंग–ਪੰਗ, ਵਿ., ਲੰਗੜਾ, ਲੰਙਾ, ਲੂਲਾ, ਪਿੰਗਲਾ, ਨਿਕੰਮਾ

पंगत–ਪੰਗਤ, ਇ., ਕਤਾਰ,ਰੋਟੀ ਖਾਣ ਵੇਲੇ ਇਕੱਠੇ ਬੈਠੇ ਲੋਕੀ, ਸਭਾ, ਸਮਾਜ, ਡਾਰ

पंगति–ਪੰਗਤਿ, ਇ., ਡਾਰ, ਕਤਾਰ, ਸਭਾ

पंगला–ਪੰਗਲਾ, ਵਿ., ਲੰਗੜਾ, ਪਿੰਗਲਾ

पंगा–ਪੰਗਾ, ਵਿ., ਲੰਙਾ, ਲੂਲਾ, ਲੰਗੜਾ

पंगायत–ਪੰਗਾਯਤ, ਪੁ., ਮੰਜੇ ਦੀ ਪੈਂਦ, ਦੌਣ

पंगी–ਪੰਗੀ, ਇ., ਬਰੇਤੀ, ਧਾਨਾਂ ਨੂੰ ਲਗਣ ਵਾਲਾ ਕੀੜਾ

पंच–ਪੰਚ, ਵਿ., ਪੰਜ, ਪੁ., ਪੰਜਾਂ ਦੀ ਗਿਣਤੀ, ਜਨਤਾ, ਸਮਾਜ, ਆਮ ਲੋਕੀ, ਕਿਸੇ ਝਗੜੇ ਨੂੰ ਨਿਪਟਾਉਣ ਵਾਲੇ ਪੰਜ ਚੰਗੇ ਬੰਦੇ, ਚੌਧਰੀ

पंचकुर–ਪੰਚਕੁਰ, ਇ., ਇਕ ਤਰ੍ਹਾਂ ਦੀ ਵੰਡਾਈ ਜਿਸ ਵਿਚ ਫਸਲ ਦਾ ਪੰਜਵਾਂ ਹਿੱਸਾ ਜਮੀਨ ਵਾਲੇ ਨੂੰ ਦਿਤਾ ਜਾਂਦਾ ਹੈ

पंचक्रोश–ਪੰਚਕੋਸ, ਪੁ., ਪੰਜਾਂ ਕੋਹਾਂ ਦੀ ਲੰਮਾਈ ਚੁੜਾਈ ਵਿਚ ਵਸੀ ਹੋਈ ਧਰਤੀ, ਕਾਸ਼ੀ ਜੀ

पंचक्रोसी–ਪੰਚਕੋਸੀ, ਇ., ਕਾਸ਼ੀ ਦੀ ਪਰਿਕਰਮਾ

पंचतपा–ਪੰਚਤਪਾ, ਪੁ., ਪੰਜ ਧੂਈਆਂ ਤਾਪਣ ਵਾਲਾ ਸਾਧੂ

पंचतोलिया–ਪੰਚਤੋਲਿਯਾ, ਪੁ., ਇਕ ਤਰ੍ਹਾਂ ਦਾ ਮਹੀਨ ਕਪੜਾ

पंचनाथ–ਪੰਚਨਾਥ, ਪੁ., ਬਦਰੀ ਨਾਥ, ਦੁਵਾਰਕਾਨਾਥ, ਜਗਨ ਨਾਥ, ਰੰਗਨਾਥ, ਸ਼੍ਰੀਨਾਥ

पंचपात–ਪੰਚਪਾਤ, ਪੁ., ਪੰਚੋਲੀ ਨਾਮੀ ਇਕ ਰੁੱਖ

पंचपीरिया–ਪੰਚਪੀਰਿਯਾ, ਪੁ., ਪੰਜਾਂ ਪੀਰਾਂ ਨੂੰ ਮੰਨਣ ਵਾਲਾ ਬੰਦਾ, ਪੰਜ ਪੀਰੀਆ

पंचभर्तारी–ਪੰਚਭਰਤਾਰੀ, ਇ., ਦਰੋਪਤੀ, ਪੰਜ ਪਤੀਆਂ ਵਾਲੀ

पंचमेल–ਪੰਚਮੇਲ, ਵਿ., ਪੰਜਾਂ ਚੀਜਾਂ ਦਾ ਇਕੱਠ

पंचरंगा–ਪੰਚਰੰਗਾ, ਵਿ., ਰੰਗ ਵਿਰੰਗਾ, ਪੰਜ ਰੰਗ ਵਾਲਾ

पंचलड़ा–ਪੰਚਲੜਾ, ਵਿ., ਪੰਜਾ ਲੜੀਆਂ ਦਾ

पंचलड़ी–ਪੰਚਲੜੀ, ਇ., ਪੰਜਾਂ ਲੜੀਆਂ ਦੀ ਮਾਲਾ

पंचलरी–ਪੰਚਲਰੀ, ਇ., ਪੰਜਾਂ ਲੜੀਆਂ ਵਾਲੀ

पंचहजारी–ਪੰਚਹਜਾਰੀ, ਪੁ., ਪੰਜ ਹਜਾਰ ਸਿਪਾਹੀਆਂ ਦਾ ਅਫਸਰ

पंचाइती–ਪੰਚਾਇਤੀ, ਵਿ., ਪੰਚੈਤ ਦਾ ਮੈਂਬਰ, ਪੰਚੈਤ ਦਾ ਫੈਸਲਾ, ਸਾਂਝਾ, ਸਮੁੱਚਾ, ਚੌਧਰੀ

पंचायत–ਪੰਚਾਯਤ, ਇ., ਪੰਚੈਤ, ਸਭਾ, ਸਮਾਜ, ਚੌਧਰੀਆਂ ਦਾ ਇਕੱਠ

पंचालिस–ਪੰਚਾਲਿਸ, ਵਿ., ਪੰਤਾਲੀ, ਚਾਲੀ ਤੇ ਪੰਜ

पंचोली–ਪੰਚੋਲੀ, ਇ., ਇਕ ਖੁਸ਼ਬੂਦਾਰ ਬੁਟਾ

पंछा–ਪੰਛਾ, ਪੁ., ਛਾਲਾ, ਫਫੋਲਾ, ਮਾਤਾ ਦੇ ਦਾਣੇ ਵਿਚ ਭਰਿਆ ਹੋਇਆ ਪਾਣੀ

पंछाला–ਪੰਛਾਲਾ, ਪੁ., ਰਾਧ, ਪੂੰ, ਪੀਪ

पंछी–ਪੰਛੀ, ਪੁ., ਜਾਨਵਰ

पंजड़ी–ਪੰਜੜੀ, ਇ., ਚੌਂਪਟ ਦੇ ਇਕ ਦਾਅ ਦਾ ਨਾਉਂ

पंजना–ਪੰਜਨਾ, ਕ੍ਰਿ., ਭਾਂਡੇ ਨੂੰ ਟਾਂਕਾ ਲਾਉਣਾ, ਪਾਜਣਾ

पंजरी–ਪੰਜਰੀ, ਇ., ਅਰਥੀ, ਟਿਕਟਿਕੀ

पंजा–ਪੰਜਾ. ਪੁ., ਪੰਜ ਉਂਗਲੀਆਂ,ਜੂਏ ਦਾ ਇਕ ਦਾ, ਜੁੱਤੀ ਦਾ ਅਗਲਾ ਹਿੱਸਾ,ਹਥੇਲੀ ਸਹਿਤ ਉਂਗਲੀਆਂ

पंजाब–ਪੰਜਾਬ, ਵਿ., ਪੰਜਾ ਦਰਿਆਵਾਂ ਵਿਚ ਵਸਿਆ ਦੇਸ

पंजाबी–ਪੰਜਾਬੀ, ਵਿ., ਪੰਜਾਬ ਦੇਸ ਦਾ ਰਹਿਣ ਵਾਲਾ, ਇ., ਪੰਜਾਬ ਦੇਸ ਦੀ ਬੋਲੀ, ਪੰਜਾਬ ਦੀ ਲਿਪੀ

पंजारा–ਪੰਜਾਰਾ, ਵਿ., ਪੇਂਜਾ, ਰੂੰ ਪਿੰਜਣ ਵਾਲਾ

पंजीरी–ਪੰਜੀਰੀ, ਇ., ਘਿਉ ਵਿਚ ਆਟਾ ਭੁੰਨ ਕੇ ਮਿਠਾ ਪਾ ਕੇ ਬਣਾਈ ਖਾਣ ਵਾਲੀ ਚੀਜ਼

पंजेरा–ਪੰਜੇਰਾ, ਪੁ., ਭਾਂਡੇ ਮਾਂਜਣ ਦਾ ਕੰਮ ਕਰਨ ਵਾਲਾ

पंडल–ਪੰਡਲ, ਵਿ., ਪੀਲੇ ਰੰਗ ਦਾ, ਪੁ., ਸਰੀਰ, ਦੇਹ, ਪਿੰਡਾ

पंडव–ਪੰਡਵ, ਪੁ., ਪਾਂਡਵ. ਪਾਂਡੋ

पंडवा–ਪੰਢਵਾ. ਪੁ., ਪਾਂਡੋ, ਪਾਂਡਵ

पंड़वा–ਪੰੜਵਾ ਪੁ., ਕੱਟਾ

पंडा–ਪੰਡਾ, ਪੁ., ਪੁਜਾਰੀ, ਘਾਟੀਆ, ਬ੍ਰਾਹਮਣ, ਰਸਈਆ

पंडित–ਪੰਡਿਤ, ਪੁ., ਵਿਦਵਾਨ੍

पंडिताई–ਪੰਡਿਤਾਈ, ਇ., ਵਿਦਵਤਾ

पंडिताऊ–ਪੰਡਿਤਾਊ, ਵਿ., ਪੰਡਤਾਂ ਦੇ ਢੰਗ ਦਾ, ਪੰਡਤ ਜੇਹਾ ਇ., ਵਿਦਵਤਾ

पंडितानी–ਪੰਡਿਤਾਨੀ, ਇ., ਪੰਡਿਤ ਦੀ ਤੀਵੀਂ, ਪੰਡਤਾਇਣ, ਬਰਾਹਮਣੀ

पंडुक–ਪੰਡੁਕ, ਪੁ., ਜੰਗਲੀ, ਝਾੜਾਂ ਵਿਚ ਰਹਿਣ ਵਾਲਾ ਕਤੂਬਰ ਜੇਹਾ ਇਕ ਜਾਨਵਰ

पंडोह–ਪੰਡੋਹ, ਪੁ., ਪਰਨਾਲਾ, ਪਨਾਲਾ

पंथ–ਪੰਥ, ਪੁ., ਮਾਰਗ, ਰਸਤਾ, ਰੀਤ, ਚਾਲ, ਮਰਯਾਦਾ, ਸੰਪਰਦਾ, ਧਰਮ, ਸਿਖ ਧਰਮ

पंथान–ਪਥਾਨ, ਪੁ., ਪਥ, ਰਸਤਾ, ਮਾਰਗ, ਰਾਹ

पंथकी–ਪੰਥਕੀ, ਪੁ., ਰਾਹੀ, ਪਾਂਧੀ, ਪੰਧਾਊ, ਮੁਸਾਫਰ

पंथिक–ਪੰਥਿਕ, ਪੁ., ਪਥਕ, ਰਾਹੀ, ਮੁਸਾਫਰ

पंद–ਪੰਦ. ਇ., ਸਿਖਿਆ, ਉਪਦੇਸ਼

पंद्रह–ਪੰਦਰਹ, ਵਿ., ਪੰਦਰਾਂ, ਦਸ ਤੇ ਪੰਜ

पंधलाना–ਪੰਧਲਾਨਾ, ਕ੍ਰਿ., ਫੁਸਲਾਉਣਾ, ਬਹਿਕਾਉਣਾ, ਠਗਣਾ

पंपाल–ਪੰਪਾਲ, ਵਿ., ਪਾਪੀ, ਪਤਿਤ

पंबा–ਪੰਬਾ, ਪੁ., ਇਕ ਤਰ੍ਹਾਂ ਦਾ ਪੀਲਾ ਰੰਗ

पंवर–ਪੰਵਰ, ਇ., ਸਮਾਨ, ਸਮੱਗਰੀ

पंवरना–ਪੰਵਰਨਾ, ਕ੍ਰਿ., ਤਰਨਾ, ਪਤਾ ਕਰਨਾ, ਥਾਹ ਲੈਣੀ

पंवरि–ਪੰਵਰਿ, ਇ., ਡਿਉੜੀ, ਖੜਾਵਾਂ

पंवरिया–ਪੰਵਰਿਯਾ, ਪੁ., ਦੁਆਰ ਪਾਲ, ਚੌਕੀਦਾਰ, ਮੰਗਤਾ

पंवाड़ा–ਪੰਵਾੜਾ, ਪੁ., ਫਰਜੀ ਕਹਾਣੀ, ਦਿਲ ਉਕਤਾਉਣ ਵਾਲੀ ਲੰਮੀ ਕਥਾ, ਵਿਸਥਾਰ ਨਾਲ ਕੀਤੀ ਗੱਲ

पंवार–ਪੰਵਾਰ, ਪੁ., ਰਾਜਪੂਤਾਂ ਦੀ ਇਕ ਜਾਤ

पंवारना–ਪੰਵਾਰਨਾ, ਕ੍ਰਿ., ਹਟਾਉਣਾ, ਸੁਟਣਾ, ਦੂਰ ਕਰਨਾ

पंवारी–ਪੰਵਾਰੀ, ਇ., ਲੋਹੇ ਵਿਚ ਛੇਕ ਕਰਨ ਦਾ ਲੁਹਾਰਾਂ ਦਾ ਇਕ ਸੰਦ, ਬਰਮੀ

पंसरहट्टा–ਪੰਸਰਹੱਟਾ, ਪੁ.,ਪੰਸਾਰੀਆਂ ਦੀਆਂ ਦੁਕਾਨਾਂ ਦਾ ਬਜ਼ਾਰ

पंसारी–ਪੰਸਾਰੀ, ਪੁ.. ਦੁਆਈ, ਜ਼ੜੀ ਬੂਟੀ ਵੇਚਣ ਵਾਲਾ

पंसासार–ਪੰਸਾਸਾਰ, ਪੁ., ਪਾਸੇ ਦਾ ਖੇਲੁ

पंसुरी–ਪੰਸੁਰੀ, ਇ., ਪਸਲੀ

पंसुली–ਪੰਸੁਲੀ, ਇ., ਪਸਲੀ

पंसेरी–ਪੰਸੇਰੀ, ਇ., ਪੰਜ ਸੇਰ ਚੀਜ਼ ਜਾਂ ਪੰਜ ਸੇਰ ਦਾ ਵੱਟਾ

पइता–ਪਇਤਾ, ਪੁ., ਇਕ ਛੰਦ

पइसना–ਪਇਸਨਾ, ਕ੍ਰਿ., ਘੁਸਣਾ, ਵੜਨਾ, ਬੈਠਣਾ

पइसार–ਪਇਸਾਰ, ਪੁ., ਵੜਨ ਘੁਸਣ, ਧਸਣ

पउनार–ਪਉਨਾਰ, ਪੁ., ਕੰਵਲ ਦਾ ਡੰਡਾ

पउनी–ਪਉਨੀ, ਇ., ਤਿੱਖੀ, ਪੈਨੀ, ਤੇਜ਼, ਧਾਰਦਾਰ

पउरी–ਪਉਰੀ, ਇ., ਪੌੜੀ, ਸੀੜ੍ਹੀ

पकड़–ਪਕੜ, ਇ., ਪਕੜਨ ਦਾ ਢੰਗ, ਫੜਨਾ, ਹਥੋਪਾਈ, ਕਿਸੇ ਦੀ ਗਲਤੀ ਫੜਨੀ

पकड़ना–ਪਕੜਨਾ, ਕ੍ਰਿ., ਫੜਨਾ, ਗ੍ਰਿਫਤਾਰ ਕਰਨਾ, ਰੋਕਣਾ, ਟੋਕਣਾ, ਬਰਾਬਰ ਹੋਣਾ, ਘੇਰਨਾ

पकड़वाना–ਪਕੜਵਾਨਾ, ਕ੍ਰਿ., ਫੜਾਉਣਾ, ਦੂਜੇ ਦੇ ਹਥ ਵਿਚ ਦੇਣਾ

पकना–ਪਕਨਾ, ਕ੍ਰਿ., ਕੱਚਾ ਨਾ ਰਹਿਣਾ, ਰਿੱਝਣਾ, ਫੋੜੇ ਵਿਚ ਪਾਕ ਭਰਨੀ, ਸੌਦਾ ਹੋਣਾ, ਗਲਣਾ, ਤਿਆਰ ਹੋਣਾ

पकरना–ਪਕਰਨਾ, ਕ੍ਰਿ.. ਦੇਖੋ ਪਕੜਨਾ (पकड़ना)

पकला–ਪਕਲਾ, ਪੁ., ਫੋੜਾ, ਫਿਣਸੀ

पकवान–ਪਕਵਾਨ, ਪੁ., ਘਿਉ ਤੇਲ ਵਿਚ ਤਲਿਆ ਹੋਇਆ ਪਦਾਰਥ

पकवाना–ਪਕਵਾਨਾ, ਕ੍ਰਿ., ਪਕਾਉਣ ਦਾ ਕੰਮ ਕਰਾਉਣਾ, ਰਿੰਨ੍ਹਵਾਉਣਾ

पकाई–ਪਕਾਈ, ਇ., ਰਿੰਨ੍ਹਣ ਦੀ ਮਜ਼ਦੂਰੀ, ਸੌਦਾ ਪੂਰਾ ਕਰਨਾ

पकार–ਪਕਾਰ, ਪੁ., 'ਪ' ਅਖਰ, 'ਪਪੇ' ਦੇ ਅਖਰ

पकारादि–ਪਕਾਰਾਦਿ, ਵਿ., ਜਿਸ ਦੇ ਆਦਿ ਵਿਚ 'ਪ' ਹੋਵੇ

पकारांत–ਪਕਾਰਾਂਤ, ਵਿ., ਜਿਸ ਦੇ ਅੰਤ ਵਿਚ 'ਪ' ਹੋਵੇ

पकाव–ਪਕਾਵ, ਪੁ., ਪੀਕ, ਰਾਧ, ਮੁਵਾਦ, ਪੀਪ

पकावन–ਪਕਾਵਨ, ਪੁ., ਪਕਵਾਨ

पकौड़ा–ਪਕੌੜਾ, ਪੁ., ਵੇਸਣ ਜਾ ਪੀਠੀ ਦੇ ਪਤੌੜ, ਝਰਨੇ ਨਾਲ ਕਢੇ ਹੋਏ ਲੰਮੇ ਜੇਹੇ ਵੇਸਣੀ ਪਕੌੜੇ

पकौड़ी–ਪਕੌੜੀ, ਇ., ਛੋਟਾ ਪਕੌੜਾ

पक्करस–ਪੱਕਰਸ, ਪੁ., ਸ਼ਰਾਬ

पक्का–ਪੱਕਾ, ਪੁ.. ਪੱਕਾ, ਤਿਆਰ, ਰਿਝਿਆ ਹੋਇਆ, ਖ਼ਾਣ ਵਾਲਾ, ਅਗ ਤੇ ਗਲਿਆ, ਤਜਰਬੇਕਾਰ, ਨਿਪੁੰਨ, ਪ੍ਰਮਾਣਤ, ਅਟੱਲ

पक्काइत–ਪੱਕਾਇਤ, ਇ., ਦ੍ਰਿੜ੍ਹਤਾ. ਨਿਸਚਾ, ਫੈਸਲਾ

पक्खर–ਪੱਖਰ, ਵਿ., ਪੱਕਾ, ਪੁਖਤਾ, ਮਜਬੂਤ

पक्व–ਪਕ੍ਵ, ਵਿ., ਪਕਿਆ ਹੋਇਆ

पक्वकेश–ਪਕ੍ਵਕੇਸ਼, ਪੁ., ਸਫੈਦ ਵਾਲ, ਧੌਲੇ ਵਾਲ

पक्वरस–ਪਕ੍ਵਰਸ, ਪੁ., ਸ਼ਰਾਬ, ਮਦਰਾ

पक्ववारि–ਪਕ੍ਵਵਾਰਿ, ਪੁ., ਉਬਾਲਿਆ ਹੋਇਆ ਪਾਣੀ

पक्वान्न–ਪਕ੍ਵੱਾਨ, ਪੁ., ਮਿਠਿਆਈ, ਪੱਕਾਂ ਅੰਨ

पक्वाशय–ਪਕ੍ਵਾਸ਼ਯ, ਪੁ., ਅੰਨ ਕੋਸ਼ਠ, ਅੰਨ ਦਾ ਖਾਸ ਹਿੱਸਾ

पक्ष–ਪਕਸ਼, ਪੁ., ਪਹਿਲੂ, ਪਖ, ਪੰਦਰਾਂ ਦਿਨ ਦਾ ਸਮਾ, ਦੋਏ ਲੜ, ਪਰ, ਪੰਖ, ਖੰਭ, ਸਹਾਇਕ ਦਲ, ਸ਼ਿਵ, ਤੀਰ ਦਾ ਖੰਭ, ਨਿਮਿਤ, ਸਬੰਧ, ਲਗਾਉ, ਰਾਇ

पक्षगम–ਪਕਸ਼ਗਮ, ਪੁ., ਪੰਛੀ, ਚਿੜੀ, ਜਾਨਵਰ

पक्षग्रहण-ਪਕਸ਼ਗ੍ਰਹਣ, ਪੁ., ਕਿਸੇ ਦੀ ਮਦਦ ਲੈਣੀ

पक्षग्राह-ਪਕਸ਼ਗ੍ਰਾਹ. ਵਿ , ਪੱਖ ਲੈਣ ਵਾਲਾ, ਪਾਰਟੀ ਬਾਜ

पक्षघात-ਪਕਸ਼ਘਾਤ, ਪੁ., ਲਕਵਾ

पक्षचर-ਪਕਸ਼ਚਰ. ਪੁ., ਚੰਦ

पक्षज-ਪਕਸ਼ਜ, ਪੁ., ਚੰਦਰਮਾ

पक्षद्वार-ਪਕਸ਼ਦ੍ਵਾਰ, ਪੁ.. ਖਿੜਕੀ ਦਾ ਬੁਹਾ

पक्षधर्-ਪਖਸ਼ਧਰ, ਪੁ., ਚੰਦ, ਸ਼ਿਵ, ਪੰਛੀ

पक्षपात-ਪਕਸ਼ਪਾਤ, ਪੁ., ਤਰ਼ਫਦਾਰੀ, ਪਖਪਾਤ

पक्षपातिता-ਪਕਸ਼ਪਾਤਿਤਾ, ਇ., ਸਹਾਇਤਾ, ਮਦਦ, ਤਰਫਦਾਰੀ

पक्षपाती-ਪਕਸ਼ਪਾਤੀ, ਵਿ., ਤਰਫਦਾਰ,ਪੱਖ ਕਰਨ ਵਾਲਾ, ਪਖੀ

पक्षपालि-ਪਕਸ਼ਪਾਲਿ, ਪੁ., ਖਿੜਕੀ

पक्षमूल-ਪਕਸ਼ਮੂਲ, ਪੁ., ਏਕਮ ਤਿੱਥ

पक्षरूप-ਪਕਸ਼ਰੁਪ, ਪੁ., ਸ਼ਿਵ, ਮਹਾਦੇਵ

पक्षवध-ਪਕਸ਼ਵਧ, ਪੁ., ਲਕਵਾ

पक्षवान्-ਪਕਸ਼ਵਾਨ, ਵਿ., ਖੰਭਾਂ ਵਾਲਾ, ਪੁ., ਪਰਬਤ, ਪਹਾੜ

पक्षवाहन-ਪਕਸ਼ਵਾਹਨ, ਪੁ., ਪੰਛੀ, ਜਾਨਵਰ

पक्षघात-ਪਕਸ਼ਘਾਤ, ਪੁ , ਲਕਵਾ, ਇਕ ਅੰਗ ਮਾਰਿਆ ਜਾਣਾ

पक्षान्त-ਪਕਸ਼ਾਂਤ, ਪੁ., ਮਸਿਆ, ਪੂਰਨਮਾਸ਼ੀ, ਪਖਵਾੜੇ ਦਾ ਖਾਤਮਾ

पक्षान्तर-ਪਕਸ਼ਾਂਤਰ, ਪੁ., ਦੂਜਾ ਪੱਖ

पक्षालु-ਪਕਸ਼ਾਲੂ, ਪੁ., ਚਿੜੀ, ਜਾਨਵਰ

पक्षावसर-ਪਕਸ਼ਾਵਸਰ, ਪੁ., ਮਸਿਆ, ਪੂਰਨਮਾਸੀ

पक्षिणी-ਪਕਸ਼ਿਣੀ; ਇ., ਚਿੜੀ, ਜਾਨਵਰ ਦੀ ਮਾਦਾ, ਪੂਰਨਮਾਸੀ

पक्षिराज-ਪਕਸ਼ਿਰਾਜ, ਪੁ., ਗਰੁੜ

पक्षिशाला-ਪਕਸ਼ਿਸ਼ਾਲਾ, ਇ., ਚਿੜੀਆ ਘਰ

पक्षिसिंह-ਪਕਸ਼ਿਸਿੰਹ, ਪੁ., ਗਰੁੜ

पक्षी-ਪਕਸ਼ੀ, ਪੁ., ਪੰਛੀ, ਜਾਨਵਰ. ਚਿੜੀ, ਖਗ, ਪੰਖੇਰੂ

पक्षीन्द्र-ਪਕਸ਼ੀਂਦ੍ਰ, ਪੁ., ਗਰੁੜ, ਗਿਧ, ਗਿਲਝ

पख-ਪਖ, ਇ., ਵਾਧੂ ਵਧਾ ਕੇ ਆਖੀ ਗੱਲ, ਰੋਕ, ਅੜੰਗਾ, ਝੰਝਟ, ਬਖੇੜਾ, ਘਾਟ, ਦੋਸ਼. ਨੁਕਸਾਨ

पखड़ी-ਪਖੜੀ, ਇ., ਫੁੱਲ ਦੀ ਪੱਤੀ, ਪੰਖੜੀ

पखनारी-ਪਖਨਾਰੀ, ਇ., ਚਿੜੀ ਦੇ ਪਰ ਦਾ ਪਿਛਲਾ ਹਿੱਸਾ

पखपान-ਪਖਪਾਨ, ਪੁ., ਪੈਰ ਦਾ ਗਹਿਣਾ

पखरना-ਪਖਰਨਾ, ਕ੍ਰਿ., ਧੋਣਾ

पखरी-ਪਖਰੀ, ਇ., ਦੇਖੋ ਪੰਖੜੀ (पंखड़ी)

पखरैत-ਪਖਰੈਤ, ਪੁ., ਲੋਹੇ ਦੀ ਕਾਠੀ ਪਾਈ ਵਾਲਾ ਘੋੜਾ, ਊਠ ਵਗੈਰਾ ਜਾਨਵਰ

पखरौटा-ਪਖ਼ਰੌਟਾ, ਪੁ., ਸੋਨਾ ਚਾਂਦੀ ਦੇ ਵਰਕ ਲੱਗਾ ਪਾਨ

पखवाड़ा-ਪਖਵਾੜਾ, ਪੁ., ਪੰਦਰਾਂ ਦਿਨ, ਪਖ

पखवारा-ਪਖਵਾਰਾ, ਪੁ., ਪੰਦਰਾਂ ਦਿਨ ਦਾ ਸਮਾ

पखाउज-ਪਖਾਉਜ, ਪੁ., ਤਬਲਾ, ਜੋੜੀ

पखाटा-ਪਖਾਟਾ, ਪੁ., ਧਨੁਸ਼ ਦਾ ਕੋਨਾ

पखान-ਪਖਾਨ, ਪੁ., ਪੱਥਰ

पखाना-ਪਖਾਨਾ, ਪੁ., ਕਥਾ, ਕਹਾਣੀ, ਨਾਵਲ, ਟੱਟੀ

पखारना-ਪਖਾਰਨਾ, ਕ੍ਰਿ., ਧੋਣਾ

पखाल-ਪਖਾਲ, ਇ., ਬੋਕਾ, ਚੜਸ

पखाली-ਪਖਾਲੀ, ਪੁ., ਮਾਸਕੀ

पखावज-ਪਖਾਵਜ, ਇ., ਜੋੜੀ, ਤਬਲਾ

पखावजी-ਪਖਾਵਜੀ, ਇ., ਤਬਲਚੀ, ਵਿ., ਤਬਲਾ ਬਜਾਉਣ ਵਾਲਾ

पखिया-ਪਖਿਯਾ, ਪੁ., ਝਗੜਾ ਕਰਨ ਵਾਲਾ

पखी-ਪਖੀ ਇ., ਪੰਛੀ

पखुरी-ਪਖੁਰੀ, ਇ., ਦੇਖੋ ਪਖੜੀ (पखड़ी)

पखुवा-ਪਖੁਵਾ, ਪੁ., ਬਗਲ, ਕਛ, ਮੋਢੇ ਦੇ ਹੇਠਲਾ ਹਿੱਸਾ

पखेरू-ਪਖੇਰੂ, ਪੁ., ਪੰਛੀ,ਜਾਨਵਰ

पखेव-ਪਖੇਵ, ਪੁ., ਸੂਣ ਦੇ ਛੇ ਦਿਨ ਪਿਛੋਂ ਮੱਝ ਨੂੰ ਚਾਰਨ ਦਾ ਮਸਾਲਾ

पखौआ-ਪਖੌਆ, ਪੁ., ਖੰਬ, ਪਰ. ਪੰਖ, ਫੰਘ

पखौटा-ਪਖੋਟਾ, ਪੁ., ਮੱਛੀ ਦਾ ਪਰ

पखौरा-ਪਖੌਰਾ, ਪੁ., ਕੰਧੇ ਦੀ ਹੱਡੀ

पग-ਪਗ, ਪੁ.. ਪੈਰ, ਪਰ, ਡਗ. ਡਿੰਘ, ਕਦਮ, ਕਰੂ

पगडंडी-ਪਗਡੰਡੀ, ਇ., ਨਿਕਾ ਤੇ ਛੋਟਾ ਰਸਤਾ

पगड़ी-ਪਗੜੀ, ਇ., ਪੱਗ, ਸਾਫਾ, ਦਸਤਾਰ, ਚੀਰਾ, ਇੱਜ਼ਤ

पगतरी-ਪਗਤਰੀ, ਇ., ਜੁੱਤੀ

पगदासी-ਪਗਦਾਸੀ, ਇ., ਜੁੱਤੀ, ਖੜਾਮ

पगना-ਪਗਨਾ, ਇ., ਰਸ ਨਾਲ ਪਕਾਉਣਾ, ਰਸ ਵਿਚ ਡੁਬਣਾ, ਰਸ ਨਾਲ ਭਰਨਾ, ਮਗਨ ਹੋਣਾ, ਲੀਨ ਹੋਣਾ

पगनिया-ਪਗਨਿਯਾ, ਇ.. ਜੁੱਤੀ

पगपान-ਪਗਪਾਨ, ਪੁ , ਪੈਰ ਦਾ ਗਹਿਣਾ

पगरना-ਪਗਰਨਾ, ਪੁ., ਨਕਾਸ਼ੀ ਕਰਨ ਦਾ ਇਕ ਸੰਦ

पगरा-ਪਗਰਾ, ਪੁ., ਪਗ. ਕਦਮ. ਡਿੰਘ. ਤੜਕਾ, ਸਵੇਰਾ. ਤੁਰਨ ਦਾ ਸਮਾ

पगरी-ਪਗਰੀ, ਇ., ਪਗੜੀ. ਪੱਗ

पगला-ਪਗਲਾ, ਪੁ., ਸੁਦਾਈ, ਕਮਲਾ

पगहा-ਪਗਹਾ. ਪੁ., ਜੂੜ, ਪੈਖੜ, ਨੇਉਲ

पगा ਪਗਾ. ਪੁ., ਪਟਕਾ, ਦੁਪੱਟਾ

पगाना-ਪਗਾਨਾ, ਕ੍ਰਿ., ਚਾਸਣੀ ਵਿਚ ਡੁਬਾਉਣਾ

पगार-ਪਗਾਰ, ਪੁ., ਪੈਰ ਨੂੰ ਲਗੀ ਮਿੱਟੀ, ਗਾਰਾ, ਪੈਦਲ ਪਾਰ ਕਰਨ ਵਾਲਾ ਨਾਲਾ, ਪੈਰ ਨਾਲ ਕੁਚਲਨ ਵਾਲੀ ਚੀਜ਼. ਤਨਖਾਹ

पगारना-ਪਗਾਰਨਾ, ਕ੍ਰਿ., ਫੈਲਾਉਣਾ

पगिया-ਪਗਿਯਾ, ਇ., ਪਗੜੀ, ਪੱਗ

पगुरना–ਪਗੁਰਨਾ, ਕ੍ਰਿ., ਉਗਾਲੀ ਕਰਨਾ

पघा–ਪਘਾ, ਪੁ., ਪੈਖੜ, ਨੇਉਲ

पघाल–ਪਘਾਲ, ਪੁ., ਇਕ ਤਰ੍ਹਾਂ ਦਾ ਸਖਤ ਲੋਹਾ

पघिलना–ਪਘਿਲਨਾ, ਕ੍ਰਿ., ਪੰਘਰਨਾ

पघैया–ਪਘੈਯਾ, ਪੁ., ਫੇਰੀ ਨਾਲ ਪਿੰਡ ਫਿਰ ਕੇ ਮਾਲ ਵੇਚਣ ਵਾਲਾ

पङ्क–ਪੰਕ, ਪੁ., ਚਿਕੜ, ਗਾਰਾ, ਲੇਪ, ਪਾਪ

पङ्कक्रीड़–ਪੰਕਕ੍ਰੀੜ, ਪੁ., ਸੂਰ

पङ्कग्राह–ਪੰਕਗ੍ਰਾਹ, ਪੁ., ਮਗਰ ਮੱਛ

पङ्कज–ਪੰਕਜ, ਪੁ., ਕੰਵਲ, ਪਦਮ

पङ्कजन्मन–ਪੰਕਜਨਮਨ, ਪੁ.; ਬ੍ਰਹਮਾ

पङ्कजात–ਪੰਕਜਾਤ, ਪੁ., ਕੰਵਲ

पङ्कण–ਪੰਕਣ, ਪੁ., ਚੰਡਾਲ ਦਾ ਘਰ

पङ्कमण्डुक–ਪੰਕਮੰਡੁਕ, ਪੁ., ਸਿੱਪੀ

पङ्करूह–ਪੰਕਰੂਹ, ਪੁ., ਕੰਵਲ

पङ्कार–ਪੰਕਾਰ, ਪੁ., ਸਿਵਾਲ, ਜਾਲਾ, ਸਿੰਘਾੜਾ, ਕਾਈ

पङ्केरूह–ਪੰਕੇਰੂਹ, ਪੁ., ਕੰਵਲ, ਪਦਮ

पङ्केशय–ਪੰਕੇਸ਼ਯ, ਪੁ., ਜੋਕ

पङ्गु–ਪੰਗੁ, ਪੁ., ਸ਼ਨੀ, ਪਰੀਬ੍ਰਾਜਕ. ਫਿਰਨ ਤੁਰਨ ਵਾਲਾ, ਇਕ ਵਾਈ ਦਾ ਰੋਗ, ਵਿ., ਲੰਗੜਾ, ਪਿੰਗਲਾ, ਲੰਙਾ

पङ्गुता–ਪੰਗੁਤਾ, ਇ., ਲੰਗੜਾਪਣ, ਲੰਗੜਾਈ

पङ्गुल–ਪੰਗੁਲ. ਪੁ., ਰਿੰਡ ਦਾ ਬੂਟਾ, ਸਫ਼ੈਦ ਘੋੜਾ

पचखना–ਪਚਖਨਾ, ਵਿ., ਪੰਜ ਹਿੱਸਿਆਂ ਵਾਲਾ

पचगुना–ਪਚਗੁਨਾ, ਵਿ., ਪੰਜ ਗੁਣਾ

पचग्रह–ਪਚਗ੍ਰਹ, ਪੁ., ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀ

पचड़ा–ਪਚੜਾ, ਪੁ., ਪ੍ਰਪੰਚ, ਬਖੇੜਾ, ਝੰਝਟ

पचत–ਪਚਤ, ਪੁ., ਸੂਰਜ, ਇੰਦਰ, ਅਗਨੀ, ਵਿ., ਪਰਪੱਕ

पचतूरा–ਪਚਤੂਰਾ, ਪੁ., ਇਕ ਤਰ੍ਹਾਂ ਦਾ ਵਾਜਾ

पचतोलिया–ਪਚਤੋਲਿਯਾ, ਪੁ.. ਪੰਜ ਤੋਲੇ ਦਾ ਵੱਟਾ

पचन–ਪਚਨ. ਪੁ., ਹਾਜ਼ਮਾ, ਪਕਨ ਪਕਾਉਣ ਦਾ ਕੰਮ, ਪਕਾਉਣ ਵਾਲੀ

पचना–ਪਚਨਾ, ਕ੍ਰਿ., ਹਜ਼ਮ ਹੋਣਾ, ਮੇਹਨਤ ਕਰਨੀ, ਥਕਣਾ, ਨਸ਼ਟ ਹੋਣਾ, ਕਮਜ਼ੋਰ ਹੋਣਾ

पचनागार–ਪਚਨਾਗਾਰ, ਪੁ., ਰਸੋਈ ਘਰ, ਲੰਗਰ

पचनिका–ਪਚਨਿਕਾ, ਇ., ਕੜਾਹੀ

पचनीय–ਪਚਨੀਯ, ਵਿ., ਪਚਣ ਵਾਲੀ, ਹਜਮ ਹੋਣ ਵਾਲੀ

पचन्ती–ਪਚੰਤੀ, ਇ., ਪਕਾਉਣ ਵਾਲੀ, ਹਜ਼ਮ ਕਰਨ ਵਾਲੀ

पचपच–ਪਚਪਚ, ਪੁ., ਸ਼ਿਵ, ਮਹਾਦੇਵ

पचपचा–ਪਚਪਚਾ, ਵਿ., ਅੱਧ ਰਿੱਝਾ

पचपचाना–ਪਚਪਚਾਨਾ, ਕ੍ਰਿ., ਬਹੁਤ ਗਿੱਲਾ ਹੋਣਾ, ਪਿਚ ਪਿਚ ਕਰਨਾ

पचपन–ਪਚਪਨ, ਵਿ., ਪਚਵੰਜਾ, ਪੰਜਾਹ ਤੇ ਪੰਜ

पचपान–ਪਚਪਾਨ, ਵਿ., ਰਸੋਈਆ, ਲਾਂਗਰੀ

पचमेल–ਪਚਮੇਲ, ਵਿ., ਰਲਗੱਡ, ਕਈ ਤਰ੍ਹਾਂ, ਪੰਜ ਚੀਜਾਂ ਦਾ ਇਕੱਠ

पचरंग–ਪਚਰੰਗ, ਪੁ., ਚੌਕ ਪੂਰਨ ਦੀ ਸਮੱਗ੍ਰੀ, ਅਬੀਰ, ਮੈਂਹਦੀ ਹਲਦੀ, ਸਲਾਰੇ ਦੇ ਬੀਜ, ਧੂੜਾ

पचरंगा–ਪਚਰੰਗਾ, ਵਿ., ਪੰਜਾਂ ਰੰਗਾਂ ਵਾਲਾ

पचरा–ਪਚਰਾ, ਪੁ., ਦੇਖੋ ਪਚੜਾ (पचड़ा)

पचलड़ी–ਪਚਲੜੀ, ਇ., ਪੰਜਾਂ ਲੜੀਆਂ ਵਾਲੀ

पचलोना–ਪਚਲੋਨਾ, ਪੁ., ਪੰਜ ਲੂਣ ਵਾਵਾ

पचवाई–ਪਚਵਾਈ, ਇ., ਇਕ ਤਰ੍ਹਾਂ ਦੀ ਸ਼ਰਾਬ

पचहत्तर–ਪਚਹੱਤਰ, ਵਿ., ਪੰਝਤਰ, ਸੱਤਰ ਤੇ ਪੰਜ

पचहरा–ਪਚਹਰਾ. ਵਿ., ਪੰਜ ਵਾਰੀ ਲਪੇਟਿਆ ਹੋਇਆ, ਪੰਜ ਤਹਿਆਂ ਵਾਲਾ

पचानक–ਪਚਾਨਕ, ਪੁ., ਇਕ ਪੰਛੀ

पचाना–ਪਚਾਨਾ, ਕ੍ਰਿ., ਗਲਾਉਣਾ, ਹਜਮ ਕਰਨਾ, ਖਪਾਉਣਾ, ਹੜੱਪਣਾ

पचार–ਪਚਾਰ, ਪੁ., ਜੂਲੇ ਨਾਲ ਬੰਨ੍ਹਣ ਵਾਲੀ ਲੱਕੜੀ

पचारना–ਪਰਾਚਨਾ, ਕ੍ਰਿ., ਲਲਕਾਰਨਾ, ਵੰਗਾਰਨਾ

पचाव–ਪਚਾਵ, ਪੁ.,ਹਜਮ

पचास–ਪਚਾਸ, ਵਿ.,ਪੰਜਾਹ

पचासा–ਪਚਾਸਾ, ਪੁ., ਪੰਜਾਹ ਚੀਜ਼ਾਂ ਦਾ ਇਕੱਠ

पचासी–ਪਚਾਸੀ, ਵਿ., ਅੱਸੀ ਤੇ ਪੰਜ, ਪੰਜਾਸੀ

पचित–ਪਚਿਤ, ਵਿ., ਜੜਿਆ ਹੋਇਆ

पचीस–ਪਚੀਸ, ਵਿ., ਪੱਚੀ, ਪੰਝੀ

पचीसी–ਪਚੀਸੀ, ਇ., ਚੋਪੜ ਦਾ ਖੇਲ੍ਹ, ਪੰਝੀ ਚੀਜਾਂ ਦਾ ਸਮੂਹ

पचूका–ਪਚੂਕਾ, ਪੁ., ਪਚਕਾਰੀ

पचोतर–ਪਚੋਤਰ, ਵਿ., ਗਿਣਤੀ ਨਾਲੋਂ ਪੰਜ ਜ਼ਿਆਦਾ

पचोतरसौ–ਪੰਚੋਤਰਸੋ, ਪੁ., ਇਕ ਸੋ ਪੰਜ ਦੀ ਗਿਣਤੀ

पचौनी–ਪਚੌਨੀ, ਇ., ਹਾਜ਼ਮੇਦਾਰ

पचौर–ਪਚੌਰ, ਪੁ.; ਚੌਧਰੀ, ਪੰਚ, ਮੁਖੀਆ, ਸਰਦਾਰ

पचौवर–ਪਚੌਵਰ, ਵਿ., ਪੰਜ ਤਹਿਆ

पच्चड़–ਪੱਚੜ, ਇ., ਲਕੜੀ ਜਾ ਬਾਂਸ ਦੀ ਫੱਟੀ, ਟਾਕੀ, ਜੋੜ ਦੇ ਵਿਚ ਠੋਕਣ ਦੀ ਗਾਵਦੁੰਮ ਲੱਕੜੀ ਦੀ ਗੁੱਲੀ

पच्चर–ਪੱਚਰ, ਇ.,ਦੇਖੋ ਪਚੜ (पच्चड़)

पच्ची–ਪੱਚੀ, ਵਿ., ਲਗਿਆ ਹੋਇਆ, ਰਲਗੱਡ

पच्छम–ਪੱਛਮ, ਪੁ., ਪਿਛਲਾ, ਪਿੱਛੋਂ ਦਾ

पच्छी–ਪੱਛੀ, ਇ., ਪੰਛੀ, ਜਾਨਵਰ

पछताना–ਪਛਤਾਨਾ, ਕ੍ਰਿ., ਪਛੋਤਾਵਾ ਕਰਨਾ, ਪਛੋਤਾਉਣਾ

पछतावा–ਪਛਤਾਵਾ, ਕ੍ਰਿ., ਪਛੋਤਾਵਾ, ਆਪਣੇ ਕੀਤੇ ਕੰਮ ਨੂੰ ਬੁਰਾ ਸਮਝਣਾ

पछना–ਪਛਨਾ, ਕ੍ਰਿ., ਪਛਿਆ ਜਾਣਾ, ਪਛਣਾ, ਪੁ., ਉਸਤਰਾ

पछमन–ਪਛਮਨ, ਕ੍ਰਿ. ਵਿ., ਪਿਛੇ

पछरना–ਪਛਰਨਾ, ਕ੍ਰਿ. ਮੁੜਨਾ

पछरा–ਪਛਰਾ, ਪੁ., ਪਛਾੜ

पछलगा–ਪਛਲਗਾ, ਪੁ., ਪਿਛੇ ਪੁਰਨ ਵਾਲਾ, ਪਿਛਲਗੂ

पछवां–ਪਛਵਾਂ, ਵਿ., ਪੱਛੋਂ ਦੀ ਹਵਾ, ਪੱਛੋਂ, ਇ., ਅੰਗੀ ਦਾ ਪਿਠ ਵਲ ਦਾ ਹਿੱਸਾ

पछाँह–ਪਛਾਂਹ, ਇ., ਪੱਛਮੀ, ਪੱਛਮ ਸਬੰਧੀ

पछाँहियां–ਪਛਾਂਹਿਯਾਂ, ਵਿ. ਪੱਛਮ ਦੇਸ਼ ਦਾ, ਪਿਛਾਹਾਂ ਦਾ

पछांही–ਪਛਾਂਹੀ, ਵਿ., ਪੱਛੋਂ ਦਾ, ਪੱਛਮੀ

पछाड़–ਪਛਾੜ, ਇ., ਮੂਰਛਿਤ ਹੋ ਕੇ ਡਿਗਣਾ, ਬੇਸੁਧ ਡਿਗਣਾ

पछाड़ना–ਪਛਾੜਨਾ, ਕ੍ਰਿ., ਢਾਹੁਣਾ, ਚਿਤ ਕਰਨਾ, ਪਟਕਣਾ

पछाड़ी–ਪਛਾੜੀ, ਇ., ਘੋੜੇ ਦੇ ਪਿਛਲੇ ਪੈਰ ਵਿਚ ਪਾਉਣ ਵਾਲੀ ਰੱਸੀ

पछाया–ਪਛਾਯਾ, ਪੁ., ਕਿਸੇ ਚੀਜ਼ ਦਾ ਪਿਛਲਾ ਹਿੱਸਾ

पछारना–ਪਛਾਰਨਾ, ਕ੍ਰਿ., ਕਪੜੇ ਨੂੰ ਪਟਕ ਕੇ ਧੋਣਾ

पछावरि–ਪਛਾਵਰਿ, ਇ., ਇਕ ਮਿਠਿਆਈ

पछिआना–ਪਛਿਆਨਾ, ਕ੍ਰਿ., ਪਿੱਛਾ ਕਰਨਾ

पछिनाव–ਪਛਿਨਾਵ, ਪੁ., ਪਸ਼ੂਆਂ ਦਾ ਇਕ ਰੋਗ

पछीत–ਪਛੀਤ, ਇ., ਘਰ ਦਾ ਪਿਛਵਾੜਾ

पछेड़ा- ਪਛੇੜਾ, ਪੁ., ਪਿੱਛਾ

पछेलना–ਪਛੇਲਨਾ, ਕ੍ਰਿ., ਪਿੱਛੇ ਛੱਡਣਾ

पछेला–ਪਛੇਲਾ, ਪੁ., ਤੀਵੀਂ ਦੇ ਹੱਥ ਦਾ ਗਹਿਣਾ, ਪਿਛਲਾ

पछोड़ना–ਪਛੋੜਨਾ, ਕ੍ਰਿ., ਛਜ ਵਿਚ ਪਾ ਕੇ ਛੰਡਣਾ, ਫਟਕਣਾ

पछोरना–ਪਛੋਰਨਾ, ਕ੍ਰਿ., ਛੱਟਣਾ, ਛੰਡਣਾ

पछोरा–ਪਛੋਰਾ, ਪੁ., ਪਿਛਲਾ

पछयावर–ਪਛਯਾਵਰ, ਇ., ਇਕ ਤਰ੍ਹਾਂ ਦਾ ਸ਼ਰਬਤ

पजर–ਪਜਰ, ਪੁ., ਚੋਅਣਾ, ਟਪਕਣ ਦੀ ਕਿਰਿਆ

पजरना–ਪਜ਼ਰਨਾ, ਕ੍ਰਿ., ਜਲਣਾ

पजारना–ਪਜਾਰਨਾ, ਕ੍ਰਿ., ਜਲਾਉਣਾ

पजोखा–ਪਜੋਖਾ, ਪੁ., ਮੌਤ ਪਿਛੋਂ ਸੰਬੰਧੀਆਂ ਦਾ ਵਿਰਲਾਪ

पजोड़ा–ਪਜੋੜਾ, ਵਿ., ਦੁਸ਼ਟ, ਪਾਜੀ, ਨੀਚ

पज्ज–ਪੱਜ, ਪੁ , ਸ਼ੁਦਰ ਕੌਮ, ਸ਼ੂਦਰ

पञ्च–ਪੰਚ, ਪੁ., ਆਗੂ, ਚੌਧਰੀ, ਮੁਖੀਆ

पञ्चक–ਪੰਚਕ, ਪੁ., ਪੰਜਾਂ ਦਾ ਇਕੱਠ, ਸ਼ਗੁਨ, ਧਨਿਸ਼ਠਾ ਆਦਿ ਪੰਜ ਨਖੱਤਰ ਜਿਸ ਵਿਚ ਨਵੇਂ ਕੰਮ ਦਾ ਅਰੰਭ ਮਨ੍ਹਾ ਹੈ

पञ्चकन्या–ਪੰਚਕੰਨਯਾ, ਇ., ਅਹੱਲਿਆ, ਦ੍ਰੋਪਦੀ, ਕੁੰਤੀ, ਤਾਰਾ ਤੇ ਮੰਦੋਦਰੀ

पञ्चकर्मेन्द्रिय–ਪੰਚਕ੍ਰਮੇਂਦ੍ਰਿਯ, ਪੁ., ਹਥ, ਪੈਰ ਲਿੰਗ, ਜੀਭ, ਗੁਦਾ

पञ्चकल्याण–ਪੰਚ ਕਲਯਾਣ, ਪੁ., ਓਹ ਘੋੜਾ ਜਿਸ ਦਾ ਸਿਰ ਅਤੇ ਚਾਰੇ ਪੈਰ ਸਫੈਦ ਹੋਣ

पञ्चक्रोसी–ਪੰਚ ਕੋਸੀ, ਇ., ਪੰਜਾ ਕੋਹਾਂ ਵਿਚ ਵਸੀ ਕਾਂਸ਼ੀ

पञ्चगङ्गा–ਪੰਚ ਗੰਗਾ, ਇ., ਗੰਗਾ, ਜਮਨਾ, ਸੁਰਸਤੀ, ਕਿਰਣਾ, ਧੂਤ ਪਾਪਾ, ਇਹ ਪੰਜ ਨਦੀਆਂ ਨੂੰ ਪੰਚ ਗੰਗਾ ਆਖਦੇ ਹਣ

पञ्चगव्य–ਪੰਚਗਵਯ, ਪੁ., ਗਾਂ ਦੀਆਂ ਪੰਜ ਚੀਜ਼ਾਂ, ਦੁਧ, ਦਹੀ, ਘਿਉ, ਗੋਹਾ, ਮੂਤਰ

पञ्चगुण–ਪੰਚਗੁਣ, ਪੁ., ਸ਼ਬਦ, ਸਪਰਸ, ਰੂਪ, ਰਸ, ਗੰਧ

पञ्चजन्य–ਪੰਚਜਨਯ, ਪੁ., ਸ਼੍ਰੀ ਕ੍ਰਿਸ਼ਨ ਜੀ ਦਾ ਸੰਖ

पञ्चतत्व–ਪੰਚਤਤ੍ਵ, ਪੁ., ਪਿਰਥਵੀ, ਜਲ, ਤੇਜ ਹਵਾ, ਅਕਾਸ਼

पञ्चतन्त्र–ਪੰਚਤੰਤ੍ਰ, ਪੁ., ਸੰਸਕ੍ਰਿਤ ਦਾ ਨੀਤੀ ਦਾ ਇਕ ਪਰਸਿਧ ਗ੍ਰੰਥ

पञ्चतप–ਪੰਚਤਪ; ਪੁ., ਚੌਹੀਂ ਪਾਸੀਂ ਧੂਣੀਆਂ ਜਲਾ ਕੇ ਗਰਮੀ ਦੀ ਮੌਸਮ ਵਿਚ ਤਪ ਕਰਨਾ

पञ्चतरू–ਪੰਚਤਰੂ, ਪੁ., ਕਲਪ ਬ੍ਰਿਛ, ਅੱਕ, ਪਾਰਿਜਾਤ, ਸੰਤਾਨ. ਹਰਿ ਚੰਦਨ

पञ्चता–ਪੰਚਤਾ, ਇ., ਮੌਤ

पञ्चतालेश्वर–ਪੰਚਤਾਲੇਸ਼੍ਵਰ, ਪੁ., ਇਕ ਰਾਗ

पञ्चतिक्त–ਪੰਚਤਿਕ੍ਤ, ਪੁ., ਗਲੋ, ਕੰਡਿਆਰੀ, ਸੁੰਢ, ਕੁਠ ਅਤੇ ਚਿਰੈਤਾ

पञ्चदश–ਪੰਚਦਸ਼, ਵਿ., ਪੰਦਰਾਂ, ਦਸ ਤੇ ਪੰਜ

पञ्चदशधा–ਪੰਚਦਸ਼ਧਾ, ਅਵਜ., ਪੰਦਰਾਂ ਤਰ੍ਹਾਂ ਦਾ

पञ्चदशाह–ਪੰਚਦਸ਼ਾਹ, ਪੁ., ਪੰਦਰਾਂ ਦਿਨ ਦਾ ਸਮਾ

पञ्चदशी–ਪੰਚਦਸ਼ੀ, ਇ , ਮੱਸਿਆ, ਪੂਰਨਮਾਸੀ

पञ्देवता–ਪੰਚਦੇਵਤਾ, ਪੁ , ਆਦਿਤਯ, ਗਣੇਸ਼, ਦੇਵੀ, ਰੁੱਦਰ, ਕੇਸ਼ਵ

पञ्चधा–ਪੰਚਧਾ, ਅਵਜ., ਪੰਜ ਪਰਕਾਰ ਦਾ, ਪੰਜ ਤਰ੍ਹਾਂ ਦਾ

पञ्चनद–ਪੰਚਨਦ, ਪੁ., ਸਤਲੁਜ, ਬਿਆਸ, ਰਾਵੀ, ਝਨਾਂ, ਜਿਹਲਮ

पञ्चपर्व–ਪੰਚਪਰਵ, ਪੁ., ਚੋਦੇਂ, ਅਠੇਂ, ਮਸਿਆ, ਪੂਰਨਮਾਸੀ, ਤੇ ਸੰਗ੍ਰਾਂਦ

पञ्चपल्लव–ਪੰਚਪੱਲਵ, ਪੁ., ਅੰਬ, ਜਾਮਣ, ਕੈਥ, ਬਜੋਰਾ, ਬਿਲ

पञ्चपाद–ਪੰਚਪਾਦ, ਵਿ., ਪੰਜਾਂ ਪੈਰਾਂ ਵਾਲਾ

पञ्चपुष्प–ਪੰਚਪੁਸ਼ਪ, ਪੁ., ਚੰਪਾ; ਅੰਬ. ਜੰਡੀ, ਕੰਵਲ, ਕਨੇਰ

पञ्चबाण–ਪੰਚਬਾਣ, ਪੁ., ਕਾਮ ਦੇ ਪੰਜ ਬਾਣ, ਮੋਹਨ, ਮਾਰਨ, ਉਚਾਟਨ, ਉਦੀਪਨ, ਸ਼ੋਸ਼ਣ

पञ्चबाहु–ਪੰਚਬਾਹੁ, ਪੁ., ਸ਼ਿਵ, ਮਹਾਦੇਵ

पञ्चभूत–ਪੰਚਭੂਤ, ਪੁ., ਪ੍ਰਿਥਵੀ, ਜਲ, ਤੇਜ, ਵਾਯੂ, ਅਕਾਸ਼

पञ्चम–ਪੰਚਮ, ਵਿ., ਪੰਜਵਾਂ, ਸੁੰਦਰ, ਨਿਪੁੰਨ, ਸੰਗੀਤ ਦੇ ਸੱਤਾਂ ਸੁਰਾਂ ਵਿਚੋਂ ਪੰਜਵਾਂ ਸੁਰ

पञ्चमकार–ਪੰਚਮਕਾਰ, ਪੁ., ਮਦਰਾ, ਮਾਸ, ਮੱਛੀ, ਮੁਦਰਾ ਮੈਥੁਨ

पञ्चमहापातिक–ਪੰਚਮਹਾਪਾਤਿਕ, ਪੁ., ਬ੍ਰਹਮ ਹਤਯਾ, ਸੁਰਾਪਾਨ ਗੁਰੂ ਪਤਨੀ ਨਾਲ ਵਿਭਚਾਰ, ਇਹਨਾਂ ਦੇ ਕਰਨ ਵਾਲੇ ਨਾਲ ਦੋਸਤੀ, ਚੋਰੀ

पञ्चमहाव्याधि–ਪੰਚਮਹਾਵਜਾਧਿ. ਪੁ., ਪੰਜ ਵੱਡੇ ਰੋਗ, ਬਵਾਸੀਰ ਤਪਦਿਕ, ਕੋੜ੍ਹ, ਪਰਮੇਹ, ਪਾਗਲਪਣ

पञ्चमहाव्रत–ਪੰਚਮਹਾਵ੍ਰਤ, ਪੁ., ਅਹਿੰਸਾ, ਸਚਾਈ, ਚੋਰੀ ਨਾ ਕਰਨੀ, ਬ੍ਰਹਮਚਰਯ, ਦਾਨ ਨਾ ਲੈਣਾ

पञ्चमास्य–ਪੰਚਮਾਸਜ, ਪੁ., ਕੋਇਲ, ਵਿ., ਪੰਜ ਮਹੀਨਿਆਂ ਦਾ

पञ्चमी–ਪੰਚਮੀ, ਇ., ਪੰਜਾਂ ਦੀ ਪਤਨੀ, ਦਰੋਪਦੀ, ਪੰਚਮੀ ਤਿਥ, ਰਾਗਣੀ

पञ्चमुख–ਪੰਚਮੁਖ, ਪੁ., ਸ਼ੇਰ, ਸ਼ਿਵ, ਮਹਾਦੇਵ, ਰੁਦ੍ਰਾਖਸ਼

पञ्चरत्न–ਪੰਚਰਤ੍ਨ. ਪੁ., ਪੰਜ ਤਰ੍ਹਾਂ ਦੇ ਰਤਨ, ਸੋਨਾ, ਹੀਰਾ, ਨੀਲਮ, ਲਾਲ, ਮੋਤੀ

पञ्चरश्मि–ਪੰਚਰਸ਼ਮਿ, ਪੁ., ਸੂਰਜ ਦੀਆਂ ਕਿਰਣਾਂ, ਭੂਸਲ, ਸਫੈਦ. ਨੀਲ, ਪੀਲਾ, ਲੋਹੇ ਰੰਗਾ, ਪੰਜ ਰੰਗ ਹੁੰਦੇ ਹਨ

पञ्चरसा–ਪੰਚਰਸਾ, ਇ., ਔਲਾ, ਹਰੜ

पञ्चरीक–ਪੰਚਰੀਕ, ਪੁ., ਸੰਗੀਤ ਦਾ ਇਕ ਤਾਲ

पञ्चल–ਪੰਚਲ, ਪੁ., ਸ਼ਕਰਕੰਦੀ

पञ्चलवण–ਪੰਚਲਵਣ, ਪੁ., ਪੰਜ ਲੂਣ, ਸ਼ੀਸ਼ਾ, ਸੇਂਧਾ, ਸਮੁੰਦ੍ਰ, ਵਿਟ, ਸੋਂਚਰ

पञ्चलोकपाल–ਪੰਚਲੋਕਪਾਲ, ਪੁ., ਵਿਨਾਯਕ, ਦੁਰਗਾ, ਹਵਾ, ਤੇ ਦੋ ਅਸ਼ਵਨੀ ਕੁਮਾਰ

पञ्चलोह–ਪੰਚਲੋਹ, ਪੁ., ਸੋਨਾ, ਚਾਂਦੀ, ਤਾਂਬਾ, ਕਲੀ, ਸਿੱਕਾ

पञ्चवटी–ਪੰਚਵਟੀ, ਇ., ਜਿਥੇ ਬਨਵਾਸ ਵਿਚ ਰਾਮ ਚੰਦਰ ਜੀ ਰਹੇ ਸਨ

पञ्चवदन–ਪੰਚਵਦਨ, ਪੁ., ਸ਼ਿਵ

पञ्चवायु–ਪੰਚਵਾਯੁ, ਪੁ., ਪ੍ਰਾਣ, ਉਪਾਨ, ਸਮਾਨ, ਉਦਾਨ, ਵਜਾਨ

पञ्चवार्षिक–ਪੰਚਵਾਰਸ਼ਿਕ, ਵਿ., ਪੰਜ ਵਰ੍ਹੇ ਦਾ

प्रञ्चविध–ਪੰਚਵਿਧ, ਵਿ., ਪੰਜ ਤਰ੍ਹਾਂ

पञ्चशः–ਪੰਚਸ਼ः, ਅਵਜ., ਪੰਜ ਪੰਜ ਕਰਕੇ

पञ्चशाख–ਪੰਚਸ਼ਾਖ. ਵਿ., ਪੰਜ ਟਾਹਣੀਆਂ

पञ्चसन्धि–ਪੰਚਸੰਧਿ. ਇ., ਵਿਆਕਰਣ ਸੰਧੀ ਦੇ ਪੰਜ ਭੇਦ

पञ्चस्नेह–ਪੰਚਸ੍ਨੇਹ, ਪੁ , ਘਿਉ, ਤੇਲ, ਚਰਬੀ, ਮੋਮ, ਵੀਰਜ

पञ्चाक्षर–ਪੰਚਾਕਸ਼ਰ, ਪੁ., ਪ੍ਰਣਵ, ਪੰਜ ਅਖਰ ਦਾ ਮੰਤਰ

पञ्चाङ्ग–ਪੰਚਾਂਗ, ਪੁ., ਰੁੱਖ ਦੀ ਛਿਲ, ਪੱਤੇ, ਫੁੱਲ ਫਲ, ਜੜ

पञ्चाङ्गुरि–ਪੰਚਾਂਗੁਰਿ, ਇ., ਪੰਜਾ ਉਂਗਲੀਆਂ ਦਾ ਹੱਥ

पञ्चाङ्गुल–ਪੰਚਾਂਗੁਲ, ਵਿ., ਪੰਜ ਉਂਗਲਾਂ, ਰਿੰਡ, ਤੇਜ ਪੱਤਰ

पञ्चानन–ਪੰਚਾਨਨ, ਪੁ., ਸ਼ਿਵ, ਮਹਾਦੇਵ, ਸ਼ੇਰ, ਸੰਗੀਤ ਦੀ ਸੁਰਸਾਧਨ ਦੀ ਰੀਤੀ

पञ्चाननी–ਪੰਚਾਨਨੀ, ਇ., ਪਾਰਬਤੀ

पञ्चामृत–ਪੰਚਾਮ੍ਰਿਤ, ਪੁ., ਇਕ ਪਕਵਾਨ ਜੋ ਘਿਉ, ਦੁਧ, ਦਹੀ, ਸ਼ਹਿਦ, ਖੰਡ ਨਾਲ ਬਣਦਾ ਹੈ, ਕੜਾਹ ਪਰਸ਼ਾਦ

पञ्चायत–ਪੰਚਾਯਤ, ਪੁ., ਸਭਾ

पञ्चाल–ਪੰਚਾਲ, ਪੁ., ਪੰਜਾਬ

पञ्चाली–ਪੰਚਾਲੀ, ਇ., ਦਰੋਪਤੀ, ਗੁੱਡੀ

पञ्चाशिका–ਪੰਚਾਸ਼ਿਕਾ, ਇ., ਪੰਜਾਹ ਸਲੋਕਾਂ ਵਾਲੀ ਪੋਥੀ

पञ्चिका–ਪੰਚਿਕਾ, ਇ., ਪੰਜਾਂ ਹਿੱਸਿਆਂ ਜਾਂ ਪੰਜ ਅਧਿਆਵਾਂ ਦੀ ਪੋਥੀ

पञ्जर–ਪੰਜਰ, ਪੁ., ਚਿੜੀਆਂ ਦਾ ਪਿੰਜਰਾ, ਕਲਿਜੁਗ, ਸਰੀਰ ਦਾ ਢਾਂਚਾ

पञ्जराखेट–ਪੰਜਰਾਖੇਟ, ਪੁ., ਮੱਛੀ ਫੜਨ ਦਾ ਟੋਕਰਾ

पट–ਪਟ, ਪੁ., ਕਪੜਾ, ਵਸਤਰ, ਚਿਤਰ ਬਣਾਉਣ ਦਾ ਕਾਗਜ਼, ਛੱਪਰ, ਆੜ, ਪੜਦਾ. ਚਿਕ, ਕਪਾਹ, ਘਾਹ, ਚਿਰੋਂਜੀ

पटक–ਪਟਕ, ਪੁ., ਤੰਬੂ, ਕੈਂਪ, ਸੂਤੀ ਕਪੜਾ

पटकन–ਪਟਕਨ, ਇ., ਪਟਕਣ ਦਾ ਕੰਮ, ਚਪੇੜ, ਤਮਾਚਾ

पटकनिया–ਪਟਕਨਿਯਾ, ਇ., ਲੇਟਣਾ, ਲਿਚਟਵਣਾ, ਜ਼ਮੀਨ ਤੇ ਗਿਰਨਾ

पटका–ਪਟਕਾ, ਪੁ., ਢਿਡ ਤੇ ਬੰਨ੍ਹਣ ਦਾ ਦੁਪੱਟਾ

पटकार–ਪਟਕਾਰ, ਪੁ., ਜੁਲਾਹਾ, ਚਿਤਰਕਾਰ

पटकुटी–ਪਟਕੁਟੀ, ਇ., ਤੰਬੂ, ਕਪੜੇ ਦਾ ਘਰ

पटच्चर–ਪਟੱਚਰ, ਪੁ., ਪੁਰਾਣਾ ਕਪੜਾ

पटझोल–ਪਟਝੋਲ, ਵਿ., ਅਚੱਲ

पटतर–ਪਟਤਰ, ਪੁ., ਤੁੱਲਤਾ, ਸਮਾਨਤਾ, ਇਕ ਸਾਰਤਾ, ਉਪਮਾ

पटतरना–ਪਟਤਰਨਾ, ਕ੍ਰਿ., ਉਪਮਾ ਦੇਣੀ

पटतारना–ਪਟਤਾਰਨਾ, ਕ੍ਰਿ., ਉਚੀ ਨੀਵੀਂ ਧਰਤੀ, ਇਕੋ ਜੇਹੀ, ਇਕਸਾਰ ਕਰਨੀ

पटताल–ਪਟਤਾਲ, ਪੁ., ਮ੍ਰਿਦੰਗ ਦਾ ਇਕ ਤਾਲ

पटद–ਪਟਦ, ਪੁ., ਕਪਾਹ

पटधारी–ਪਟਧਾਰੀ, ਵਿ., ਜੋ ਕਪੜੇ ਪਹਿਨੇ ਹੋਏ ਹੋਵੇ, ਪੁ., ਖਜ਼ਾਨਚੀ

पटना–ਪਟਨਾ, ਕ੍ਰਿ., ਭਰ ਪਾਉਣਾ, ਵਸੂਲ ਪਾਉਣਾ, ਸਿੰਜਣਾ ਭਰਨਾ. ਛਾ ਜਾਣਾ, ਮਿਤ੍ਰਤਾ ਹੋਣੀ, ਬਿਹਾਰ ਦਾ ਇਕ ਸ਼ਹਿਰ ਜਿਥੇ ਦਸਮ ਪਾਤਸ਼ਾਹ ਅਵਤਰੇ ਸਨ

पटनी–ਪਟਨੀ, ਇ., ਪੜਛੱਤੀ. ਪਟੇ ਤੇ ਮਿਲੀ ਹੋਈ ਜ਼ਮੀਨ

पटपटाना–ਪਟਪਟਾਨਾ. ਕ੍ਰਿ., ਛਟਪਾਉਣਾ, ਭੁੱਖ ਦੁਖ ਦਾ ਕਸ਼ਟ ਉਠਾਉਣਾ, ਸੋਗ ਕਰਨਾ

पटपर–ਪਟਪਰ, ਵਿ., ਸਮਤਲ, ਇਕੋ ਜੇਹੀ, ਚੌਰਸ, ਸਾਂਵੀ ਪੱਧਰੀ

पटवंधक–ਪਟਬੰਧਕ, ਪੁ., ਇਕ ਤਰ੍ਹਾਂ ਦੀ ਰਹਿਣ, ਮਿਆਦੀ ਰਹਿਣ

पटवीजना–ਪਟਬੀਜਨਾ, ਪੁ., ਜੁਗਨੂ, ਟਟੈਹਣਾ

पटस–ਪਰਮ, ਵਿ , ਭੁੱਖ ਦੁਖੋਂ ਅੰਨ੍ਹਾ ਹੋਇਆ ਹੋਇਆ

पटमंजरी–ਪਟਮੰਜਰੀ, ਇ., ਇਕ ਰਾਗਣੀ

पटमंडप, पटमण्डप–ਪਟਮੰਡਪ, ਪੁ., ਤੰਬੂ

पटमय–ਪਟਮਯ, ਪੁ., ਤੰਬੂ, ਲਹਿੰਗਾ, ਘੱਗਰਾ

पटरा–ਪਟਰਾ, ਪੁ., ਲੱਕੜੀ ਦਾ ਚੌਰਸ ਫੱਟਾ

पटरानी–ਪਟਰਾਨੀ, ਇ., ਮਹਾਰਾਣੀ

पटरी-ਪਟਰੀ; ਇ.. ਛੋਟਾ ਪਟੜਾ, ਫੱਟੀ, ਤਖਤੀ

पटल–ਪਟਲ, ਪੁ., ਪਰਦਾ, ਛੱਪਰ, ਕਿਵਾੜ, ਤਹਿ, ਅੱਖ ਦੀ ਪੁਤਲੀ, ਟਿਕਾ, ਸਮੂਹ,

पटलक–ਪਟਲਕ, ਪੁ,, ਸਮੂਹ, ਢੇਰ, ਪਰਦਾ, ਝਿਲੀ, ਬੁਰਕਾ, ਛੋਟੀ ਸੰਦੂਕ

पटलता–ਪਟਲਤਾ, ਇ., ਬਹੁਲਤਾ, ਜ਼ਿਆਦਤੀ

पटली–ਪਟਲੀ. ਇ., ਪੰਗਤ, ਡਾਰ, ਕਤਾਰ

पटवा–ਪਟਵਾ, ਪੁ.. ਗਹਿਣਿਆਂ ਵਿਚ ਗੁੰਦਣ ਵਾਲਾ, ਰੇਸ਼ਮ, ਪੀਲਾ ਬੈਲ. ਪਟ

पटवाना–ਪਟਵਾਨਾ. ਕ੍ਰਿ., ਭਰਵਾਉਣਾ, ਰੁਪੈਜੇ ਵਸੂਲਣਾ, ਸਿੰਜਵਾਉਣਾ, ਝਾਤ ਪੁਆਉਣੀ, ਅਦਾ ਕਰਨਾ

पटवाप–ਪਟਵਾਪ, ਪੁ., ਤੰਬੂ

पटवारी–ਪਟਵਾਰੀ, ਪੁ., ਜ਼ਮੀਨ ਦਾ ਹਸਾਬ ਕਤਾਬ ਰੱਖਣ ਵਾਲਾ

पटवास–ਪਟਵਾਸ, ਪੁ. ਕਪੜੇ ਦਾ ਘਰ, ਤੰਬੂ, ਡੇਰਾ

पटवेश्म–ਪਟਵੇਸ਼ਮ, ਪੁ., ਤੰਬੂ

पटसन–ਪਟਸਨ, ਪੁ., ਉਹ ਸਣ ਜਿਸ ਦੇ ਰੇਸ਼ੇ ਵਿਚੋਂ ਬੋਰੀਆਂ ਤੇ ਟਾਟ ਬਣਦਾ ਹੈ

पटहंसिका–ਪਟਹੰਸਿਕਾ, ਇ., ਇਕ ਰਾਗਣੀ

पटह–ਪਟਹ, ਪੁ,, ਨਗਾਰਾ, ਢੋਲ

पटा–ਪਟਾ. ਪੁ., ਪੀੜ੍ਹਾ, ਪੱਟਾ, ਸਨਦ, ਸੌਦਾ, ਲਗਾਮ ਦੀ ਮੋਹਰੀ, ਸਫ

पटाक–ਪਟਾਕ, ਪੁ., ਡਿਗਣ ਦਾ ਖੜਾਕਾ, ਪਟਾਖੇ ਦੀ ਅਵਾਜ਼

पटाका–ਪਟਾਕਾ, ਪੁ., ਪਟਾਕ ਦਾ ਸ਼ਬਦ, ਗੋਲਾ; ਥੱਪੜ, ਤਮਾਚਾ

पटाखा–ਪਟਾਖਾ, ਪੁ., ਦੇਖੋ ਪਟਾਕਾ (पटाका)

पटाना–ਪਟਾਨਾ, ਕ੍ਰਿ., ਭਰਵਾਉਣਾ, ਇਕੋ ਜੇਹੀ ਕਰਨਾ, ਮੁੱਲ ਕੈਮ ਕਰਨਾ, ਸੌਦਾ ਤਹਿ ਕਰਨਾ

पटापट–ਪਟਾਪਟ, ਕ੍ਰਿ. ਵਿ., ਛੇਤੀ ਛੇਤੀ, ਲਗਾਤਾਰ, ਝਟਪਟ

पटापटी–ਪਟਾਪਟੀ, ਇ., ਅਨੇਕ ਰੰਗਾਂ ਦੀ ਚੀਜ਼

पटार–ਪਟਾਰ, ਇ., ਪਿੰਜਰਾ, ਪੇਟੀ, ਪਟਾਰਾ, ਰੇਸ਼ਮ ਦੀ ਡ਼ੋਰੀ

पटालुका–ਪਟਾਲੁਕਾ, ਇ., ਜੋਕ

पटाव–ਪਟਾਵ, ਪੁ., ਸਿੰਜਾਈ, ਛਪਾਈ, ਛਤ ਪਾਉਣੀ

पटिका–ਪਟਿਕਾ, ਇ., ਪਰਦਾ

पटिया–ਪਟਿਯਾ, ਇ., ਪਟੜੀ, ਮਾਂਗ, ਸਲੇਟ, ਫੱਟੀ, ਤਖਤਾ ਚੀਰਮੀ, ਚੀਰ

पटी–ਪਟੀ, ਇ., ਕਪੜੇ ਦਾ ਲੰਮਾ ਟੁਕੜਾ, ਪਰਦਾ, ਪਟਕਾ, ਫੱਟੀ

पटीमा–ਪਟੀਮਾ, ਪੁ., ਛੀਂਬਿਆਂ ਦਾ ਛਾਪਣ ਦਾ ਪਟੜਾ

पटीर–ਪਟੀਰ, ਪੁ., ਉਚਾਈ: ਮੁੱਲ, ਸੇਂਧ, ਬੱਦਲ, ਵੰਸ, ਲੋਚਨ, ਚੰਦਨ, ਖੈਰ, ਢਿਢ, ਬੋਹੜ

पटीलना–ਪਟੀਲਨਾ, ਕ੍ਰਿ., ਪਲੋਸਣਾ, ਆਪਣੇ ਹਕ ਵਿਚ ਕਰਨਾ, ਪਿੱਟਣਾ, ਠੱਗਣਾ, ਛਲਣਾ

पटु–ਪਟੁ, ਵਿ., ਪ੍ਰਵੀਣ. ਨਿਪੁੰਨ, ਚਤੁਰ, ਧੂਰਤ, ਨਿਰੋਗ, ਤਿੱਖਾ, ਪਰਚੰਡ, ਸੁੰਦਰ, ਮਾਹਰ

पटुक–ਪਟੁਕ, ਪੁ., ਪਰਵਲ ਨਾਉਂ ਦੀ ਸਬਜ਼ੀ

पटुका–ਪਟੁਕਾ, ਪੁ., ਗਲੇ ਵਿਚ ਪਾਉਣ ਦਾ ਕਪੜਾ, ਚਾਦਰ

पटुता–ਪਟੁਤਾ, ਇ., ਚਤੁਰਾਈ, ਸਿਆਣਪ

पटुपत्रिका–ਪਟੁਪਤ੍ਰਿਕਾ, ਇ., ਖੰਜੂਰ

पटुपर्णी–ਪਟੁਪਰਣੀ, ਇ , ਸਤਿਆਨਾਸੀ

पटुरूप–ਪਟੁਰੂਪ, ਵਿ., ਬਹੁਤ ਸਿਆਣਾ

पटुली–ਪਟੁਲੀ, ਇ., ਝੂਲੇ ਤੇ ਰਖਣ ਦੀ ਪਟੜੀ, ਚੌਂਕੀ, ਪੀੜ੍ਹਾ

पटुवा–ਪਟੁਵਾ, ਪੁ., ਜੂਟ; ਪਟਸਣ, ਕੜਮ ਦਾ ਸਾਗ

पटुका–ਪਟੁਕਾ, ਪੁ., ਦੇਖੋ ਪਟਕਾ पटका)

पटेवाज–ਪਟੇਵਾਜ ਪੁ., ਗੱਤਕਾ ਖੇਲੁਣ ਵਾਲਾ, ਧੂਰਤ, ਭੈੜੀ ਤੀਵੀਂ

पटेर–ਪਟੇਰ, ਇ., ਸਰਕੜੇ ਦੀ ਨਸਲ ਦਾ ਇਕ ਬੂਟਾ

पटेरक–ਪਟੇਰਕ, ਪੁ., ਮੋਥਾ

पटेल–ਪਟੇਲ, ਪੁ., ਮੁਖੀਆ, ਚੌਧਰੀ

प्रतिवादक, प्रतिवादी–ਪ੍ਰਤਿਵਾਦਕ ਪ੍ਰਤਿਵਾਦੀ, ਪੁ.. ਖੰਡਨ ਕਰਨ ਵਾਲਾ

प्रतिवास–ਪ੍ਰਤਿਵਾਸ, ਇ., ਗੁਆਂਢ, ਪੜੋਸ, ਖੁਸ਼ਬੂ

प्रतिवासी–ਪ੍ਰਤਿਵਾਸੀ, ਵਿ., ਗੁਆਂਢੀ, ਪੜੋਸੀ

प्रतिवेश–ਪ੍ਰਤਿਵੇਸ਼, ਪ., ਗੁਆਂਢ ਦੇ ਘਰ

प्रतिवेशी–ਪ੍ਰਤਿਵੇਸ਼ੀ. ਵਿ., ਗੁਆਂਢੀ. ਪੜੋਸੀ

प्रतिशोध–ਪ੍ਰਤਿਸ਼ੋਧ, ਪ., ਬਦਲਾ

प्रतिशय, प्रतिश्याय–ਪ੍ਰਤਿਸ਼ਜ, ਪ੍ਰਤਿਸ਼ਜਾਯ, ਪੁ., ਜ਼ੁਕਾਮ ਸਰਦੀ

प्रतिश्रुति–ਪ੍ਰਤਿਸ਼੍ਰੁਤਿ, ਇ., ਇਕਰਾਰ, ਮਨਜ਼ੂਰੀ, ਗੂੰਜ

प्रतिश्रोता–ਪ੍ਰਤਿਸ੍ਰੋਤਾ, ਪੁ., ਸਲਾਹ ਦੇਣ ਵਾਲਾ

प्रतिषिद्ध–ਪ੍ਰਤਿਸ਼ਿੱਧ, ਵਿ., ਨਿਖੇਧ ਕੀਤਾ ਹੋਇਆ, ਮਨ੍ਹਾ ਕੀਤਾ ਹੋਇਆ

प्रतिषेध–ਪ੍ਰਤਿਸ਼ੇਧ, ਪੁ., ਨਿਖੇਧ, ਰੋਕ, ਅਟਕਾਉ, ਮਨਾਹੀ

प्रतिषेधक–ਪ੍ਰਤਿਸੇਧਕ, ਵਿ., ਨਿਖੇਧ ਕਰਨ ਵਾਲਾ, ਮਨ੍ਹਾ ਕਰਨ ਵਾਲਾ

प्रतिष्ठा–ਪ੍ਰਤਿਸ਼ਠਾ, ਇ., ਦੇਵਤਾ ਦੀ ਮੁਰਤ ਦੇ ਰੱਖਣ ਦਾ ਭਾਵ ਆਦਰ, ਮਾਨ, ਇੱਜ਼ਤ, ਹਿੰਮਤ, ਸਰੀਰ, ਧਰਤੀ

प्रतिष्ठान–ਪ੍ਰਤਿਸ਼ਠਾਨ, ਪੁ., ਰੱਖਣ ਦਾ ਕੰਮ, ਦੇਵਤਾ ਦੀ ਮੂਰਤ ਰੱਖਣ ਦਾ ਭਾਵ, ਜੜ, ਮੂਲ, ਪਦਵੀ, ਹੁੱਦਾ, ਬਰਤ ਦੇ ਪਿਛੋਂ ਕੀਤਾ ਜਾਣ ਵਾਲਾ ਕੰਮ

प्रतिष्ठापत्र–ਪ੍ਰਤਿਸ਼ਠਾਪਤ੍ਰ, ਪੁ., ਮਾਣ ਪੱਤਰ, ਸਨਮਾਣ ਪੱਤਰ

प्रतिष्ठांवान्, प्रतिष्ठित–ਪ੍ਰਤਿਸ਼ਠਾਵਾਨ, ਪ੍ਰਤਿਸ਼ਠਿਤ, ਵਿ., ਜਿਸ ਦੀ ਇੱਜ਼ਤ ਹੋਵੇ, ਇੱਜ਼ਤ ਵਾਲਾ, ਸਨਮਾਨਿਆ ਹੋਇਆ

प्रतिसर–ਪ੍ਰਤਿਸਰ, ਵਿ., ਸੇਵਾਦਾਰ, ਨੌਕਰ, ਫੌਜ ਦਾ ਪਿਛਲਾ ਹਿੱਸਾ, ਕੰਗਣ, ਜਾਦੂ ਦਾ ਮੰਤਰ, ਮਾਲਾ, ਸਵੇਰਾ, ਹਥਨੀ, ਮੰਡਲ

प्रतिसर्ग–ਪ੍ਰਤ੍ਰਿਸਰਗ, ਪੁ., ਬ੍ਰਹਮਾ ਦੀ ਸ੍ਰਿਸ਼ਟੀ ਦੇ ਪਿੱਛੋਂ ਦਕਸ਼ ਆਦਿਕ ਦੀ ਸ੍ਰਿਸ਼ਟੀ

प्रतिसव्य–ਪ੍ਰਤਿਸਵਜ, ਵਿ., ਉਲਟ, ਖਿਲਾਫ਼

प्रतिसार–ਪ੍ਰਤਿਸਾਰ, ਪੁ., ਵੱਖ ਕਰਨ ਦਾ ਭਾਵ

प्रतिसारित–ਪ੍ਰਤਿਸਾਰਿਤ, ਵਿ., ਵੱਖ ਕੀਤਾ ਹੋਇਆ, ਹਟਾਇਆ ਹੋਇਆ, ਬਦਲਿਆ ਹੋਇਆ, ਸੋਧਿਆ ਹੋਇਆ

प्रतिस्त्री–ਪ੍ਰਤਿਸਤ੍ਰੀ ਇ., ਦੂਸਰੇ ਦੀ ਤੀਵੀਂ

प्रतिस्पर्धा–ਪ੍ਰਤਿਸਪਰਧਾ, ਇ., ਦੂਸਰੇ ਤੋਂ ਉਚਾ ਹੋਣ ਦੀ ਚਾਹਨਾ, ਝਗੜਾ, ਮੁਕਾਬਲਾ, ਈਰਖਾ

प्रतिस्पर्धी–ਪ੍ਰਤਿਸਪਰਧੀ, ਵਿ., ਬਰਾਬਰ ਦਾ ਮੁਕਾਬਲਾ ਕਰਨ ਵਾਲਾ, ਸ਼ਰਾਰਤੀ

प्रतिस्राव–ਪ੍ਰਤਿਸ੍ਰਾਵ, ਪੁ., ਕੰਨ ਵਿਚੋਂ ਪੀਕ ਨਿਕਲਣ ਦੀ ਬਿਮਾਰੀ

प्रतिहत–ਪ੍ਰਤਿਹਤ, ਵਿ., ਹਟਾਇਆ ਹੋਇਆ, ਮਨ੍ਹਾ ਕੀਤਾ ਹੋਇਆ, ਉਕਸਾਇਆ ਹੋਇਆ, ਨਿਰਾਸ, ਰੁਕਿਆ ਹੋਇਆ

प्रतिहति–ਪ੍ਰਤਿਹਤਿ, ਇ., ਗੁੱਸਾ, ਟੱਕਰ, ਹਟਾਉਣ ਲਈ ਤਰੱਦਦ

प्रतिहन्ता–ਪ੍ਰਤਿਹੰਤਾ, ਵਿ., ਰੋਕਣ ਵਾਲਾ

प्रतिहन्तव्य–ਪ੍ਰਤਿਹੰਤਵਜ, ਵਿ., ਮਾਰਨ ਜੋਗ, ਕਤਲ ਕਰਨ ਜੋਗ

प्रतिहरण–ਪ੍ਰਤਿਹਰਣ, ਪੁ., ਨਾਸ, ਬਰਬਾਦੀ, ਤਬਾਹੀ

प्रतिहस्त–ਪ੍ਰਤਿਹਸ੍ਤ, ਪੁ., ਪ੍ਰਤਿਨਿਧ

प्रतिहार–ਪ੍ਰਤਿਹਾਰ, ਪੁ., ਦਰਬਾਨ, ਚੋਬਦਾਰ, ਮਦਾਰੀ, ਬਾਜੀਗਰ

प्रतिहारक–ਪ੍ਰਤਿਹਾਰਕ, ਪੁ., ਮਦਾਰੀ, ਬਾਜੀਗਰ

प्रतिहारी–ਪ੍ਰਤਿਹਾਰੀ, ਪੁ., ਦਰਬਾਨ, ਚੋਬਦਾਰ, ਅਰਦਲੀ

प्रतिहार्य–ਪ੍ਰਤਿਹਾਰਯ, ਨਿ., ਛੱਡਣ ਜੋਗ

प्रतिहिंसा–ਪ੍ਰਤਿਹਿੰਸਾ, ਇ., ਬਦਲਾ ਚੁਕਾਉਣ ਦਾ ਭਾਵ, ਬਦਲਾ ਲੈਣ ਦਾ ਭਾਵ, ਖੁੰਨ ਦਾ ਬਦਲਾ ਖੂੰਨ

प्रतीक–ਪ੍ਰਤੀਕ, ਪੁ., ਅੰਗ, ਨਿਸ਼ਾਨ, ਪਤਾ, ਮੂੰਹ, ਸ਼ਕਲ, ਸੂਰਤ, ਕਿਸੇ ਵਾਕ ਦਾ ਇਕ ਹਿੱਸਾ, ਉਪਾਸਨਾ ਦਾ ਇਕ ਭੇਦ

प्रतीकार–ਪ੍ਰਤੀਕਾਰ, ਪੁ., ਬਦਲਾ, ਬਦਲਾ ਕੱਢਣ ਲਈ ਕੀਤਾ ਕੰਮ

प्रतीक्ष, प्रतीक्षक–ਪ੍ਰਤੀਕਸ਼, ਪ੍ਰਤੀਕਸ਼ਕ, ਵਿ., ਰਾਹ ਕੱਢਣ ਵਾਲਾ, ਉਡੀਕਣ ਵਾਲਾ, ਇੰਤਜ਼ਾਰ ਕਰਨ ਵਾਲਾ

प्रतीक्षा–ਪ੍ਰਤੀਕਸ਼ਾ, ਇ., ਆਸਰਾ, ਉਡੀਕ, ਇੰਤਜ਼ਾਰ, ਬਾਟ ਤੱਕਣ, ਪਾਲਣ

प्रतीघात–ਪ੍ਰਤੀਘਾਤ, ਪੁ., ਰੁਕਾਵਟ, ਅਟਕਾਉ, ਟੱਕਰ, ਨਿਰਾਸਾ

प्रतीची–ਪ੍ਰਤੀਚੀ, ਇ., ਪੱਛਮ ਦਾ ਪਾਸਾ, ਪੱਛੋਂ ਦਿਸ਼ਾ

प्रतीचीन–ਪ੍ਰਤੀਚੀਨ, ਵਿ., ਪੱਛਮ ਦੇ ਪਾਸੇ ਦਾ, ਪਛਾਹਾਂ ਦਾ, ਜਿਸ ਨੇ ਮੁੰਰ ਫੇਰ ਲਿਆ ਹੋਵੇ

प्रतीत–ਪ੍ਰਤੀਤ, ਵਿ., ਮਲੂਮ ਕੀਤਾ ਹੋਇਆ, ਜਾਣਿਆ ਹੋਇਆ, ਮਸ਼ਹੂਰ, ਖੁਸ਼

प्रतीति–ਪ੍ਰਤੀਤਿ, ਇ., ਜਾਣਕਾਰੀ, ਗਿਆਨ, ਭਰੋਸਾ, ਯਕੀਨ, ਖੁਸ਼ੀ, ਮਾਨ, ਆਦਰ

प्रतीप–ਪ੍ਰਤੀਪ, ਪੁ., ਇਕ ਅਲੰਕਾਰ ਜਿਸ ਵਿਚ ਉਪਮੇਯ ਰਾਹੀਂ ਉਪਮਾਨ ਦੀ ਨਿਰਾਦਰੀ ਜਿਹੀ ਕੀਤੀ ਜਾਵੇ, ਉਲਟੀ ਗੱਲ

प्रतीपदर्शिनी–ਪ੍ਰਤੀਪਦਰਸ਼ਿਨੀ, ਇ., ਉਹ ਤੀਵੀਂ ਜੋ ਦੇਖਦੇ ਹੀ ਮੰਰ ਫੇਰ ਲਵੇ

प्रतीपवचन, प्रतीपोक्ति–ਪ੍ਰਤੀਪਵਚਨ, ਪ੍ਰਤੀਪੋਕ੍ਤਿ, ਪੁ., ਇ., ਖੰਡਨ, ਖਿਲਾਫ਼ ਗੱਲ, ਉਲਟੀ ਗੱਲ

प्रतीयमान–ਪ੍ਰਤੀਯਮਾਨ, ਵਿ., ਧੁਨੀ ਜਾਂ ਬਿਅੰਗ ਰਾਹੀਂ ਪਰਗਟ ਕੀਤਾ ਹੋਇਆ

प्रतीर–ਪ੍ਰਤੀਰ, ਪੁ., ਕਿਨਾਰਾ, ਕੰਢਾ

प्रतुद–ਪ੍ਰਤੁਦ, ਪੁ., ਚੁੰਝ ਨਾਲ ਫੜ ਕੇ ਖਾਣ ਵਾਲੇ ਪੰਛੀ

प्रतुष्टि–ਪ੍ਰਤੁਸ਼੍ਰਿ, ਇ., ਬਹੁਤ ਸਬਰ

प्रतूलिका–ਪ੍ਰਤੂਲਿਕਾ, ਇ., ਗੱਦਾ, ਤਲਾਈ

प्रतोली–ਪ੍ਰਤੋਲੀ, ਇ., ਰਾਹ, ਸੜਕ, ਗਲੀ, ਕੂਚਾ, ਨੱਗਰ ਵਲ ਦਾ ਕਿਲੇ ਦਾ ਬੂਹਾ

प्रत्न–ਪ੍ਰਤ੍ਨ, ਵਿ., ਪੁਰਾਣਾ

प्रत्नतत्व–ਪ੍ਰਤ੍ਨਤਤ੍ਵ, ਪੁ., ਉਹ ਵਿਦਿਆ ਜਿਸ ਵਿਚ ਪੁਰਾਣੀਆਂ ਗੱਲਾਂ ਦੱਸੀਆਂ ਗਈਆਂ ਹੋਣ

प्रत्यञ्चा–ਪ੍ਰਤਜੰਚਾ, ਇ., ਧਨੁਸ਼ ਦੀ ਡੋਰੀ, ਚਿੱਲਾ

प्रत्यंत–ਪ੍ਰਤਜੰਤ, ਪੁ., ਦੁਸ਼ਟਾਂ ਦੇ ਰਹਿਣ ਦੀ ਥਾਂ

प्रत्यक्–ਪ੍ਰਤਜਕ੍, ਵਿ., ਪਿੱਛੇ, ਪੱਛਮ

प्रत्यक्चेतन–ਪ੍ਰਤਜਕਚੇਤਨ, ਪੁ., ਉਹ ਮਨੁੱਖ ਜਿਸ ਨੂੰ ਜੋਗ ਰਾਹੀਂ ਆਤਮ ਗਿਆਨ ਹੋ ਚੁਕਿਆ ਹੋਵੇ, ਪਰਮੇਸ਼ਰ

प्रत्यक्ष–ਪ੍ਰਤਜਕਸ਼, ਵਿ., ਜੋ ਦੇਖਿਆ ਜਾ ਸਕੇ, ਪਰਗਟ, ਮਸ਼ਹੂਰ. ਜੋ ਅੱਖਾਂ ਅੱਗੇ ਹੋਵੇ, ਚਹੁੰ ਕਿਸਮ ਦੇ ਪਰਮਾਣਾਂ ਵਿਚੋਂ ਇਕ ਪਰਮਾਣ

प्रत्यक्षदर्शी–ਪ੍ਰਤਜਕਸ਼ਦਰਸ਼ੀ, ਵਿ., ਜਿਸ ਨੇ ਅੱਖਾਂ ਦੇ ਸਾਹਮਣੇ ਦੇਖਿਆ ਹੋਵੇ, ਸਾਹਮਣੇ ਦੇਖਣ ਵਾਲਾ, ਮੌਕੇ ਦਾ ਗਵਾਹ

प्रत्यक्षवादी–ਪ੍ਰਤਜਕਸ਼ਵਾਦੀ, ਪੁ , ਅੱਖੀਂ ਦੇਖੀ ਗੱਲ ਨੂੰ ਮੰਨਣ ਵਾਲਾ

प्रत्यक्षीकरण–ਪ੍ਰਤਜਕਸ਼ੀਕਰਣ, ਪੁ., ਅੱਖਾਂ ਦੇ ਸਾਮ੍ਹਣੇ ਕਰ ਦੇਣਾ

प्रत्यग्र–ਪ੍ਰਤਜਗ੍ਰ, ਵਿ., ਨਵਾਂ, ਸ਼ੁੱਧ. ਸਾਫ਼, ਪਵਿਤਰ

प्रत्यभिज्ञा–ਪ੍ਰਤਿਜਭਿਗਜਾ, ਇ., ਉਹ ਗਿਆਨ ਜੋ ਕਿਸੇ ਦੇਖੀ ਹੋਈ ਚੀਜ਼ ਨੂੰ ਜਾਂ ਉਸ ਵਰਗੀ ਹੋਰ ਚੀਜ਼ ਦੇ ਦੇਖਣ ਤੇ ਪੈਦਾ ਹੋਵੇ

प्रत्यभिज्ञान–ਪ੍ਰਤਜਭਿਗਜਾਨ, ਪੁ., ਕਿਸੇ ਚੀਜ਼ ਦੇ ਦੇਖਣ ਨਾਲ ਕਿਸੇ ਦੂਜੀ ਚੀਜ਼ ਦਾ ਚੇਤਾ ਆਉਣ ਦਾ ਭਾਵ

प्रत्यभियोग–ਪ੍ਰਤਜਭਿਜੋਗ, ਪੁ., ਮੁਕੱਦਮਾ ਕਰਨ ਵਾਲੇ ਤੇ ਕੀਤਾ ਜਾਣ ਵਾਲਾ ਮੁਕੱਦਮਾ

प्रत्यभिवाद–ਪ੍ਰਤਜਭਿਵਾਦ, ਪੁ., ਵੱਡੇ ਆਦਮੀ ਨੂੰ ਮੱਥਾ ਟੇਕਣ ਨਾਲ ਮਿਲਿਆ ਹੋਇਆ ਅਸ਼ੀਰਵਾਦ

प्रत्यय–ਪ੍ਰਤਜਯ, ਪੁ., ਭਰੋਸਾ, ਪ੍ਰਮਾਣ, ਜ਼ਰੂਰਤ, ਮਸ਼ਹੂਰੀ, ਗਿਆਨ, ਸੁਗੰਦ, ਸੌਂਹ, ਕਸਮ, ਰਾਇ, ਸਲਾਹ, ਫੈਸਲਾ, ਸਹਾਇਕ, ਵਿਚਾਰ, ਵਿਆਖਿਆ, ਕਾਰਣ, ਧਾਤੂ ਜਾਂ ਸ਼ਬਦ ਨਾਲ ਜੋੜਿਆ ਜਾਣ ਵਾਲਾ ਹਿੱਸਾ, ਸਵਾਦ, ਜ਼ਾਇਕਾ

प्रत्ययकारी–ਪ੍ਰਤਜਯਕਾਰੀ, ਵਿ., ਭਰੋਸਾ ਦਿਵਾਉਣ ਵਾਲਾ

प्रत्यर्पण–ਪ੍ਰਤਜਰਪਣ, ਪੁ., ਲਈ ਚੀਜ਼ ਨੂੰ ਮੁੜ ਵਾਪਸ ਕਰਨ ਦਾ ਭਾਵ

प्रत्यर्पित–ਪ੍ਰਤਜਰਪਿਤ, ਵਿ., ਵਾਪਸ ਕੀਤਾ ਹੋਇਆ

प्रत्यवस्कन्द–ਪ੍ਰਤਜਵਸਕੰਦ, ਪੁ., ਜਵਾਬ ਦਾਵਾ

प्रत्यवस्थान–ਪ੍ਰਤਯਵਸਥਾਨ, ਪੁ., ਦੁਸ਼ਮਣ ਦੇ ਰੂਪ ਵਿਚ ਰਹਿਣ ਦਾ ਭਾਵ

प्रत्यवाय–ਪ੍ਰਤਜਵਾਯ, ਪੁ., ਨਿੱਤਨੇਮ ਨਾ ਕਰਨ ਦਾ ਪਾਪ, ਹੇਰਫੇਰ, ਉਲਟ ਫੇਰ

प्रत्यह–ਪ੍ਰਤਜਹ, ਅਵਜ., ਹਰ ਰੋਜ਼

प्रत्याक्षेपक–ਪ੍ਰਤਜਾਕਸ਼ੇਪਕ, ਵਿ., ਮਖੌਲ ਕਰਨ ਵਾਲਾ

प्रत्याख्यात–ਪ੍ਰਤਜਾਖ੍ਯਾਤ, ਵਿ., ਨਾ ਮਨਜ਼ੂਰ ਕੀਤਾ ਹੋਇਆ

प्रत्यागमन–ਪ੍ਰਤਜਾਗਮਨ, ਪੁ., ਵਾਪਸ ਆਉਣ ਦੀ ਕਿਰਿਆ

प्रत्याघात–ਪ੍ਰਤਜਾਘਾਤ, ਪੁ., ਬਰਾਬਰ ਦੀ ਸੱਟ, ਟੱਕਰ

प्रत्यात्मा–ਪ੍ਰਤਜਾਤਮਾ, ਵਿ., ਇਕੱਲਾ, ਪੁ., ਪਰਛਾਵਾਂ

प्रत्यायित–ਪ੍ਰਤਜਾਯਿਤ, ਵਿ., ਜਿਸ ਉਪਰ ਭਰੋਸਾ ਹੋਵੇ

प्रत्यावर्तन–ਪ੍ਰਤਜਾਵਰਤਨ, ਪੁ., ਵਾਪਸ ਮੁੜਨ ਦੀ ਕਿਰਿਆ

प्रत्याशा–ਪ੍ਰਤਜਾਸ਼ਾ, ਇ., ਆਸਰਾ, ਭਰੋਸਾ, ਉਡੀਕ

प्रत्याश्रय–ਪ੍ਰਤਜਾਸ਼੍ਰਯ, ਪੁ., ਪਨਾਹ ਲੈਣ ਦੀ ਥਾਂ

प्रत्याहार–ਪ੍ਰਤਜਾਹਾਰ, ਪੁ., ਜੋਗ ਦਾ ਇਕ ਖਾਸ ਅੰਗ, ਭੈੜੇ ਕੰਮਾਂ ਤੋਂ ਇੰਦ੍ਰੀਆਂ ਨੂੰ ਹਟਾਉਣ ਦਾ ਭਾਵ

प्रत्युक्ति–ਪ੍ਰਤਜੁਕ੍ਤਿ, ਇ., ਜਵਾਬ, ਉੱਤਰ

प्रत्युज्जीवन–ਪ੍ਰਤਜੁੱਜੀਵਨ, ਪੁ., ਥੋੜੇ ਚਿਰ ਦੀ ਮੌਤ, ਥੋੜਾ ਚਿਰ ਮਰ ਕੇ ਫੇਰ ਹੋਸ਼ ਆਉਣ ਦਾ ਭਾਵ

प्रत्युत्–ਪ੍ਰਤਜੁਤ, ਅਵਜ., ਬਲਕਿ, ਵਿਪਰੀਤਤਾ, ਇਸ ਦੇ ਖਿਲਾਫ਼

प्रत्युत्तर–ਪ੍ਰਤਜੁੱਤਰ, ਪੁ., ਜਵਾਬ ਦਾ ਜਵਾਬ

प्रत्युथान–ਪ੍ਰਤਜੁੱਥਾਨ, ਪੁ., ਕਿਸੇ ਵੱਡੇ ਜਾਂ ਪੂਜ ਦੇ ਆਉਣ ਤੇ ਉਸ ਦੇ ਸਤਕਾਰ ਲਈ ਆਸਨ ਛਡ ਕੇ ਖੜੇ ਹੋ ਜਾਣ ਦਾ ਭਾਵ

प्रत्युत्पन्न–ਪ੍ਰਤਜੁਤਪੰਨ, ਵਿ., ਤਿਆਰ ਬਰ ਤਿਆਰ, ਜੋ ਫੇਰ ਜਾਂ ਠੀਕ ਸਮੇ ਪੈਦਾ ਹੋਇਆ ਹੋਵੇ

प्रत्युत्पन्नमति–ਪ੍ਰਤਜੁਤਪੰਨਮਤਿ, ਪੁ., ਠੀਕ ਵੇਲੇ ਤੇ ਕੰਮ ਆਉਣ ਵਾਲੀ ਅਕਲ

प्रत्युदाहरण–ਪ੍ਰਤਜੁਦਾਹਰਣ, ਪੁ., ਮਿਸਾਲ ਦੇ ਖਿਲਾਫ਼ ਮਿਸਾਲ

प्रत्युद्गम, प्रत्युद्गमन–ਪ੍ਰਤਜੁਦਗਮ, ਪ੍ਰਤਜੁਦਗਮਨ, ਪੁ., ਦੇਖੋ ਪ੍ਰਤਜੁੱਥਾਨ (प्रत्युस्थान)

प्रत्युपकार–ਪ੍ਰਤਜੁਪਕਾਰ, ਪੁ., ਭਲਾਈ ਦੇ ਬਦਲੇ ਭਲਾਈ

प्रत्युपकारी–ਪ੍ਰਤਜੂਪਕਾਰੀ, ਵਿ., ਭਲਾਈ ਦਾ ਬਦਲਾ ਦੇਣ ਵਾਲਾ

प्रत्युपवेश–ਪ੍ਰਤਜੁਪਵੇਸ਼, ਪੁ., ਤਾਕਤ ਨਾਲ ਮਨਜ਼ੂਰ ਕਰਾਉਣ ਦਾ ਭਾਵ

प्रत्यूष–ਪ੍ਰਤਜੂਸ਼. ਪੁ., ਪ੍ਰਭਾਤ, ਸਵੇਰਾ, ਪਹੁਫੁੱਟੀ, ਸੂਰਜ

प्रत्यूह–ਪ੍ਰਤਜੂਹ, ਪੁ.. ਵਿਘਨ, ਰੁਕਾਵਟ ਰੋਕ

प्रत्येक–ਪ੍ਰਤਜੇਕ, ਵਿ., ਅੱਡ ਅੱਡ, ਵੱਖ ਵੱਖ, ਹਰ ਇਕ, ਹਰ ਕੋਈ

प्रथम–ਪ੍ਰਥਮ, ਵਿ., ਪ੍ਰਧਾਨ, ਮੁੱਖ, ਪਹਿਲਾ, ਕ੍ਰਿ. ਵਿ., ਅੱਗੇ, ਪਹਿਲਾ

प्रथमतः–ਪ੍ਰਥਮਤ:, ਕ੍ਰਿ. ਵਿ., ਪਹਿਲਾਂ ਤੋਂ, ਸਭ ਤੋਂ ਪਹਿਲਾਂ

प्रथमपुरुष–ਪ੍ਰਥਮਪੁਰੁਸ਼, ਪੁ., ਵਿਆਕਰਣ ਵਿਚ ਉਹ ਸਰਵਨਾਮ ਜਿਸ ਬਾਰੇ ਕੁਝ ਕਹਿਆ ਜਾਂਦਾ ਹੈ ਜਿਵੇਂ ਉਹ ਤੀਵੀਂ, ਉਹ ਆਦਮੀ

प्रथमसङ्गम–ਪ੍ਰਥਮਸੰਗਮ, ਪੁ., ਪਹਿਲੀ ਬਾਰ ਦਾ ਮੇਲ

प्रथमा–ਪ੍ਰਥਮਾ, ਇ., ਵਿਆਕਰਣ ਵਿਚ ਕਰਤਾ ਕਾਰਕ, ਸ਼ਰਾਬ, ਪਹਿਲੀ ਵਿਭਕਤੀ

प्रथा–ਪ੍ਰਥਾ, ਇ., ਰੀਤ, ਰਿਵਾਜ, ਮਸ਼ਹੂਰੀ, ਨਿਯਮ

प्रथित–ਪ੍ਰਥਿਤ, ਵਿ., ਮਸ਼ਹੂਰ, ਪ੍ਰਸਿੱਧ, ਉੱਘਾ

प्रद–ਪ੍ਰਦ, ਵਿ., ਦੇਣ ਵਾਲਾ, ਜੁੜਵੇਂ ਅੱਖਰਾਂ ਦੇ ਅੰਤ ਵਿਚ ਉਹ ਸ਼ਬਦ ਵਰਤਿਆ ਜਾਂਦਾ ਹੈ

प्रदक्षिणा–ਪ੍ਰਦਕਸ਼ਿਣਾ, ਪੁ., ਦੇਵਤਿਆਂ ਦੇ ਚਹੁੰ ਪਾਸੀਂ ਘੁੰਮਣ ਦੀ ਕਿਰਿਆ

प्रदत्त–ਪ੍ਰਦੱਤ, ਵਿ., ਦਿੱਤਾ ਹੋਇਆ

प्रदर–ਪ੍ਰਦਰ, ਪੁ., ਤੀਵੀਆਂ ਦੀ ਇਕ ਬੀਮਾਰੀ, ਤੋੜਨ ਜਾਂ ਫਾੜਨ ਦਾ ਕੰਮ

प्रदर्शक–ਪ੍ਰਦਰਸ਼ਕ, ਵਿ., ਦੇਖਣ ਜਾਂ ਦਿਖਾਉਣ ਵਾਲਾ, ਪੁ., ਗੁਰੂ

प्रदर्शन–ਪ੍ਰਦਰਸ਼ਨ, ਪੁ., ਦਿਖਾਵਾ, ਨੁਮਾਇਸ਼

प्रदर्शनी–ਪ੍ਰਦਰਸ਼ਨੀ, ਇ., ਜਿਸ ਜਗਾ ਭਾਂਤ ਭਾਂਤ ਦੀਆਂ ਅਚਰਜ ਵਸਤਾਂ ਦਿਖਾਈਆਂ ਜਾਣ, ਨੁਮਾਇਸ਼

प्रदर्शित–ਪ੍ਰਦਰਸ਼ਿਤ, ਵਿ., ਦਿਖਾਇਆ ਹੋਇਆ

प्रदाह–ਪ੍ਰਦਾਹ, ਪੁ., ਜਲਨ, ਦਾਹ

प्रदिशा–ਪ੍ਰਦਿਸ਼ਾ, ਇ., ਕੋਣ, ਦੋ ਦਿਸ਼ਾਵਾਂ ਦੇ ਕੂੰਟ

प्रदीप–ਪ੍ਰਦੀਪ, ਪੁ., ਦੀਵਾ, ਰੋਸ਼ਨੀ

प्रदीपक–ਪ੍ਰਦੀਪਕ, ਪੁ., ਪਰਕਾਸ਼ ਕਰਨ ਵਾਲਾ

प्रदीपना–ਪ੍ਰਦੀਪਨਾ, ਕ੍ਰਿ., ਰੋਸ਼ਨੀ ਕਰਨਾ, ਚਮਕਾਉਣਾ

प्रदीपिका–ਪ੍ਰਦੀਪਿਕਾ, ਇ., ਛੋਟੀ ਲਾਲਟੈਨ

प्रदीपित–ਪ੍ਰਦੀਪਿਤ, ਵਿ., ਦਮਕਦਾ ਹੋਇਆ

प्रदीप्ति–ਪ੍ਰਦੀਪ੍ਤਿ, ਇ., ਚਮਕ, ਰੋਸ਼ਨੀ, ਪਰਕਾਸ਼

प्रदेय–ਪ੍ਰਦੇਯ, ਵਿ., ਦੇਣ ਜੋਗ

प्रदेश–ਪ੍ਰਦੇਸ਼, ਪੁ., ਕਿਸੇ ਮੁਲਖ ਦਾ ਵੱਡਾ ਹਿੱਸਾ, ਸੂਬਾ, ਪ੍ਰਾਂਤ, ਥਾਂ, ਜਗਾ, ਨਾਉਂ, ਅੰਗ, ਕੰਧ, ਪਦ, ਗੂਠੇ ਦੇ ਅਗਲੇ ਸਿਰੇ ਤੋਂ ਲੈ ਕੇ ਗੂਠੇ ਦੇ ਲਾਗੇ ਦੀ ਉਂਗਲੀ ਤੇ ਅਗਲੇ ਸਿਰੇ ਤਕ ਦਾ ਫਾਸਲਾ

प्रदेशनी, प्रदेशिनी–ਪ੍ਰਦੇਸ਼ਨੀ, ਪ੍ਰਦੇਸ਼ਿਨੀ, ਇ., ਗੂੱਠੇ ਦੇ ਨਾਲ ਦੀ ਉਂਗਲ

प्रदेह–ਪ੍ਰਦੇਹ, ਪੁ., ਫੋੜੇ ਆਦਿਕ ਤੇ ਲਾਉਣ ਦਾ ਲੇਪ, ਪੁਲਟਸ

प्रदोष–ਪ੍ਰਦੋਸ਼, ਪੁ., ਸੰਝ ਦਾ ਵੇਲਾ, ਦਿਨ ਤੇ ਰਾਤ ਦਾ ਮੇਲ, ਗਊਆਂ ਦੇ ਆਉਣ ਵਾਲਾ ਮੌਕਾ, ਤ੍ਰਿਓਦਸ਼ੀ ਦਾ ਇਕ ਬਰਤ, ਵੱਡਾ ਅਪਰਾਧ

प्रद्युम्न–ਪ੍ਰਦਯੁਮ੍ਨ, ਪੁ., ਕਾਮਦੇਵ, ਵਿ., ਵੱਡਾ ਬਹਾਦੁਰ

प्रद्योत–ਪ੍ਰਦਯੋਤ, ਪੁ., ਕਿਰਣ, ਚਮਕ, ਇਕ ਸ਼ਖਸ਼ ਦਾ ਨਾਉਂ

प्रद्योतन–ਪ੍ਰਦਯੋਤਨ, ਪੁ., ਸੂਰਜ, ਚਮਕ

प्रद्वेष–ਪ੍ਰਦ੍ਵੇਸ਼, ਪੁ., ਦੁਸ਼ਮਣੀ, ਵੈਰ, ਨਫਰਤ

प्रधन–ਪ੍ਰਧਨ, ਪੁ., ਜ਼ਿਆਦਾ ਅਮੀਰ, ਲੜਾਈ

प्रधर्ष–ਪ੍ਰਧਰਸ਼, ਪੁ., ਧਾਵਾ, ਹਮਲਾ

प्रधर्षक–ਪ੍ਰਧਰਸ਼ਕ, ਵਿ., ਹਮਲਾ ਕਰਨ ਵਾਲਾ

प्रधर्षण–ਪ੍ਰਧਰਸ਼ਣ, ਪੁ., ਚੜ੍ਹਾਈ, ਬੇਇੱਜ਼ਤੀ, ਜ਼ਬਰਦਸਤੀ

प्रधा–ਪ੍ਰਧਾ, ਇ., ਦਖਸ਼ ਪਰਜਾਪਤੀ ਦੀ ਧੀ ਜੋ ਕੱਸ਼ਪ ਰਿਸ਼ੀ ਨਾਲ ਵਿਆਹੀ ਸੀ

प्रधान–ਪ੍ਰਧਾਨ, ਪੁ., ਪਰਮੇਸ਼ਰ, ਆਗੂ, ਸਰਦਾਰ, ਨੇਤਾ, ਵਜ਼ੀਰ, ਪਰੇਜ਼ੀਡੈਂਟ, ਵਿ., ਮੁੱਖ, ਉੱਤਮ, ਪ੍ਰਮੁਖ

प्रधानता–ਪ੍ਰਧਾਨਤਾ, ਇ., ਪ੍ਰਧਾਨ ਹੋਣ ਦਾ ਭਾਵ, ਸ਼੍ਰੇਸ਼ਟਤਾ, ਪ੍ਰਧਾਨ ਦਾ ਪਦ ਜਾਂ ਕੰਮ

प्रधावन–ਪ੍ਰਧਾਵਨ, ਪੁ., ਹਵਾ, ਵਾ, ਤੇਜ਼ੀ ਨਾਲ ਨੱਸਣ ਦੀ ਕਿਰਿਆ

प्रध्वंस–ਪ੍ਰਧ੍ਵੰਸ਼, ਪੁ., ਨਾਸ, ਕਿਸੇ ਚੀਜ਼ ਦੀ ਗੁਜ਼ਰੀ ਹੋਈ ਹਾਲਤ, ਖਾਤਮਾ

प्रध्वंसक, प्रध्वंसी–ਪ੍ਰਧ੍ਵੰਸਕ, ਪ੍ਰਧ੍ਵੰਸੀ, ਵਿ., ਨਾਸ ਕਰਨ ਵਾਲਾ, ਖਾਤਮਾ ਕਰਨ ਵਾਲਾ

प्रन–ਪ੍ਰਨ, ਪੁ., ਦੇਖੋ ਪ੍ਰਣ (प्रण), ਸੰਕਲਪ, ਪੱਕਾ ਇਰਾਦਾ, ਪੱਕਾ ਨਿਸ਼ਚਾ

प्रनति–ਪ੍ਰਨਤਿ, ਇ., ਨਿੰਮ੍ਰਤਾ

प्रनमन–ਪ੍ਰਨਮਨ, ਪੁ., ਮੱਥਾ ਟੇਕਣ ਦੀ ਕਿਰਿਆ

प्रपंच–ਪ੍ਰਪੰਚ, ਪੁ., ਵਿਸਥਾਰ, ਫੈਲਾਉ, ਧੋਖਾ, ਛਲ, ਝੂਠ, ਸੰਸਾਰ, ਝਮੇਲਾ, ਬਖੇੜਾ, ਢੋਂਗ, ਪਖੰਡ, ਉਲਟ ਪੁਲਟ

प्रपंची–ਪ੍ਰਪੰਚੀ, ਵਿ., ਫਰੇਬੀ, ਝੂਠਾ, ਛਲੀਆ, ਢੋਂਗੀ

प्रपण–ਪ੍ਰਪਣ, ਪੁ., ਬਦਲਾ, ਬੱਟਾ ਸੱਟਾ, ਅਦਲ ਬਦਲ

प्रपत्ति–ਪ੍ਰਪੱਤਿ, ਇ., ਅਨੰਨ ਭਗਤੀ

प्रपद–ਪ੍ਰਪਦ, ਪੁ., ਪੈਰ ਦਾ ਅਗਲਾ ਹਿੱਸਾ

प्रपन्न–ਪ੍ਰਪੰਨ, ਵਿ., ਪ੍ਰਾਪਤ, ਆਇਆ ਹੋਇਆ, ਸ਼ਰਨਾਰਥੀ

प्रपा–ਪ੍ਰਪਾ, ਇ., ਪੌ, ਤਿਹਾਇਆਂ ਨੂੰ ਪਾਣੀ ਪਿਆਉਣ ਵਾਲੀ ਥਾਂ, ਪਿਆਉ, ਛਬੀਲ

प्रपाणि–ਪ੍ਰਪਾਣਿ, ਪੁ., ਹਥੇਲੀ

प्रपात–ਪ੍ਰਪਾਤ, ਪੁ., ਪਹਾੜ ਦਾ ਕੰਢਾ, ਪਾਣੀ ਦਾ ਝਰਨਾ, ਝਾਲ, ਇਕ ਦਮ ਹੇਠਾਂ ਨੂੰ ਡਿਗਣ ਦਾ ਭਾਵ

प्रपाद–ਪ੍ਰਪਾਦ, ਪੁ., ਕੁਵੇਲੇ ਬੱਚਾ ਹੋਣ ਦਾ ਭਾਵ, ਤੂਣ ਦਾ ਭਾਵ

प्रपान–ਪ੍ਰਪਾਨ, ਪੁ., ਦੇਖੋ ਪ੍ਰਪਾ (प्रपा)

प्रपितामह–ਪ੍ਰਪਿਤਾਮਹ, ਪੁ., ਬ੍ਰਹਮਾ, ਪੜਦਾਦਾ

प्रपितृव्य–ਪ੍ਰਪਿਤ੍ਵ੍ਯ, ਪੁ., ਪੜਦਾਦੇ ਦਾ ਭਾਈ

प्रपीड़क–ਪ੍ਰਪੀੜਕ, ਵਿ., ਬਹੁਤ ਦੁਖ ਦੇਣ ਵਾਲਾ

प्रपीड़न–ਪ੍ਰਪੀੜਨ, ਪੁ., ਬਹੁਤ ਦੁਖ ਦੇਣ ਦੀ ਕਿਰਿਆ

प्रपुत्र–ਪ੍ਰਪੁਤ੍ਰ, ਪੁ., ਪੋਤਾ, ਪੁੱਤਰ ਦਾ ਪੁੱਤਰ

प्रपौत्र–ਪ੍ਰਪੌਤ੍ਰ, ਪੁ., ਪੋਤੇ ਦਾ ਮੁੰਡਾ, ਪੜਪੋਤਾ

प्रप्लावन–ਪ੍ਰਪਲਾਵਨ, ਪੁ., ਪਾਣੀ ਨਾਲ ਅੱਗ ਬੁਝਾਉਣ ਦੀ ਕਿਰਿਆ

प्रफुलित, प्रफुल्ल–ਪ੍ਰਫੁਲਿਤ, ਪ੍ਰਫੁੱਲ, ਵਿ., ਖਿੜਿਆ ਹੋਇਆ, ਫੁੱਲਿਆ ਹੋਇਆ

प्रबन्ध–ਪ੍ਰਬੰਧ, ਪੁ., ਕਈ ਚੀਜ਼ਾਂ ਜਾਂ ਗੱਲਾਂ ਨੂੰ ਇਕ ਥਾਂ ਤੇ

ਬੰਨ੍ਹਣ ਦਾ ਭਾਵ. ਵਾਕ ਰਚਨਾ ਦਾ ਫੈਲਾਉ, ਉਪਾਉ, ਬੰਦੋਬਸਤ, ਨੇਮ ਮੁਜਬ ਕੰਮ ਕਰਨ ਦਾ ਭਾਵ, ਸਿਲਸਿਲਾ, ਇੰਤਜ਼ਾਮ, ਲੇਖ

प्रबल–ਪ੍ਰਬਲ, ਵਿ., ਬਲ ਵਾਲਾ, ਜ਼ੋਰ ਵਾਲਾ, ਤੇਜ਼, ਭਾਰੀ, ਤਕੜਾ, ਮਜ਼ਬੂਤ

प्रबला–ਪ੍ਰਬਲਾ, ਵਿ., ਬਲ ਵਾਲੀ, ਤਕੜੀ

प्रबाहु–ਪ੍ਰਬਾਹੁ, ਪੁ., ਹੱਥ ਦਾ ਅਗਲਾ ਹਿੱਸਾ, ਪਹੁੰਚਾ

प्रबुद्ध–ਪ੍ਰਬੁੱਧ, ਵਿ., ਪੰਡਿਤ, ਗਿਆਨੀ, ਜਾਗਿਆ ਹੋਇਆ, ਖਿੜਿਆ ਹੋਇਆ, ਹੋਸ਼ ਵਿਚ ਆਇਆ ਹੋਇਆ

प्रबोध–ਪ੍ਰਬੋਧ, ਪੁ., ਅਸਲੀ ਗਿਆਨ, ਚੇਤਾਵਨੀ, ਜਾਗਣ, ਢਾਰਸ, ਧੀਰਜ, ਹੌਂਸਲਾ

प्रबोधक–ਪ੍ਰਬੋਧਕ, ਵਿ., ਜਗਾਉਣ ਵਾਲਾ, ਸਮਝਾਉਣ ਵਾਲਾ, ਢਾਰਸ ਦੇਣ ਵਾਲਾ

प्रबोधन–ਪ੍ਰਬੋਧਨ, ਪੁ., ਅਸਲੀ ਗਿਆਨ, ਚਿਤਾਉਣ ਦੀ ਕਿਰਿਆ, ਗਿਆਨ ਦੇਣ ਦੀ ਕਿਰਿਆ, ਜਾਗਣ

प्रबोधना–ਪ੍ਰਬੋਧਨਾ, ਕ੍ਰਿ., ਸੌਂ ਕੇ ਉਠਣਾ, ਜਾਗਣਾ, ਸਮਝਾਉਣਾ ਬੁਝਾਉਣਾ, ਹੁਸ਼ਿਆਰ ਕਰਨਾ, ਢਾਰਸ ਜਾਂ ਤਸੱਲੀ ਦੇਣਾ

प्रबोधनी–ਪ੍ਰਬੋਧਨੀ, ਇ., ਕੱਤਕ ਮਹੀਨੇ ਦੇ ਪਿਛਲੇ ਪੱਖ ਦੀ ਇਕਾਦਸੀ ਜਿਸ ਦਿਨ ਭਗਵਾਨ ਸੌਂ ਕੇ ਉਠਦੇ ਹਨ

प्रबोधित–ਪ੍ਰਬੋਧਿਤ, ਵਿ., ਜਾਗਿਆ ਹੋਇਆ, ਜਿਸ ਨੇ ਗਿਆਨ ਪ੍ਰਾਪਤ ਕਰ ਲਿਆ ਹੋਵੇ

प्रबोधी–ਪ੍ਰਬੋਧੀ, ਵਿ., ਜਗਾਉਣ ਵਾਲਾ

प्रभञ्जन–ਪ੍ਰਭੰਜਨ, ਪੁ., ਬਹੁਤ ਜ਼ੋਰ ਦੀ ਹਵਾ, ਝੱਖੜ, ਅਨ੍ਹੇਰੀ, ਤੋੜ ਫੋੜ, ਬਰਬਾਦੀ, ਤਬਾਹੀ

प्रभव–ਪ੍ਰਭਵ, ਪੁ., ਉਤਪੱਤੀ, ਜਨਮ, ਉਹ ਥਾਂ ਜਿਥੇ ਜਨਮ ਹੁੰਦਾ ਹੈ, ਪਾਣੀ ਨਿਕਲਣ ਦਾ ਰਾਹ

प्रभा–ਪ੍ਰਭਾ, ਇ., ਚਮਕ, ਪਰਕਾਸ਼, ਤੇਜ, ਕੁਬੇਰ ਦੀ ਪੁਰੀ, ਰਾਜਾ ਨਹੁਸ਼ ਦੀ ਮਾਂ ਦਾ ਨਾਉਂ

प्रभाउ–ਪ੍ਰਭਾਉ, ਪੁ., ਪਰਤਾਪ, ਬਲ, ਜੋਰ. ਮਹਿਮਾ, ਦਲੇਰੀ, ਤੇਜ

प्रभाकर–ਪ੍ਰਭਾਕਰ, ਪੁ., ਸੂਰਜ, ਚੰਦ, ਅੱਗ, ਸਮੁੰਦਰ

प्रभाग–ਪ੍ਰਭਾਗ, ਪੁ., ਕਿਸੇ ਵਿਭਾਗ ਦਾ ਹਿੱਸਾ, ਸੈਕਸ਼ਨ

प्रभात–ਪ੍ਰਭਾਤ, ਪੁ., ਸਵੇਰਾ

प्रभाती–ਪ੍ਰਭਾਤੀ, ਇ., ਪਰਭਾਤ ਦੇ ਵੇਲੇ ਦਾ ਇਕ ਰਾਗ

प्रभाव–ਪ੍ਰਭਾਵ, ਪੁ., ਸ਼ਕਤੀ, ਅਸਰ, ਮਹਾਤਮ, ਦੇਖੋ ਪ੍ਰਭਾਉ (प्रभाउ)

प्रभास–ਪ੍ਰਭਾਸ, ਵਿ., ਜਿਸ ਵਿਚ ਚਮਕ ਹੋਵੇ, ਪੁ., ਇਕ ਤੀਰਥ ਦਾ ਨਾਉਂ, ਜੋਤ

प्रभासना–ਪ੍ਰਭਾਸਨਾ, ਕ੍ਰਿ., ਚਮਕਣਾ, ਲਿਸ਼ਸਣਾ

प्रभु–ਪ੍ਰਭੁ. ਪੁ., ਵਿਸ਼ਨੂੰ. ਸ਼ਿਵ, ਪਾਰਾ, ਪਾਲਕ, ਨੇਤਾ, ਸ਼ਬਦ, ਆਵਾਜ਼, ਪਰਮੇਸ਼ਰ, ਸਾਈਂ, ਮਾਲਕ

प्रभुता, प्रभुताई–ਪ੍ਰਭੁਤਾ, ਪ੍ਰਭੁਤਾਈ, ਇ., ਵਡਿਆਈ, ਸਰਦਾਰੀ. ਹਕੂਮਤ.

प्रभुत्व–ਪ੍ਰਭੁਤ੍ਵ ,ਪੁ., ਦੇਖੋ ਪ੍ਰਭੁਤਾ (प्रभुता)

प्रभुभक्त–ਪ੍ਰਭੁਭਕ੍ਤ, ਪੁ., ਵਧੀਆ ਘੋੜਾ, ਵਿ., ਨਮਕ ਹਲਾਲ, ਮਾਲਕ ਦਾ ਭਗਤ

प्रभूत–ਪ੍ਰਭੂਤ, ਵਿ., ਅਧਿਕ, ਜ਼ਿਆਦਾ, ਵਧਿਆ ਹੋਇਆ, ਕੱਢਿਆ ਹੋਇਆ, ਬਹੁਤ

प्रभूति–ਪ੍ਰਭੂਤਿ, ਇ., ਬਹੁਤਾਤ, ਉਤਪੱਤੀ, ਤਾਕਤ

प्रभृति–ਪ੍ਰਭ੍ਰਿਤਿ, ਅਵਜ., ਆਦਿਕ, ਵਗੈਰਾ

प्रभेद–ਪ੍ਰਭੇਦ, ਪੁ., ਫਰਕ, ਸਰੀਰ ਤੇ ਫੋੜਾ ਹੋਣ ਦਾ ਭਾਵ, ਵੱਖਰਾ ਪਣ

प्रभेदक–ਪ੍ਰਭੇਦਕ, ਵਿ., ਟੁਕੜੇ ਕਰਨ ਵਾਲਾ

प्रभेदनी–ਪ੍ਰਭੇਦਨੀ, ਵਿ., ਛੇਕ ਕਰਨ ਦਾ ਸੰਦ

प्रभेदिका–ਪ੍ਰਭੇਦਿਕਾ, ਵਿ., ਛੇਕ ਕਰਨ ਵਾਲੀ

प्रभ्रंश–ਪ੍ਰਭ੍ਰੰਸ਼, ਪੁ., ਵੱਖ ਹੋਣ ਦਾ ਭਾਵ, ਭ੍ਰਿਸ਼ਟ ਹੋਣ ਦਾ ਭਾਵ

प्रभ्रष्ट–ਪ੍ਰਭ੍ਰਸ਼੍ਟ, ਵਿ., ਟੁੱਟਿਆ ਫੁੱਟਿਆ ਹੋਇਆ

प्रमण्डल–ਪ੍ਰਮੰਡਲ, ਪੁ., ਪਹੀਏ ਦਾ ਧੁਰਾ

प्रमत्त–ਪ੍ਰਮੱਤ, ਵਿ., ਮਤਵਾਲਾ, ਪਾਗਲ, ਜਿਸ ਦੀ ਅਕਲ ਠਿਕਾਣੇ ਨਾ ਹੋਵੇ

प्रमत्तता–ਪ੍ਰਮੱਤਤਾ, ਇ., ਮਸਤੀ, ਪਾਗਲਪਣ

प्रमथ–ਪ੍ਰਮਥ, ਪੁ., ਸ਼ਿਵਾਂ ਦੇ ਗਣ, ਘੋੜਾ

प्रमथन–ਪ੍ਰਮਥਨ, ਇ.. ਰਿੜਕਣ ਦੀ ਕਿਰਿਆ, ਵਧ, ਹੱਤਿਆ, ਬੇਇੱਜ਼ਤੀ ਕਰਨ ਦੀ ਕਿਰਿਆ, ਤਬਾਹ ਕਰਨ ਦੀ ਕਿਰਿਆ

प्रमथालय–ਪ੍ਰਮਥਾਲਯ, ਪੁ., ਇਕ ਨਰਕ

प्रमथित–ਪ੍ਰਮਥਿਤ, ਪੁ., ਮੱਖਣ

प्रमद–ਪ੍ਰਮਦ, ਵਿ., ਮਸਤੀ, ਖੁਸ਼ੀ, ਆਨੰਦ, ਧਤੂਰੇ ਦੇ ਫਲ ਜਾਂ ਫੁੱਲ, ਮਤਵਾਲਾਪਣ, ਵਿ., ਮਸਤ

प्रमदा–ਪ੍ਰਮਦਾ, ਇ.. ਸੋਹਣੀ ਤੀਵੀਂ, ਖੂਬਸੂਰਤ ਔਰਤ

प्रमदावन–ਪ੍ਰਮਦਾਵਨ, ਪੁ., ਰਾਜਿਆਂ ਦੇ ਰਣਵਾਸ ਦਾ ਬਗੀਚਾ

प्रमन्यु–ਪ੍ਰਮਨ੍ਯੁ, ਵਿ., ਜ਼ਿਆਦਾ ਗੁਸੇ ਵਾਲਾ, ਗੁਸੈਲ, ਪੁ., ਬਹੁਤ ਗੁੱਸਾ

प्रमय–ਪ੍ਰਮਯ, ਪੁ., ਹਿੰਸਾ, ਹੱਤਿਆ, ਕਤਲ, ਖੂੰਨ

प्रमर्दन–ਪ੍ਰਮਰਦਨ, ਪੁ., ਚੰਗੀ ਤਰ੍ਹਾਂ ਮਲਣ ਜਾਂ ਮਿੱਧਣ ਦੀ ਕਿਰਿਆ, ਨਾਸ ਕਰਨ ਦੀ ਕਿਰਿਆ

प्रमा–ਪ੍ਰਮਾ, ਇ., ਜਥਾਰਥ ਗਿਆਨ, ਉਹ ਗਿਆਨ ਜਿਸ ਵਿਚ ਕਿਸੇ ਤਰ੍ਹਾਂ ਦਾ ਭਰਮ ਨਾ ਹੋਵੇ

प्रमाण–ਪ੍ਰਮਾਣ, ਪੁ., ਸਚਾਈ. ਸਬੂਤ, ਸਾਖੀ, ਚੀਜ਼ ਦਾ ਮਾਪ ਵਿ., ਮੰਨਿਆ ਹੋਇਆ, ਸੱਚਾ, ਪ੍ਰਮਾਣਤ, ਅਵਜ., ਤਕ, ਤਾਈਂ

प्रमाणता–ਪ੍ਰਮਾਣਤਾ, ਇ., ਪ੍ਰਮਾਣ ਦਾ ਧਰਮ ਜਾਂ ਭਾਵ

प्रमाणपत्र–ਪ੍ਰਮਾਣਪਤ੍ਰ, ਪੁ., ਉਹ ਲਿਖਿਆ ਹੋਇਆ ਕਾਗਤ ਜੋ ਕਿਸੇ ਗੱਲ ਦਾ ਸਬੂਤ ਹੋਵੇ, ਸਾਰਟੀਫਿਕੇਟ

प्रमाणपुरुष–ਪ੍ਰਮਾਣਪੁਰੁਸ਼, ਪੁ., ਜਿਸ ਦੇ ਫੈਸਲੇ ਨੂੰ ਦੋਹੇਂ ਧਿਰ

ਮੰਨਣ, ਪੰਚ

प्रमाणिक–ਪ੍ਰਮਾਣਿਕ, ਵਿ., ਮਾਤਬਰ, ਉਹ ਜੋ ਪ੍ਰਤੱਖ ਪ੍ਰਮਾਣਾਂ ਨਾਲ ਸਿੱਧ ਹੋਇਆ ਹੋਵੇ

प्रमाणित–ਪ੍ਰਮਾਣਿਤ, ਵਿ., ਸੱਚਾ ਕੀਤਾ ਹੋਇਆ; ਪ੍ਰਮਾਣਾਂ ਨਾਲ ਸਿੱਧ ਕੀਤਾ ਹੋਇਆ

प्रमाता–ਪ੍ਰਮਾਤਾ. ਪੁ., ਗਿਆਨ ਕਰਨ ਵਾਲਾ, ਸਾਖੀ, ਇ., ਦਾਦੀ, ਪੇਉ ਦੀ ਮਾਂ

प्रमातामह–ਪ੍ਰਮਾਤਾਮਹ, ਪੁ., ਪੜਨਾਨਾ

प्रमातामही–ਪ੍ਰਮਾਤਾਮਹੀ, ਇ., ਪੜਨਾਨੀ

प्रमाथ–ਪ੍ਰਮਾਥ, ਪੁ., ਰਿੜਕਣ ਦਾ ਭਾਵ, ਜਬਰਦਸਤੀ ਚੁਰਾਉਣ ਦਾ ਭਾਵ, ਨਾਸ ਕਰਨ ਜਾਂ ਦੁਖ ਦੇਣ ਦਾ ਭਾਵ, ਹੱਤਿਆ ਕਰਨ ਦਾ ਭਾਵ, ਕਿਸੇ ਤੀਵੀਂ ਨਾਲ ਜਬਰਦਸਤੀ ਕਰਨ ਦਾ ਭਾਵ

प्रमाथी–ਪ੍ਰਮਾਥੀ, ਵਿ., ਪੀੜ ਦੇਣ ਵਾਲਾ, ਦੁਖ ਦੇਣ ਵਾਲਾ

प्रमाद्–ਪ੍ਰਮਾਦ ਪੁ., ਭਰਮ, ਬੇਗੌਰੀ, ਮਨ ਦੀ ਕਮਜ਼ੋਰੀ

प्रमादिक–ਪ੍ਰਮਾਦਿਕ, ਵਿ., ਭੁਲ ਚੁਕ ਕਰਨ ਵਾਲਾ

प्रमादिका–ਪ੍ਰਮਾਦਿਕਾ, ਵਿ., ਉਹ ਕੁੜੀ ਜਿਸ ਨੂੰ ਕਿਸੇ ਨੇ ਦੂਸ਼ਤ ਕਰ ਦਿੱਤਾ ਹੋਵੇ

प्रमादी–ਪ੍ਰਮਾਦੀ, ਵਿ., ਬੋਲਾ, ਪਾਗਲ, ਕਮਲਾ

प्रमार–ਪ੍ਰਮਾਰ, ਪੁ., ਰਾਜ ਪੂਤ ਛੱਤ੍ਰੀਆਂ ਦੀ ਇਕ ਨਸਲ

प्रमार्जक–ਪ੍ਰਮਾਰਜਕ, ਵਿ., ਸਾਫ਼ ਕਰਨ ਵਾਲਾ

प्रमार्जन–ਪ੍ਰਮਾਰਜਨ, ਪੁ., ਅੱਛੀ ਤਰਾਂ ਸਾਫ ਕਰਨ ਦੀ ਕਿਰਿਆ, ਝਾੜਨ ਜਾਂ ਪੂੰਝਣ ਦੀ ਕਿਰਿਆ

प्रमित–ਪ੍ਰਮਿਤ, ਵਿ., ਸਮਝਿਆ ਹੋਇਆ, ਮਲੂਮ ਕੀਤਾ ਹੋਇਆ, ਥੋੜਾ, ਮੰਨਿਆ ਹੋਇਆ, ਨਿਸ਼ਚਿਤ, ਗਿਆਤ

प्रमीति–ਪ੍ਰਮੀਤਿ, ਇ., ਮੌਤ

प्रमीलक–ਪ੍ਰਮੀਲਕ, ਪੁ., ਸਰੀਰ ਦਾ ਆਲਸ ਜਾਂ ਕਮਜ਼ੋਰੀ, ਨੇਸਤੀ, ਝਪਕੀ

प्रमीला–ਪ੍ਰਮੀਲਾ, ਇ., ਆਲਸ, ਨੇਸਤੀ; ਥਕਾਵਟ, ਨਫਰਤ, ਕਮਜ਼ੋਰੀ

प्रमीली–ਪ੍ਰਮੀਲੀ, ਵਿ., ਅੱਖ ਮੁੰਦਣ ਵਾਲਾ, ਉਂਘਣ ਵਾਲਾ

प्रमुक्ति–ਪ੍ਰਮੁਕ੍ਤਿ, ਇ., ਨਿਰਵਾਣ, ਮੋਖ, ਮੁਕਤੀ, ਛੁਟਕਾਰਾ

प्रमुख–ਪ੍ਰਮੁਖ. ਵਿ., ਮੁਖੀਆ, ਪ੍ਰਧਾਨ; ਪਹਿਲਾ, ਪੂੱਜ, ਆਗੂ, ਪੁ.. ਅਰੰਭ, ਸਮੂਹ, ਢੇਰ, ਅਵਜ., ਇਥੋਂ ਸ਼ੁਰ ਕਰ ਕੇ, ਉਸੇ ਵੇਲੇ, ਸਾਹਮਣੇ

प्रमुच–ਪ੍ਰਮੁਚ, ਵਿ., ਮੁਕਤੀ ਦੇਣ ਵਾਲਾ

प्रमुद, प्रमुदित–ਪ੍ਰਮੁਦ ਪ੍ਰਮੁਦਿਤ, ਵਿ., ਖੁਸ਼, ਪ੍ਰਸੰਨ

प्रमृष्ट–ਪ੍ਰਮ੍ਰਿਸ਼੍ਟ, ਵਿ., ਧੋਇਆ ਹੋਇਆ, ਸਾਫ਼ ਕੀਤਾ ਹੋਇਆ

प्रमेय–ਪ੍ਰਮੇਯ, ਵਿ., ਜਿਸ ਦਾ ਅੰਦਾਜ਼ਾ ਬਤਾਇਆ ਜਾ ਸਕੇ, ਮਿਣਨ ਜੋਗ, ਮਾਮਣ ਜੋਗ ਪੁ., ਜਥਾਰਥ ਗਿਆਨ ਦਾ ਵਿਸ਼ਾ

प्रमेह–ਪ੍ਰਮੇਹ, ਪੁ., ਗਰਮੀ ਨਾਲ ਹੋਣ ਵਾਲਾ ਇਕ ਰੋਗ

प्रमेही–ਪ੍ਰਮੇਹੀ, ਪੁ., ਪਰਮੇਹ ਰੋਗ ਦਾ ਰੋਗੀ

प्रमोक्ष–ਪ੍ਰਮੋਕਸ਼, ਪੁ., ਮੁਕਤੀ. ਛੁਟਕਾਰਾ

प्रमोद्–ਪ੍ਰਮੋਦ, ਪੁ., ਖੁਸ਼ੀ, ਆਨੰਦ, ਸੁਖ

प्रमोदक–ਪ੍ਰਮੋਦਕ, ਪੁ., ਸੱਠੀ ਦੇ ਚਾਉਲ

प्रमोदित–ਪ੍ਰਮੋਦਿਤ, ਵਿ., ਖੁਸ਼, ਪ੍ਰਸੰਨ

प्रमोदी–ਪ੍ਰਮੋਦੀ, ਵਿ., ਬਹੁਤ ਖੁਸ਼, ਪ੍ਰਸੰਨਤਾ ਦੇਣ ਵਾਲਾ

प्रयत–ਪ੍ਰਯਤ, ਵਿ., ਪਾਵਿੱਤਰ, ਨਿੰਮ੍ਰ, ਸਾਊ, ਗਰੀਬ, ਦਿੱਤਾ ਹੋਇਆ

प्रयतात्मा–ਪ੍ਰਯਤਾਤਮਾ, ਵਿ., ਸੰਜਮੀ, ਇੰਦਰੀਆਂ ਤੇ ਕਾਬੂ ਪਾਊਣ ਵਾਲਾ

प्रयत्न–ਪ੍ਰਯਤ੍ਨ, ਪੁ., ਕੋਸ਼ਿਸ਼, ਹਿੰਮਤ, ਹੀਲਾ, ਉਪਰਾਲਾ ਵਿਆਕਰਣ ਵਿਚ ਅੱਖਰਾਂ ਦੇ ਬੋਲਣ ਵਿਚ ਹੋਣ ਵਾਲੀ ਕਿਰਿਆ

प्रयत्नवान्–ਪ੍ਰਯਤ੍ਨਵਾਨ, ਵਿ., ਉਪਰਾਲਾ ਕਰਨ ਵਾਲਾ

प्रयाग–ਪ੍ਰਯਾਗ, ਪੁ., ਇਕ ਮਸ਼ਹੂਰ ਤੀਰਥ, ਇਲਾਹਾਬਾਦ

प्रयागवाल–ਪ੍ਰਯਾਗਵਾਲ, ਪੁ., ਪ੍ਰਯਾਗ ਤੀਰਥ ਦਾ ਪੰਡਾ

प्रयाण–ਪ੍ਰਯਾਣ, ਪੁ., ਜਾਣ, ਰਵਾਨਗੀ, ਚੜ੍ਹਾਈ, ਜੁੱਧਯਾਤ੍ਰਾ, ਅਰੰਭ

प्रयाणकाल–ਪ੍ਰਯਾਣਕਾਲ, ਪੁ., ਜਾਣ ਦਾ ਵੇਲਾ, ਮੌਤ ਦਾ ਸਮਾ

प्रयात–ਪ੍ਰਯਾਤ, ਵਿ., ਸੁੱਤਾ ਹੋਇਆ, ਮਾਰਿਆ ਹੋਇਆ, ਗਿਆਤ, ਗਿਆ ਹੋਇਆ

प्रयास–ਪ੍ਰਯਾਸ, ਪੁ., ਮਿਹਨਤ, ਹਿੰਮਤ, ਹੀਲਾ, ਉਦਮ, ਕੋਸ਼ਿਸ਼, ਜਤਨ

प्रयुक्त–ਪ੍ਰਯੁਕ੍ਤ, ਵਿ., ਵਰਤਿਆ ਹੋਇਆ, ਜੋੜਿਆ ਹੋਇਆ

प्रयुक्ति–ਪ੍ਰਯੁਕ੍ਤਿ, ਇ., ਵਰਤੋਂ

प्रयुत–ਪ੍ਰਯੁਤ, ਵਿ., ਨਾਲ ਮਿਲਿਆ ਜੁਲਿਆ, ਸਾਥ, ਜੋ ਸਪਸ਼ਟ ਨਾ ਹੋਵੇ, ਪੁ., ਦਸ ਲਖ ਦੀ ਸੰਖਿਆ

प्रयुत्सु–ਪ੍ਰਯੁਤਸੁ ਵਿ., ਜੋਧਾ, ਬਹਾਦਰ, ਸਨਿਆਸੀ, ਪੁ., ਇੰਦਰ, ਹਵਾ

प्रयोक्ता–ਪ੍ਰਯੋਕ੍ਤਾ, ਵਿ., ਵਰਤਣ ਵਾਲਾ, ਕਰਜ਼ਾ ਦੇਣ ਵਾਲਾ

प्रयोग–ਪ੍ਰਯੋਗ, ਪੁ., ਪੂਜਾ ਪਾਠ ਦੇ ਕਰਾਉਣ ਲਈ ਪੰਜ ਚਾਰ ਬ੍ਰਾਹਮਣਾਂ ਨੂੰ ਬਿਠਾਉਣ ਦਾ ਭਾਵ, ਲੈਣ ਦੇਣ, ਨਾਟਕ, ਦ੍ਰਿਸ਼ਟਾਂਤ, ਕਰਜ਼ ਦੇਣ ਦਾ ਭਾਵ, ਵਰਤੋਂ

प्रयोगी–ਪ੍ਰਯੋਗੀ, ਵਿ., ਪ੍ਰਯੋਗ ਕਰਨ ਵਾਲਾ

प्रयोजक–ਪ੍ਰਯੋਜਕ, ਵਿ., ਪੂਜਾ ਪਾਠ ਕਰਨ ਵਾਲਾ, ਕੰਮ ਤੇ ਲਾਉਣ ਵਾਲਾ, ਪਰਬੰਧ ਕਰਨ ਵਾਲਾ, ਪ੍ਰੇਰਕ

प्रयोजन–ਪ੍ਰਯੋਜਨ, ਪੁ., ਕੰਮ, ਮਤਲਬ, ਕਾਰਣ ਇਸਤੇਮਾਲ ਮੰਤਵ, ਵਰਤੋਂ

प्रयोज्य–ਪ੍ਰਯੋਜਜ, ਵਿ., ਵਰਤਣ ਜੋਗ, ਕੰਮ ਤੇ ਲਾਏ ਜਾਣ ਦੇ ਜੋਗ, ਪੁ., ਮੂਲ ਧਨ, ਨੌਕਰ

प्ररुह–ਪ੍ਰਰੁਹ. ਪੁ., ਜ਼ਮੀਨ ਤੇ ਵਧਣ ਵਾਲਾ

प्ररूढ़–ਪ੍ਰਰੂੜ੍ਹ, ਵਿ., ਖ਼ੂਬ ਵਧਿਆ ਹੋਇਆ, ਉਤਪੰਨ

प्ररोचन–ਪ੍ਰਰੋਚਨ, ਪੁ., ਤਬੀਅਤ ਕਰਾਉਣ ਦੀ ਕਿਰਿਆ, ਮੋਹਤ ਕਰਨ ਦੀ ਕਿਰਿਆ, ਭੜਕਾਉਣ ਦੀ ਕਿਰਿਆ

प्ररोह–ਪ੍ਰਰੋਹ, ਪੁ., ਉਤਪੱਤੀ, ਅੰਗੂਰ ਫੁੱਟਣ ਦਾ ਭਾਵ, ਚੜ੍ਹਾਉ, ਉਪਰ ਨੂੰ ਨਿਕਲਣ ਦਾ ਭਾਵ

प्ररोहण–ਪ੍ਰਰੋਹਣ, ਪੁ., ਜ਼ਮੀਨ ਚੋਂ ਬਾਹਰ ਨਿਕਲਣ ਦੀ ਕਿਰਿਆ, ਉੱਗਣ, ਬੂਟੇ ਦਾ ਧਰਤੀ ਵਿਚੋਂ ਨਿਕਲਣ ਦੀ ਕਿਰਿਆ, ਪੈਦਾ ਹੋਣ ਦੀ ਕਿਰਿਆ

प्ररोहभूमि–ਪ੍ਰਰੋਹਭੂਮਿ. ਇ., ਉਪਜਾਊ ਧਰਤੀ

प्ररोहशाखी–ਪ੍ਰਰੋਹਸ਼ਾਖੀ, ਪੁ., ਉਹ ਰੁੱਖ ਜੋ ਕਲਮ ਲਾਉਣ ਤੇ ਹੀ ਉੱਗ ਪੈਣ

प्रलपन–ਪ੍ਰਲਪਨ, ਪੁ., ਬਕਵਾਸ, ਬੇਅਰਥ ਗੱਲ, ਫਜ਼ੂਲ ਗੱਲ

प्रलपित–ਪ੍ਰਲਪਿਤ. ਵਿ., ਕਹਿਆ ਹੋਇਆ, ਆਖਿਆ ਹੋਇਆ

प्रलम्ब–ਪ੍ਰਲੰਬ, ਪੁ., ਇਕ ਰਾਖਸ਼, ਕੰਮ ਵਿਚ ਢਿੱਲ, ਫਜ਼ੂਲ ਦੀ ਦੇਰ, ਗੰਗਾ, ਬ੍ਰਿਛ ਦਾ ਫੁੱਟਣ, ਟਾਹਣੀ, ਇਕ ਹਾਰ, ਲਟਕਾਉ, ਤੀਵੀਂ ਦੀ ਛਾਤੀ ਵਿਚੋਂ ਦੁੱਧ ਨਿਕਲਣ ਦੀ ਥਾਂ ਵਿ., ਲਮਕਿਆ ਹੋਇਆ, ਲੰਮਾ, ਟੰਗਿਆ ਹੋਇਆ, ਨਿਕਲਿਆ ਹੋਇਆ, ਵਧਿਆ ਹੋਇਆ, ਕਮਜ਼ੋਰ, ਸੁਸਤ

प्रलम्बन–ਪ੍ਰਲੰਬਨ, ਪੁ., ਲਟਕਾਉ, ਸਹਾਰਾ ਲੈਣ ਦੀ ਕਿਰਿਆ ਲਮਕਣ ਦਾ ਭਾਵ

प्रलम्बित–ਪ੍ਰਲੰਬਿਤ, ਵਿ., ਹੇਠਾਂ ਤਕ ਲਮਕਿਆ ਹੋਇਆ

प्रलम्बी–ਪ੍ਰਲੰਬੀ, ਵਿ., ਲਮਕਣ ਵਾਲਾ, ਸਹਾਰਾ ਲੈਣ ਵਾਲਾ

प्रलम्भ–ਪ੍ਰਲੰਭ, ਪੁ., ਬਹੁਤ ਲਾਹਾ, ਖੱਟੀ, ਲਾਭ

प्रलम्भन–ਪ੍ਰਲੰਭਨ, ਪੁ., ਜ਼ਿਆਦਾ ਖੱਟੀ, ਛਲ, ਧੋਖਾ

प्रलय–ਪ੍ਰਲਯ. ਪੁ., ਜਗਤ ਦਾ ਨਾਸ, ਕਿਆਮਤ, ਪਰਲੋ

प्रलव–ਪ੍ਰਲਵ, ਪੁ., ਟੁਕੜਾ, ਧੱਜੀ

प्रलाप–ਪ੍ਰਲਾਪ, ਪੁ., ਬਕਵਾਸ

प्रलापी–ਪ੍ਰਲਾਪੀ, ਵਿ., ਬਕਵਾਸ ਕਰਨ ਵਾਲਾ, ਅੰਡ ਬੰਡ ਬਕਣ ਵਾਲਾ

प्रलीन–ਪ੍ਰਲੀਨ, ਵਿ., ਬਿਨਾ ਹਰਕਤ ਤੋਂ

प्रलीनता–ਪ੍ਰਲੀਨਤਾ, ਇ., ਪਰਲੋ, ਨਾਸ, ਤਬਾਹੀ

प्रलेप–ਪ੍ਰਲੇਪ, ਪੁ., ਲੇਪ. ਪੁਲਟਸ

प्रलेपन–ਪ੍ਰਲੇਪਨ, ਪੁ., ਲੇਪ ਕਰਨ ਦੀ ਕਿਰਿਆ ਜਾਂ ਲਿੱਪਣ ਦੀ ਕਿਰਿਆ

प्रलेहन–ਪ੍ਰਲੇਹਨ, ਪੁ., ਜੀਭ ਨਾਲ ਕਿਸੇ ਚੀਜ਼ ਨੂੰ ਚੱਟਣ ਦੀ ਕਿਰਿਆ

प्रलोभ–ਪ੍ਰਲੋਭ, ਪੁ., ਲਾਲਚ. ਅਤੀ ਲੋਭ

प्रलोभक–ਪ੍ਰਲੋਭਕ, ਵਿ., ਲਲਚਾਉਣ ਵਾਲਾ

प्रलोभन–ਪ੍ਰਲੋਭਨ, ਪੁ., ਲਲਚਾਉਣ ਦੀ ਕਿਰਿਆ, ਲੋਭ ਦਿਖਾਉਣ ਦਾ ਭਾਵ

प्रलोभित–ਪ੍ਰਲੋਭਿਤ, ਵਿ., ਲਲਚਾਇਆ ਹੋਇਆ

प्रलोभी–ਪ੍ਰਲੋਭੀ, ਵਿ., ਲਾਲਚੀ, ਲੋਭੀ

प्रवंचना–ਪ੍ਰਵੰਚਨਾ, ਇ., ਛਲ, ਕਪਟ, ਧੋਖਾ, ਠੱਗੀ, ਫਰੇਬ

प्रवक्ता–ਪ੍ਰਵਕ੍ਤਾ, ਵਿ., ਉਪਦੇਸ਼, ਦੇਣ ਵਾਲਾ, ਲੈਕਚਰ ਕਰਨ ਵਾਲਾ

प्रवग–ਪ੍ਰਵਗ, ਪੁ., ਪੰਛੀ, ਪੰਖੇਰੂ

प्रवचन–ਪ੍ਰਵਚਨ, ਪੁ., ਅਰਥ ਖੋਲ੍ਹ ਕੇ ਦੱਸਣ ਦਾ ਭਾਵ, ਕਿਸੇ ਵਾਕ ਦੀ ਵਿਆਖਿਆ

प्रवट–ਪ੍ਰਵਟ, ਪੁ., ਕਣਕ, ਗੇਹੂੰ

प्रवण–ਪ੍ਰਵਣ, ਵਿ., ਜੋ ਸਿਲਸਿਲੇਬਾਰ ਹੇਠਾਂ ਨੂੰ ਹੁੰਦਾ ਗਿਆ ਹੋਵੇ, ਢਾਲਵਾਂ, ਲੰਮਾ, ਨਿੰਮ੍ਰ, ਝੁਕਿਆ ਹੋਇਆ, ਢਾਲਿਆ ਹੋਇਆ, ਪੁ., ਢਲਾਣ, ਚੁਰਸਤਾ, ਪਹਾੜ ਦਾ ਕੰਢਾ, ਢਿਡ, ਆਹੁਤੀ

प्रवत्स्यत्पतिका, प्रवत्स्यत्प्रेयसी, प्रवत्स्यद्भर्तृका–ਪ੍ਰਵਤਸਜਤ ਪਤਿਕਾ, ਪ੍ਰਵਤਸਜਤਪ੍ਰੇਯਸੀ, ਪ੍ਰਵਤਸਜਦਭਰਤ੍ਰਿਕਾ, ਇ., ਉਹ ਨਾਇਕਾ ਜਿਸ ਦਾ ਪਤੀ ਪਰਦੇਸ ਜਾਣ ਵਾਲਾ ਹੋਵੇ

प्रवदन–ਪ੍ਰਵਦਨ, ਪੁ., ਢਿਡੋਰਾ ਡੌਂਡੀ, ਘੋਸ਼ਣਾ, ਮੁਨਾਦੀ

प्रवपन–ਪ੍ਰਵਪਨ, ਪੁ., ਮੁੱਛ ਦਾੜ੍ਹੀ ਸਾਫ਼ ਕਰਾਉਣ ਦੀ ਕਿਰਿਆ ਤੇਜ਼ੀ ਨਾਲ ਚਲਣ ਦੀ ਕਿਰਿਆ

प्रवयस्–ਪ੍ਰਵਯਸ, ਵਿ., ਪੁਰਾਣਾ, ਬੁੱਢਾ

प्रवर–ਪ੍ਰਵਰ, ਵਿ., ਸਰੇਸ਼ਟ, ਭਲਾ, ਖਰਾ, ਉੱਤਮ, ਡਾਢਾ ਚੰਗਾ, ਪੁ., ਅਗਰ ਦੀ ਲੱਕੜ, ਉਲਾਦ

प्रवर्त–ਪ੍ਰਵਰਤ, ਪੁ., ਕੰਮ ਦਾ ਅਰੰਭ, ਇਕ ਕਿਸਮ ਦਾ ਗੋਲ ਗਹਿਣਾ, ਇਕ ਕਿਸਮ ਦੇ ਬੱਦਲ

प्रवर्तक–ਪ੍ਰਵਰਤਕ, ਵਿ., ਅਰੰਭ ਕਰਨ ਵਾਲਾ, ਕਿਸੇ ਕੰਮ ਨੂੰ ਚਲਾਉਣ ਵਾਲਾ, ਕੰਮ ਵਿਚ ਲੱਗਣ ਵਾਲਾ, ਨਿਆਉਂ ਕਰਨ ਵਾਲਾ, ਉਕਸਾਉਣ ਵਾਲਾ

प्रवर्तन–ਪ੍ਰਵਰਤਨ, ਪੁ, ਕੰਮ ਅਰੰਭ ਕਰਨ ਦੀ ਕਿਰਿਆ ਪਰਚਾਰ ਕਰਨ ਦੀ ਕਿਰਿਆ, ਕੰਮ ਨੂੰ ਚਲਾਉਣ ਦੀ ਕਿਰਿਆ, ਉਕਸਾਉਣ ਦਾ ਭਾਵ

प्रवर्तना–ਪ੍ਰਵਰਤਨਾ, ਕ੍ਰਿ., ਉਕਸਾਉਣਾ, ਪਰਚਾਰ ਕਰਨਾ, ਕੰਮ ਕਰਨਾ

प्रवर्तित–ਪ੍ਰਵਰਤਿਤ, ਵਿ., ਅਰੰਭ ਕੀਤਾ ਹੋਇਆ, ਚਲਾਇਆ ਹੋਇਆ, ਵਾਪਸ ਕੀਤਾ ਹੋਇਆ

प्रवर्ती–ਪ੍ਰਵਰਤੀ, ਵਿ., ਅਗੇ ਚਲਣ ਵਾਲਾ, ਵਗਣ ਵਾਲਾ

प्रवर्धक–ਪ੍ਰਵਰਧਕ, ਵਿ., ਵਧਣ ਵਾਲਾ

प्रवर्ष, प्रवर्षण–ਪ੍ਰਵਰਸ਼, ਪ੍ਰਵਰਸ਼ਣ, ਪੁ., ਜ਼ੋਰ ਦਾ ਮੀਂਹ, ਬਹੁਤੀ ਵਰਖਾ, ਕਿਸ਼ਕਿੰਧਾ ਦੇ ਨਜੀਕ ਇਕ ਪਹਾੜ

प्रवर्ह–ਪ੍ਰਵਰ੍ਹ, ਵਿ., ਸਰੇਸ਼ਟ, ਭਲਾ, ਡਾਢਾ ਚੰਗਾ, ਪਰਧਾਨ

प्रवल्हिका–ਪ੍ਰਵਲ੍ਹਿਕਾ, ਇ., ਪਹੇਲੀ, ਬੁਝਾਰਤ, ਕਥਾ

प्रवसन–ਪ੍ਰਵਸਨ, ਪੁ., ਪਰਦੇਸ ਜਾਣ ਦਾ ਭਾਵ

प्रवह–ਪ੍ਰਵਹ, ਪੁ., ਬਹਾਉ, ਉਹ ਕੁੰਡ ਜਿਸ ਵਿਚ ਨਾਲੀ ਰਾਹੀਂ ਪਾਣੀ ਜਾਂਦਾ ਹੋਵੇ, ਘਰ, ਨੱਗਰ ਚੋਂ ਬਾਹਰ ਨਿਕਲਣ ਦਾ ਭਾਵ

प्रवहन–ਪ੍ਰਵਹਨ, ਪੁ., ਸਵਾਰੀ, ਜਹਾਜ਼, ਕਿਸ਼ਤੀ, ਕੁੜੀ ਦਾ ਬਿਆਹ ਕਰ ਦੇਣ ਦਾ ਭਾਵ

प्रवाच्–ਪ੍ਰਵਾਚ, ਵਿ., ਢੰਗ ਸਿਰ ਬੋਲਣ ਵਾਲਾ, ਅੱਛੀ ਬਹਸ ਕਰਨ ਵਾਲਾ, ਬਹੁਤ ਬੋਲਣ ਵਾਲਾ

प्रवाचक–ਪ੍ਰਵਾਚਕ, ਵਿ., ਅੱਛਾ ਬੋਲਣ ਵਾਲਾ

प्रवाचन–ਪ੍ਰਵਾਚਨ, ਪੁ., ਚੰਗੀ ਤਰ੍ਹਾਂ ਨਾਲ ਕਹਿਣਾ

प्रवात–ਪ੍ਰਵਾਤ, ਪੁ., ਤੇਜ਼ ਹਵਾ, ਝੱਖੜ

प्रवाद्–ਪ੍ਰਵਾਦ, ਪੁ., ਆਪਸ ਦੀ ਗੱਲ ਬਾਤ, ਝੂਠੀ ਬਦਨਾਮੀ, ਅਫਵਾਹ

प्रवार–ਪ੍ਰਵਾਰ, ਪੁ., ਚੱਦਰ, ਦੁਪੱਟਾ

प्रवारण–ਪ੍ਰਵਾਰਣ, ਪੁ., ਨਿਖੇਧ, ਮਨਾਹੀ

प्रवाल–ਪ੍ਰਵਾਲ, ਪੁ., ਮੂੰਗਾ

प्रवास–ਪ੍ਰਵਾਸ, ਪੁ., ਪਰਦੇਸ, ਬਿਦੇਸ਼, ਅਪਣਾ ਘਰ ਛੱਡ ਕੇ ਦੂਸਰੇ ਮੁਲਖ ਵਿਚ ਜਾ ਕੇ ਰਹਿਣ ਦਾ ਭਾਵ

प्रवासन–ਪ੍ਰਵਾਸਨ, ਪੁ., ਦੇਸ ਨਿਕਾਲਾ, ਕਤਲ

प्रवासित–ਪ੍ਰਵਾਸਿਤ, ਵਿ., ਮੁਲਖ ਚੋਂ ਕੱਢਿਆ ਹੋਇਆ, ਮਾਰਿਆ ਹੋਇਆ

प्रवासी–ਪ੍ਰਵਾਸੀ, ਵਿ., ਪਰਦੇਸੀ, ਬਿਦੇਸੀ

प्रवाह–ਪ੍ਰਵਾਹ, ਪੁ., ਝੁਕਾਉ, ਪਾਣੀ ਦੀ ਧਾਰਾ, ਵਗਦਾ ਪਾਣੀ, ਵਿਸਥਾਰ, ਸਿਲਸਿਲਾ, ਕੰਮ ਦਾ ਬਰਾਬਰ ਚਲਦੇ ਰਹਿਣ ਦਾ ਭਾਵ

प्रवाहक–ਪ੍ਰਵਾਹਕ, ਵਿ., ਰਾਖਸ਼

प्रवाहण–ਪ੍ਰਵਾਹਣ, ਪੁ., ਢੋਇਆ ਜਾਣ ਦਾ ਭਾਵ, ਢੋ ਢੁਆਈ

प्रवाहिका–ਪ੍ਰਵਾਹਿਕਾ, ਇ., ਸੰਗਰਹਿਣੀ ਰੋਗ ਦਾ ਇਕ ਭੇਦ

प्रवाहित–ਪ੍ਰਵਾਹਿਤ, ਵਿ., ਢੋ ਕੇ ਲਿਆਂਦਾ ਹੋਇਆ, ਵਗਦਾ ਹੋਇਆ, ਵਹਿੰਦਾ ਹੋਇਆ

प्रवाही–ਪ੍ਰਵਾਹੀ ਵਿ., ਵਗਣ ਜਾਂ ਵਗਾਉਣ ਵਾਲਾ

प्रविचय–ਪ੍ਰਵਿਚਯ, ਪੁ., ਪ੍ਰੀਖਿਆ, ਖੋਜ

प्रविदारण–ਪ੍ਰਵਿਦਾਰਣ, ਪੁ., ਜੁੱਧ, ਲੜਾਈ

प्रविरल–ਪ੍ਰਵਿਰਲ, ਵਿ., ਬਹੁਤ ਥੋੜਾ

प्रविष्ट–ਪ੍ਰਵਿਸ਼੍ਟ, ਵਿ., ਅੰਦਰ ਵੜਿਆ ਹੋਇਆ, ਘੁਸਿਆ ਹੋਇਆ

प्रविष्टक–ਪ੍ਰਵਿਸ਼੍ਟਕ, ਵਿ., ਅੰਦਰ ਵੜਨ ਵਾਲਾ

प्रविस्तार–ਪ੍ਰਵਿਸ੍ਤਾਰ ਪੁ., ਖ਼ੂਬ ਚੋੜਾਈ, ਕਾਫੀ ਵਿਸਥਾਰ

प्रवीण–ਪ੍ਰਵੀਣ, ਵਿ., ਹੁਸ਼ਿਆਰ, ਚਤਰ, ਨਿਪੁੰਨ

प्रवीणता–ਪ੍ਰਵੀਣਤਾ, ਇ., ਹੁਸ਼ਿਆਰੀ, ਚਤੁਰਾਈ

प्रवीर–ਪ੍ਰਵੀਰ, ਵਿ., ਵੱਡਾ ਜੋਧਾ, ਬਹਾਦਰ, ਬਲੀ

प्रवृत्त–ਪ੍ਰਵ੍ਰਿਤ, ਵਿ., ਜੁਟਿਆ ਹੋਇਆ, ਕਿਸੇ ਪਾਸੇ ਝੁਕਿਆ ਹੋਇਆ, ਉਤਪੰਨ

प्रवृत्तक–ਪ੍ਰਵ੍ਰਿੱਤਕ, ਪੁ., ਇਕ ਮਾਤ੍ਰਕ ਛੰਦ

प्रवृत्ति–ਪ੍ਰਵ੍ਰਿੱਤਿ, ਇ., ਦੇਖੋ ਪ੍ਰਵਾਹ (प्रवाह) ਬਾਤ, ਗੱਲ, ਚਿੱਤ ਦਾ ਕਿਸੇ ਪਾਸੇ ਝੁਕਾਉ, ਸੰਸਾਰਕ ਪਦਾਰਥਾਂ ਵਲ ਜਾਣ ਦਾ ਭਾਵ, ਹਾਥੀ ਦਾ ਮਦ

प्रवृद्ध–ਪ੍ਰਵ੍ਰਿੱਧ, ਵਿ., ਖ਼ੂਬ ਪੱਕਿਆ ਹੋਇਆ, ਚੰਗੀ ਤਰ੍ਹਾਂ ਨਾਲ ਵਧਿਆ ਹੋਇਆ, ਪੁ., ਤਲਵਾਰ ਦੇ ਬੱਤੀ ਹੱਥਾਂ ਵਿਚੋਂ ਇਕ ਹੱਥ

प्रवृद्धि–ਪ੍ਰਵ੍ਰਿੱਧਿ, ਇ., ਤਰੱਕੀ, ਝੁਕਾਉ, ਬੜ੍ਹੁਤੀ

प्रवेण–ਪ੍ਰਵੇਣ, ਪੁ., ਇਕ ਕਿਸਮ ਦਾ ਬਕਰਾ

प्रवेता–ਪ੍ਰਵੇਤਾ, ਪੁ., ਰਥ ਹੱਕਣ ਵਾਲਾ, ਸਾਰਥੀ

प्रवेद्–ਪ੍ਰਵੇਦ, ਪੁ., ਅੱਛੀ ਸਮਝ, ਚੰਗੀ ਸੂਝ

प्रवेदन–ਪ੍ਰਵੇਦਨ, ਪੁ., ਢਿੰਡੋਰਾ, ਡੌਂਡੀ

प्रवेप–ਪ੍ਰਵੇਪ, ਪੁ., ਕਾਂਬਾ, ਕੰਬਣੀ

प्रवेश–ਪ੍ਰਵੇਸ਼, ਪੁ., ਪਹੁੰਚ, ਅੰਦਰ ਵੜਨ ਦਾ ਭਾਵ, ਘੁਸਣ ਦਾ ਭਾਵ, ਕਿਸੇ ਮਜ਼ਮੂਨ ਦੀ ਜਾਣਕਾਰੀ

प्रवेशक–ਪ੍ਰਵੇਸ਼ਕ, ਪੁ., ਨਾਟਕ ਵਿਚ ਦੋ ਅੰਕਾਂ ਦੀ ਹੋਣ ਵਾਲੀ ਗੱਲ ਬਾਤ ਦੱਸਣ ਵਾਲੀ ਥਾਂ, ਵਿ., ਵੜਨ ਵਾਲਾ, ਪਰਵੇਸ਼ ਕਰਲ ਵਾਲਾ

प्रवेशिका–ਪ੍ਰਵੇਸ਼ਿਕਾ, ਇ., ਉਹ ਚਿੱਠੀ ਜਾਂ ਨਿਸ਼ਾਨ ਜਿਸ ਨੂੰ ਦਿਖਾ ਕੇ ਅੰਦਰ ਵੜਦੇ ਹਨ, ਦਾਖਲਾ, ਟਿਕਟ

प्रवेष्ट–ਪ੍ਰਵੇਸ਼੍ਟ, ਪੁ., ਬਾਂਹ ਦਾ ਨਿਚਲਾ ਹਿੱਸਾ

प्रवेष्टक–ਪ੍ਰਵੇਸ਼੍ਟਕ, ਪੁ., ਸੱਜਾ ਹੱਥ, ਸੱਜੀ ਬਾਂਹ

प्रवेष्टा–ਪ੍ਰਵੇਸ਼੍ਟਾ, ਵਿ., ਅੰਦਰ ਜਾਣ ਵਾਲਾ

प्रवोध–ਪ੍ਰਵੋਧ, ਪੁ., ਗਿਆਨ, ਸਮਝ, ਸੂਝ

प्रव्रजन–ਪ੍ਰਵ੍ਰਜਨ, ਪੁ., ਸਨਿਆਸ

प्रव्रजिता–ਪ੍ਰਵ੍ਰਜਿਤਾ, ਇ., ਗੋਰਖ ਮੁੰਡੀ

प्रव्रज्या–ਪ੍ਰਵ੍ਰਜਜਾ. ਇ., ਸਨਿਆਸਣ

प्रव्रश्चन–ਪ੍ਰਵ੍ਰਸ਼ਚਨ, ਪੁ., ਕੁਹਾੜੀ, ਕੁਹਾੜਾ

प्रव्राज–ਪ੍ਰਵ੍ਰਾਜ, ਪੁ., ਨੀਵੀਂ ਧਰਤੀ, ਸਨਿਆਸ

प्रव्राजित–ਪ੍ਰਵ੍ਰਾਜਿਤ, ਵਿ., ਜਿਸ ਨੂੰ ਦੇਸ ਨਿਕਾਲਾ ਦਿਤਾ ਜਾਵੇ

प्रशंस–ਪ੍ਰਸ਼ੰਸ, ਵਿ., ਤਾਰੀਫ ਜੋਗ, ਇ., ਤਾਰੀਫ, ਉਸਤੁਤ

प्रशंसक–ਪ੍ਰਸ਼ੰਸਕ, ਵਿ., ਉਸਤੁਤ ਕਰਨ ਵਾਲਾ, ਖੁਸ਼ਾਮਦੀ, ਪਰਸੰਸਾ ਕਰਨ ਵਾਲਾ

प्रशंसना–ਪ੍ਰਸ਼ੰਸਨਾ, ਕ੍ਰਿ., ਉਸਤਤ ਕਰਨਾ, ਤਾਰੀਫ਼ ਕਰਨੀ, ਸਲਾਹੁਣਾ, ਵਡਿਆਉਣਾ, ਵਾਹ ਵਾਹ ਕਰਨਾ

प्रशंसनीय–ਪ੍ਰਸ਼ੰਸਨੀਯ. ਵਿ., ਤਾਰੀਫ ਕਰਨ ਜੋਗ. ਸਲਾਹੁਣ ਜੋਗ

प्रशंसा–ਪ੍ਰਸ਼ੰਸਾ, ਇ., ਵਡਿਆਈ, ਤਰੀਫ, ਉਸਤਤ, ਵਾਹ ਵਾਹ, ਸਲਾਹਤਾ

प्रशंसित–ਪ੍ਰਸ਼ੰਸਿਤ, ਵਿ.. ਸਲਾਹਿਆ ਹੋਇਆ, ਵਡਿਆਇਆ ਹੋਇਆ

प्रशंस्य–ਪ੍ਰਸ਼ੰਸਯ, ਵਿ., ਦੇਖੋ ਪ੍ਰਸ਼ੰਸਨੀਯ (प्रशंसनीय)

प्रशम–ਪ੍ਰਸ਼ਮ, ਪੁ., ਸ਼ਾਂਤੀ, ਅਮਨ, ਚੁੱਪੀ, ਖਮੋਸ਼ੀ

प्रशमन–ਪ੍ਰਸ਼ਮਨ, ਇ., ਸ਼ਾਂਤੀ, ਕਾਬੂ ਕਰਨ ਦੀ ਕਿਰਿਆ, ਨਾਸ ਕਰਨ ਦਾ ਭਾਵ, ਵਿ., ਅਮਨ ਕਰਨ ਵਾਲਾ

प्रशस्त–ਪ੍ਰਸ਼ਸ੍ਤ, ਵਿ., ਦੇਖੋ ਪ੍ਰਸ਼ੰਸਨੀਯ (प्रशंसनीय)

प्रशस्ति–ਪ੍ਰਸ਼ਸ੍ਤਿ, ਇ., ਸਿਰਨਾਮਾ, ਪੁਰਾਣੀਆਂ ਪੁਸਤਕਾਂ,

ਪੱਥਰ ਆਦਿਕ ਤੇ ਲਿਖੇ ਹੋਏ ਲੇਖ ਜਿਨ੍ਹਾਂ ਤੋਂ ਪੁਰਾਣੇ ਜ਼ਮਾਨੇ ਦਾ ਪਤਾ ਚਲਦਾ ਹੈ

प्रशस्य–ਪ੍ਰਸ਼ਸਜ, ਵਿ., ਸਰੇਸ਼ਟ, ਉੱਤਮ

प्रशाखा–ਪ੍ਰਸ਼ਾਖਾ, ਇ., ਟਾਹਣੀ ਵਿਚੋਂ ਨਿਕਲੀ ਹੋਈ ਟਾਹਣੀ

प्रशान्त–ਪ੍ਰਸ਼ਾਂਤ, ਵਿ.. ਸਥਿਰ, ਚੁਪਚਾਪ, ਟਿਕਵੇਂ ਸੁਭਾਉ ਦਾ. ਪੁ., ਇਕ ਵੱਡਾ ਭਾਰੀ ਸਮੁੰਦਰ ਜੋ ਏਸ਼ੀਆ ਅਤੇ ਅਮਰੀਕਾ ਦੇ ਵਿਚਕਾਰ ਹੈ

प्रशान्तता–ਪ੍ਰਸ਼ਾਂਤਤਾ, ਇ., ਚੁੱਪ, ਸ਼ਾਂਤੀ. ਖਮੋਸ਼ੀ

प्रशान्तात्मा–ਪ੍ਰਸ਼ਾਂਤਾਤਮਾ, ਵਿ., ਸ਼ਾਂਤ ਸੁਭਾਉ ਵਾਲਾ, ਪੁ., ਸ਼ਿਵ, ਮਹਾਦੇਵ

प्रशासित–ਪ੍ਰਸ਼ਾਸਿਤ, ਵਿ., ਸਮਝਦਾਰ, ਪੜ੍ਹਿਆ ਲਿਖਿਆ, ਸੋਹਣਾ ਸ਼ਾਸਨ ਕੀਤਾ ਹੋਇਆ

प्रशास्ता–ਪ੍ਰਸ਼ਾਸ੍ਤਾ, ਪੁ., ਹਕੂਮਤ ਕਰਨ ਵਾਲਾ, ਸ਼ਾਸਕ, ਹੁਕਮਰਾਨ

प्रशिथिल–ਪ੍ਰਸ਼ਿਥਿਲ, ਵਿ., ਬਹੁਤ ਥੱਕਿਆ ਹੋਇਆ

प्रशिष्य–ਪ੍ਰਸ਼ਿਸ਼ਜ, ਪੁ., ਚੇਲੇ ਦਾ ਚੇਲਾ

प्रशोष, प्रशोषण -ਪ੍ਰਸ਼ੋਸ਼, ਪ੍ਰਸ਼ੋਸਣ, ਪੁ., ਸੋਕਣ, ਸੁਕਾਉਣ ਦਾ ਭਾਵ

प्रश्न–ਪ੍ਰਸ਼੍ਨ, ਪੁ., ਸਵਾਲ, ਪੁੱਛਣ ਵਾਲੀ ਗੱਲ, ਅਰਜੀ; ਅਰਦਾਸ, ਇਕ ਉਪਨਿਸ਼ਦ

प्रश्नोत्तर–ਪ੍ਰਸ਼੍ਨੋਤੱਰ, ਪੁ., ਸਵਾਲ ਜਵਾਬ, ਪਰਸ਼ਨ ਦਾ ਉੱਤਰ

प्रश्रय–ਪ੍ਰਸ਼੍ਰਯ, ਪੁ., ਬੇਨਤੀ, ਸਹਾਰਾ, ਇਕ ਦੇਵਤਾ

प्रश्रयी–ਪ੍ਰਸ਼੍ਰਯੀ, ਵਿ., ਸਾਊ, ਬੀਬਾ, ਨਿਮ੍ਰਤਾ ਵਾਲਾ

प्रश्लिष्ट–ਪ੍ਰਸ਼ਲਿਸ਼੍ਟ, ਵਿ., ਚੰਗੀ ਤਰ੍ਹਾਂ ਮਿਲਿਆ ਹੋਇਆ

प्रश्लेष–ਪ੍ਰਸ਼ਲੇਸ਼, ਪੁ., ਵਿਆਕਰਣ ਦੀ ਸੰਧੀ ਵਿਚ ਦੋ ਸ੍ਵਰਾਂ ਦਾ ਆਪਸ ਵਿਚ ਮਿਲ ਜਾਣ ਦਾ ਭਾਵ

प्रश्वास–ਪ੍ਰਸ਼੍ਵਾਸ, ਪੁ., ਸਾਹ ਲੈਂਦੇ ਹੋਏ ਨੱਕ ਵਿਚੋਂ ਨਿਕਲਣ ਵਾਲੀ ਹਵਾ

प्रष्टव्य–ਪ੍ਰਸ਼੍ਵਜ, ਵਿ., ਪੁੱਛਣ ਜੋਗ

प्रष्टा–ਪ੍ਰਸ਼੍ਟਾ, ਪੁ., ਸਵਾਲ ਕਰਨ ਵਾਲਾ, ਪੁੱਛਣ ਵਾਲਾ

प्रष्टि–ਪ੍ਰਸ਼੍ਟਿ, ਪੁ., ਤਿੰਨ ਬਲ੍ਹਦ ਵਾਲੀ ਗੱਡੀ ਵਿਚ ਉਹ ਬਲ੍ਹਦ ਜੋ ਅੱਗੇ ਜੋੜਿਆ ਜਾਂਦਾ ਹੈ, ਬੇਂਡੀਆ, ਤਪਾਈ

प्रसंख्या–ਪ੍ਰਸੰਖਜਾ, ਇ., ਕੁਲ ਜੋੜ, ਟੋਟਲ, ਸੋਚ, ਧਿਆਨ

प्रसक्त–ਪ੍ਰਸਕ੍ਤ, ਇ.,ਲੱਗਿਆ ਹੋਇਆ, ਨਾਲ ਮਿਲਿਆ ਹੋਇਆ, ਜੁੜਿਆ ਹੋਇਆ

प्रसक्ति–ਪ੍ਰਸਕ੍ਤਿ, ਇ., ਮੇਲ, ਸਲਾਹ, ਭੀੜ, ਮੁਸੀਬਤ

प्रसङ्ग–ਪ੍ਰਸੰਗ, ਪੁ., ਕਥਾ, ਮੇਲ, ਕਾਰਣ, ਗੱਲ ਦਾ ਮੌਕਾ, ਤੀਵੀਂ ਨਾਲ ਮਨੁੱਖ ਦਾ ਮਿਲਣ, ਲਗਨ, ਵਿਸਥਾਰ

प्रसत्ति–ਪ੍ਰਸੱਤਿ, ਇ., ਸਫਾਈ, ਸ਼ੁੱਧੀ

प्रसन्न–ਪਸੰਨ, ਵਿ., ਖੁਸ਼, ਨਿਰਮਲ, ਸਬਰ ਵਾਲਾ

प्रसन्नता–ਪਸੰਨਤਾ, ਇ., ਮਿਹਰ, ਕਿਰਪਾ, ਖੁਸ਼ੀ, ਅਨੰਦ, ਤਸੱਲੀ

प्रसन्नात्मा–ਪ੍ਰਸੰਨਾਤਮਾ, ਵਿ., ਹਸਮੁਖ

प्रसभ–ਪ੍ਰਸਭ, ਵਿ.. ਜਬਰਦਸਤੀ ਸਬੰਧੀ

प्रसर–ਪ੍ਰਸਰ, ਪੁ., ਵਿਸਥਾਰ, ਫੈਲਾਉ. ਤੇਜ਼ੀ, ਸਮੂਹ, ਹਿੰਮਤ, ਬਹਾਦੁਰੀ, ਪ੍ਰੇਮ

प्रसरण–ਪ੍ਰਸਰਣ, ਪੁ., ਫੌਜ ਦਾ ਇੱਧਰ ਉੱਧਰ ਖਿਲਰਨ ਦਾ ਭਾਵ, ਅੱਗੇ ਵਧਣ ਦਾ ਭਾਵ, ਫੈਲਾਉ, ਦੇਖੋ ਪ੍ਰਸਰ (प्रसर)

प्रसरित–ਪ੍ਰਸਰਿਤ, ਵਿ., ਫੈਲਿਆ ਹੋਇਆ, ਅੱਗੇ ਵਧਿਆ ਹੋਇਆ

प्रसर्पण–ਪ੍ਰਸਰਪਣ, ਪੁ., ਫੈਲਾਉ, ਘੁਸਣ, ਵੜਨ, ਬੈਠਣ

प्रसर्पी–ਪ੍ਰਸਰਪੀ, ਵਿ., ਹੌਲੀ ਹੌਲੀ ਚੱਲਣ ਵਾਲਾ

प्रसव–ਪ੍ਰਸਵ, ਪੁ., ਬੱਚਾ ਪੈਦਾ ਕਰਨ ਦਾ ਭਾਵ, ਜਨਮ, ਉਲਾਦ, ਹੁਕਮ

प्रसवन–ਪ੍ਰਸਵਨ, ਪੁ., ਬੱਚਾ ਪੈਦਾ ਕਰਨ ਦੀ ਕਿਰਿਆ

प्रसववेदना–ਪ੍ਰਸਵਵੇਦਨਾ, ਇ., ਉਹ ਪੀੜ ਜੋ ਬੱਚਾ ਪੈਦਾ ਹੋਣ ਵੇਲੇ ਹੁੰਦੀ ਹੈ

प्रसविता–ਪ੍ਰਸਵਿਤਾ, ਵਿ., ਜਨਮ ਦੇਣ ਵਾਲਾ, ਹੁਕਮ ਦੇਣ ਵਾਲਾ, ਪਿਤਾ, ਬਾਪ

प्रसवित्री, प्रसविनी–ਪ੍ਰਸਵਿਤ੍ਰੀ, ਪ੍ਰਸਵਿਨੀ, ਇ., ਜਨਮ ਦੇਣ ਵਾਲੀ, ਮਾਂ

प्रसह–ਪ੍ਰਸਹ, ਪੁ., ਉਹ ਪੰਖੇਰੂ ਜੋ ਝਪਟਾ ਮਾਰ ਕੇ ਆਪਣਾ ਸ਼ਿਕਾਰ ਫੜਦੇ ਹਨ

प्रसहन–ਪ੍ਰਸਹਨ, ਪੁ., ਹਿੰਸਾ ਕਰਨ ਵਾਲੇ ਪਸੂ, ਗਲਵੱਕੜੀ, ਖਿਮਾ, ਸਹਿਣ ਦੀ ਤਾਕਤ

प्रसाद–ਪ੍ਰਸਾਦ, ਪੁ., ਪ੍ਰਸੰਨਤਾ, ਖੁਸ਼ੀ, ਮਿਹਰ, ਕਿਰਪਾ, ਸਫਾਈ, ਸਿਹਤ, ਦੇਵਤਾ ਜਾਂ ਵੱਡਿਆਂ ਦੀ ਦੇਣ, ਦੇਵਤੇ ਦਾ ਭੋਗ, ਭੋਜਨ, ਗੁਰੂ ਦੀ ਜੂਠ

प्रसादक–ਪ੍ਰਸਾਦਕ, ਵਿ.. ਪ੍ਰਸੰਨ ਕਰਨ ਵਾਲਾ, ਸਾਫ

प्रसादना–ਪ੍ਰਸਾਦਨਾ, ਇ., ਸੇਵਾ, ਖਿਦਮਤ

प्रसादनीय–ਪ੍ਰਸਾਦਨੀਜ, ਵਿ., ਪ੍ਰਸੰਨ ਕਰਨ ਜਗ

प्रसादी–ਪ੍ਰਸਾਦੀ, ਇ., ਨਈਵੇਂਦ, ਦੇਵਤਿਆਂ ਤੇ ਚੜ੍ਹਾਇਆ ਹੋਇਆ ਪਦਾਰਥ, ਉਹ ਪਦਾਰਥ ਜੋ ਵੱਡਾ ਛੋਟੇ ਨੂੰ ਦਿੰਦਾ ਹੈ

प्रसाधक–ਪ੍ਰਸਾਧਕ, ਵਿ., ਰਾਜੇ ਮਹਾਰਾਜਿਆਂ ਨੂੰ ਕਪੜੇ ਤੇ ਗਹਿਣੇ ਆਦਿਕ ਪਹਿਨਾਉਣ ਵਾਲਾ, ਸਜਾਉਣ ਵਾਲਾ

प्रसाधन–ਪ੍ਰਸਾਧਨ, ਪੁ., ਸ਼ਿੰਗਾਰ, ਸਜਾਉਟ, ਸੋਹਣੀ ਪੋਸ਼ਾਕ, ਕੰਘੀ ਪੱਟੀ

प्रसाधनी–ਪ੍ਰਸਾਧਨੀ, ਇ., ਕੰਘੀ

प्रसाधित–ਪ੍ਰਸਾਧਿਤ, ਵਿ., ਸਜਾਇਆ ਹੋਇਆ

प्रसार–ਪ੍ਰਸਾਰ, ਪੁ., ਵਿਸਥਾਰ, ਫੈਲਾਉ, ਇਧਰ ਉਧਰ ਜਾਣ ਦਾ ਭਾਵ

प्रसारण–ਪ੍ਰਸਾਰਣ, ਪੁ., ਫੈਲਾਉਣ ਦਾ ਭਾਵ ਪਸਾਰਨ ਦਾ

ਭਾਵ

प्रसारिणी–ਪ੍ਰਸਾਰਿਣੀ, ਇ., ਲਾਜਵੰਤੀ ਨਾਂ ਦੀ ਇਕ ਬੂਟੀ

प्रसारित–ਪ੍ਰਸਾਰਿਤ, ਵਿ., ਫੈਲਾਇਆ ਹੋਇਆ

प्रसारी–ਪ੍ਰਸਾਰੀ, ਵਿ., ਫੈਲਾਉਣ ਵਾਲਾ

प्रसित–ਪ੍ਰਸਿਤ, ਪੁ., ਮਵਾਦ, ਰਾਧ, ਪੀਕ

प्रसिति–ਪ੍ਰਸਿਤਿ, ਇ., ਲਾਟ, ਰੱਸੀ, ਕਿਰਣ

प्रसिद्ध–ਪ੍ਰਸਿੱਧ, ਵਿ., ਮਸ਼ਹੂਰ, ਸਜਾਇਆ ਹੋਇਆ, ਉੱਘਾ

प्रसिद्धि–ਪ੍ਰਸਿੱਧਿ, ਇ., ਮਸ਼ਹੂਰੀ, ਸ਼ਿੰਗਾਰ, ਸਜਾਵਟ.

प्रसुत–ਪ੍ਰਸੁਤ, ਵਿ., ਦਬਾ ਕੇ ਨਚੋੜਿਆ ਹੋਇਆ

प्रसुप्त–ਪ੍ਰਸੁਪ੍ਤ, ਵਿ., ਸੁੱਤਾ ਹੋਇਆ

प्रसुप्ति–ਪ੍ਰਸੁਪ੍ਤਿ, ਇ., ਗਹਿਰੀ ਨੀਂਦ, ਡੂੰਘੀ ਨੀਂਦ

प्रसू–ਪ੍ਰਸੂ, ਇ., ਮਾਂ, ਮਾਤਾ, ਝਾਈ, ਘੋੜੀ, ਕੇਲਾ, ਵਿ., ਪੈਦਾ ਕਰਨ ਵਾਲੀ

प्रसूत–ਪ੍ਰਸੂਤ, ਵਿ.,ਪੈਦਾ ਹੋਇਆ ਹੋਇਆ, ਪੁ., ਫੁੱਲ, ਤੀਵੀਆਂ ਦੀ ਇਕ ਬੀਮਾਰੀ ਜੋ ਬੱਚਾ ਪੈਦਾ ਹੋਣ ਮਗਰੋਂ ਹੁੰਦੀ ਹੈ

प्रसूता–ਪ੍ਰਸੂਤਾ, ਇ., ਬੱਚਾ ਪੈਦਾ ਕਰਨ ਵਾਲੀ ਔਰਤ

प्रसूति–ਪ੍ਰਸੂਤਿ, ਇ., ਦੇਖੋ ਪ੍ਰਸਵ (प्रसव) ਕਾਰਣ, ਪੈਦਾ ਹੋਣ ਵਾਲੀ ਥਾਂ, ਦਖਸ਼ ਪਰਜਾਪਤੀ ਦੀ ਵਹੁਟੀ ਦਾ ਨਾਉਂ, ਜੱਚਾ ਔਰਤ

प्रसूतिका–ਪ੍ਰਸੂਤਿਕਾ, ਇ., ਦੇਖੋ ਪ੍ਰਸੂਤਾ (प्रसूता)

प्रसून–ਪ੍ਰਸੂਨ, ਪੁ.,ਫੁੱਲ, ਅੱਕ ਦਾ ਬੂਟਾ

प्रसूनक–ਪ੍ਰਸੂਨਕ, ਪੁ., ਕਲੀ, ਫੁੱਲ

प्रसूनबाण, प्रसूनेषु–ਪ੍ਰਸੂਨਬਾਣ, ਪ੍ਰਸੂਨੇਸ਼ੁ, ਪੁ., ਕਾਮਦੇਵ

प्रसृत–ਪ੍ਰਸ੍ਰਿਤ, ਵਿ., ਫੈਲਿਆ ਹੋਇਆ, ਭੇਜਿਆ ਹੋਇਆ, ਨਿਯੁਕਤ,ਗਿਆ ਹੋਇਆ,ਵਧਿਆ ਹੋਇਆ,ਤਤਪਰ, ਪੁ.,ਲੱਪ

प्रसृता–ਪ੍ਰਸ੍ਰਿਤਾ, ਇ., ਪੱਟ

प्रसृति–ਪ੍ਰਸ੍ਰਿਤਿ. ਇ., ਵਿਸਥਾਰ, ਫੈਲਾਉ, ਸੋਲਾਂ ਤੋਲੇ ਦਾ ਤੋਲ, ਉਲਾਦ

प्रसृष्ट–ਪ੍ਰਸ੍ਰਿਸ਼੍ਟ, ਵਿ., ਛੱਡਿਆ ਹੋਇਆ, ਦੁਖੀ

प्रसेक–ਪ੍ਰਸੇਕ, ਪੁ., ਸੇਕਣ ਦਾ ਭਾਵ, ਛਿੜਕਾਉ,ਟਿਕ ਬੀਮਾਰੀ, ਨਿਚੋੜ

प्रसेदिका–ਪ੍ਰਸੇਦਿਕਾ, ਇ., ਛੋਟਾ ਬਗੀਚਾ, ਫੁਲਵਾੜੀ

प्रसेव–ਪ੍ਰਸੇਵ, ਪੁ., ਬੀਨ ਦੀ ਤੂੰਬੀ, ਕਪੜੇ ਦੀ ਥੈਲੀ, ਵਿ., ਸੀਉਂਤਾ ਹੋਇਆ, ਮਸ਼ਹੂਰ

प्रस्कन्दन–ਪ੍ਰਸਕੰਦਨ, ਪੁ., ਜੁਲਾਬ, ਦਸਤ, ਸ਼ਿਵ, ਮਹਾਦੇਵ

प्रस्कन्दिका–ਪ੍ਰਸਕੰਦਿਕਾ, ਇ., ਸੰਗਰਹਿਣੀ ਰੋਗ

प्रस्खलन–ਪ੍ਰਸਖਲਨ,ਪੁ.,ਡਿੱਗਣ ਦਾ ਭਾਵ, ਗਿਰਾਵਟ, ਤਿਲ੍ਹਕਣ ਦਾ ਭਾਵ

प्रस्तर–ਪ੍ਰਸ੍ਤਰ, ਪੁ,, ਸਿਲ, ਪੱਥਰ, ਮਣੀ, ਬਿਛਾਉਣਾ, ਚੰਮ ਥੈਲੀ, ਪੱਧਰ ਧਰਤੀ

प्रस्तरण–ਪ੍ਰਸ੍ਤਰਣ, ਪੁ. ਬਿਛਾਉਣਾ, ਬਿਸਤਰਾ

प्रस्तरोपल–ਪ੍ਰਸ੍ਤਰੋਪਲ, ਪੁ., ਚੰਦਰਕਾਂਤ ਮਣੀ

प्रस्तार–ਪ੍ਰਸ੍ਤਾਰ, ਪੁ., ਫੈਲਾਉ, ਵਿਸਥਾਰ, ਬਹੁਤੀ, ਘਾਹ ਜਾਂ ਪੱਤਿਆਂ ਦਾ ਬਿਛਾਉਣਾ, ਤਹਿ, ਪੱਧਰ ਧਰਤੀ, ਪੌੜੀ, ਘਾਹ ਦਾ ਜੰਗਲ, ਛੰਦਾਂ ਦੇ ਭੇਦ ਮਾਲੂਮ ਕਰਨ ਦਾ ਸਾਧਨ

प्रस्ताव–ਪ੍ਰਸ੍ਤਾਵ, ਪੁ., ਮੌਕਾ, ਪਰਸੰਗ, ਛਿੜੀ ਹੋਈ ਗੱਲ, ਕਥਾ, ਮਜ਼ਮੂਨ, ਜ਼ਿਕਰ, ਲੇਖ,

प्रस्तावना–ਪ੍ਰਸ੍ਤਾਵਨਾ, ਇ., ਅਰੰਭ, ਕਿਸੇ ਲੇਖ ਆਦਿਕ ਦੇ ਅਰੰਭ ਕਰਨ ਤੋਂ ਪਹਿਲਾਂ ਕਹੀਆਂ ਹੋਈਆਂ ਗੱਲਾਂ, ਭੂਮਕਾ, ਨਾਟਕ ਵਿਚ ਸ਼ੁਰੂ ਹੋਣ ਤੋਂ ਪਹਿਲਾਂ ਦਾ ਪਰਸੰਗ, ਮੁਖ ਬੰਧ

प्रस्तावित–ਪ੍ਰਸ੍ਤਾਵਿਤ, ਵਿ., ਜਿਸ ਲਈ ਮਤਾ ਹੋਇਆ ਹੋਵੇ, ਜਿਸ ਦੀ ਗੱਲ ਚੱਕੀ ਗਈ ਹੋਵੇ, ਜੋ ਮੂਹਰੇ ਹੋਵੇ, ਤਿਆਰ, ਜੋ ਕੀਤਾ ਗਿਆ ਹੋਵੇ

प्रस्तुत–ਪ੍ਰਸਤੁਤ, ਵਿ., ਜੋਗ, ਲਾਇਕ, ਪ੍ਰਾਪਤ, ਤਿਆਰ, ਜੋ ਕਹਿਆ ਗਿਆ ਹੋਵੇ

प्रस्थ–ਪ੍ਰਸਥ, ਪੁ., ਪਹਾੜ ਦੇ ਉਪਰ ਦੀ ਚੌਰਸ ਧਰਤੀ, ਪੁਰਾਣੇ ਜ਼ਮਾਨੇ ਦਾ ਇਕ ਤੋਲ, ਪਹਾੜ ਦੀ ਉੱਚੀ ਥਾਂ, ਫੈਲਾਉ

प्रस्थकुसुम, प्रस्थपुष्प–ਪ੍ਰਸਥਕੁਸੁਮ, ਪ੍ਰਸਥਪੁਸ਼ਪ, ਪੁ., ਮਰੁਏ ਦਾ ਬੂਟਾ, ਛੋਟੇ ਪੱਤਿਆਂ ਦੀ ਤੁਲਸੀ, ਜੰਭੀਰੀ ਨੇਂਬੂ

प्रस्थान–ਪ੍ਰਸਥਾਨ, ਪੁ., ਰਾਹ, ਰਸਤਾ, ਰਵਾਨਗੀ, ਸਫਰ, ਕੂਚ, ਪਹਿਰਣ ਦੇ ਕਪੜੇ ਆਦਿਕ ਜੋ ਮਹੂਰਤ ਠੀਕ ਨਾਂ ਹੋਣ ਨਾਲ ਸਫਰ ਕਰਨ ਵਾਲੇ ਪਾਸੇ ਕਿਸੇ ਦੇ ਘਰ ਰੱਖ ਆਉਂਦੇ ਹਨ ਅਤੇ ਸਫਰ ਕਕਨ ਵੇਲੇ ਲੈ ਲੈਂਦੇ ਹਨ

प्रस्थानी–ਪ੍ਰਸਥਾਨੀ, ਵਿ., ਜਾਣ ਵਾਲਾ, ਸਫਰ ਕਰਨ ਵਾਲਾ

प्रस्थापन–ਪ੍ਰਸਥਾਪਨ, ਪੁ., ਰੱਖਣ ਜਾਂ ਭੇਜਣ ਦੀ ਕਿਰਿਆ

प्रस्थापित–ਪ੍ਰਸਥਾਪਿਤ, ਵਿ., ਚੰਗੀ ਤਰ੍ਹਾਂ ਰੱਖਿਆ ਹੋਇਆ, ਭੇਜਿਆ ਹੋਇਆ

प्रस्थायी–ਪ੍ਰਸਥਾਯੀ, ਵਿ., ਜਿਸ ਨੇ ਸਫਰ ਕਰਨਾ ਹੈ

प्रस्थिका–ਪ੍ਰਸਥਿਕਾ, ਇ., ਅੰਬ ਜਿੱਡਾ ਇਕ ਰੁੱਖ ਜਿਸ ਦੇ ਫਲ ਖੱਟੇ ਹੁੰਦੇ ਹਨ ਅਤੇ ਅਚਾਰ ਬਨਾਉਣ ਦੇ ਕੰਮ ਆਉਂਦੇ ਹਨ, ਪੁਦੀਨਾ

प्रस्थित–ਪ੍ਰਸਥਿਤ, ਵਿ., ਜੋ ਜਾਣ ਨੂੰ ਤਿਆਰ ਹੋਵੇ, ਸਥਿਰ, ਪੱਕਾ, ਮਜ਼ਬੂਤ, ਜੋ ਚਲਿਆ ਗਿਆ ਹੋਵੇ

प्रस्नुषा–ਪ੍ਰਸਨੁਸ਼ਾ, ਇ., ਨੂੰਹ, ਪੁੱਤਰ ਦੀ ਵਹੁਟੀ

प्रस्फुट–ਪ੍ਰਸਫੁਟ, ਵਿ., ਖਿੜਿਆ ਹੋਇਆ, ਸਾਫ਼

प्रस्फुरण–ਪ੍ਰਸਫੁਰਣ, ਪੁ., ਜ਼ਾਹਰ ਹੋਣ ਦੀ ਕਿਰਿਆ

प्रस्रव–ਪ੍ਰਸ੍ਰਵ, ਪੁ., ਵਗਣ, ਝਰਣ ਦਾ ਭਾਵ

प्रस्रवण–ਪ੍ਰਸ੍ਰਵਣ, ਪੁ., ਪਸੀਨਾ, ਸੋਤਾ, ਚਸ਼ਮਾ, ਝਰਨਾ

प्रस्राव–ਪ੍ਰਸ੍ਰਾਵ, ਪੁ., ਚੰਗੀ ਤਰ੍ਹਾਂ ਨਾਲ ਵਗਣ ਦਾ ਭਾਵ, ਮੂਤ੍ਰ, ਪੇਸ਼ਾਬ

प्रस्रुत–ਪ੍ਰਸ੍ਰੁਤ, ਵਿ., ਝੜਿਆ ਹੋਇਆ, ਡਿਗਿਆ ਹੋਇਆ

प्रस्वाद–ਪ੍ਰਸ੍ਵਾਦ, ਵਿ., ਜ਼ਾਇਕੇਦਾਰ

प्रस्वाप–ਪ੍ਰਸ੍ਵਾਪ, ਪੁ., ਉਹ ਚੀਜ਼ ਜਿਸ ਦੇ ਵਰਤਣ ਨਾਲ ਨੀਂਦ

ਆਵ

प्रस्वेद–ਪ੍ਰਸ੍ਵੇਦ, ਪੁ., ਧਰਮ, ਪਸੀਨਾ

प्रहत–ਪ੍ਰਹਤ. ਵਿ., ਫੈਲਾਇਆ ਹੋਇਆ, ਝੰਬਿਆ ਹੋਇਆ, ਪੁ., ਠੋਕਰ, ਵਾਰ

प्रहर–ਪ੍ਰਹਰ, ਪੁ., ਦਿਨ ਰਾਤ ਦਾ ਅੱਠਵਾਂ ਹਿੱਸਾ, ਪਹਰ, ਤਿੰਨ ਘੰਟੇ ਦਾ ਸਮਾ

प्रहरक–ਪ੍ਰਹਰਕ, ਪੁ., ਪਹਿਰੇਦਾਰ ਜੋ ਘੰਟਾ ਵਜਾਉਂਦਾ ਹੈ

प्रहरी–ਪ੍ਰਹਰੀ. ਪੁ., ਪਹਿਰੇਦਾਰ, ਪਹਿਰ ਪਹਿਰ ਤੇ ਘੰਟਾ ਵਜਾਉਣ ਵਾਲਾ

प्रहर्तृ.–ਪ੍ਰਹਰਤਾ, ਵਿ., ਪ੍ਰਹਾਰ ਕਰਨ ਵਾਲਾ, ਜੋਧਾ

प्रहर्ष–ਪ੍ਰਹਰਸ਼, ਪੁ., ਬਹੁਤ ਖੁਸ਼ੀ

प्रहसन–ਪ੍ਰਹਸਨ, ਪੁ., ਜ਼ੋਰ ਦਾ ਹਾਸਾ, ਚੁਹਲਬਾਜ਼ੀ, ਨਾਟਕ ਦਾ ਇਕ ਭੇਦ

प्रहार–ਪ੍ਰਹਾਰ, ਪੁ., ਚੋਟ, ਸੱਟ, ਜੁੱਧ, ਵਾਰ

प्रहारक–ਪ੍ਰਹਾਰਕ, ਪੁ., ਵਾਰ ਕਰਨ ਵਾਲਾ

प्रहारना–ਪ੍ਰਹਾਰਨਾ, ਕ੍ਰਿ , ਮਾਰਨਾ, ਚੋਟ ਪਹੁੰਚਾਉਣੀ

प्रहारित–ਪ੍ਰਹਾਰਿਤ, ਵਿ., ਜਿਸ ਉਤੇ ਵਾਰ ਕੀਤਾ ਗਿਆ ਹੋਵੇ

प्रहारी- ਪ੍ਰਹਾਰੀ, ਵਿ., ਵਾਰ ਕਰਨ ਵਾਲਾ, ਮਾਰਣ ਵਾਲਾ, ਨਾਸ ਕਰਨ ਵਾਲਾ. ਚਲਾਉਣ ਵਾਲਾ

प्रहास–ਪ੍ਰਹਾਸ, ਪੁ., ਜੋਰ ਦਾ ਹਾਸਾ, ਚੁਹਲਬਾਜ਼ੀ, ਨਟ, ਸ਼ਿਵ, ਮਸ਼ਕਰੀ, ਹਾਸਾ ਠਠਾ

प्रहासी–ਪ੍ਰਹਾਸੀ, ਵਿ., ਖੂਬ ਹੱਸਣ ਵਾਲਾ ਜ਼ਾਂ ਹਸਾਉਣ ਵਾਲਾ

प्रहित–ਪ੍ਰਹਿਤ, ਵਿ., ਸਿੱਟਿਆ ਹੋਇਆ, ਉਕਸਾਇਆ ਹੋਇਆ

प्रहृष्ट–ਪ੍ਰਹ੍ਰਿਸ਼ਟ, ਵਿ., ਬਹੁਤ ਪ੍ਰਸੰਨ, ਬਹੁਤ ਖੁਸ਼

प्रहेणक, प्रहेलक–ਪ੍ਰਹੇਣਕ, ਪ੍ਰਹੇਲਕ, ਪੁ., ਲਾਪਸੀ, ਗੋਈ, ਅੰਮ੍ਰਤੀ, ਕੜ੍ਹੀ

प्रहेलिका–ਪ੍ਰਹੇਲਿਕਾ, ਇ., ਪਹੇਲੀ, ਬੁਝਾਰਤ, ਬਾਤ, ਕਥ

प्रह्लाद–ਪ੍ਰਹਲਾਦ, ਪੁ.. ਇਕ ਭਗਤ, ਖੁਸ਼ੀ, ਪ੍ਰਸੰਨਤਾ

प्रह्लादक–ਪ੍ਰਹਲਾਦਕ, ਵਿ., ਖੁਸ਼ ਕਰਨ ਵਾਲਾ,

प्रह्लादन–ਪ੍ਰਹਲਾਦਨ, ਪੁ., ਖੁਸ਼ ਕਰਨ ਦਾ ਭਾਵ

प्रह्व–ਪ੍ਰਹ੍ਵ, ਵਿ., ਸਾਊ, ਬੀਬਾ, ਨਿੰਮ੍ਰਤਾ ਵਾਲਾ

प्रह्वण–ਪ੍ਰਹ੍ਵਣ, ਪੁ., ਬੁਲਾਉਣ ਦੀ ਕਿਰਿਆ

प्रांगण–ਪ੍ਰਾਂਗਣ, ਪੁ.,ਬਿਹੜਾ, ਘਰ ਦੇ ਅੱਗੇ ਜਾਂ ਅੰਦਰ ਦੀ ਖੁਲ੍ਹੀ ਥਾਂ, ਸਹਿਨ, ਅੰਗਣ

प्रांजल–ਪ੍ਰਾਂਜਲ. ਵਿ., ਸਿੱਧਾ, ਸੱਚਾ, ਸਰਲ, ਬਰਾਬਰ, ਜੋ ਵੱਧ ਘਟ ਨਾ ਹੋਵੇ

प्रांजलि–ਪ੍ਰਾਂਜਲਿ, ਵਿ., ਜਿਸ ਨੇ ਹੱਥ ਜੋੜੇ ਹੋਏ ਹੋਣ, ਇ., ਬੁਕ, ਉਂਜਲ

प्रांत–ਪ੍ਰਾਂਤ ਪੁ., ਅੰਤ, ਹੱਦ, ਕਿਨਾਰਾ, ਸਿਰਾ, ਪਾਸਾ, ਤਰਫ ਕਿਸੇ ਮੁਲਕ ਦਾ ਇਕ ਹਿੱਸਾ, ਸੂਬਾ

प्रांतग–ਪ੍ਰਾਂਤਗ, ਵਿ., ਜੋ ਸੂਬੇ ਵਿਚ ਜਾਂ ਸਰਹੱਦ ਤੇ ਰਹਿੰਦਾ ਹੋਵੇ

प्रांतदुर्ग–ਪ੍ਰਾਂਤਦੁਰਗ, ਪੁ., ਉਹ ਕਿਲਾ ਜੋ ਨੱਗਰ ਦੇ ਕਿਨਾਰੇ ਜਾਂ ਚਾਰਦੀਵਾਰੀ ਤੋਂ ਬਾਹਰ ਹੋਵੇ

प्रांतर–ਪ੍ਰਾਂਤਰ, ਪੁ., ਦੋ ਪਿੰਡਾਂ ਦੇ ਵਿਚਕਾਰਲੀ ਧਰਤੀ, ਜੰਗਲ, ਰੁੱਖ ਦੇ ਵਿਚਕਾਰਲੀ ਖੋਖਲੀ ਥਾਂ

प्रांतीय–ਪ੍ਰਾਂਤੀਯ, ਵਿ., ਸੂਬੇ ਨਾਲ ਸਬੰਧ ਰੱਖਣ ਵਾਲਾ, ਸੂਬਈ

प्रांशु–ਪ੍ਰਾਂਸ਼ੁ, ਵਿ., ਉੱਚਾ

प्राकर्षिक–ਪ੍ਰਾਕਰਸ਼ਿਕ, ਪੁ., ਤੀਵੀਆਂ ਵਿਚ ਨੱਚਣ ਵਾਲਾ ਮਨੁੱਖ ਰੰਡੀਆਂ ਦਾ ਦਲਾਲ, ਭੜੂਆ, ਕੰਜਰ

प्राकार–ਪ੍ਰਾਕਾਰ, ਪੁ., ਚਾਰ ਦੀਵਾਰੀ, ਕੋਟ, ਉਹ ਕੰਧ ਜੋ ਸ਼ਹਿਰ ਜਾਂ ਕਿਲੇ ਦੀ ਰੱਖਿਆ ਲਈ ਬਣਾਈ ਜਾਂਦੀ ਹੈ

प्राकृत–ਪ੍ਰਾਕ੍ਰਿਤ, ਵਿ., ਕੁਦਰਤੀ, ਸਹਿਜੇ, ਸਧਾਰਣ, ਮਮੂਲੀ, ਨੀਚ, ਸੁਭਾਵਕ, ਇ., ਇਕ ਬੋਲੀ ਜੋ ਪੁਰਾਣੇ ਸਮੇ ਵਿਚ ਬੋਲੀ ਜਾਂਦੀ ਸੀ

प्राकृतज्वर–ਪ੍ਰਾਕ੍ਰਿਤਜ੍ਵਰ, ਪੁ., ਮੌਸਮੀ ਬੁਖਾਰ

प्राकृतिक–ਪ੍ਰਾਕ੍ਰਿਤਿਕ, ਵਿ., ਸਧਾਰਣ, ਮਮੂਲੀ, ਸੁਭਾਵਕ, ਸੰਸਾਰ ਸਬੰਧੀ

प्राकृतिकभूगोल–ਪ੍ਰਾਕ੍ਰਿਤਿਕਭੂਗੋਲ, ਪੁ., ਭੂਗੋਲ ਵਿਦਿਆ ਦਾ ਅੰਗ

प्राक्–ਪ੍ਰਾਕ, ਵਿ., ਪਹਿਲੇ ਤੋਂ ਮੂਹਰਲਾ, ਪੁ., ਪੂਰਬ, ਪੁਰਾ

प्राक्तन–ਪ੍ਰਾਕ੍ਤਨ, ਵਿ., ਪੁਰਾਣਾ

प्राखर्य–ਪ੍ਰਾਖਰਯ, ਪੁ.,ਤੇਜ਼ੀ, ਰੁੱਖਾਪਣ

प्रागल्भ्य–ਪ੍ਰਾਗਲਭ੍ਯ, ਪੁ., ਨਿਧੜਕਪਣਾ, ਹਿੰਮਤ, ਹੌਸਲਾ ਪ੍ਰਧਾਨਗੀ, ਘਮੰਡ, ਚਤਰਾਈ, ਹੁਸ਼ਿਆਰੀ, ਬਹਾਦਰੀ

प्रागभाव–ਪ੍ਰਾਗਭਾਵ, ਪੁ., ਉਹ ਪਦਾਰਥ ਜਿਸ ਦਾ ਮੁੱਢ ਨਾ ਹੋਵੇ ਅਤੇ ਅਖੀਰ ਹੋਵੇ

प्राग्सर–ਪ੍ਰਾਗਸਰ, ਵਿ., ਪਹਿਲਾ, ਸਰੇਸ਼ਟ

प्राग्वत्–ਪ੍ਰਾਗ੍ਵਤ, ਅਵ੍ਯ., ਪਹਿਲਾਂ ਵਾਂਙ

प्राङ्ग–ਪ੍ਰਾਂਗ, ਪੁ., ਤਬਲਾ, ਛੋਟਾ ਨਗਾਰਾ

प्राङ्मुख–ਪ੍ਰਾਂਙਮੁਖ, ਵਿ.,ਜਿਸ ਦਾ ਮੂੰਹ ਚੜ੍ਹਦੇ ਵੱਲ ਹੋਵੇ

प्राचार्य–ਪ੍ਰਾਚਾਰਯ, ਪੁ., ਗੁਰੂ, ਵਿਦਵਾਨ, ਪੰਡਿਤ

प्राचिका–ਪ੍ਰਾਚਿਕਾ ਇ , ਇਕ ਤਰ੍ਹਾਂ ਦੀ ਜੰਗਲੀ ਮੱਖੀ

प्राची- ਪ੍ਰਾਚੀ, ਇ . ਪੂਰਬ ਦਿਸ਼ਾ

प्राचीन–ਪ੍ਰਾਚੀਨ, ਵਿ., ਪਹਿਲਾਂ ਦਾ, ਬੁੱਢਾ, ਪੁਰਾਣਾ

प्राचीनता–ਪ੍ਰਾਚੀਨਤਾ, ਇ., ਪੁਰਾਣਾਪਣ

प्राचीनतिलक–ਪ੍ਰਾਚੀਨਤਿਲਕ,ਪੁ., ਚੰਦ, ਚੰਨ

प्राचीनशाल–ਪ੍ਰਾਚੀਨਸ਼ਾਲ, ਪੁ., ਪੁਰਾਣਾ ਘਰ

प्राचीपति–ਪ੍ਰਾਚੀਪਤਿ, ਪੁ., ਇੰਦਰ ਦੇਵਤਾ

प्राचीर–ਪ੍ਰਾਚੀਰ, ਪੁ., ਚਾਰ ਦੀਵਾਰੀ, ਕੋਟ

प्राचुर्य–ਪ੍ਰਾਚੁਰਯ, ਪੁ., ਬਹੁਤਾਤ, ਜ਼ਿਆਦਤੀ

प्राचेतस्–ਪ੍ਰਾਚੇਤਸ, ਪੁ., ਬਾਲਮੀਕ ਮੁਨੀ ਦਾ ਨਾਉਂ, ਵਿਸ਼ਨੂੰ ਵਰੁਣ ਦੇ ਪੁੱਤਰ ਦਾ ਨਾਉਂ

प्राच्य–ਪ੍ਰਾਚ੍ਯ, ਪੁ , ਪੂਰਬ ਦਾ ਰਹਿਣ ਵਾਲਾ, ਵਿ.,ਪੁਰਾਣਾ

प्राजन–ਪ੍ਰਾਜਨ, ਪੁ., ਚਾਬਕ, ਛਾਂਟਾ, ਕੋੜਾ, ਪਰਾਣੀ

प्राजापत्य–ਪ੍ਰਾਜਾਪਤਜ, ਪੁ., ਬਾਰਾਂ ਦਿਨਾਂ ਦੇ ਇਕ ਬਰਤ ਦਾ ਨਾਉਂ, ਅੱਠ ਕਿਸਮ ਦੇ ਵਿਆਹਾਂ ਵਿਚੋਂ ਇਕ ਵਿਆਹ

प्राजिक–ਪ੍ਰਾਜਿਕ, ਪੁ., ਬਾਜ਼ ਨਾਉਂ ਦਾ ਪੰਛੀ

प्राज्ञ–ਪ੍ਰਾਗਜ, ਵਿ., ਵਿਦਵਾਨ, ਸਮਝਦਾਰ, ਪੰਡਿਤ

प्राज्य–ਪ੍ਰਾਜਜ, ਵਿ., ਬਹੁਤ, ਜ਼ਿਆਦਾ, ਜਿਸ ਚੀਜ਼ ਵਿਚ ਘਿਉ ਜ਼ਿਆਦਾ ਹੋਵੇ

प्राड्विवाक–ਪ੍ਰਾਡਵਿਵਾਕ, ਪੁ., ਇਨਸਾਫ ਕਰਨ ਵਾਲਾ, ਜੱਜ

प्राण–ਪ੍ਰਾਣ, ਪੁ., ਹਵਾ, ਸਰੀਰ ਦੀ ਉਹ ਹਵਾ ਜਿਸ ਕਰਕੇ ਮਨੁੱਖ ਜ਼ਿੰਦਾ ਹੈ, ਸਾਹ, ਪਿਆਰਾ ਮਨੁੱਖ, ਜਾਨ, ਜਿੰਦ, ਰੂਹ

प्राणआधार–ਪ੍ਰਾਣਆਧਾਰ, ਪੁ., ਪੱਤੀ, ਪਿਆਰਾ ਮਨੁੱਖ, ਖੌਂਦ

प्राणकांत–ਪ੍ਰਾਣਕਾਂਤ, ਪੁ., ਦੇਖੋ ਪ੍ਰਾਣਆਧਾਰ (प्राणआधार)

प्राणघात–ਪ੍ਰਾਣਘਾਤ, ਪੁ., ਹੱਤਿਆ, ਕਤਲ

प्रणजीवन–ਪ੍ਰਾਣਜੀਵਨ, ਪੁ., ਬਹੁਤ ਪਿਆਰਾ ਆਦਮੀ

प्राणत्याग–ਪ੍ਰਾਣਤਜਾਗ, ਪੁ., ਮੌਤ, ਮਰਣ

प्राणद–ਪ੍ਰਾਣਦ, ਵਿ., ਜਿੰਦ ਰੱਖਣ ਵਾਲਾ, ਪੁ., ਪਾਣੀ, ਲਹੂ, ਖੂਨ, ਜੀਵਕ ਨਾਉਂ ਦਾ ਰੁੱਖ, ਵਿਸ਼ਨੂੰ

प्राणदा–ਪ੍ਰਾਣਦਾ, ਇ., ਹਰੜ

प्राणदाता–ਪ੍ਰਾਣਦਾਤਾ, ਵਿ., ਦੇਖੋ ਪ੍ਰਾਣਦ (प्राणद)

प्राणदान–ਪ੍ਰਾਣਦਾਨ, ਪੁ, ਜਿੰਦ-ਬਖਸ਼ਣ ਦਾ ਕੰਮ, ਮਰਣ ਤੋਂ ਬਚਾਉਣ ਦਾ ਕੰਮ

प्राणधन–ਪ੍ਰਾਣਧਨ, ਪੁ., ਬਹੁਤ ਪਿਆਰਾ, ਸਵਾਮੀ. ਖੌਂਦ

प्राणधारी–ਪ੍ਰਾਣਧਾਰੀ, ਵਿ., ਜੋ ਸਾਹ ਲੈਂਦਾ ਹੋਵੇ, ਜਿਉਂਦਾ

प्राणनाथ–ਪ੍ਰਾਣਨਾਥ, ਪੁ., ਮਾਲਕ, ਪਤੀ, ਖਸਮ, ਪਿਆਰਾ

प्राणनिग्रह–ਪ੍ਰਾਣਨਿਗ੍ਰਹ, ਪੁ., ਪ੍ਰਾਣਾਯਾਮ ਦੀ ਕਿਰਿਆ

प्राणपति–ਪ੍ਰਾਣਪਤਿ, ਪੁ., ਦਿਲ, ਪਤੀ, ਖਸਮ, ਪਿਆਰਾ

प्राणपरिवर्तन–ਪ੍ਰਾਣਪਰਿਵਰਤਨ, ਪੁ., ਸਰੀਰ ਬਦਲਣ ਦਾ ਭਾਵ

प्राणप्यारा–ਪ੍ਰਾਣਪਜਾਰਾ, ਪੁ., ਮਾਲਕ, ਪਤੀ, ਖਸਮ

प्राणप्रतिष्ठा–ਪ੍ਰਾਣਪ੍ਰਤਿਸ਼ਠਾ, ਇ., ਮੂਰਤ ਰਖ ਕੇ ਮੰਤਰਾਂ ਨਾਲ ਸਾਹ ਭਰਨ ਦਾ ਭਾਵ

प्राणप्रिय–ਪ੍ਰਾਣਪ੍ਰਿਜ, ਵਿ., ਬਹੁਤ ਪਿਆਰਾ

प्राणवल्लभ–ਪ੍ਰਾਣਬੱਲਭ, ਪੁ, ਬਹੁਤ ਪਿਆਰਾ, ਪਤੀ, ਖੌਂਦ

प्राणमय–ਪ੍ਰਾਣਮਜ, ਵਿ., ਜਿਸ ਵਿਚ ਸਾਹ ਹੋਣ

प्राणरंध्र–ਪ੍ਰਾਣਰੰਧ੍ਰ, ਪੁ., ਨੱਕ, ਮੂੰਹ

प्राणशरीर–ਪ੍ਰਾਣਸ਼ਰੀਰ, ਪੁ., ਇਕ ਸੂਖਮ ਸਰੀਰ, ਪਰਮੇਸਰ

प्राणसंशय. प्राणसङ्कट, प्रणसन्देह–ਪ੍ਰਾਣਸੰਸ਼ਜ, ਪ੍ਰਾਣਸੰਕਟ, ਪ੍ਰਾਣਸੰਦੇਹ, ਪੁ., ਜਿੰਦ ਦਾ ਸੰਸਾ, ਜਾਨ ਜੋਖੋਂ ਵਿਚ ਹੋਣ ਦਾ ਭਾਵ

प्राणसम–ਪ੍ਰਾਣਸਮ, ਪੁ., ਪ੍ਰਾਣਾਂ ਬਰਾਬਰ, ਪ੍ਰਾਣਾ ਵਾਙ

प्राणसम्भृत–ਪ੍ਰਾਣਸੰਭ੍ਰਤ, ਪੁ., ਹਵਾ

प्राणसार–ਪ੍ਰਾਣਸਾਰ, ਪੁ., ਤਾਕਤ ਵਾਲਾ, ਤਕੜਾ

प्राणहर–ਪ੍ਰਾਣਹਰ, ਵਿ., ਨਾਸ ਕਰਨ ਵਾਲਾ, ਮਾਰਨ ਵਾਲਾ, ਪੁ., ਜ਼ਹਿਰ

प्राणहारी–ਪ੍ਰਾਣਹਾਰੀ, ਵਿ., ਮਾਰ ਮੁਕਾਉਣ ਵਾਲਾ

प्राणान्त–ਪ੍ਰਾਣਾਂਤ, ਪੁ., ਮੌਤ

प्राणान्तक–ਪ੍ਰਾਣਾਂਤਕ, ਵਿ., ਪ੍ਰਾਣ ਲੈਣ ਵਾਲਾ

प्राणाधार, प्राणाधिक–ਪ੍ਰਾਣਾਧਾਰ, ਪ੍ਰਾਣਾਧਿਕ, ਵਿ., ਪ੍ਰਾਣਾਂ ਤੋਂ ਵੀ ਜ਼ਿਆਦਾ ਪਿਆਰਾ, ਪਤੀ, ਮਾਲਕ

प्राणायाम–ਪ੍ਰਾਣਾਯਾਮ, ਪੁ., ਜੋਗ ਦਾ ਇਕ ਅੰਗ, ਸਾਹ ਨੂੰ ਬ੍ਰਹਮਾਂਡ ਵਲ ਲੈ ਜਾਣ ਦੀ ਕਿਰਿਆ

प्राणी–ਪ੍ਰਾਣੀ, ਪੁ., ਪ੍ਰਾਣ ਧਾਰਨ ਕਰਨ ਵਾਲਾ ਵਿਅਕਤੀ, ਵਿ., ਜਿਸ ਵਿਚ ਸਾਹ ਹੋਣ

प्राणेश, प्राणेश्वर–ਪ੍ਰਾਣੇਸ਼, ਪ੍ਰਾਣੇਸ਼੍ਵਰ, ਪੁ., ਮਾਲਕ, ਪਤੀ, ਪ੍ਰੇਮੀ, ਬਹੁਤ ਪਿਆਰਾ

प्रात–ਪ੍ਰਾਤ, ਅਵਜ., ਸਵੇਰੇ, ਤੜਕੇ, ਪੁ., ਪ੍ਰਭਾਤ, ਸਵੇਰਾ

प्रातः–ਪ੍ਰਾਤः, ਪੁ., ਪ੍ਰਭਾਤ, ਸਵੇਰ, ਸੁਭਾ

प्रातःकाल–ਪ੍ਰਾਤःਕਾਲ, ਪੁ., ਪ੍ਰਭਾਤ ਦਾ ਵੇਲਾ, ਅੰਮ੍ਰਿਤ ਵੇਲਾ, ਸਵੇਰੇ ਦਾ ਸਮਾ

प्रातःकालीन–ਪ੍ਰਾਤःਕਾਲੀਨ, ਵਿ., ਸਵੇਰ ਸਬੰਧੀ, ਸਵੇਰ ਦਾ

प्रातःकृत्य–ਪ੍ਰਾਤःਕ੍ਰਿਤਜ, ਪੁ., ਸਵੇਰੇ ਕੀਤੀ ਜਾਣ ਵਾਲੀ ਪੂਜਾ ਆਦਿਕ ਕਰਮ

प्रातःस्नायी–ਪ੍ਰਾਤःਸ੍ਨਾਯੀ, ਵਿ., ਸਵੇਰੇ ਹੀ ਇਸ਼ਨਾਨ ਕਰਨ ਵਾਲਾ

प्रातःस्मरण–ਪ੍ਰਾਤःਸਮਰਣ, ਪੁ., ਅੰਮ੍ਰਿਤ ਵੇਲੇ ਦਾ ਜਾਪ

प्रातःस्मरणीय–ਪ੍ਰਾਤःਸਮਰਣੀਯ ਵਿ., ਅੰਮ੍ਰਿਤ ਵੇਲੇ ਜਪ ਕਰਨ ਦੇ ਜੋਗ, ਸਵੇਰੇ ਨਾਉਂ ਲੈਣ ਜੋਗ

प्रातनाथ–ਪ੍ਰਾਤਨਾਥ, ਪੁ., ਸੂਰਜ

प्रातराश–ਪ੍ਰਾਤਰਾਸ਼, ਪੁ., ਸਵੇਰ ਦੀ ਰੋਟੀ, ਹਾਜਰੀ

प्रातिकामी–ਪ੍ਰਾਤਿਕਾਮੀ, ਪੁ., ਸੇਵਾਦਾਰ, ਨੌਕਰ, ਦੁਰਯੋਧਨ ਦੇ ਇਕ ਦੂਤ ਦਾ ਨਾਉਂ

प्रातिपदिक–ਪ੍ਰਾਤਿਪਦਿਕ. ਪੁ., ਅਗਨੀ, ਸੰਸਕ੍ਰਿਤ ਵਿਆਕਰਣ ਵਿਚ ਉਹ ਅਰਥ ਵਾਲੇ ਸ਼ਬਦ ਜੋ ਧਾਤ ਅਤੇ ਪ੍ਰਤਜਯ ਨਾ ਹੋਣ

प्रातिभ–ਪ੍ਰਾਤਿਭ, ਵਿ, ਇਕ ਤਰ੍ਹਾਂ ਦੀ ਰੁਕਾਵਟ ਜੋ ਜੋਗੀਆਂ ਨੂੰ ਉਨ੍ਹਾਂ ਦੀ ਜੋਗ ਕ੍ਰਿਆ ਵਿਚ ਹੁੰਦੀ ਹੈ

प्रातिभाव्य–ਪ੍ਰਾਤਿਭਾਵਜ, ਪੁ., ਜ਼ਮਾਨਤ

प्रातिलोमिक–ਪ੍ਰਾਤਿਲੋਮਿਕ, ਵਿ., ਖਿਲਾਫ਼, ਉਲਟਾ

प्रातिवेश्मक–ਪ੍ਰਾਤਿਵੇਸ਼ਮਕ, ਪੁ., ਗੁਆਂਢੀ, ਪੜੋਸੀ

प्रातिवेश्य, प्रातिवेश्यक–ਪ੍ਰਾਤਿਵੇਸ਼ਜ. ਪ੍ਰਾਤਿਵੇਸ਼ਜਕ, ਪੁ., ਗੁਆਂਢੀ, ਪੜੋਸੀ

प्रातिहार–ਪ੍ਰਾਤਿਹਾਰ, ਪੁ., ਜਾਦੂਗਰ, ਮਦਾਰੀ, ਡਿਓਡੀਵਾਨ

प्रातिहारिक–ਪ੍ਰਾਤਿਹਾਰਿਕ, ਪੁ., ਜਾਦੂਗਰ

प्रातीपिक–ਪ੍ਰਾਤੀਪਿਕ, ਵਿ., ਖਿਲਾਫ਼ ਚੱਲਣ ਵਾਲਾ, ਮੁਖਾਲਫ

प्रात्यहिक ਪ੍ਰਾਤਜਹਿਕ, ਵਿ., ਰੋਜ਼ਾਨਾ, ਨੇਤਕੀ

प्राथमिक–ਪ੍ਰਾਥਮਿਕ, ਵਿ., ਪਹਿਲਾ, ਜੋ ਪਹਿਲਾਂ ਪੈਦਾ

ਹੋਇਆ ਹੋਵ

प्राथम्य–ਪ੍ਰਾਥਮਜ, ਪੁ , ਪਹਿਲ

प्रादुर्भाव–ਪ੍ਰਾਦੁਰਭਾਵ, ਪੁ., ਪਰਗਟ ਹੋਣ ਦਾ ਭਾਵ, ਜ਼ਾਹਰ ਹੋਣ ਦਾ ਭਾਵ

प्रादुर्भूत–ਪ੍ਰਾਦੁਰਭੂਤ, ਵਿ., ਪਰਗਟ ਹੋਇਆ ਹੋਇਆ, ਖਿੜਿਆ ਹੋਇਆ, ਨਿਕਲਿਆ ਹੋਇਆ

प्रादेश–ਪ੍ਰਾਦੇਸ਼, ਪੁ . ਤੰਤ੍ਰ ਦੇ ਮੁਤਾਬਕ ਗੂਠੇ ਤੇ ਗੂਠੇ ਦੇ ਲਾਗੇ ਵਾਲੀ ਉਂਗਲ ਦੇ ਵਿਚਕਾਰਲੀ ਥਾਂ, ਜਗਾ, ਥਾਂ

प्रादेशिक–ਪ੍ਰਾਦੇਸ਼ਿਕ, ਵਿ., ਕਿਸੇ ਇਕ ਮੁਲਖ ਦਾ, ਪਰਸੰਗ ਦੇ ਮੁਤਾਬਕ, ਪੁ., ਜਮੀਂਦਾਰ, ਸੂਬੇਦਾਰ

प्रादेशी–ਪ੍ਰਾਦੇਸ਼ੀ, ਵਿ., ਇਕ ਗਿੱਠ ਦਾ

प्राधनिक–ਪ੍ਰਾਧਨਿਕ, ਪੁ., ਲੜਾਕਾ, ਜੋਧਾ, ਬੀਰ

प्राधान्य–ਪ੍ਰਾਧਾਨਜ, ਪੁ., ਪ੍ਰਧਾਨਗੀ, ਸਰੇਸ਼ਟਤਾ, ਮੁੱਖਤਾ

प्राधीत–ਪ੍ਰਾਧੀਤ, ਵਿ., ਅੱਛੀ ਤਰ੍ਹਾਂ ਪੜ੍ਹਿਆ ਹੋਇਆ

प्रापक–ਪ੍ਰਾਪਕ, ਵਿ., ਪ੍ਰਾਪਤ ਕਰਨ ਵਾਲਾ, ਪਾਉਣ ਵਾਲਾ

प्रापण–ਪ੍ਰਾਪਣ, ਪੁ., ਲੈ ਆਉਣ ਦੀ ਕਿਰਿਆ, ਮਿਲਣ ਦੀ ਕਿਰਿਆ

प्रापणिक–ਪ੍ਰਾਪਣਿਕ, ਪੁ., ਮਾਲ ਵੇਚਣ ਵਾਲਾ

प्राप्त–ਪ੍ਰਾਪ੍ਤ, ਵਿ., ਲਿਆ ਹੋਇਆ, ਪ੍ਰਾਪਤ ਕੀਤਾ ਹੋਇਆ, ਮਿਲਿਆ ਹੋਇਆ

प्राप्तकाल–ਪ੍ਰਾਪ੍ਤਕਾਲ, ਪੁ., ਕੋਈ ਕੰਮ ਕਰਨ ਜੋਗ ਸਮਾ, ਠੀਕ ਵੇਲਾ, ਮਰਨ ਜੋਗ ਸਮਾ, ਵਿਆਹ ਦੇ ਜੋਗ ਸਮਾ

प्राप्तजीवन–ਪ੍ਰਾਪ੍ਤਜੀਵਨ, ਵਿ.; ਜਿਸ ਨੇ ਜ਼ਿੰਦਗੀ ਪ੍ਰਾਪਤ ਕੀਤੀ ਹੋਵੇ

प्राप्तदोष–ਪ੍ਰਾਪ੍ਤਦੋਸ਼, ਵਿ., ਜਿਸ ਨੇ ਕੋਈ ਕਸੂਰ ਕੀਤਾ ਹੋਵੇ, ਕਸੂਰਵਾਰ

प्राप्तमनोरथ–ਪ੍ਰਾਪ੍ਤਮਨੋਰਥ, ਵਿ., ਜਿਸ ਦਾ ਮਨੋਰਥ ਪੂਰਾ ਹੋਇਆ ਹੋਵੇ

प्राप्तयौवन–ਪ੍ਰਾਪ੍ਤਜੋਵਨ, ਵਿ., ਜੁਆਨ, ਜਿਸ ਤੇ ਜੁਆਨੀ ਆਈ ਹੋਵੇ

प्राप्ति–ਪ੍ਰਾਪ੍ਤਿ. ਇ., ਲਾਭ, ਫਾਇਦਾ, ਕਿਸੇ ਚੀਜ਼ ਦਾ ਮਿਲਣ ਦਾ ਭਾਵ, ਪਹੁੰਚ. ਆਮਦਨੀ, ਕਿਸਮਤ, ਕਾਮਦੇਵ ਦੀ ਵਹੁਟੀ, ਸੰਗਤ, ਮੇਲ, ਕਮੇਟੀ, ਸੰਘ

पाप्य–ਪ੍ਰਾਪਜ, ਵਿ., ਪ੍ਰਾਪਤ ਕਰਨ ਜੋਗ, ਜਿਥੋਂ ਤਕ ਪਹੁੰਚ ਹੋਵੇ, ਮਿਲਣ ਜੋਗ

प्राबल्य–ਪ੍ਰਾਬਲਜ, ਪੁ., ਪ੍ਰਧਾਨਗੀ, ਤਾਕਤ, ਮਜ਼ਬੂਤੀ,

प्राबोधक–ਪ੍ਰਾਬੋਧਕ, ਪੁ., ਉਹ ਮਨੁੱਖ ਜੋ ਰਾਜਿਆਂ ਨੂੰ ਉਨ੍ਹਾਂ ਦੀ ਉਸਤੁਤ ਕਰ ਕੇ ਜਗਾਉਣ ਲਈ ਨਿਯੁਕਤ ਕੀਤਾ ਹਵੇ

प्राभव–ਪ੍ਰਾਭਵ, ਪੁ., ਅਧਿਕਾਰ, ਚੰਗਿਆਈ

प्राभृत–ਪ੍ਰਾਭ੍ਰਿਤ, ਪੁ., ਭੇਟਾ ਨਜ਼ਰ

प्रामाणिक–ਪ੍ਰਾਮਾਣਿਕ, ਵਿ., ਮੰਨਣ ਜੋਗ, ਠੀਕ, ਸੱਚ

प्रामाण्य–ਪ੍ਰਾਮਾਣਜ, ਪੁ., ਮਾਨ, ਮਰਜਾਦਾ

प्रायः-ਪ੍ਰਾਯ:, ਅਵਜ., ਅਕਸਰ, ਖਾਸ ਕਰਕੇ, ਲਗਭਗ

प्रायण–ਪ੍ਰਾਯਣ, ਪੁ., ਇਕ ਥਾਂ ਤੋਂ ਦੂਸਰੀ ਥਾਂ ਤੇ ਜਾਣ ਦਾ ਭਾਵ, ਹੋਰ ਜਨਮ

प्रायद्वीप–ਪ੍ਰਾਯਦ੍ਵੀਪ, ਪੁ., ਧਰਤੀ ਦਾ ਉਹ ਹਿੱਸਾ ਜੋ ਤਿੰਨਾਂ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਵੇ ਅਤੇ ਇਕ ਪਾਸੇ ਧਰਤੀ ਹੋਵੇ

प्रायशः–ਪ੍ਰਾਯਸ:, ਅਵਜ., ਹਰ ਤਰ੍ਹਾਂ ਨਾਲ, ਅਕਸਰ

प्रायश्चित–ਪ੍ਰਾਯਸ਼ਚਿੱਤ, ਪੁ., ਪਾਪ ਉਤਾਰਣ ਲਈ ਜੋ ਕਰਮ ਕੀਤਾ ਜਾਵੇ

प्रायिक–ਪ੍ਰਾਯਿਕ, ਵਿ., ਅਕਸਰ ਹੋਣ ਵਾਲਾ

प्रायोगिक–ਪ੍ਰਾਯੋਗਿਕ, ਵਿ., ਜਿਸ ਦੀ ਵਰਤੋਂ ਹਮੇਸ਼ਾ ਹੁੰਦੀ ਹੋਵੇ

प्रारब्ध–ਪ੍ਰਾਰਬਧ, ਪੁ., ਕਿਸਮਤ, ਭਾਗ, ਲੇਖ, ਪ੍ਰਾਲਭਦ; ਵਿ., ਅਰੰਭ, ਕੀਤਾ ਹੋਇਆ

प्रारब्धी–ਪ੍ਰਾਰਬਧੀ, ਵਿ., ਕਿਸਮਤ ਵਾਲਾ, ਚੰਗੇ ਨਛੱਤਰ ਵਾਲਾ, ਭਾਗਵਾਨ

प्रारम्भ–ਪ੍ਰਾਰੰਭ, ਪੁ., ਅਰੰਭ, ਸ਼ੁਰੂ, ਆਦਿ

प्रारम्भण–ਪ੍ਰਾਰੰਭਣ, ਪੁ., ਅਰੰਭ ਕਰਨ ਦਾ ਭਾਵ, ਸ਼ੁਰੂ ਕਰਨ ਦੀ ਕਿਰਿਆ

प्रारम्भिक–ਪ੍ਰਾਰੰਭਿਕ, ਵਿ., ਅਰੰਭ ਦਾ, ਸ਼ੁਰੂ ਦਾ

प्रार्जयिता–ਪ੍ਰਾਰਜਯਿਤਾ, ਵਿ., ਦਾਨ ਕਰਨ ਵਾਲਾ, ਦਾਨੀ, ਦਾਤਾ, ਸਖੀ

प्रार्ण–ਪ੍ਰਾਰਣ, ਵਿ., ਜਿਸ ਤੇ ਬਹੁਤਾ ਕਰਜ਼ਾ ਹੋਵੇ, ਕਰਜ਼ਾਈ, ਦੇਣਦਾਰ

प्रार्थक–ਪ੍ਰਾਰਥਕ, ਵਿ., ਨਿੰਮ੍ਰਤਾ ਨਾਲ ਕੁਝ ਕਹਿਣ ਵਾਲਾ, ਪ੍ਰਾਰਥਨਾ ਕਰਨ ਵਾਲਾ

प्रार्थना–ਪ੍ਰਾਰਥਨਾ, ਇ., ਕਿਸੇ ਨੂੰ ਨਿੰਮ੍ਰਤਾ ਨਾਲ ਕੁਝ ਕਹਿਣ ਦਾ ਭਾਵ, ਮੰਗਣ ਦਾ ਭਾਵ, ਬੇਨਤੀ, ਅਰਜ਼

प्रार्थनापत्र–ਪ੍ਰਾਰਥਨਾਪਤ੍ਰ, ਪੁ., ਅਰਜ਼ੀ, ਬਿਨੈ ਪੱਤਰ

प्रार्थनीय–ਪ੍ਰਾਰਥਨੀਯ, ਵਿ.. ਬੇਨਤੀ ਕਰਨ ਜੋਗ

प्रार्थयिता–ਪ੍ਰਾਰਥਯਿਤਾ, ਵਿ., ਬੇਨਤੀ ਕਰਨ ਵਾਲਾ, ਅਰਜ਼ ਕਰਨ ਵਾਲਾ

प्रार्थित–ਪ੍ਰਾਰਥਿਤ, ਵਿ., ਮੰਗਿਆ ਹੋਇਆ

प्रार्थी–ਪ੍ਰਾਰਥੀ, ਵਿ., ਬੇਨਤੀ ਕਰਨ ਵਾਲਾ, ਚਾਹਵਾਨ

प्रालम्ब–ਪ੍ਰਾਲੰਭ. ਪੁ., ਉਹ ਮਾਲਾ ਜੋ ਧੌਣ ਤੋਂ ਲੈ ਕੇ ਛਾਤੀ ਤਕ ਲਮਕਦੀ ਹੋਵੇ

प्रालेय–ਪ੍ਰਾਲੇਯ, ਪੁ., ਬਰਫ਼

प्रावर–ਪ੍ਰਾਵਰ, ਪੁ., ਚਾਰਦੀਵਾਰੀ; ਕੋਟ

यावरण–ਪ੍ਰਾਵਰਣ, ਪੁ.; ਢਕਣਾ, ਚਾਦਰ

प्रावार–ਪ੍ਰਾਵਾਰ, ਪੁ., ਪਰਨਾ, ਚਾਦਰ, ਮੁੱਕਾ

प्रावाण्य–ਪ੍ਰੈਵੀਣਜ, ਪੁ., ਹੁਸ਼ਿਆਰੀ, ਚਤਰਾਈ

प्रावृट्–ਪ੍ਰਾਵ੍ਰਿਟ, ਇ., ਵਰਖਾ ਰੁੱਤ

प्रावृषा–ਪ੍ਰਾਵ੍ਰਿਸ਼ਾ, ਇ., ਵਰਖਾ ਦਾ ਸਮਾ

प्रावेप–ਪ੍ਰਾਵੇਪ, ਵਿ., ਕੰਬਣ ਵਾਲਾ

प्रावेशिक–ਪ੍ਰਾਵੇਸ਼ਿਕ, ਵਿ., ਪਰਵੇਸ਼ ਕਰਨ ਵਿਚ ਮਦਦ ਦੇਣ ਵਾਲਾ

प्राशन–ਪ੍ਰਾਸ਼ਨ, ਇ., ਖਾਣਾ, ਭੋਜਨ

प्राशनीय–ਪ੍ਰਾਸ਼ਨੀਜ, ਵਿ., ਖਾਣ ਜੋਗ

प्राशित–ਪ੍ਰਾਸ਼ਿਤ, ਵਿ., ਖਾਧਾ ਹੋਇਆ

प्राशी–ਪ੍ਰਾਸ਼ੀ, ਵਿ., ਖਾਣ ਵਾਲਾ

प्राश्निक–ਪ੍ਰਾਸ਼੍ਨਿਕ, ਵਿ., ਪੁੱਛਣ ਵਾਲਾ, ਸਵਾਲ ਕਰਨ ਵਾਲਾ

प्रासङ्गिक–ਪ੍ਰਾਸੰਗਿਕ, ਵਿ., ਪਰਸੰਗ ਦਾ, ਪਰਸੰਗ ਸਬੰਧੀ

प्रासच–ਪ੍ਰਾਸਚ, ਪੁ., ਹੜ੍ਹ, ਕਾਂਗ

प्रासाद–ਪ੍ਰਾਸਾਦ, ਪੁ., ਦੇਵਤਿਆਂ ਅਤੇ ਰਾਜਿਆਂ ਦਾ ਘਰ, ਮਹਿਲ

प्रासादिक–ਪ੍ਰਾਸਾਦਿਕ, ਵਿ., ਦਿਆਲੂ, ਕ੍ਰਿਪਾਲੂ, ਰਹਿਮਦਿਲ, ਸੁੰਦਰ

प्रासेव–ਪ੍ਰਾਸੇਵ, ਪੁ., ਘੋੜੇ ਦੀ ਲਗਾਮ

प्राहारिक–ਪ੍ਰਾਹਾਰਿਕ, ਪੁ., ਪਹਿਰੇਦਾਰ, ਚੌਂਕੀਦਾਰ

प्राहुण–ਪ੍ਰਾਹੁਣ, ਪੁ., ਪਰਾਹੁਣਾ, ਮਹਿਮਾਨ

प्रिय–ਪ੍ਰਿਜ, ਪੁ., ਮਾਲਕ, ਪਤੀ, ਖਸਮ, ਜਮਾਈ, ਪਰਮਾਤਮਾ ਹਿਤ, ਭਲਾਈ, ਵਿ., ਸੁੰਦਰ, ਪਿਆਰਾ, ਜਿਸ ਨਾਲ ਪ੍ਰੇਮ ਹੋਵੇ

प्रियंवद–ਪ੍ਰਿਜੰਵਦ, ਪੁ., ਇਕ ਤਰ੍ਹਾਂ ਦਾ ਗੰਧਰਵ, ਵਿ., ਮਿੱਠਾ ਬੋਲਣ ਵਾਲਾ, ਮਿਠਬੋਲਾ

प्रियंवदा–ਪ੍ਰਿਜੰਵਦਾ ਇ.,ਇਕ ਤਰ੍ਹਾਂ ਦਾ ਛੰਦ, ਮਿਠਬੋਲੀ

प्रियकाङ्क्षी–ਪ੍ਰਿਜਕਾਂਕਸ਼ੀ, ਵਿ., ਭਲਾ ਚਾਹੁਣ ਵਾਲਾ

प्रियङ्कर–ਪ੍ਰਿਜੰਕਰ, ਪੁ., ਇਕ ਦਾਨੋਂ, ਅਸਗੰਧ ਨਾਉਂ ਦੀ ਬੂਟੀ ਚਿੱਟਾ ਬੈਂਗਣ, ਵਿ., ਭਲਾ ਕਰਨ ਵਾਲਾ, ਹਿਤੂ

प्रियजन–ਪ੍ਰਿਜਜਨ, ਪੁ., ਪਿਆਰਾ ਮਨੁੱਖ

प्रियतम–ਪ੍ਰਿਜਤਮ, ਪੁ., ਪਤੀ, ਮਾਲਕ, ਪ੍ਰੀਤਮ, ਵਿ., ਜਾਨ ਤੋਂ ਵਧ ਕੇ ਪਿਆਰਾ

प्रियता–ਪ੍ਰਿਜਤਾ, ਇ., ਪਿਆਰਾ ਲੱਗਣ ਦਾ ਭਾਵ, ਪਿਆਰ

प्रियदत्ता–ਪ੍ਰਿਜਦੱਤਾ, ਇ., ਧਰਤੀ

प्रियदर्शी–ਪ੍ਰਿਜਦਰਸ਼ੀ, ਵਿ , ਸਭ ਨੂੰ ਪਿਆਰਾ ਸਮਝਣ ਵਾਲਾ

प्रियपात्र–ਪ੍ਰਿਜਪਾਤ੍ਰ, ਵਿ., ਜਿਸ ਨਾਲ ਪਰੇਮ ਕੀਤਾ ਜਾਵੇ

प्रियभाषण–ਪ੍ਰਿਜਭਾਸ਼ਣ,ਪੁ.,ਮਿੱਠਾ ਬੋਲਣ ਦੀ ਕਿਰਿਆ ਮਿੱਠੇ ਬੋਲ

प्रियभाषा प्रियवक्ता–ਪ੍ਰਿਜਭਾਸ਼ੀ, ਪ੍ਰਿਜਵਕ੍ਤਾ, ਵਿ., ਮਿੱਠਾ ਬੋਲਣ ਵਾਲਾ

प्रियवचन–ਪ੍ਰਿਜਵਚਨ, ਪੁ.. ਮਿੱਠਾ ਬੋਲ

प्रियवर–ਪ੍ਰਿਜਵਰ, ਵਿ., ਬਹੁਤ ਪਿਆਰਾ

प्रियवाद–ਪ੍ਰਿਜਵਾਦ, ਪੁ , ਮਿੱਠੀ ਬੋਲੀ

प्रियवादी–ਪ੍ਰਿਜਵਾਚੀ, ਵਿ., ਮਿੱਠਾ ਬੋਲਣ ਵਾਲਾ

प्रियवादिनी–ਪ੍ਰਿਜਵਾਦਿਨੀ, ਇ., ਮੈਨਾ ਪੰਛੀ

प्रियसन्देश–ਪ੍ਰਿਜਸੰਦੇਸ਼, ਪੁ., ਖੁਸ਼ਖਬਰੀ, ਖੁਸ਼ੀ ਭਰੀ ਖਬਰ

प्रिया–ਪ੍ਰਿਜਾ, ਇ., ਘਰ ਵਾਲੀ, ਵਹੁਟੀ, ਤੀਵੀਂ, ਜੋਰੂ, ਇਲਾਇਚੀ, ਚਮੇਲੀ, ਸ਼ਰਾਬ, ਗੱਲ,ਸਨੇਹਾ ਪਿਆਰੀ ਤੀਵੀਂ

प्रियाम्बु–ਪ੍ਰਿਜਾਂਬੁ, ਪੁ., ਅੰਬ ਦਾ ਫਲ

प्रियोदित–ਪ੍ਰਿਜੋਦਿਤ, ਪੁ., ਮਿੱਠੇ ਬੋਲ

प्री–ਪ੍ਰੀ, ਇ., ਪਰੇਮ, ਪ੍ਰੀਤ, ਪਿਆਰ, ਚਮਕ

प्रीत–ਪ੍ਰੀਤ, ਵਿ., ਪ੍ਰਸੰਨ, ਖੁਸ਼, ਰੱਜਿਆ ਹੋਇਆ, ਇ., ਦੇਖੋ ਪ੍ਰੀਤਿ (प्रीति)

प्रीतम–ਪ੍ਰੀਤਮ, ਪੁ., ਸਬਰ ਵਾਲਾ, ਪਤੀ, ਮਾਲਕ, ਪਿਆਰਾ

प्रीति–ਪ੍ਰੀਤਿ, ਇ., ਸੰਤੋਖ, ਸਬਰ, ਪ੍ਰਸੰਨਤਾ, ਖੁਸ਼ੀ, ਅਨੰਦ, ਪਰੇਮ, ਪ੍ਰੀਤ, ਜੋਤਸ਼ ਦਾ ਇਕ ਜੋਗ

प्रीतिकर, प्रीतिकारक–ਪ੍ਰੀਤਿਕਰ, ਪ੍ਰੀਤਿਕਾਰਕ, ਵਿ., ਪ੍ਰੀਤ, ਕਰਨ ਵਾਲਾ, ਪ੍ਰਸੰਨਤਾ ਪੈਦਾ ਕਰਨ ਵਾਲਾ

प्रीतिद–ਪ੍ਰੀਤਿਦ, ਪੁ., ਭੰਡ, ਨਕਲੀਆ, ਮਸਖਰਾ, ਸੁਖ ਦੇਣ ਵਾਲਾ

प्रीतिदत्त–ਪ੍ਰੀਤਿਦੱਤ, ਪੁ., ਪਰੇਮ ਨਾਲ ਦਿੱਤਾ ਹੋਇਆ ਦਾਨ

प्रीतभोज–ਪ੍ਰੀਤਿਭੋਜ, ਪੁ., ਦੋਸਤਾਂ ਦਾ ਇਕੱਠੇ ਬੈਠ ਕੇ ਖਾਣ ਵਾਲਾ ਭੋਜਨ, ਫੀਸਟ

प्रूफ़–ਪਰੂਫ਼, ਪੁ., ਪ੍ਰਮਾਣ, ਸਬੂਤ, ਪਹਿਲੀ ਛਪਾਈ ਦੀ ਕਾਪੀ ਜਿਸ਼ ਨੂੰ ਠੀਕ ਕਰ ਕੇ ਫੇਰ ਛਾਪਦੇ ਹਨ

प्रूम–ਪਰੂਮ, ਪੁ., ਸਮੁੰਦਰ ਦੀ ਡੂੰਘਿਆਈ ਮਾਪਣ ਦਾ ਸੰਦ

प्रेक्षक–ਪ੍ਰੇਕਸ਼ਕ, ਵਿ., ਦੇਖਣ ਵਾਲਾ, ਦਰਸ਼ਕ

प्रेक्षण–ਪ੍ਰੇਕਸ਼ਣ, ਪੁ., ਅੱਖ, ਦੇਖਣ ਦੀ ਕਿਰਿਆ

प्रेक्षणीय–ਪ੍ਰੇਕਸ਼ਣੀਜ, ਵਿ., ਦੇਖਣ ਜੋਗ

प्रेक्षा–ਪ੍ਰੇਕਸ਼ਾ, ਇ., ਬੁੱਧ, ਅਕਲ, ਨਾਚ, ਤਮਾਸ਼ਾ, ਨਜ਼ਰ, ਨਿਗਾਹ, ਚਮਕ, ਭੈੜੀ ਚੰਗੀ ਗੱਲ ਦਾ ਵਿਚਾਰ ਕਰਨ ਦਾ ਭਾਵ

प्रेक्षागार,प्रेक्षागृह–ਪ੍ਰੇਕਸ਼ਾਗਾਰ, ਪ੍ਰੇਕਸ਼ਾਗ੍ਰਿਹ, ਪੁ., ਰਾਜਿਆਂ ਦੇ ਸਲਾਹ ਮਤਾ ਆਦਿਕ ਕਰਨ ਦੀ ਥਾਂ

प्रेक्षित–ਪ੍ਰੇਕਸ਼ਿਤ, ਵਿ., ਦੇਖਿਆ ਹੋਇਆ

प्रेक्षी–ਪ੍ਰੇਕਸ਼ੀ, ਵਿ., ਬੁੱਧਵਾਨ, ਸਮਝਦਾਰ, ਅਕਲ ਮੰਦ

प्रेत–ਪ੍ਰੇਤ, ਪੁ., ਮੋਏ ਹੋਏ ਮਨੁੱਖ ਦੀ ਰੂਹ, ਭੂਤ, ਪਿਸ਼ਾਚਾਂ ਵਰਗੀ ਇਕ ਜੂਨ

प्रेतकर्म, प्रेतकार्य–ਪ੍ਰੇਤਕਰਮ, ਪ੍ਰੇਤਕਾਰਯ, ਪੁ., ਮੋਏ ਹੋਏ ਨੂੰ ਪਿਤਰ ਲੋਕ ਵਿਚ ਪੁਚਾਉਣ ਲਈ ਜੋ ਧਾਰਮਕ ਰੀਤ ਕੀਤੀ ਜਾਵੇ

प्रेतगृह–ਪ੍ਰੇਤਗ੍ਰਿਹ, ਪੁ., ਮੁਰਦਾ ਜਲਾਉਣ ਦੀ ਥਾਂ, ਮੜ੍ਹੀਆਂ

प्रेतगेह–ਪ੍ਰੇਤਗੇਹ, ਪੁ., ਦੇਖੋ ਪ੍ਰੇਤਗ੍ਰਿਹ (प्रेतगृह)

प्रेतत्व–ਪ੍ਰੇਤਤ੍ਵ, ਪੁ., ਪਰੇਤ ਦਾ ਭਾਵ ਜਾਂ ਧਰਮ

प्रेतदाह–ਪ੍ਰੇਸ਼ਤਾਹ, ਪੁ., ਮੁਰਦੇ ਨੂੰ ਸਾੜਨ ਦਾ ਕੰਮ

प्रेतनी–ਪ੍ਰੇਤਨੀ, ਇ., ਪਰੇਤ ਦੀ ਵਹੁਟੀ, ਭੂਤਨੀ, ਚੁੜੇਲ

प्रेतयज्ञ–ਪੇਤਯਗਜ, ਪੁ., ਉਹ ਜੱਗ ਜਿਸ ਦੇ ਕਰਨ ਨਾਲ ਪਰੇਤ ਜਨ ਮਿਲਦੀ ਹੈ

प्रेतलोक-ਪ੍ਰੇਤਲੋਕ, ਪੁ., ਜਮਪੁਰੀ

प्रेतशिला-ਪ੍ਰੇਤਸ਼ਿਲਾ, ਇ., ਗਯਾ ਵਿਚ ਉਹ ਸਿਲ ਜਿਸ ਤੇ ਪਰੇਤਾਂ ਦੇ ਨਮਿੱਤ ਪਿੰਡ ਦਿੰਦੇ ਹਨ

प्रेतहार-ਪ੍ਰੇਤਹਾਰ, ਪੁ., ਮੋਏ ਸਰੀਰ ਨੂੰ ਚੁੱਕ ਕੇ ਮੜ੍ਹੀਆਂ ਤੇ ਲੈਜਾਣ ਵਾਲਾ

प्रेता-ਪ੍ਰੇਤਾ, ਇ., ਪਿਸ਼ਾਚੀ, ਖੌਫ਼ਨਾਕ, ਭੈ ਵਾਲੀ

प्रेताधिप-ਪ੍ਰੇਤਾਧਿਪ, ਪੁ., ਜਮਰਾਜ

प्रेताशिनी-ਪ੍ਰੇਤਾਸ਼ਿਨੀ, ਇ., ਇਕ ਦੇਵੀ ਦਾ ਨਾਉਂ

प्रेतास्थि-ਪੇਤਾਸਥਿ, ਪੁ., ਮੋਏ ਹੋਏ ਮਨੁੱਖ ਦੀਆਂ ਹੱਡੀਆਂ

प्रेती-ਪ੍ਰੇਤੀ, ਪੁ., ਪਰੇਤ ਦੀ ਪੂਜਾ ਕਰਨ ਵਾਲਾ

प्रेतोन्माद-ਪ੍ਰੇਤੋਨਮਾਦ, ਪੁ., ਇਕ ਤਰ੍ਹਾਂ ਦਾ ਪਾਗਲਪਣ ਜਿਸ ਨੂੰ ਲੋਕੀ ਪਰੇਤਾਂ ਦੀ ਰੁਨੁਣ ਹੋਈ ਸਮਝਦੇ ਹਨ

प्रेत्य-ਪ੍ਰੇਤਜ, ਵਿ., ਪਰਲੋਕ, ਦੂਸਰਾ ਲੋਕ

प्रेप्सु-ਪ੍ਰੇਪਸੁ, ਵਿ., ਕਿਸੇ ਚੀਜ਼ ਦਾ ਚਾਹਵਾਨ

प्रेम-ਪ੍ਰੇਮ, ਪੁ., ਸੱਚਾ ਪਿਆਰ, ਮੁਹੱਬਤ, ਪ੍ਰੀਤ, ਮਾਇਆ ਅਤੇ ਲੋਭ; ਤੀਵੀਂ ਮਨੁੱਖ ਦਾ ਪਿਆਰ

प्रेमगर्विता-ਪੇਮਗਰਵਿਤਾ, ਇ., ਸਾਹਿੱਤ ਦੀ ਇਕ ਨਾਇਕਾ ਜਿਸ ਨੂੰ ਆਪਣੇ ਪਤੀ ਦੇ ਪਿਆਰ ਦਾ ਘਮੰਡ ਹੋਵੇ

प्रेमपात्र-ਪ੍ਰੇਮਪਾਤ੍ਰ. ਪੁ., ਉਹ ਜਿਸ ਨਾਲ ਪਿਆਰ ਕੀਤਾ ਜਾਵੇ

प्रेमपाश-ਪ੍ਰੇਮਪਾਸ਼, ਇ., ਪ੍ਰੇਮ ਦਾ ਫੰਦਾ ਜਾਂ ਜਾਲ

प्रेमपुत्तलिका-ਪ੍ਰੇਮਪੁੰਤਲਿਕਾ, ਇ., ਪਿਆਰੀ ਤੀਵੀਂ, ਘਰ ਵਾਲੀ, ਜੋਰੂ

प्रेमबन्ध-ਪ੍ਰੇਮਬੰਧ, ਪੁ., ਡੂੰਘਾ ਪਿਆਰ

प्रेमभक्ति-ਪ੍ਰੇਮਭਕ੍ਤਿ,ਇ., ਉਹ ਭਗਤੀ ਜੋ ਪ੍ਰੇਮ ਨਾਲ ਕੀਤੀ ਜਾਵੇ

प्रेमवारि-ਪ੍ਰੇਮਵਾਰਿ, ਪੁ., ਪਿਆਰੇ ਦੇ ਹੰਝੂ

प्रेमा-ਪ੍ਰੇਮਾ, ਪੁ., ਨੇਹ ਕਰਨ ਵਾਲਾ, ਇੰਦਰ, ਹਵਾ

प्रेमालाप-ਪ੍ਰੇਮਾਲਾਪ, ਪੁ., ਪਿਆਰ ਦੀਆਂ ਗੱਲਾਂ

प्रेमालिङ्गन-ਪ੍ਰੇਮਾਲਿੰਗਨ, ਪੁ., ਪਿਆਰ ਨਾਲ ਜੱਫੀ ਪਾਉਣ ਦੀ ਕਿਰਿਆ

प्रेमाश्रु-ਪ੍ਰੇਮਾਸ਼੍ਰ. ਪੁ., ਦੇਖੋ ਪ੍ਰੇਮਵਾਰਿ (प्रेमवारि)

प्रेयस-ਪ੍ਰੇਜਸ. ਪੁ., ਪਤੀ, ਮਾਲਕ, ਪ੍ਰੀਤਮ

प्रेयसी-ਪ੍ਰੇਜਸੀ, ਇ., ਪਿਆਰੀ ਤੀਵੀਂ. ਪ੍ਰੀਤਮਾ

प्रेरक-ਪ੍ਰੇਰਕ, ਵਿ., ਕਿਸੇ ਕੰਮ ਵਿਚ ਲਾਉਣ ਵਾਲਾ, ਪ੍ਰੇਰਣਾ ਕਰਨ ਵਾਲਾ

प्रेरणा-ਪ੍ਰੇਰਣਾ, ਇ., ਦਬਾਉ, ਜੋਰ, ਦਬਾਉ ਪਾਉਣ ਦਾ ਭਾਵ

प्रेरणार्थक क्रिया-ਪ੍ਰੇਰਣਾਰਥਕ ਕ੍ਰਿਯਾ, ਇ., ਉਹ ਕਿਰਿਆ ਜੋ ਦੂਸਰੇ ਤੋਂ ਕੰਮ ਕਰਾਉਣ ਵਿਚ ਵਰਤੀ ਜਾਂਦੀ ਹੈ ।

प्रेरयिता-ਪ੍ਰੇਰਜਿਤਾ, ਪੁ., ਦੇਖੋ ਪ੍ਰੇਰਕ (प्रेरक)

प्रेरित-ਪ੍ਰੇਰਿਤ, ਵਿ., ਭੇਜਿਆ ਹੋਇਆ, ਚੁੱਕਿਆ ਹੋਇਆ, ਧੱਕਾ ਦਿੱਤਾ ਹੋਇਆ

प्रेषक-ਪ੍ਰੇਸ਼ਕ, ਵਿ., ਭੇਜਣ ਵਾਲਾ

प्रेषण-ਪ੍ਰੇਸ਼ਣ, ਪੁ., ਭੇਜਣ ਦੀ ਕਿਰਿਆ, ਰਵਾਨਾ ਕਰਨ ਦਾ ਭਾਵ

प्रेषयिता-ਪ੍ਰੇਸ਼ਜਿਤਾ, ਵਿ., ਦੇਖੋ ਪ੍ਰੇਸ਼ਕ (प्रेषक)

प्रेषित-ਪ੍ਰੇਸ਼ਿਤ, ਵਿ., ਭੇਜਿਆ ਹੋਇਆ

प्रेषितव्य-ਪ੍ਰੇਸ਼ਿਤਵਜ, ਵਿ., ਭੇਜਣ ਜੋਗ

प्रेष्य-ਪ੍ਰੇਸ਼ਜ, ਪੁ., ਦਾਸ, ਨੌਕਰ, ਸੇਵਾਦਾਰ

प्रेष्यता-ਪ੍ਰੇਸ਼ਜਤਾ, ਇ., ਸੇਵਾਦਾਰੀ, ਨੌਕਰੀ

प्रेस-ਪ੍ਰੇਸ, ਪੁ., ਛਾਪਾਖਾਨਾ

प्रसमैन-ਪ੍ਰੇਸਮੈਨ, ਪੁ., ਛਾਪੇ ਖਾਨੇ ਵਿਚ ਛਪਾਈ ਦਾ ਕੰਮ ਕਰਨ ਵਾਲਾ

प्रेसिडैण्ट-ਪ੍ਰੇਸਿਡੈਂਟ, ਪੁ., ਕਿਸੇ ਸਭਾ ਦਾ ਪ੍ਰਧਾਨ

प्रोक्त-ਪ੍ਰੋਕ੍ਤ, ਵਿ., ਕਹਿਆ ਹੋਇਆ

प्रोक्षण-ਪੋਕਸ਼ਣ, ਪੁ., ਪਾਣੀ ਛਿੜਕਣ ਦੀ ਕਿਰਿਆ, ਪਾਣੀ ਦਾ ਛਿੱਟਾ, ਵਿਆਹ ਦੀ ਇਕ ਰੀਤ

प्रोक्षणी-ਪ੍ਰੋਕਸ਼ਣੀ, ਇ., ਕੁਸ਼ਾ ਦੀ ਬਣੀ ਹੋਈ ਮੁੰਦਰੀ

प्रोक्षित-ਪ੍ਰੋਕਸ਼ਿਤ, ਵਿ., ਰਮਾਇਆ ਹੋਇਆ,ਭਿੱਜਿਆ ਹੋਇਆ, ਮਾਰਿਆ ਹੋਇਆ

प्रोग्राम-ਪ੍ਰੋਗ੍ਰਾਮ, ਪੁ., ਵੇਲੇ ਦੀ ਵੰਡ

प्रोज्झित-ਪ੍ਰੋੱਝਿਤ, ਵਿ., ਛੱਡਿਆ ਹੋਇਆ

प्रोत-ਪ੍ਰਤ ਪੁ., ਕਪੜਾ, ਵਿ., ਸੀਉਂਤਾ ਹੋਇਆ, ਗੱਠਿਆ ਹੋਇਆ

प्रोत्खात-ਪ੍ਰੋਤਖਾਤ, ਵਿ., ਟੋਆ ਪੁੱਟਿਆ ਹੋਇਆ

प्रोतुङ्ग-ਪੋਤੁੰਗ, ਵਿ., ਬਹੁਤ ਉੱਚਾ

प्रोत्फुल्ल-ਪ੍ਰੋਤਫੁੱਲ, ਵਿ., ਚੰਗੀ ਤਰ੍ਹਾਂ ਨਾਲ ਖਿੜਿਆ ਹੋਇਆ

प्रोत्साह-ਪ੍ਰੋਤਸਾਹ, ਪੁ., ਬਹੁਤ ਹੌਸਲਾ, ਹੱਲਾਸ਼ੇਰੀ, ਦਿਲਾਸਾ

प्रोत्साहक-ਪ੍ਰੋਤਸਾਹਕ, ਵਿ., ਹਿੰਮਤ ਬੰਨ੍ਹਣ ਵਾਲਾ, ਹੱਲਾਸ਼ੇਰੀ ਦੇਣ ਵਾਲਾ

प्रोत्साहन-ਪ੍ਰੋਤਸਾਹਣ, ਪੁ., ਬਹੁਤ ਹੌਸਲਾ ਵਧਾਉਣ ਦਾ ਕੰਮ ਹਿੰਮਤ ਵਧਾਉਣ ਦਾ ਕੰਮ

प्रोत्साहित-ਪਤਸਾਹਿਤ, ਵਿ., ਹੌਸਲਾ ਵਧਾਇਆ ਹੋਇਆ. ਜਿਸ ਨੂੰ ਉਤਸ਼ਾਹ ਦਿਤਾ ਗਿਆ ਹੋਵੇ

प्रोथ-ਪ੍ਰੋਥ ਪੁ., ਲੱਕ, ਕਮਰ, ਗਰਭ ਵਾਲੀ ਥਾਂ, ਰਾਹੀ, ਮੁਸਾਫਰ, ਪਾਟਿਆ ਹੋਇਆ, ਪੁਰਾਣਾ ਕਪੜਾ, ਵਿ., ਰੱਖਿਆ ਹੋਇਆ, ਪ੍ਰਸਿੱਧ

प्रोथित-ਪ੍ਰੋਥਿਤ, ਵਿ, ਧਰਤੀ ਵਿਚ ਗੱਡਿਆ ਹੋਇਆ

प्रोपोज़ल-ਪ੍ਰੋਪੋਜ਼ਲ, ਪੁ., ਮਤਾ, ਸਲਾਹ, ਤਜਵੀਜ਼

प्रोप्राइटर-ਪ੍ਰਪ੍ਰਾਈਟਰ, ਪੁ.,ਮਾਲਿਕ

प्रोफ़ेसर-ਪ੍ਰੋਫ਼ੇਸਰ, ਪੁ., ਕਾਲਿਜ ਦਾ ਅਧਿਆਪਕ

प्रोष-ਪ੍ਰੋਸ਼, ਪੁ,, ਬਹੁਤ ਤਕਲੀਫ, ਵੱਡੀ ਪੀੜ, ਵੱਡਾ ਦੁਖ, ਮਹਾ ਕਸ਼ਟ

प्रोषित-ਪ੍ਰੋਸ਼ਿਤ, ਵਿ., ਜੋ ਪਰਦੇਸ ਗਿਆ ਹੋਇਆ ਹੋਵੇ

प्रोषितनायक-ਪ੍ਰੋਸਿਤਨਾਜਕ, ਪੁ., ਉਹ ਨਾਇਕ ਜੋ ਆਪਣੀ ਨਾਇਕਾ ਦੇ ਵਿਛੋੜੇ ਵਜੋਂ ਪਰਦੇਸ ਵਿਚ ਦੁਖੀ ਹੋਵੇ

प्रोषितपतिका–ਪ੍ਰੋਸ਼ਿਤਪਤਿਕਾ, ਇ., ਉਹ ਤੀਵੀਂ ਜੋ ਆਪਣੇ ਪਤੀ ਦੇ ਪਰਦੇਸ ਜਾਣ ਨਾਲ ਦੁਖੀ ਹੋਵੇ

प्रोषितप्रेयसी, प्रोषितभर्तृका–ਪ੍ਰਸ਼ਿਤਪ੍ਰੇਯਸੀ, ਪ੍ਰੋਸ਼ਿਤਭਰਤ੍ਰਿਕਾ, ਇ., ਉਹ ਤੀਵੀਂ ਜਿਸ ਦਾ ਪਤੀ ਪਰਦੇਸ ਵਿਚ ਰਹਿੰਦਾ ਹੋਵੇ

प्रोष्ठपद–ਪ੍ਰੋਸ਼ਠਪਦ, ਪੁ., ਭਾਦੋਂ ਦਾ ਮਹੀਨਾ

प्रोष्ठपदी–ਪ੍ਰੋਸ਼ਠਪਦੀ, ਪੁ., ਭਾਦੋਂ ਦੇ ਮਹੀਨੇ ਦੀ ਪੂਰਨਮਾਸੀ

प्रोष्ण–ਪ੍ਰੋਸ਼ਣ, ਵਿ., ਬਹੁਤ ਗਰਮ, ਜ਼ਿਆਦਾ ਤੱਤਾ

प्रौढ़–ਪ੍ਰੋੜ੍ਹ, ਵਿ., ਚੰਗੀ ਤਰ੍ਹਾਂ ਨਾਲ ਵਧਿਆ ਹੋਇਆ, ਮਜ਼ਬੂਤ, ਪੱਕਾ, ਹੁਸ਼ਿਆਰ, ਜੁਆਨ, ਪੁਰਾਣਾ, ਗੰਭੀਰ

प्रौढ़ता–ਪ੍ਰੋੜ੍ਹਤਾ, ਇ., ਜੁਆਨੀ

प्रौढ़ा–ਪ੍ਰੋੜ੍ਹਾ, ਇ., ਤੀਹ ਸਾਲ ਤੋਂ ਚਾਲੀ ਸਾਲ ਤਕ ਦੀ ਤੀਵੀਂ ਜੋ ਕਾਮਕਲਾ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ

प्रौढ़ाधीरा–ਪ੍ਰੋੜ੍ਹਾਧੀਰਾ, ਇ., ਉਹ ਜੁਆਨ ਨਾਇਕਾ ਜੋ ਆਪਣੇ ਨਾਇਕ ਭੋਗ ਸੂਚਕ ਚਿੰਨ੍ਹ ਦੇਖ ਕੇ ਪ੍ਰਤੱਖ ਰੂਪ ਨਾਲ ਗੁੱਸਾ ਪਰਗਟ ਕਰੇ

प्रौढ़ि–ਪ੍ਰੋੜ੍ਹਿ, ਇ., ਝਗੜਾ, ਬੋਲ ਚਾਲ, ਜੁਆਨੀ, ਵਡੱਪਣ

प्रौढ़ोक्ति–ਪ੍ਰੋੜ੍ਹੋਕ੍ਤਿ, ਇ., ਕਿਸੇ ਗੱਲ ਨੂੰ ਖੂਬ ਵਧਾ ਕੇ ਕਹਿਣ ਦਾ ਭਾਵ

प्रौण–ਪ੍ਰੌਣ, ਵਿ., ਚਤਰ, ਚਲਾਕ, ਹੁਸ਼ਿਆਰ

प्रौष्ठपदी–ਪ੍ਰਸ਼ਠਪਦੀ, ਇ., ਭਾਦੋਂ ਦੀ ਪੂਰਨਮਾਸੀ

प्रौह–ਪ੍ਰੋਹ, ਪੁ., ਢੰਗ ਸਿਰ ਸ਼ਾਦੀ, ਵਿਧੀ ਨਾਲ ਕੀਤਾ ਵਿਆਹ

प्लक्ष–ਪਲਕਸ਼, ਪੁ., ਪਿੱਪਲ ਦਾ ਰੁੱਖ, ਇਕ ਵੀਪ ਦਾ ਨਾਉਂ

प्लक्षादेवी–ਪਲਕਸ਼ਾਦੇਵੀ, ਇ., ਸਰਸੁਤੀ ਨਦੀ

प्लव–ਪਲਵ, ਪੁ., ਨਾਗਰ ਮੋਥੱਾ, ਇਕ ਖੁਸ਼ਬੂਦਾਰ ਘਾਹ, ਬਾੜ੍ਹ ਬਾਂਦਰ, ਆਵਾਜ਼, ਵਾਪਸ ਆਉਣ ਦਾ ਭਾਵ. ਮੁੜਨ ਦਾ ਭਾਵ ਨ੍ਹਾਉਣ ਦਾ ਭਾਵ, ਤਿਰਨ ਦਾ ਭਾਵ, ਇਕ ਚਿੜੀ

प्लवग–ਪਲਵਗ. ਪੁ., ਬਾਂਦਰ, ਡੱਡੂ. ਹਿਰਨ. ਵਿ., ਤਿਰਨ ਵਾਲਾ

प्लवङ्ग–ਪਲਵੰਗ, ਪੁ., ਬਾਂਦਰ. ਹਿਰਨ, ਇਕ ਸਾਲ ਦਾ ਨਾਉਂ

प्लवङ्गम–ਪਲਵੰਗਮ, ਵਿ., ਉੱਛਲ ਉੱਛਲ ਕੇ ਚਲਣ ਵਾਲਾ

प्लवन–ਪਲਵਨ, ਪੁ., ਉਛੱਲਣਾ, ਕੁੱਦਣਾ ਅਤੇ ਤੈਰਣ ਦੀ ਕਿਰਿਆ

प्लावन–ਪਲਾਵਨ, ਪੁ., ਕਿਸੇ ਚੀਜ਼ ਨੂੰ ਚੰਗੀ ਤਰਾਂ ਧੋਣ ਦਾ ਭਾਵ ਨ੍ਹਾਉਣ ਜਾਂ ਤੈਰਣ ਦੀ ਕਿਰਿਆ, ਬਾੜ੍ਹ

प्लावित–ਪਲਾਵਿਤ, ਵਿ.. ਪਾਣੀ ਵਿਚ ਡੁਬਿਆ ਹੋਇਆ

प्लीहा–ਪਲੀਹਾ, ਪੁ., ਢਿਡ ਦੀ ਤਿੱਲੀ

प्लुक्षि–ਪਲੁਕਸ਼ਿ, ਪੁ. ਪ੍ਰੇਮ. ਪਿਆਰ, ਅੱਗ

प्लुत–ਪਲੁਤ, ਪੁ., ਘੋੜੇ ਦੀ ਟੇਢੀ ਚਾਲ, ਸ੍ਵਰ ਦੀ ਇਕ ਕਿਸਮ, ਜੋ ਦੀਰਘ ਤੋਂ ਵੀ ਵੱਡਾ ਅਤੇ ਤਿੰਨ ਮਾਤ੍ਰਾਂ ਵਾਲਾ ਹੁੰਦਾ ਹੈ

प्लुतगति–ਪਲੁਤਗਤਿ, ਪੁ., ਸਹਾ, ਖਰਗੋਸ਼,

प्लुष्–ਪਲੁਸ਼, ਪੁ., ਪਿਆਰ, ਪ੍ਰੇਮ, ਜਲਣ, ਦਾਹ

प्लेटफ़ार्म–ਪਲੇਟਫ਼ਾਰਮ, ਪੁ., ਰੇਲਵੇ ਸ਼ਟੇਸ਼ਨ ਤੇ ਬਣਿਆ ਹੋਇਆ ਉਚਾ ਥੜ੍ਹਾ ਜਿਸ ਦੇ ਨਾਲ ਲਗ ਕੇ ਗੱਡੀ ਖਲੋਂਦੀ ਹੈ

फ–ਫ

फ–ਫ, ਹਿੰਦੀ ਵਰਣ ਮਾਲਾ ਦਾ ਬਾਈਵਾਂ ਅੱਖਰ ਇਸ ਦਾ ਉਚਾਰਣ ਸਥਾਨ ਬੁੱਲ੍ਹ ਹਨ·

ਪੁ., ਰੁੱਖੀ ਗੱਲ, ਫੁਫਕਾਰ, ਨਿਸ਼ਫਲ, ਭਾਸ਼ਣ, ਜੁੰਮਾ, ਉਬਾਸੀ

फंका–ਫੰਕਾ, ਪੁ., ਫਕਾ, ਟੁਕੜਾ, ਹਿੱਸਾ

फंकी–ਫੰਕੀ, ਇ., ਫਕਣ ਦੀ ਦੁਆਈ, ਫੱਕੀ, ਚੂਰਨ

फंग–ਫੰਗ, ਪੁ., ਬੰਧਨ, ਫੰਦਾ, ਪਿਆਰ

फंद–ਫੰਦ, ਪੁ., ਬੰਧਨ, ਫੰਧਾ, ਦੁਖ, ਕਸ਼ਟ, ਗੂੰਜ, ਭੇਦ, ਛਲ, ਜਾਲ, ਧੋਖਾ

फंदना–ਫੰਦਨਾ, ਕ੍ਰਿ., ਫੰਦੇ ਵਿਚ ਫਸਣਾ, ਟੱਪਣਾ, ਲੰਘਣਾ

फंदरा–ਫੰਦਰਾ, ਪੁ., ਦੇਖੋ ਫੰਦਾ (फंदा)

फंदवार–ਫੰਦਵਾਰ, ਵਿ., ਫਾਂਦੀ, ਫਾਹੀ ਲਾਉਣ ਵਾਲਾ

फंदा–ਫੰਦਾ, ਪੁ., ਫਾਹੀ, ਜਾਲ, ਘੇਰਾ, ਕਸ਼ਟ, ਦੁਖ

फंदाना–ਫੰਦਾਨਾ, ਕ੍ਰਿ., ਜਾਲ ਵਿਚ ਫਸਾਉਣਾ, ਉਲਝਾਉਣਾ, ਕੁਦਾਉਣਾ, ਉਛਾਲਣਾ

फफाना–ਫੰਫਾਨਾ, ਕ੍ਰਿ., ਥਥਲਾਉਣਾ, ਹਰ ਪੈਣੀ, ਦੁਧ ਵਗੈਰਾ ਨੂੰ ਉਬਾਲ ਆਉਣਾ

फंसना–ਫੰਸਨਾ, ਕ੍ਰਿ., ਉਲਝਣਾ, ਬੱਝਣਾ, ਫੜਿਆ ਜਾਣਾ

फंसनी–ਫੰਸਨੀ, ਇ., ਕਸੇਰਿਆਂ ਦੀ ਇਕ ਤਰ੍ਹਾਂ ਦੀ ਹਥੌੜੀ

फंसाना–ਫੰਸਾਨਾ, ਕ੍ਰਿ., ਕਾਬੂ ਕਰਨਾ, ਵਸ ਕਰਨਾ, ਕੈਦ ਕਰਾਉਣਾ

फंसिहारा–ਫੰਸਿਹਾਰਾ, ਵਿ., ਫਸਾਉਣ ਵਾਲਾ

फक्क–ਫਕ, ਵਿ., ਸਾਫ, ਸਫੈਦ, ਭੁਕੀ, ਬੁਕਨੀ, ਚੂਰਨ

फक्कड़ो–ਫਕੜੀ, ਇ., ਦੁਰਗਤੀ, ਦੁਰਦਸ਼ਾ, ਵਿਪਤਾ

फकीरी–ਫਕੀਰੀ, ਇ., ਮੰਗਤਾ ਪਣ, ਨਿਰਧਨਤਾ, ਸਾਧੂਪਣ

फक्किका–ਫੱਕਿਕਾ, ਇ., ਭੈੜੀ ਵਰਤੋਂ, ਛਲ ਕਪਟ ਚਲਾਕੀ ਦੀ ਗੱਲ

फगुआ–ਫਗੁਆ, ਪੁ., ਹੋਲੀ ਦਾ ਦਿਨ, ਹੋਲੀ, ਫਾਗ

फगुआना–ਫਗੁਆਨਾ, ਕ੍ਰਿ., ਫਗਣ ਵਿਚ ਕਿਸੇ ਤੇ ਰੰਗ ਪਾਉਣਾ

फगुनहट–ਫਗੁਨਹਟ, ਇ., ਫਗਣ ਦੇ ਮਹੀਨੇ ਦੀ ਧੂੜ ਭਰੀ ਹਵਾ, ਫਗਣ ਵਿਚ ਹੋਣ ਵਾਲੀ ਬਰਖਾ

फगुहारा–ਫਗੁਹਾਰਾ, ਪੁ., ਫਾਗ ਗਾਉਣ ਵਾਲਾ, ਓਹ ਬੰਦਾ ਜੋ ਹੋਲੀ ਖੇਲ੍ਹਣ ਲਈ ਦੂਜੇ ਦੇ ਘਰ ਜਾਵੇ

फजिहताई–ਫਜਿਹਤਾਈ, ਇ., ਦੁਰਦਸ਼ਾ, ਦੁਰਗਤ

फजीहत–ਫਜੀਹਤ, ਇ., ਦੁਰਦਸ਼ਾ, ਭੈੜੀ ਹਾਲਤ

फट–ਫਟ, ਅੱਵਜ., ਫਟਕਾਰ, ਖਾਸ ਸ਼ਬਦ, ਧੋਖਾ, ਫਣ ਫਣ

ਫਣ, ਪਖੰਡ

फटक-ਫਟਕ, ਪੁ., ਚਿੱਟਾ ਬਲੋਰ, ਅਵਜ., ਝਟ ਪਟ

फटकन-ਫਟਕਨ. ਇ., ਦਾਣੇ ਛੰਡਣੇ, ਫਟਕਾ ਮਾਰਨਾ

फटकना-ਫਟਕਨਾ, ਕ੍ਰਿ., ਛਜ ਨਾਲ ਛੱਟਣਾ, ਸਾਫ ਕਰਨਾ, ਸੁਟਣਾ, ਪਰਖਣਾ, ਵਖ ਕਰਨਾ

फटका-ਫਟਕਾ, ਪੁ., ਪੇਂਜ਼ੇ ਦੀ ਧੁਣਖੀ, ਗੁਣ ਵਿਹੀਨ ਕਵਿਤਾ, ਰੇਤਲੀ ਮਿੱਟੀ, ਚਿੜੀਆਂ ਉਡਾਉਣ ਲਈ ਰੁੱਖ ਤੇ ਬੱਧੀ ਹੋਈ ਚੀਜ਼

फटकार-ਫਟਕਾਰ, ਇ., ਝਿੜਕੀ. ਸਰਾਪ, ਝਾੜ

फटकारना-ਫਟਕਾਰਨਾ, ਕ੍ਰਿ., ਝਿੜਕੀ ਦੇਣੀ, ਝਟਕਾ ਦੇ ਕੇ ਬਾਹਰ ਸੁਟਣਾ, ਵਖ ਕਰਨਾ, ਦੂਰ ਕਰਨਾ, ਛਿਤਰਾਉਣਾ, ਕਪੜਾ ਧੋਣਾ, ਫੈਦਾ ਉਠਾਉਣਾ,ਕਿਸੇ ਨੂੰ ਸਖਤ ਗੱਲ ਕਹਿ ਕੇ ਚੁਪ ਕਰਾ ਦੇਣਾ

फटकिया-ਫਟਕਿਯਾ, ਪੁ., ਇਕ ਤਰ੍ਹਾਂ ਚੀ ਜ਼ਹਿਰ

फटकी-ਫਟਕੀ, ਇ., ਫਟਕੜੀ

फटना-ਫਟਨਾ, ਕ੍ਰਿ., ਟੁੱਟਨਾ, ਤੇੜ ਆਉਣੀ, ਵੱਖ ਹੋ ਜਾਣਾ, ਬਹੁਤ ਪੀੜ ਹੋਣੀ, ਦੁੱਧ ਪਾਣੀ ਵੱਖ ਹੋਣਾ, ਫਰਕ ਪੈਣਾ

फटफट-ਫਟਫਟ, ਇ., ਫਟ ਫਟ ਕਰਨਾ, ਫਜੂਲ ਬਕਵਾਸ, ਜੁੱਤੀ ਦੀ ਫੜਫੜਾਹਟ

फटहा-ਫਟਹਾ, ਵਿ., ਪਾਟਿਆ ਹੋਇਆ

फटा-ਫਟਾ, ਇ., ਸਪ ਦਾ ਫਣ, ਦੰਭ, ਘਮੰਡ, ਛਲ

फटिक-ਫਟਿਕ. ਪੁ.. ਸਫੈਦ ਬਲੋਰ, ਸੰਗਮਰਮਰ

फटिका-ਫਟਿਕਾ, ਇ., ਇਕ ਤਰ੍ਹਾਂ ਦੀ ਸ਼ਰਾਬ

फटिकारी-ਫਟਿਕਾਰੀ, ਇ., ਫਟਕੜੀ

फटेहाल-ਫਟੇਹਾਲ, ਪੁ., ਕੰਗਾਲੀ, ਗਰੀਬੀ

फट्ठा-ਫੱਟਾ, ਪੁ., ਬਾਂਸ ਦੀ ਛੜ, ਫੱਟੀ

फट्ठी-ਫੱਠੀ, ਇ.. ਬਾਂਸ ਦੀ ਚੀਰੀ ਹੋਈ ਫਾਂਕੜ

फड़-ਫੜ, ਇ., ਜੂਆ ਖੇਲੁਣ ਦੀ ਇਕ ਰੀਤ, ਜੂਏ ਖਾਨਾ, ਅਡਾ, ਮਾਲ ਲੈਣ ਦੇਣ ਦਾ ਅਡਾ, ਤੋਪ ਦੀ ਗਡੀ, ਚਰਖ, ਲਕੜੀ ਦਾ ਬੱਲਾ

फड़क-ਫੜਕ, ਇ., ਫੜਕਣ ਦਾ ਕੰਮ. ਫੜੜਾਹਟ, ਲਾਲਸਾ, ਬੇਚੈਨੀ

फड़कन-ਫੜਕਨ, ਇ., ਦੇਖੋ ਫੜਕ (फड़क।

फड़कना-ਫੜਕਨਾ, ਕ੍ਰਿ., ਫੜ ਫੜ ਕਰਨਾ, ਫੜਫੜਾਉਣਾ, ਹਿਲਣਾ, ਡੋਲਣਾ, ਤੜਫਣਾ, ਪੰਛੀਆਂ ਦੇ ਪਰ ਹਿਲਣੇ

फड़काना-ਫੜਕਾਨਾ, ਕ੍ਰਿ., ਹਿਲਾਉਣਾ, ਚਾਹ ਪੈਦਾ ਕਰਨੀ

फड़नवीस-ਫੜਨਵੀਸ, ਪੁ., ਮਰਹੱਟਿਆਂ ਦਾ ਇਕ ਅਹੁਦਾ

फड़फड़ाना-ਫੜਫੜਾਨਾ, ਕ੍ਰਿ., ਘਬਰਾਉਣਾ, ਬੇਚੈਨ ਹੋਣਾ, ਤੜਫੜਾਉਣਾ

फड़वाज़-ਪੜਬਾਜ਼, ਵਿ., ਜੋ ਆਪਣੇ ਘਰ ਦੂਜਿਆਂ ਨੂੰ ਜੂਆ ਖਿਡਾਵੇ

फड़िया-ਫੜਿਆ, ਪੁ., ਜੂਏ ਦੇ ਅੱਡੇ ਦਾ ਮਾਲਕ

फड़ी-ਫੜੀ, ਇ., ਇੱਟਾਂ ਦਾ ਢੇਰ

बीसी–ਬੀਸੀ, ਇ., ਵੀਹ ਚੀਜ਼ਾਂ ਦਾ ਸਮੂਹ, ਕੋੜੀ, ਜ਼ਮੀਂਦਾਰ ਨੂੰ ਦਿਤੀ ਜਾਣ ਵਾਲੀ ਪੈਦਾਵਾਰ ਜੋ ਇਕ ਬੀਘੇ ਮਗਰ ਦੇ ਬਿਸਵੇ ਦੀ ਹੁੰਦੀ ਹੈ, ਪੁ., ਤਰਾਜ਼ੂ, ਕੰਡਾ

बीहड़–ਬੀਹੜ, ਵਿ., ਉਚਾ ਨੀਵਾਂ, ਔਖਾ, ਵੱਖਰਾ, ਜੁਦਾ, ਉਬੜ ਖਾਬੜ

बुंद–ਬੁੰਦ, ਇ., ਵੀਰਜ, ਟੇਪਾ, ਤੁਪਕਾ, ਪੁ., ਕੰਨ ਦਾ ਬੁੰਦਾ, ਤੀਰ, ਵਿ., ਥੋੜਾ ਜਾ

बुंदकी–ਬੁੰਦਕੀ, ਇ., ਗੋਲ ਛੋਟੀ ਬਿੰਦੀ, ਛੋਟਾ ਧੱਬਾ

बुंदवान–ਬੁੰਦਵਾਨ, ਪੁ., ਨਿਕੀ ਨਿਕੀ ਕਣੀ ਦਾ ਮੀਂਹ, ਕਿਣ ਮਿਣ ਕਾਣੀ, ਬੂੰਦਾ ਬਾਂਦੀ

बुंदा–ਬੁੰਦਾ, ਪੁ., ਕੰਨ ਦਾ ਇਕ ਗਹਿਣਾ, ਮੱਥੇ ਦਾ ਇਕ ਗਹਿਣਾ

बुंदिया–ਬੁੰਦਿਯਾ, ਇ., ਦੇਖੋ ਬੂੰਦੀ (बूंदा)

बुंदीदार–ਬੁੰਦੀਦਾਰ, ਵਿ., ਜਿਸ ਵਿਚ ਛੋਟੀਆਂ ਛੋਟੀਆਂ ਬੰਦੀਆਂ ਹੋਣ

बुंदेलखण्ड–ਬੁੰਦੇਲਖੰਡ, ਪੁ., ਭਾਰਤ ਦੇ ਇਕ ਹਿਸੇ ਦਾ ਨਾਉਂ

बुंदेला–ਬੁੰਦੇਲਾ, ਵਿ., ਬੁੰਦੇਲਖੰਡ ਦਾ ਵਸਨੀਕ

बुंदौरी–ਬੁੰਦੌਰੀ, ਇ., ਬੂੰਦੀ, ਬੰਦੀ ਨਾਉਂ ਦੀ ਮਿਠਿਆਈ

बुआ–ਬੁਆ, ਇ., ਭੂਆ, ਪਿਉ ਦੀ ਭੈਣ

बुक–ਬੁਕ, ਇ , ਕਲਫ ਕੀਤਾ ਕਪੜਾ

बुकचा, बुकची–ਬੁਕਚਾ, ਬੁਕਚੀ. ਪੁ., ਇ. ਗਠੜੀ, ਕਪੜੇ ਦੀ ਗੰਢੜੀ

बुकनी–ਬੁਕਨੀ, ਇ., ਬਰੀਕ ਚੂਰਨ

बुकवा–ਬੁਕਵਾ, ਪੁ., ਬਟਣਾ

बुकस–ਬੁਕਸ, ਪੁ., ਭੰਗੀ, ਮਿਹਤਰ

बुकुन–ਬੁਕੁਨ, ਪੁ., ਫੱਕੀ, ਹਾਜ਼ਮੇਦਾਰ ਚੂਰਨ

बुक्क–ਬੁੱਕ, ਪੁ.. ਬਕੱਰਾ, ਹਿਰਦਾ, ਕਲੇਜਾ

बुक्कन–ਬੁੱਕਨ, ਪੁ., ਕੁੱਤਾ ਭੌਂਕਣ ਦਾ ਸ਼ਬਦ

बुक्कस–ਬੁੱਕਸ, ਪੁ., ਚੰਡਾਲ

बुक्का–ਬੁੱਕਾ, ਪੁ., ਅਭਰਕ ਦਾ ਚੂਰਨ

बुक्कार–ਬੁੱਕਾਰ, ਪੁ., ਸ਼ੇਰ ਦੀ ਗਰਜ

बुखार–ਬੁਖਾਰ, ਪੁ., ਤਾਪ, ਭਾਫ, ਗੁੱਸਾ, ਸੋਗ ਦੁਖ ਆਦਿ ਦਾ ਜ਼ੋਰ

बुग–ਬੁਗ, ਪੁ., ਮੱਛਰ

बुगचा–ਬੁਗਚਾ, ਪੁ., ਗਠੜੀ

बुगदर–ਬੁਗਦਰ, ਪੁ., ਮੱਛਰ

बुगदा–ਬੁਗਦਾ, ਪੁ., ਕਸਾਈਆਂ ਦਾ ਛੁਰਾ

बुगिअल–ਬੁਗਿਅਲ, ਪੁ., ਪਸੂਆਂ ਦੇ ਚਰਨ ਦੀ ਥਾਂ, ਬੀੜ, ਚਰਾਗਾਹ

बुज़दिल–ਬੁਜ਼ਦਿਲ, ਵਿ.. ਡਰਪੋਕ, ਡਰੂ, ਕਾਇਰ

बुज़नी–ਬੁਜ਼ਨੀ, ਇ., ਕੰਨਾਂ ਦਾ ਇਕ ਗਹਿਣਾ

बुज़ुर्ग–ਬੁਜ਼ੁਰਗ, ਵਿ., ਉਹ ਜੋ ਉਮਰ ਵਿਚ ਵੱਡਾ ਹੋਵੇ, ਪੁ., ਵੱਡ ਵਡੇਰਾ

बुज्जर–ਬੁੱਜਰ, ਪੁ., ਇਕ ਤਰ੍ਹਾਂ ਦੀ ਚਿੜੀ

बुज्जी–ਬੁੱਜੀ, ਵਿ., ਬੱਕਰੀ

बुज्झा–ਬੁੱਝਾ, ਇ., ਇਕ ਤਰ੍ਹਾਂ ਦੀ ਚਿੜੀ

बुझना–ਬੁਝਨਾ, ਕ੍ਰਿ., ਦੀਵਾ ਗੁਲ ਹੋਣਾ, ਅੱਗ ਠੰਡੀ ਹੋਣੀ, ਜੀ ਭਰਨਾ, ਉਤਸ਼ਾਹ ਮਰਨਾ

बुझाना–ਬੁਝਾਨਾ. ਕ੍ਰਿ., ਗੁਲ ਕਰਾਉਣਾ, ਅੱਗ ਠੰਢੀ ਕਰਨੀ, ਜੀ ਭਰਨਾ, ਸਮਝਾਉਣਾ

बुझारत–ਬੁਝਾਰਤ, ਇ., ਪਹਿਲੇ, ਪਿੰਡਾਂ ਦੇ ਜ਼ਿਮੀਦਾਰਾਂ ਦੀ ਆਮਦਨ ਖਰਚ ਦਾ ਸਾਲਾਨਾ ਲੇਖਾ

बुझौवल–ਬੁਝੌਵਲ, ਇ., ਪਹੇਲੀ, ਬਾਤ, ਬੁਝਾਰਤ

बुट–ਬੂਟ ਇ., ਬੂਟੀ

बुटना–ਬੁਟਨਾ, ਕ੍ਰਿ., ਨੱਸਣਾ, ਭੱਜਣਾ

बुड़की–ਬੁੜਕੀ, ਇ., ਗੋਤਾ. ਡੁਬਕੀ, ਚੁੱਭੀ

बुड़ना–ਬੁੜਨਾ, ਕ੍ਰਿ.. ਡੁੱਬਣਾ

बुड़बुड़ाना–ਬੁੜਬੁੜਾਨਾ, ਕ੍ਰਿ., ਬੜ ਬੜ ਕਰਨਾ ਬਰੜਾਉਣਾ

बुड़ाना–ਬੁੜਾਨਾ, ਕ੍ਰਿ.. ਗੋਤਾ ਦੇਣਾ

बुड्ढा–ਬੁੱਢਾ, ਵਿ., ਪੰਜਾਹ ਸੱਠ ਵਰ੍ਹਿਆਂ ਦਾ ਬੁੜ੍ਹਾ, ਬਿਰਧ

बुढना–ਬੁਢਨਾ, ਪੁ.; ਪੱਥਰ ਫੁੱਲ, ਛਲੀਰਾ

बुढापा–ਬੁਢਾਪਾ, ਪੁ , ਬੁਢੇ ਹੋਣ ਦਾ ਭਾਵ

बुढौती–ਬੁਢੌਤੀ. ਇ., ਬੁਢੇਪਾ

बुत-ਬੁਤ, ਪੁ., ਦੇਖੋ ਬੁੱਤ (बुत्त)

बुतना-ਬੁਤਨਾ, ਕ੍ਰਿ., ਦੇਖੋ ਬੁਝਨਾ (बुझना)

बुताना-ਬੁਤਾਨਾ, ਕ੍ਰਿ.. ਦੇਖੋ ਬੁਝਾਨਾ (बुझाना)

बुत्त-ਬੁੱਤ, ਪੁ., ਤਸਵੀਰ, ਪੱਥਰ ਦੀ ਮੂਰਤ, ਪ੍ਰੀਤਮ, ਜਿਸ ਨਾਲ ਪ੍ਰੇਮ ਕੀਤਾ ਜਾਵੇ. ਵਿ., ਚੁਪਚਾਪ, ਮੂਰਤ ਵਾਙ ਬੈਠਣ ਵਾਲਾ

बुत्ता-ਬੁੱਤਾ, ਪੁ.. ਬਹਾਨਾ, ਧੋਖਾ, ਹੀਲਾ ਹਵਾਲਾ

बुदबुद-ਬੁਦਬੁਦ, ਪੁ., ਬੁੱਲਾ, ਬੁਲਬੁਲਾ

बुदबुदा-ਬੁਦਬੁਦਾ, ਪੁ., ਬੁਲਬੁਲਾ, ਬੁੱਲਾ

बुद्ध-ਬੁੱਧ, ਵਿ., ਗਿਆਨੀ. ਪੰਡਿਤ, ਸਰਵੱਗ, ਜਾਗਰਤ, ਪੁ., ਮਹਾਤਮਾ ਬੁੱਧ

बुद्धि-ਬੁੱਧਿ, ਇ., ਅਕਲ, ਸਮਝ, ਬੁੱਧ

बुद्धिचक्षु-ਬੁੱਧਿਚਕਸ਼ੁ. ਪੁ., ਅੰਨ੍ਹਾ, ਧਿਰਤਰਾਸ਼ਟਰ

बुद्धिपर-ਬੁੱਧਿਪਰ, ਵਿ., ਅਕਲ ਤੋਂ ਪਰ੍ਹੇ

बुद्धिमत्ता-ਬੁੱਧਿਮੱਤਾ, ਇ., ਸਮਝਦਾਰੀ, ਅਕਲਮੰਦੀ, ਬੁਧਮਾਨ ਹੋਣ ਦਾ ਭਾਵ

बुद्धिमान्-ਬੁੱਧਿਮਾਨ. ਵਿ., ਅਕਲਮੰਦ, ਸਿਆਣਾ

बुद्धिमानी-ਬੁੱਧਿਮਾਨੀ, ਇ., ਸਿਆਣਪ, ਅਕਲਮੰਦੀ

बुद्धिवंत-ਬੁੱਧਿਵੰਤ, ਵਿ., ਅਕਲਮੰਦ, ਸਿਆਣਾ

बुद्धिशाली-ਬੁੱਧਿਸ਼ਾਲੀ, ਵਿ.; ਸਿਆਣਾ, ਸਮਝਦਾਰ

बुद्धिशील-ਬੁੱਧਿਸ਼ੀਲ, ਵਿ., ਅਕਲਮੰਦ

बुद्धिसहाय-ਬੁੱਧਿਸਹਾਯ, ਪੁ., ਮੰਤਰੀ, ਵਜ਼ੀਰ

बुद्धिहत-ਬੁਧਿਹਤ. ਵਿ., ਮੂਰਖ, ਮਤਮਾਰੀ ਵਾਲਾ

बुद्धिहीन-ਬੁੱਧਿਹੀਨ, ਵਿ., ਮੂਰਖ, ਨਾ ਸਮਝ

बुध-ਬੁਧ, ਵਿ., ਵਿਦਵਾਨ, ਪੰਡਿਤ, ਚਤਰ, ਦੇਵਤਾ, ਪੁ., ਵਿਦਵਾਨ ਬੰਦਾ

बुधवार-ਬੁਧਵਾਰ, ਪੁ., ਬੁੱਧ ਗ੍ਰਹਿ ਦਾ ਦਿਨ, ਮੰਗਲਵਾਰ ਤੋਂ ਮਗਰੋਂ ਆਉਣ ਵਾਲਾ ਵਾਰ

बुधा-ਬੁਧਾ, ਇ.. ਜਟਾਮਾਸੀ

बुधान-ਬੁਧਾਨ, ਪੁ., ਗੁਰੂ, ਪੰਡਿਤ, ਕਵੀ

बुधित-ਬੁਧਿਤ, ਵਿ., ਗਿਆਤ, ਜਾਣਿਆ ਹੋਇਆ

बुनना-ਬੁਨਨਾ, ਕ੍ਰਿ., ਕਪੜਾ ਬਣਾਉਣ ਦੀ ਕਿਰਿਆ, ਬੁਣਨਾ

बुनाई-ਬੁਨਾਈ, ਕ੍ਰਿ , ਬੁਨਾਵਟ, ਬੁਣਨ ਦੀ ਮਜ਼ਦੂਰੀ

बुनावट-ਬੁਨਾਵਟ, ਇ., ਬੁਣਾਈ, ਬੁਣਨ ਵਿਚ ਸੂਤਰ ਦੇ ਮੇਲਣ ਦਾ ਢੰਗ

बुनियाद-ਬੁਨਿਯਾਦ, ਇ., ਜੜ, ਨੀਂਹ, ਮੂਲ, ਅਸਲੀਅਤ

बुबुकना-ਬੁਬੁਕਨਾ, ਕ੍ਰਿ., ਜੋਰ ਨਾਲ ਰੋਣਾ

बुबुकारी-ਬੁਬੁਕਾਰੀ, ਇ., ਭੁੱਬਾਂ ਮਾਰ ਕੇ ਰੋਣ ਦਾ ਭਾਵ

बुभुक्षा-ਬੁਭੁਕਸ਼ਾ, ਇ , ਭੁੱਖ, ਖਾਣਾ ਖਾਣ ਦੀ ਇੱਛਿਆ

बुभुक्षित, बुभुक्षु-ਬੁਭੁਕਸ਼ਿਤ, ਬੁਭੁਕਸ਼ੁ, ਵਿ., ਭੁੱਖਾ, ਜਿਸ ਨੂੰ ਭੁੱਖ ਲੱਗੀ ਹੋਵੇ

बुभूषक-ਬੁਭੂਸ਼ਕ, ਵਿ., ਵਡਿਆਈ ਦੀ ਇੱਛਿਆ ਕਰਨ ਵਾਲਾ

बुभूषा-ਬੁਭੂਸ਼ਾ, ਇ., ਵਡਿਆਈ ਦੀ ਇੱਛਿਆ

बुयाम-ਬੁਯਾਮ, ਪੁ., ਚੀਨੀ ਮਿਟੀ ਦਾ ਭਾਂਡਾ, ਬਿਆਮ

बुरकना-ਬੁਰਕਨਾ, ਕ੍ਰਿ., ਭੁੱਕਣਾ, ਧੂੜਨਾ, ਪੁ., ਇਕ ਤਰ੍ਹਾਂ ਦੀ ਦਵਾਤ

बुरक़ा-ਬੁਰਕਾ, ਪੁ., ਮੁਸਲਮਾਨੀ ਔਰਤਾਂ ਦਾ ਇਕ ਪਹਿਰਾਵਾ, ਔਲ

बुरकाना-ਬੁਰਕਾਨਾ, ਕ੍ਰਿ., ਛਿੜਕਾਉਣਾ

बुरदू-ਬੁਰਦੂ, ਪੁ., ਜਹਾਜ਼ ਦਾ ਬਗਲ ਦਾ ਭਾਗ

बुरा-ਬੁਰਾ, ਵਿ., ਭੈੜਾ, ਖਰਾਬ, ਕਮੀਣਾ, ਨੀਚ

बुराई-ਬੁਰਾਈ, ਇ., ਖਰਾਬੀ, ਖੁਟਾਈ, ਨੀਚਤਾ, ਦੁਸ਼ਟਤਾ, ਐਬ, ਦੋਸ਼, ਨਿੰਦਿਆ

बुरादा-ਬੁਰਾਦਾ, ਪੁ., ਚੂਰਾ, ਧੂੜਾ, ਬੂਰ

बुरापन-ਬੁਰਾਪਨ, ਪੂ., ਬੁਰਿਆਈ, ਭੈੜ

बुरुल-ਬੁਰੁਲ, ਪੁ., ਇਕ ਬਹੁਤ ਵੱਡਾ ਰੁੱਖ

बुरुश-ਬੁਰੁਸ਼, ਪੁ., ਅੰਗਰੇਜ਼ੀ ਢੰਗ ਦੀ ਕੂਚੀ ਜੋ ਰੰਗਣ ਅਤੇ ਸਾਫ ਕਰਨ ਦੇ ਕੰਮ ਆਉਂਦੀ ਹੈ

बुर्ज-ਬੁਰਜ, ਪੁ.. ਕਿਲੇ ਆਦਿਕ ਉਤੇ ਬਣਿਆ ਗੋਲ ਥੜ੍ਹਾ, ਗੁੰਬਦ, ਵੱਡੀ ਬੁਰਜੀ

बुलंद-ਬੁਲੰਦ, ਵਿ.. ਉੱਚਾ, ਭਾਰੀ

बुलंदी-ਬੁਲੰਦੀ, ਇ., ਉਚਾਈ,

बुलबुल-ਬਲਬੁਲ, ਇ., ਇਕ ਪ੍ਰਸਿੱਧ ਕਾਲੇ ਰੰਗ ਦੀ ਗਾਉਣ ਵਾਲੀ ਚਿੜੀ

बुलबुला-ਬੁਲਬੁਲਾ, ਪੁ., ਪਾਣੀ ਦਾ ਬੁੱਲਾ, ਬੁਲਬੁਲਾ

बुलवाना-ਬੁਲਵਾਨਾ, ਕ੍ਰਿ., ਸਦਵਾਉਣਾ, ਬੁਲਾਉਣ ਦਾ ਕੰਮ ਦੂਸਰੇ ਤੋਂ ਕਰਵਾਉਣਾ

बुलाक़-ਬੁਲਾਕ, ਪੁ., ਨੱਥ ਦਾ ਮੋਤੀ

बुलाक़ी-ਬੁਲਾਕੀ, ਪੁ., ਘੋੜੇ ਦੀ ਇਕ ਨਸਲ

बुलाना-ਬੁਲਾਨਾ, ਕ੍ਰਿ., ਸੱਦਣਾ, ਬੁਲਾਉਣਾ

बुलावा-ਬੁਲਾਵਾ, ਪੁ., ਸੱਦ ਭੇਜਣ ਦਾ ਕੰਮ, ਨਿਉਂਦਣ ਦਾ ਕੰਮ

बुलाह-ਬੁਲਾਹ, ਪੁ., ਉਹ ਘੋੜਾ ਜਿਸ ਦੇ ਗਰਦਨ ਅਤੇ ਪੂਛ ਦੇ ਵਾਲ ਪੀਲੇ ਹੋਣ

बुलौवा-ਬੁਲੌਵਾ, ਪੁ., ਦੇਖੋ ਬੁਲਾਵਾ (बुलावा)

बुल्लन-ਬੁੱਲਨ, ਪੁ., ਮੂੰਹ, ਚਿਹਰਾ, ਬੁਲਬੁਲਾ

बुल्ला-ਬੁੱਲਾ, ਪੁ., ਬੁਲਬੁਲਾ

बुष-ਬੁਸ਼, ਪੁ., ਅਨਾਜ ਦੇ ਉਪਰਲਾ ਛਿਲਕਾ

बुस-ਬੁਸ. ਪੁ., ਅਨਾਜ ਦਾ ਛਿੱਲੜ

बुहरी-ਬੁਹਰੀ, ਇ., ਚਬੇਣਾ

बुहारना-ਬੁਹਾਰਨਾ, ਕ੍ਰਿ., ਝਾੜੂ ਦੇਣਾ, ਬੁਹਾਰੀ ਦੇਣੀ

बुहारी-ਬੁਹਾਰੀ, ਇ., ਝਾੜੂ, ਸੂਹਣ

बूंद-ਬੂੰਦ, ਇ., ਟੇਪਾ, ਕਤਰਾ, ਤੁਬਕਾ, ਕਣ

बूंदा–ਬੂੰਦਾ, ਪੁ., ਨਕ ਵਿਚ, ਪਾਉਣ ਦਾ ਸੁਰਾਹੀਦਾਰ ਲੰਮੋਦਰਾ ਮੋਤੀ, ਵੱਡੀ ਟਿੱਕੀ

बूंदा बूंदी–ਬੂੰਦਾਬੂੰਦੀ, ਇ., ਕਿਣਮਿਣ ਕਣੀਆਂ, ਹਲਕਾ ਮੀਂਹ

बूंदी–ਬੂੰਦੀ, ਇ., ਇਕ ਮਿਠਾਈ, ਬਾਰਸ਼ ਦੀ ਕਣੀ

बू–ਬੂ, ਇ., ਵਾਸ਼ਨਾ, ਮਹਿਕ, ਬੋ, ਬਦਬੋ. ਦੁਰਗੰਧ

बूआ–ਬੂਆ, ਇ., ਪਿਉ ਦੀ ਭੈਣ, ਭੂਆ

बूई–ਬੂਈ, ਪੁ., ਇਕ ਬਟੀ, ਸੱਜੀ ਖਾਰ ਦੀ ਬੂਟੀ

बूक–ਬੂਕ, ਪੁ., ਮਾਜੂ ਦੇ ਰੁੱਖ ਜਿਹਾ ਬੂਟਾ

बूकना–ਬੂਕਨਾ, ਕ੍ਰਿ., ਪੀਹਣਾ, ਚੂਰਨ ਕਰਨਾ, ਮਨ ਘੜਤ ਗੱਲਾਂ ਕਰਨੀਆਂ

बूका–ਬੂਕਾ, ਪੁ.. ਨਦੀ ਦੇ ਹਟਣ ਤੇ ਨਿਕਲੀ ਹੋਈ ਧਰਤੀ

बूगा–ਬੂਗਾਂ, ਪੁ., ਤੂੜੀ,ਭੂਸਾ ਭੋਂਹ

बूचड़–ਬੂਚੜ, ਪੁ , ਪਸ਼ੂਆਂ ਨੂੰ ਮਾਰਣ ਵਾਲਾ ਅਤੇ ਉਨ੍ਹਾਂ ਦਾ ਮਾਸ ਵੇਚਣ ਵਾਲਾ, ਕਸਾਈ

बूचा–ਬੂਚਾ, ਵਿ., ਬੁਚਾ, ਜਿਸ ਦਾ ਕੰਨ ਕਟਿਆ ਹੋਇਆ ਹੋਵੇ

बूची–ਬੂਚੀ, ਪੁ.,ਉਹ ਭੇਡ ਜਿਸ ਦੇ ਕੰਨ ਬਾਹਰ ਨਾ ਨਿਕਲੇ ਹੋਣ

बूजन–ਬੂਜਨ, ਪੁ., ਬਾਂਦਰ

बूजना–ਬੂਜਨਾ, ਕ੍ਰਿ., ਧੋਖਾ ਦੇਣਾ, ਲੁਕਾਉਣਾ

बूझ–ਬੂਝ, ਇ., ਸਮਝ, ਅਕਲ, ਗਿਆਨ, ਬੁਝਾਰਤ

बूझन–ਬੂਝਣ, ਇ., ਬੁਝਾਰਤ, ਅਕਲ, ਸਮਝ. ਗਿਆਨ

बूझना–ਬੂਝਨਾ, ਕ੍ਰਿ., ਜਾਣਨਾ, ਸਮਝਣਾ

बूट–ਬੂਟ. ਪੁ., ਛੋਲਿਆਂ ਦਾ ਹਰਾ ਬੂਟਾ, ਛੋਲਿਆਂ ਦਾ ਹਰਾ ਦਾਣਾ, ਰੁੱਖ, ਛੋਲੀਆ, ਅੰਗਰੇਜ਼ੀ ਢੰਗ ਦਾ ਜੁੱਤਾ

बूटना–ਬੂਟਨਾ, ਕ੍ਰਿ., ਨਸਾਉਣਾ

बूटनि–ਬੂਟਨਿ, ਇ.. ਵੀਰ ਬਹੁਟੀ ਨਾਉਂ ਦਾ ਕੀੜਾ

बूटा–ਬੂਟਾ, ਪੁ., ਵੇਲ ਬੂਟਾ, ਕਪੜੇ ਦੀ ਕਢਾਈ, ਪੌਦਾ; ਛੋਟਾ ਰੁੱਖ ਜੜੀ ਬੂਟੀ

बूटी–ਬੂਟੀ, ਇ., ਬਨਸਪਤੀ, ਜੜੀ, ਭੰਗ, ਕਪੜੇ ਦੀ ਕਢਾਈ, ਤਾਸ਼ ਦੀ ਟਿੱਕੀ

बूड़ना–ਬੂੜਨਾ, ਕ੍ਰਿ., ਡੁੱਬਣਾ, ਲੀਨ ਹੋਣਾ

बूड़ा–ਬੂੜਾ, ਪੁ., ਪਾਣੀ ਦਾ ਹੜ੍ਹ

बूढ़, बूढ़ा–ਬੂੜ੍ਹ. ਬੂੜ੍ਹਾ, ਵਿ., ਬੁੱਢਾ. ਵੱਡੀ ਉਮਰ ਦਾ

बूता–ਬੂਤਾ, ਪੁ., ਬਲ, ਤਾਕਤ, ਸ਼ਕਤੀ

बूना–ਬੂਨਾ, ਪੁ.. ਚਨਾਰ ਦਾ ਰੁੱਖ

बूरना–ਬੂਰਨਾ, ਕ੍ਰਿ., ਡੁੱਬਣਾ

बूरा–ਬੂਰਾ, ਪੁ., ਸਾਫ ਕਰ ਕੇ ਕੁਟੀ ਹੋਈ ਖੰਡ, ਬਰੀਕ ਚੂਰਨ

बूरी–ਬੂਰੀ, ਇ., ਬਹੁਤ ਛੋਟੀ ਇਕ ਬੂਟੀ

बूला–ਬੂਲਾ, ਇਕ ਤਰ੍ਹਾਂ ਦੀ ਜੁੱਤੀ

वृच्छ–ਬ੍ਰਿੱਛ, ਪੁ., ਰੁੱਖ

वृंहण–ਬ੍ਰਿਹਣ, ਵਿ., ਤਾਕਤ ਦੇਣ ਵਾਲਾ

वृंहित–ਬ੍ਰਿਹਿਤ ਪੁ.. ਹਾਥੀ ਦੀ ਚਿੰਘਾੜ

बृष–ਬ੍ਰਿਖ, ਪੁ,, ਬੈਲ, ਬਲੁਦ

बृहच्चञ्चु–ਬ੍ਰਿਹੱਚੰਚੁ, ਵਿ., ਲੰਮੀ ਚੁੰਝ ਵਾਲਾ

बृहज्जाल–ਬ੍ਰਿਹੱਜਾਲ, ਪੁ., ਵੱਡਾ ਫੰਦਾ

बृहतिका–ਬ੍ਰਿਹਤਿਕਾ, ਇ., ਪਰਨਾ, ਮੋਢਿਆਂ ਦਾ ਪਰਨਾ

बृहती–ਬ੍ਰਿਹਤੀ, ਇ., ਪਰਨਾ, ਵਾਕ, ਇਕ ਗੰਧਰਵ ਦੀ ਵੀਣਾ ਦਾ ਨਾਉਂ, ਸਰੀਰ ਵਿਚ ਇਕ ਪੋਲੀ ਥਾਂ

बृहत्–ਬ੍ਰਿਹਤ, ਵਿ., ਬਹੁਤ ਵੱਡਾ, ਉੱਚਾ, ਪੱਕਾ, ਮਜ਼ਬੂਤ

बृहत्पाटलि–ਬ੍ਰਿਹਤਪਾਟਲਿ, ਪੁ., ਧਤੂਰੇ ਦਾ ਰੁੱਖ

बृहत्पाद–ਬ੍ਰਿਹਤਪਾਦ, ਪੁ., ਬੋਹੜ, ਬਰੋਟਾ

बृहत्पीलु–ਬ੍ਰਿਹਤਪੀਲੂ, ਪੁ., ਪਹਾੜੀ ਅਖਰੋਟ

बृहत्पुष्प–ਬ੍ਰਿਹਤਪੁਸ਼ਪ, ਪੁ., ਪੇਠਾ, ਕੇਲੇ ਦਾ ਰੁੱਖ

बृहत्पुष्पी–ਬ੍ਰਿਹਤਪੁਸ਼ਪੀ ਪੁ., ਸਣ ਦਾ ਰੁੱਖ

बृहदारण्यक–ਬ੍ਰਿਹਦਾਰਣਜਕ, ਪੁ., ਇਕ ਉਪਨਿਸ਼ਦ

बृहदेला–ਬ੍ਰਿਹਦੇਲਾ, ਇ., ਵੱਡੀ ਇਲਾਇਚੀ

वृहद्दली–ਬ੍ਰਿਹੱਦਲੀ, ਇ., ਲਾਜਵੰਤੀ ਬੂਟੀ

बृहद्धन–ਬ੍ਰਿਹੱਧਨ, ਪੁ., ਵੱਡੀ ਭਾਰੀ ਦੌਲਤ

बृहद्धल–ਬ੍ਰਿਹੱਧਲ, ਪੁ., ਵੱਡਾ ਹਲ

बृहद्भानु–ਬ੍ਰਿਹਦਭਾਨੁ, ਪੁ., ਸ੍ਰੀ ਕ੍ਰਿਸ਼ਨ ਜੀ ਦਾ ਪੁੱਤਰ, ਅੱਗ, ਚਿੱਤ੍ਰਕ ਨਾਉਂ ਦਾ ਰੁੱਖ

बृहद्रथ–ਬ੍ਰਿਹਦ੍ਰਥ, ਪੁ., ਇੰਦਰ, ਮਗਧ ਦੇਸ਼ ਦੇ ਇਕ ਪੁਰਾਣੇ ਰਾਜੇ ਦਾ ਨਾਉਂ, ਜੱਗ ਪਾਤਰ

बृहद्वर्ण–ਬ੍ਰਿਹਦਵਰਣ, ਪੁ., ਸੋਨਾ ਮੱਖੀ

बृहद्वल्ली–ਬ੍ਰਿਹਦਵੱਲੀ, ਇ., ਕਰੇਲਾ

बृहन्नल–ਬ੍ਰਿਹੱਨਲ, ਪੁ., ਅਰਜਨ ਦਾ ਇਕ ਨਾਉਂ, ਬਾਂਹ

बृहन्नला–ਬ੍ਰਿਹੱਨਲਾ, ਇ., ਅਰਜਨ ਦਾ ਇਕ ਨਾਉਂ

बृहन्नारायण–ਬ੍ਰਿਹੱਨਾਰਾਯਣ, ਪੁ., ਇਕ ਉਪਨਿਸ਼ਦ ਦਾ ਨਾਉਂ

बृहन्नेत्र–ਬ੍ਰਿਹਨਨੇਤ੍ਰ, ਵਿ., ਵੱਡੀ ਵੱਡੀ ਅੱਖ ਵਾਲਾ, ਦੂਰ ਦਾ

वृहस्पति–ਬ੍ਰਿਹਸਪਤਿ, ਪੁ., ਅੰਗਿਰਾ ਰਿਸ਼ੀ ਦੇ ਪੁੱਤਰ, ਦੇਵਤਿਆਂ ਦੇ ਗੁਰੂ, ਇਕ ਗ੍ਰਿਹ

बृहस्पतिवार–ਬ੍ਰਿਹਸਪਤਿਵਾਰ, ਪੁ., ਵੀਰਵਾਰ

बेंग–ਬੇਂਗ, ਪੁ., ਡੱਡੂ, ਮੇਂਢਕ

बेंगल–ਬੇਂਗਲ, ਪੁ.. ਉਹ ਬੀਜ ਜੋ ਕਾਮਿਆਂ ਨੂੰ ਬੀਜਣ ਲਈ ਸਵਾਈ ਤੇ ਦਿਤਾ ਜਾਂਦਾ ਹੈ

बेंच–ਬੇਂਚ, ਇ., ਲੱਕੜ ਦੀ ਇਕ ਲੰਮੀ ਚੌਕੀ ਜਿਸ ਉਤੇ ਕਈ ਮਨੁੱਖ ਬੈਠ ਸਕਦੇ ਹੋਣ

बेंचना–ਬੇਂਚਨਾ, ਕ੍ਰਿ., ਮੁੱਲ ਲੈ ਕੇ ਚੀਜ਼ ਦੇਣੀ, ਵੇਚਣਾ

बेंड–ਬੇਂਡ, ਪੁ.. ਮੀਢਾ, ਪੜਾਉ, ਇ., ਥੋਕ

बेंडा–ਬੇਂਡਾ, ਵਿ., ਟੇਢਾ, ਔਖਾ, ਕਠਿਨ, ਵਿੰਗਾ

बेंडी–ਬੇਂਡੀ, ਇ., ਬਾਂਸ ਦੀ ਬਣੀ ਹੋਈ ਇਕ ਤਰ੍ਹਾਂ ਦੀ ਟੋਕਰੀ

बेंत–ਬੇਂਤ, ਪੁ., ਬਾਂਸ ਦੀ ਕਿਸਮ ਦਾ ਇਕ ਮਸ਼ਹੂਰ ਰੁੱਖ ਜਿਸ ਦੀ ਟਾਹਣੀ ਬੜੀ ਲਚਕਦਾਰ ਹੁੰਦੀ ਹੈ

ਬੈਂਦਲੀ–ਬੇਂਦਲੀ, ਇ., ਮੱਥੇ ਤੇ ਲਾਉਣ ਵਾਲੀ ਬਿੰਦੀ

ਬੈਂਦਾ–ਬੇਂਦਾ, ਪੁ., ਟਿੱਕਾ. ਤੀਵੀਆਂ ਦਾ ਮੱਥੇ ਦਾ ਇਕ ਗਹਿਣਾ

ਬੈਂਦੀ–ਬੇਂਦੀ, ਇ., ਬਿੰਦੀ, ਸਫ਼ਰ, ਇਕ ਗਹਿਣਾ

ਬੈਂਵੜਾ–ਬੇਂਵੜਾ, ਪੁ., ਉਹ ਲੱਕੜ ਜੋ ਬੰਦ ਬੂਹੇ ਦੇ ਪਿਛੇ ਲਾਈ ਜਾਂਦੀ ਹੈ, ਅਰਗਲ

ਬੇ–ਬੇ, ਅਵਜ., ਬਿਨਾ, ਬਗ਼ੈਰ, ਬਾਝ, ਅਸੱਭਤਾ ਸੂਚਕ ਸ਼ਬਦ

ਬੇਅਨ੍ਤ–ਬੇਅੰਤ, ਵਿ., ਜਿਸ ਦਾ ਅੰਤ ਨਾ ਹੋਵੇ, ਪਰਮੇਸਰ

ਬੇਅਕ਼ਲ–ਬੇਅਕਲ, ਵਿ., ਮੂਰਖ, ਨਾਸਮਝ

ਬੇਅਕ਼ਲੀ–ਬੇਅਕਲੀ, ਇ., ਬੇਵਕੂਫ਼ੀ, ਮੂਰਖਤਾ

ਬੇਅਦਬ–ਬੇਅਦਬ, ਵਿ., ਵੱਡਿਆਂ ਦਾ ਮਾਨ ਨਾ ਕਰਨ ਵਾਲਾ

ਬੇਅਦਬੀ–ਬੇਅਦਬੀ, ਇ., ਗੁਸਤਾਖੀ

ਬੇਆਬ–ਬੇਆਬ, ਵਿ., ਬੇਇੱਜ਼ਤਾ, ਜਿਸ ਵਿਚ ਚਮਕ ਨਾ ਹੋਵੇ, ਮਮੂਲੀ

ਬੇਆਬਰੂ–ਬੇਆਬਰੂ, ਵਿ., ਬੇਇੱਜ਼ਤਾ

ਬੇਓਨੀ–ਬੇਓਨੀ, ਇ., ਕੰਘੀ ਵਰਗਾ ਜੁਲਾਹਿਆਂ ਦਾ ਇਕ ਸੰਦ

ਬੇਇਜ਼ਤ–ਬੇਇੱਜ਼ਤ, ਵਿ., ਜਿਸ ਦੀ ਇੱਜ਼ਤ ਨਾ ਹੋਵੇ

ਬੇਇਲਮ–ਬੇਇਲਮ, ਵਿ., ਜੋ ਕੁਝ ਪੜ੍ਹਿਆ ਲਿਖਿਆ ਨਾ ਹੋਵੇ

ਬੇਈਮਾਨ–ਬੇਈਮਾਨ, ਵਿ., ਜਿਸ ਨੂੰ ਧਰਮ ਦਾ ਖਿਆਲ ਨਾ ਹੋਵੇ

ਬੇਈਮਾਨੀ–ਬੇਈਮਾਨੀ, ਇ., ਅਧਰਮ, ਕੂੜ, ਛਲ, ਅਮਾਨਤ ਵਿਚ ਖਿਆਨਤ

ਬੇਕ਼ਨਾਟ–ਬੇਕਨਾਟ, ਵਿ., ਨਫ਼ਾ ਖੋਰ

ਬੇਕ਼ਰਾਰ–ਬੇਕਰਾਰ, ਵਿ., ਹੈਰਾਨ, ਘਬਰਾਇਆ ਹੋਇਆ

ਬੇਕ਼ਰਾਰੀ–ਬੇਕਰਾਰੀ, ਇ., ਬੇਚੈਨੀ

ਬੇਕ਼ਲ–ਬੇਕਲ, ਵਿ., ਬੇਚੈਨ

ਬੇਕਲੀ–ਬੇਕਲੀ, ਵਿ., ਬੇਚੈਨੀ, ਘਬਰਾਹਟ

ਬੇਕ਼ਸ–ਬੇਕਸ, ਵਿ., ਬਿਨਾ ਆਸਰੇ ਤੋਂ, ਬਿਨਾ ਮਾਂ ਬਾਪੋਂ, ਗਰੀਬ, ਜਤੀਮ

ਬੇਕ਼ਸੂਰ–ਬੇਕਸੂਰ, ਵਿ., ਜਿਸ ਦਾ ਕੋਈ ਕਸੂਰ ਨਾ ਹੋਵੇ

ਬੇਕਹਾ–ਬੇਕਹਾ, ਵਿ., ਜੋ ਕਿਸੇ ਦਾ ਕਹਿਆ ਨਾ ਮੰਨਦਾ ਹੋਵੇ

ਬੇਕਾਨੂਨੀ–ਬੇਕਾਨੂੰਨੀ, ਵਿ., ਜੋ ਕਾਇਦੇ ਕਨੂੰਨ ਤੋਂ ਖਿਲਾਫ਼ ਹੋਵੇ

ਬੇਕਾਬੂ–ਬੇਕਾਬੂ, ਵਿ., ਜੋ ਕਿਸੇ ਦੇ ਵਸ ਵਿਚ ਨਾ ਹੋਵੇ

ਬੇਕਾਮ–ਬੇਕਾਮ, ਵਿ., ਨਿਕੰਮਾ, ਕ੍ਰਿ. ਵਿ., ਬੇਅਰਥ

ਬੇਕ਼ਾਯਦਾ–ਬੇਕਾਯਦਾ, ਵਿ., ਕੈਦੇ ਦੇ ਖਿਲਾਫ਼

ਬੇਕਾਰ–ਬੇਕਾਰ, ਵਿ., ਜੋ ਕਿਸੇ ਕੰਮ ਨਾ ਆ ਸਕੇ, ਨਿਕੰਮਾ

ਬੇਕੁਰਾ–ਬੇਕੁਰਾ, ਇ., ਇਕ ਬਾਜਾ

ਬੇਖ–ਬੇਖ, ਇ., ਮੂਲ, ਜੜ, ਸਾਂਗ, ਭੇਸ, ਨਕਲ

ਬੇਖਟਕ–ਬੇਖਟਕ, ਵਿ., ਬਿਨਾਂ ਕਿਸੇ ਰੋਕ ਟੋਕ ਦੇ

ਬੇਖ਼ਤਾ–ਬੇਖ਼ਤਾ, ਵਿ., ਬੇਕਸੂਰ, ਨਿਰਅਪਰਾਧ

ਬੇਖ਼ਬਰ–ਬੇਖ਼ਬਰ, ਵਿ., ਅਨਜਾਣ, ਬੇਹੋਸ਼

ਬੇਖ਼ੌਫ਼–ਬੇਖ਼ੌਫ਼, ਵਿ., ਨਿਰਭਉ, ਡਰ ਬਾਝੋਂ, ਨਿਡਰ

ਬੇਗ–ਬੇਗ, ਪੁ., ਦੇਖੋ ਵੇਗ (ਵੇਗ) ਪੁ., ਹੂ ਚੰਮ ਜਾਂ ਕਪੜੇ ਆਦਿਕ ਦਾ ਬਣਿਆ ਹੋਇਆ ਥੈਲਾ

ਬੇਗੜੀ–ਬੇਗੜੀ, ਪੁ., ਨਗੀਨਾ ਬਣਾਉਣ ਵਾਲਾ

ਬੇਗਮ–ਬੇਗਮ, ਇ., ਰਾਣੀ, ਤਾਸ ਦੀ ਬੇਗੀ

ਬੇਗਰ–ਬੇਗਰ, ਪੁ., ਅਚਾਰ ਵਿਚ ਮਿਲਾਇਆ ਹੋਇਆ ਮਸਾਲਾ

ਬੇਗ਼ਰਜ਼–ਬੇਗਰਜ਼, ਵਿ., ਜਿਸ ਨੂੰ ਕੋਈ ਗਰਜ਼ ਨਾ ਹੋਵੇ, ਜਾਂ ਪਰਵਾਹ ਨਾ ਹੋਵੇ

ਬੇਗਸਰ–ਬੇਗਸਰ, ਪੁ., ਖੱਚਰ

ਬੇਗਾਨਗੀ–ਬੇਗਾਨਗੀ, ਇ., ਪਰਾਇਆ ਪਣ

ਬੇਗਾਨਾ–ਬੇਗਾਨਾ, ਵਿ., ਜੋ ਆਪਣਾ ਨਾ ਹੋਵੇ, ਗਰ, ਪਰਾਇਆ, ਅਨਜਾਣ

ਬੇਗਾਰ–ਬੇਗਾਰ, ਇ., ਜਬਰਦਸਤੀ ਕੰਮ ਲੈਣ ਦਾ ਭਾਵ, ਬਗਾਰ

ਬੇਗਾਰੀ–ਬੇਗਾਰੀ, ਇ., ਬਗਾਰ ਵਿਚ ਕੰਮ ਕਰਨ ਵਾਲਾ

ਬੇਗਿ–ਬੇਗਿ, ਕ੍ਰਿ. ਵਿ., ਛੇਤੀ, ਤੁਰਤ, ਝਟਪਟ, ਫੌਰਨ

ਬੇਗੁਨਾਹ–ਬੇਗੁਨਾਹ, ਵਿ., ਬੇਕਸੂਰ, ਨਿਰਦੋਸ਼

ਬੇਚਕ–ਬੇਚਕ, ਪੁ., ਵੱਟਟ ਕਰਨ ਵਾਲਾ, ਵੇਚਣ ਵਾਲਾ

ਬੇਚਨਾ–ਬੇਚਨਾ, ਕ੍ਰਿ., ਮੁੱਲ ਲੈ ਕੇ ਚੀਜ਼ ਦੇਣੀ

ਬੇਚਵਾਨਾ–ਬੇਚਵਾਨਾ, ਕ੍ਰਿ., ਵੇਚਣ ਦਾ ਕੰਮ ਕਰਾਉਣਾ

ਬੇਚਾਰਾ–ਬੇਚਾਰਾ, ਵਿ., ਜਿਸ ਦਾ ਕੋਈ ਸਹਾਰਾ ਨਾ ਹੋਵੇ, ਅਨਾਥ, ਗਰੀਬ, ਬੇਨਸੀਬ, ਅਸਮਰਥ

ਬੇਚੈਨ–ਬੇਚੈਨ, ਵਿ., ਘਬਰਾਇਆ ਹੋਇਆ, ਜਿਸ ਨੂੰ ਕਿਸੇ ਤਰ੍ਹਾਂ ਦੀ ਵੀ ਚੈਨ ਨਾ ਹੋਵੇ

ਬੇਚੈਨੀ–ਬੇਚੈਨੀ, ਇ., ਘਬਰਾਹਟ

ਬੇਜ਼ਬਾਨ–ਬੇਜ਼ਬਾਨ, ਵਿ., ਗੂੰਗਾ, ਗਰੀਬ

ਬੇਜਾ–ਬੇਜਾ, ਵਿ., ਜੋ ਆਪਣੀ ਜੋਗ ਥਾਂ ਤੇ ਨਾ ਹੋਵੇ, ਅਨੁਚਿਤ, ਨਾ ਮੁਨਾਸਿਬ, ਬੁਰਾ, ਭੈੜਾ, ਖਰਾਬ

ਬੇਜਾਨ–ਬੇਜਾਨ, ਵਿ., ਮਰਿਆ ਹੋਇਆ, ਮੁਰਦਾ, ਕਮਜ਼ੋਰ, ਮੁਰਝਾਇਆ ਹੋਇਆ

ਬੇਜ਼ਾਪਤਾ–ਬੇਜ਼ਾਪਤਾ, ਵਿ. ਕਨੂੰਨ ਜਾਂ ਨਿਜਮ ਤੋਂ ਉਲਟ

ਬੇਜ਼ਾਰ–ਬੇਜ਼ਾਰ, ਵਿ., ਜਿਸ ਦਾ ਮਨ ਕਿਸੇ ਗੱਲ ਤੋਂ ਬਹੁਤ ਦੁਖੀ ਹੋਵੇ

ਬੇਜੂ–ਬੇਜੂ, ਪੁ., ਇਕ ਕਿਸਮ ਦਾ ਜੰਗਲੀ ਜਾਨਵਰ, ਬਿੱਜੂ

ਬੇਜੋੜ–ਬੇਜੋੜ, ਵਿ., ਜਿਸ ਵਿਚ ਜੋੜ ਨਾ ਹੋਵੇ, ਜਿਸ ਵਰਗਾ ਹੋਰ ਕੋਈ ਨਾ ਹੋਵੇ

ਬੇਝਰਾ–ਬੇਝਰਾ, ਪੁ., ਦੋ ਜਾਂ ਤਿੰਨ ਮਿਲੇ ਹੋਏ ਅੰਨ, ਬੇਰੜਾ, ਗੋਜੀ

ਬੇਝਾ–ਬੇਝਾ, ਪੁ, ਨਿਸ਼ਾਨਾ

ਬੇਟਕੀ–ਬੇਟਕੀ, ਇ., ਧੀ, ਬੇਟੀ, ਲੜਕੀ

ਬੇਟਲਾ–ਬੇਟਲਾ, ਪੁ, ਬੇਟਾ, ਪੁੱਤਰ, ਲੜਕਾ

ਬੇਟਾ, ਬੇਟੌਨਾ–ਬੇਟਾ, ਬੇਟੌਨਾ, ਪੁ., ਦੇਖੋ ਬੇਟਲਾ (ਬੇਟਲਾ)

बेठ–ਬੇਠ, ਪੁ., ਇਕ ਕਿਸਮ ਦੀ ਕੱਲਰ ਧਰਤੀ

बेठन–ਬੇਠਨ, ਪੁ., ਉਹ ਕਪੜਾ ਜੋ ਗਰਦ ਆਦਿਕ ਦੇ ਬਚਾਉ ਲਈ ਕਿਸੇ ਚੀਜ਼ ਤੇ ਲਪੇਟਿਆ ਜਾਵੇ

बेड़–ਬੇੜ, ਪੁ., ਬਾੜ, ਨਗਦ ਰੁਪੈਯਾ

बेड़ना–ਬੇੜਨਾ, ਕ੍ਰਿ., ਛੋਟੀ ਜੇਹੀ ਕੰਧ ਖੜੀ ਕਰਨਾ

बेड़ा–ਬੇੜਾ, ਪੁ., ਬੱਝੀਆਂ ਹੋਈਆਂ ਤਰਨ ਵਾਲੀਆ ਸਤੀਰੀਆਂ

बेड़िचा–ਬੇੜਿਚਾ, ਪੁ., ਡੱਲ, ਟੋਕਰੀ ਜਿਸ ਨਾਲ ਕਿਰਸਾਨ ਖੇਤ ਰਮਾਉਣ ਲਈ ਤਲਾਉ ਵਿਚੋਂ ਪਾਣੀ ਕਢਦੇ ਹਨ

बेड़िन. बेड़िनी–ਬੇੜਿਨ, ਬੇੜਿਨੀ, ਇ., ਨੱਚਣ ਤੇ ਗਾਉਣ ਵਾਲੀ ਤੀਵੀਂ

बेड़ी–ਬੇੜੀ, ਇ., ਕਾਠ ਦੀ ਕਿਸ਼ਤੀ, ਲੋਹੇ ਦਾ ਕੜਾ, ਕੈਦੀਆਂ ਦੀਆਂ ਲੱਤਾਂ ਵਿਚ ਪਾਉਣ ਵਾਲਾ ਬੰਧਣ

बेडौल–ਬੇਡੌਲ, ਵਿ., ਭੱਦਾ, ਬੇਢੰਗਾ, ਜਿਸ ਦੀ ਸ਼ਕਲ ਅੱਛੀ ਨਾ ਹੋਵੇ

बेढंग, बेढंगा–ਬੇਢੰਗ, ਬੇਢੰਗਾ, ਵਿ., ਬੁਰੇ ਢੰਗ ਦਾ, ਭੱਦਾ

बेढ–ਬੇਢ, ਪੁ., ਨਾਸ, ਬਰਬਾਦੀ, ਬੀਜਿਆ ਹੋਇਆ, ਜੋ ਬੀ ਉਗਰ ਆਇਆ ਹੋਵੇ

बेढई–ਬੇਢਈ, ਇ., ਪੀਠੀ ਦੀ ਭਰੀ ਹੋਈ ਕਚੌੜੀ, ਬੇੜੁਮੀ

बेढन–ਬੇਢਨ, ਪੁ., ਉਹ ਜਿਸ ਨਾਲ ਕੋਈ ਚੀਜ਼ ਘੇਰੀ ਹੋਈ ਹੋਵੇ

बेढना–ਬੇਢਨਾ, ਕ੍ਰਿ., ਰੁੱਖ ਜਾਂ ਖੇਤ ਆਦਿਕ ਦੇ ਬਚਾਉ ਲਈ ਬਾੜ ਜਾਂ ਭੜੀਂ ਆਦਿਕ ਕਰਨਾ, ਡੰਗਰਾਂ ਦਾ ਘੇਰ ਕੇ ਹੱਕਣਾ

बेढब–ਬੇਢਬ, ਵਿ., ਭੱਦਾ. ਜੋ ਦੇਖਣ ਵਿਚ ਚੰਗਾ ਨਾ ਮਲੂਮ ਹੋਵੇ, ਕ੍ਰਿ. ਵਿ., ਅਨੁਚਿਤ ਢੰਗ ਨਾਲ, ਬੁਰੀ ਤਰ੍ਹਾਂ ਨਾਲ

बेढा–ਬੇਢਾ, ਪੁ., ਘਰ ਦੇ ਸਾਹਮਣੇ ਦੀ ਬਗੀਚੀ, ਹੱਥ ਦਾ ਇਕ ਗਹਿਣਾ

बेणीफूल–ਬੇਣੀਫੂਲ, ਪੁ., ਫੁੱਲ ਵਰਗਾ ਸਿਰ ਦਾ ਇਕ ਗਹਿਣਾ

बेतना–ਬੇਤਨਾ, ਕ੍ਰਿ., ਮਲੂਮ ਹੋਣਾ

बेतमीज़–ਬੇਤਮੀਜ਼. ਵਿ., ਜਿਸ ਨੂੰ ਕੋਈ ਤਮੀਜ਼ ਨਾ ਹੋਵੇਂ, ਅਸੱਭ

बेतहाशा–ਬੇਤਹਾਸ਼ਾ, ਕ੍ਰਿ. ਵਿ., ਬੜੀ ਤੇਜ਼ੀ ਨਾਲ, ਬਿਨਾ ਸੋਚੇ ਸਮਝੇ

बेताब–ਬੇਤਾਬ, ਵਿ., ਕਮਜ਼ੋਰ, ਘਬਰਾਇਆ ਹੋਇਆ, ਬੇਚੈਨ

बेताबी–ਬੇਤਾਬੀ, ਇ., ਘਬਰਾਹਟ, ਬੇਚੈਨੀ, ਕਮਜ਼ੋਰੀ

बेताल–ਬੇਤਾਲ, ਪੁ., ਉਹ ਮੁਰਦਾ ਜਿਸ ਤੇ ਭੂਤਾਂ ਦਾ ਅਧਿਕਾਰ ਹੋਵੇ, ਭੁੱਟ

बेताला–ਬੇਤਾਲਾ, ਇ., ਇਕ ਖਾਸ ਵਾਜਾ

बेतुका–ਬੇਤੁਕਾ, ਵਿ., ਬੇਢੰਗਾ, ਬੇਮੇਲ

बेद–ਬੇਦ, ਪੁ., ਦੇਖੋ ਵੇਦ (वेद।

बेदक–ਬੇਦਕ, ਪੁ., ਵੇਦਾਂ ਦੇ ਮੰਨਣ ਵਾਲਾ

बेदख़ल–ਬੇਦਖਲ, ਵਿ., ਜਿਸ ਦਾ ਕੋਈ ਦਖਲ ਨਾ ਹੋਵੇ

बेदख़ली–ਬੇਦਖ਼ਲੀ, ਇ , ਜਾਇਦਾਦ ਤੇ ਕਬਜ਼ਾ ਨਾ ਰਹਿਣ ਦਾ ਭਾਵ

बेदम–ਬੇਦਮ, ਵਿ., ਮੁਰਦਾ, ਅਧਮਰਾ

बेदमल–ਬੇਦਮਲ, ਪੁ., ਸਿਕਲੀਗਰਾਂ ਦੇ ਮਸਕਲਾ ਨਾਉਂ ਦੇ ਸੰਦ ਨੂੰ ਤਿੱਖਾ ਕਰਨ ਵਾਲੀ ਇਕ ਲੱਕੜ ਦੀ ਤਖਤੀ

बेदमुश्क–ਬੇਦਮੁਸ਼ਕ, ਪੁ., ਪੰਜਾਬ ਵਿਚ ਹੋਣ ਵਾਲਾ ਇਕ ਰੁੱਖ

बेदर्द–ਬੇਦਰਦ, ਵਿ., ਨਿਰਦਈ, ਬੇਰਹਿਮ, ਸਖਤ ਦਿਲਾ

बेदलैला–ਬੇਦਲੈਲਾ, ਪੁ., ਇਕ ਕਿਸਮ ਦਾ ਸੋਹਣੇ ਫੁੱਲਾਂ ਵਾਲਾ ਬੂਟਾ

बेदाग़–ਬੇਦਾਗ਼, ਵਿ., ਸਾਫ, ਬੇਕਸੂਰ. ਨਿਰਪਰਾਧ, ਜਿਸ ਤੇ ਕੋਈ ਦਾਗ ਜਾਂ ਧੱਬਾ ਨਾ ਲਗਿਆ ਹੋਵੇ

बेदाना–ਬੇਦਾਨਾ. ਪੁ., ਇਕ ਤਰ੍ਹਾਂ ਦਾ ਵਧੀਆ ਕਾਬਲੀ ਅਨਾਰ, ਇਕ ਕਿਸਮ ਦੀ ਰਸਦਾਰ ਮਿਠਿਆਈ, ਵਿ., ਨਾਮਮਝ, ਬੇਅਕਲ, ਬੇਵਕੂਫ਼

बेधड़क–ਬੇਧੜਕ, ਕ੍ਰਿ. ਵਿ., ਬਿਨਾ ਕਿਸੇ ਰੋਕ ਟੋਕ ਦੇ, ਵਿ., ਨਿਡਰ, ਨਿਧੜਕ

बेधना–ਬੇਧਨਾ, ਕ੍ਰਿ., ਕਿਸੇ ਨੋਕਦਾਰ ਚੀਜ਼ ਨਾਲ ਛੇਕ ਕਰਨਾ

बेनंग–ਬੇਨੰਗ, ਪੁ., ਇਕ ਕਿਸਮ ਦਾ ਪਹਾੜੀ ਬਾਂਸ

बेन–ਬੇਨ, ਪੁ., ਬੰਸਰੀ, ਬੀਣ, ਇਕ ਕਿਸਮ ਦਾ ਰੁੱਖ

बेनज़ीर–ਬੇਨਜ਼ੀਰ. ਵਿ., ਜਿਸ ਦੀ ਕੋਈ ਬਰਾਬਰੀ ਨਾ ਕਰ ਸਕੇ

बेनट–ਬੇਨਟ, ਟਿ., ਬੰਦੂਕ ਦੀ ਕਿਰਚ, ਸੰਗੀਨ

बेना–ਬੇਨਾ, ਪੁ., ਬਾਂਸ ਦਾ ਛੋਟਾ ਪੱਖਾ, ਮੱਥੇ ਦਾ ਇਕ ਗਹਿਣਾ, ਖਸ, ਬਾਂਸ

बेनागा–ਬੇਨਾਗਾ, ਕ੍ਰਿ. ਵਿ., ਲਗਾਤਾਰ, ਬਿਨਾ ਨਾਗੇ

बेनी–ਬੇਨੀ, ਇ., ਤੀਵੀਆਂ ਦੀ ਗੁੱਤ, ਇਕ ਧਾਨ, ਗੰਗਾ ਜਮਨਾ ਸਰਸੁਤੀ ਦਾ ਮੇਲ, ਤਖਤੇ ਵਿਚ ਲੱਗੀ ਹੋਈ ਲੱਕੜ ਜੋ ਦੂਸਰੇ ਤਖਤੇ ਨੂੰ ਖੁਲ੍ਹਣ ਤੋਂ ਰੋਕਦੀ ਹੈ

बेनु–ਬੇਨੁ ਪੁ., ਬੰਸਰੀ. ਮੁਰਲੀ, ਬਾਂਸ

बेनौटी–ਬਨੌਟੀ, ਪੁ., ਕਪਾਹ ਦੇ ਫੁੱਲ ਵਰਗਾ ਰੰਗ

बेपरद–ਬੇਪਰਦ, ਵਿ., ਬਿਨਾ ਪੜਦੇ ਦੇ, ਨੰਗਾ

बेपरवा, बेपरवाह–ਬੇਪਰਵਾ, ਬੇਪਰਵਾਹ, ਵਿ.. ਜਿਸ ਨੂੰ ਕੋਈ ਪਰਵਾਹ ਨਾ ਹੋਵੇ, ਬੇ ਫਿਕਰ

बेपरवाही–ਬੇਪਰਵਾਹੀ, ਇ., ਬੇਫਿਕਰੀ

बेपाई–ਬੇਪਾਈ, ਵਿ., ਹੱਕਾ ਬੱਕਾ

बेफ़ायदा–ਬੇਫ਼ਾਯਦਾ, ਵਿ., ਜਿਸ ਤੋਂ ਕੋਈ ਲਾਭ ਨਾਂ ਹੋਵੇ, ਫਜ਼ੂਲ

बेबस–ਬੇਬਸ. ਵਿ., ਮਜਬੂਰ, ਲਾਚਾਰ, ਪਰਾਧੀਨ

बेबसी–ਬੇਬਸੀ, ਇ., ਲਾਚਾਰੀ, ਮਜਬੂਰੀ, ਪਰਤੰਤ੍ਰਤਾ, ਗੁਲਾਮੀ

बेबाक़–ਬੇਬਾਕ, ਵਿ., ਚੁਕਤਾ ਕੀਤਾ ਹੋਇਆ

बेम–ਬੇਮ, ਇ., ਜੁਲਾਹਿਆਂ ਦੀ ਕੰਘੀ

बेमौक़ा–ਬੇਮੌਕਾ, ਵਿ., ਜੋ ਆਪਣੇ ਠੀਕ ਮੌਕੇ ਤੇ ਨਾ ਹੋਵੇ, ਪੁ., ਮੌਕੇ ਤੇ ਨਾ ਹੋਣ ਦਾ ਭਾਵ

बेर–ਬੇਰ, ਪੁ., ਮਸ਼ਹੂਰ ਰੁੱਖ ਅਤੇ ਉਹਦੇ ਗੋਲ ਨਿੱਕੇ ਫਲ,

ਇ., ਵਾਰੀ, ਦਫਾ

बेरजरी–ਬੇਰਜਰੀ, ਇ., ਮਲ੍ਹਿਆਂ ਦੇ ਬੇਰ, ਜੰਗਲੀ ਬੇਰ

बेरवा–ਬੇਰਵਾ, ਪੁ., ਹੱਥ ਦਾ ਕੜਾ

बेरस–ਬੇਰਸ, ਵਿ., ਜਿਸ ਵਿਚ ਰਸ ਨਾ ਹੋਵੇ. ਫਿੱਕਾ, ਖੁਸ਼ਕ

बेरहम–ਬੇਰਹਮ. ਵਿ., ਜਿਸ ਦੇ ਦਿਲ ਵਿਚ ਦਿਆ ਨਾ ਹੋਵੇ

बेरा–ਬੇਰਾ, ਪੁ., ਸਮਾ, ਵੇਲਾ, ਤੜਕਾ, ਸਵੇਰਾ, ਪ੍ਰਭਾਤ, ਬੇਰੜਾ ਅੰਨ. ਪੁ., ਸਾਹਿਬ ਲੋਕਾਂ ਦੀ ਚਿੱਠੀ ਪੱਤ੍ਰੀ ਲੈ ਜਾਣ ਤੇ ਲਿਆਉਣ ਵਾਲਾ ਸੇਵਾਦਾਰ

बेरादरी–ਬੇਰਾਦਰੀ, ਪੁ., ਭਾਈ ਚਾਰਾ

बेराम–ਬੇਰਾਮ. ਵਿ., ਬੀਮਾਰ

बेरामी–ਬੇਰਾਮੀ, ਇ., ਬੀਮਾਰੀ. ਰੋਗ

बेरिआ–ਬੇਰਿਆ, ਇ., ਸਮਾ, ਵੇਲਾ, ਵਕਤ

बेरिज–ਬੇਰਿਜ, ਇ., ਕਿਸੇ ਜਿਲੇ ਦੀ ਕੁਲ ਜਮਾ

बेरिया–ਬੇਰਿਯਾ, ਇ., ਸਮਾ, ਵੇਲਾ, ਵਕਤ

बेरी–ਬੇਰੀ, ਇ., ਇਕ ਪਹਾੜੀ ਵੇਲ, ਮਸ਼ਹੂਰ ਰੁੱਖ ਮੁੱਠੀ ਭਰ ਅੰਨ

बेरीछत़–ਬੇਰੀਛਤ, ਪੁ., ਇਕ ਸ਼ਬਦ ਜਿਸ ਨੂੰ ਹਥਵਾਨ ਹਾਥੀ ਨੂੰ ਕਿਸੇ ਕੰਮ ਦੀ ਮਨਾਹੀ ਲਈ ਆਖਦੇ ਹਨ

बेरुआ–ਬੇਰੁਆ ਪੁ., ਕਿਸ਼ਤੀ ਦਾ ਇਕ ਬਾਂਸ ਦਾ ਟੁਕੜਾ

बेरुई–ਬੇਰੁਈ ਇ., ਵੇਸਵਾ, ਰੰਡੀ

बेरुकी–ਬੇਰੁਕੀ, ਇ., ਬਲੁਦਾਂ ਦੀ ਜੀਭ ਤੇ ਹੋਣ ਵਾਲਾ ਇਕ ਰੋਗ

बेरूप–ਬੇਰੂਪ. ਵਿ., ਬਦਸ਼ਕਲ. ਭੱਦਾ, ਕੁਰੂਪ

बेरोक़–ਬੇਰੋਕ, ਕ੍ਰਿ. ਵਿ., ਬਿਨਾ ਕਿਸੇ ਰੋਕ ਟੋਕ ਦੇ, ਬੇਖਟਕੇ

बेरोज़गार–ਬੇਰੋਜ਼ਗਾਰ, ਵਿ., ਜਿਸ ਕੋਲ ਕਰਨ ਨੂੰ ਕੋਈ ਕੰਮ ਧੰਦਾ ਨਾ ਹੋਵੇ

बेरौनक़–ਬੇਰੌਨਕ, ਵਿ., ਜਿਸ ਤੇ ਰੌਣਕ ਨਾ ਹੋਵੇ, ਉਦਾਸ, ਫਿਕਰ ਮੰਦ

बेर्रा–ਬੇਰਰਾ, ਪੁ., ਜੌ ਤੇ ਛੋਲਿਆਂ ਦਾ ਮਿਲਿਆ ਹੋਇਆ ਆਟਾ, ਬੇਰੜਾ

बेल–ਬੇਲ,ਇ.,'ਧਰਤੀ ਉਤੇ ਫੈਲਣ ਜਾਂ ਕਿਸੇ ਚੀਜ਼ ਨਾਲ ਲੱਗਕੇ ਉਪੱਰ ਚੜ੍ਹ ਜਾਣ ਵਾਲਾ ਬੂਟਾ, ਗੁਲਕਾਰੀ, ਫੀਤਾ, ਘੋੜੇ ਦੇ ਪੈਰ ਦਾ ਇਕ ਰੋਗ, ਲਾਗੀਆਂ ਨੂੰ ਵਿਆਹ ਆਦਿਕ ਤੇ ਜੋ ਬਖ਼ਸ਼ੀਸ਼ ਦਿੱਤੀ ਜਾਵੇ, ਉਲਾਦ, ਨਸਲ, ਪੁ., ਬਿਲ ਨਾਉਂ ਦਾ ਫਲ

बेलक़–ਬੇਲਕ, ਪੁ., ਫ਼ੌੜ੍ਹਾ

बेलकी–ਬੇਲਕੀ, ਪੁ., ਆਜੜੀ

बेलखजी–ਬੇਲਖਜੀ, ਪੁ., ਇਕ ਕਿਸਮ ਦਾ ਉੱਚਾ ਪਹਾੜੀ ਰੁੱਖ

बेलगिरी–ਬੇਲਗਿਰੀ, ਪੁ., ਬਿਲ ਦੇ ਫਲ ਦਾ ਗੁੱਦਾ

बेलचा–ਬੇਲਚਾ, ਪੁ., ਇਕ ਲੰਮੀ ਖੁਰਪੀ

बेलज़्ज़त–ਬੇਲੱਜ਼ਤ, ਵਿ., ਜਿਸ ਵਿਚ ਕਿਸੇ ਕਿਸਮ ਦਾ ਸੁਆਦ ਨਾ ਹੋਵੇ

बेलड़ी–ਬੇਲੜੀ, ਇ., ਛੋਟੀ ਵੇਲ

बेलदार–ਬੇਲਦਾਰ, ਪੁ., ਜ਼ਮੀਨ ਪੁੱਟਣ ਦਾ ਕੰਮ ਕਰਨ ਵਾਲਾ ਮਜ਼ਦੂਰ

बेलन–ਬੇਲਨ, ਪੁ., ਰੋੜੇ ਕੁੱਟਣ ਵਾਲਾ ਪੱਥਰ ਦਾ ਸੰਦ, ਹਲਟ ਦਾ ਧੁਰਾ, ਰੋਲਰ, ਕੋਹਲੂ ਦੀ ਲੱਠ

बेलना–ਬੇਲਨਾ, ਪੁ., ਜਿਸ ਸੰਦ ਨਾਲ ਚਕਲੇ ਉਤੇ ਰੱਖ ਕੇ ਰੋਟੀ ਚੌੜੀ ਕਰਦੇ ਹਨ ਜਾਂ ਫੇਰਦੇ ਹਨ, ਕ੍ਰਿ., ਚਕਲੇ ਤੇ ਪੇੜਾ ਰੱਖ ਕੇ ਚੌੜਾ ਕਰਨਾ ਅਤੇ ਗੋਲ ਰਖਣਾ

बेलपत्ती, बेलपत्र–ਬੇਲਪੱਤੀ, ਬੇਲਪੱਤ੍ਰ. ਪੁ., ਬਿਲ ਦੇ ਰੁੱਖ ਦੇ ਪੱਤੇ ਜੋ ਸ਼ਿਵ ਜੀ ਤੇ ਚੜ੍ਹਾਏ ਜਾਂਦੇ ਹਨ

बेलसना–ਬੇਲਸਨਾ,'ਕ੍ਰਿ., ਮੌਜਾਂ ਕਰਨੀਆਂ, ਭੋਗ ਵਿਲਾਸ ਕਰਨਾ

बेलबागुरा–ਬੇਲਬਾਗੁਰਾ, ਪੁ., ਮਿਰਗਾਂ ਨੂੰ ਫੜਨ ਦਾ ਜਾਲ

बेलहरा–ਬੇਲਹਰਾ, ਪੁ., ਲੱਗੇ ਹੋਏ ਪਾਨਾਂ ਦੇ ਰੱਖਣ ਦੀ ਲੰਮੀ ਪਿਟਾਰੀ

बेलहाजी–ਬੇਲਹਾਜੀ, ਇ., ਧੋਤੀ ਦੁਪੱਟੇ ਆਦਿਕ ਦੇ ਕਿਨਾਰੇ ਛਾਪਣ ਦਾ ਠੱਪਾ

बेला–ਬੇਲਾ, ਪੁ., ਚਮੇਲੀ ਦੀ ਜਾਤ ਦਾ ਇਕ ਬੂਟਾ, ਵਾਇਲਨ ਨਾਉਂ ਦਾ ਵਾਜਾ, ਚੰਮ ਦੀ ਕੁੱਪੀ, ਟੀਪ, ਸਮੁੰਦਰ ਦਾ ਕੰਢਾ, ਸਮਾ, ਵੇਲਾ

बेलाग–ਬੇਲਾਗ, ਪੁ., ਜਿਸ ਵਿਚ ਕਿਸੇ ਕਿਸਮ ਦੀ ਲਗਾਵਟ ਨਾ ਹੋਵੇ

बेलाडोना–ਬੇਲਾਡੋਨਾ, ਪੁ., ਮਕੋ ਦਾ ਸਤ

बेलि–ਬੇਲਿ, ਇ., ਦੇਖੋ ਬੇਲ (बेल)

बेलिया–ਬੇਲਿਯਾ, ਇ., ਛੋਟੀ ਕੌਲੀ, ਕਟੋਰਾ, ਬੇਲੂਆ

बेली–ਬੇਲੀ, ਪੁ., ਸੰਗੀ, ਸਾਥੀ, ਯਾਰ, ਦੋਸਤ, ਆਸ਼ਕ

बेलौस़–ਬੇਲੌਸ, ਵਿ., ਸੱਚਾ, ਖਰਾ

बेवक़ूफ़–ਬੇਵਕੂਫ਼, ਵਿ., ਮੂਰਖ, ਨਾਸਮਝ

बेवक़ूफ़ी–ਬੇਵਕੂਫੀ. ਇ., ਮੂਰਖਤਾ, ਬੇਅਕਲੀ, ਨਾਸਮਝੀ

बेवतन–ਬੇਵਤਨ, ਵਿ., ਬਿਨਾ ਘਰ ਬਾਰ ਦੇ, ਪਰਦੇਸੀ

बेवफ़ा–ਬੇਵਫ਼ਾ, ਵਿ., ਦੋਸਤੀ ਨਾ ਨਿਭਾਉਣ ਵਾਲਾ, ਕਿਰਤਘਨ. ਭਲਾ ਨਾ ਮੰਨਣ ਵਾਲਾ

बेवर–ਬੇਵਰ, ਪੁ., ਇਕ ਤਰ੍ਹਾਂ ਦਾ ਘਾਹ ਜਿਸ ਦੀ ਰੱਸੀ ਵੱਟ ਕੇ ਮੰਜਾ ਉਣਦੇ ਹਨ, ਬਬੜ

बेवरा–ਬੇਵਰਾ, ਪੁ., ਵੇਉਰਾ, ਵਿਉਰਾ. ਵੇਰਵਾ

बेवरेबाजी–ਬੇਵਰੇਬਾਜ਼ੀ, ਇ., ਚਲਾਕੀ

बेवरेवार–ਬੇਵਰੇਵਾਰ, ਕ੍ਰਿ. ਵਿ., ਵਿਉਰੇਵਾਰ, ਵੇਰਵੇ ਨਾਲ

बेवसाय–ਬੇਵਸਾਯ, ਪੁ., ਦੇਖੋ ਵਯਵਸਾਯ, व्यवसाय)

बेवस्था–ਬੇਵਸਥਾ, ਇ., ਦੇਖੋ ਵਯਵਸਥਾ (व्यवस्था)

बेवहरना–ਬੇਵਹਰਨਾ, ਕ੍ਰਿ., ਵਰਤਾਉ ਕਰਨਾ

बेवहरिया–ਬੇਵਹਰਿਯਾ, ਪੁ., ਲੈਣ ਦੇਣ ਕਰਨ ਵਾਲਾ ਮਹਾਜਨ

बेवा–ਬੇਵਾ, ਇ.. ਵਿਧਵਾ, ਰੰਡੀ

बेवाऩ–ਬੇਵਾਨ, ਪੁ., ਦੇਖੋ ਵਿਮਾਨ (विमान)

बेश बेਸ਼, ਪੁ., ਦੇਖੋ ਵੇਸ਼ (वेश)

बेशऊर-ਬੇਸ਼ਊਰ, ਵਿ., ਮੂਰਖ. ਨਾਸਮਝ, ਬੇਅਕਲ

बेशक़-ਬੇਸ਼ਕ, ਕ੍ਰਿ. ਵਿ., ਨਿਰਸੰਦੇਹ, ਜ਼ਰੂਰੀ

बेशक़ीमत-ਬੇਸ਼ਕੀਮਤ; ਵਿ., ਬਹੁਮੁੱਲਾ, ਬਹੁਤ ਮੁੱਲ ਵਾਲਾ, ਕੀਮਤੀ

बेशरम-ਬੇਸ਼ਰਮ, ਵਿ., ਨਿਰਲੱਜ, ਜਿਸ ਨੂੰ ਸ਼ਰਮ ਨਾ ਹੋਵੇ

बेशी-ਬੇਸ਼ੀ, ਇ., ਜ਼ਿਆਦਤੀ, ਲਾਹਾ, ਖੱਟੀ, ਮੁਨਾਫ਼ਾ

बेशुमार-ਬੇਸ਼ੁਮਾਰ, ਵਿ., ਅਣਗਿਣਤ

बेश्म-ਬੇਸ਼ਮ. ਪੁ. ਘਰ, ਮਕਾਨ

बेसँभर-ਬੇਸੰਭਰ, ਵਿ., ਬੇਹੋਸ਼

बेसन-ਬੇਮਨ, ਪੁ., ਛੋਲਿਆਂ ਦਾ ਬਰੀਕ ਆਟਾ

बेसनी-ਬੇਸਨੀ, ਵਿ., ਵੇਸਣ ਦੀ ਬਣਾਈ ਹੋਈ, ਇ., ਵੇਸਣ ਭਰੀ ਕਚੋਰੀ

बेसबब-ਬੇਸਬਬ, ਕ੍ਰਿ. ਵਿ., ਬਿਨਾ ਸਬਬ ਜਾਂ ਕਾਰਣ ਤੋਂ

बेसब्रा-ਬੇਸਬਰਾ, ਵਿ., ਜਿਸ ਨੂੰ ਸਬਰ ਨਾ ਹੋਵੇ

बेसब्री-ਬੇਸਬਰੀ, ਇ., ਸੰਤੋਸ਼ ਨਾ ਹੋਣ ਦਾ ਭਾਵ

बेसमझ-ਬੇਸਮਝ, ਵਿ., ਨਾਸਮਝ, ਮੂਰਖ

बेसमझी-ਬੇਸਮਝੀ, ਇ., ਨਾਸਮਝੀ, ਮੂਰਖਤਾ

बेसर-ਬੇਸਰ, ਪੁ., ਨੱਕ ਦਾ ਗਹਿਣਾ ਜਿਸ ਨੂੰ ਨੱਥ ਕਹਿੰਦੇ ਹਨ, ਖੱਚਰ

बेसता-ਬੇਸਤਾ, ਵਿ., ਜਿਸ ਦੇ ਰਹਿਣ ਲਈ ਕੋਈ ਥਾਂ ਨਾ ਹੋਵੇ

बेसवा-ਬੇਸਵਾ, ਇ., ਰੰਡੀ, ਕੰਜਰੀ

बेसवार-ਬੇਸਵਾਰ, ਪੁ., ਉਹ ਸੜਿਆ ਹੋਇਆ ਮਸਾਲਾ ਜਿਸ ਨਾਲ ਸ਼ਰਾਬ ਬਣਾਈ ਜਾਂਦੀ ਹੈ

बेसारा-ਬੇਸਾਰਾ, ਵਿ., ਬੈਠਣ ਜਾਂ ਠਹਿਰਣ ਵਾਲਾ

बेसाहना-ਬੇਸਾਹਨਾ, ਕ੍ਰਿ.. ਮੁੱਲ ਲੈਣਾ, ਖਰੀਦਣਾ, ਝਗੜਾ ਆਦਿਕ ਆਪਣੇ ਉਪਰ ਲੈਣਾ

बेसाहा-ਬੇਸਾਹਾ. ਪੁ., ਖਰੀਦਿਆ ਹੋਇਆ ਮਾਲ, ਮੁੱਲ ਲਿਆ ਹੋਇਆ ਸੋਦਾ

बेसुध-ਬੇਸੁਧ, ਵਿ., ਬੇਹੋਸ਼, ਬੇਖਬਰ

बेसुधी-ਬੇਸੁਧੀ ਇ.. ਬੇਹੋਸ਼ੀ

बेसुर-ਬੇਸੁਰ, ਵਿ., ਜਿਸ ਦਾ ਗਾਉਣ ਵਿਚ ਸੁਰ ਠੀਕ ਨਾ ਹੋਵੇ

बेसुरा-ਬੇਸੁਰਾ, ਵਿ., ਜੋ ਠੀਕ ਸੁਰ ਵਿਚ ਨਾ ਹੋਵੇ, ਬੇਮੌਕਾ

बेस्वाद-ਬੇਸੁਆਦ, ਵਿ., ਬਿਨਾ ਸੁਆਦ ਦੇ, ਜਿਸ ਵਿਚ ਸੁਆਦ ਨਾ ਹੋਵੇ

बेहंगम-ਬੇਹੰਗਮ, ਵਿ., ਬੇਢਬ, ਭੱਦਾ

बेहंसना-ਬੇਹੰਸਨਾ, ਕ੍ਰਿ., ਜ਼ੋਰ ਨਾਲ ਹੱਸਣਾ

बेह-ਬੇਹ, ਪੁ.. ਛੇਕ, ਛੇਦ

बेहतर-ਬੇਹਤਰ, ਵਿ., ਕਿਸੇ ਨਾਲੋਂ ਚੰਗਾ, ਬੇਨਤੀ ਜਾਂ ਹੁਕਮ ਦੇ ਪਿੱਛੋਂ ਜਵਾਬ ਦੀ ਮਨਜ਼ਰੀ ਜਤਾਉਣ ਵਾਲਾ ਸ਼ਬਦ

बेहतरी-ਬੇਹਤਰੀ, ਇ., ਅੱਛਾਪਣ, ਭਲਾਈ

बेहद-ਬੇਹਦ, ਵਿ., ਜਿਸ ਦੀ ਕੋਈ ਹੱਦ ਨਾ ਹੋਵੇ, ਬਹੁਤ ਜ਼ਿਆਦਾ

बेहन-ਬੇਹਨ, ਪੁ., ਖੇਤ ਵਿਚ ਬੀਜਿਆ ਜਾਣ ਵਾਲਾ ਬੀ, ਵਿ., ਪੀਲਾ

बेहना-ਬੇਹਨਾ, ਪੁ., ਜੁਲਾਹਿਆਂ ਦੀ ਇਕ ਜਾਤ ਜਿਸ ਨੂੰ ਪੇਂਜਾ ਕਹਿੰਦੇ ਹਨ.

बेहया-ਬੇਹਯਾ, ਵਿ., ਬੇਸ਼ਰਮ, ਜਿਸ ਨੂੰ ਸ਼ਰਮ ਨਾ ਹੋਵੇ

बेहयाई-ਬੇਹਯਾਈ, ਇ., ਬੇਸ਼ਰਮੀ, ਨਿਲੱਜਤਾ

बहर-ਬੇਹਰ, ਵਿ., ਨਾ ਦੱਲਣ ਵਾਲਾ, ਅਲੱਗ, ਅੱਡ, ਵੱਖ ਪੁ., ਬਾਉੜੀ

बेहरना-ਬੇਹਰਨਾ, ਕ੍ਰਿ., ਕਿਸੇ ਚੀਜ਼ ਦਾ ਤਿੜਕਣਾ, ਚਿਰ ਜਾਣਾ

बेहरा-ਬੇਹਰਾ, ਪੁ., ਇਕ ਕਿਸਮ ਦਾ ਘਾਹ, ਮੁੰਜ ਦੀ ਗੋਲ ਤੇ ਚੋੜੀ ਪਿਟਾਰੀ ਜਿਸ ਵਿਚ ਨੱਥ ਰਖੀ ਜਾਂਦੀ ਹੈ

बेहरी-ਬੇਹਰੀ, ਇ., ਕਿਸੇ ਖਾਸ ਕੰਮ ਲਈ ਚੰਦਾ ਉਗਰਾਹੁਣ ਦੀ ਕਿਰਿਆ, ਕਿਸੇ ਖਾਸ ਕੰਮ ਲਈ ਚੰਦੇ ਦੀ ਸ਼ਕਲ ਵਿਚ ਇਕੱਠਾ ਕੀਤਾ ਧਨ

बेहाल-ਬੇਹਾਲ, ਵਿ.. ਬੇਚੈਨ, ਵਿਆਕੁਲ, ਘਬਰਾਇਆ ਹੋਇਆ

बेहाली-ਬੇਹਾਲੀ, ਇ., ਬੇਚੈਨੀ, ਵਿਆਕੁਲਤਾ

बेहिसाब-ਬੇਹਿਸਾਬ, ਕ੍ਰਿ. ਵਿ.. ਬਹੁਤ ਜ਼ਿਆਦਾ

बेहुनरा-ਬੇਹੁਨਰਾ, ਵਿ.. ਜੋ ਕੋਈ ਹੁਨਰ ਨਾ ਜਾਣਦਾ ਹੋਵੇ, ਮੂਰਖ

बेहुरमत-ਬੇਹੁਰਮਤ, ਵਿੰ., ਬੇਇਜ਼ਤਾ

बेहूदगी-ਬੇਹੂਦਗੀ, ਇ., ਅਸੱਭਤਾ, ਬਦਤਮੀਜ਼ੀ

बेहूदा-ਬੇਹੂਦਾ, ਵਿ., ਜੋ ਸੱਭਤਾ ਨਾ ਜਾਣਦਾ ਹੋਵੇ

बेहून-ਬੇਹੂਨ, ਕ੍ਰਿ ਵਿ , ਬਾਝ, ਬਿਨਾ, ਸਿਵਾਇ

बेहोश-ਬੇਹੋਸ਼. ਵਿ., ਦੇਖੋ ਬੇਸੁਧ (बेसुध)

बेहोशी-ਬੇਹੋਸ਼ੀ, ਇ., ਮੂਰਛਾ. ਗਸ਼

बैंक़-ਬੈਂਕ, ਪ.. ਰੁਪੈਯਾ ਜਮਾ ਕਰਾਉਣ ਵਾਲੀ ਸੰਸਥਾ ਜਿਥੇ ਕੁਝ ਸੂਦ ਵੀ ਮਿਲਦਾ ਹੈ

बैंगन-ਬੈਂਗਨ, ਪੁ., ਬਤਾਊਂ, ਮਸ਼ਹੂਰ ਸਬਜ਼ੀ

बैंगनी-ਬੈਂਗਨੀ. ਵਿ.. ਜਿਸ ਦਾ ਬੈਂਗਨ ਵਰਗਾ ਰੰਗ ਹੋਵੇ

बैंजनी-ਬੈਂਜਨੀ, ਵਿ.. ਦੇਖੋ ਬੈਂਗਨੀ (बैंगनी)

बैंड-ਬੈਂਡ. ਪੁ., ਫੌਜੀ ਵਾਜਾ

बैंडा-ਬੈਂਡਾ, ਵਿ., ਟੇਢਾ, ਵਿੰਗਾ, ਅੜਬ, ਕੁੱਬਾ

बै-ਬੈ. ਇ., ਜੁਲਾਹੇ ਦੀ ਕੰਘੀ. ਵਿੱਕਰੀ, ਵੱਟਤ, ਪੁ., ਜੁਲਾਹਾ

बैकल-ਬੈਕਲ, ਵਿ., ਪਾਗਲ, ਸੁਦਾਈ

बैकुण्ठ-ਬੈਕੁੰਠ, ਪੁ., ਪਰਲੋਕ ਵਿਚ ਸੁਖ ਦੀ ਥਾਂ, ਸੁਰਗ

बैखरी-ਬੈਖਰੀ, ਇ., ਇਕ ਤਰ੍ਹਾਂ ਦਾ ਸੁਰ

बैग-ਬੈਗ, ਪੁ., ਝੋਲਾ, ਥੈਲਾ

बैगना-ਬੈਗਨਾ, ਪੁ., ਇਕ ਤਰ੍ਹਾਂ ਦਾ ਪਕਵਾਨ

वैजंती–ਬੈਜੰਤੀ, ਇ., ਵਿਸ਼ਨੂੰ ਦੀ ਮਾਲਾ, ਫੁੱਲਾ ਦੇ ਇਕ ਬੂਟੇ ਦਾ ਨਾਉਂ

वैज–ਬੈਜ ਪੁ., ਨਿਸਾਨ, ਚਪੜਾਸ, ਚਿੰਨ੍ਹ

वैजई–ਬੈਜਈ, ਪੁ.. ਇਕ ਤਰ੍ਹਾਂ ਦਾ ਹਲਕਾ ਨੀਲਾ ਰੰਗ

वैजनाथ–ਬੈਜਨਾਥ, ਪੁ., ਮਸ਼ਹੂਰ ਤੀਰਥ

वैजयन्ती–ਬੈਜਯੰਤੀ, ਇ., ਦੇਖੋ ਬੈਜੰਤੀ (वैजंती)

वैजला–ਬੈਜਲਾ, ਪੁ.. ਕਬੱਡੀ ਦਾ ਇਕ ਖੇਲ੍ਹ

वैजा–ਬੈਜਾ, ਪੁ., ਅੰਡਾ, ਇਕ ਤਰ੍ਹਾਂ ਦਾ ਫੋੜਾ ਜਿਸ ਵਿਚ ਪਾਣੀ ਹੁੰਦਾ ਹੈ

वैटरी–ਬੈਟਰੀ. ਇ., ਚੀਨੀ ਦਾ ਸ਼ੀਸ਼ੇ ਦਾ ਪਾਤਰ ਜਿਸ ਰਾਹੀਂ ਬਿਜਲੀ ਪੈਦਾ ਕੀਤੀ ਜਾਂਦੀ ਹੈ; ਤੋਪਖ਼ਾਨਾ

वैटा–ਬੈਟਾ,ਇ., ਰੂੰਈ ਬੜੇਵੇਂ ਵੱਖ ਕਰਨ ਵਾਲੀ ਚਰਖੀ, ਬੇਲਨਾ

वैठ–ਬੈਠ, ਪੁ., ਰਾਜੇ ਵੱਲੋਂ ਟੈਕਸ

वैठक–ਬੈਠਕ, ਇ., ਬੈਠਣ ਦੀ ਥਾਂ, ਬੈਠਣ ਦਾ ਕੰਮ ਜਾਂ ਹਾਲਤ, ਉੱਠਣ ਬੈਠਣ ਦੀ ਕਸਰਤ, ਸੰਗ, ਮੇਲ, ਨਾਲ ਉੱਠਣ ਬੈਠਣ ਦਾ ਭਾਵ, ਕਿਸੇ ਮੂਰਤ ਜਾਂ ਖੰਭੇ ਦੇ ਹੇਠ ਦੀ ਚੌਕੀ

वैठका–ਬੈਠਕਾ, ਪੁ., ਗੱਲਾਂ ਬਾਤਾਂ ਕਰਨ ਵਾਲੀ ਥਾਂ

वैठकी–ਬੈਠਕੀ, ਇ.. ਉੱਠਣ ਬੈਠਣ ਦੀ ਕਸਰਤ, ਆਸਣ

वैठन–ਬੈਠਨ, ਇ., ਬੈਠਣ ਦੀ ਕਿਰਿਆ ਜਾਂ ਭਾਵ, ਬੈਠਕ

वैठना–ਬੈਠਨਾ, ਕ੍ਰਿ., ਚਿੱਤੜਾਂ ਗੋਡਿਆਂ ਜਾਂ ਪੈਰਾਂ ਦੇ ਭਾਰ ਟਿਕਣਾ, ਕਾਇਮ ਹੋਣਾ. ਠੀਕ ਥਾਂ ਰੱਖਿਆ ਜਾਣਾ, ਛੱਤ ਆਦਿਕ ਦਾ ਡਿੱਗ ਪੈਣਾ, ਕੋਈ ਕੰਮ ਕਾਰ ਨਾ ਹੋਣਾ, ਘੋੜੇ ਆਦਿਕ ਤੇ ਸਵਾਰੀ ਕਰਨਾ, ਠੀਕ ਹੋਣਾ, ਘੰਟੇ ਆਦਿਕ ਦਾ ਹੇਠਾਂ ਲੱਗ ਜਾਣਾ, ਪੜ੍ਹਨ ਬੈਠਣਾ, ਖਰਚ ਹੋਣਾ

वैठनी–ਬੈਠਨੀ, ਇ., ਕਰਘੇ ਵਿਚ ਉਹ ਥਾਂ ਜਿਥੇ ਜੁਲਾਹੇ ਕਪੜਾ ਬੁਣਨ ਵੇਲੇ ਬੈਠਦੇ ਹਨ

वैठवां–ਬੈਠਵਾਂ, ਵਿ., ਬੈਠਿਆ ਹੋਇਆ ਜਾਂ ਦਬਿਆ ਹੋਇਆ

वैठवाना–ਬੈਠਵਾਨਾ,ਕ੍ਰਿ ,ਬੈਠਾਲਣ ਦਾ ਕੰਮ ਦੂਸਰੇ ਤੋਂ ਕਰਾਉਣਾ ਬ੍ਰਿਛ ਪੌਦੇ ਆਦਿਕ ਲਗਵਾਉਣਾ

वैठा–ਬੈਠਾ, ਪੁ, ਚਮਚਾ, ਵੱਡੀ ਕੜਛੀ

वैठाना–ਬੈਠਾਨਾ, ਕ੍ਰਿ., ਦੱਬ ਕੇ ਬਰਾਬਰ ਕਰਨਾ. ਪਿਚਕਾਉਣਾ, ਘੋੜੇ ਆਦਿਕ ਤੇ ਸਵਾਰ ਕਰਾਉਣਾ, ਕਿਸੇ ਤੀਵੀਂ ਨੂੰ ਰਖੇਲ ਰੱਖਣਾ, ਬਿਨਾ ਕੰਮ ਤੋਂ ਕਰ ਦੇਣਾ, ਘੁਲੀ ਹੋਈ ਚੀਜ਼ ਨੂੰ ਥੱਲੇ ਜਮਾ ਦੇਣਾ. ਹੇਠਾਂ ਨੂੰ ਲੈ ਜਾਣਾ. ਟਿਕਾਉਣਾ, ਕਾਇਮ ਕਰਨਾ, ਕਾਰੇ ਲਾਉਣਾ, ਠੀਕ ਥਾਂ ਤੇ ਰੱਖਣਾ

वैठारना. वैठालना–ਬੈਠਾਰਨਾ, ਬੈਠਾਲਨਾ, ਕ੍ਰਿ., ਦੇਖੋ ਬੈਠਾਨਾ (वैठाना)

वैतरनी–ਬੈਤਰਨੀ, ਇ., ਦੇਖੋ ਵੈਤਰਣੀ (वैतरणी) ਇਕ ਤਰ੍ਹਾਂ ਦਾ ਧਾਨ

वैताल–ਬੈਤਾਲ, ਪੁ., ਦੇਖੋ ਬੇਤਾਲ (वेताल)

वैतालिक–ਬੈਤਾਲਿਕ, ਪੁ., ਰਾਜਿਆਂ ਨੂੰ ਗਾ ਕੇ ਜਗਾਉਣ ਵਾਲਾ ਪਾਠੀ

वैद–ਬੈਦ, ਪੁ., ਹਕੀਮ, ਡਾਕਟਰ

वैदल–ਬੈਦਲ, ਪੁ., ਦਾਲ ਦੀ ਪੀਠੀ

वैदूर्य–ਬੈਦੂਰਯ, ਪੁ., ਦੇਖੋ ਵੈਦੂਰਯ (वैदूर्य)

वैदेही–ਬੈਦੇਹੀ, ਇ., ਦੇਖੋ ਵੈਦੇਹੀ (वैदेही)

वैन–ਬੈਨ, ਪੁ., ਬਾਤ, ਗੱਲ

वैनतेय–ਬੈਨਤੇਯ, ਪੁ., ਦੇਖੋ ਵੈਨਤੇਯ (वैनतेय)

वैना–ਬੈਨਾ, ਪੁ., ਉਹ ਮਿਠਿਆਈ ਜਾਂ ਪਕਵਾਨ ਆਦਿਕ ਜੋ ਵਿਆਹ ਆਦਿਕਾਂ ਤੇ ਦੋਸਤ ਮਿਤਰਾਂ ਨੂੰ ਭੇਜਿਆ ਜਾਂਦਾ ਹੈ, ਭਾਜੀ

वैयर–ਬੈਯਰ, ਇ., ਔਰਤ, ਤੀਵੀਂ

वैरंग–ਬੈਰੰਗ, ਵਿ., ਉਹ ਚਿੱਠੀ ਜਾਂ ਪਾਰਸਲ ਜਿਸ ਦਾ ਖਰਚਾ ਭੇਜਣ ਵਾਲੇ ਨੇ ਨਾ ਦਿੱਤਾ ਹੋਵੇ ਲੈਣ ਵਾਲੇ ਤੋਂ ਲਿਆ ਜਾਵੇ

वैर–ਬੈਰ, ਪੁ., ਦੁਸ਼ਮਣੀ, ਬਿਰੋਧ, ਈਰਖ਼ਾ

वैरख–ਬੈਰਖ, ਪੁ., ਧਜਾ, ਫੌਜ ਦਾ ਝੰਡਾ, ਨਿਸ਼ਾਨ

वैरा–ਬੈਰਾ, ਪੁ., ਬੀ ਬੀਜਣ ਵਾਲਾ ਸੰਦ, ਪੋਰ, ਸੇਵਾਦਾਰ ਨੌਕਰ

वैराखी–ਬੈਰਾਖੀ, ਇ., ਬਾਂਹ ਦਾ ਇਕ ਗਹਿਣਾ

वैराग–ਬੈਰਾਗ, ਪੁ., ਸੰਸਾਰ ਤੋਂ ਉਦਾਸ ਰਹਿਣ ਦਾ ਭਾਵ, ਮੋਹ ਦਾ ਤਿਆਗ, ਤਪੱਸਿਆ

वैरागी–ਬੈਰਾਗੀ, ਪੁ., ਵਿਸ਼ਨੂੰ ਮਤ ਦੇ ਸਾਧਾਂ ਦੀ ਇਕ ਕਿਸਮ

वैराग्य–ਬੈਰਾਗਯ, ਪੁ., ਦੇਖੋ ਬੈਰਾਗ (वैराग)

वैराना–ਬੈਰਾਨਾ, ਕ੍ਰਿ., ਵਾਈ ਦੇ ਵਧ ਜਾਣ ਨਾਲ ਸਰੀਰ ਵਿਚ ਵਿਗਾੜ ਪੈਦਾ ਹੋਣਾ

वैरी–ਬੈਰੀ, ਵਿ., ਵੈਰ ਕਰਨ ਵਾਲਾ, ਦੁਸ਼ਮਣ, ਵੈਰੀ

वैल–ਬੈਲ, ਪੁ., ਬਲ੍ਹਦ, ਸਾਨ੍ਹ, ਲੁੱਚਪਣਾ, ਢੱਗਾ, ਭੈੜੀ ਆਦਤ

वैलर–ਬੈਲਰ, ਪੁ., ਪੀਪੇ ਵਰਗਾ ਲੋਹੇ ਦਾ ਵੱਡਾ ਭਾਂਡਾ ਜੋ ਭਾਫ਼ ਨਾਲ ਚੱਲਣ ਵਾਲੀ ਕਲਾ ਵਿਚ ਰਹਿੰਦਾ ਹੈ

वैलून–ਬੈਲੂਨ. ਪੁ , ਗੁੱਬਾਰਾ

वैस–ਬੈਸ, ਇ , ਉਮਰ, ਜੁਆਨੀ, ਛਤ੍ਰੀਆਂ ਦੀ ਇਕ ਮਸ਼ਹੂਰ ਸ਼ਾਖ

वैसर–ਬੈਸਰ, ਇ., ਦੇਖੋ ਬੈ (वै

वैसवारा–ਬੈਸਵਾਰਾ, ਪੁ., ਅਵਧ ਦੇ ਇਕ ਪਛਮੀ ਹਿੱਸੇ ਦਾ ਨਾਉਂ

वैसाख–ਬੈਸਾਖ, ਪੁ., ਚੇਤਰ ਤੋਂ ਅਗਲਾ ਮਹੀਨਾ

वैसाखी–ਬੈਸਾਖੀ. ਵਿ., ਬਸਾਖ ਮਹੀਨੇ ਦੀ ਸੰਗਰਾਂਦ, ਪੁ., ਉਹ ਲਾਠੀ ਜਿਸ ਨੂੰ ਲੰਗੜੇ ਕੱਛ ਵਿਚ ਰੱਖ ਕੇ ਟੁਰਦੇ ਹਨ, ਭੌਰੀ. ਡਹੀ

वैसाना–ਬੈਸਾਨਾ, ਕ੍ਰਿ., ਦੇਖੋ ਬੈਠਾਨਾ (वैठाना)

वैसारना–ਬੈਸਾਰਨਾ, ਕ੍ਰਿ., ਦੇਖੋ ਬੈਠਾਨਾ (वैठाना)

वैसिक–ਬੈਸਿਕ, ਪੁ., ਰੰਡੀ ਨਾਲ ਪ੍ਰੇਮ ਕਰਨ ਵਾਲਾ ਮਨੁੱਖ, ਰੰਡੀ ਬਾਜ

बैहर–ਬੈਹਰ, ਵਿ., ਭਿਆਨਕ, ਗੁਸੈਲਾ, ਇ., ਵਾਉ, ਹਵਾ

बोंक़–ਬੋਂਕ, ਪੁ., ਤਖਤੇ ਦਾ ਲੋਹੇ ਦਾ ਚੂਲਾ

बोगंना–ਬੋਗੀਨਾ, ਪੁ., ਚੌੜੇ ਮੂੰਹ ਦਾ ਇਕ ਭਾਂਡਾ

बोआई–ਬੋਆਈ, ਇ., ਬੀਜਣ ਦਾ ਕੰਮ, ਬੀਜਣ ਦੀ ਮਜ਼ਦੂਰੀ

बोक़, बोक़रा–ਬੋਕ, ਬੋਕਰਾ, ਪੁ., ਬੱਕਰਾ

बोक़री–ਬੋਕਰੀ, ਇ., ਬੱਕਰੀ

बोख़ार–ਬੋਖ਼ਾਰ, ਪੁ., ਬੁਖ਼ਾਰ, ਤਾਪ

बोग़ुमा–ਬੋਗੁਮਾ, ਪੁ., ਢਿਡ ਵਿਚ ਪੀੜ ਹੋਣ ਦਾ ਘੋੜੇ ਦਾ ਇਕ ਰੋਗ

बोज–ਬੋਜ, ਪੁ., ਘੋੜੇ ਦੀ ਇਕ ਕਿਸਮ

बोजा–ਬੋਜਾ, ਇ., ਚਾਉਲਾਂ ਦੀ ਬਣੀ ਹੋਈ ਸ਼ਰਾਬ

बोझ–ਬੋਝ, ਪੁ., ਭਾਰ, ਔਖ, ਚਿੰਤਾ, ਖੁਰਾਕ ਦੇ ਨਾ ਪਚਣ ਦਾ ਭਾਵ

बोझना–ਬੋਝਨਾ, ਕ੍ਰਿ., ਲੱਦਣਾ, ਕਿਸਤੀ ਜਾਂ ਗੱਡੀ ਤੇ ਮਾਲ ਲੱਦਣਾ

बोझल, बोझिल–ਬੋਝਲ, ਬੋਝਿਲ, ਵਿ., ਭਾਰਾ, ਜੋ ਝੱਲਿਆ ਨਾ ਜਾਵੇ

बोझा–ਬੋਝਾ, ਪੁ., ਦੇਖੋ ਬੋਝ (बोझ)

बोट–ਬੋਟ, ਇ., ਨਾਉ, ਕਿਸ਼ਤੀ. ਅਗਿਨਬੋਟ

बोटा–ਬੋਟਾ, ਪੁ , ਲੱਕੜ ਦਾ ਛੋਟਾ ਮੋਟਾ ਕੱਟਿਆ ਟੁਕੜਾ

बोटी–ਬੋਟੀ, ਇ., ਮਾਸ ਦਾ ਛੋਟਾ ਟੁਕੜਾ

बोड़–ਬੋੜ, ਇ., ਦੇਖੋ ਬੋਰ (बोर)

बोड़री–ਬੋੜਰੀ, ਇ., ਧੁੰਨੀ, ਤੁੰਨ

बोड़ल–ਬੋੜਲ,ਇ., ਇਕ ਤਰ੍ਹਾਂ ਦਾ ਪਹਾੜੀ ਪੰਖੇਰੂ

बोड़ा–ਬੋੜਾ, ਪੁ., ਅਜਗਰ, ਵੱਡਾ ਮੋਟਾ ਸੱਪ, ਇਕ ਤਰ੍ਹਾਂ ਦੀ ਪਤਲੀ ਲੰਮੀ ਫਲੀ ਜਿਸ ਦੀ ਤਰਕਾਰੀ ਹੁੰਦੀ ਹੈ, ਲੋਬੀਆ, ਨਜਰਬਟੂ

बोड़ी–ਬੋੜੀ, ਇ., ਦਮੜੀ, ਬਹੁਤ ਥੋੜਾ ਧਨ, ਬੂਟੇ ਜਾਂ ਰੁੱਖ ਆਦਿਕ ਦੀ ਫਲੀ, ਇਕ ਬੂਟੇ ਦੀ ਕਲੀ

बोत–ਬੋਤ, ਪੁ., ਘੋੜਿਆਂ ਦੀ ਇਕ ਜਾਤ

बोतक़–ਬੋਤਕ, ਪੁ., ਪਾਨ ਦੀ ਪਹਿਲੇ ਵਰ੍ਹੇ ਦੀ ਖੇਤੀ

बोतल–ਬੋਤਲ, ਇ., ਨਿੱਕੇ ਮੂੰਹ ਵਾਲਾ ਕੱਚ ਦਾ ਭਾਂਡਾ

बोता–ਬੋਤਾ, ਪੁ., ਉੱਠ ਦਾ ਬੱਚਾ, ਬਤਾਰੂ

बोदक़ी–ਬੋਦਕੀ, ਇ., ਇਕ ਕਿਸਮ ਦਾ ਫੁੱਲ ਜਿਸ ਦਾ ਰੰਗ ਬਣਦਾ ਹੈ

बोदर–ਬੋਦਰ, ਇ., ਲਚੀਲੀ ਛੜੀ, ·ਤਾਲ ਦੇ ਕੰਢੇ ਰਮਾਈ ਲਈ ਪਾਣੀ ਚੜ੍ਹਾਉਣ ਦੀ ਥਾਂ

बोदा–ਬੋਦਾ, ਵਿ., ਮੂਰਖ, ਸੁਸਤ, ਮੱਠਾ, ਜੋ ਮਜ਼ਬੂਤ ਨਾ ਹੋਵੇ

बोध–ਬੋਧ, ਪੁ., ਗਿਆਨ ਸੰਤੋਸ਼, ਧੀਰਜ, ਭਰਮ ਨਾ ਹੋਣ ਦਾ ਭਾਵ

बोधक–ਬੋਧਕ, ਪੁ., ਗਿਆਨ ਕਰਾਉਣ ਵਾਲਾ

बोधगम्य–ਬੋਧਗਮਜ, ਵਿ., ਸਮਝ ਵਿਚ ਆਉਣ ਜੋਗ

बोधस–ਬੋਧਸ, ਪੁ., ਮਤਲਬ ਜਾਣਨ ਵਾਲਾ, ਸ੍ਰੀ ਕ੍ਰਿਸ਼ਨ

बोधन–ਬੋਧਨ, ਪੁ., ਜਤਾਉਣ ਦਾ ਭਾਵ, ਸੂਚਤ ਕਰਨ ਦਾ ਭਾਵ, ਇਸ਼ਤਹਾਰ, ਅੱਗ, ਸੁਲਗਾਉਣ ਦਾ ਕੰਮ

बोधना–ਬੋਧਨਾ, ਕ੍ਰਿ., ਗਿਆਨ ਦੇਣਾ, ਸਮਝਾਉਣਾ

बोधनी–ਬੋਧਨੀ, ਇ., ਕੱਤਕ ਦੇ ਚਾਨਣੇ ਪੱਖ ਦੀ ਇਕਾਦਸ਼ੀ, ਪਿੱਪਲ ਦਾ ਰੁੱਖ, ਗਿਆਨ

बोधनीय–ਬੋਧਨੀਯ, ਵਿ., ਸਮਝਾਉਣ ਜੋਗ

बोधि–ਬੋਧਿ, ਪੁ., ਬੋਧ, ਗਿਆਨ, ਪਿੱਪਲ ਦਾ ਰੁੱਖ

बोधित–ਬੋਧਿਤ, ਵਿ., ਦੱਸਿਆ ਹੋਇਆ, ਜਤਾਇਆ ਹੋਇਆ

बोधितरु. बोधिद्रुम–ਬੋਧਿਤਰੁ. ਬੋਧਿਦ੍ਰੁਮ, ਪੁ., ਬੋਹੜ ਦਾ ਰੁੱਖ, ਗਯਾ ਤੀਰਥ ਤੇ ਇਕ ਬੋਹੜ ਦਾ ਰੁੱਖ ਜਿਸ ਦੇ ਹੇਠਾਂ ਗੌਤਮ ਬੁਧ ਨੇ ਗਿਆਨ ਪ੍ਰਾਪਤ ਕੀਤਾ

बोधिसत्व–ਬੋਧਿਸਤ੍ਵ, ਪੁ., ਉਹ ਜੋ ਗਿਆਨ ਪ੍ਰਾਪਤ ਕਰਨ ਦਾ ਅਧਿਕਾਰੀ ਹੋਵੇ

बोध्य–ਬੋਧਯ, ਵਿ., ਮਲੂਮ ਕਰਨ ਜੋਗ

बोना–ਬੋਨਾ, ਕ੍ਰਿ., ਧਰਤੀ ਵਿਚ ਬੀ ਪਾਉਣਾ, ਬੀਜਣਾ

बोबा–ਬੋਬਾ, ਪੁ., ਥਣ, ਗਠੜੀ, ਘਰ ਦਾ ਸਮਾਨ

बोबी–ਬੋਬੀ, ਇ., ਇਕ ਸਦਾ ਬਹਾਰੀ ਰੁੱਖ

बोय–ਬੋਯ, ਇ., ਬਦਬੂ, ਦੁਰਗੰਧ

बोर–ਬੋਰ, ਪੁ., ਡੁਬਾਉਣ ਦੀ ਕਿਰਿਆ, ਗੋਲ ਕਿੰਗਰੀ ਦਾਰ ਘੁੰਗਰੂ, ਸਿਰ ਦਾ ਇਕ ਗਹਿਣਾ

बोरक़ा–ਬੋਰਕਾ, ਪੁ., ਦਵਾਤ, ਸਿਆਹੀ ਪਾ ਕੇ ਲਿਖਣ ਵਾਲੀ ਕੁੱਜੀ

बोरना–ਬੋਰਨਾ, ਕ੍ਰਿ., ਡੁਬਾਉਣਾ, ਬਦਨਾਮ ਕਰਨਾ, ਮਿਲਾਉਣਾ

बोरसी–ਬੋਰਸੀ, ਇ., ਮਿੱਟੀ ਦੀ ਅੰਗੀਠੀ

बोरा–ਬੋਰਾ, ਪੁ., ਤੱਪੜ ਦਾ ਵੱਡਾ ਥੈਲਾ, ਛੋਟਾ ਘੁੰਗਰੂ

बोरिया–ਬੋਰਿਯਾ, ਇ., ਛੋਟਾ ਥੈਲਾ, ਬੁਰਾ

बोरी–ਬੋਰੀ, ਇ., ਦੇਖੋ ਬੋਰਿਯਾ (बोरिया)

बोरो–ਬੋਰੋ, ਪੁ., ਇਕ ਕਿਸਮ ਦਾ ਮੋਟਾ ਧਾਨ

बोर्ड–ਬੋਰਡ, ਪੁ., ਕਿਸੇ ਪੱਕੇ ਕੰਮ ਲਈ ਬਣੀ ਹੋਈ ਕਮੇਟੀ, ਮੋਟੇ ਕਾਗਤ ਦੀ ਦਸਤੀ

बोर्डिङ्हाउस्–ਬੋਰਡਿੰਙਹਾਉਸ, ਪੁ., ਪੜ੍ਹਨ ਵਾਲੇ ਮੁੰਡਿਆਂ ਦੇ ਰਹਿਣ ਦੀ ਥਾਂ

बोल–ਬੋਲ, ਪੁ., ਬਚਨ, ਤਾਨ੍ਹਾ, ਵਾਹਦਾ, ਕੌਲ, ਗਿਣਤੀ, ਗੀਤ ਦਾ ਇਕ ਹਿੱਸਾ, ਇਕ ਕਿਸਮ ਦੀ ਗੂੰਦ

बोलबाला–ਬੋਲਬਾਲਾ, ਪੁ., ਪ੍ਰਤਾਪ, ਵਡਿਆਈ, ਜਸ (ਫਕੀਰਾਂ ਦੀ ਅਸੀਸ)

बोलचाल–ਬੋਲਚਾਲ, ਇ., ਵਰਤਾਰਾ, ਗੱਲ ਬਾਤ, ਝਗੜਾ

बोलता–ਬੋਲਤਾ, ਪੁ., ਆਤਮਾ, ਜੀਵਨ ਤੱਤ, ਅਰਥਾਂ ਵਾਲਾ ਸ਼ਬਦ, ਬੋਲਣ ਵਾਲਾ ਮਨੁੱਖ, ਹੁੱਕਾ, ਸਾਹ, ਵਿ., ਬਕਵਾਸੀ

बोलती–ਬੋਲਤ਼ੀ, ਇ., ਬਚਨ, ਬਾਣੀ, ਅਵਾਜ਼

बोलनहारा–ਬੋਲਨਹਾਰਾ, ਵਿ., ਬੋਲਣ ਵਾਲਾ, ਪੁ., ਥੋੜੇ ਦਿਲ ਵਾਲਾ

बोलना–ਬੋਲਨਾ, ਕ੍ਰਿ., ਮੂਹੋਂ ਸ਼ਬਦ ਕੱਢਣਾ, ਅਵਾਜ਼ ਕੱਢਣੀ, ਮੂੰਹੋ ਕੁਝ ਕਹਿਣਾ, ਆਖਣਾ, ਝਗੜਨਾ, ਰੋਕ ਟੋਕ ਕਰਨਾ

बोलसर–ਬੋਲਸਰ, ਪੁ., ਮੌਲਸਰੀ ਦਾ ਰੁੱਖ. ਘੋੜੇ ਦੀ ਇਕ ਜਾਤ

बोली–ਬੋਲੀ, ਇ., ਜ਼ਬਾਨ. ਗੱਲ, ਲਲਾਮੀ ਕਰਨ ਵਾਲੇ ਦਾ ਉੱਚਾ ਉੱਚਾ ਬੋਲ ਕੇ ਕੁਝ ਕਹਿਣ ਦਾ ਭਾਵ, ਅਰਥ ਵਾਲੇ ਵਾਕ ਜਾਂ ਸ਼ਬਦ, ਹਾਸਾ, ਦਿਲ ਲਗੀ

बोलीदार–ਬੋਲੀਦਾਰ, ਪੁ., ਉਹ ਅਸਾਮੀ ਜਿਸ ਨੂੰ ਖੇਤ ਬੀਜਣ ਲਈ ਜ਼ਬਾਨੀ ਕਹਿ ਕੇ ਦਿੱਤਾ ਜਾਵੇ

बोवाई–ਬੋਵਾਈ, ਇ., ਬੀਜਣ ਦੀ ਕਿਰਿਆ

बोवाना–ਬੋਵਾਨਾ, ਕ੍ਰਿ., ਬੀਜਣ ਦਾ ਕੰਮ ਦੂਸਰੇ ਤੋਂ ਕਰਾਉਣਾ

बोह-ਬੋਹ, ਇ., ਡੁਬਕੀ, ਗੋਤਾ, ਚੁੱਭੀ

बोहनी–ਬੋਹਨੀ, ਇ.. ਸਬ ਤੋਂ ਪਹਿਲੀ ਬਿਕਰੀ

बोहारी–ਬਹਾਰੀ, ਇ., ਬਹੁਕਰ, ਝਾੜੂ

बोहित–ਬੋਹਿਤ, ਪੁ., ਵੱਡੀ ਕਿਸ਼ਤੀ

बौंड–ਬੋਂਡ ਇ., ਲੰਮੀ ਟਾਹਣੀ, ਵੇਲ

बौंडनਬੋਂਡਨਾ, ਕ੍ਰਿ., ਵੇਲ ਦੀ ਤਰ੍ਹਾਂ ਵਧਣਾ, ਟਾਹਣੀ ਸਿੱਟਣਾ

बौंडर–ਬੌਂਡਰ, ਪੁ., ਵਾ, ਵਰੋਲਾ ਹਵਾ ਦਾ ਝੋਕਾ

बौंडी–ਬੌਂਡੀ. ਇ., ਵੇਲ ਜਾਂ ਬੂਟੇ ਦੇ ਕੱਚੇ ਫਲ, ਫਲੀ

बौआना–ਬੌਂਆਨਾ, ਕ੍ਰਿ., ਬਰੜਾਉਣਾ, ਨੀਂਦਰ ਵਿਚ ਬੋਲਣਾ

बौखल–ਬੌਖਲ, ਵਿ., ਪਾਗਲ, ਝੱਖ

बौखलाना–ਬੌਖਲਾਨਾ, ਕ੍ਰਿ., ਥੋੜਾ ਪਾਗਲ ਹੋ ਜਾਣਾ

बौखा–ਬੌਖਾ, ਇ., ਹਵਾ ਦਾ ਤੇਜ਼ ਬੁੱਲਾ

बौछाड़–ਬੋਛਾੜ, ਇ.. ਬਾਛੜ, ਹਵਾ ਨਾਲ ਜੋ ਮੀਂਹ ਦੀਆਂ ਕਣੀਆਂ ਇਕ ਪਾਸੇ ਜਾਣ, ਤਾਹਨਾ, ਕਿਸੇ ਚੀਜ਼ ਦਾ ਵਧੀਕ ਗਿਣਤੀ ਵਿਚ ਆ ਕੇ ਡਿੱਗਣ ਦਾ ਭਾਵ

बौछार–ਬੌਛਾਰ, ਇ., ਦੇਖੋ ਬੌਛਾੜ (बौछाड़)

बौड़हा–ਬੌੜਹਾ, ਵਿ., ਬੌਲਾ, ਪਾਗਲ

बौता–ਬੌਤਾ, ਪੁ., ਸਮੰਦਰ ਵਿਚ ਤਿਰਦਾ ਹੋਇਆ ਨਿਸ਼ਾਨ

बौद्ध–ਬੌਧੱ, ਪੁ., ਗੌਤਮ ਬੁੱਧ ਦੇ ਮੱਤ ਨੂੰ ਮੰਨਣ ਵਾਲਾ ਬੋਧੀ

बौद्धधर्म–ਬੌਧੱਧਰਮ, ਪੁ., ਗੌਤਮ ਬੁੱਧ ਦਾ ਚਲਾਇਆ ਹੋਇਆ ਧਰਮ

बौना–ਬੌਨਾ, ਪੁ., ਬਹੁਤ ਮਧਰਾ ਜਾਂ ਛੋਟੇ ਕੱਦ ਦਾ

बौभुक्ष–ਬੌਭੁਕਸ਼, ਵਿ., ਭੁੱਖਾ

बौर–ਬੌਰ, ਪੁ., ਅੰਬ ਦਾ ਬੂਰ

बौरई–ਬੌਰਈ, ਇ., ਪਾਗਲਪਣ

बौरना–ਬੌਰਨਾ, ਕ੍ਰਿ., ਅੰਬ ਦੇ ਰੁੱਖ ਦਾ ਫੁੱਟਵਾ

बौरहा, बौरा–ਬੌਰਹਾ, ਬੌਰਾ, ਵਿ., ਬੌਲਾ, ਪਾਗਲ, ਗੰਗਾ, ਨਾ ਸਮਝ

बौराई–ਬੌਰਾਈ, ਇ., ਦੇਖੋ ਬੌਰਈ (बौरई)

बौराना–ਬੌਰਾਨਾ, ਇ., ਪਾਗਲ ਹੋਣਾ

बौरी–ਬੌਰੀ, ਇ., ਪਾਗਲ ਤੀਵੀਂ, ਬੌਲੀ

बौलड़ा–ਬੌਲੜਾ, ਪੁ., ਸਿਰ ਦਾ ਇਕ ਗਹਿਣਾ

ब्यंग, ब्यंजन–ਬਜੰਗ,ਬਜੰਜਨ, ਪੁ., ਦੇਖੋ ਵਜੰਗ (व्यंग) ਪੁ., ਦੇਖੋ ਵਜੰਜਨ (व्यंजन)

ब्यतीतना–ਬਜਤੀਤਨਾ, ਕ੍ਰਿ., ਬੀਤਣਾ

ब्यवहर–ਬਜਵਹਰ, ਪੁ., ਦੇਖੋ ਬਜਵਹਾਰ (व्यवहार)

ब्यवहरिया–ਬਜਵਹਰਿਯਾ, ਵਿ., ਰੁਪੈਯੇ ਦਾ ਲੈਣ ਦੇਣ ਕਰਨ ਵਾਲਾ ਮਹਾਜਨ

ब्यवसाय–ਬਜਵਸਾਯ, ਪੁ., ਦੇਖੋ ਵਜਵਸਾਯ (व्यवसाय)

ब्यवहार–ਬਜਵਹਾਰ, ਪੁ., ਰੁਪੈਯੇ ਦਾ ਲੈਣ ਦੇਣ, ਵਿਹਾਰ, ਪਿਆਰੇ ਮਿੱਤਰ ਦਾ ਸਬੰਧ

ब्यवहारी–ਬਜਵਹਾਰੀ, ਵਿ., ਲੈਣ ਦੇਣ ਕਰਨ ਵਾਲਾ, ਵਪਾਰੀ, ਜਿਸ ਨਾਲ ਪ੍ਰੇਮ ਦਾ ਵਰਤਾਰਾ ਹੋਵੇ, ਕਾਰਜ ਕਰਤਾ, ਮਾਮਲਾ ਕਰਨ ਵਾਲਾ

ब्याज–ਬਜਾਜ, ਪੁ., ਸੂਦ, ਹੁਧਾਰ ਦਿੱਤੇ ਹੋਏ ਰੁਪਏ ਦਾ ਭਾੜਾ

ब्याध–ਬਜਾਧ. ਪੁ., ਸ਼ਿਕਾਰੀ, ਫਾਂਦੀ

ब्याधि–ਬਜਾਧਿ, ਇ.. ਬੀਮਾਰੀ. ਰੋਗ, ਜਹਿਮਤ

ब्याना–ਬਜਾਨਾ, ਕ੍ਰਿ., ਜਨਣਾ, ਪੈਦਾ ਕਰਨਾ, ਗਰਭ ਚੋਂ ਕੱਢਣਾ

ब्यापना–ਬਜਾਪਨਾ, ਕ੍ਰਿ.. ਕਿਸੇ ਚੀਜ਼ ਦਾ ਸਾਰੀ ਥਾਂ ਤੇ ਖਿਲਰਨਾ, ਘੇਰਨਾ

ब्यापार–ਬਜਾਪਾਰ, ਪੁ., ਸੌਦਾ,ਵਪਾਰ

ब्यारी–ਬਜਾਰੀ, ਇ., ਬੇਹਾ ਭੋਜਨ, ਬਾਸੀ ਅੰਨ

ब्याल–ਬਜਾਲ, ਪੁ., ਸੱਪ. ਨਾਗ

ब्याली–ਬਜਾਲੀ, ਇ., ਸੱਪਣੀ, ਨਾਗਣ, ਵਿ., ਸੱਪ ਨੂੰ ਧਾਰਨ ਕਰਨ ਵਾਲਾ

ब्यालू–ਬਜਾਲੂ, ਪੁ., ਦੇਖੋ ਬਜਾਰੀ (ब्यारी)

ब्याह–ਬਜਾਹ, ਪੁ.. ਸ਼ਾਦੀ, ਕਾਜ, ਮੁੰਡੇ ਕੁੜੀ ਦੇ ਫੇਰੇ

ब्याहता–ਬਜਾਹਤਾ, ਵਿ., ਜਿਸ ਨਾਲ ਸ਼ਾਦੀ ਹੋਈ ਹੋਵੇ

ब्याहना–ਬਜਾਹਨਾ, ਕ੍ਰਿ , ਸ਼ਾਦੀ ਕਰਨਾ, ਕਾਜ ਕਰਨਾ

ब्यूगा–ਬਜੂੰਗਾ, ਪੁ., ਚਮੜਾ ਮਲਾਇਮ ਕਰਨ ਵਾਲਾ ਚਮਾਰਾਂ ਦਾ ਇਕ ਸੰਦ, ਬਿਗ

ब्योंचना–ਬਜੋਂਚਨਾ, ਕ੍ਰਿ., ਕਿਸੇ ਅੰਗ ਦਾ ਮੜਕਣਾ

ब्योंत–ਬਜੋਂਤ, ਪੁ., ਮਾਜਰਾ, ਹਾਲ, ਜੁਗਤ, ਉਪਾਉ, ਕੰਮ ਪੂਰਾ ਹੋਣ ਦਾ ਭਾਵ, ਹਿਸਾਬ ਕਿਤਾਬ, ਮੇਚੇ ਲਈ ਕਪੜੇ ਦੀ ਛਾਂਟ, ਮੌਕਾ, ਸੰਜੋਗ, ਨੌਬਤ, ਤਿਆਰੀ, ਸਮਾਈ, ਢਬ, ਢੰਗ ਤਰੀਕਾ

ब्योंतना–ਬਜੋਂਤਨਾ, ਕ੍ਰਿ., ਕੁੜਤਾ ਆਦਿਕ ਬਣਾਉਣ ਲਈ ਕਪੜੇ ਨੂੰ ਮਾਪ ਕੇ ਕੱਟਣਾ

ब्योपार–ਬਜੋਪਾਰ, ਪੁ., ਦੇਖੋ ਵਜਾਪਾਰ (व्यापार)

ब्योपारी–ਬਜੋਪਾਰੀ ਪੁ., ਸੁਦਾਗਰ, ਵਪਾਰੀ

ब्योरन–ਬਜੋਰਨ, ਇ., ਸੁਲਝਾਉਣ ਦਾ ਢੰਗ

ब्योरना–ਬਜੋਰਨਾ, ਕ੍ਰਿ., ਉਲਝੀ ਹੋਈ ਚੀਜ਼ ਦਾ ਸੰਵਾਰਨਾ, ਉਲਝੇ ਹੋਏ ਵਾਲਾਂ ਦਾ ਸੰਵਾਰਨਾ

ब्योरा–ਬਜੋਰਾ,.ਪੁ., ਹਾਲ, ਸਮਾਚਾਰ, ਤਫਸੀਲ, ਭੇਤ

ब्रज–ਬ੍ਰਜ, ਪੁ., ਦੇਖੋ ਵ੍ਰਜ (व्रज)

ब्रजना–ਬ੍ਰਜਨਾ, ਕ੍ਰਿ., ਚਲਣਾ, ਗਾਣਾ

ब्रध्न–ਬ੍ਰਧਨ, ਪੁ., ਸੂਰਜ, ਸ਼ਿਵ, ਘੋੜਾ, ਦਿਨ

ब्रह्म–ਬ੍ਰਹਮ, ਪੁ., ਪੁ., ਵੇਦ, ਤਪੱਸਿਆ, ਸੱਤਿ, ਤੱਤ, ਆਤਮਾ, ਪਰਮਾਤਮਾ, ਜਗਤ ਦਾ ਆਦਿ ਕਾਰਣ, ਬ੍ਰਹਮਾ, ਬ੍ਰਾਹਮਣ, ਵੇਦ, ਇਕ ਦੀ ਗਿਣਤੀ, ਜੋਗ ਦਾ ਇਕ ਭੇਦ, ਬ੍ਰਹਮਾ

ब्रह्मकन्यका, ब्रह्मकन्या–ਬ੍ਰਹਮਕਨਜਕਾ, ਬ੍ਰਹਮਕਨਜਾ, ਇ. ਬ੍ਰਹਮਾ, ਦੀ ਧੀ, ਸਰਸੁਤੀ, ਬ੍ਰਹਮੀ ਬੂਟੀ

ब्रह्मकल्प–ਬ੍ਰਹਮਕਲਪ, ਪੁ., ਇਕ ਬ੍ਰਹਮਾ ਦੀ ਉਮਰ

ब्रह्मकाष्ठ–ਬ੍ਰਹਮਕਾਸ਼ਠ, ਪੁ., ਤੂਤ ਦਾ ਰੁੱਖ

ब्रह्मकुशा–ਬ੍ਰਹਮਕੁਸ਼ਾ, ਇ., ਅਜਮੋਦਾ

ब्रह्मक्षत्र–ਬ੍ਰਹਮਕਸ਼ਤ੍ਰ, ਪੁ., ਬ੍ਰਾਹਮਣ ਅਤੇ ਛੱਤਰੀ ਤੋਂ ਉਤਪੰਨ ਇਕ ਜਾਤ

ब्रह्मगति–ਬ੍ਰਹਮਗਤਿ, ਇ., ਮੁਕਤੀ, ਨਿਜਾਤ

ब्रह्मगांठ–ਬ੍ਰਹਮਗਾਂਠ, ਇ., ਜਨੇਊ ਦੀ ਗੱਠ

ब्रह्मगोल–ਬ੍ਰਹਮਗੋਲ, ਪੁ., ਬ੍ਰਹਮਾਂਡ

ब्रह्मग्रंथि-ਬ੍ਰਹਮਗ੍ਰੰਥਿ, ਇ., ਜਨੇਊ ਦੀ ਮੁੱਖ ਗੱਠ

ब्रह्मघातक–ਬ੍ਰਹਮਘਾਤਕ, ਵਿ., ਬ੍ਰਾਹਮਣ ਨੂੰ ਮਾਰਨ ਵਾਲਾ

ब्रह्मघातिनी–ਬ੍ਰਹਮਘਾਤਿਣੀ, ਵਿ., ਬ੍ਰਾਹਮਣ ਦੇ ਮਾਰਨ ਵਾਲੀ ਕਪੜੇ ਆਉਣ ਤੋਂ ਦੂਸਰੇ ਦਿਨ ਦੀ ਤੀਵੀਂ ਦੀ ਸੰਗਿਆ

ब्रह्मघाती–ਬ੍ਰਹਮਘਾਤੀ, ਵਿ., ਬ੍ਰਹਮ ਹੱਤਿਆ ਕਰਨ ਵਾਲਾ

ब्रह्मघोष–ਬ੍ਰਹਮਘੋਸ਼, ਪੁ., ਵੇਦਪਾਠ

ब्रह्मचर्य–ਬ੍ਰਹਮਚਰਜ, ਪੁ., ਜਤੀ ਸਤੀ ਰਹਿਣ ਦਾ ਭਾਵ

ब्रह्मचारिणी–ਬ੍ਰਹਮਚਾਰਿਣੀ, ਇ., ਬ੍ਰਹਮਚਰਜ ਪਾਲਣ ਕਰਨ ਵਾਲੀ ਤੀਵੀਂ

ब्रह्मचारी-ਬ੍ਰਹਮਚਾਰੀ, ਪੁ., ਦੇਵ ਪੜ੍ਹਨ ਵਾਲਾ ਵਿਦਿਆਰਥੀ, ਇਕ ਤਰ੍ਹਾਂ ਦਾ ਸਾਧ, ਤਪਸ੍ਵੀ, ਤੀਵੀਂ ਦਾ ਸੰਗ ਨਾ ਕਰਨ ਵਾਲਾ

ब्रह्मज्ञान–ਬ੍ਰਹਮਗਜਾਨ, ਪੁ., ਆਪਣੇ ਆਤਮਾ ਦਾ ਅਸਲੀ ਅਨੁਭਵ

ब्रह्मज्ञानी–ਬ੍ਰਹਮਗਜਾਨੀ, ਵਿ., ਪਰਮਾਰਥ ਤੱਤ ਦਾ ਗਿਆਨ ਰਖਣ ਵਾਲਾ

ब्रह्मज्य–ਬ੍ਰਹਮਜਜ. ਵਿ., ਬ੍ਰਾਹਮਣ ਤੇ ਅਤਿਆਚਾਰ ਕਰਨ ਵਾਲਾ

ब्रह्मण्य–ਬ੍ਰਹਮਣਜ, ਪੁ., ਵਿਸ਼ਨੂੰ, ਸਨਿਚਰ, ਕਾਰਤਿਕ ਸਵਾਮੀ ਵਿ., ਬ੍ਰਹਮ ਸਬੰਧੀ

ब्रह्मण्यता–ਬ੍ਰਹਮਣਜਤਾ, ਪੁ., ਬ੍ਰਾਹਮਣ ਦਾ ਧਰਮ

ब्रह्मतीर्थ–ਬ੍ਰਹਮਤੀਰਥ, ਪੁ., ਨਟਬਦਾ ਨਦੀ ਦੇ ਕੰਢੇ ਤੇ ਇਕ ਤੀਰਥ

ब्रह्मत्व–ਬ੍ਰਹਮਤ੍ਵ, ਪੁ., ਪਵਿਤਰ ਬ੍ਰਹਮਭਾਵ

ब्रह्मदंड–ਬ੍ਰਹਮਦੰਡ, ਪੁ., ਬ੍ਰਾਹਮਣ, ਬ੍ਰਹਮਚਾਰੀ ਦਾ ਡੰਡਾ ਬ੍ਰਾਹਮਣ ਦਾ ਸਰਾਪ

ब्रह्मदंडी–ਬ੍ਰਹਮਦੰਡੀ, ਇ.. ਇਕ ਬੂਟੀ

ब्रह्मदर्भा–ਬ੍ਰਹਮਦਰਭਾ, ਇ.. ਜਮੈਣ

ब्रह्मदान–ਬ੍ਰਹਮਦਾਨ, ਪੁ., ਵੇਦ ਵਿਦਿਆ ਦੇਣ ਦਾ ਕੰਮ, ਵੇਦ ਪੜ੍ਹਾਉਣ ਦਾ ਕੰਮ

ब्रह्मदारु–ਬ੍ਰਹਮਦਾਰੁ, ਪੁ.. ਤੂਤ ਦਾ ਰੁੱਖ

ब्रह्मदोष–ਬ੍ਰਹਮਦੋਸ਼, ਪੁ., ਬ੍ਰਾਹਮਣ ਨੂੰ ਮਾਰਣ ਦਾ ਦੋਸ਼

ब्रह्मदोषी–ਬ੍ਰਹਮਦੋਸ਼ੀ, ਵਿ , ਉਹ ਜਿਸ ਨੂੰ ਬ੍ਰਹਮ ਹੱਤਿਆ ਲੱਗੀ ਹੋਵੇ

ब्रह्मद्रव–ਬ੍ਰਹਮਦ੍ਰਵ, ਪੁ., ਗੰਗਾਜਲ

ब्रह्मद्रोही–ਬ੍ਰਹਮਦ੍ਰੋਹੀ, ਵਿ., ਬ੍ਰਾਹਮਣਾਂ ਨਾਲ ਵੈਰ ਰੱਖਣ ਵਾਲਾ

ब्रह्मद्वार–ਬ੍ਰਹਮਦ੍ਵਾਰ, ਪੁ., ਖੋਪੜੀ ਦੇ ਵਿਚਕਾਰ ਇਕ ਛੇਕ ਜਿਸ ਰਾਹੀਂ ਜੋਗੀਆਂ ਦੇ ਪ੍ਰਾਣ ਨਿਕਲਦੇ ਹਨ

ब्रह्मनिष्ठ–ਬ੍ਰਹਮਨਿਸ਼ਠ. ਵਿ., ਬ੍ਰਾਹਮਣ ਦਾ ਭਗਤ

ब्रह्मपद–ਬ੍ਰਹਮਪਦ, ਪੁ., ਮੁਕਤੀ, ਨਿਜਾਤ, ਛੁਟਕਾਰਾ

ब्रह्मपाश–ਬ੍ਰਹਮਪਾਸ਼, ਪੁ., ਬ੍ਰਹਮਾ ਦਾ ਦਿੱਤਾ ਹੋਇਆ ਇਕ ਹਥਿਆਰ, ਬ੍ਰਹਮਾ ਦਾ ਫੰਦਾ

ब्रह्मपुत्र–ਬ੍ਰਹਮਪੁਤ੍ਰ, ਪੁ., ਬ੍ਰਹਮਾ ਦਾ ਪੁੱਤਰ, ਇਕ ਵੱਡੀ ਨਦੀ, ਬਸਿਸ਼ਠ, ਨਾਰਦ, ਮਾਰੀਚ, ਇਕ ਕਿਸਮ ਦੀ ਜ਼ਹਿਰ

ब्रह्मपुत्री–ਬ੍ਰਹਮਪੁਤ੍ਰੀ, ਇ., ਦੇਖੋ ਬ੍ਰਹਮਕਨਜਾ (ब्रह्मकन्या)

ब्रह्मपुर–ਬ੍ਰਹਮਪੁਰ, ਪੁ., ਬ੍ਰਹਮ ਲੋਕ, ਇਕ ਮੁਲਖ, ਦਿਲ

ब्रह्मपुराण–ਬ੍ਰਹਮਪੁਰਾਣ, ਪੁ., ਅਠਾਰਾਂ ਪੁਰਾਣਾਂ ਵਿਚੋਂ ਪਹਿਲਾ ਪੁਰਾਣ

ब्रह्मपुरी–ਬ੍ਰਹਮਪੁਰੀ. ਇ., ਕਾਸ਼ੀ ਧਾਮ, ਬਨਾਰਸ

ब्रह्मफांस–ਬ੍ਰਹਮਫਾਂਸ, ਇ., ਦੇਖੋ ਬ੍ਰਹਮਪਾਸ਼ (ब्रह्मपाश)

ब्रह्मबल–ਬ੍ਰਹਮਬਲ, ਪੁ.. ਬ੍ਰਾਹਮਣ ਦੀ ਤਪੱਸਿਆ ਰਾਹੀਂ ਪ੍ਰਾਪਤ ਕੀਤੀ ਤਾਕਤ

ब्रह्मबीज–ਬ੍ਰਹਮਬੀਜ, ਪੁ., ਓਅੰਕਾਰ

ब्रह्मभोज-ਬ੍ਰਹਮਭੋਜ, ਪ., ਬ੍ਰਾਹਮਣਾਂ ਨੂੰ ਭੋਜਨ ਛਕਾਉਣ ਦਾ ਭਾਵ

ब्रह्ममुहूर्त-ਬ੍ਰਹਮਮੁਹੂਰਤ, ਪੁ., ਸੂਰਜ ਚੜ੍ਹਨ ਤੋਂ ਤਿੰਨ ਚਾਰ ਘੜੀ ਪਹਿਲਾਂ ਦਾ ਵੇਲਾ, ਪ੍ਰਭਾਤ, ਤੜਕਾ

ब्रह्ममेखल-ਬ੍ਰਹਮਮੇਖਲ, ਪੁ., ਮੁੰਜ

ब्रह्मयोनि–ਬ੍ਰਹਮਜੋਨਿ, ਵਿ., ਇਕ ਤੀਰਥ ਦੀ ਥਾਂ

ब्रह्मरंध्र–ਬ੍ਰਹਮਰੰਧ੍ਰ, ਪੁ., ਦੇਖੋ ਬ੍ਰਹਮਦ੍ਵਾਰ (ब्रह्मद्वार)

ब्रह्मराक्षस–ਬ੍ਰਹਮਰਾਕਸ਼ਸ, ਪੁ., ਉਹ ਬ੍ਰਾਹਮਣ ਜੋ ਮਰ ਕੇ ਭੂਤ ਹੋਇਆ ਹੋਵੇ

ब्रह्मरात्रि–ਬ੍ਰਹਮਰਾਤ੍ਰਿ, ਪੁ., ਬ੍ਰਹਮਾ ਦੀ ਇਕ ਰਾਤ ਜੋ ਇਕ ਕਲਪ ਦੇ ਬਰੋਬਰ ਹੁੰਦੀ ਹੈ

ब्रह्मवक्ता–ਬ੍ਰਹਮਵਕ੍ਤਾ, ਪੁ., ਬ੍ਰਹਮ ਰੂਪ ਸੱਤ ਦਾ ਪ੍ਰਚਾਰ ਕਰਨ ਵਾਲਾ

ब्रह्मवध–ਬ੍ਰਹਮਵਧ, ਪੁ.. ਬ੍ਰਾਹਮਣ ਦੀ ਹੱਤਿਆ

ब्रह्मवाद–ਬ੍ਰਹਮਵਾਦ, ਪੁ., ਵੇਦ ਦੇ ਪੜ੍ਹਨ ਪੜ੍ਹਾਉਣ ਦਾ ਕੰਮ

ब्रह्मवादी–ਬ੍ਰਹਮਵਾਦੀ, ਪੁ , ਵੇਦਾਂਤੀ, ਵੇਦਾਂ ਦੇ ਪੜ੍ਹਾਉਣ ਵਾਲਾ

ब्रह्मवादिनी–ਬ੍ਰਹਮਵਾਦਿਨੀ. ਇ., ਗਾਯਤ੍ਰੀ

ब्रह्मवास–ਬ੍ਰਹਮਵਾਸ. ਪੁ., ਬ੍ਰਹਮਲੋਕ

ब्रह्मविद्–ਬ੍ਰਹਮਵਿਦ, ਪੁ., ਵਿਸ਼ਨੂੰ, ਸ਼ਿਵ, ਵਿ., ਬ੍ਰਹਮ ਦੇ ਜਾਣਨ ਵਾਲਾ

ब्रह्मविद्या–ਬ੍ਰਹਮਵਿਦ੍ਯਾ, ਇ., ਉਹ ਵਿਦਿਆ ਜਿਸ ਨਾਲ ਬ੍ਰਹਮ ਦਾ ਗਿਆਨ ਹੋ ਸਕੇ

ब्रह्मवृद्ध–ਬ੍ਰਹਮਵ੍ਰਿੱਧ, ਵਿ., ਜਿਸ ਦੀ ਤਾਕਤ ਤਪ ਕਰਨ ਨਾਲ ਵਧ ਗਈ ਹੋਵੇ

ब्रह्मवैवर्त–ਬ੍ਰਹਮਵੈਵਰਤ, ਪੁ., ਇਕ ਪੁਰਾਣ, ਸ਼੍ਰੀ ਕ੍ਰਿਸ਼ਨ

ब्रह्मशासन–ਬ੍ਰਹਮਸ਼ਾਸਨ, ਪੁ., ਵੇਦ ਜਾ ਸਿੰਮ੍ਰਿਤੀ ਦਾ ਹੁਕਮ

ब्रह्मसमाज–ਬ੍ਰਹਮਸਮਾਜ, ਪੁ., ਰਾਜਾ ਰਾਮ ਮੋਹਨ ਰਾਏ ਦਾ ਚਲਾਇਆ ਹੋਇਆ ਇਕ ਮਜ਼ਹਬ

ब्रह्मसुता–ਬ੍ਰਹਮਸੁਤਾ, ਇ., ਸਰਸ਼ਵਤੀ

ब्रह्मसू–ਬ੍ਰਹਮਸੂ, ਪੁ., ਸ੍ਰੀ ਕ੍ਰਿਸ਼ਨ ਦਾ ਪੁੱਤਰ ਪ੍ਰਦਯੁਮਨ ਅਤੇ ਪੋਤਾ ਅਨਿਰੁੱਧ

ब्रह्मसूत्र–ਬ੍ਰਹਮਸੂਤ੍ਰ. ਪੁ., ਜ਼ਨੇਊ, ਬਿਆਸ ਜੀ ਦਾ ਬਣਾਇਆ ਹੋਇਆ ਇਕ ਗ੍ਰੰਥ, ਵੇਦਾਂਤ ਦਰਸ਼ਨ

ब्रह्महत्या–ਬ੍ਰਹਮਹਤ੍ਯਾ, ਵਿ., ਦੇਖੋ ਬ੍ਰਹਮਵਧ (ब्रह्मवध)

ब्रह्मा–ਬ੍ਰਹਮਾ, ਪੁ., ਬ੍ਰਹਮਾ, ਸੰਸਾਰ ਦੀ ਰਚਨਾ ਕਰਨ ਵਾਲਾ ਦੇਵਤਾ

ब्रह्माक्षर–ਬ੍ਰਹਮਾਕਸ਼ਰ, ਪੁ., ਓਅੰਕਾਰ

ब्रह्माणी–ਬ੍ਰਹਮਾਣੀ, ਇ., ਬ੍ਰਹਮਾ ਦੀ ਵਹੁਟੀ, ਸਾਵਿਤ੍ਰੀ

ब्रह्माण्ड–ਬਰਹਮਾਂਡ. ਪੁ., ਚੌਦਾਂ ਭਵਨਾਂ ਦਾ ਸਮੂਹ, ਕਪਾਲ. ਖੋਪੜੀ, ਸਾਰਾ ਸੰਸਾਰ

ब्रह्मानन्द–ਬ੍ਰਹਮਾਨੰਦ, ਪੁ., ਪੁ.. ਬ੍ਰਹਮ ਗਿਆਨ ਹੋਣ ਤੇ ਜੋ ਅਨੰਦ ਮਿਲਦਾ ਹੈ

ब्रह्मावर्त–ਬ੍ਰਹਮਾਵਰਤ, ਪੁ,,.ਸਰਸੁਤੀ ਅਤੇ ਦ੍ਰਿਸ਼ਦਵਤੀ ਨਦੀ ਦੇ ਵਿਚਕਾਰਲਾ ਇਲਾਕਾ

ब्रह्मास्त्र–ਬ੍ਰਹਮਾਸਤ੍ਰ, ਪੁ.. ਮੰਤ੍ਰਾਂ ਨਾਲ ਚਲਾਇਆ ਜਾਣ ਵਾਲਾ ਇਕ ਹਥਿਆਰ

ब्रह्मास्य–ਬ੍ਰਹਮਾਸਯ, ਪੁ., ਬ੍ਰਾਹਮਣ ਚਾ ਮੰਹ

ब्रह्मिष्ठा–ਬ੍ਰਹਮਿਸ਼ਠਾ, ਇ., ਦੁਰਗਾ

ब्राह्मण–ਬ੍ਰਾਹਮਣ, ਪੁ., ਹਿੰਦੂਆਂ ਦੀ ਸਭ ਤੋਂ ਉੱਚੀ ਜਾਤ

ब्राह्मणत्व–ਬ੍ਰਾਹਮਣਤ੍ਵ, ਪੁ., ਬ੍ਰਹਮਣ ਦਾ ਧਰਮ

ब्राह्मणभोजन–ਬ੍ਰਾਹਮਣਭੋਜਨ, ਪੁ., ਦੇਖੋ ਬ੍ਰਹਮਭੋਜ (ब्रह्मभोज)

ब्राह्मणी–ਬ੍ਰਾਹਮਣੀ, ਇ., ਬ੍ਰਾਹਮਣ ਦੀ ਵਹੁਟੀ

ब्राह्मी–ਬ੍ਰਾਹਮੀ, ਇ., ਇਕ ਬੂਟੀ, ਦੁਰਗਾ; ਇਕ ਪੁਰਾਣੀ ਲਿੱਪੀ

भ – ਭ

भ–ਭ, ਹਿੰਦੀ ਵਰਣ ਮਾਲਾ ਦਾ ਚੌਬੀਵਾਂ ਵਿਅੰਜਨ ਅੱਖਰ ਇਸ ਦੇ ਬੋਲਣ ਦੀ ਥਾਂ ਬੁਲ੍ਹ ਹਨ, ਪੁ., ਨਛੱਤਰ, ਗ੍ਰਹਿ, ਢੇਰ, ਭੌਰਾ, ਭੁੱਲ, ਪਹਾੜ

भंकारी–ਭੰਕਾਰੀ, ਇ., ਇਕ ਤਰ੍ਹਾਂ ਦਾ ਛੋਟਾ ਮੱਛਰ

भंग–ਭੰਗ, ਪੁ., ਲਹਿਰ, ਹਾਰ, ਟੁਕੜਾ, ਭੇਦ, ਟੇਢਾਪਣ, ਭੰਗ ਨਾਉਂ ਦੀ ਨਸ਼ੇਦਾਰ ਬੂਟੀ, ਗਰ, ਸੁੱਖਾ

भंगड़–ਭੰਗੜ, ਇ., ਬਹੁਤ ਭੰਗ ਪੀਣ ਵਾਲਾ

भंगना–ਭੰਗਨਾ, ਕ੍ਰਿ., ਤੋੜਨਾ, ਟੁੱਟਣਾ, ਦਬਣਾ

भंगरा–ਭੰਗਰਾ, ਪੁ., ਇਕ ਕਿਸਮ ਦਾ ਮੋਟਾ ਕਪੜਾ, ਬਰਸਾਤ ਵਿਚ ਹੋਣ ਵਾਲੀ ਇਕ ਬੂਟੀ

भंगराज–ਭੰਗਰਾਜ, ਪੁ., ਕੋਇਲ ਵਰਗੀ ਇਕ ਚਿੜੀ, ਦੇਖੋ ਭੰਗਰਾ (भंगरा)

भंगरैया–ਭੰਗਰੈਯਾ, ਇ., ਦੇਖੋ ਭੰਗਰਾ (भंगरा)

भंगवासा–ਭੰਗਵਾਸਾ, ਇ.. ਹਲਦੀ

भंगा–ਭੰਗਾ, ਇ., ਭੰਗ, ਸੁੱਖਾ

भंगान–ਭੰਗਾਨ, ਪੁ., ਇਕ ਤਰ੍ਹਾਂ ਦੀ ਮੱਛੀ

भंगार–ਭੰਗਾਰ, ਪੁ., ਟੋਆ ਜੋ ਖੂਹ ਪੁੱਟਣ ਤੋਂ ਪਹਿਲਾਂ ਪੁਟਿਆ ਜਾਂਦਾ ਹੈ, ਧਰਤੀ ਵਿਚ ਉਹ ਟੋਆ ਜੋ ਵਰਖਾ ਦੇ ਦਿਨਾਂ ਵਿਚ ਆਪਣੇ ਆਪ ਹੋ ਜਾਂਦਾ ਹੈ, ਘਾਹ, ਫੂਸ, ਕੂੜਾ, ਕਰਕਟ, ਪਾੜ

भंगिरा–ਭੰਗਿਰਾ, ਪੁ., ਦੇਖੋ ਭੰਗਰਾ (भंगरा)

भंगी–ਭੰਗੀ, ਵਿ., ਨਾਸ ਹੋਣ ਵਾਲਾ, ਤੋੜਨ ਵਾਲਾ, ਭੰਗ ਪੀਣ ਵਾਲਾ, ਪੁ., ਇਕ ਛੋਟੀ ਜਾਤ ਜਿਸ ਦਾ ਕੰਮ ਪਖਾਨਾ ਆਦਿਕ ਚੁਕਣਾ ਹੈ, ਚੂਹੜਾ

भंगुर–ਭੰਗੁਰ. ਵਿ., ਨਾਸ ਹੋਣ ਵਾਲਾ, ਟੇਢਾ, ਨਦੀ ਦਾ ਘੁਮਾਉ

भंगुरता–ਭੰਗੁਰਤਾ, ਇ , ਟੇਢਾਪਣ

भंगेड़ी–ਭੰਗੇੜੀ, ਪੁ., ਬਹੁਤ ਭੰਗ ਪੀਣ ਵਾਲਾ

भंगेरा–ਭੰਗੇਰਾ, ਪੁ., ਭੰਗ ਦੀ ਛਿੱਲ ਦਾ ਬਣਿਆ ਹੋਇਆ ਕਪੜਾ

भंगेला–ਭੰਗੇਲਾ, ਪੁ., ਦੇਖੋ ਭੰਗੇਰਾ (भंगेरा)

भंज, भंजक–ਭੰਜ, ਭੰਜਕ, ਵਿ , ਤੋੜਨ ਵਾਲਾ, ਭੰਨਣ ਦਾ ਕੰਮ ਕਰਨ ਵਾਲਾ

भंजन–ਭੰਜਨ, ਪੁ., ਤੋੜਨ ਦਾ ਕੰਮ, ਨਾਸ, ਹਿੱਸਾ

भंजनक–ਭੰਜਨਕ, ਪੁ., ਇਕ ਰੋਗ ਜਿਸ ਵਿਚ ਮੂੰਹ ਵਿੰਗਾ ਹੋ ਜਾਂਦਾ ਹੈ, ਲਕਵਾ

भंजना–ਭੰਜਨਾ, ਕ੍ਰਿ., ਵੰਡਿਆ ਜਾਣਾ, ਟੁਕੜੇ ਹੋਣਾ, ਭੰਨਣਾ, ਮੋੜਿਆ ਜਾਣਾ, ਕਿਸੇ ਵੱਡੇ ਸਿੱਕੇ ਦਾ ਛੋਟੇ ਸਿੱਕੇ ਵਿਚ ਬਦਲਿਆ ਜਾਣਾ

भंजनी–ਭੰਜਨੀ, ਇ., ਤਾਣੇ ਦੇ ਫੈਲਾਉਣ ਲਈ ਬਾਂਸ ਦੀਆਂ ਤਿੰਨਾਂ ਲਕੜੀਆਂ ਦਾ ਸੰਦ

भंजा–ਭੰਜਾ, ਇ., ਅੰਨਪੂਰਣਾ ਦੇਵੀ ਦਾ ਇਕ ਨਾਉਂ

भंजाना–ਭੰਜਾਨਾ, ਕ੍ਰਿ., ਤੁੜਵਾਉਣਾ, ਭਨਵਾਉਣਾ

भंटा–ਭੰਟਾ, ਪੁ., ਬੈਂਗਣ, ਬਤਾਊਂ

भंड–ਭੰਡ, ਵਿ., ਗਾਲਾਂ ਬਕਣ ਵਾਲਾ, ਨਕਲੀਆ

भंडताल–ਭੰਡਤਾਲ, ਪੁ., ਗਿੱਧਾ

भंडना–ਭੰਡਨਾ, ਕ੍ਰਿ., ਤੋੜਨਾ, ਬਦਨਾਮੀ ਕਰਨੀ, ਹਾਨੀ ਪਹੁੰਚਾਉਣੀ, ਵਿਗਾੜਣਾ

भंडफोड़–ਭੰਡਫੋੜ, ਪੁ., ਮਿੱਟੀ ਦੇ ਭਾਂਡਿਆਂ ਨੂੰ ਤੋੜਨਾ, ਫੋੜਨਾ, ਭੇਤ ਖੋਲ੍ਹਣਾ

भंडरिया–ਭੰਡਰਿਯਾ, ਪੁ., ਇਕ ਜਾਤ ਦਾ ਨਾਉਂ, ਡਕੌਂਤ, ਪਾਂਡਾ, ਪਖੰਡੀ, ਮੂਰਖ, ਅਲਮਾਰੀ

भंडसार, भंडसाल–ਭੰਡਸਾਰ, ਭੰਡਸਾਲ, ਇ., ਭੜਸਾਲ, ਖੱਤੀ, ਬੁਖਾਰੀ

भंडा–ਭੰਡਾ, ਪੁ., ਭਾਂਡਾ, ਬਰਤਣ, ਭੰਡਾਰ, ਭੇਤ

भंडाना–ਭੰਡਾਨਾ, ਕ੍ਰਿ., ਨਾਸ ਕਰਨਾ, ਤੋੜਨਾ, ਫੋੜਨਾ, ਉੱਛਲ ਕੰਦ ਕਰਨੀ

भंडार–ਭੰਡਾਰ. ਪੁ., ਖਜ਼ਾਨਾ. ਮਾਲ ਅਸਬਾਬ ਰੱਖਣ ਦੀ ਥਾਂ ਸਾਧਾਂ ਦੀ ਰਸੋਈ, ਭੰਡਾਰ, ਢਿਡ

भंडारा–ਭੰਡਾਰਾ, ਪੁ., ਦੇਖੋ ਭੰਡਾਰ (भंडार) ਝੁੰਡ, ਸਮੂਹ

भंडारी–ਭੰਡਾਰੀ, ਇ., ਖਜ਼ਾਨਾ, ਕੋਠੜੀ, ਪੁ., ਖਜ਼ਾਨਚੀ, ਰਸੋਈਆ

भंडेरिया–ਭੰਡੇਰਿਯਾ, ਪੁ, ਦੇਖੋ ਭੰਡਰਿਯਾ (भंडरिया)

भंडेरियापन–ਭੰਡੇਰਿਯਾਪਨ, ਪੁ., ਪਖੰਡ, ਢੌਂਗ. ਮਕਾਰੀ ਫਰੇਬ

भंडौआ–ਭੰਡੌਆ. ਪੁ., ਗੰਦਾ ਗੀਤ, ਹਾਸ ਰਸ ਦੀ ਨਿਕੰਮੀ ਕਵਿਤਾ

भंबूरी–ਭੰਬੂਰੀ, ਇ,, ਕਿੱਕਰ ਦੀ ਨਸਲ ਦਾ ਇਕ ਰੁਖ

भंभरना–ਭੰਭਰਨਾ, ਕ੍ਰਿ., ਡਰਨਾ, ਭੈ ਖਾਣਾ,

भंभा–ਭੰਭਾ, ਪੁ., ਛੇਕ, ਮੋਰੀ

भंभाका–ਭੰਭਾਕਾ, ਪੁ., ਕੋਈ ਵੱਡਾ ਛੇਕ

भंभाना–ਭੰਭਾਨਾ, ਕ੍ਰਿ., ਗਊ ਆਦਿਕ ਦਾ ਰੰਭਣਾ

भंभीरी–ਭੰਭੀਰੀ, ਇ.,ਪਰਾਂ ਵਾਲਾ ਇਕ ਕੀੜਾ, ਜੁਲਾਹਾ

भंभेरि–ਭੰਭੇਰਿ ਇ., ਭੈ ਡਰ

भंमर–ਭੰਮਰ, ਪੁ., ਵੱਡੀ ਸ਼ਹਿਦ ਦੀ ਮੱਖੀ, ਭਰਿੰਡ

भंवन–ਭੰਵਨ, ਇ., ਘੁੰਮਣ ਫਿਰਨ ਦਾ ਭਾਵ

भंवना–ਭੰਵਨਾ, ਕ੍ਰਿ., ਘੁੰਮਣਾ, ਫਿਰਨਾ, ਚੱਕਰ ਲਾਉਣਾ

भंवर–ਭੰਵਰ, ਪੁ., ਭੌਰਾ, ਘੁੰਮਣ ਘੇਰੀ, ਕੱਪਰ

भंवरजाल–ਭੰਵਰਜਾਲ਼ ਪੁ., ਸੰਸਾਰ ਦੇ ਝਗੜੇ, ਦੁਨੀਆ ਦਾ ਝੰਜਟ

भंवरभीख–ਭੰਵਰਭੀਖ, ਇ., ਉਹ ਭਿੱਛਿਆ ਜੋ ਘਰ ਘਰ ਫਿਰ ਕੇ ਮੰਗੀ ਜਾਵੇ

भंवरा–ਭੰਵਰਾ, ਪੁ., ਭੌਰਾ

भंवरी–ਭੰਵਰੀ, ਇ., ਪਾਣੀ ਦਾ ਚੱਕਰ, ਫਿਰ ਫ਼ਿਰ ਕੇ ਸੌਦਾ ਵੇਚਣ ਦਾ ਕੰਮ, ਗਸ਼ਤ, ਫੇਰੀ

भंवाना–ਭੰਵਾਨਾ, ਕ੍ਰਿ., ਘੁਮਾਉਣਾ, ਭਰਮ ਵਿਚ ਪਾਉਣਾ, ਚੱਕਰ ਦੇਣਾ

भंवारा–ਭੰਵਾਰਾ, ਵਿ., ਘੁਮਾਉਣ ਵਾਲਾ, ਭਵਾਂਟਣੀਆਂ ਦੇਣ ਵਾਲਾ

भंसना–ਭੰਸਨਾ, ਕ੍ਰਿ., ਪਾਣੀ ਵਿਚ ਸੁਟਿਆ ਜਾਣਾ, ਪਾਣੀ ਦ ਉਪਦ ਉਪਰ ਤੈਰਨਾ

भइया–ਭਇਆ, ਪੁ., ਭਾਈ, ਭਰਾ

भक–ਭਕ, ਪੁ., ਅੱਗ ਦੇ ਇਕ ਦਮ ਜਲਣ ਜਾਂ ਧੂਆਂ ਨਿਕਲਣ ਤੋਂ ਉਤਪੰਨ ਸ਼ਬਦ

भकरांध–ਭਕਰਾਂਧ, ਇ., ਅੰਨ ਦੇ ਸੜਨ ਦੀ ਬੂ, ਸੜ੍ਹਾਂਦ

भकरांधा–ਭਕਰਾਂਧਾ, ਵਿ., ਸੜਿਆ ਹੋਇਆ

भकसा–ਭਕਸਾ, ਵਿ., ਬੁਸਿਆ ਹੋਇਆ

भकसाना–ਭਕਸਾਨਾ, ਕ੍ਰਿ , ਕਿਸੇ ਖਾਣ ਵਾਲੀ ਚੀਜ਼ ਦਾ ਬੁਸ ਜਾਣਾ ਜਾਂ ਪਿਤਲਿਆ ਜਾਣਾ, ਕਸ ਉਗਲਣੀ

भकुआ–ਭਕੁਆ, ਵਿ., ਮੂਰਖ, ਬਕਵਾਸੀ

भकुआना–ਭਕੁਆਨਾ, ਕ੍ਰਿ., ਘਬਰਾ ਜਾਣਾ, ਉਲੂੱ ਬਣਾਉਣਾ

भकुड़ा–ਭਕੁੜਾ, ਪੁ., ਤੋਪ ਵਿਚ ਬੱਤੀ ਆਦਿ ਫਸਾਉਣ ਵਾਲਾ ਮੋਟਾ ਗਜ

भकुड़ाना–ਭਕੁੜਾਨਾ, ਕ੍ਰਿ., ਤੋਪ ਦਾ ਮੂੰਹ ਲੋਹੇ ਦੇ ਗਜ ਨਾਲ ਸਾਫ ਕਰਨਾ

भक्त–ਭਕ੍ਤ, ਪੁ., ਧਨ, ਭਾਤ, ਵਿ., ਭਗਤੀ ਕਰਨ ਵਾਲਾ, ਵੰਡ ਕੇ ਦਿੱਤਾ ਹੋਇਆ. ਵੱਖ ਕੀਤਾ ਹੋਇਆ

भक्तदास–ਭਕ੍ਤਦਾਸ, ਪੁ., ਉਹ ਸੇਵਾਦਾਰ ਜੋ ਖੁਰਾਕ ਤੇ ਹੀ ਸੇਵਾ ਕਰੇ

भक्तवत्सल–ਭਕ੍ਤਵਤਸਲ, ਵਿ., ਭਗਤਾਂ ਨਾਲ ਪਿਆਰ ਕਰਨ ਵਾਲਾ, ਪੁ., ਵਿਸ਼ਨੂੰ

भक्ति–ਭਕ੍ਤਿ, ਇ., ਵਿਭਾਗ, ਸੇਵਾ, ਵੰਡਣ ਦੀ ਕਿਰਿਆ, ਸ਼ਰਧਾ, ਵਿਸਵਾਸ, ਰਚਨਾ ਪੂਜਾ, ਭਗਵਾਨ ਦੀ ਪਜਾ ਵਿਚ ਪ੍ਰੇਮ

भक्तियोग–ਭਕ੍ਤਿਜੋਗ, ਪੁ., ਭਗਤੀ ਦਾ ਸਾਧਨ

भक्ष–ਭਕਸ਼, ਪੁ., ਖਾਣ ਵਾਲੀ ਚੀਜ਼, ਖਾਣ ਚੀਜ਼

भक्षक–ਭਕਸ਼ਕ, ਵਿ., ਖਾਣ ਵਾਲਾ

भक्षकार–ਭਕਸ਼ਕਾਰ, ਪੁ., ਹਲਵਾਈ

भक्षण–ਭਕਸ਼ਣ, ਪੁ., ਕਿਸੇ ਚੀਜ਼ ਨੂੰ ਦੰਦਾਂ ਨਾਲ ਕੱਟ ਕ ਖਾਣ ਦਾ ਭਾਵ

भक्षणीय-ਭਕਸ਼ਣੀਯ, ਵਿ., ਖਾਣ ਜੋਗ, ਖਾਣ ਵਾਲੀ

भक्षयिता-ਭਕਸ਼ਯਿਤਾ, ਵਿ., ਖਾਣ ਵਾਲਾ

भक्षित-ਭਕਸ਼ਿਤ, ਵਿ., ਖਾਧਾ ਹੋਇਆ

भक्षी-ਭਕਸ਼ੀ, ਵਿ., ਦੇਖੋ ਭਕਸ਼ਕ (भक्षक)

भक्ष्य-ਭਕਸ਼ਜ. ਵਿ., ਖਾਣ ਜੋਗ, ਪੁ., ਅੰਨ. ਭੋਜਨ

भक्ष्याभक्ष्य-ਭਕਸ਼ਜਾਭਕਸ਼ਜ, ਪੁ., ਖਾਣ ਅਤੇ ਨਾ ਖਾਣ ਜੋਗ ਪਦਾਰਥ, ਖਾਜ ਅਖਾਜ

भख-ਭਖ, ਪੁ., ਦੇਖੋ ਭਕਸ਼ਜ, (भक्ष्य)

भखना-ਵਖਨਾ, ਕ੍ਰਿ., ਭੋਜਨ ਛਕਣਾ

भखी-ਭਖੀ, ਇ., ਦਲਦਲ ਵਿਚ ਹੋਣ ਵਾਲਾ ਇਕ ਕਿਸਮ ਦਾ ਘਾਹ

भगंदर-ਭਗੰਦਰ, ਗੁਦਾ ਅੰਦਰ ਹੋਣ ਵਾਲਾ ਇਕ ਰੋਗ

भग-ਭਗ, ਪੁ., ਤੀਵੀਆਂ ਦਾ ਗੁੱਝਾ ਅੰਗ, ਯੋਨੀ, ਸੂਰਜ, ਇਛਿਆ, ਮਹਾਤਮਾ, ਜਤਨ, ਧਰਮ, ਮੋਖ, ਕਿਸਮਤ, ਧਨ ਸੁਖ

भगत-ਭਗਤ, ਪੁ., ਸੇਵਾਦਾਰ, ਸਾਧੂ ਮਹਾਤਮਾ ਦੀ ਭਗਤੀ ਕਰਨ ਵਾਲਾ, ਭੜੂਆ, ਹੋਲੀ ਵਿਚ ਸਾਂਗ ਬਣਾਉਣ ਵਾਲਾ, ਭੂਤ ਪਰੇਤ ਉਤਾਰਨ ਵਾਲਾ

भगतिया-ਭਗਤਿਯਾ, ਪੁ., ਰਾਜਪੂਤਾਨੇ ਦੀ ਇਕ ਵਿਸ਼ਨੂੰ ਭਗਤ ਜਾਤ, ਰਾਸਧਾਰੀ

भगदड़-ਭਗਦੜ, ਇ., ਡਰੇ ਹੋਏ ਲੋਕਾਂ ਦਾ ਇਕ ਦਮ ਭਜਣਾ

भगति, भगती-ਭਗਤਿ, ਭਗਤੀ, ਇ., ਦੇਖੋ ਭਕ੍ਤਿ (भक्ति)

भगना-ਭਗਨਾ, ਪੁ., ਭੈਣ ਦਾ ਪੁੱਤਰ, ਭਾਣਜਾ, ਭਜਣਾ, ਭਣੇਵਾਂ

भगनी-ਭਗਨੀ ਇ., ਭਣ

भगल-ਭਗਲ, ਪੁ., ਜਾਦੂ, ਛਲ, ਕਪਟ, ਧੋਖਾ, ਫਰੇਬ, ਹੱਥ ਦੀ ਸਫ਼ਾਈ, ਮਦਾਰੀ ਦਾ ਕੰਮ

भगला-ਭਗਲੀ, ਪੁ., ਢੋਂਗੀ, ਛਲੀਆ, ਪਖੰਡੀ, ਬਾਜੀਗਰ, ਮਦਾਰੀ

भगवंत-ਭਗਵੰਤ, ਪੁ., ਪਰਮਾਤਮਾ, ਬੁੱਧ, ਸ਼ਿਵ, ਵਿਸ਼ਨੂੰ, ਸੂਰਜ ਵੇਦ ਵਿਆਸ, ਗੁਰੂ

भगवती-ਭਗਵਤੀ. ਇ.. ਦੁਰਗਾ, ਪਾਰਬਤੀ, ਸਰਸੁਤੀ

भगवत्-ਭਗਵਤ, ਪੁ., ਪਰਮੇਸ਼ਰ, ਦੇਖੋ ਭਗਵੰਤ (भगवंत)

भगवद्गीता-ਭਗਵਦਗੀਤਾ, ਇ., ਹਿੰਦੂਆਂ ਦੀ ਧਰਮ ਪੁਸਤਕ ਜਿਸ ਵਿਚ ਕ੍ਰਿਸ਼ਨ ਜੀ ਦਾ ਅਰਜਨ ਨੂੰ ਉਪਦੇਸ਼ ਹੈ

भगवद्भक्त-ਭਗਵਦਭਕ੍ਤ, ਪੁ., ਪਰਮਾਤਮਾ ਦਾ ਭਗਤ

भगवान-ਭਗਵਾਨ, ਪੁ., ਪਰਮੇਸ਼ਰ, ਪਰਮਾਤਮਾ, ਰੱਬ, ਵਿ., ਧਨ ਦੌਲਤ ਵਾਲਾ, ਸੁਖੀ

भगाङ्कुर-ਭਗਾਂਕੁਰ, ਪੁ., ਬਵਾਸੀਰ

भगाना-ਭਗਾਨਾ, ਕ੍ਰਿ., ਭਜਾਉਣਾ, ਦੌੜ ਕਰਾਉਣੀ, ਭਾਜ ਕਰਾਉਣੀ, ਪਰੇ ਹਟਾਉਣਾ

भगिनी-ਭਗਿਨੀ, ਇ., ਸਕੀ ਭੈਣ

भगिनीपति-ਭਗਿਨੀਪਤਿ, ਪੁ., ਭਣੋਈਆ, ਜੀਜਾ, ਭੈਣ ਦੇ ਘਰ ਵਾਲਾ, ਭੈਣ ਦਾ ਪਤੀ

भगीरथ-ਭਗੀਰਥ, ਪੁ., ਇਕ ਸੂਰਜ ਵੰਸੀ ਰਾਜੇ ਦਾ ਨਾਉਂ

भगेड़ू-ਭਗੋੜੂ, ਵਿ., ਭਗੌੜਾ, ਬੁਜ਼ਦਿਲ, ਕਮਦਿਲਾ

भगोड़ा-ਭਗੋੜਾ, ਵਿ., ਭੱਜਣ ਵਾਲਾ, ਭਗੌੜਾ

भगौती-ਭਗੌਤੀ, ਇ., ਦੇਖੋ ਭਗਵਤੀ. (भगवती)

भगौहां-ਭਗੌਹਾਂ, ਵਿ., ਭਗਵਾਂ, ਗੇਰੂ ਰੰਗੇ ਕਪੜਿਆਂ ਵਾਲਾ, ਉਹ ਜੋ ਭੱਜਣ ਨੂੰ ਤਿਆਰ ਹੋਵੇ, ਬੁਜ਼ਦਿਲਾ, ਡਾਕੂ

भग्न-ਭਗ੍ਨ, ਵਿ., ਟੁੱਟਿਆ ਹੋਇਆ, ਹਾਰਿਆ ਹੋਇਆ

भग्नदूत-ਭਗ੍ਨਦੂਤ, ਪੁ., ਮੈਦਾਨ ਜੰਗ ਤੋਂ ਨਸ ਕੇ ਆਈ ਹੋਈ ਫੌਜ ਜੋ ਰਾਜੇ ਨੂੰ ਹਾਰ ਦੀ ਖਬਰ ਦੇਂਦੀ ਹੈ

भग्नांश-ਭਗ੍ਨਾਂਸ, ਪੁ., ਟੁੱਟਿਆ ਹੋਇਆ ਹਿੱਸਾ

भग्नाश-ਭਗ੍ਨਾਸ਼, ਵਿ., ਜਿਸ ਦੀ ਇਛੱਿਆ ਪੂਰੀ ਨਾ ਹੋਈ ਹੋਵੇ

भचक-ਭਚਕ, ਇ., ਲੰਗੜਾਪਣ

भचकना-ਭਚਕਨਾ, ਕ੍ਰਿ., ਚਲਣ ਵੇਲੇ ਪੈਰ ਦਾ ਟੇਢਾ ਮੇਢਾ ਪੈਣਾ, ਵਿੰਗਾ ਤੁਰਨਾ

भच्छ-ਭੱਛ, ਪੁ., ਦੇਖੋ ਭਕਸ਼ਜ (भक्ष्य)

भच्छना-ਭੱਛਨਾ, ਕ੍ਰਿ., ਖਾਣਾ, ਰੋਟੀ ਖਾਣੀ

भजक-ਭਜਕ, ਵਿ., ਵੰਡੀਆਂ ਪਾਉਣ ਵਾਲਾ

भजन-ਭਜਨ, ਪੁ., ਪਰਮੇਸਰ ਦੇ ਗੁਣ ਗਾਉਣ ਦੀ ਕਿਰਿਆ ਭਗਤੀ ਪੂਜਾ ਆਦਿ ਕਰਨ ਦਾ ਭਾਵ ਸਿਮਰਣ, ਗੁਣਾਂ ਦਾ ਦਾ ਵਖਿਆਣ

भजना-ਭਜਨਾ, ਕ੍ਰਿ., ਸੇਵਾ ਕਰਨੀ, ਆਸਰਾ ਲੈਣਾ, ਦੇਵਤੇ ਦਾ ਨਾਉਂ ਬਾਰ ਬਾਰ ਲੈਣਾ, ਭੱਜ ਜਾਣਾ, ਪ੍ਰਾਪਤ ਹੋਣਾ, ਰੱਬ ਦਾ ਨਾਉਂ ਜਾਪਣਾ, ਪਹੁੰਚਣਾ

भजनानन्द-ਭਜਨਾਨੰਦ, ਪੁ., ਪਰਮੇਸਰ ਦੇ ਨਾਉਂ ਲੈਣ ਤੋਂ ਪ੍ਰਾਪਤ ਹੋਇਆ ਅਨੰਦ

भजनानन्दी-ਭਜਨਾਨੰਦੀ, ਵਿ., ਜੋ ਰਾਤ ਦਿਨ ਭਗਤੀ ਵਿਚ ਮਸਤ ਹੋਵੇ

भजनी-ਭਜਨੀ, ਪੁ., ਭਜਨ ਗਾਉਣ ਵਾਲਾ

भजनीय-ਭਜਨੀਯ, ਵਿ., ਸੇਵਾ ਕਰਨ ਜੋਗ

भजाना-ਭਜਾਨਾ, ਕ੍ਰਿ., ਦੁੜਾਉਣਾ, ਭਜਾਉਣਾ, ਨਸਾਉਣਾ, ਭਜਨ ਕਰਾਉਣਾ

भजियाउर-ਭਜਿਯਾਉਰ, ਇ., ਚਾਉਲ ਘਿਉ ਦਹੀ ਆਦਿਕ ਇਕੋ ਥਾਂ ਰਲਾ ਕੇ ਬਣਾਇਆ ਹੋਇਆ ਭੋਜਨ ਜਿਸ ਵਿਚ ਲੂਣ ਭੀ ਪੈਂਦਾ ਹੈ

भट-ਭਟ, ਪੁ., ਜੋਧਾ, ਸਿਪਾਹੀ, ਬਖਸ਼ੀਸ਼ ਲੈਣ ਵਾਸਤੇ ਲੋਕਾਂ ਦੇ ਗੁਣ ਗਾਉਣ ਵਾਲੀ ਜਾਤ ਦਾ ਮਨੁੱਖ

भटकटाई, भटकटैया-ਭਟਕਟਾਈ, ਭਟਕਟੈਯਾ, ਇ., ਇਕ ਕੰਡੇਦਾਰ ਝਾੜੀ ਜੋ ਦਵਾ ਵਿਚ ਕੰਮ ਆਉਂਦੀ ਹੈ

भटकना-ਭਟਕਨਾ, ਕ੍ਰਿ., ਇਧਰ ਉਧਰ ਫਿਰਨਾ, ਰਾਹ ਭੁੱਲ ਕੇ ਭੌਂਦੇ ਰਹਿਣਾ, ਕੁਰਾਹੇ ਪੈਣਾ, ਲੋਚਣਾ

भटकाना-ਭਟਕਾਨਾ, ਕ੍ਰਿ., ਭਰਮ ਵਿਚ ਪਾਉਣਾ, ਕੁਰਾਹੇ ਪਾਉਣਾ, ਧੋਖਾ ਦੇਣਾ, ਤਰਸਾਉਣਾ

भटकैया-ਭਟਕੈਯਾ, ਪੁ., ਭਟਕਣ ਅਤੇ ਭਟਕਾਉਣ ਵਾਲਾ

भटकौहां-ਭਟਕੌਹਾਂ, ਵਿ., ਭੁਲੇਖੇ ਵਿਚ ਪਾਉਣ ਵਾਲਾ

भटतीतर-ਭਟਤੀਤਰ, ਪੁ., ਇਕ ਪੰਖੇਰ ਜਿਸ ਦੀ ਮਦੀਨ ਇਕ ਬਾਰ ਤਿੰਨ ਅੰਡੇ ਦਿੰਦੀ ਹੈ

भटधर्मा-ਭਟਧਰਮਾ, ਵਿ., ਸੱਚਾ ਬਹਾਦੁਰ

भटनास-ਭਟਨਾਸ, ਇ., ਇਕ ਕਿਸਮ ਦੀ ਵੇਲ ਜਿਸ ਦੀਆਂ ਫਲੀਆਂ ਦੇ ਦਾਣਿਆਂ ਦੀ ਦਾਲ ਬਣਦੀ ਹੈ

भटनेर-ਭਟਨੇਰ, ਪੁ., ਇਕ ਪੁਰਾਣਾ ਸ਼ਹਿਰ ਜਿਸ਼ ਨੂੰ ਤੈਮੂਰ ਨੇ ਲੁੱਟਿਆ ਸੀ

भटनेरा-ਭਟਨੇਰਾ, ਪੁ , ਭਟਨੇਰ ਦਾ ਵਸਨੀਕ, ਵੈਸ਼ਾਂ ਦੀ ਇਕ ਜਾਤ

भटभेरा-ਭਰਭੇਰਾ, ਪੁ., ਦੋ ਬਹਾਦੁਰਾਂ ਦਾ ਮੁਕਾਬਲਾ, ਟੱਕਰ

भटा-ਭਟਾ, ਪੁ.. ਬੈਂਗਣ, ਬਤਾਊਂ

भटियारा-ਭਟਿਯਾਰਾ, ਪੁ., ਦੇਖੋ ਭਠਿਯਾਰਾ (भठियारा)

भटियारी-ਭਟਿਯਾਰੀ, ਇ., ਇਕ ਰਾਗਣੀ

भटियाल-ਭਟਿਯਾਲ. ਕ੍ਰਿ. ਵਿ., ਨਹਿਰ ਦੀ ਧਾਰ ਦੇ ਨਾਲ

भटेरा-ਭਟੇਰਾ, ਪੁ., ਦੇਖੋ ਭਟਨੇਰਾ (भटनेरा)

भटेट-ਭਟੇਟ, ਪੁ., ਰਾਹ ਜਾਂਦਿਆਂ ਨੂੰ ਲੁੱਟਣ ਵਾਲਾ

भटोला-ਭਟੋਲਾ, ਵਿ.. ਉਹ ਧਰਤੀ ਜੋ ਭੱਟ ਨੂੰ ਦਿੱਤੀ ਗਈ ਹੋਵੇ

भट्ट-ਭੱਟ, ਪੁ., ਮਹਾਰਾਸ਼ਟ੍ਰ ਦੇ ਬ੍ਰਾਹਮਣਾਂ ਦਾ ਇਕ ਖਿਤਾਬ ਪੰਡਿਤ, ਜੋਧਾ, ਬਹਾਦੁਰ, ਬਖ਼ਸ਼ੀਸ਼ ਲੈਣ ਵਾਸਤੇ ਲੋਕਾਂ ਦੇ ਗੁਣ ਗਾਉਣ ਵਾਲੀ ਜਾਤ

भट्टप्रयाग-ਭੱਟਪ੍ਰਯਾਗ, ਪੁ., ਗੰਗਾ ਅਤੇ ਯਮੁਨਾ ਮਿਲਣ ਦੀ ਥਾਂ

भट्टारक-ਭੱਟਾਰਕ, ਪੁ.. ਸੰਸਕ੍ਰਿਤ ਦੇ ਨਾਟਕਾਂ ਵਿਚ ਰਾਜੇ ਨੂੰ ਇਸ ਨਾਉਂ ਤੇ ਬੁਲਾਉਂਦੇ ਹਨ, ਸੂਰਜ, ਦੇਵ, ਪੂੱਜ ਬੰਦਾ

भट्टारकवार-ਭੱਟਾਰਕਵਾਰ, ਪੁ., ਐਤਵਾਰ

भट्टिनी-ਭੱਟਿਨੀ, ਇ., ਬ੍ਰਾਹਮਣ ਦੀ ਤੀਵੀਂ, ਰਾਜੇ ਦੀ ਰਾਣੀ ਜਿਸ ਦਾ ਅਭਿਸ਼ੇਕ ਨਾ ਹੋਇਆ ਹੋਵੇ

भट्ठी-ਭੱਠੀ, ਪੁ., ਪਜਾਵਾ, ਹਲਵਾਈ ਦਾ ਵੱਡਾ ਚੁਲ੍ਹਾ, ਦੇਸੀ ਸ਼ਰਾਬ ਬਣਾਉਣ ਦਾ ਕਾਰਖਾਨਾ

भठियारा-ਭਠਿਯਾਰਾ, ਖੁ., ਸਰਾਂ ਦਾ ਪਰਬੰਧ ਕਰਨ ਵਾਲਾ

भठियाल-ਭਠਿਯਾਲ, ਪੁ., ਦੇਖੋ ਭਾਟਾ (भाटा)

भठुली-ਭਠੁਲੀ, ਇ.. ਠਠੇਰਿਆਂ ਦੀ ਛੋਟੀ ਭੱਠੀ

भड़क-ਭੜਕ. ਇ.. ਚਮਕ, ਸੁਹੱਪਣ, ਸੋਭਾ, ਜੋਸ਼

भड़कदार-ਭੜਕਦਾਰ, ਵਿ., ਚਮਕੀਲਾ, ਭੜਕੀਲਾ

भड़कना-ਭੜਕਨਾ, ਕ੍ਰਿ., ਜੋਸ਼ ਵਿਚ ਆਉਣਾ, ਕੌੜਾ ਬੋਲਣਾ, ਕ੍ਰੋਪ ਕਰਨਾ

भड़काना-ਭੜਕਾਨਾ, ਕ੍ਰਿ., ਅੱਗ ਗਰਮੀ ਜਾਂ ਗੁੱਸੇ ਨੂੰ ਤੇਜ਼ ਕਰਨਾ, ਭੜਕਾਉਣਾ

भड़कीला-ਭੜਕੀਲਾ, ਵਿ., ਭੜਕ ਵਾਲਾ, ਚਮਕੀਲਾ, ਚੁਕੰਨਾ ਹੋਣ ਵਾਲਾ

भड़भड़-ਭੜਭੜ, ਇ., ਸੱਟ ਵਜੋਂ ਉਤਪੰਨ ਸ਼ਬਦ, ਭੀੜਭੜੱਕਾ ਵਾਧੂ ਗੱਲਾਂ

भड़भड़ाना-ਭੜਭੜਾਨਾ, ਕ੍ਰਿ., ਵਾਧੂ ਗੱਲਾਂ ਕਰਨਾ, ਭੜਭੜ ਸ਼ਬਦ ਕਰਨਾ

भड़भड़िया-ਭੜਭੜਿਯਾ, ਵਿ., ਫਜ਼ਲ ਦੀਆਂ ਗੱਲਾਂ ਕਰਨ ਵਾਲਾ,ਗੱਪੀ

भड़भूंजा-ਭੜਭੂੰਜਾ, ਪੁ., ਜਿਸ ਦਾ ਕਮ ਦਾਣੇ ਭੁੰਨਣਾ ਹੋਵੇ, ਭਠਿਆਰਾ, ਭੱਠੀ ਦਾ ਮਾਲਕ

भड़ाल-ਭੜਾਲ, ਪੁ., ਬਹਾਦੁਰ, ਜੋਧਾ, ਲੜਾਕਾ

भड़िहा-ਭੜਿਹਾ, ਪੁ., ਚੋਰ ਠੱਗ

भड़िहाई-ਭੜਿਹਾਈ, ਕ੍ਰਿ. ਵਿ., ਚੋਰਾਂ ਵਾਙ ਲੁਕ ਲੁਕ ਕੇ

भड़ी-ਭੜੀ, ਇ., ਕਿਸੇ ਨੂੰ ਮੂਰਖ ਬਣਾਉਣ ਲਈ ਚੱਕ ਚੱਕਣ ਦਾ ਭਾਵ

भड़ुआ-ਭੜੁਆ, ਪੁ., ਬੇਸ਼ਰਮ ਆਦਮੀ, ਰੰਡੀਆਂ ਦਾ ਦਲਾਲ, ਰੰਡੀਆਂ ਨਾਲ ਤਬਲਾ ਆਦਿਕ ਵਜਾਉਣ ਵਾਲਾ

भड्डुर-ਭਡੂਰ, ਪੁ.. ਬ੍ਰਾਹਮਣਾਂ ਵਿਚ ਛੋਟੀ ਜਮਾਤ ਦੀ ਇਕ ਜਾਤ ਜੋ ਗ੍ਰਹਾਂ ਦਾ ਦਾਨ ਲੈਂਦੀ ਹੈ ਤੀਰਥਾਂ ਤੇ ਦਰਸ਼ਨ ਆਦਿਕ ਕਰਾਉਂਦੀ ਹੈ, ਪਾਂਡਾ, ਪੰਡਾ

भणन-ਭਣਨ, ਪੁ., ਕਥਨ, ਕਹਿਣ

भणना-ਭਣਨਾ, ਕ੍ਰਿ., ਕਹਿਣਾ

भणित-ਭਣਿਤ, ਵਿ., ਕਹਿਆ ਹੋਇਆ,ਇ., ਕਹੀ ਹੋਈ ਗੱਲ

भण्ड-ਭੰਡ,ਪੁ., ਦੇਖੋ ਭਾਂਡ (भांड)

भण्डक-ਭੰਡਕ, ਪੁ , ਮਮੋਲਾ ਜਾਨਵਰ

भण्डन-ਭੰਡਨ, ਪੁ., ਹਾਨੀ. ਨੁਕਸਾਨ, ਕਮੀ, ਘਾਟ

भण्डहासिनी-ਭੰਡਹਾਸਿਨੀ, ਇ., ਰੰਡੀ, ਕੰਜਰੀ

भण्डी-ਭੰਡੀ, ਇ., ਇਕ ਰੁੱਖ

भतवान-ਭਤਵਾਨ.ਪੁ.,ਵਿਆਹ ਦੀ ਇਕ ਰਸਮ ਜਿਸ ਵਿਚ ਕੁੜੀ ਵਾਲਿਆਂ ਵਲੋਂ ਮੁੰਡੇ ਵਾਲਿਆਂ ਨੂੰ ਕੱਚੀ ਰਸੋਈ ਦੇਂਦੇ ਹਨ

भतार-ਭਤਾਰ, ਪੁ., ਭਰਤਾਰ, ਪਤੀ. ਖਸਮ

भतीजा-ਭਤੀਜਾ, ਪੁ., ਭਾਈ ਦਾ ਪੁੱਤਰ

भतुआ-ਭਤੁਆ, ਪੁ., ਪੇਠਾ

भत्ता-ਭੱਤਾ, ਪੁ., ਸਰਕਾਰੀ ਨੌਕਰਾਂ ਨੂੰ ਜੋ ਰਕਮ ਸਫਰ ਵੇਲੇ ਦਿਤੀ ਜਾਵੇ

भदई-ਭਦਈ, ਵਿ.,ਭਾਦੋਂ ਦੇ ਮਹੀਨੇ ਦਾ, ਇ., ਭਾਦੋਂ ਦੇ ਮਹੀਨੇ ਪੱਕਣ ਵਾਲੀ ਫਸਲ

भदयल-ਭਦਯਲ, ਪੁ., ਡੱਡੂ, ਮੇਂਡਕ

भदावर-ਭਦਾਵਰ, ਪੁ., ਗਵਾਲੀਅਰ ਰਾਜ ਦਾ ਇਕ ਹਿੱਸਾ ਜਿਥੋਂ ਦੇ ਬਲੁਦ ਮਸ਼ਹੂਰ ਹਨ

भदेरू-ਭਦੇਰੂ, ਵਿ., ਭੱਦਾ, ਬਦਸ਼ਕਲ

भदैल-ਭਦੈਲ, ਪੁ., ਮੇਂਡਕ, ਡੱਡੂ

भद्रैला-ਭਦੈਲਾ, ਵਿ., ਭਾਦੋਂ ਦੇ ਮਹੀਨੇ ਦਾ

भद्दा-ਭੱਦਾ, ਵਿ , ਕੁਰੂਪ, ਜੋ ਦੇਖਣ ਵਿਚ ਸੋਹਣਾ ਨਾ ਹੋਵੇ

भद्र-ਭਦ੍ਰ. ਪੁ., ਸੁਖਸਾਂਦ, ਸਿਰ ਦਾੜ੍ਹੀ ਮੁੱਛਾਂ ਮੁਨਾਉਣ ਦਾ ਕਰਮ ਭੱਦਣ, ਵਿ. ਸੱਭ, ਸਾਊ, ਭਲਾ, ਨੇਕ

भद्रका-ਭਦ੍ਰਕਾ. ਇ., ਇੰਦਰ ਜੌਂ

भद्रकाली-ਭਦ੍ਰਕਾਲੀ ਇ., ਇਕ ਦੇਵੀ, ਸ਼ਕਤੀ

भद्रगणित-ਭਦ੍ਰਗਣਿਤ, ਪੁ., ਬੀਜਗਣਿਤ ਦੇ ਅੰਦਰ ਹੀ ਇਕ ਗਣਿਤ ਜੋ ਚੱਕਰਾਂ ਨਾਲ ਕਰੀ ਜਾਂਦੀ ਹੈ

भद्रता-ਭਦ੍ਰਤਾ, ਇ.. ਸੱਭਤਾ, ਭਲਮਾਨਸੀ, ਸਾਊਪਣਾ

भद्रवसन-ਭਦ੍ਰਵਸਨ. ਪੁ., ਸੋਹਣਾ ਪਹਰਾਵਾ

भद्रशील-ਭਦ੍ਰਸ਼ੀਲ, ਵਿ.. ਜਿਸ ਦਾ ਆਚਰਨ ਅਛਾ ਹੋਵੇ

भद्रा-ਭਦ੍ਰਾ, ਇ.,ਜੋਤਸ਼ ਵਿਚ ਦੂਜ ਸੱਤੇਂ ਅਤੇ ਦੁਆਦਸੀ ਤਕ ਦਾ ਨਾਉਂ, ਅਗਾਸਗੰਗਾ, ਹਲਦੀ, ਗਊ, ਅੜਚਨ, ਧਰਤੀ,ਛੜਿਆਂ ਦਾ ਰਾਹ, ਜੋਤਸ਼ ਅਨੁਸਾਰ ਇਕ ਜੋਗ

भद्राकरण-ਕਦ੍ਰਾਕਰਣ, ਪੁ., ਭੱਦਣ, ਸਿਰ ਦਾੜ੍ਹੀ ਦੇ ਮੁਨਾਉਣ ਦੀ ਰੀਤ

भद्री-ਭਦ੍ਰੀ, ਵਿ., ਭਾਗਾਂਵਾਲਾ, ਭਾਗਵਾਨ

भद्रैला-ਭਦੈਲਾ, ਇ., ਵਡੀ ਇਲਾਇਚੀ

भनक-ਭਨਕ, ਇ., ਧੀਮੀ ਅਵਾਜ਼. ਉੜਦੀ ਖਬਰ

भनकना-ਭਨਕਨਾ. ਕ੍ਰਿ., ਹੌਲੀ ਬੋਲਣਾ ਜਾਂ ਕਹਿਣਾ

भनना-ਭਨਨਾ, ਕ੍ਰਿ.. ਕਹਿਣਾ

भनभनाना-ਭਨਭਨਾਨਾ, ਕ੍ਰਿ., ਭਿਨ ਭਿਨ ਦੀ ਅਵਾਜ਼ ਕਰਨਾ ਗੁੰਜਾਰਨਾ

भनभनाहट-ਭਨਭਨਾਹਟ, ਇ., ਭਿਨ ਭਿਨ ਦੀ ਅਵਾਜ਼, ਗੁੰਜਾਰ

भबका-ਭਬਕਾ, ਪੁ., ਅਰਕ ਜਾਂ ਸ਼ਰਾਬ ਕੱਢਣ ਦਾ ਸੰਦ

भभक-ਭਭਕ, ਇ., ਕਿਸੇ ਚੀਜ਼ ਦਾ ਗਰਮ ਹੋ ਕੇ ਉਤਾਹਾਂ ਨੂੰ ਉਬਲਣ ਦੀ ਕਿਰਿਆ, ਉਬਾਲ

भभकना-ਭਭਕਨਾ, ਕ੍ਰਿ., ਤਾਉ ਨਾਲ ਕਿਸੇ ਚੀਜ਼ ਦਾ ਫੁੱਟਣਾ, ਤੜਕਣਾ, ਜ਼ੋਰ ਨਾਲ ਮੱਚ ਉਠਣਾ

भभका-ਭਭਕਾ, ਪੁ., ਦੇਖੋ ਭਬਕਾ (भबका)

भभकी-ਭਭਕੀ. ਇ., ਝੂਠੀ ਧਮਕੀ, ਝਿੜਕੀ

भभूका-ਭਭੂਕਾ, ਪੁ., ਲਪਟ, ਲਾਟ, ਅੱਗ ਦੀ ਲਪਟ

भभूत-ਭਭੂਤ, ਇ., ਉਹ ਭਸਮ ਜਿਸ ਨੂੰ ਸ਼ਿਵ ਦੇ ਉਪਾਸ਼ਕ ਮੱਥੇ ਤੇ ਲਾਉਂਦੇ ਹਨ, ਸੁਆਹ, ਰਾਖ

भम्भड़-ਭੱਭੜ, ਇ., ਭੀੜ ਭਾੜ, ਭੀੜ ਭੜੱਕਾ

भभरना-ਭਭਰਨਾ, ਕ੍ਰਿ.. ਡਰਨਾ, ਘਬਰਾਉਣਾ, ਭਰਮ ਵਿਚ ਪਾਉਣਾ

भय-ਭਯ, ਪੁ., ਡਰ, ਖੌਫ, ਭੈ, ਖਤਰਾ, ਜੋਖੋਂ

भयङ्कर-ਭਯੰਕਰ, ਵਿ., ਜਿਸ ਨੂੰ ਵੇਖਣ ਤੇ ਡਰ ਲੱਗੇ, ਖੌਫ਼ਨਾਕ

भयदायी-ਭਯਦਾਯੀ, ਵਿ., ਭਿਅੰਕਰ, ਖੌਫ਼ਨਾਕ

भयप्रद-ਭਯਪ੍ਰਦ, ਵਿ., ਜਿਸ ਨੂੰ ਵੇਖ ਕੇ ਡਰ ਪੈਦਾ ਹੋਵੇ

भयभीत-ਭਯਭੀਤ, ਵਿ., ਡਰਿਆ ਹੋਇਆ

भयमोचन-ਭਯਮੋਚਨ, ਵਿ., ਭੈ ਛੁੜਾਉਣ ਵਾਲਾ, ਡਰ ਦੂਰ ਕਰਨ ਵਾਲਾ

भयवाद-ਭਯਵਾਦ, ਪੁ., ਭਾਈਚਾਰਾ, ਬਰਾਦਰੀ ਦੇ ਮਨੁੱਖ

भयहारी-ਭਯਹਾਰੀ, ਵਿ., ਡਰ ਦੂਰ ਕਰਨ ਵਾਲਾ

भया-ਭਯਾ, ਵਿ., ਹੋਇਆ

भयाकुल-ਭਯਾਕੁਲ, ਵਿ., ਖੌਫ਼ ਨਾਲ ਘਬਰਾਇਆ ਹੋਇਆ

भयातुर-ਭਯਾਤੁਰ, ਵਿ., ਦੇਖੋ ਭਯਾਕੁਲ (भयाकुल)

भयानक-ਭਯਾਨਕ, ਵਿ.. ਜਿਸ ਤੋਂ ਭੈ ਜਾਂ ਡਰ ਆਵੇ

भयाना-ਭਯਾਨਾ, ਕ੍ਰਿ., ਡਰਾਉਣਾ ਜਾਂ ਡਰਨਾ

भयावन-ਭਯਾਵਨ, ਵਿ., ਡਰਾਉਨਾ, ਭਿਆਨਕ

भयावह-ਭਯਾਵਹ, ਵਿ., ਦੇਖੋ ਭਯਾਨਕ (भयानक)

भयावहा-ਭਯਾਵਹਾ, ਇ., ਰਾਤ

भय्या-ਭਜਯਾ, ਪੁ., ਭਾਈ, ਭਰਾ

भर-ਭਰ, ਪੁ., ਭਾਰ, ਬੋਝਾ, ਜੁੱਧ, ਦੋ ਸੋ ਪਲਾਂ ਦਾ ਪਰੀਮਾਣ, ਮੁਟਾਈ, ਇਕ ਅਛੂਤ ਜਾਤ, ਵਿ., ਸਾਰਾ, ਪੂਰਾ, ਕੁੱਲ, ਬਹੁਤ, ਕ੍ਰਿ., ਵਿ., ਰਾਹੀਂ, ਬਲ ਨਾਲ

भरक-ਭਰਕ, ਪੁ.. ਇਕ ਤਰ੍ਹਾਂ ਦਾ ਪੰਖੇਰੂ, ਦੇਖੋ ਭੜਕ (भड़क)

भरका-ਭਰਕਾ, ਪੁ., ਉਹ ਧਰਤੀ ਜਿਸ ਦੀ ਮਿੱਟੀ ਕਾਲੀ ਤੇ ਚਿਕਣੀ ਹੋਵੇ

भरट-ਭਰਟ, ਪੁ., ਸੇਵਾਦਾਰ, ਨੌਕਰ, ਘੁਮਿਆਰ

भरण-ਭਰਣ, ਪੁ., ਪਾਲਣ ਪੋਸਣ, ਇਕ ਨਛੱਤਰ, ਜਿਸ ਦੇ ਬਦਲੇ ਕੁਝ ਦਿੱਤਾ ਜਾਵੇ, ਭਰਤੀ

भरणी-ਭਰਣੀ, ਇ., ਸਤਾਈ ਨਛੱਤਰਾਂ ਵਿਚੋਂ ਦੂਸਰਾ ਨਛੱਤਰ

भरणीय-ਭਰਣੀਯ, ਵਿ., ਪਾਲਣ ਪੋਸਣ ਜੋਗ, ਆਸਰੇ ਜੋਗ

भरण्ड-ਭਰੰਡ, ਪੁ.; ਮਾਲਕ ਰਾਜਾ, ਬੈਲ,ਧਰਤੀ, ਕੀੜਾ

भरण्य-ਭਰਣਜ. ਪੁ.. ਮੁੱਲ. ਕੀਮਤ, ਤਨਖਾਹ

भरण्यु-ਭਰਣਜੁ. ਪੁ.. ਬੱਦਲ, ਅੱਗ ਪਰਮਾਤਮਾ, ਬਲੁਦ

भरत-ਭਰਤ, ਪੁ.. ਇਕ ਮੁਨੀ ਜੋ ਨਾਟਜ ਸ਼ਾਸਤਰ ਦੇ ਰਚਯਿਤਾ ਸਨ, ਰਾਮ ਚੰਦਰ ਦੇ ਛੋਟੇ ਭਾਈ, ਜੁਲਾਹਾ, ਖੇਤ, ਸ਼ਕੁੰਤਲਾ ਦਾ ਪੁੱਤਰ, ਸੰਗੀਤ ਸ਼ਾਸਤਰ ਦੇ ਇਕ ਅਚਾਰਜ ਦਾ ਨਾਉਂ, ਇਕ ਜਾਨਵਰ, ਤਾਂਬੇ ਅਤੇ ਸਿੱਕੇ ਦੀ ਮਿਲੀ ਹੋਈ ਧਾਤ

भरतखण्ड-ਭਰਤਖੰਡ, ਪੁ., ਰਾਜਾ ਭਰਤ ਦੇ ਕੀਤੇ ਹੋਏ ਧਰਤੀ ਦੇ ਨੌਂ ਟੁਕੜਿਆਂ ਵਿਚੋਂ ਇਕ ਟੁਕੜਾ ਜਿਸ ਨੂੰ 'ਭਾਰਤ ਵਰਸ਼' ਕਹਿੰਦੇ ਹਨ

भरतप्रसू-ਭਰਤਪ੍ਰਸੂ, ਇ., ਭਰਤ ਦੀ ਮਾਂ, ਕੈਕਈ, ਸ਼ਕੁੰਤਲਾ

भरतरी-ਭਰਤਰੀ, ਇ., ਧਰਤੀ

भरताग्रज-ਬਰਤਾਗ੍ਰਜ, ਪੁ., ਰਾਮਚੰਦਰ ਜੀ

भरतार-ਭਰਤਾਰ ਪੁ, ਮਾਲਕ, ਪਤੀ, ਖਸਮ

भरतिया-ਭਰਤਿਯਾ, ਵਿ., ਭਰਤ ਨਾਉਂ ਦੀ ਧਾਤ ਦਾ ਬਣਿਆ

ਹੋਇਆ, ਪੁ., ਭਰਤ ਦੇ ਭਾਂਡੇ ਬਣਾਉਣ ਵਾਲਾ ਠਠੇਰਾ

भरती–ਭਰਤੀ, ਇ , ਭਰੇ ਜਾਣ ਦਾ ਭਾਵ, ਉਹ ਬੇੜੀ ਜਿਸ ਵਿਚ ਮਾਲ ਲੱਦਿਆ ਜਾਂਦਾ ਹੈ, ਪਾਣੀ ਦਾ ਹੜ੍ਹ

भरथरी–ਭਰਥਰੀ, ਪੁ., ਦੇਖੋ ਭਰਤ੍ਰਿਹਰਿ (भर्तृहरि)

भरद्वाज–ਭਰਦ੍ਵਾਜ, ਪੁ., ਇਕ ਰਿਸ਼ੀ ਦਾ ਨਾਉਂ, ਇਕ ਗੋਤਰ, ਇਕ ਕਿਸਮ ਦਾ ਜਾਨਵਰ

भरना–ਭਰਨਾ, ਕ੍ਰਿ., ਸਾਰੀ ਥਾਂ ਰੁਕ ਜਾਣੀ, ਪੂਰਾ ਹੋਣਾ, ਅੰਦਰ ਪੈਣਾ, ਇਕੱਠਾ ਹੋਣਾ ਜਾਂ ਕਰਨਾ, ਹੁੰਡੀ ਦੀ ਰਕਮ ਅਦਾ ਹੋ ਜਾਣੀ, ਫਲ ਪਾਉਣਾ, ਸਹਾਰਨਾ, ਤੋਪ ਜਾਂ ਬੰਦੂਕ ਵਿਚ ਬਰੂਦ ਜਾਂ ਗੋਲੀ ਪਾਉਣਾ, ਚੌਕੀ ਭਰਨੀ, ਜੁਰਮਾਨਾ ਦੇਣਾ, ਘਾਉ ਮਿਲਣਾ, ਪਾਣੀ ਦੇਣਾ, ਮੂਰਤ ਤੇ ਰੰਗ ਚਾੜ੍ਹਨਾ, ਕਪੜਿਆਂ ਜਾਂ ਪੈਰ ਆਦਿਕ ਤੇ ਮੈਲ ਚਿਕੜ ਆਦਿਕ ਲੱਗਣਾ, ਖੂਹ ਵਿਚੋਂ ਪਾਣੀ ਆਦਿਕ ਕੱਢ ਕੇ ਲਿਆਉਣਾ, ਝੱਲਣਾ; ਪੁ., ਰਿਸ਼ਵਤ, ਵੱਢੀ, ਭਰਣ ਦੀ ਕਿਰਿਆ ਜਾਂ ਭਾਵ

भरनि–ਭਰਨਿ, ਇ., ਪਹਰਾਵਾ, ਪੁਸ਼ਾਕ

भरनी–ਭਰਨੀ, ਇ , ਬਾਣੇ ਦਾ ਸੂਤ ਇੱਧਰ ਉਧਰ ਕਰਨ ਵਾਲਾ ਜੁਲਾਹੇ ਦਾ ਇਕ ਸੰਦ

भरपाई–ਭਰਪਾਈ, ਕ੍ਰਿ. ਵਿ., ਭਲੀ ਭਾਂਤ, ਚੰਗੀ ਤਰ੍ਹਾਂ ਇ., ਉਹ ਰਸੀਦ ਜੋ ਪੂਰੀ ਚੀਜ਼ ਦੇਣ ਵਜੋਂ ਲਈ ਜਾਵੇ

भरपूर–ਭਰਪੂਰ, ਵਿ., ਜੋ ਪੂਰੀ ਤਰ੍ਹਾਂ ਨਾਲ ਭਰਿਆ ਹੋਇਆ ਹੋਵੇ, ਕ੍ਰਿ. ਵਿ., ਭਲੀ ਭਾਂਤ, ਚੰਗੀ ਤਰ੍ਹਾਂ

भरभेंडा–ਭਰਭੇਂਡਾ, ਪੁ., ਸਾਮ੍ਹਣਾ, ਮੁਕਾਬਲਾ

भरम–ਭਰਮ, ਪੁ., ਭੁਲੇਖਾ, ਸੰਸਾ, ਭੁੱਲ, ਪਰਤੀਤ

भरमना–ਭਰਮਨਾ, ਕ੍ਰਿ., ਭਟਕਣਾ, ਧੋਖੇ ਵਿਚ ਪੈਣਾ, ਮਾਰੇ ਮਾਰੇ ਫਿਰਨਾ, ਚੱਲਣਾ, ਘੁੰਮਣਾ

भरमाना–ਭਰਮਾਨਾ, ਕ੍ਰਿ., ਭੁਲਾਉਣਾ, ਧੋਖਾ ਦੇਣਾ, ਭਰਮ ਵਿਚ ਪਾਉਣਾ

भरमार–ਭਰਮਾਰ, ਇ., ਬਹੁਤ ਜ਼ਿਆਦਤੀ

भरराना–ਭਰਰਾਨਾ, ਕ੍ਰਿ.. ਭਰ ਭਰ ਦੀ ਅਵਾਜ਼ ਕਰਦੇ ਹੋਏ ਡਿਗਣਾ

भरल–ਭਰਲ, ਇ., ਇਕ ਕਿਸਮ ਦਾ ਜੰਗਲੀ ਰੁੱਖ

भरवाई–ਭਰਵਾਈ, ਇ., ਭਰਵਾਉਣ ਦੀ ਮਜ਼ਦੂਰੀ

भरवाना–ਭਰਵਾਨਾ, ਕ੍ਰਿ., ਭਰਨ ਦਾ ਕੰਮ ਦੂਸਰੇ ਤੋਂ ਕਰਾਉਣਾ

भरसक–ਭਰਸਕ, ਕ੍ਰਿ. ਵਿ., ਜਿਥੋਂ ਤਕ ਹੋ ਸਕੇ, ਲਗਦੀ ਵਾਹ

भराई–ਭਰਾਈ, ਇ., ਭਰਨ ਦਾ ਕੰਮ ਜਾਂ ਮਜ਼ਦੂਰੀ

भरित–ਭਰਿਤ, ਵਿ.. ਭਰਿਆ ਹੋਇਆ, ਪੀਲਾ, ਜਿਸ ਦਾ ਪਾਲਣ ਪੋਸਣ ਕੀਤਾ ਗਿਆ ਹੋਵੇ

भरिया–ਭਰਿਆ, ਇ., ਕਰਜ਼ਾ ਚੁਕਾਉਣ ਵਾਲਾ

भरी–ਭਰੀ, ਇ., ਦਸ ਮਾਸੇ ਜਾਂ ਇਕ ਰੁਪਏ ਬਰਾਬਰ ਤੋਲ

भरुआ–ਭਰੁਆ, ਪੁ., ਦੇਖੋ ਭੜੂਆ (भड़ुआ) ਟਸਰ

भरुकच्छ–ਭਰੁਕੱਛ, ਪੁ., ਭਰੋਚ ਸ਼ਹਿਰ ਦਾ ਪੁਰਾਣਾ ਨਾਉ

भरुहाना–ਭਰੁਹਾਨਾ, ਕ੍ਰਿ , ਘਮੰਡ ਕਰਨਾ, ਧੋਖਾ ਦੇਣਾ

भरेठ–ਭਰੇਠ, ਪੁ., ਦਰਵਾਜ਼ੇ ਦੇ ਉਪਰ ਲਾਈ ਹੋਈ ਲੱਕੜ ਜਿਸ ਤੇ ਕੰਧ ਉਸਾਰੀ ਜਾਂਦੀ ਹੈ

भरैया–ਭਰੈਯਾ, ਵਿ., ਰੱਖਕ, ਰਾਖਾ, ਪਾਲਣ ਪੋਸਣ ਵਾਲਾ, ਜੋ ਭਰਦਾ ਹੋਵੇ

भरोसा–ਭਰੋਸਾ, ਪੁ., ਆਸਰਾ, ਸਹਾਰਾ, ਯਕੀਨ, ਪੱਕੀ ਆਸ, ਵਿਸਵਾਸ

भरोसी–ਭਰੋਸੀ, ਵਿ., ਭਰੋਸਾ ਕਰਨ ਵਾਲਾ, ਇਤਬਾਰ ਵਾਲਾ

भरौना–ਭਰੌਨਾ, ਵਿ.. ਬੋਝਲ, ਬਜ਼ਨੀ, ਭਾਰਾ

भर्ग–ਭਰਗ, ਪੁ., ਭੁੰਨਿਆ ਹੋਇਆ ਅੰਨ, ਸ਼ਿਵ, ਮਹਾਦੇਵ

भर्जन–ਭਰਜਨ, ਪੁ., ਭੁੰਨਿਆ ਹੋਇਆ ਅੰਨ

भर्ता–ਭਰਤਾ, ਪੁ., ਮਾਲਕ, ਪਤੀ, ਖਸਮ

भर्तार–ਭਰਤਾਰ, ਪੁ., ਦੇਖੋ ਭਰਤਾ (भर्ता)

भर्तृघ्नी–ਭਰਤ੍ਰਿਘ੍ਨੀ, ਇ., ਖ਼ਸਮ ਨੂੰ ਮਾਰਨ ਵਾਲੀ ਤੀਵੀਂ

भर्तृमती–ਭਰਤ੍ਰਿਮਤੀ, ਇ., ਸੁਹਾਗਣ ਤੀਵੀਂ

भर्तृहरि–ਭਰਤ੍ਰਿਹਰਿ, ਪੁ.. ਇਕ ਮਸ਼ਹੂਰ ਕਵੀ ਜੋ ਉੱਜੈਨ ਦੇ ਰਾਜਾ ਬਿਕ੍ਰਮਾਦਿੱਤ ਦਾ ਭਾਈ ਸੀ

भर्त्सक–ਤਰੁਸਕ, ਵਿ., ਬੇਇੱਜ਼ਤੀ ਕਰਨ ਵਾਲਾ

भर्त्सन, भर्त्सना–ਭਰੁਸਨ, ਭਰੁਸਨਾ, ਇ., ਨਿੰਦਿਆ, ਚੁਗਲੀ, ਡਾਟ, ਫਿਟਕਾਰ

भर्म–ਭਰਮ, ਪੁ., ਦੇਖੋ ਭ੍ਰਮ (भ्रम)

भर्मन–ਭਰਮਨ, ਪੁ.. ਦੇਖੋ ਭ੍ਰਮਣ (भ्रमण)

भर्रा–ਭਰਰਾ, ਪੁ., ਪਖੇਰੂਆਂ ਦੀ ਉਡਾਨ, ਇਕ ਕਿਸਮ ਦੀ ਚਿੜੀ

भल–ਭਲ, ਪੁ., ਜਾਨੋਂ ਮੁਕਾਉਣ ਦੀ ਕਿਰਿਆ, ਖ਼ੂਨ, ਕਤਲ

भलका–ਭਲਕਾ, ਪੁ., ਇਕ ਤਰ੍ਹਾਂ ਦਾ ਬਾਂਸ

भलटी–ਭਲਟੀ, ਇ., ਲੋਹਾ ਕੱਟਣ ਦਾ ਇਕ ਸੰਦ

भलमनसत–ਭਲਮਨਸਤ, ਇ., ਸੱਜਨਤਾ, ਭਲਮਾਣਸੀ

मच्छी–ਮੱਛੀ, ਇ., ਇਸ ਨਾਉਂ ਦਾ ਪ੍ਰਸਿੱਸ਼ ਜਲ ਦਾ ਇਕ ਜਾਨਵਰ

मछरंगा–ਮਛਰੰਗਾ, ਪੁ., ਪਾਣੀ ਦੀ ਇਕ ਚਿੜੀ

मछली–ਮਛਲੀ. ਇ., ਮੱਛੀ

मछुआ–ਮਛੁਆ, ਪੁ., ਮੱਛੀ ਮਾਰਨ ਵਾਲਾ, ਝੀਉਰ, ਮਲਾਹ, ਮਾਛੀ

मछेह–ਮਛੇਹ, ਪੁ., ਮਖਿਆਲ ਦਾ ਛੱਤਾ

मज़दूर–ਮਜ਼ਦੂਰ, ਪੁ.. ਬੋਝਾ ਢੋਣ ਵਾਲਾ ਕੁਲੀ, ਦਿਹਾੜੀਆ ਕਾਮਾ, ਕਾਰਖਾਨੇ ਆਦਿਕ ਵਿਚ ਕੰਮ ਕਰਨ ਵਾਲਾ ਬੰਦਾ

मज़दूरी–ਮਜ਼ਦੂਰੀ, ਇ., ਮਜ਼ਦੂਰ ਦਾ ਕੰਮ, ਉਹ ਧਨ ਜੋ ਕਿਸੇ ਕੀਤੇ ਹੋਏ ਕੰਮ ਦੇ ਬਦਲੇ ਦਿੱਤਾ ਜਾਂਦਾ ਹੈ,ਮਜੂਰੀ, ਕੁਲੀਪਣਾ

मजना–ਮਜਨਾ, ਕ੍ਰਿ., ਡੁੱਬਣਾ

मजनूँ–ਮਜਨੂੰ, ਪੁ, ਪਾਗਲ, ਬੋਲਾ, ਸੁਦਾਈ, ਆਸ਼ਕ, ਪ੍ਰੇਮੀ, ਬਹੁਤ ਲਿੱਸਾ ਬੰਦਾ, ਅਰਬ ਦੇ ਇਕ ਸਰਦਾਰ ਦਾ ਪੁੱਤਰ ਜੋ ਲੈਲਾ ਦਾ ਆਸ਼ਕ ਸੀ

मज़बूत–ਮਜ਼ਬੂਤ, ਵਿ., ਪੱਕਾ, ਦ੍ਰਿੜ੍ਹ, ਅਟੱਲ, ਤਕੜਾ

मज़बूती–ਮਜ਼ਬੂਤੀ, ਇ., ਦ੍ਰਿੜ੍ਹਤਾ, ਤਾਕਤ, ਹਿੰਮਤ, ਪੱਕਾਪਣ

मज़बूर–ਮਜਬੂਰ, ਵਿ., ਬੇਵਾਹ, ਬੇਵਸ, ਲਾਚਾਰ

मजबूरी–ਮਜਬੂਰੀ, ਇ., ਬੇਵਾਹੀ, ਲਾਚਾਰੀ

मजमा–ਮਜਮਾ, ਪੁ., ਬਹੁਤ ਸਾਰੇ ਲੋਕਾਂ ਦਾ ਇਕ ਥਾਂ ਤੇ ਇਕੱਠੇ ਹੋਣ ਦਾ ਭਾਵ, ਭੀੜ

मज़मून–ਮਜ਼ਮੂਨ, ਪੁ., ਲੇਖ

मज़ल–ਮਜ਼ਲ, ਇ., ਮੰਜ਼ਲ, ਪੜਾਉ

मजलिस–ਮਜਲਿਸ, ਇ., ਸਭਾ, ਸਮਾਜ, ਉਹ ਥਾਂ ਜਿਥੇ ਖਾਸੇ ਸਾਰੇ ਲੋਕ ਇਕੱਠੇ ਹੋਣ, ਨਾਚ ਰੰਗ ਦੀ ਥਾਂ

मज़हब–ਮਜ਼ਹਬ, ਪੁ., ਧਾਰਮਕ, ਸੰਪ੍ਰਦਾਇ, ਮੱਤ

मज़हबी–ਮਜ਼ਹਬੀ, ਵਿ., ਧਾਰਮਕ, ਸੰਪ੍ਰਦਾਇ ਨਾਲ ਸਬੰਧ ਰਖਣ ਵਾਲਾ

मज़ा–ਮਜ਼ਾ, ਪੁ., ਸੁਆਦ, ਅਨੰਦ, ਸੁਖ, ਲੱਜ਼ਤ, ਮਜ਼ਾਕ

मज़ाक़–ਮਜ਼ਾਕ, ਪੁ., ਦਿਲਲਗੀ, ਮਖੌਲ, ਤਬੀਅਤ

मज़ाक़िया–ਮਜ਼ਾਕਿਯਾ, ਵਿ., ਮਖੌਲੀਆ

मज़ाज़–ਮਜ਼ਾਜ਼, ਵਿ., ਬਣਾਉਟੀ, ਪੁ., ਅਭਿਮਾਨ, ਅਧਿਕਾਰ

मज़ार–ਮਜ਼ਾਰ, ਪੁ., ਸਮਾਧ, ਮਕਬਰਾ, ਕਬਰ

मजारी–ਮਜਾਰੀ, ਇ., ਬਿੱਲੀ

मजाल–ਮਜਾਲ, ਇ., ਤਾਕਤ, ਸਮਰਥਾ

मजिल–ਮਜਿਲ, ਇ., ਪੜਾਉ, ਜਿਥੇ ਪੁਜਣਾ ਹੋਵੇ

मजिस्ट्रेट–ਮਜਿਸ਼ਟ੍ਰੇਟ, ਪੁ., ਫੌਜਦਾਰੀ ਅਦਾਲਤ ਦਾ ਇਕ ਅਫਸਰ,

मजीठ–ਮਜੀਠ, ਇ., ਪ੍ਰਸਿੱਧ ਰੰਗਦਾਰ ਬੂਟੀ

मजीठी–ਮਜੀਠੀ. ਵਿ., ਲਾਲ ਰੰਗ ਦਾ, ਇ., ਜੋਤ, ਵੇਲਨੇ ਦੀ ਲੱਠ

मजीरा–ਮਜੀਰਾ, ਪੁ., ਖੜਤਾਲਾਂ, ਕੈਂਸੀਆਂ

मजूर–ਮਜੂਰ, ਪੁ., ਮਜਦੂਰ, ਕਾਮਾ

मजूरा–ਮਜੂਰਾ, ਪੁ., ਕੁਲੀ, ਮਦਾਰੀ ਨਾਲ ਦਾ ਮੁੰਡਾ

मजूरी–ਮਜੂਰੀ, ਇ., ਮਜਦੂਰੀ, ਪੈਸੇ ਲੈ ਕੇ ਕੋਈ ਕੰਮ ਕਰਨ ਦਾ ਭਾਵ

मजेज–ਮਜੇਜ, ਪੁ., ਹੰਕਾਰ, ਮਜਾਜ, ਘਮੰਡ

मज़ेदार–ਮਜ਼ੇਦਾਰ, ਵਿ., ਸੁਆਦੂ. ਸੁਆਦ, ਉਤਮ, ਵਧੀਆ, ਚੰਗਾ

मज्ज–ਮੱਜ, ਇ., ਚਰਬੀ, ਮਿੱਝ

मज्जन–ਮੱਜਨ, ਪੁ., ਅਸ਼ਨਾਨ, ਨ੍ਹਾਉਣ

मज्जना–ਮੱਜਨਾ, ਕ੍ਰਿ., ਨ੍ਹਾਉਣਾ, ਅਸ਼ਨਾਨ ਕਰਨਾ

मज्जफल–ਮੱਜਫਲ, ਪੁ., ਮਾਜੂ ਨਾਉਂ ਦੀ ਦਵਾਈ

मज्जर–ਮੱਜਰ, ਪੁ , ਘਾਹ

मज्जा–ਮੱਜਾ, ਇ., ਚਰਬੀ,. ਮਿੱਝ

मज्जूक़–ਮੱਜੂਕ, ਪੁ., ਡੱਡੂ, ਮੇਂਡਕ

मझ–ਮਝ, ਕ੍ਰਿ. ਵਿ., ਵਿਚਾਲੇ, ਵਿਚਕਾਰ

मझधार–ਮਝਧਾਰ, ਵਿ., ਨਦੀ ਦਾ ਵਿਚਾਲਾ

मझला–ਮਝਲਾ, ਵਿ., ਵਿਚਕਾਰਲਾ

मझाना–ਮਝਾਨਾ, ਕ੍ਰਿ., ਵਿਚਾਲੇ ਫਸਣਾ, ਵਿਚਾਲੇ ਆ ਧਸਣਾ

मझार–ਮਝਾਰ, ਕ੍ਰਿ. ਵਿ., ਵਿਚਕਾਰ, ਗੱਭੇ, ਵਿਚਾਲੇ

मझावना–ਮਝਾਵਨਾ, ਕ੍ਰਿ., ਦੇਖੋ ਮਝਾਨਾ (मझाना)

मझिया–ਮਝਿਯਾ, ਇ., ਗੱਡੀ ਦੇ ਹੇਠਾਂ ਲਗੀ ਲੱਕੜੀ

मझियाना–ਮਝਿਯਾਨਾ, ਕ੍ਰਿ., ਬੇੜੀ ਚਲਾਉਣਾ, ਵਿਚਕਾਰ ਅੜਨਾ

मझियारा–ਮਝਿਯਾਰਾ, ਵਿ., ਵਿਚਕਾਰਲਾ, ਗਭਲਾ

मझुआ–ਮਝੁਆ, ਪੁ., ਚੂੜੀ

मझेला–ਮਝੇਲਾ, ਪੁ., ਜੁੱਤੀ ਦਾ ਤਲਾ ਸੀਉਣ ਦਾ ਸੰਦ

मझोला–ਮਝੋਲਾ, ਵਿ., ਗਭਲਾ, ਵਿਚਕਾਰਲਾ, ਵਿਚਕਾਰਲੇ ਮੇਲ ਦਾ, ਨਾ ਬਹੁਤ ਛੋਟਾ ਅਤੇ ਨਾ ਬਹੁਤ ਵੱਡਾ

मझोली–ਮੁਝੋਲੀ, ਇ., ਬੈਲ ਗੱਡੀ, ਜੁੱਤਾ ਸੀਉਣ ਦਾ. ਇਕ ਸੰਦ

मञ्च–ਮੰਚ, ਪੁ., ਪੀੜ੍ਹਾ, ਮਨ੍ਹਾ, ਉੱਚਾ ਥੜ੍ਹਾ, ਮੰਡਪ

मञ्जर–ਮੰਜਰ, ਪੁ.. ਮੋਤੀ

मञ्जरी–ਮੰਜਰੀ, ਇ., ਕਰੂੰਬਲ, ਫੁੱਲਾਂ ਦਾ ਗੁੱਛਾ, ਅੰਬਾਂ ਦਾ ਬੂਰ, ਸਿੱਟਾ, ਮੋਤੀ, ਵੇਲ, ਤੁਲਸੀ

मञ्जरीक–ਮੰਜਰੀਕ, ਪੁ., ਮੋਤੀ, ਤਿਲ ਦਾ ਬੂਟਾ, ਤੁਲਸੀ, ਬੈਂਤ, ਅਸ਼ੋਕ ਦਾ ਰੁੱਖ

मञ्जिका–ਮੰਜਿਕਾ, ਇ., ਕੰਜਰੀ, ਵੇਸਵਾ, ਰੰਡੀ

मञ्जिफला–ਮੰਜਿਫਲਾ, ਇ.. ਕੇਲਾ

मञ्जिष्ठा–ਮਜਿਸ਼ਠਾ, ਇ., ਮਜੀਠ

मञ्जीर–ਮੰਜੀਰ, ਪੁ., ਘੁੰਗਰੂ, ਪੰਜੇਬ

मञ्जरीक–ਮੰਜਰੀਕ, ਪੁ., ਜੋ ਘੁੰਗਰੂਆਂ ਵਾਂਙ ਛਣਕੇ ਇਸ ਤਰਾਂ ਦਾ ਇਕ ਵਾਜਾ ਜਿਹਾ

मञ्जु–ਮੰਜੁ. ਵਿ., ਮਨੋਹਰ, ਸੁੰਦਰ, ਸੁਨੱਖਾ

मञ्जुपाठक–ਮੰਜੁਪਾਠਕ, ਪੁ , ਤੋਤਾ, ਵਿ., ਅੱਛੀ ਤਰ੍ਹਾਂ ਪੜ੍ਹਨ ਵਾਲਾ

मञ्जुप्राण–ਮੰਜੁਪ੍ਰਾਣ, ਪੁ., ਬ੍ਰਹਮਾ

मञ्जुभाषी–ਮੰਜੁਭਾਸ਼ੀ, ਵਿ., ਸੋਹਣਾ ਬੋਲਣ ਵਾਲਾ, ਪਿਆਰਾ ਬੋਲਣ ਵਾਲਾ

मञ्जुल–ਮੰਜੁਲ, ਵਿ., ਸੋਹਣਾ, ਮਨੋਹਰ, ਨਦੀ ਤਾਲ ਦਾ ਕੰਢਾ, ਪੁ., ਇਕ ਪੰਛੀ, ਅੰਜੀਰ ਦਾ ਰੁੱਖ

मञ्जुवादी–ਮੰਜੁਵਾਦੀ, ਵਿ., ਮਿਠਬੋਲਾ

मट–ਮਟ, ਪੁ., ਮਿੱਟੀ ਦਾ ਵੱਡਾ ਭਾਂਡਾ, ਮੱਟ, ਵੱਡਾ ਮਟਕਾ

मटक–ਮਟਕ, ਇ., ਚਾਲ, ਨਖਰਾ, ਮੜਕ

मटकना–ਮਟਕਨਾ, ਕ੍ਰਿ., ਅੰਗ ਹਿਲਾ ਕੇ ਲ਼ਚਕ ਕੇ ਤੁਰਨਾ

मटकान–ਮਟਕਾਨ, ਇ., ਮਟਕ, ਨਖਰਾ, ਮੜਕ

मटका–ਮਟਕਾ, ਪੁ., ਚੌੜੇ ਮੂੰਹ ਵਾਲਾ ਘੜਾ

मटकाना–ਮਟਕਾਨਾ, ਕ੍ਰਿ., ਅੰਗਾਂ ਦੇ ਕੜਾਕੇ ਕੱਢਨੇ

मटकी-ਮਟਕੀ, ਇ., ਛੋਟਾ ਘੜਾ, ਝੱਕਰੀ
मटकीला-ਮਟਕੀਲਾ, ਵਿ., ਨਖਰੇਵਾਲਾ, ਮੜਕ ਵਾਲਾ
मटकोयल-ਮਟਕੋਯਲ, ਇ., ਮੜਕ, ਨਖਰਾ
मटना-ਮਟਨਾ, ਪੁ., ਗੰਨੇ ਦੀ ਇਕ ਨਸਲ
मटमंगरा-ਮਟਮੰਗਰਾ, ਪੁ., ਵਿਆਹ ਤੋਂ ਪਹਿਲਾਂ ਦੀ ਇਕ ਰਸਮ
मटमैला-ਮਟਮੈਲਾ, ਵਿ., ਮਿੱਟੀ ਰੰਗਾ
मटर-ਮਟਰ. ਪੁ., ਪ੍ਰਸਿੱਧ ਭਾਜੀ
मटरगश्त-ਮਟਰਗਸ਼ਤ, ਵਿ., ਸੈਰ ਸਪਾਟੇ ਵਾਲਾ, ਆਵਾਰਾ ਗਰਦ
मटरगश्ती-ਮਟਰਗਸ਼ਤੀ, ਇ., ਅਵਾਰਾ ਗਰਦੀ
मटरबोर-ਮਟਰਬੋਰ, ਪੁ., ਮਟਰਾਂ ਜੇਡੇ ਘੁੰਗਰੂ
मटलनी-ਮਟਲਨੀ, ਇ., ਮਿੱਟੀ ਦਾ ਕੱਚਾ ਭਾਂਡਾ
मटा-ਮਟਾ, ਪੁ., ਲਾਲ ਕੀੜਾ
मटियाना-ਮਟਿਯਾਨਾ, ਕ੍ਰਿ., ਭਾਂਡੇ ਨੂੰ ਮਿੱਟੀ ਨਾਲ ਸਾਫ਼ ਕਰਨਾ
मटिया-ਮਟਿਯਾ, ਇ., ਮਿੱਟੀ, ਲੋਥ, ਮੁਰਦਾ, ਮਿੱਟੀ ਰੰਗਾ
मटियामेट-ਮਟਿਯਾਮੇਟ, ਵਿ., ਨਸ਼ਟ, ਖਰਾਬ
मटियार-ਮਟਿਯਾਰ, ਪੁ., ਚਿਤ੍ਰਕਣੀ ਜ਼ਮੀਨ
मटियाला-ਮਟਿਯਾਲਾ, ਵਿ., ਮਿੱਟੀ ਰੰਗਾ
मटीला-ਮਟੀਲਾ, ਵਿ., ਮਿੱਟੀ ਜੇਹਾ
मटुका-ਮਟੁਕਾ, ਪੁ., ਦੇਖੋ ਮਟਕਾ (मटका)
मटुकी-ਮਟੁਕੀ, ਪੁ., ਦੇਖੋ ਮਟਕੀ (मटकी)
मट्टक-ਮੱਟਕ, ਪੁ., ਇਕ ਤਰ੍ਹਾਂ ਦੀ ਮੱਛੀ
मट्टी-ਮੱਟੀ, ਇ., ਮਿੱਟੀ
मट्ठर-ਮੱਠਰ, ਵਿ., ਆਲਸੀ, ਮੱਠਾ, ਢਿੱਲਾ
मट्ठा-ਮਠਾ, ਇ., ਲੱਸੀ, ਛਾਹ
मट्ठी-ਮੱਠੀ, ਇ., ਇਕ ਪਕਵਾਨ
मठ-ਮਠ, ਪੁ., ਰਹਿਣ ਦੀ ਥਾਂ, ਮੰਦਰ, ਸਾਧਾਂ ਦਾ ਡੇਰਾ
मठधारी-ਮਠਧਾਰੀ, ਵਿ.. ਮਠ ਦਾ ਪਰਬੰਧਕ
मठर-ਮਠਰ, ਵਿ., ਸ਼ਰਾਬ ਪੀ ਕੇ ਮਸਤ ਹੋਇਆ ਹੋਇਆ
मठरना-ਮਠਰਨਾ, ਪੁ., ਕਸੇਰਿਆਂ ਦੀ ਛੋਟੀ ਹਥੌੜੀ
मठरी-ਮਠਰੀ. ਇ.. ਮੱਠੀ
मठाधिपति-ਮਠਾਧਿਪਤਿ, ਪੁ., ਮਠ ਦਾ ਮਹੰਤ
मठाधीश-ਮਠਾਧੀਸ਼, ਪੁ., ਮਠ ਦਾ ਮਾਲਕ
मठिया-ਮਠਿਯਾ, ਇ., ਇਕ ਤਰ੍ਹਾਂ ਦੀ ਚੂੜੀ
मठी-ਮਠੀ, ਇ., ਛੋਟੀ ਮੱਠੀ, ਪੁ, ਮਠ ਦਾ ਮਹੰਤ
मठुलिया-ਮਠੁਲਿਯਾ, ਇ., ਮੱਠੀ, ਟਿੱਕੀ
मठोर-ਮਠੋਰ, ਇ., ਦਹੀ ਰਿੜਕਣ ਵਾਲੀ ਚਾਟੀ
मठोरना-ਮਠੋਰਨਾ, ਕ੍ਰਿ., ਛੋਟੀ ਥੋੜ੍ਹੀ ਨਾਲ ਹੌਲੀ ਹੌਲੀ ਠੋਕਣਾ
मठौरा-ਮਠੌਰਾ, ਪੁ., ਤਰਖਾਣਾਂ ਦਾ ਇਕ ਰੰਦਾ
मड़ई-ਮੜਈ, ਇ., ਝੁੱਗੀ,ਕੁੱਲੀ, ਛੱਪਰੀ
मड़क-ਮੜਕ, ਇ., ਗੁਪਤ ਗੱਲ, ਭੇਦ
मडराना-ਮਡਰਾਨਾ, ਕ੍ਰਿ., ਦੇਖੋ ਮੰਡਰਾਨਾ (मँडराना)
मड़ला-ਮੜਲਾ, ਪੁ., ਅੰਨ ਦੀ ਬੁਖਾਰੀ
मड़वा-ਮੜਵਾ, ਪੁ., ਮੰਡਪ
मड़वारी-ਮੜਵਾਰੀ, ਵਿ., ਮਾਰਵਾੜੀ
मड़हट-ਮੜਹਟ, ਪੁ., ਮਰਘਟ, ਸਿਵੇ
मड़हा-ਮੜਹਾ, ਪੁ., ਮਿੱਟੀ ਦਾ ਛੋਟਾ ਘਰ, ਭੁੱਜੇ ਛੋਲੇ
मड़ा-ਮੜਾ, ਪੁ, ਕੋਠੀ
मड़ाड़-ਮੜਾੜ, ਪੁ., ਕੱਚਾ ਤਲਾਊ, ਖੂਹ ਦਾ ਪਾੜ
मड़ुआ-ਮੜੁਆ, ਪੁ., ਬਾਜਰੇ ਜੇਹਾ ਇਕ ਅੰਨ, ਇਕ ਪੰਛੀ
मड़ैया-ਮੜੈਯਾ, ਇ., ਛੱਪਰੀ, ਝੁੱਗੀ, ਮਿੱਟੀ ਦੀ ਕੋਠੜੀ
मड़ोड़-ਮੜੋੜ, ਇ., ਮੜੋਰ
मड़ोर-ਮਰੋੜ, ਇ. ਪੁ., ਮਰੋੜਾ
मढ़-ਮੜ੍ਹ, ਪੁ., ਕਰੇੜਾ, ਵਿ., ਅੜੀਅਲ
मढ़ना-ਮੜ੍ਹਨਾ, ਕ੍ਰਿ., ਚਹੁੰ ਪਾਸਿਆਂ ਤੋਂ ਲਪੇਟਣਾ, ਢੋਲਕ ਤੇ ਚਮੜਾ ਮੜ੍ਹਨਾ, ਕਿਸੇ ਦੇ ਸਿਰ ਝੂਠੀ ਗੱਲ ਲਾਉਣੀ
मढ़वाना-ਮੜ੍ਹਵਾਨਾ, ਕ੍ਰਿ., ਮੜ੍ਹਨ ਦਾ ਕੰਮ ਕਰਾਉਣਾ
मढ़ा-ਮੜ੍ਹਾ, ਪੁ., ਮਿੱਟੀ ਦਾ ਛੋਟਾ ਘਰ
मढ़ाई-ਮੜ੍ਹਾਈ, ਇ., ਮੜ੍ਹਨ ਦੀ ਮਜਦੂਰੀ
मढ़ी-ਮੜ੍ਹੀ, ਇ., ਛੋਟਾ ਮਠ, ਛੋਟਾ ਘਰ, ਛੋਟਾ ਮੰਦਰ, ਛੱਪਰੀ, ਸਮਾਧ
मढ़ैया-ਮੜ੍ਹੈਯਾ, ਵਿ., ਮੜ੍ਹਨ ਵਾਲਾ
मणि-ਮਣਿ, ਪੁ, ਵਡ ਮੁੱਲਾ ਪੱਥਰ, ਰਤਨ. ਬਕਰੇ ਦੇ ਗਲ ਦੀ ਥੇਲੀ, ਲਿੰਗ ਦੀ ਸੁਪਾਰੀ
मणिक-ਮਣਿਕ, ਪੁ., ਮਿੱਟੀ ਦਾ ਘੜਾ, ਹੀਰਾ, ਰਤਨ
मणिकण्ठ-ਮਣਿਕੰਠ, ਪੁ., ਇਕ ਪੰਛੀ
मणिकर्णिका-ਮਣਿਕਰਣਿਕਾ, ਇ., ਕਾਸ਼ੀ ਦਾ ਖਾਸ ਤੀਰਥ, ਕੰਨ ਦਾ ਇਕ ਗਹਿਣਾ
मणिकार-ਮਣਿਕਾਰ, ਪੁ.. ਰਤਨ ਜੜਨ ਵਾਲਾ ਸੁਨਿਆਰ
मणिकूट-ਮਣਿਕੂਟ, ਪੁ., ਕੌਰੂ ਦੇਸ ਦਾ ਇਕ ਪਹਾੜ
मणिकेतु-ਮਣਿਕੇਤੁ. ਪੁ., ਬਹੁਤ ਛੋਟਾ ਪੁੰਛ ਵਾਲਾ ਤਾਰਾ
मणिग्रीव-ਮਣਿਗ੍ਰੀਵ, ਪੁ., ਕੁਬੇਰ ਦਾ ਪੁੱਤਰ
मणित-ਮਣਿਤ. ਪੁ., ਮੈਥਨ ਸਮੇ ਦੀ 'ਗੱਲ ਬਾਤ
मणितारक-ਮਣਿਤਾਰਕ, ਪੁ., ਸਾਰਸ ਪੰਛੀ
मणिधर-ਮਣਿਧਰ. ਪੁ., ਸੱਪ
मणिपुर-ਮਣਿਪੁਰ. ਪੁ., ਤੰਤ੍ਰਾਂ ਅਨੁਸਾਰ ਛੇ ਚਕਰਾਂ ਵਿਚੋਂ ਇਕ ਜੋ ਧੁੰਨੀ ਵਿਚ ਹੈ
मणिबीज-ਮਣਿਬੀਜ, ਪੁ.. ਅਨਾਰ ਦਾ ਰੁੱਖ
मणिभद्र-ਮਣਿਭਦ੍ਰ, ਪੁ., ਸ਼ਿਵ ਜੀ ਦਾ ਇਕ ਮੁਖ ਗਣ
मणिभावर-ਮਣਿਭਾਵਰ, ਪੁ., ਸਾਰਸ ਪੰਛੀ
मणिभू-ਮਣਿਭੂ, ਇ., ਰਤਨਾਂ ਦੀ ਖਾਣ
मणिभूमि-ਮਣਿਭੂਮਿ, ਇ., ਰਤਨਾਂ ਦੀ ਖਾਣ
मणिमण्डप-ਮਣਿਮੰਡਪ, ਪੁ., ਰਤਨ ਜੜਾਉ ਘਰ

मणिग्रन्थ-ਮਣਿਮੰਥ, ਪੁ., ਸੇਂਧਾ ਲੂਣ

मणिमाला-ਮਣਿਮਾਲਾ, ਇ., ਹਾਰ, ਚਮਕ, ਲੱਛਮੀ, ਇਕ ਛੰਦ

मणिरत्न-ਮਣਿਰਤ੍ਨ, ਪੁ., ਹੀਰਾ

मणिराग-ਮਣਿਰਾਗ. ਪੁ., ਸ਼ਿੰਗਰਫ

मणिराज-ਮਣਿਰਾਜ, ਪੁ., ਸਭ ਤੋਂ ਵਧੀਆ ਰਤਨ

मणिवीज-ਮਣਿਬੀਜ, ਪੁ., ਅਨਾਰ ਦਾ ਰੁੱਖ

मणिश्याम-ਮਣਿਸ਼ਜਾਮ, ਪੁ., ਨੀਲਮ, ਮਾਣਕ

मणिसर-ਮਣਿਸਰ, ਪੁ., ਮੋਤੀਆਂ ਦੀ ਮਾਲਾ

मणिसूत्र-ਮਣਿਸੂਤ੍ਰ, ਪੁ., ਮੋਤੀਆਂ ਦਾ ਹਾਰ

मणी-ਮਣੀ, ਪੁ., ਸੱਪ, ਇ., ਇਕ ਰਤਨ

मणीवक-ਮਣੀਵਕ, ਪੁ., ਫੁੱਲ

मण्ड-ਮੰਡ, ਪੁ., ਅੰਨ ਦਾ ਰਸ, ਰਿੰਡ ਦਾ ਰੁੱਖ, ਦਹੀ ਦਾ ਪਾਣੀ, ਸਜਾਵਟ, ਡੱਡੂ, ਪਿੱਛ

मण्डक-ਮੰਡਕ, ਇ., ਮੈਦੇ ਦਾ ਮੰਡਾ, ਮਾਧਵੀ ਗੀਤ

मण्डन-ਮੰਡਨ, ਪੁ., ਸਿੰਗਾਰ, ਗਹਿਣਾ, ਸਜਾਵਟ, ਪ੍ਰਮਾਣਾਂ ਨਾਲ ਕੋਈ ਮਤ ਸਿੱਧ ਕਰਨ ਦਾ ਭਾਵ

मण्डप-ਮੰਡਪ, ਪੁ., ਮਨੁੱਖਾਂ ਦੇ ਅਰਾਮ ਕਰਨ ਦੀ ਥਾਂ. ਜੋ ਦੋਹਾਂ ਪਾਸਿਆਂ ਤੋਂ ਖੁਲ੍ਹੀ ਹੋਵੇ, ਮੰਦਰ ਦੇ ਉਪਰਲਾ ਗੋਲ ਭਾਗ

मण्डल-ਮੰਡਲ, ਪੁ., ਚੰਨ ਜ਼ਾਂ ਸੂਰਜ ਦੇ ਦੁਆਲੇ ਦਾ ਘੇਰਾ, ਸਮਾਜ, ਇਕੱਠ, ਚੱਕਰ, ਪਹੀਆ, ਪਰਛਾਵਾਂ, ਗੇਂਦ, ਗੋਲ ਚਿੰਨ੍ਹ. ਸਰੀਰ ਦਾ ਇਕ ਜੋੜ, ਸਮਾਜ

मण्डलक-ਮੰਡਲਕ, ਪੁ., ਪਰਛਾਵਾਂ, ਸ਼ੀਸ਼ਾ, ਗੋਲ ਘੇਰਾ

मण्डलाकार-ਮੰਡਲਾਕਾਰ, ਵਿ., ਗੋਲ ਮੋਲ

मण्डलायित-ਮੰਡਲਾਯਿਤ, ਵਿ., ਗੋਲ

मण्डलित-ਮੰਡਲਿਤ, ਵਿ., ਗੋਲ ਕੀਤਾ ਹੋਇਆ

मण्डली-ਮੰਡਲੀ, ਇ., ਜਮਾਤ, ਜੱਥਾ, ਜਮਘਟ

ਮੰमण्डलीक-ਡਲੀਕ, ਪੁ., ਮੰਡਲੇਸ਼ਰ ਬਾਰਾਂ ਰਾਜਿਆਂ ਦਾ ਪ੍ਰਧਾਨ, ਜਥੇਦਾਰ

मण्डलेश-ਮੰਡਲੇਸ਼, ਪੁ., ਦੇਖੋ ਮੰਡਲੀਕ (मण्डलीक)

मण्डलेश्वर-ਮੰਡਲੇਸ਼੍ਵਰ. ਪੁ., ਮੰਡਲੀ ਦਾ ਵੱਡਾ ਮਹੰਤ, ਪ੍ਰਧਾਨ, ਆਗੂ

मण्डा-ਮੰਡਾ, ਇ., ਸ਼ਰਾਬ, ਮਦਰਾ

मण्डित-ਮੰਡਿਤ, ਵਿ., ਸਜਾਇਆ ਹੋਇਆ, ਫਬਾਇਆ ਹੋਇਆ, ਭਰਿਆ ਹੋਇਆ

मण्डूक-ਮੰਡੂਕ, ਪੁ., ਡੱਡੂ, ਪੁਰਾਤਨ ਸਮੇ ਦਾ ਇਕ ਵਾਜਾ, ਇਕ ਨਾਚ, ਘੋੜੇ ਦੀ ਇਕ ਨਸਲ

मण्डूकी-ਮੰਡੂਕੀ, ਇ., ਬ੍ਰਹਮੀ ਬੂਟੀ, ਬੇਸ਼ਰਮ ਤੀਵੀਂ

मण्डूर-ਮੰਡੂਰ, ਪੁ., ਗਲੇ ਹੋਏ ਲੋਹੇ ਦੀ ਮੈਲ

मतंग-ਮਤੰਗ, ਪੁ., ਹਾਥੀ, ਮੇਘ, ਬੱਦਲ, ਇਕ ਰਿਸ਼ੀ

मतंगा-ਮਤੰਗਾ, ਪੁ., ਇਕ ਤਰ੍ਹਾਂ ਦਾ ਬਾਂਸ

मतंगी-ਮਤੰਗੀ, ਇ., ਹਾਥੀ ਦਾ ਅਸਵਾਰ

मत-ਮਤ, ਪੁ., ਰਾਇ, ਸੰਮਤੀ, ਆਸ਼ਾ, ਧਰਮ, ਪੰਥ, ਗਿਆਨ, ਸੰਪ੍ਰਦਾਇ, ਅਵਜ., ਨਹੀਂ

मतना-ਮਤਨਾ, ਕ੍ਰਿ., ਰਾਇ ਕੈਮ ਕਰਨੀ, ਮਸਤਣਾ

मतरिया-ਮਤਰਿਯਾ, ਇ., ਰਾਇ ਦੇਣ ਵਾਲਾ, ਦੇਖੋ ਮਾਤਾ (माता)

मतलब-ਮਤਲਬ, ਪੁ.. ਅਰਥ, ਵਾਸਤਾ, ਸਬੰਧ, ਨਿਜ ਸੁਆਰਥ ਭਾਵ

मतलबी-ਮਤਲਬੀ, ਵਿ., ਖੁਦਗਰਜ, ਸੁਆਰਥੀ

मतवार-ਮਤਵਾਰ, ਵਿ., ਮੇਤਵਾਲਾ, ਮਸਤ

मतवारा-ਮਤਵਾਰਾ, ਵਿ., ਮਸਤ, ਪਾਗਲ, ਮਤਵਾਲ਼ਾ

मतवाला-ਮਤਵਾਲਾ, ਵਿ., ਪਾਗਲ, ਕਮਲਾ, ਸੁਦਾਈ, ਪੁ., ਵੈਰੀ ਨੂੰ ਮਾਰਨ ਲਈ ਪਹਾੜ ਤੋਂ ਸੁਟਿਆ ਪਥਰ, ਇਕ ਖਿਡੌਣਾ

मता-ਮਤਾ, ਪੁ., ਰਾਇ, ਸਲਾਹ, ਮਸ਼ਵਰਾ

मताधिकार-ਮਤਾਧਿਕਾਰ, ਪੁ.. ਰਾਇ ਦੇਣ ਦਾ ਹੱਕ

मतानुयायी-ਮਤਾਨੁਯਾਯੀ, ਵਿ., ਕਿਸੇ ਧਰਮ ਨੂੰ ਮੰਨਣ ਵਾਲਾ, ਪਿਛਲੱਗ

मतारी-ਮਤਾਰੀ, ਇ., ਮਾਤਾ. ਮਾਂ, ਅੰਮੀ

मतावलम्बी-ਮਤਾਵਲੰਬੀ, ਵਿ., ਕਿਸੇ ਮਤ ਜਾਂ ਪੰਥ ਦਾ ਮੰਨਣ ਵਾਲਾ

मति-ਮਤਿ, ਇ., ਬੁੱਧੀ, ਅਕਲ, ਜਾਦ

मतिगर्भ-ਮਤਿਗਰਭ, ਵਿ., ਸਿਆਣਾ, ਅਕਲਮੰਦ

मतिभ्रम-ਮਤਿਭ੍ਰਮ, ਪੁ., ਅਕਲ਼ ਮਾਰੀ ਜਾਣ ਦਾ ਭਾਵ

मतिमंत-ਮਤਿਮੰਤ, ਵਿ., ਚਤੁਰ, ਅਕਲ ਵਾਲਾ, ਸੂਝ ਵਾਲਾ

मतिमान्-ਮਤਿਮਾਨ, ਵਿ., ਬੁੱਧੀਵਾਨ, ਵਿਦਵਾਨ, ਸਮਝਦਾਰ

मतिविभ्रम-ਮਤਿਵਿਭ੍ਰਮ. ਪੁ., ਪਾਗਲਪਣ

मथुरेश-ਮਥੁਰੇਸ਼, ਪੁ., ਸ੍ਰੀ ਕ੍ਰਿਸ਼ਨ

मथौरा-ਮਥੌਰਾ, ਪੁ., ਤਰਖਾਣਾਂ ਦਾ ਇਕ ਰੰਦਾ

मथौरी-ਮਥੌਰੀ, ਇ., ਤੀਵੀਂ ਦੇ ਸਿਰ ਦਾ ਇਕ ਗਹਿਣਾ

मथ्य-ਮਥਜ, ਵਿ., ਰਿੜਕਣ ਜੋਗ, ਪੁ., ਮੱਥਾ

मदंध-ਮਦੰਧ ਵਿ., ਹੰਕਾਰੀ, ਘਮੰਡੀ

मद-ਮਦ, ਪੁ., ਨਸ਼ਾ, ਹੰਕਾਰ, ਮੋਹ, ਘਮੰਡ, ਕਸਤੂਰੀ, ਸ਼ਰਾਬ, ਵਿ., ਕਾਮਦੇਵ, ਹਾਥੀ ਦਾ ਮਦ, ਪਾਗਲਪਣ, ਮਸਤ, ਮਤਵਾਲਾ, ਇ., ਵਿਭਾਗ, ਖਾਤਾ, ਅਧਿਕਾਰ

मदक-ਮਦਕ, ਇ., ਅਫੀਮ ਤੋਂ ਬਣੀ ਨਸ਼ੀਲੀ ਚੀਜ਼

मदकची-ਮਦਕਚੀ ਵਿ., ਸ਼ਰਾਬੀ, ਅਮਲੀ, ਨਸ਼ਈ

मदकट-ਮਦਕਟ, ਪੁ., ਸਾਨ੍ਹ, ਸਾਂਢ

मदकद्रुम-ਮਦਕਦ੍ਰੁਮ, ਪੁ, ਤਾੜ ਦਾ ਰੁੱਖ

मदकर-ਮਦਕਰ, ਪੁ., ਧਤੂਰੇ ਦਾ ਬੂਟਾ, ਸ਼ਰਾਬ, ਵਿ., ਪਾਗਲ, ਸ਼ਰਾਬੀ, ਨਸ਼ਾ ਦੇਣ ਵਾਲਾ

मदकल-ਮਦਕਲ, ਪੁ., ਮਸਤ ਹਾਥੀ, ਵਿ., ਪਾਗਲ, ਮਤਵਾਲਾ

मदकारी-ਮਦਕਾਰੀ, ਵਿ., ਸ਼ਰਾਬ, ਨਸ਼ਾ ਦੇਣ ਵਾਲੀ ਚੀਜ਼, ਅਮਲੀ

मदकी-ਮਦਕੀ, ਵਿ , ਸ਼ਰਾਬੀ, ਅਮਲੀ, ਨਸ਼ਈ

मदखूला-ਮਦਖੂਲਾ, ਵਿ , ਰਖੇਲ ਤੀਵੀਂ

मदगन्धा-ਮਦਗੰਧਾ, ਇ., ਸ਼ਰਾਬ

मदगल-ਮਦਗਲ, ਵਿ., ਪਾਗਲ, ਮਸਤ

मदजल-ਮਦਜਲ, ਪੁ., ਮਸਤ ਹਾਥੀ ਦੇ ਮੱਥੇ ਦਾ ਮਦ

मतिशाली-ਮਤਿਸ਼ਾਲੀ, ਵਿ., ਬੁਧੀਵਾਨ

मती-ਮਤੀ, ਇ., ਦੇਖੋ ਮਤਿ (मति)

मतीरा-ਮਤੀਰਾ, ਕ੍ਰਿ. ਵਿ., ਨਹੀਂ, ਪੁ., ਤਰਬੂਜ਼, ਹਦਵਾਣਾ

मतीरु-ਮਤੀਰੁ, ਪੁ., ਇਕ ਤਰ੍ਹਾਂ ਦਾ ਵਾਜਾ

मत्कुण-ਮਤਕੁਣ, ਪੁ., ਮਾਂਗਣੂ, ਖਟਮਲ, ਕਟੂਆ, ਨਾਰੀਅਲ, ਬਿਨਾ ਮੁੱਛ ਦਾ ਬੰਦਾ

मत्त-ਮੱਤ, ਪੁ., ਧਤੂਰਾ, ਕੋਇਲ, ਮੱਝ, ਮੈਂਸ, ਵਿ., ਮਤਵਾਲਾ, ਪਾਗਲ, ਪ੍ਰਸੰਨ

मत्तकाशिनी-ਮੱਤਕਾਸ਼ਿਨੀ, ਇ., ਪਾਗਲ ਤੀਵੀਂ

मत्तकोश-ਮੱਤਕੋਸ਼, ਪੁ., ਹਾਥੀ

मत्तगामिनी-ਮੱਤਗਾਮਿਨੀ, ਪੁ., ਪਾਗਲ ਵਾਂਙ ਤੁਰਨ ਵਾਲੀ ਤੀਵੀਂ

मत्तता-ਮੱਤਤਾ, ਇ., ਪਾਗਲਪਣ, ਮਸਤੀ

मत्ततायी-ਮੱਤਤਾਈ, ਇ., ਮਸਤੀ, ਪਾਗਲਪਣ

मत्तमयूर-ਮੱਤਮਯੂਰ, ਪੁ., ਬੱਦਲ, ਇਕ ਛੰਦ

मत्तनाग-ਮੱਤਨਾਗ, ਪੁ., ਮਸਤ ਹਾਥੀ

मत्तवारण-ਮੱਤਵਾਰਣ, ਪੁ., ਬਰਾਂਡਾ, ਮਸਤ ਹਾਥੀ, ਸੁਪਾਰੀ ਦਾ ਚੂਰਾ

मत्तसमक-ਮੱਤਸਮਕ, ਪੁ., ਚੋਪਾਈ ਛੰਦ ਦਾ ਇਕ ਭੇਦ

मत्ता-ਮੱਤਾ, ਇ., ਸ਼ਰਾਬ, ਇਕ ਛੰਦ, ਇਕ ਪ੍ਰਤਜਯ ਜੋ ਪਣ ਦੇ ਅਰਥ ਵਿਚ ਲਗਦਾ ਹੈ ਜਿਵੇਂ, ਬੁਧੀਮੱਤਾ

मत्तेभगमना-ਮੱਤੇਭਗਮਨਾ, ਇ., ਮਤਵਾਲੇ ਹਾਥੀ ਜਿਹੀ ਚਾਲ ਵਾਲੀ ਤੀਵੀਂ

मत्था-ਮੱਥਾ, ਪੁ., ਮੱਥਾ, ਸਿਰ, ਕਿਸੇ ਚੀਜ਼ ਦਾ ਅਗਲਾ ਜਾਂ ਉਪਰਲਾ ਭਾਗ

मत्सर-ਮਤਸਰ, ਪੁ , ਈਰਖਾ, ਜਲਣ, ਡਾਹ, ਗੁੱਸਾ ਵਿ., ਕਿਰਪਣ, ਕੰਜੂਸ, ਸੂਮ

मत्सरता-ਮਤਸਰਤਾ, ਇ., ਈਰਖਾ, ਜਲਣ

मत्सरी-ਮਤਸਰੀ, ਵਿ., ਈਰਖਾਲੂ

मत्स्य-ਮਤਸਜ, ਪੁ., ਮੱਛੀ, ਪ੍ਰਚੀਨ ਵਿਰਾਟ ਦੇਸ ਦਾ ਨਾਉਂ, ਵਿਸ਼ਨੂੰ ਦਾ ਪਹਿਲਾ ਅਵਤਾਰ, ਮੱਛ

मत्स्यगन्धा-ਮਤਸਜਗੰਧਾ, ਇ., ਜਲਮਘ, ਵਿਆਸ ਜੀ ਦੀ ਮਾਤਾ ਸੱਤਵਤੀ, ਸੋਮਲਤਾ

मत्स्यधानी-ਮਤਸਜਧਾਨੀ, ਇ., ਮੱਛੀ ਰੱਖਣ ਦਾ ਭਾਂਡਾ

मत्स्यपुराण-ਮਤਸਜਪੁਰਾਣ, ਪੁ., ਅਠਾਰਾਂ ਪੁਰਾਣਾਂ ਵਿਚੋਂ ਇਕ

मत्स्यबन्ध-ਮਤਸਜਬੰਧ, ਵਿ.. ਮਾਛੀ, ਝੀਊਰ

मत्स्यबन्धन-ਮਤਸਜਬੰਧਨ. ਪੁ., ਮੱਛੀ ਫੜਨ ਦੀ ਕੁੰਡੀ

मत्स्यरंग-ਮਾਤਸਜਰੰਗ, ਪੁ., ਇਕ ਚਿੜੀ

मत्स्यराज-ਮਤਸਜਰਾਜ, ਪੁ., ਰੋਹੂ ਮੱਛੀ, ਵਿਰਾਟ ਦੇਸ ਦਾ ਰਾਜਾ

मत्स्यावतार-ਮਤਸਜਾਵਤਾਰ,,ਪੁ., ਦਸਾਂ ਅਵਤਾਰਾਂ ਵਿਚੋਂ ਇਕ, ਮੱਛ ਅਵਤਾਰ

मत्स्याशन-ਮਤਸਜਾਸ਼ਨ, ਵਿ., ਮੱਛੀ ਖਾਣ ਵਾਲਾ

मत्स्येन्द्रनाथ-ਮਤਸਜੇਂਦ੍ਰਨਾਥ, ਪੁ., ਇਕ ਸਿੱਧ ਜੋ ਗੋਰਖ ਨਾਥ ਦੇ ਗੁਰੂ ਸਨ

मत्स्योपजीवी-ਮਤਸਜੋਪਜੀਵੀ, ਪੁ., ਝੀਊਰ, ਮਲਾਹ, ਮਾਛੀ

मत्स्योदरी-ਮਤਸਜੋਦਰੀ, ਇ , ਵਿਆਸ ਦੀ ਮਾਤਾ ਸੱਤਵਤੀ, ਮਛੋਦਰੀ

मथन-ਮਥਨ, ਪੁ., ਕਿੜਕਨ ਦਾ ਕੰਮ, ਇਕ ਰੁੱਖ, ਇਕ ਸ਼ਸਤਰ, ਵਿ., ਰਿੜਕਣ ਵਾਲਾ

मथना-ਮਥਨਾ, ਕ੍ਰਿ., ਰਿੜਕਣਾ, ਨਾਸ ਕਰਨਾ, ਫਿਰ ਫਿਰ ਕੇ ਪਤਾ ਕਰਨਾ, ਘਿਉ ਕੱਢਣਾ, ਕਿਸੇ ਕੰਮ ਨੂੰ ਘੜੀ ਮੁੜੀ ਕਰਨਾ

मथनिया-ਮਥਨਿਯਾ, ਇ., ਦਹੀਂ ਰਿੜਕਣ ਦੀ ਚਾਟੀ, ਰਿੜਕਣਾ

मथनी-ਮਥਨੀ., ਇ., ਦਹੀਂ ਰਿੜਕਣ ਦਾ ਸੰਦ, ਮਧਾਣੀ

मथवाह-ਮਥਵਾਹ, ਪੁ., ਮਹਾਵਤ, ਹਾਥੀਵਾਨ

मथित-ਮਥਿਤ, ਵਿ., ਰਿੜਕਿਆ ਹੋਇਆ

मथुरा-ਮਥੁਰਾ, ਇ., ਸੱਤਾਂ ਪੁਰੀਆਂ ਵਿਚੋਂ ਇਕ

मथुरिया-ਮਥੁਰਿਯਾ, ਵਿ., ਮਥੁਰਾ ਦਾ

मदन-ਮਦਨ, ਪੁ., ਕਾਮ, ਕਾਮਕ੍ਰੀੜਾ, ਕਾਮ ਦੇ ਚੁਹਲ, ਬਸੰਤ-ਰੁਤ, ਧਤੂਰਾ, ਮੈਨਫਲ, ਭੌਰਾ, ਮਾਂਹ, ਖੈਰ ਦਾ ਰੁੱਖ, ਮੌਲਸਰੀ, ਮੈਨਾ, ਅਖਰੋਟ, ਮਮੋਲਾ, ਭੋਗ,ਛਪੈ ਦਾ ਇਕ ਭੇਦ

मदनक-ਮਦਨਕ, ਪੁ., ਮੋਮ, ਡੂਨਾ, ਖੈਰ, ਧਤੂਰਾ, ਮੈਨਫਲ ਮੌਲਸਰੀ

मदनगोपाल-ਮਦਨਗੋਪਾਲ, ਪੁ., ਕ੍ਰਿਸ਼ਨ ਚੰਦਰ

मदनदमन-ਮਦਨਦਮਨ. ਪੁ., ਸ਼ਿਵ

मदनपति-ਮਦਨਪਤਿ, ਪੁ., ਇੰਦਰ, ਵਿਸ਼ਨੂੰ

मदनपाठक-ਮਦਨਪਾਠਕ, ਪੁ., ਕੋਇਲ

मदनमस्त-ਮਦਨਮਸ੍ਤ, ਪੁ.. ਜੰਗਲੀ, ਜਿਮੀਕੰਦ ਦਾ ਸੁੱਕਾ ਟੁਕੜਾ, ਚੰਪੇ ਜੇਹਾ ਇਕ ਫੁੱਲ

मदनमहोत्सव-ਮਦਨਮਹੋਤਸਵ, ਪੁ., ਪੁਰਾਣੇ ਸਮੇ ਦਾ ਇਕ ਉਤਸ਼ਵ, ਕਾਮਦੇਵ ਸਬੰਧੀ ਤਿਉਹਾਰ

मदन मोहन-ਨਦਨਮੋਹਨ, ਪੁ., ਸ਼੍ਰੀ ਕ੍ਰਿਸ਼ਨ

मदनलेखा-ਮਦਨਲੇਖਾ, ਪੁ., ਪ੍ਰੇਮੀ ਤੇ ਪ੍ਰੇਮਣ ਦਾ ਚਿੱਠੀ ਪੱਤਰ

मदनशलाका-ਮਦਨਸ਼ਲਾਕਾ, ਇ., ਮੈਨਾ, ਕੋਇਲ

मदनांतक-ਮਦਨਾਂਤਕ, ਪੁ., ਸ਼ਿਵ, ਮਹਾਦੇਵ

मदनांध-ਮਦਨਾਂਧ, ਵਿ., ਕਾਮ ਦਾ ਅੰਨ੍ਹਾ ਕੀਤਾ ਹੋਇਆ

मदना-ਮਦਨਾ, ਇ., ਮੈਨਾ

मदनायुध-ਮਦਨਾਯੁਧ, ਪੁ., ਕਾਮ ਦੇਵ ਦਾ ਹਥਿਆਰ

मदनारि-ਮਦਨਾਰਿ, ਪੁ., ਸ਼ਿਵ

मदनास्त्र-ਮਦਨਾਸਤ੍ਰ, ਪੁ., ਕਾਮ ਦਾ ਹਥਿਆਰ

मदनी-ਮਦਨੀ, ਇ,, ਸ਼ਰਾਬ

मद्यिलु-ਮਦਯਿਲੁ ਪੁ., ਸ਼ਰਾਬ, ਕਾਮਦੇਵ, ਮੇਘ

मदविक्षिप्त-ਮਦਵਿਕਸ਼ਿਪ੍ਤ, ਵਿ., ਮਸਤ

मदांध-ਮਦਾਂਧ, ਵਿ., ਕਾਮ ਦਾ ਅੰਨ੍ਹਾ ਕੀਤਾ ਹੋਇਆ

मदाखिलत-ਮਦਾਖਿਲਤ, ਇ., ਰੁਕਾਵਟ, ਪਰਵੇਸ਼, ਅਧਿਕਾਰ

मदाढ्य-ਮਦਾਢਯ, ਪੁ., ਹੰਕਾਰੀ, ਅਭਿਮਾਨੀ, ਘਮੰਡੀ

मदार-ਮਦਾਰ, ਪੁ., ਹਾਥੀ, ਅੱਕ ਦਾ ਬੂਟਾ

मदारी-ਮਦਾਰੀ, ਪੁ., ਬਾਂਦਰ ਰਿੱਛ ਨਚਾਉਣ ਵਾਲਾ

मदालापी-ਮਦਾਲਾਪੀ, ਇ., ਕੋਇਲ

मदावस्था-ਮਦਾਵਸਥਾ, ਇ., ਪਾਗਲਪਣ ਦੀ ਹਾਲਤ

मदाह्व-ਮਦਾਹੂ, ਪੁ., ਕਸਤੂਰੀ

मदिक-ਮਦਿਕ, ਵਿ., ਅਭਿਮਾਨੀ

मदिया-ਮਦਿਯਾ, ਇ., ਮਦੀਣ, ਮਾਦਾ

मदिर-ਮਦਿਰ, ਇ., ਖੈਰ ਦਾ ਬੂਟਾ

मदिरा-ਮਦਿਰਾ, ਇ., ਸ਼ਰਾਬ, ਮਦ. ਆਸਵ

मदीय-ਮਦੀਯ, ਵਿ., ਮੇਰਾ

मदीयुन-ਮਦੀਯੁਨ, ਪੁ., ਕਰਜ਼ਾਈ, ਜਿਸ ਉਪਰ ਦਾਵਾ ਕੀਤਾ ਹੋਵੇ, ਮੁਦਾਲਹਿ, ਦੇਣ ਦਾਰ

मदीला-ਮਦੀਲਾ, ਵਿ., ਨਸ਼ੀਲਾ, ਮਦ ਨਾਲ ਭਰਿਆ

मदोत्कट-ਮਦੋਤਕਟ, ਪੁ., ਕਬੂਤਰ. ਵਿ., ਨਸ਼ੇ ਦਾ ਪਾਗਲ

मदोन्मत्त-ਮਦੋਨਮੱਤ, ਵਿ., ਪਾਗਲ

मदोल्लापी-ਮਦੋੱਲਾਪੀ, ਪੁ., ਕੋਇਲ

मद्दूसाही-ਮੱਦੂਸਾਹੀ, ਪੁ., ਇਕ ਪੁਰਾਣਾ ਤਾਂਬੇ ਦਾ ਪੈਸਾ

मद्धिम-ਮੱਧਿਮ, ਵਿ., ਮੱਧਮ, ਮੰਦਾ, ਕਿਸੇ ਨਾਲੋਂ ਘੱਟ ਚੰਗਾ

मद्धे-ਮੱਧੇ, ਅਵਜ., ਵਿਚਾਲੇ, ਲੇਖੇ ਵਿਚ

मद्य-ਮਦਜ, ਪੁ., ਸ਼ਰਾਬ

मद्यप-ਮਦਜਪ, ਵਿ., ਸ਼ਰਾਬੀ

द्यपान-ਮਦਜਪਾਨ, ਪੁ., ਸ਼ਰਾਬ ਪੀਣ ਦੀ ਕਿਰਿਆ

मद्यबीज-ਮਦਜਬੀਜ, ਪੁ., ਸ਼ਰਾਬ ਦਾ ਲਾਹਣ

मद्यमोद-ਮਦਜਮੋਦ, ਪੁ., ਮੌਲਸਰੀ

मद्र-ਮਦ੍ਰ, ਪੁ., ਦਰਿਆ ਰਾਵੀ ਤੇ ਜੇਹਲਮ ਦੇ ਵਿਚਕਾਰਲਾ ਦੇਸ, ਖੁਸ਼ੀ, ਅਨੰਦ

मध-ਮਧ, ਕ੍ਰਿ. ਵਿ., ਵਿਚਾਲੇ, ਪੁ., ਵਿਚਾਲਾ

मधन-ਮਧਨ, ਇ., ਇਕ ਰਾਗਣੀ

मधिम-ਮਧਿਮ, ਵਿ., ਦੇਖੋ ਮਧਜਮ, (मध्यम)

मधु-ਮਧੁ, ਪੁ., ਜਲ, ਪਾਣੀ, ਦੁੱਧ, ਅੰਮ੍ਰਿਤ, ਘਿਉ, ਸ਼ਰਾਬ, ਭੌਰਾ, ਬਸੰਤ ਰੁਤ, ਚੇਤ ਦਾ ਮਹੀਨਾ, ਮਿਸਰੀ, ਸ਼ਿਵ, ਮਹੂਆ, ਇਕ ਦੈਂਤ, ਵਿ., ਮਿੱਠਾ, ਸੁਆਦੀ

मधुकण्ठ-ਮਧੁਕੰਠ, ਪੁ.. ਕੋਇਲ

मधुकर-ਮਧੁਕਰ, ਪੁ., ਭੌਰਾ. ਕਾਮੀ ਪੁਰਸ਼

मधुकरी-ਮਧੁਕਰੀ, ਇ., ਭੌਰੀ. ਪੱਕੇ ਅੰਨ ਦੀ ਭਿੱਛਿਆ

मधुलोचन-ਮਧੁਲੋਚਨ, ਪੁ., ਸ਼ਿਵ

मधुका-ਮਧੁਕਾ, ਇ., ਇਕ ਵੇਲ, ਮਹੂਆ

मधुकृत्-ਮਧੁਕ੍ਰਿਤ, ਪੁ., ਭੌਰਾ

मधुकैटभ-ਮਧੁਕੈਟਭ, ਪੁ., ਵਿਸ਼ਨੂੰ ਦੇ ਵੈਰੀ ਦੈਂਤ

मधुकोष-ਮਧੁਕੋਸ਼, ਪੁ., ਮੱਖੀਆਂ ਦਾ ਛੱਤਾ

मधुगन्ध-ਮਧੁਗੰਧ, ਪੁ., ਮਿੱਠੀ ਖੁਸ਼ਬੂ, ਮੌਲਸਰੀ

मधुगायन, मधुघोष-ਮਧੁਗਾਯਨ, ਮਧੁਘੋਸ਼, ਪੁ., ਕੋਇਲ

मधुचक्र-ਮਧੁਚਕ੍ਰ, ਪੁ., ਸਹਿਦ ਦਾ ਛੱਤਾ

मधुज-ਮਧੁਜ, ਪੁ., ਮੋਮ

मधुजा-ਮਧੁਜਾ, ਇ., ਧਰਤੀ, ਸੀਤਾ, ਸ਼ੱਕਰ

मधुजित-ਮਧੁਜਿਤ, ਪੁ., ਵਿਸ਼ਨੂੰ

मधुजीरक-ਮਧੁਜੀਰਕ, ਪੁ., ਸੌਂਫ਼

मधुतृण-ਮਧੁਤ੍ਰਿਣ, ਪੁ., ਇੱਖ, ਗੰਨਾ, ਕਮਾਦ

मधुत्व-ਮਧੁਤ੍ਵ, ਪੁ., ਮਿਠਾਸ

मधुदीप-ਮਧੁਦੀਪ, ਪੁ., ਕਾਮਦੇਵ

मधुद्रोह-ਮਧੁਦੋਹ, ਪੁ,, ਸ਼ਹਿਦ ਚੋਣ ਵਾਲਾ, ਮਖਿਆਲ ਚੋਣ ਵਾਲਾ

मधुद्रुम-ਮਧੁਦ੍ਰੂਮ, ਪੁ., ਮਹੂਏ ਦਾ ਬੂਟਾ

मधुधारा-ਮਧੁਧਾਰਾ, ਇ., ਸ਼ਹਿਦ ਦੀ ਧਾਰ

मधुप-ਮਧੁਪ, ਪੁ., ਭੌਰਾ, ਸ਼ਹਿਦ ਦੀ ਮੱਖੀ

मधुपटल-ਮਧੁਪਟਲ, ਪੁ., ਸ਼ਹਿਤ ਦਾ ਛੱਤਾ

मधुपति-ਮਧੁਪਤਿ, ਪੁ., ਕ੍ਰਿਸ਼ਨ

मधुपर्क-ਮਧੁਪਰਕ, ਪੁ., ਜੋ ਦਹੀ ਘਿਉ ਜਲ ਸ਼ਹਿਦ ਅਤੇ ਚੀਨੀ ਰਲਾ ਕੇ ਵਿਆਹ ਵਿਚ ਲਾੜੇ ਨੂੰ ਪਿਲਾਇਆ ਜਾਵੇ

मधुपाका-ਮਧੁਪਾਕਾ, ਇ., ਖਰਬੂਜ਼ਾ

मधुपाई-ਮਧੁਪਾਈ, ਪੁ, ਭੌਰਾ. ਵਿ., ਸ਼ਹਿਦ ਪੀਣ ਵਾਲਾ

मधुपीलु-ਮਧੁਪੀਲੁ, ਪੁ., ਅਖਰੋਟ ਦਾ ਰੁੱਖ

मधुपुरी-ਮਧੁਪੁਰੀ, ਇ., ਮਥਰਾ

मधुप्रमेह-ਮਧੁਪ੍ਰਮੇਹ, ਪੁ., ਮੂਤਰ ਵਿਚ ਸ਼ਕਰ ਆਉਣ ਦਾ ਰੋਗ

मधुफल-ਮਧੁਫਲ, ਪੁ., ਦਾਖ, ਨਾਰੀਅਲ

मधुवन-ਮਧੁਬਨ, ਪੁ., ਬ੍ਰਿਜ ਦਾ ਇਕ ਬਣ

मधुवहुल-ਮਧੁਬਹੁਲ, ਇ., ਜੂਹੀ, ਚੰਬੇਲੀ

मधुवीज-ਮਧੁਬੀਜ, ਪੁ., ਅਨਾਰ

मधुमक्षिका-ਮਧੁਮਕਸ਼ਿਕਾ, ਇ., ਸ਼ਹਿਦ ਦੀ ਮੱਖੀ

मधुमञ्जन-ਮਧੁਮੰਜਨ, ਪੁ., ਅਖਰੋਟ ਦਾ ਬੂਟਾ

मधुमती-ਮਧੁਮਤੀ, ਇ., ਗੰਗਾ, ਇਕ ਛੰਦ, ਸਮਾਧੀ, ਸ਼ਿੱਧੀ

मधुमत्त-ਮਧੁਮੱਤ, ਵਿ., ਬਸੰਤ ਵਿਚ ਪਰਸੰਨ ਹੋਣ ਵਾਲਾ

मधुमाखी–ਮਧੁਮਾਖੀ, ਇ., ਸ਼ਹਿਦ ਦੀ ਮੱਖੀ
मधुमात–ਮਧੁਮਾਤ, ਪੁ., ਇਕ ਰਾਗ
मधुमाधव–ਮਧੁਮਾਧਵ, ਪੁ., ਬਸੰਤ
मधुमाधवी–ਮਧੁਮਾਧਵੀ, ਇ., ਇਕ ਰਾਗਣੀ, ਇਕ ਛੰਦ
मधुयष्टि–ਮਧੁਯਸ਼੍ਟਿ, ਇ., ਇੱਖ, ਕਮਾਦ
मधुर–ਮਧੁਰ, ਵਿ., ਮਿੱਠਾ, ਸੋਹਣਾ, ਮਨ ਨੂੰ ਖੁਸ਼ੀ ਦੇਣ ਵਾਲਾ
मधुरई–ਮਧੁਰਈ, ਇ., ਮਿੱਠਾਪਣ, ਕੋਮਲਤਾ
मधुरता–ਮਧੁਰਤਾ, ਪੁ., ਮਿਠਾਸ, ਕੋਮਲਤਾ, ਨਜ਼ਾਕਤ
मधुरत्व–ਮਧੁਰਤ੍ਵ. ਪੁ.. ਮਿਠਾਸ
मधुरस–ਮਧੁਰਸ, ਪੁ., ਇੱਖ, ਕਮਾਦ
मधुरसिक–ਮਧੁਰਸਿਕ, ਪੁ., ਭੌਰਾ
मधुराना–ਮਧੁਰਾਨਾ, ਕ੍ਰਿ., ਮਿੱਠਾ ਹੋਣਾ, ਮਿੱਠਾ ਕਰਨਾ
मधुरिका–ਮਧੁਰਿਕਾ, ਇ., ਸੌਂਫ
मधुरा–ਮਧੁਰਾ, ਇ., ਮਿੱਠਾ ਨਿੰਬੂ
मधुरान्न–ਮਧੁਰਾੱਨ, ਪੁ., ਮਿਠਿਆਈ
मधुरिका–ਮਧੁਰਿਕਾ, ਇ., ਸੌਂਫ
मधुरिपु–ਮਧੁਰਿਪੁ, ਪੁ., ਵਿਸ਼ਨੂੰ
मधुरिमा–ਮਧੁਰਿਮਾ, ਇ., ਮਿਠਾਸ, ਸੁੰਦਰਤਾ
मधुरी–ਮਧੁਰੀ, ਇ., ਇਕ ਵਾਜਾ, ਸੁੰਦਰਤਾ, ਅੰਬ ਦਾ ਬੂਟਾ
मधुल–ਮਧੁਲ, ਪੁ., ਸ਼ਰਾਬ
मधुलिका–ਮਧੁਲਿਕਾ, ਇ.. ਰਾਈ, ਸ਼ਰਾਬ
मधुलिह्–ਮਧੁਲਿਹ, ਪੁ., ਭੌਰਾ
मधुलोलुप–ਮਧੁਲੋਲੁਪ, ਪੁ., ਭੌਰਾ
मधुवन–ਮਧੁਵਨ, ਪੁ., ਜਮਨਾ ਦੇ ਕੰਢੇ ਮਥਰਾ ਦੇ ਲਾਗੇ ਇਕ ਬਣ
मधुवर्ण–ਮਧੁਵਰਣ, ਵਿ., ਸੁਨੱਖਾ
मधुवल–ਮਧੁਵਲ, ਪੁ., ਭੌਰਾ
मधुवासन–ਮਧੁਵਾਸਨ, ਪੁ., ਭੌਰਾ
मधुवीज–ਮਧੁਵੀਜ. ਪੁ., ਅਨਾਰ, ਦਾੜੂ
मधुवृक्ष–ਮਧੁਵ੍ਰਿਕਸ਼, ਪੁ.. ਮਹੂਏ ਦਾ ਬੂਟਾ
मधुश्री–ਮਧੁਸ਼੍ਰੀ, ਇ., ਬਸੰਤ ਦੀ ਖੂਬਸੂਰਤੀ
मधुसंकाश–ਮਧੁਸੰਕਾਸ਼, ਵਿ., ਦੇਖਣ ਵਿਚ ਸੋਹਣਾ
मधुसख–ਮਧੁਸਖ, ਪੁ., ਕਾਮਦੇਵ
मधुसम्भव–ਮ ਸੰਭਵ ਪੁ., ਮੋਮ
मधुसहाय–ਮਧੁਸਹਾਯ, ਪੁ., ਕਾਮ
मधुसुहृद–ਮਧੁਸੁਹ੍ਰਿਦ, ਪੁ., ਕਾਮਦੇਵ
मधुसूदन–ਮਧੁਸੂਦਨ, ਪੁ., ਵਿਸ਼ਨੂੰ, ਭੌਰਾ
मधुसूदनी–ਮਧੁਸੂਦਨੀ, ਇ., ਪਾਲਕ ਦਾ ਸਾਗ
मधुस्थान–ਮਧੁਸਥਾਨ, ਪੁ., ਸ਼ਹਿਦ ਦਾ ਛੱਤਾ, ਮਖਿਆਲ
मधुस्नेह–ਮਧੁਸ੍ਨੇਹ, ਪੁ., ਮੋਮ
मधुस्वर–ਸਧੁਸ੍ਵਰ, ਪੁ., ਕੋਇਲ
मधुहन–ਮਧੁਹਨ, ਪੁ., ਵਿਸ਼ਨੂੰ

मधूक–ਮਧੂਕ, ਪੁ., ਮਹੂਆ
मधूत्सव–ਮਧੂਤਸਵ, ਪੁ., ਬਸੰਤ ਦਾ ਤਿਉਹਾਰ
मधूलिका–ਮਧੂਲਿਕਾ, ਇ., ਇਕ ਤਰ੍ਹਾਂ ਦਾ ਮੋਟਾ ਧਾਨ, ਮੁਲੱਠੀ, ਇਕ ਤਰ੍ਹਾਂ ਦੀ ਮੱਖੀ, ਛੋਟੇ ਦਾਣੇ ਦੀ ਕਣਕ
मध्य–ਮਧਜ, ਪੁ., ਵਿਚਾਲਾ, ਕਮਰ, ਪੇਟ, ਗੱਭਾ
मध्यता–ਮਧਜਤਾ, ਇ., ਵਿਚਾਲਾ
मध्यम–ਮਧਜਮ, ਵਿ., ਵਿਚਾਲੇ ਦਾ, ਪੁ., ਸੰਗੀਤ ਦੇ ਸੱਤਾਂ ਸੁਰਾਂ ਵਿਚੋਂ ਚੋਥਾ ਸੁਰ, ਨਾਇਕਾ ਦੇ ਗੁੱਸੇ ਹੋਣ ਤੇ ਪਿਆਰ ਨਾ ਪਰਗਟ ਕਰਨ ਵਾਲਾ ਨਾਇਕ
मध्यमा–ਮਧਜਮਾ, ਇ., ਗਭਲੀ ਉਂਗਲੀ, ਉਹ ਨਾਇਕਾ ਜੋ ਆਪਨੇ ਪ੍ਰੀਤਮ ਦੇ ਪ੍ਰੇਮ ਜਾਂ ਦੋਸ਼ ਅਨੁਸਾਰ ਆਦਰ ਜਾਂ ਅਪਮਾਨ ਕਰੇ. ਭਿੱਟੀ ਹੋਈ ਔਰਤ
मध्यवर्ती–ਮਧਜਵਰਰੀ, ਵਿ., ਵਿਚਕਾਰਲਾ
मध्यस्थ–ਮਧਜਸਥ, ਪੁ., ਜੱਜ, ਝਗੜਾ ਮਿਟਾਉਣ ਵਾਲਾ, ਚੋਧਰੀ, ਪੰਚ
मध्यस्थता–ਮਧਜਸਥਤਾ, ਇ., ਚੁਧਰਾਈ, ਚੋਧਰਪਣ
मध्या–ਮਧਜਾ, ਇ., ਉਹ ਨਾਇਕਾ ਜਿਸ ਵਿਚ ਲਾਜ ਤੇ ਕਾਮ ਸਮਾਨ ਹੋਵੇ
मध्याह्न–ਮਧਜਾਹ੍ਨ, ਪੁ., ਦੁਪਹਿਰ
मन–ਮਨ, ਪੁ.. ਚਿੱਤ, ਇੱਛਿਆ, ਇਰਾਦਾ, ਅੰਤਹਿਕਰਣ, ਚਾਲੀ ਸੇਰ ਦਾ ਤੋਲ, ਵਡ ਮੁੱਲਾ ਪੱਥਰ
मनई–ਮਨਈ, ਪੁ., ਮਨੁੱਖ
मनकना–ਮਨਕਨਾ, ਕ੍ਰਿ., ਹਿੱਲਣਾ, ਡੋਲਣਾ, ਤਰਕ ਵਿਤਰਕ ਕਰਨਾ
मनकरा–ਮਨਕਰਾ, ਵਿ., ਚਮਕਦਾਰ, ਪਰਕਾਸ਼ਮਾਨ
मनका–ਮਨਕਾ, ਪੁ., ਪੱਥਰ ਜਾਂ ਲੱਕੜੀ ਦਾ ਗੋਲ ਗਲੀ ਵਾਲਾ ਦਾਣਾ. ਗਰਦਨ ਦੇ ਪਿੱਛੇ ਦੀ ਹੱਡੀ
मनकामना–ਮਨਕਾਮਨਾ, ਇ., ਮਨੋਰਥ, ਇੱਛਿਆ
मनकूला–ਮਨਕੂਲਾ, ਵਿ., ਹਿਲਾਈ ਜਾ ਸਕਣ ਵਾਲੀ ਦੌਲਤ
मनगढंत–ਮਨਗੜ੍ਹੰਤ, ਵਿ., ਝੂਠਮੂਠ, ਕਪੋਲ ਕਲਪਣਾ
मनचला–ਮਨਚਲਾ, ਵਿ., ਹਿੰਮਤੀ, ਨਿਡਰ, ਚੁਸਤ, ਰਸੀਆ
मनचाहता–ਮਨਚਾਹਤਾ, ਵਿ , ਮਨਭਾਉਂਦਾ
मनचाहा–ਮਨਚਾਹਾ, ਵਿ., ਇੱਛਿਤ, ਜਿਸ ਚੀਜ਼ ਨੂੰ ਮਨ ਕਰਦਾ ਹੋਵੇ
मनचीता–ਮਨਚੀਤਾ, ਵਿ., ਮਨ ਵਿਚ ਚਿਤਵਿਆ ਹੋਇਆ
मनजात–ਮਨਜਾਤ, ਪੁ., ਕਾਮਦੇਵ
मनन–ਮਨਨ, ਪੁ., ਘੜੀ ਘੜੀ ਵਿਚਾਰਣ ਦੀ ਕਿਰਿਆ ਸੋਚਣ ਦਾ ਕੰਮ, ਚੰਗੀ ਤਰ੍ਹਾਂ ਮੁਤਾਲਾ ਕਰਨ ਦਾ ਭਾਵ
मननशील–ਮਨਨਸ਼ੀਲ, ਵਿ., ਵਿਚਾਰਵਾਨ
मननाना–ਮਨਨਾਨਾ, ਕ੍ਰਿ., ਗੂੰਜਣਾ
मनभाया–ਮਨਭਾਯਾ, ਵਿ., ਮਨਮੰਨਿਆ, ਮਨਭਾਉਂਦਾ
मनभावता–ਮਨਭਾਵਤਾ, ਵਿ., ਮਨਭਾਉਂਦਾ

मनभावन–ਮਨਭਾਵਨ, ਵਿ., ਜੋ ਮਨ ਨੂੰ ਚੰਗੀ ਲਗੇ

मनमति–ਮਨਮਤਿ, ਵਿ., ਬੇਮੁਹਾਰਾ, ਮਨਮੌਜੀ

मनमथ–ਮਨਮਥ, ਪੁ., ਕਾਮਦੇਵ

मनमानता–ਮਨਮਾਨਤਾ, ਵਿ., ਮਨਮੰਨਿਆ, ਮਨਲੋੜਾ

मनमुखी–ਮਨਮੁਖੀ, ਵਿ., ਬੇਮੁਹਾਰਾ, ਮਨ ਦੇ ਆਖੇ ਚਲਣ ਵਾਲਾ

मनमुटाव–ਮਨਮੁਟਾਵ, ਇ., ਗੁੱਸਾ ਗਿਲਾ, ਮਨ ਫਿਰ ਜਾਣ ਦਾ ਭਾਵ

मनमोदक–ਮਨਮੋਦਕ, ਪੁ., ਮਨ ਦੇ ਲੱਡੂ, ਅਣਹੋਣੀ ਗੱਲ

मनमोहन–ਮਨਮੋਹਨ, ਵਿ., ਮਣ ਨੂੰ ਪਿਆਰਾ ਲੱਗਣ ਵਾਲਾ, ਪਿਆਰਾ, ਪੁ., ਸ਼੍ਰੀ ਕ੍ਰਿਸ਼ਨ

मनमोहनी–ਮਨਮੋਹਨੀ, ਵਿ., ਮਨ ਨੂੰ ਮੋਹ ਲੈਣ ਵਾਲੀ

मनमौजी–ਮਨਮੌਜੀ, ਵਿ., ਮਨਮੰਨੀ ਕਰਨ ਵਾਲਾ

मनरंज–ਮਨਰੰਜ, ਵਿ., ਮਨ ਨੂੰ ਪ੍ਰਸੰਨ ਕਰਨ ਵਾਲਾ

मनरंजन–ਮਨਰੰਜਨ, ਵਿ., ਮਨ ਨੂੰ ਪ੍ਰਸੰਨ ਕਰਨ ਵਾਲਾ

मनलाडू–ਮਨਲਾਡੂ. ਪੁ., ਦੇਖੋ ਮਨਮੋਦਕ (मनमोदक)

मनवां–ਮਨਵਾਂ, ਪੁ., ਨਰਮਾ, ਇਕ ਤਰ੍ਹਾਂ ਦੀ ਕਪਾਹ

मनवांछित–ਮਨਵਾਂਛਿਤ, ਵਿ., ਮਨਭਾਉਂਦੀ, ਮਨਚਾਹਾ

मनवाना–ਮਨਵਾਨਾ, ਕ੍ਰਿ., ਮਨਾਉਣਾ, ਹਾਂ ਕਰਾਉਣੀ

मनशा–ਮਨਸ਼ਾ, ਇ., ਅਭਿਲਾਸ਼ਾ, ਇੱਛਿਆ, ਚਾਹਨਾ, ਇਰਾਦਾ, ਮਤਲਬ

मनसना–ਮਨਸਨਾ, ਕ੍ਰਿ., ਦਾਨ ਕਰਨਾ, ਸੰਕਲਪ ਕਰਨਾ, ਦੇਣਾ, ਪੱਕਾ ਵਿਰਾਦਾ ਕਰਨਾ, ਚਾਹੁਣਾ

मनसब–ਮਨਸਬ, ਪੁ., ਅਧਿਕਾਰ, ਅਹੁਦਾ, ਥਾਂ, ਰੁਜ਼ਗਾਰ, ਕੰਮ

मनसा–ਮਨਸਾ, ਇ., ਇਕ ਦੇਵੀ ਦਾ ਨਾਉਂ, ਚਾਹਨਾ, ਮਨੋਰਥ, ਸੰਕਲਪ, ਸਲਾਹ, ਮਤਲਬ, ਮਨ, ਬੁੱਧ. ਵਿ., ਮਨ ਸਬੰਧੀ, ਕ੍ਰਿ. ਵਿ., ਮਨ ਨਾਲ, ਦਿਲ ਨਾਲ

मनसाकार–ਮਨਸਾਕਾਰ, ਵਿ., ਮਨੋਰਥ ਪੂਰਾ ਕਰਨ ਵਾਲਾ

मनसाना–ਮਨਸਾਨਾ, ਕ੍ਰਿ., ਉਮੰਗ ਵਿਚ ਆਉਣਾ, ਮੰਤਰ ਪੜ੍ਹ ਕੇ ਦਾਨ ਆਦਿਕ ਕਰਾਉਣਾ

मनसापञ्चमी–ਮਨਸਾਪੰਚਮੀ, ਇ., ਹਾੜ੍ਹ ਵਦੀ ਪੰਚਮੀ

मनसायन–ਮਨਸਾਯਨ, ਵਿ., ਉਹ ਥਾਂ ਜਿਥੇ ਮਨ ਪਰਚਾਉਣ ਲਈ ਕੁਝ ਲੋਕ ਇਕੱਠੇ ਹੋਣ

मनसिकार–ਮਨਸਿਕਾਰ, ਪੁ., ਧਿਆਨ, ਮਨੋਜੋਗ

मनसिज–ਮਨਸਿਜ, ਪੁ., ਕਾਮਦੇਵ

मनसिशय–ਮਨਸਿਸ਼ਯ, ਪੁ., ਕਾਮਦੇਵ

मनसूख–ਮਨਸੂਖ, ਵਿ., ਅਪ੍ਰਵਾਣ ਕੀਤਾ ਹੋਇਆ, ਤਿਆਗਿਆ ਹੋਇਆ

मनसूबा–ਮਨਸੂਬਾ, ਪੁ., ਜੁਗਤੀ, ਵਿਚਾਰ, ਇਰਾਦਾ, ਮਨਸਾ

मनसेधू–ਮਨਸੇਪੂ, ਪੁ., ਮਨੁੱਖ

मनस्क–ਮਨਸਕ, ਪੁ., ਮਨੋਜੋਗ

मनस्कान्त–ਮਨਸਕਾਂਤ, ਵਿ., ਮਨ ਦੇ ਅਨੁਕੂਲ, ਪਿਆਰਾ

मनस्काम–ਮਨਸਕਾਮ, ਪੁ., ਮਨੋਰਥ, ਅਭਿਲਾਸ਼ਾ

मनस्ताप–ਮਨਸੁਾਪ, ਪੁ., ਪਛੋਤਾਵਾ, ਅੰਦਰੂਨੀ ਦੁਖ

मनस्ताल–ਮਨਸੁਾਲ, ਪੁ., ਦੁਰਗਾ ਦੇਵੀ ਦਾ ਸ਼ੇਰ, ਹਰਤਾਲ

मनस्थ–ਮਨਸਥ, ਵਿ., ਮਨ ਵਿਚ, ਮਨ ਅੰਦਰ

मनस्विन्–ਮਨਸ੍ਵਿਨ, ਵਿ., ਉਚੇ ਵਿਚਾਰ ਵਾਲਾ, ਮਨਮੌਜੀ

मनस्विनी–ਮਨਸ੍ਵਿਨੀ, ਇ.. ਚੰਗੇ ਖਿਆਲਾਂ ਵਾਲੀ ਤੀਵੀਂ

मनस्वी–ਮਨਸ੍ਵੀ, ਵਿ., ਦੇਖੋ ਮਨਸ੍ਵਿਨ (मनस्विन।

मनहर–ਮਨਹਰ, ਵਿ., ਮਨ ਨੂੰ ਚੁਰਾਉਣ ਵਾਲਾ, ਮਨੋਹਰ

मनहरण–ਮਨਹਰਣ, ਪੁ., ਮਨ ਹਰਣ ਦੀ ਕਿਰਿਆ ਜਾਂ ਭਾਵ

मनहार, मनहारि–ਮਨਹਾਰ, ਮਨਹਾਰਿ, ਵਿ., ਮਨ ਹਰਣ ਵਾਲਾ

मनहुं–ਮਨਹੁੰ, ਅਵਜ., ਮਾਨੋ, ਜਿਵੇਂ

मनहूस–ਮਨਹੂਸ, ਵਿ., ਜੋ ਦੇਖਣ ਵਿਚ ਬੁਰਾ ਮਲੂਮ ਹੋਵੇ, ਬੁਰਾ

मना–ਮਨਾ, ਵਿ., ਨਿਖਿੱਧ. ਜੋ ਕੁਝ ਨਾ ਕੁਝ ਕਰਨ ਤੋਂ ਰੋਕਿਆ ਗਿਆ ਹੋਵੇ

मनाई–ਮਨਾਈ, ਇ., ਮਨਾਹੀ

मनाक्–ਮਨਾਕ, ਵਿ., ਥੋੜਾ, ਜ਼ਰਾਕੁ

मनाका–ਮਨਾਕਾ, ਇ., ਹਥਣੀ

मनादी–ਮਨਾਦੀ, ਇ., ਡੌਂਡੀ. ਢਿੰਡੋਰਾ

मनाना–ਮਨਾਨਾ, ਕ੍ਰਿ., ਮਨਾਉਣਾ, ਪ੍ਰਵਾਣ ਕਰਾਉਣਾ, ਰਾਜ਼ੀ ਕਰਨਾ, ਪ੍ਰਾਰਥਨਾ ਕਰਨੀ, ਸੁੱਖ ਦੇਣੀ

मनावन–ਮਨਾਵਨ, ਪੁ., ਨਰਾਜ਼ ਹੋਏ ਨੂੰ ਰਾਜ਼ੀ ਕਰਨ ਦਾ ਭਾਵ, ਮਨਾਉਣ ਦੀ ਕਿਰਿਆ

मनावी–ਮਨਾਵੀ, ਇ., ਮਨੂੰ ਦੀ ਤੀਵੀਂ ਦਾ ਨਾਉਂ

मनाही–ਮਨਾਹੀ, ਇ., ਰੋਕ, ਰੁਕਾਵਟ, ਨਾ ਕਰਨ ਲਈ ਆਖਣ ਦਾ ਭਾਵ

मनि–ਮਨਿ, ਇ., ਮਣੀ, ਇਕ ਰਤਨ

मनिका–ਮਨਿਕਾ, ਇ., ਮਾਲਾ ਦਾ ਦਾਣਾ, ਮਣਕਾ

मनित–ਮਨਿਤ, ਵਿ., ਗਿਆਤ ਜ਼ਾਹਰ

मनिया–ਮਨਿਯਾ, ਇ., ਮਣਕਾ. ਕੰਠੀ, ਮਾਲਾ ਦਾ ਦਾਣਾ

मनियार–ਮਨਿਯਾਰ, ਵਿ., ਚਮਕੀਲਾ, ਦਰਸ਼ਨੀ, ਸੋਭਾਵਾਨ

मनी–ਮਨੀ, ਇ., ਮਣੀ, ਬੀਰਜ, ਹੰਕਾਰ, ਘਮੰਡ

मनीर–ਮਨੀਰ, ਇ., ਮੋਰਨੀ

मनीषा–ਮਨੀਸ਼ਾ, ਇ., ਬੁੱਧ, ਪਰਸੰਸਾ, ਤਾਰੀਫ, ਅਕਲ, ਉਸਤੁਤਿ

मनीषित–ਮਨੀਸ਼ਿਤ, ਵਿ.. ਚਾਹਿਆ ਹੋਇਆ

मनीषिता–ਮਣੀਸ਼ਿਤਾ, ਇ., ਅਕਲਮੰਦੀ, ਸਿਆਣਪ

मनीषिन्–ਮਨੀਸ਼ਿਨ, ਇ., ਪੰਡਿਤ, ਗਿਆਨੀ, ਸਿਆਣਾ

मनीषी–ਮਨੀਸ਼ੀ, ਵਿ., ਪੰਡਿਤ, ਸਿਆਣਾ

मनु–ਮਨੁ, ਪੁ., ਵਿਸ਼ਨੂੰ, ਦੁਨੀਆ ਦਾ ਪਹਿਲਾ ਮਨੁੱਖ, ਮੰਤਰ, ਮਨ, ਅੰਤਹਿਕਰਣ, ਅਗਨੀ, ਵਿਦਵਾਨ, ਚੌਦਾਂ ਦੀ ਸੰਖਿਆ,

ਮਾਨਵ ਜਾਤ ਦੇ ਆਦਿ ਪੁਰਸ਼ ਜੋ ਚੌਦਾਂ ਹਨ, ਅਵਜ., ਮਾਨੋ, ਜਿਵੇਂ

मनुआँ-ਮਨੂਆਂ, ਪੁ., ਮਨ, ਮਨੁੱਖ, ਨਰਮਾ, ਦੇਵ ਕਪਾਹ

मनुज-ਮਨੁਜ, ਪੁ., ਮਨੁੱਖ, ਆਦਮੀ

मनुजलोक-ਮਨੁਜਲੋਕ, ਪੁ., ਮਿਰਤ ਲੋਕ

मनुजा-ਮਨੁਜਾ, ਇ., ਤੀਵੀਂ, ਨਾਰੀ, ਔਰਤ

मनुजात-ਮਨੁਜਾਤ, ਵਿ., ਮਨੂ ਤੋਂ ਪੈਦਾ ਹੋਇਆ ਮਨੁੱਖ

मनुजाद-ਮਨੁਜਾਦ, ਵਿ., ਰਾਖਸ਼

मनुजाधिप-ਮਨੁਜਾਧਿਪ, ਪੁ., ਰਾਜਾ

मनुजेन्द्र-ਮਨੁਜੇਂਦ੍ਰ, ਪੁ., ਰਾਜਾ

मनुराज-ਮਨੁਰਾਜ, ਪੁ., ਕੁਬੇਰ

मनुष-ਮਨੁਸ਼, ਪੁ., ਬੰਦਾ, ਆਦਮੀ, ਪੁਰਸ਼, ਨਰ

मनुष्यता-ਮਨੁਸ਼ਜਤਾ, ਇ., ਮਨੁੱਖਤਾ, ਧਰਮ, ਸੱਭਤਾ, ਦਇਆ ਭਾਵ, ਨਰਮ ਦਿਲੀ

मनुष्यत्व-ਮਨੁਸ਼ਜਤ੍ਵ, ਪੁ., ਮਨੁੱਖਤਾ, ਆਦਮੀਅਤ, ਇਨਸਾਨੀਅਤ

मनुष्ययज्ञ-ਮਨੁਸ਼ਜਯਗਜ, ਪੁ., ਅਤਿਥੀ ਸਤਿਕਾਰ, ਪ੍ਰਾਹੁਣਚਾਰੀ

मनुष्यरथ-ਮਨੁਸ਼ਜਰਥ, ਪੁ., ਉਹ ਰਥ ਜਿਸ ਨੂੰ ਮਨੁੱਖ ਖਿਚਦੇ ਹਨ

मनुष्यलोक-ਮਨੁਸ਼ਜਲੋਕ, ਪੁ., ਮਾਤਲੋਕ, ਧਰਤੀ

मनुसंहिता-ਮਨੁਸੰਹਿਤਾ, ਇ., ਧਰਮ ਸ਼ਾਸਤਰ

मनुसाई-ਮਨੁਸਾਈ, ਵਿ., ਪੁਰਸ਼ਾਰਥ, ਮਨੁੱਖਤਾ, ਹਿੰਮਤ, ਇਨਸਾਨੀਅਤ

मनुस्मृति-ਮਨੁਸਮ੍ਰਿਤੀ, ਇ., ਮਨੂੰ ਦਾ ਧਰਮ ਸ਼ਾਸਤਰ

मनुहार-ਮਨੁਹਾਰ, ਇ., ਖੁਸ਼ਾਮਦ, ਬੇਨਤੀ, ਸਤਿਕਾਰ, ਆਦਰ

मनुहारना-ਮਨੁਹਾਰਨਾ, ਕ੍ਰਿ., ਮਨਾਉਣਾ, ਆਦਰ ਸਤਿਕਾਰ ਕਰਨਾ, ਬੇਨਤੀ ਕਰਨਾ

मनूरी-ਮਨੂਰੀ, ਇ., ਮੁਰਾਦਾਬਾਦੀ ਕਲੀ ਕਰਨ ਦਾ ਬੁਰਾਦਾ

मनो-ਮਨੋ, ਅਵਜ., ਮਾਨੋ, ਜਿਵੇਂ

मनोकामना-ਮਨੋਕਾਮਨਾ, ਇ., ਅਭਿਲਾਸ਼ਾ, ਇੱਛਿਆ

मनोगत-ਮਨੋਗਤ, ਵਿ., ਮਨ ਚਿਤਵਿਆ, ਪੁ., ਕਾਮਦੇਵ

मनोगति-ਮਨੋਗਤਿ, ਇ., ਮਨ ਦੀ ਚਾਲ, ਇੱਛਿਆ, ਅਭਿਲਾਸ਼ਾ

मनोगवी-ਮਨੋਗਵੀ, ਇ., ਅਭਿਲਾਸ਼ਾ, ਇੱਛਿਆ

मनोज-ਮਨੋਜ, ਪੁ., ਕਾਮਦੇਵ

मनोजव-ਮਨੋਜਵ, ਪੁ., ਵਿਸ਼ਨੂੰ, ਮਨ ਦਾ ਵੇਗ, ਵਿ., ਪਿਉ ਜੇਹਾ, ਤੇਜ ਚਾਲ ਵਾਲਾ

मनोजात-ਮਨੋਜਾਤ, ਵਿ., ਮਨ ਤੋਂ ਪੈਦਾ ਹੋਣ ਵਾਲਾ

मनोज्ञ-ਮਨੋਗਜ, ਵਿ., ਖੂਬਸੂਰਤ, ਮਨੋਹਰ

मनोज्ञा-ਮਨੋਗਜਾ, ਇ., ਸੁੰਦਰੀ, ਮਨਸਲ, ਸ਼ਰਾਬ, ਜਵਿੱਤਰੀ ਦਾ ਫੁੱਲ

मनोदाही-ਮਨੋਦਾਹੀ, ਵਿ., ਮਨ ਨੂੰ ਜਲਾਉਣ ਵਾਲਾ

मनोदुष्ट-ਮਨੋਦੁਸ਼੍ਟ, ਵਿ., ਭੈੜੇ ਦਿਲ ਵਾਲਾ

मनोदेवता-ਮਨੋਦੇਵਤਾ, ਪੁ., ਅੰਤਰਾਤਮਾ, ਬਿਬੇਕ, ਜ਼ਮੀਰ

मनोधृत-ਮਨੋਧ੍ਰਿਤ, ਵਿ., ਜਤੀ

मनोनिग्रह-ਮਨੋਨਿਗ੍ਰਹ, ਪੁ., ਚਿਤਵਿਰਤੀ ਨੂੰ ਵਸ ਕਰਨ ਦਾ ਭਾਵ, ਮਨ ਤੇ ਕਾਬੂ ਪਾਉਣ ਦਾ ਭਾਵ

मनोनीत-ਮਨੋਨੀਤ, ਵਿ., ਚੁਣਿਆ ਹੋਇਆ, ਜੋ ਮਨ ਦੇ ਅਨੁਕੂਲ ਹੋਵੇ, ਪਸੰਦ

मनोहारी-ਮਨੋਹਾਰੀ, ਵਿ., ਚਿਤ ਚੋਰ, ਮਨ ਹਰਣ ਵਾਲਾ

मनोभव-ਮਨੋਭਵ, ਪੁ., ਕਾਮਦੇਵ, ਵਿ., ਮਨ ਤੋਂ ਪੈਦਾ ਹੋਇਆ

मनोभिराम-ਮਨੋਭਿਰਾਮ, ਵਿ., ਖੂਬਸੂਰਤ

मनोभृत-ਮਨੋਭ੍ਰਿਤ, ਪੁ., ਚੰਨ, ਚੰਦਰਮਾ

मनोमथन-ਮਨੋਮਥਨ, ਪੁ., ਕਾਮਦੇਵ

मनोमय-ਮਨੋਮਯ, ਵਿ., ਮਨਰੂਪ, ਮਾਨਸਿਕ

मनोमयकोश-ਮਨੋਮਯਕੋਸ਼, ਪੁ., ਵੇਦਾਂਤ, ਸਾਸ਼ਤਰ ਦੇ ਅਨੁਸਾਰ ਪੰਜਾਂ ਕੋਸ਼ਾਂ ਵਿਚੋਂ ਉਹ ਕੋਸ਼ ਜਿਸ ਅੰਦਰ ਬੁੱਧਿ ਮਨ ਹੰਕਾਰ ਅਤੇ ਦਸ ਇੰਦਰੀਆਂ ਹੁੰਦੀਆਂ ਹਨ

मनोयायी-ਮਨੋਯਾਯੀ, ਵਿ., ਇੱਛਿਆ ਅਨੁਸਾਰ ਵਿਚਰਣ ਵਾਲਾ

मनोयोग-ਮਨੋਯੋਗ, ਪੁ., ਚਿਤ ਵਿਰਤੀ ਨੂੰ ਰੋਕ ਕੇ ਇਕਾਗਰ ਕਰਨਾ ਅਤੇ ਕਿਸੇ ਇਕ ਪਦਾਰਥ ਤੇ ਟਿਕਾਉਣ ਦਾ ਭਾਵ

मनोरथ-ਮਨੋਰਥ, ਪੁ., ਅਭਿਲਾਸ਼ਾ, ਇੱਛਿਆ

मनोरम-ਮਨੋਰਮ, ਵਿ., ਸੁੰਦਰ, ਮਨੋਹਰ

मनोरमा-ਮਨੋਰਮਾ, ਵਿ., ਬੁੱਧ ਦੀ ਇਕ ਸ਼ਕਤੀ, ਇਕ ਛੰਦ, ਸਰਸੁਤੀ, ਸੁੰਦਰ ਇਸਤ੍ਰੀ

मनोरा-ਮਨੋਰਾ, ਪੁ., ਗੋਹੇ ਨਾਲ ਕੰਧ ਤੇ ਬਣਾਈ ਤਸਵੀਰ ਜਿਸ ਦੀ ਪੂਜਾ ਕਰਦੇ ਹਨ

मनोराज-ਮਨੋਰਾਜ, ਪੁ., ਮਨਘੜੰਤ, ਮਨ ਦੀ ਕਲਪਣਾ

मनोरिया-ਮਨੋਰਿਯਾ, ਇ., ਝਾਲਰ

मनोलौल्य-ਮਨੋਲੌਲਜ, ਪੁ., ਚਿਤ ਦੀ ਚੰਚਲਤਾ

मनोवती-ਮਨੋਵਤੀ, ਇ., ਇਕ ਅਪੱਛਰਾ

मनोवाञ्छा-ਮਨੋਵਾਂਛਾ, ਇ., ਮਨ ਦੀ ਇੱਛਿਆ

मनोवाञ्छित-ਮਨੋਵਾਂਛਿਤ, ਵਿ., ਇੱਛਤ, ਚਾਹਿਆ, ਭਾਉਂਦਾ

मनोविकार-ਮਨੋਵਿਕਾਰ, ਪੁ., ਮਨ ਦੀ ਉਹ ਹਾਲਤ ਜਿਸ ਵਿਚ ਦੁਖ ਸੁਖ ਦੇ ਭਾਵ ਜਾਂ ਵਿਚਾਰ ਪੈਦਾ ਹੋਣ

मनोविज्ञान-ਮਨੋਵਿਗਜਾਨ, ਪੁ., ਮਾਨਸਿਕ ਵਿਦਿਆ

मनोवृत्ति-ਮਨੋਵ੍ਰਿੱਤਿ, ਇ., ਮਨ ਦਾ ਸੁਭਾਉ, ਮਨ ਦਾ ਵਪਾਰ

मनोवेग-ਮਨੋਵੇਗ, ਪੁ., ਮਨ ਦਾ ਵਿਕਾਰ, ਉਛਾਲਾ

मनोसर-ਮਨੋਸਰ ਪੁ., ਮਨ ਦੀ ਵਿਰਤੀ

मनोहत-ਮਨੋਹਤ, ਵਿ., ਨਿਰਾਸ, ਨਾ ਉਮੀਦ

मनोहर-ਮਨੋਹਰ, ਵਿ., ਖੂਬਸੂਰਤ, ਸੁੰਦਰ, ਚਿਤ ਲੁਭਾਉਣ ਵਾਲਾ ਪੁ., ਸੋਨਾ, ਇਕ ਛੰਦ, ਇਕ ਰਾਗ

मनोहरता-ਮਨੋਹਰਤਾ, ਇ., ਸੁੰਦਰਤਾ, ਸੁਹਣਪ

मनोहरताई-ਮਨੋਹਰਤਾਈ, ਇ., ਖੂਬਸੂਰਤੀ, ਸੁੰਦਰਤਾ

मनोहरी–ਮਨੋਹਰੀ, ਇ., ਕੰਨ ਦੀ ਛੋਟੀ ਵਾਲੀ

मनोहारी–ਮਨੋਹਾਰੀ, ਵਿ., ਮਨੋਹਰ, ਮਨ ਲੁਭਾਉਣ ਵਾਲਾ

मनौती–ਮਨੌਤੀ, ਇ., ਗੁੱਸੇ ਹੋਈ ਨੂੰ ਮਨਾਉਣ ਦਾ ਕੰਮ, ਕਿਸੇ ਦੇਵਤੇ ਦੀ ਮੰਨਤ

मन्तव्य–ਮੰਤਵਜ, ਪੁ., ਮਨ, ਵਿਚਾਰ, ਵਿ., ਮੰਨਣ ਯੋਗ

मन्त्र–ਮੰਤ੍ਰ, ਪੁ., ਸਲਾਹ, ਵਿਚਾਰ, ਵੇਦ ਦਾ ਇਕ ਹਿੱਸਾ, ਗੁਪਤ ਗੱਲ, ਵੈਦਕ ਵਾਕ

मन्त्रण–ਮੰਤ੍ਰਣ, ਪੁ., ਸਲਾਹ

मन्त्रणा–ਮੰਤ੍ਰਣਾ, ਇ., ਸਲਾਹ, ਵਿਚਾਰ

मन्त्रविद्या–ਮੰਤ੍ਰਵਿਦਜਾ, ਵਿ., ਮੰਤਰ ਸ਼ਾਸਤਰ

मन्त्रसंहिता–ਮੰਤ੍ਰਸੰਹਿਤਾ, ਇ., ਵੈਦਕ ਮੰਤਰਾਂ ਦਾ ਸੰਗ੍ਰਹਿ

मन्त्रसिद्धि–ਮੰਤ੍ਰਸਿੱਧਿ, ਇ., ਮੰਤਰ ਦੀ ਸਫਲਤਾ

मंन्त्रिता–ਮੰਤ੍ਰਿਤਾ, ਇ., ਮੰਤ੍ਰੀ ਦਾ ਕੰਮ

मन्त्री–ਮੰਤ੍ਰੀ, ਪੁ., ਉਹ ਮਨੁੱਖ ਜਿਸ ਦੀ ਸਲਾਹ ਨਾਲ ਰਾਜ ਦਾ ਕੰਮ ਕਾਜ ਹੁੰਦਾ ਹੋਵੇ, ਵਜ਼ੀਰ, ਸਲਾਹ ਦੇਣ ਵਾਲਾ ਬੰਦਾ

मन्त्रोदक–ਮੰਤ੍ਰੋਦਕ, ਪੁ., ਮੰਤਰਿਆ ਹੋਇਆ ਪਾਣੀ

मन्थ–ਮੰਥ, ਪੁ., ਮਧਾਣੀ, ਕਿਰਣ, ਦਵਾਈ ਨੂੰ ਕਾੜ੍ਹਨ ਦਾ ਢੰਗ, ਹਿਲਾਉਣ ਦੀ ਕਿਰਿਆ

मन्थर–ਮੰਥਰ, ਪੁ., ਮਧਾਣੀ, ਖਜ਼ਾਣਾ, ਜਸੂਸ, ਕ੍ਰੋਧ, ਵੈਸਾਖ ਮਹੀਨਾ, ਮੱਖਣ, ਫਲ, ਵਿ., ਮੰਦ, ਭਾਰੀ, ਟੇਢਾ, ਨੀਚ, ਪਾਜੀ, ਸੁਸਤ

मन्था–ਮੰਥਾ, ਇ., ਮੇਥੀ

मन्थान–ਮੰਥਾਨ, ਪੁ., ਮਧਾਣੀ, ਸ਼ਿਵ, ਇਕ ਛੰਦ

मन्थनी–ਮੰਥਨੀ, ਵਿ., ਮਧਾਣੀ

मन्द–ਮੰਦ, ਪੁ., ਸ਼ਨੀ, ਜਮ, ਮੂਰਖ, ਪਰਲੋ, ਵਿ., ਧੀਮਾ, ਆਲਸੀ, ਦੁਸ਼ਟ, ਮੂਰਖ, ਅਭਾਗਾ

मन्दता–ਮੰਦਤਾ, ਇ., ਆਲਸ, ਧੀਮਾਪਣ, ਸੁਸਤੀ

मन्दबुद्धि–ਮੰਦਬੁੱਧਿ, ਵਿ., ਕਮੱਕਲ, ਥੋੜੀ ਅਕਲ ਵਾਲਾ

मन्दभागी–ਮੰਦਭਾਗੀ, ਵਿ., ਅਭਾਗਾ, ਬਦਨਸੀਬ, ਬਦਕਿਸਮਤ, ਖੋਟੇ ਭਾਗਾਂ ਵਾਲਾ

मन्दभाग्य–ਮੰਦਭਾਗਜ, ਪੁ., ਭੈੜਾ ਕਰਮ, ਬੁਰੇ ਭਾਗ

मन्दभाषिणी–ਮੰਦਭਾਸ਼ਿਣੀ, ਵਿ., ਮਿਠਬੋਲੀ, ਪਿਆਰਾ ਬੋਲਣ ਵਾਲੀ

मन्दा–ਮੰਦਾ, ਵਿ., ਧੀਮਾ, ਕਮਜ਼ੋਰ, ਵਿਗੜਿਆ ਹੋਇਆ, ਸਸਤਾ, ਖਰਾਬ

मन्दाकिनी–ਮੰਦਾਕਿਨੀ, ਇ., ਸੁਰਗ ਦੀ ਗੰਗਾ

मन्दाक्रान्ता–ਮੰਦਾਕ੍ਰਾਂਤਾ, ਇ., ਇਕ ਛੰਦ, ਵਿ., ਥੋੜਾ, ਜਿਤਿਆ ਹੋਇਆ

मन्दाक्ष–ਮੰਦਾਕਸ਼, ਪੁ., ਸ਼ਰਮ, ਲਾਜ

मन्दाग्नि–ਮੰਦਾਗ੍ਨਿ, ਪੁ., ਅਗਨੀ ਮੰਦ ਹੋਣ ਦੀ ਬੀਮਾਰੀ

मन्दान–ਮੰਦਾਨ, ਪੁ., ਜਹਾਜ਼ ਦਾ ਅਗਲਾ ਹਿੱਸਾ

मन्दानिल–ਮੰਦਾਨਿਲ, ਪੁ., ਮਲਯਾਚਲ ਪਹਾੜ ਦੀ ਮਿੱਠੀ ਮਿੱਠੀ ਹਵਾ

मन्दार–ਮੰਦਾਰ, ਪੁ., ਅੱਕ, ਹਾਥੀ, ਸ੍ਵਰਗ, ਹੱਥ, ਮੰਦਰਾਚਲ ਪਹਾੜ

मन्दरा–ਮੰਦਰਾ, ਪੁ., ਮਜੀਰਾ ਨਾਮੀ ਸਾਜ

मन्दिल–ਮੰਦਿਲ, ਪੁ., ਦੇਵਾਲਾ, ਘਰ, ਧਰਮਾਦਾ

मन्दी–ਮੰਦੀ, ਵਿ., ਸਸਤੀ, ਘਟ ਕੀਮਤ ਦੀ

मन्दील–ਮੰਦੀਲ, ਪੁ., ਸਿਰ ਦਾ ਇਕ ਗਹਿਣਾ

मन्दुरा–ਮੰਦੁਰਾ, ਇ., ਚਟਾਈ, ਘੁੜਸਾਲ, ਤਬੇਲਾ

मन्दुरिक–ਮੰਦੁਰਿਕ, ਪੁ., ਘੋੜੇ ਦਾ ਸਾਈਸ

मन्दोदरी–ਮੰਦੋਦਰੀ, ਇ., ਰਾਵਣ ਦੀ ਪਟਰਾਣੀ

मन्दोष्ण–ਮੰਦੋਸ਼ਣ, ਵਿ., ਥੋੜਾ ਗਰਮ, ਖ਼ੂਹ ਨੁਵਾਇਆ, ਕੋਸਾ

मन्द्र–ਮੰਦ੍ਰ, ਪੁ., ਮਿਰਦੰਗ, ਹਾਥੀ ਦੀ ਇਕ ਨਸਲ, ਵਿ., ਪ੍ਰਸੰਨ, ਸੁੰਦਰ, ਮਨੋਹਰ, ਧੀਮਾ, ਸੰਗੀਤ ਦੇ ਸ੍ਵਰਾਂ ਦੇ ਤਿੰਨਾਂ ਸਪਤਕਾਂ ਵਿਚੋਂ ਪਹਿਲਾ

मन्नत–ਮੰਨਤ, ਪੁ., ਮੰਨਤਾ, ਮਨੌਤੀ, ਸੁੱਖ

मन्ना–ਮੰਨਾ, ਪੁ., ਇਕ ਤਰ੍ਹਾਂ ਮਿੱਠਾ ਰਸ ਜੋ ਰੁੱਖਾਂ ਵਿਚੋਂ ਆਪ ਹੀ ਰਸਦਾ ਹੈ

मन्मथ–ਮਨਮਥ, ਪੁ., ਕਾਮਦੇਵ, ਕੈਥ ਦਾ ਰੁੱਖ

मन्मथालय–ਮਨਮਥਾਲਯ, ਪੁ., ਪ੍ਰੇਮੀ ਤੇ ਪ੍ਰੇਮਣ ਦੇ ਮਿਲਣ ਦਾ ਥਾਂ

मन्मन–ਮਨਮਨ, ਪੁ., ਗਦਗਦ ਬਾਣੀ, ਕੰਨ ਵਿਚ ਗੁਪਤ ਗੱਲ ਕਹਿਣ ਦਾ ਭਾਵ

मन्य–ਮਨਯ. ਵਿ., ਮਾਨਨੀਯ, ਮੰਨਣ ਜੋਗ

मन्या–ਮਨਯਾ, ਇ., ਗਰਦਨ ਦੇ ਪਿਛਲੀ ਇਕ ਨਾੜ

मन्यु–ਮਨਯੁ, ਪੁ., ਕੰਮ, ਸੋਕ, ਕ੍ਰੋਧ, ਦੀਨਤਾ, ਹੰਕਾਰ, ਅੱਗ, ਸ਼ਿਵ, ਮਹਾਦੇਵ, ਸਤੋਤ੍ਰ

मन्वन्तर–ਮਨ੍ਵੰਤਰ, ਪੁ., ਬ੍ਰਹਮਾ ਦੇ ਇਕ ਦਿਨ ਦਾ ਨਾਉਂ ਜੋ ਤੀਹ ਕਰੋੜ ਸੱਠ ਲਖ ਵੀਹ ਹਜ਼ਾਰ ਵਰ੍ਹੇ ਦਾ ਹੁੰਦਾ ਹੈ

मम–ਮਮ, ਸਰਵ., ਮੇਰਾ, ਮੇਰੀ

ममकार–ਮਮਕਾਰ, ਇ., ਆਪਣੇ ਹਥੀਂ ਬਣਾਈ ਦੌਲਤ

ममता–ਮਮਤਾ, ਇ., ਪਿਆਰ, ਮੋਹ, ਅਪਣਾਪਣ, ਇਹ ਮੇਰਾ ਹੈ ਇਸ ਤਰ੍ਹਾਂ ਦਾ ਭਾਵ, ਘਮੰਡ

ममत्व–ਮਮਤ੍ਵ, ਪੁ., ਮੋਹ, ਅਭਿਮਾਨ, ਹੰਕਾਰ, ਪਿਆਰ

ममरी–ਮਮਰੀ, ਇ., ਬਣਤੁਲਸੀ, ਡੂੰਨਾ

ममिया–ਮਮਿਯਾ, ਵਿ., ਜੋ ਸਬੰਧ ਵਿਚ ਮਾਮੇ ਦੀ ਥਾਂ ਲਗਦਾ ਹੋਵੇ

ममियौरा–ਮਮਿਯੌਰਾ, ਪੁ., ਮਾਮੇ ਦਾ ਘਰ

मयंक–ਮਯੰਕ, ਪੁ., ਚੰਦ

मयंद–ਮਯੰਦ, ਪੁ., ਰਾਜਾ, ਸ਼ੇਰ

मयंदी–ਮਯੰਦੀ, ਇ.; ਗੱਡੀ ਦੇ ਪਹੀਏ ਦਾ ਛੱਲਾ

मय–ਮਯ, ਪੁ., ਇਕ ਦਾਨੋਂ, ਇਕ ਦੇਸ਼, ਘੋੜਾ, ਖੱਚਰ, ਵੈਦ, ਅਵਜ., ਇਕ ਪ੍ਰਤਯਯ ਜੋ ਸ਼ਬਦਾਂ ਦੇ ਅੰਤ ਵਿਚ ਲਾਇਆ

ਜਾਂਦਾ ਹੈ ਜਿਵੇਂ ਸੁਖਮਯ

मयगल–ਮਯਗਲ, ਪੁ., ਮਸਤ ਹਾਥੀ

मयट–ਮਯਟ, ਇ., ਝੁੱਗੀ, ਕੁੱਲੀ

मयन–ਮਯਨ, ਪੁ., ਸ਼ਹਿਦ ਦਾ ਛੱਤਾ, ਕਾਮਦੇਵ

मयमंत, मयमत्त–ਮਯਮੰਤ, ਮਯਮੱਤ, ਵਿ., ਮਸਤ, ਮਸਤੀ ਵਿਚ ਪਾਗਲ ਹੋਇਆ

मयसुता–ਮਯਸੁਤਾ, ਇ., ਮੰਦੋਦਰੀ

मया–ਮਯਾ, ਇ., ਦੇਖੋ ਮਾਯਾ (माया)

मयार–ਮਯਾਰ, ਵਿ., ਕਿਰਪਾਲੂ, ਦਿਆਲੂ

मयारी–ਮਯਾਰੀ, ਇ., ਉਹ ਵੇਲਣ ਜਿਹਾ ਜਿਸ ਉਤੇ ਝੂਲੇ ਦੀ ਰੱਸੀ ਲਮਕਾਈ ਜਾਂਦੀ ਹੈ

मयु–ਮਯੁ, ਪੁ., ਕਿੰਨਰ, ਮਿਰਗ

मयूक–ਮਯੂਕ ਪੁ., ਮੋਰ

मयूख–ਮਯੂਖ, ਪੁ., ਕਿਰਣ, ਪਰਕਾਸ਼, ਉਜਾਲਾ, ਪਰਬਤ, ਲਾਟ

मयूखी–ਮਯੂਖੀ, ਇ., ਪੁਰਾਣੇ ਸਮੇ ਦਾ ਇਕ ਹਥਿਆਰ

मयूर–ਮਯੂਰ, ਪੁ., ਮੋਰ

मयूरपुच्छ–ਮਯੂਰਪੁੱਛ, ਪੁ., ਮੋਰ ਦਾ ਖੰਭ

मयूरा–ਮਯੂਰਾ, ਇ., ਕਾਲੀ ਤੁਲਸੀ, ਅਜਮੋਦ

मयूरिका–ਮਯੂਰਿਕਾ, ਇ., ਇਕ ਜ਼ਹਿਰੀਲਾ ਕੀੜਾ

मयूरी–ਮਯੂਰੀ, ਇ., ਮੋਰਨੀ

मयोभव–ਮਯੋਭਵ, ਪੁ., ਸ਼ਿਵ, ਮਹਾਦੇਵ

मरक–ਮਰਕ, ਇ., ਦਬਾ ਕੇ ਇਸ਼ਾਰਾ ਕਰਨ ਦਾ ਭਾਵ, ਮੜਕ, ਮੌਤ

मरकत–ਮਰਕਤ, ਪੁ., ਪੰਨਾ ਨਾਉਂ ਦਾ ਰਤਨ

मरकना–ਮਰਕਨਾ, ਕ੍ਰਿ., ਦਬਾਉ ਪੈਣ ਨਾਲ ਟੁੱਟ ਜਾਣਾ, ਮੜਕਣਾ, ਜਰਕਣਾ

मरकहा–ਮਰਕਹਾ, ਵਿ., ਮਾਰ ਖੁੰਡਾ

मरकाना–ਮਰਕਾਨਾ, ਕ੍ਰਿ., ਦਬਾ ਕੇ ਚੂਰ ਚੂਰ ਕਰਨਾ, ਮੜਕਾਉਣਾ, ਜਰਕਾਉਣਾ

मरकोटी–ਮਰਕੋਟੀ, ਇ., ਇਕ ਤਰ੍ਹਾਂ ਦੀ ਮਿਠਿਆਈ

मरगजा–ਮਰਗਜਾ, ਵਿ., ਮਧੋਲਿਆ ਹੋਇਆ,ਗਿਜਗਿਜਾ

मरघट–ਮਰਘਣ, ਪੁ., ਸ਼ਮਸਾਨ, ਮੜ੍ਹੀਆਂ

मरचोवा–ਮਰਚੋਵਾ, ਪੁ., ਇਕ ਕਿਸਮ ਦੀ ਤਰਕਾਰੀ

मरज़–ਮਰਜ਼, ਪੁ., ਬੀਮਾਰੀ, ਭੈੜੀ ਆਦਤ

मरजाद, मरजादा–ਮਰਜਾਦ, ਮਰਜਾਦਾ, ਇ., ਰੀਤ, ਰਸਮ, ਹੱਦ, ਚਾਲ, ਆਦਰ, ਸਤਕਾਰ

मरजिया–ਮਰਜਿਯਾ, ਵਿ., ਮਰਜੀਉੜਾ, ਅਧਮਰਿਆ, ਮਰ ਕੇ ਜੀਉਣ ਵਾਲਾ, ਮਰਣ ਵਾਲਾ

मरज़ी–ਮਰਜ਼ੀ, ਇ., ਇੱਛਿਆ, ਪ੍ਰਵਾਣਗੀ, ਹੁਕਮ, ਖੁਸ਼ੀ

मरजीवा–ਮਰਜੀਵਾ, ਪੁ., ਮਰਜੀਉੜਾ, ਸਮੁਦਰ ਵਿਚ ਡੁਬਕੀ ਲਾਉਣ ਵਾਲਾ ਬੰਦਾ

मरण–ਮਰਣ, ਪੁ., ਮੌਤ

मरणान्त–ਮਰਣਾਂਤ, ਕ੍ਰਿ. ਵਿ., ਮਰਣ ਤੀਕ

मरणोत्तर–ਮਰਣੋਤੱਰ, ਵਿ., ਮਰਣ ਤੋਂ ਮਗਰੋਂ ਦਾ

मरत–ਮਰਤ, ਪੁ., ਮੌਤ

मरतबा–ਮਰਤਬਾ, ਪੁ., ਪਦਵੀ,ਅਹੁਦਾ, ਵਾਰੀ, ਦਫਾ

मरतबान–ਮਰਤਬਾਨ, ਪੁ., ਇਕ ਤਰ੍ਹਾਂ ਦਾ ਭਾਂਡਾ

मरद–ਮਰਦ, ਪੁ., ਬੰਦਾ, ਆਦਮੀ, ਸੂਰਮਾ

मरदई–ਮਰਦਈ, ਇ., ਹਿੰਮਤ, ਜ਼ੋਰ, ਸੂਰਮਤਾ

मरदन–ਮਰਦਨ, ਕ੍ਰਿ., ਮਲਣਾ, ਤਰ ਕਰਣਾ ਅਤੇ ਗੁੰਨ੍ਹਣ ਦੀ ਕਿਰਿਆ

मरदना–ਮਰਦਨਾ, ਪੁ., ਮਾਲਸ਼ ਕਰਨੀ, ਮਲਣਾ, ਮਸਲਣਾ

मरन–ਮਰਨ, ਪੁ., ਮੌਤ

मरना–ਮਰਨਾ, ਕ੍ਰਿ., ਦੁਖ ਸਹਿਣਾ, ਖਤਮ ਹੋਣਾ,ਮੁਰਝਾਉਣਾ, ਕੁਮ੍ਹਲਾਉਣਾ, ਸੁੱਕਣਾ, ਸ਼ਰਮ ਕਰਨੀ, ਰੋਣਾ, ਖਛਤਾਉਣਾ, ਹਾਰਨਾ, ਸਰੀਰ ਛੱਡਣਾ, ਵਸ ਵਿਚ ਹੋਣਾ

मरनी–ਮਰਨੀ, ਇ., ਮੌਤ, ਦੁਖ, ਕਸ਼ਟ, ਮੌਤ ਪਿਛੋਂ ਕੀਤਾ ਜਾਣ ਵਾਲਾ ਸੋਗ, ਮੌਤ ਸਬੰਧੀ ਕੰਮ

मरभुक्खा–ਮਰਭੁੱਖਾ, ਵਿ., ਭੁੱਖਾ, ਦਲਿੱਦਰੀ, ਭੁੱਖੜ, ਭੁੱਖ ਦਾ ਸਤਾਇਆ ਹੋਇਆ

मरकरा–ਮਰਕਰਾ, ਪੁ., ਦਾਣੇਦਾਰ ਚਿਉਂਕਣਾ ਪੱਥਰ

मरमरा–ਮਰਮਰਾ, ਪੁ., ਇਕ ਪੰਛੀ, ਥੋੜਾ ਖਾਰਾ ਪਾਣੀ, ਵਿ., ਸਹਿਜੇ ਹੀ ਟੁੱਟਣ ਵਾਲਾ

मरम्मत–ਮਰੱਮਤ, ਇ., ਕਿਸੇ ਚੀਜ਼ ਦੇ ਟੁੱਟੇ ਫੁੱਟੇ ਭਾਗ ਨੂੰ ਠੀਕ ਕਰਨ ਦਾ ਕੰਮ, ਦੁਰੁਸਤੀ

मरवट–ਮਰਵਟ, ਇ., ਉਹ ਮਾਫ਼ੀ ਜ਼ਮੀਨ ਜੋ ਕਿਸੇ ਦੇ ਮਰ ਜਾਣ ਤੋਂ ਮਗਰੋਂ ਉਸ ਦੀ ਉਲਾਦ ਦੇ ਨਾਉਂ ਹੋ ਜਾਂਦੀ ਹੈ

मरवा–ਮਰਵਾ, ਪੁ., ਤੁਲਸੀ ਦੀ ਸ਼ਕਲ ਦਾ ਇਕ ਬੂਟਾ

मरहट–ਮਰਹਟ, ਪੁ., ਸ਼ਮਸ਼ਾਨ, ਮਰਘਟ, ਮਸਾਣ, ਸਿਵੇ, ਮੜ੍ਹੀਆਂ

मरहटा–ਮਰਹਟਾ, ਵਿ., ਮਹਾਰਾਸ਼ਟਰ ਦੇਸ਼ ਦਾ ਨਿਵਾਸੀ

मरहटी–ਮਰਹਮਟੀ, ਇ., ਮਰਹੱਟਿਆਂ ਦੀ ਬੋਲੀ

मरहठा–ਮਰਹਠਾ, ਵਿ., ਮਹਾਰਾਸ਼ਟਰ ਦਾ ਵਸਨੀਕ

मरहठी–ਮਰਹਠੀ, ਵਿ., ਮਰਾਠਾ ਸਬੰਧੀ, ਇ., ਮਰਾਠੀ ਬੋਲੀ

मरहम–ਮਰਹਮ, ਪੁ., ਦਵਾਈਆਂ ਦਾ ਬਣਿਆ ਹੋਇਆ ਫੋੜੇ ਆਦਿ ਉਤੇ ਲਾਉਣ ਵਾਲਾ ਗਾੜ੍ਹਾ ਲੇਪ, ਮਲ੍ਹਮ

मरहला–ਮਰਹਲਾ, ਪੁ., ਮੁਸਾਫਰਾਂ ਦੇ ਰਾਤ ਨੂੰ ਆਰਾਮ ਕਰਨ ਦੀ ਥਾਂ, ਪੜਾਉ, ਚੱਟੀ, ਮੰਜਲ, ਦਰਜਾ, ਝੋਪੜੀ

मरहून, मरहूना–ਮਰਹੂਨ, ਮਰਹੂਨਾ, ਵਿ., ਗਹਿਣੇ ਰਖਿਆ ਹੋਇਆ

मरहूम–ਮਰਹੂਮ, ਵਿ., ਸੁਰਗਵਾਸੀ, ਮਰਿਆ ਹੋਇਆ

मराना–ਮਰਾਨਾ, ਕ੍ਰਿ., ਮਰਵਾਉਣਾ, ਕੁਟਵਾਉਣਾ, ਮਾਰ ਪੁਆਉਣੀ

मरायल–ਮਰਾਯਲ, ਵਿ., ਜਿਸ ਨੇ ਕਈ ਵਾਰ ਮਾਰ ਖਾਧੀ ਹੋਵੇ, ਨਿਰਜੀਵ, ਨਿਰਬਲ, ਪੁ., ਘਾਟਾ

मरायु–ਮਰਾਯੁ, ਵਿ., ਮਰਨ ਵਾਲਾ

मराल–ਮਰਾਲ, ਪੁ., ਰਾਜਹੰਸ, ਕੱਜਲ, ਬੱਦਲ, ਘੋੜਾ, ਹਾਥੀ, ਇਕ ਤਰ੍ਹਾਂ ਦੀ ਬਤਖ, ਵਿ., ਦੁਸ਼ਟ. ਚਿਉਂਕਣਾ

मरिच–ਮਰਿਚ, ਪੁ., ਗੋਲ ਮਿਰਚ, ਮਿਰਚ

मरिचा–ਮਰਿਚਾ, ਪੁ., ਵੱਡੀ ਲਾਲ ਮਿਰਚ

मरियल–ਮਰਿਯਲ, ਵਿ., ਮਰਨ ਵਾਲਾ, ਕਮਜ਼ੋਰ, ਮਾੜਾ, ਲਿੱਸਾ

मरिया–ਮਰਿਯਾ, ਇ., ਮੰਜੇ ਦੀ ਦਾਉਣ

मरी–ਮਰੀ, ਇ.; ਪਲੇਗ ਦੀ ਬੀਮਾਰੀ

मरीचि–ਮਰੀਚਿ, ਪੁ., ਇਕ ਰਿਸ਼ੀ, ਭ੍ਰਿਗੂ ਦਾ ਪੁੱਤਰ, ਇ., ਇਕ ਅਪੱਛਰਾ, ਕਿਰਣ, ਤੇਜ

मरीचिका–ਮਰੀਚਿਕਾ, ਇ., ਰੇਤਲੀ ਧਰਤੀ ਵਿਚ ਪਾਣੀ ਦੀ ਹੋਂਦ ਦਾ ਆਭਾਸ, ਕਿਰਣ, ਸ਼ਰਾਬ

मरीचिमाली–ਮਰੀਚਿਮਾਲੀ, ਵਿ., ਚੰਦ ਸੂਰਜ

मरीज़–ਮਰੀਜ਼, ਵਿ., ਰੋਗੀ, ਬੀਮਾਰ

मरीना–ਮਹੀਨਾ, ਪੁ., ਇਕ ਤਰ੍ਹਾਂ ਦਾ ਗਰਮ ਕਪੜਾ

मरु–ਮਰੁ, ਪੁ., ਮਾਰਵਾੜ, ਟੋਏ ਟਿੱਬੇ. ਉਹ ਥਾਂ ਜਿਥੇ ਪਾਣੀ ਨਾ ਹੋਵੇ, ਇਕ ਦੈਂਤ

मरुआ–ਮਰੁਆ, ਪੁ., ਤੁਲਸੀ ਦੀ ਕਿਸਮ ਦੀ ਇਕ ਬੂਟੀ

मरुकान्तर–ਮੱਰੁਕਾਂਤਰ, ਪੂ.. ਰੇਤੀਲਾ ਮੈਦਾਨ

मरुज–ਮਰੁਜ, ਵਿ., ਮਾਰਵਾੜ ਵਿਚ ਹੋਣ ਵਾਲਾ, ਰੇਤੀਲੀ ਥਾਂ ਤੇ ਹੋਣ ਵਾਲਾ

मरुटा–ਮਰੁਟਾ, ਇ., ਉਚੇ ਮੱਥੇ ਵਾਲੀ ਤੀਵੀਂ

मरुत्–ਮਰੁਤ, ਪੁ., ਹਵਾ, ਸੋਨਾ, ਪ੍ਰਾਣ, ਸਾਹ

मरुत्पति–ਮਰੁਤਪਤਿ, ਪੁ., ਇੰਦਰ

मरुत्पुत्र–ਮਰੁਤਪੁਤ੍ਰ, ਪੁ.. ਭੀਮਸੈਨ

मरुत्सहाय–ਮਰੁਤਸਹਾਯ, ਪੁ., ਅਗਨੀ, ਅੱਗ

मरुत्सुत–ਮਰੁਤਸੁਤ. ਪੁ., ਭੀਮ, ਹਨੂਮਾਨ

मरुत्वान–ਮਰੁਤਵਾਨ, ਪੁ., ਇੰਦਰ, ਹਨੂਮਾਨ. ਇਕ ਗਣ

मरुदेश–ਮਰੁਦੇਸ਼, ਪੁ., ਮਾਰਵਾੜ

मरुद्रुम–ਮਰੁਦ੍ਰੁਮ, ਪੁ., ਕਿੱਕਰ

मरुद्वाह–ਮਰੁਦ੍ਵਾਹ, ਪੁ., ਧੂਆਂ, ਅੱਗ

मरुद्वीप–ਮਰੁਦ੍ਵੀਪ, ਪੁ., ਮਾਰਵਾੜ ਵਿਚ ਹਰਾ ਭਰਾ ਮੈਦਾਨ

मरुद्वेग–ਮਰੁਦ੍ਵੇਗ, ਪੁ., ਹਵਾ ਦੀ ਚਾਲ, ਇਕ ਦੈਂਤ

मरुधर–ਮਰੁਧਰ, ਪੁ., ਮਾਰਵਾੜ

मरुप्रिय–ਮਰੁਪ੍ਰਿਯ, ਪੁ., ਉਠ, ਊਂਟ, ਬੋਤਾ

मरुभूमि–ਮਰੁਭੂਮਿ, ਇ., ਰੇਤਲਾ ਮੈਦਾਨ

मरुवक–ਮਰੁਵਕ, ਪੁ., ਤੁਲਸੀ ਦਾ ਪੱਤਰ, ਮਰੂਏ ਦਾ ਫੁੱਲ, ਬਘਿਆੜ, ਵਿ., ਭਿਅੰਕਰ, ਡਰਾਉਣਾ

मरुरना–ਮਰੁਰਨਾ, ਕ੍ਰਿ, ਵੱਟਣਾ, ਮਰੋੜਨਾ

मरुस्थल–ਮਰੁਸਥਲ, ਪੁ, ਬਿਨਾ ਪਾਣੀ ਤੋਂ ਰੇਤਲਾ ਮੈਦਾਨ, ਮਾਰਵਾੜ

मरुस्थली–ਮਰੁਸਥਲੀ, ਇ., ਮਾਰਵਾੜ ਦਾ ਪੁਰਾਣਾ ਨਾਉਂ

मरू–ਮਰੂ. ਵਿ., ਸਖਤ, ਕਰੜਾ, ਮੁਸ਼ਕਲ

मरूक–ਮਰੂਕ ਪੁ., ਮੋਰ

मरूरा–ਮਰੂਰਾ, ਪੁ., ਮਰੋੜਾ, ਬਟਾ

मरोड़–ਮਰੋੜ, ਪੁ., ਪੇਟ ਦਰਦ ਨਾਲ ਦਸਤ ਆਉਣ ਦਾ ਭਾਵ, ਬੱਟ. ਘੁਮਾਉ, ਹੰਕਾਰ, ਘਮੰਡ, ਕ੍ਰੋਧ, ਰੋਸ, ਮਰੋੜੀ

मरोड़फली–ਮਰੋੜਫਲੀ, ਇ., ਇਕ ਬੂਟੀ

मरोड़ा–ਮਰੋੜਾ, ਪੁ., ਪੇਟ ਦਰਦ, ਬੱਟ, ਐਂਠਨ

मरोड़ी–ਮਰੋੜੀ, ਇ., ਗੱਠ, ਗੁਥੀ, ਬੱਟ; ਐਂਠਨ

मरोलि–ਮਰੋਲਿ, ਪੁ., ਮਗਰ ਮੱਛ ਦੀ ਨਸਲ ਦਾ ਇਕ ਪਾਣੀ ਦਾ ਜਾਨਵਰ

मर्क–ਮਰਕ, ਪੁ., ਸਰੀਰ, ਦੇਹ, ਹਵਾ, ਬਾਂਦਰ, ਸ਼ੁਕ੍ਰਾਚਾਰਜ ਦਾ ਪੁੱਤਰ

मर्कक–ਮਰਕਕ, ਪੁ., ਮਕੜਾ

मर्कट–ਮਰਕਟ, ਪੁ., ਬਾਂਦਰ, ਅਜਮੋਦਾ, ਇਕ ਤਰ੍ਹਾਂ ਦਾ ਪੰਖੇਰੂ, ਦੋਹੇ ਦਾ ਇਕ ਭੇਦ

मर्कटी–ਮਰਕਟੀ, ਇ., ਬਾਂਦਰੀ, ਮੱਕੜੀ, ਪੁਠਕੰਡਾ

मर्कर–ਮਰਕਰ, ਪੁ., ਭੰਗਰਾ ਨਾਉਂ ਦੀ ਇਕ ਬੂਟੀ

मर्करा–ਮਰਕਰਾ, ਇ., ਸੁਰਨ, ਬਾਂਝ ਤੀਵੀਂ, ਬਰਤਨ, ਭਾਂਡਾ

मर्तबा–ਮਰਤਬਾ, ਪੁ., ਅਹੁਦਾ, ਪਦਵੀ, ਵਾਰੀ, ਦਫ਼ਾ

मर्तबान–ਮਰਤਬਾਨ, ਪੁ., ਰੰਗਦਾਰ ਮਿੱਟੀ ਦਾ ਅਚਾਰ ਆਦਿ ਪਾਉਣ ਵਾਲਾ ਭਾਂਡਾ

मर्त्य–ਮਰਤਜ, ਪੁ., ਧਰਤੀ, ਮਨੁੱਖ, ਸਰੀਰ, ਦੇਹ, ਪ੍ਰਾਣੀ

मर्त्यता–ਮਰਤਜਤਾ. ਇ., ਮਨੁੱਖ ਦਾ ਧਰਮ

मर्त्यधर्म–ਮਰਤਜਧਰਮ, ਪੁ., ਮਨੁੱਖ ਦਾ ਧਰਮ

मर्त्यभुवन–ਮਰਤਜਭੁਵਨ, ਪੁ., ਮਨੁੱਖ ਲੋਕ, ਮਿਰਤ ਲੋਕ

मर्द–ਮਰਦ, ਪੁ., ਮਲਣ ਦਾ ਭਾਵ, ਮਨੁੱਖ, ਬੰਦਾ, ਵਿ., ਹਿੰਮਤੀ, ਬਹਾਦੁਰ, ਜੋਧਾ, ਪਤੀ, ਖਸਮ

मर्दन–ਮਰਦਨ, ਪੁ., ਮਾਲਸ, ਮਲਣ ਦੀ ਕਿਰਿਆ, ਵਿ., ਨਾਸ ਕਰਨ ਵਾਲਾ

मर्दना–ਮਰਦਨਾ, ਕ੍ਰਿ, ਮਲਣਾ, ਕੁਚਲਣਾ, ਨਾਸ ਕਰਨਾ, ਤੇਲ ਮਲਣਾ

मर्दल–ਮਰਦਲ, ਪੁ., ਮਿਰਦੰਗ ਜੇਹਾ ਇਕ ਸਾਜ

मर्दानगी–ਮਰਦਾਨਗੀ, ਇ., ਸੂਰਮਤਾ, ਵੀਰਤਾ

मर्दाना–ਮਰਦਾਨਾ, ਵਿ., ਬੰਦੇ ਵਰਗਾ, ਹਿੰਮਤੀ

मर्दित–ਮਰਦਿਤ, ਵਿ., ਮਲਿਆ ਹੋਇਆ, ਮਸਲਿਆ ਹੋਇਆ

मर्दुम–ਮਰਦੁਮ, ਪੁ., ਮਨੁੱਖ, ਬੰਦਾ

मर्दुमशुमारी–ਮਰਦੁਮਸ਼ੁਮਾਰੀ, ਇ., ਆਬਾਦੀ, ਮਨੁੱਖਾਂ ਦੀ ਗਿਣਤੀ

मर्म–ਮਰਮ, ਪੁ., ਭੇਦ, ਰਹੱਸ, ਸਰੀਰ ਦਾ ਇਹੋ ਜਿਹਾ ਥਾਂ

ਜਿਥੇ ਥੋੜੀ ਜਿਹੀ ਚੋਟ ਨਾਲ ਮੌਤ ਹੋ ਜਾਂਦੀ ਹੈ, ਸਰੀਰ ਦੇ ਜੋੜਾਂ ਵਾਲੀ ਥਾਂ

मर्मज्ञ–ਮਰਮਗਜ, ਵਿ., ਭੇਤੀ, ਕਿਸੇ ਗੱਲ ਦਾ ਤੱਤ ਜਾਣਨ ਵਾਲਾ

मर्मभेदी–ਮਰਮਭੇਦੀ, ਵਿ., ਦਿਲੀ ਕਸ਼ਟ ਪੁਚਾਉਣ ਵਾਲਾ

मर्मवचन–ਮਰਮਵਚਨ, ਪੁ.. ਉਹ ਗੱਲ ਜਿਸ ਨੂੰ ਸੁਣ ਕੇ ਦੁਖ ਪੁੱਜੇ

मर्मरीक–ਮਰਮਰੀਕ, ਵਿ., ਦੁਖੀ, ਗਰੀਬ

मर्मवाक्य–ਮਰਮਵਾਕਯ, ਪੁ.. ਭੇਦਭਰੀ ਗੁਪਤ ਗੱਲ

मर्मविद्–ਮਰਮਵਿਦ, ਵਿ., ਭੇਤੀ, ਜਾਣਕਾਰ

मर्मस्थान–ਮਰਮਸਥਾਨ, ਪੁ., ਦੇਖੋ ਮਰਮ (मर्म)

मर्मान्वेषी–ਮਰਮਾਨ੍ਵੇਸ਼ੀ, ਵਿ., ਗੂੜ੍ਹ ਗੱਲ ਜਾਣਨ ਵਾਲਾ

मर्मी–ਮਰਮੀ, ਵਿ., ਜਾਣਕਾਰ, ਭੇਤੀ

मर्या–ਮਰਯਾ, ਇ., ਹੱਦ, ਬੰਨਾ

मर्याद्–ਮਰਯਾਦ, ਇ.. ਮਰਜਾਦਾ, ਰੀਤ, ਰਸਮ

मर्यादक–ਮਰਯਾਦਕ, ਵਿ., ਮਾਨਜੋਗ

मर्यादा–ਮਰਯਾਦਾ, ਇ., ਮਾਣ, ਇਜ਼ੱਤ, ਹੱਦ, ਕੰਢਾ,ਇਕਰਾਰ, ਸਦਾਚਾਰ, ਨਿਜਮ

मर्यादित–ਮਰਯਾਦਿਤ, ਵਿ., ਮਰਯਾਦਾ ਪੂਰਣ

मर्षण–ਮਰਸ਼ਣ, ਪੁ., ਖਿਮਾ, ਰਗੜ, ਮਾਲਸ਼, ਮਾਫ਼ੀ

मर्षणीय–ਮਰਸ਼ਣੀਯ, ਵਿ., ਖਿਮਾ ਕਰਨ ਯੋਗ

मलंग–ਮਲਗ, ਪੁ., ਇਕ ਕਿਸਮ ਦੇ ਮੁਸਲਮਾਨੀ ਸਾਧ

मल–ਮਲ. ਪੁ., ਪਾਪ, ਟੱਟੀ, ਮੈਲ, ਐਬ, ਦੂਸ਼ਣ, ਸਰੀਰ ਦੇ ਅੰਗਾਂ ਦਾ ਵਿਕਾਰ, ਕਪੂਰ, ਵਾਈ ਪਿੱਤ ਬਲਗਮ

मलकना–ਮਲਕਨਾ, ਕ੍ਰਿ., ਹਿੱਲਣਾ, ਡੋਲਣਾ, ਘਮੰਡ ਕਰਨਾ

मलकरन–ਮਲਕਰਨ, ਪੁ., ਨਕਾਸ਼ੀ ਕਰਨ ਦਾ ਇਕ ਸੰਦ

मलका–ਮਲਕਾ, ਇ., ਮਹਾਰਾਣੀ

मलखंभ, मलखम–ਮਲਖੰਭ, ਮਲਖਮ, ਪੁ., ਕਸਰਤ ਕਰਨ ਦਾ ਲੱਕੜੀ ਦਾ ਇਕ ਖੰਭਾ

मलखाना–ਮਲਖਾਨਾ, ਪੁ., ਰਾਜਪੂਤਾਂ ਦੀ ਇਕ ਨਸਲ, ਵਿ., ਮਲ ਖਾਣ ਵਾਲਾ

मलग–ਮਲਗ, ਪੁ., ਧੋਬੀ

मलगजा–ਮਲਗਜਾ, ਪੁ , ਵੇਸਣ ਦੇ ਵੈਗਣਾਂ ਵਾਲੇ ਪਕੌੜੇ

मलघन–ਮਲਘਨ, ਪੁ., ਇਕ ਤਰ੍ਹਾਂ ਦਾ ਕਚਨਾਰ

मलघ्न–ਮਲਘ੍ਨ, ਪੁ., ਸਿੰਮਲ ਦੀ ਮੂਸਲੀ, ਵਿ., ਮਲ ਨਾਸ਼ਕ

मलज–ਮਲਜ, ਵਿ., ਮੈਲੇ ਤੋਂ ਪੈਦਾ ਹੋਇਆ ਹੋਇਆ

मलझन–ਮਲਝਨ. ਇ., ਇਕ ਤਰ੍ਹਾਂ ਦੀ ਵੇਲ

मलदूषित–ਮਲਦੂਸ਼ਿਤ, ਵਿ., ਮੈਲਾ ਕੁਚੈਲਾ

मलद्वार–ਮਲਦ੍ਵਾਰ, ਪੁ., ਮੈਲ ਨਿਕਲਣ ਦਾ ਰਸਤਾ, ਗੁਦਾ

मलधात्री–ਮਲਧਾਤ੍ਰੀ ਇ., ਦਾਈ

मलन–ਮਲਨ, ਪੁ., ਤੰਬੂ, ਲਿੱਪਣ ਦਾ ਕੰਮ

मलना–ਮਲਨਾ, ਕ੍ਰਿ., ਰਗੜਨਾ, ਮਰੋੜਨਾ, ਦਬਾਉਣਾ, ਪਲੋਸਣਾ, ਮਸਲਣਾ, ਮਲਣਾ

मलनी–ਮਲਨੀ, ਇ., ਘੁਮਿਆਰ ਦਾ ਭਾਂਡੇ ਚਿਊਂਕਣੇ ਕਰਨ ਦਾ ਇਕ ਸੰਦ

मलबा–ਮਲਬਾ, ਪੁ., ਕੂੜਾ, ਢੇਰ, ਕੋਠੇ ਦਾ ਢੱਠਾ ਸਮਾਨ, ਪੱਥਰ ਚੂਨਾ ਆਦਿ

मलमल–ਮਲਮਲ, ਇ., ਇਕ ਕਪੜੇ ਦਾ ਨਾਉਂ

मलमला–ਮਲਮਲਾ, ਪੁ.. ਕੁਲਫੇ ਦਾ ਸਾਗ

मलमलाना–ਮਲਮਲਾਨਾ, ਕ੍ਰਿ., ਘੜੀ ਮੁੜੀ ਛੂਹਣਾ, ਖੋਲ੍ਹਣਾ, ਮੁੰਦਣਾ, ਪਛੋਤਾਵਾ ਕਰਨਾ

मलमा–ਮਲਮਾ, ਪੁ., ਦੇਖੋ ਮਲਵਾ मलवा)

मलमास–ਮਲਮਾਸ, ਪੁ., ਵਾਧੂ ਮਹੀਨਾ, ਲੋਂਦ ਦਾ ਮਹੀਨਾ

मलय–ਮਲਯ, ਪੁ., ਚਿੱਟਾ ਚੰਦਨ, ਮਾਲਾਬਾਰ ਮੁਲਖ

मलयगिरी–ਮਲਯਗਿਰੀ, ਪੁ., ਮਲਯ ਪਰਬਤ

मलयानिल–ਮਲਯਾਨਿਲ, ਪੁ., ਸੁਗੰਧਤ ਹਵਾ, ਬਸੰਤ ਦੀ ਹਵਾ, ਮਲਯ ਪਹਾੜ ਦੀ ਹਵਾ

मलयाली–ਮਲਯਾਲੀ, ਵਿ., ਮਾਲਾਬਾਰ ਦੀ ਬੋਲੀ

मलयुग–ਮਲਯੁਗ, ਪੁ., ਕਲਜੁਗ

मलरुचि–ਮਲਰੁਚਿ, ਵਿ., ਪਾਪੀ

मलरोधक–ਮਲਰੋਧਕ, ਵਿ., ਕਬਜ਼ੀ ਕਰਨ ਵਾਲਾ

मलवा–ਮਲਵਾ, ਪੁ., ਬਰਮਾ ਦੇਸ ਦਾ ਇਕ ਰੁੱਖ

मलवेग–ਮਲਵੇਗ, ਪੁ., ਅਤੀਸਾਰ, ਦਸਤ

मलशुद्धि–ਮਲਸ਼ੁੱਧਿ, ਇ., ਪਖਾਨਾ ਖੁਲ੍ਹ ਕੇ ਆਉਣ ਦਾ ਭਾਵ

मलसा–ਮਲਸਾ, ਪੁ., ਚਮੜੇ ਦਾ ਇਕ ਕੱਪਾ

मलसी–ਮਲਸੀ, ਇ , ਮੁਸਲਮਾਨਾਂ ਦੀ ਖਾਣਾ ਪਕਾਉਣ ਦੀ ਮਿੱਟੀ ਦੀ ਹਾਂਡੀ

मलहारक–ਮਲਹਾਰਕ, ਵਿ., ਪਾਪ ਦੂਰ ਕਰਨ ਵਾਲਾ

मला–ਮਲਾ, ਇ., ਆਉਲਾ, ਹਲਦੀ, ਚਮੜਾ, ਅਠੂਹੇਂ ਦਾ ਡੰਗ

मलाई–ਮਲਾਈ, ਇ., ਮੇਲਨ ਦਾ ਭਾੜਾ, ਦੁੱਧ ਉਪਰਲਾ ਪਦਾਰਥ

मलाका–ਮਲਾਕਾ. ਇ., ਰੰਡੀ, ਕੰਜਰੀ, ਵੇਸਵਾ

मलाट–ਮਲਾਟ, ਪੁ , ਖਾਕੀ ਮੋਟਾ ਕਾਗਜ਼ ਜੋ ਬਹੁਤ ਘਟੀਆ ਦਰਜੇ ਦਾ ਹੁੰਦਾ ਹੈ ਜਿਸ ਨਾਲ ਬੰਡਲ ਬੰਨ੍ਹਦੇ ਹਨ

मलापह–ਮਲਾਪਹ, ਵਿ., ਮਲ ਦੂਰ ਕਰਨ ਵਾਲਾ

मलामत–ਮਲਾਮਤ. ਇ., ਲਾਹਨਤ, ਫਿਟਕਾਰ, ਗੰਦਗੀ, ਕਿਸੇ ਚੀਜ਼ ਦਾ ਖਰਾਬ ਅਤੇ ਭੈੜਾ ਹਿੱਸਾ

मलामती–ਮਲਾਮਤੀ, ਵਿ., ਫਿਟਕਾਰਣ ਜੋਗ, ਨਿੰਦਤ

मलायन–ਮਲਾਯਨ, ਪੁ., ਗੁਦਾ, ਟੱਟੀ ਫਿਰਨ ਦਾ ਰਸਤਾ

मलार–ਮਲਾਰ, ਪੁ., ਇਕ ਰਾਗ ਜੋ ਵਰਖਾ ਰੁੱਤ ਵੇਲੇ ਗਾਇਆ ਜਾਂਦਾ ਹੈ

मलाल–ਮਲਾਲ, ਪੁ., ਦੁਖ, ਚਿਹਰੇ ਦਾ ਫਿੱਕਾਪਣ

मलाशय–ਮਲਾਸ਼ਯ, ਪੁ., ਢਿਡ ਵਿਚ ਉਹ ਥਾਂ ਜਿਥੋਂ ਮਲ

ਆਉਂਦਾ ਹੈ, ਪੇਡੂ

मलिंद-ਮਲਿੰਦ, ਪੁ., ਭੌਰਾ

मलिक-ਮਲਿਕ, ਪੁ., ਰਾਜਾ, ਰਈਸ

मलित-ਮਲਿਤ, ਪੁ., ਸੁਨਿਆਰੇ ਦੀ ਗਹਿਣੇ ਧੋਣ ਦੀ ਕੂਚੀ

मलिन-ਮਲਿਨ, ਵਿ., ਮੈਲਾ, ਖਰਾਬ, ਮਟਮੈਲਾ, ਪਾਪੀ, ਫਿੱਕਾ, ਉਦਾਸ

मलिनता-ਮਲਿਨਤਾ, ਇ., ਮੈਲਾਪਣ

मलिनमुख-ਮਲਿਨਮੁਖ, ਪੁ., ਅੱਗ, ਪ੍ਰੇਤ, ਬਲੁਦ ਦੀ ਪੂਛ, ਵਿ., ਜਿਸ ਦੇ ਚਿਹਰੇ ਤੇ ਉਦਾਸੀ ਹੋਵੇ, ਉਦਾਸ

मलिना-ਮਲਿਨਾ, ਇ., ਭਿੱਟੀ ਹੋਈ ਤੀਵੀਂ

मलिनाई-ਮਲਿਨਾਈ, ਇ., ਮੈਲਾਪਣ, ਮੈਲ

मलिनाना-ਮਲਿਨਾਨਾ, ਕ੍ਰਿ., ਮੈਲਾ ਹੋਣਾ

मलिनाम्बु-ਮਲਿਨਾਂਬੁ, ਪੁ., ਗੰਧਲਾ ਪਾਣੀ

मलिनीकरण-ਮਲਿਨੀਕਰਣ, ਪੁ., ਚਿੱਟੀ ਚੀਜ਼ ਨੂੰ ਮੈਲਾ ਕਰਨ ਦਾ ਭਾਵ

मलिया-ਮਲਿਜਾ, ਇ., ਚੱਕਰ, ਘੇਰਾ, ਮਿੱਟੀ ਦਾ ਛੋਟਾ ਭਾਂਡਾ ਜਿਸ ਦਾ ਮੂੰਹ ਵੀ ਛੋਟਾ ਹੋਵੇ

मलियामेट-ਮਲਿਯਾਮੇਟ, ਪੁ., ਸਤਿਆਨਾਸ, ਤਹਸਨਹਸ

मलिस-ਮਲਿਸ, ਇ., ਸੁਨਿਆਰੇ ਦਾ ਛੈਨੀ ਜਿਹਾ ਇਕ ਸੰਦ

मलीन-ਮਲੀਨ, ਵਿ., ਮੈਲਾ ਕੁਚੈਲਾ, ਉਦਾਸ

मलीनता-ਮਲੀਨਤਾ, ਇ., ਮੈਲਾਪਣ

मलीमस-ਮਲੀਮਸ, ਪੁ., ਪਾਪ. ਦੋਸ਼, ਵਿ., ਮਲੀਨ, ਮੈਲਾ, ਪਾਪੀ

मलुक-ਮਲੁਕ, ਇ., ਪੇਟ, ਢਿਡ, ਇਕ ਪਸੂ

मलू-ਮਲੂ, ਪੁ., ਮਲਘਨ ਨਾਉਂ ਦਾ ਰੁੱਖ

मलूक-ਮਲੂਕ, ਪੁ., ਇਕ ਪੰਛੀ, ਇਕ ਤਰ੍ਹਾਂ ਦਾ ਕੀੜਾ, ਵਿ., ਮਨੋਹਰ, ਸੁੰਦਰ

मलेक्ष, मलेच्छ-ਮਲੇਕਸ਼, ਮਲੇੱਛ, ਪੁ., ਵਰਣਾਸਰਮ ਹੀਣ ਜਾਤ, ਵਿ., ਨੀਚ, ਪਾਪੀ, ਦੁਸ਼ਟ, ਪਾਜੀ

मलेरिया-ਮਲੇਰਿਯਾ, ਪੁ., ਵਰਖਾ ਰੁੱਤ ਵਿਚ ਹੋਣ ਵਾਲਾ ਇਕ ਤਰ੍ਹਾਂ ਦਾ ਤਾਪ ਜੋ ਮੱਛਰਾਂ ਦੇ ਕੱਟਣ ਨਾਲ ਹੁੰਦਾ ਹੈ

मलोला-ਮਲੋਲਾ, ਪੁ., ਮਾਨਸਕ ਕਸ਼ਟ

मल्ल-ਮੱਲ, ਪੁ., ਇਕ ਖਾਸ਼ ਕੌਮ, ਪਹਿਲਵਾਨ, ਭਾਂਡਾ, ਦੀਵਾ

मल्लक-ਮਲਕ, ਪੁ., ਦੰਦ

मल्लक्रीड़ा-ਮਲਕ੍ਰੀੜਾ, ਇ., ਘੋਲ, ਕੁਸ਼ਤੀ

मल्लयुद्ध-ਮੱਲਯੁੱਧ, ਪੁ., ਘੋਲ, ਕੁਸ਼ਤੀ

मल्लवाह-ਮੱਲਵਾਹ, ਪੁ., ਲਾਲ ਰੰਗ ਦਾ ਘਾਹ

मल्लशाला-ਮੱਲਸ਼ਾਲਾ, ਇ., ਅਖਾੜਾ

मल्ला-ਮੱਲਾ, ਇ., ਨਾਰੀ, ਚਮੇਲੀ, ਤੀਵੀਂ, ਜੁਲਾਹਿਆਂ ਦਾ ਇਕ ਸੰਦ

मल्लार-ਮੱਲਾਰ, ਪੁ., ਇਕ ਰਾਗ

मल्लारी-ਮੱਲਾਰੀ, ਇ., ਬਸੰਤ ਰਾਗ ਦੀ ਇਕ ਰਾਗਣੀ.

मल्लाह-ਮੱਲਾਹ, ਪੁ., ਇਕ ਨੀਵੀਂ ਜਾਤ, ਬੇੜੀ ਚਲਾਉਣ ਵਾਲਾ ਬੰਦਾ

मल्लिक-ਮੱਲਿਕ, ਪੁ., ਜ਼ਮੀਦਾਰਾਂ ਦੀ ਇਕ ਉਪਾਧੀ, ਮਾਘ ਦਾ ਮਹੀਨਾ

मल्लिका-ਮੱਲਿਕਾ, ਇ., ਮੋਤੀਆ, ਮਿੱਟੀ ਦਾ ਇਕ ਭਾਂਡਾ, ਜੂਹੀ, ਚਮੇਲੀ

मल्लीकर-ਮੱਲੀਕਰ, ਵਿ., ਚੋਰ

मल्लू-ਮੱਲੂ, ਪੁ., ਬਾਂਦਰ, ਰਿੱਛ

मल्व-ਮਲ੍ਵ, ਵਿ., ਵੈਰੀ, ਦੁਸ਼ਮਣ

मल्हनी-ਮਲ੍ਹਨੀ, ਇ., ਇਕ ਤਰ੍ਹਾਂ ਦੀ ਬੇੜੀ

मल्हराना-ਮੱਲ੍ਹਰਾਨਾ, ਕ੍ਰਿ., ਚੁੰਮਣਾ, ਪੁਚਕਾਰਨਾ

मल्हाना-ਮੱਲ੍ਹਾਨਾ, ਕ੍ਰਿ , ਚੁੰਮਣਾ

मल्हार-ਮਲ੍ਹਾਰ, ਪੁ., ਇਕ ਰਾਗ

मवक्किल-ਮਵੱਕਿਲ, ਪੁ., ਮੁਕੱਦਮੇ ਵਿਚ ਆਪਣੇ ਵੱਲੋਂ ਵਕੀਲ ਕਰਨ ਵਾਲਾ ਬੰਦਾ, ਅਸਾਮੀ

मवाद-ਮਵਾਦ, ਪੁ., ਪੀਕ

मवास-ਮਵਾਸ. ਪੁ., ਆਸਰਾ. ਕਿਲਾ, ਰੱਖਿਆ ਵਾਲੀ ਥਾਂ

मवासी-ਮਵਾਸੀ, ਇ., ਛੋਟਾ ਕਿਲਾ, ਗੜ੍ਹੀ, ਪੁ., ਕਿਲੇਦਾਰ, ਆਕੀ

मवेशी-ਮਵੇਸ਼ੀ. ਪੁ., ਡੰਗਰ, ਪਸੂ

मश-ਮਸ਼, ਪੁ., ਮੱਛਰ, ਕਰੋਧ, ਗੁੱਸਾ

मशक-ਮਸ਼ਕ, ਪੁ., ਮੱਛਰ, ਮਹੁਕਾ, ਇ., ਚੰਮ ਦਾ ਥੈਲਾ ਜਿਸ ਵਿਚ ਪਾਣੀ ਭਰ ਕੇ ਲੈ ਜਾਂਦੇ ਹਨ

मशकहरी-ਮਸ਼ਕਹਰੀ, ਇ., ਮੱਛਰਦਾਨੀ

मशक्कत-ਮਸ਼ੱਕਤ, ਇ., ਮਿਹਨਤ, ਉਹ ਮਿਹਨਤ ਜੋ ਕੈਦੀਆਂ ਨੂੰ ਜੇਲ੍ਹਖਾਨੇ ਵਿਚ ਕਰਨੀ ਪੈਂਦੀ ਹੈ

मशगूल-ਮਸ਼ਗ਼ੂਲ, ਵਿ., ਕੰਮ ਤੇ ਲਗਿਆ ਹੋਇਆ

मशविरा-ਮਸ਼ਵਿਰਾ, ਇ., ਸਲਾਹ

मशहरी-ਮਸ਼ਹਰੀ, ਇ , ਮੱਛਰਦਾਨੀ

मशहूर-ਮਸ਼ਹੂਰ. ਵਿ., ਪ੍ਰਸਿੱਧ, ਉੱਘਾ

मशान-ਮਸ਼ਾਨ, ਪੁ., ਸ਼ਮਸ਼ਾਨ, ਸਿਵੇ, ਮੜ੍ਹੀਆਂ

मशाल-ਮਸ਼ਾਲ, ਪੁ., ਤਰ੍ਹਾਂ ਦਾ ਵੱਡਾ ਦੀਵਾ ਜਿਸ ਨੂੰ ਇਕ ਮਚਦਾ ਰੱਖਣ ਲਈ ਮੂੰਹ ਤੇ ਵਾਰੀ ਵਾਰੀ ਤਲ ਪਾਈਦਾ ਹੈ

मशालची-ਮਸ਼ਾਲਚੀ, ਪੁ., ਹੱਥ ਵਿਚ ਮਸ਼ਾਲ ਲੈ ਕੇ ਰੋਸ਼ਨੀ ਦਿਖਾਉਣ ਵਾਲਾ

मशीन-ਮਸ਼ੀਨ, ਇ., ਕੋਈ ਜੰਤਰ ਜਿਸ ਨਾਲ ਕੋਈ ਚੀਜ਼ ਬਣਾਈ ਜਾਂਦੀ ਹੈ

मशीर-ਮਸ਼ੀਰ, ਪੁ., ਸਲਾਹ ਦੇਣ ਵਾਲਾ ਬੰਦਾ

मश्क-ਮਸ਼ਕ, ਪੁ., ਕਿਸੇ ਕੰਮ ਨੂੰ ਚੰਗੀ ਤਰ੍ਹਾਂ ਕਰਨ ਦਾ ਅਭਿਆਸ

मष-ਮਸ਼, ਪੁ., ਜੱਗ

मषि–ਮਸ਼ਿ, ਇ., ਕੱਜਲ, ਸਿਆਹੀ, ਸੁਰਮਾ, ਕਾਲਸ

मष्ट–ਮਸ਼੍ਟ, ਵਿ., ਮੋਨੀ, ਚੁੱਪ ਕੀਤਾ, ਉਦਾਸ

मस्–ਮਸ. ਇ., ਸਿਆਹੀ, ਕਾਲਸ

मसक–ਮਸਕ, ਪੁ., ਦੇਖੋ, ਮਸ਼ਕ (मश्क)

मसक़त–ਮਸਕਤ, ਇ., ਮਿਹਨਤ

मसकना–ਮਸਕਨਾ,ਕ੍ਰਿ., ਜ਼ੋਰ ਨਾਲ ਦਬਾਉਣਾ ਜਾਂ ਮਲਣਾ,ਵਿਚੋਂ ਫਟਣਾ, ਫਿਕਰ ਕਰਨਾ

मसकरा–ਮਸਕਰਾ, ਪੁ., ਦੇਖੋ ਮਸਖਰਾ (मसखरा)

मसक़ला, मसक़ली–ਮਸਕਲਾ, ਮਸਕਲੀ, ਇ., ਸਿਕਲੀਗਰਾਂ ਦਾ ਇਕ ਸੰਦ, ਸਿਕਲੀ ਕਰਨ ਦਾ ਕੰਮ

मसका–ਮਸਕਾ, ਪੁ., ਮਖਣ, ਤਾਜ਼ਾ ਘਿਉ, ਦਹੀਂ ਦਾ ਪਾਣੀ, ਬੁਝਾਏ ਹੋਏ ਚੂਨੇ ਦਾ ਧੂੜ

मसकीन–ਮਸਕੀਨ, ਵਿ., ਗਰੀਬ, ਨਿਰਧਨ, ਭੋਲਾ ਭਾਲਾ

मसखरा–ਮਸਖਰਾ, ਪੁ, ਮਖੌਲੀਆ, ਹਸਾਉਣ ਵਾਲਾ

मसखरी–ਮਸਖਰੀ, ਇ., ਹਾਸੀ, ਦਿਲਲਗੀ, ਮਖੌਲ ਠੱਠਾ

मसजिद–ਮਸਜਿਸ, ਇ., ਮੁਸਲਮਾਨਾਂ ਦੀ ਨਮਾਜ਼ ਪੜ੍ਹਨ ਦੀ ਥਾਂ, ਮਸੀਤ

मसड़ी–ਮਸੜੀ, ਇ., ਇਕ ਤਰਾਂ ਦੀ ਚਿੜੀ

मसन–ਮਸਨ, ਪੁ., ਉਂਨ ਵੱਟਣ ਦਾ ਤੱਕਲਾ

मसनद–ਮਸਨਦ, ਇ., ਵੱਡਾ ਸਰ੍ਹਾਣਾ, ਗਾਵਾ, ਅਮੀਰਾਂ ਦੇ ਬੈਠਣ ਦੀ ਗੱਦੀ

मसना–ਮਸਨਾ, ਕ੍ਰਿ., ਗੁੰਨ੍ਹਣਾ; ਮਸਲਣਾ

मसयारा–ਮਸਯਾਰਾ, ਪੁ., ਮਸਾਲਚੀ

मसल–ਮਸਲ, ਇ., ਅਖਾਣ, ਕਹਾਉਤ

मसलना–ਮਸਲਨਾ, ਕ੍ਰਿ.; ਗੁੰਨ੍ਹਣਾ, ਮਲਣਾ, ਰਗੜਨਾ, ਦੱਬਣਾ

मसलहत–ਮਸਲਹਤ, ਇ., ਗੁਪਤ ਭਲਾਈ ਜਿਸ ਦਾ ਛੇਤੀ ਛੇਤੀ ਪਤਾ ਨਾ ਲੱਗ ਸਕੇ

मसवई–ਮਸਵਈ, ਇ., ਇਕ ਤਰ੍ਹਾਂ ਦੀ ਕਿੱਕਰ ਦਾ ਗੂੰਦ

मसवारा–ਮਸਵਾਰਾ, ਪੁ., ਜੱਚਾ ਦਾ ਮਹੀਨੇ ਪਿਛੋਂ ਇਸ਼ਨਾਨ

मसवासी–ਮਸਵਾਸੀ, ਪੁ., ਉਹ ਸਾਧੂ ਜੋ ੧ ਮਹੀਨੇ ਤੋਂ ਵਧੀਕ ਕਿਤੇ ਨਾ ਰਹੇ, ਰੰਡੀ, ਕੰਜਰੀ

मसविदा–ਮਸਵਿਦਾ, ਪੁ., ਕਿਸੇ ਲੇਖ ਦਾ ਨਕਸ਼ਾ, ਮਸੌਦਾ, ਜੁਗਤੀ, ਢੰਗ

मसहरी–ਮਸਹਰੀ, ਇ., ਮੱਛਰਦਾਨੀ

मसान–ਮਸਾਨ, ਪੁ., ਮਰਘਟ, ਰਣਭੂਮੀ, ਭੂਤ, ਪੇਤ, ਮਸਾਣ, ਮੜ੍ਹੀਆਂ, ਸਿਵੇ

मसाना–ਮਸਾਨਾ, ਪੁ., ਢਿਡ ਵਿਚਕਾਰਲੀ ਉਹ ਥੈਲੀ ਜਿਥੇ ਮੂਤਰ ਜਮਾ ਹੁੰਦਾ ਹੈ

मसानी–ਮਸਾਨੀ, ਇ., ਭੂਤਣੀ, ਪ੍ਰੇਤਣੀ

मसार–ਮਸਾਰ, ਪੁ., ਨੀਲਮਣੀ, ਨੀਲਮ, ਵਿ , ਗਿੱਲਾ

मसाला–ਮਸਾਲਾ, ਪੁ., ਕਿਸੇ ਚੀਜ਼ ਦੇ ਤਿਆਰ ਕਰਨ ਲਈ ਜ਼ਰੂਰੀ ਸਾਮਾਨ, ਆਤਸ਼ਬਾਜ਼ੀ

मसाली–ਮਸਾਲੀ, ਇ., ਰੱਸੀ, ਡੋਰੀ

मसि–ਮਸਿ, ਪੁ., ਸਿਆਹੀ, ਕਾਲਸ

मसिक–ਮਸਿਕ, ਪੁ., ਸੱਪ ਦੀ ਖੱਡ

मसिदानी–ਮਸਿਦਾਨੀ, ਇ., ਦੁਆਤ

मसिपात्र–ਮਸਿਪਾਤ੍ਰ, ਪੁ., ਦੁਆਤ

मसिमुख–ਮਸਿਮੁਖ, ਵਿ., ਕਲਮੂਹਾਂ, ਪਾਪੀ, ਕੁਕਰਮੀ

मसियाना–ਮਸਿਯਾਨਾ, ਕ੍ਰਿ., ਪੂਰਾ ਹੋ ਜਾਣਾ

मसियर–ਮਸਿਯਰ, ਪੁ., ਮਸਾਲ

मसिबिन्दु–ਮਸਿਬਿੰਦੁ, ਪੁ., ਸਿਆਹੀ ਦਾ ਟਿੱਕਾ, ਨਜਰਬੱਟੂ

मसिल–ਮਸਿਲ, ਪੁ., ਮੈਨਸਲ

मसी–ਮਸੀ, ਇ., ਕਾਲੀ ਸਿਆਹੀ

मसीका–ਮਸੀਕਾ, ਪੁ., ਮਾਸੇ ਦਾ ਤੋਲ

मसीत–ਮਸੀਤ, ਪੁ., ਮਸਜਿਦ

मसीह–ਮਸੀਹ, ਪੁ., ਈਸਾਈਆਂ ਦਾ ਧਰਮ ਗੁਰੂ

मसू–ਮਸੂ, ਇ., ਕਠਿਨਾਈ, ਉਖਿਆਈ

मसूड़ा–ਮਸੂੜਾ, ਪੁ., ਮੂੰਹ ਵਿਚਲੀ ਉਹ ਥਾਂ ਜਿਸ ਨਾਲ ਦੰਦ ਹਨ

मसूर–ਮਸੂਰ, ਪੁ., ਮਸਰ ਨਾਉਂ ਦਾ ਅਨਾਜ ਜਿਸ ਦੀ ਦਾਲ ਨੂੰ ਮਸਰੀ ਕਹਿੰਦੇ ਹਨ

मसूरा–ਮਸੂਰਾ, ਇ., ਰੰਡੀ. ਕੰਜਰੀ, ਮਸਰ ਦੀ ਬੜੀ, ਮਸੂੜ੍ਹਾ

मसूरिका. मसूरी–ਮਸੂਰਿਕਾ, ਮਸੂਰੀ, ਇ., ਚੇਚਕ, ਸੀਤਲਾ, ਕੁੱਟਣੀ

मसूल–ਮਸੂਲ, ਪੁ., ਚੁੰਗੀ, ਟੈਕਸ

मसूला–ਮਸੂਲਾ, ਪੁ., ਪਤਲੀ ਅਤੇ ਲੰਮੀ ਬੇੜੀ

मसूस–ਮਸੂਸ, ਇ., ਮਨ ਮਸੂਸਣ ਦਾ ਭਾਵ, ਅੰਦਰੂਨੀ ਦੁਖ

मसूसना–ਮਸੁਸਨਾ, ਕ੍ਰਿ., ਨਿਚੋੜਨਾ, ਵੱਟਣਾ, ਮਨ. ਹੀ ਮਨ ਵਿਚ ਕੁੜ੍ਹਨਾ, ਅਫ਼ਸੋਸ ਕਰਨਾ

मसृण–ਮਸ੍ਰਿਣ, ਵਿ., ਕੋਮਲ ਅਤੇ ਚਿਉਂਕਣਾ

मसेवरा–ਮਸੇਵਰਾ, ਵਿ., ਮਾਸ ਦੀ ਬਣੀ ਹੋਈ ਖਾਣ ਚੀਜ਼

मसोढ़ा–ਮਸੋਢਾ, ਪੁ., ਕੁਠਾਲੀ

मसोसना–ਮਸੋਸਨਾ, ਕ੍ਰਿ., ਅਫ਼ਸੋਸ ਕਰਨਾ

मसौदा–ਮਸੌਦਾ, ਪੁ.; ਪਹਿਲੀ ਵਾਰ ਲਿਖਿਆ ਹੋਇਆ ਲੇਖ, ਜੁਗਤ

मस्त–ਮਸ੍ਤ, ਵਿ., ਮਤਵਾਲਾ, ਹਰ ਵੇਲੇ ਖੁਸ਼ ਰਹਿਣ ਵਾਲਾ

मस्तक–ਮਸ੍ਤਕ, ਪੁ., ਸਿਰ; ਮੱਥਾ

मस्तरी–ਮਸ੍ਤਰੀ, ਇ., ਧਾਤ ਗਲਾਉਣ ਦੀ ਭੱਠੀ

मस्तिष्क–ਮਸ੍ਤਿਸ਼ਕ, ਪੁ., ਦਿਮਾਗ਼, ਮਗ਼ਜ਼

मस्ती–ਮਸ੍ਤੀ. ਇ., ਮਤਵਾਲਾ ਪਣ

महँ–ਮਹੰ, ਅਵ੍ਯ., ਵਿਚ, ਅੰਦਰ

महँई–ਮਹੱਈ, ਇ., ਭਾਰੀ, ਮਹਾਨ

महँगा–ਮਹੰਗਾ, ਵਿ., ਮਹਿੰਗਾ, ਵਡਮੁੱਲਾ

महँगाई–ਮਹੰਗਾਈ, ਇ., ਮਹਿੰਗਾਪਣ, ਕਾਲ

महँड़ा–ਮਹੰੜਾ, ਇ., ਭੁੱਜੇ ਛਲ

महँत–ਮਹੰਤ, ਪੁ., ਕਿਸ ਡੇਰ ਦਾ ਮਾਲਕ, ਸਾਧਾਂ ਦਾ ਮੁਖੀਆ ਵਿ., ਪਰਧਾਨ, ਮੁੱਖ

महँदी–ਮਹੰਦੀ, ਇ., ਮਹਿੰਦੀ

मह–ਮਹ, ਪੁ., ਉਤਸ਼ਵ, ਜੱਗ, ਮੱਝ, ਵਿ., ਵੱਡਾ, ਜ਼ਿਆਦਾ, ਅਵਜ., ਵਿਚ, ਅੰਦਰ

महक–ਮਹਕ, ਇ., ਖੁਸ਼ਬੋ, ਵਾਸਨਾ

महकना–ਮਹਕਨਾ, ਕ੍ਰਿ., ਵਾਸਨਾ ਦੇਣੀ, ਖੁਸ਼ਬੋ ਆਉਣੀ

महकान–ਮਹਕਾਨ, ਇ., ਦੇਖੋ ਮਹਕ (महक)

महकाली–ਮਹਕਾਲੀ, ਇ., ਪਾਰਬਤੀ

महकीला–ਮਹਕੀਲਾ, ਵਿ., ਵਾਸਨਾ ਵਾਲਾ, ਸੁਗੰਧਤ

महचक्र–ਮਹਚੱਕ੍ਰ, ਪੁ., ਸੂਰਜ

महज़–ਮਹਜ਼, ਵਿ., ਖਾਲਸ, ਸ਼ੁੱਧ, ਕੇਵਲ, ਬਸ, ਸਿਰਰ

महजित–ਮਹਜਿਤ, ਇ., ਮਸੀਤ

महण–ਮਹਣ, ਪੁ., ਸਮੁੰਦਰ

महत्–ਮਹਤ, ਵਿ., ਵੱਡੇ ਤੋਂ ਵੱਡਾ, ਫੈਲਿਆ ਹੋਇਆ, ਰਾਜ, ਹਕੂਮਤ, ਜਲ, ਧਰਤੀ ਦਾ ਪਹਿਲਾ ਵਿਕਾਰ

महता–ਮਹਤਾ, ਪੁ., ਸਰਦਾਰ, ਮੁਖੀਆ, ਆਗੂ, ਲੇਖਕ, ਇ., ਹੰਕਾਰ, ਗਰਬ

महताव–ਮਹਤਾਬ, ਇ., ਚਾਂਦਨੀ, ਇਕ ਆਤਸ਼ਬਾਜ਼ੀ, ਜਹਾਜ਼ ਦੀ ਰਸਤਾ ਦੱਸਣ ਵਾਲੀ ਰੋਸ਼ਨੀ, ਪੁ., ਚੰਨ, ਚੰਦਰਮਾ, ਇਕ ਜੰਗਲੀ ਕਾਂ

महतारी–ਮਹਤਾਰੀ, ਇ., ਮਾਂ, ਮਾਤਾ

महती–ਮਹਤੀ, ਇ., ਨਾਰਦ ਵੀਣਾ, ਮਹਿਮਾ, ਤੀਵੀਆਂ ਦਾ ਇਕ ਗੁੱਝਾ ਰੋਗ, ਬਾਣੀਆਂ ਦੀ ਇਕ ਜਾਤ

महतु–ਮਹਤੁ, ਪੁ., ਵੱਡਪਣ

महतो–ਮਹਤੋ, ਵਿ., ਤੀਰਥ ਦਾ ਪੰਡਾ, ਸਰਦਾਰ, ਚੌਧਰੀ, ਇਕ ਰਾਜਪੂਤ ਕੌਮ

महत्तत्व–ਮਹਤੱਤ੍ਵ, ਪੁ., ਜੀਵਾਤਮਾ, ਸਾਂਖ ਮਤ ਵਿਚ ਸਭ ਤੱਤਾਂ ਵਿਚੋਂ ਦੂਸਰਾ ਤੱਤ

महत्तम–ਮਹੱਤਮ, ਵਿ., ਸਭ ਤੋਂ ਵੱਡਾ

महत्तर–ਮਹੱਤਰ, ਵਿ., ਦੋ ਨਾਲੋਂ ਵੱਡਾ

महत्व–ਮਹੱਤ੍ਵ, ਪੁ., ਵਡੱਪਣ, ਉੱਤਮਤਾ, ਸ੍ਰੇਸ਼ਟਤਾ

महन–ਮਹਨ, ਪੁ., ਰਿੜਕਣ ਦਾ ਭਾਵ

महना–ਮਹਨਾ, ਕ੍ਰਿ., ਰਿੜਕਣਾ, ਪੁ., ਮਧਾਣੀ

महनिया–ਮਹਨਿਯਾ, ਪੁ., ਰਿੜਕਣ ਵਾਲਾ

महनु–ਮਹਨੁ, ਪੁ., ਨਾਸ ਕਰਨ ਵਾਲਾ, ਰਿੜਕਣ ਵਾਲਾ

महफ़िल–ਮਹਫ਼ਿਲ, ਇ., ਨੱਚਣ ਗਾਉਣ ਵਾਲੀ ਥਾਂ, ਸਭਾ, ਮਜਲਸ

महफ़ूज़–ਮਹਫੂਜ਼, ਵਿ., ਸੁਰੱਖਤ, ਹਿਫਾਜਤ ਵਿਚ

महबूब–ਮਹਬੂਬ, ਪੁ., ਜਿਸ ਨਾਲ ਪ੍ਰੇਮ ਕੀਤਾ ਜਾਵੇ, ਪ੍ਰੀਤਮ

महबूबा–ਮਹਬੂਬਾ, ਇ., ਪ੍ਰੇਮਕਾ, ਪ੍ਰੀਤਮਾ

मह्मदी–ਮਹਮਦੀ, ਵਿ., ਮੁਸਲਮਾਨ

मह्मंत–ਮਹਮੰਤ, ਵਿ., ਮਸਤ

मह्मह–ਮਹਮਹ, ਕ੍ਰਿ. ਵਿ., ਚਮਕ ਦਮਕ ਕੇ, ਖੁਸ਼ਬੋ ਨਾਲ

मह्महण–ਮਹਮਹਣ, ਪੁ., ਵਿਸ਼ਨੂੰ

मह्महा–ਮਹਮਹਾ, ਵਿ., ਮਹਿਕਦਾਰ, ਖੁਸ਼ਬੂਦਾਰ, ਸੁਗੰਧਤ

मह्महाना–ਮਹਾਮਹਾਨਾ, ਵਿ., ਮਹਿਕਣਾ

मह्मा–ਮਹਮਾ, ਇ., ਦੇਖੋ ਮਹਿਮਾ (महिमा

मह्मानी–ਮਹਮਾਨੀ, ਇ., ਪ੍ਰਾਹੁਣਚਾਰੀ

मह्माय–ਮਹਮਾਯ, ਇ., ਪਾਰਬਤੀ

महर–ਮਹਰ, ਪੁ., ਜ਼ਿਮੀਦਾਰਾਂ ਲਈ ਵਰਤਿਆ ਜਾਣ ਵਾਲਾ ਆਦਰ ਸੂਚਕ ਸ਼ਬਦ ਸੁਗੰਧਤ

महरबान–ਮਹਰਬਾਨ, ਪੁ., ਕਿਰਪਾਲੂ, ਦਿਆਲੂ

महरा–ਮਹਰਾ, ਪੁ., ਝੀਤੂਰ, ਸਰਦਾਰ, ਕਹਾਰ, ਸਹੁਰੇ ਲਈ ਬੋਲਿਆ ਜਾਣ ਵਾਲਾ ਆਦਰ ਸੂਚਕ ਸ਼ਬਦ ਵਿ., ਵੱਡਾ

महराई–ਮਹਰਾਈ, ਇ., ਵਡਿਆਈ, ਪ੍ਰਧਾਨਤਾ

महराना–ਮਹਰਾਨਾ, ਪੁ., ਝੀਤੂਰਾਂ ਦੀ ਵਸਤੀ

महरि–ਮਹਰਿ, ਇ., ਘਰ ਦੀ ਮਾਲਕਿਆਣੀ, ਇਕ ਪੰਛੀ

महरु–ਮਹਰੁ, ਪੁ., ਚੰਡੂ ਪੀਣ ਦੀ ਨਲਕੀ, ਇਕ ਰੁੱਖ

महरेटा–ਮਹਰੇਟਾ, ਪੁ., ਮਹਿਰ ਦਾ ਪੁੱਤਰ, ਸ਼੍ਰੀ ਕ੍ਰਿਸ਼ਨ

महरेटी–ਮਹਰੇਟੀ, ਇ., ਮਹਿਰ ਦੀ ਧੀ, ਰਾਧਾ

महर्घता–ਮਹਰਘਤਾ, ਇ., ਮਹਿੰਗਾਈ

महर्लोक–ਮਹਲੋਕ, ਪੁ., ਚੌਦਾਂ ਲੋਕਾਂ ਵਿਚੋਂ ਇਕ ਲੋਕ

महर्षि–ਮਹਰਸ਼ਿ, ਵਿ., ਵੱਡਾ ਰਿਸ਼ੀ

महल–ਮਹਲ, ਪੁ., ਵੱਡੀ ਕੋਠੀ, ਰਾਜਿਆਂ ਰਈਸਾਂ ਦਾ ਮਕਾਨ, ਮੌਕਾ, ਵੇਲਾ

महल्ल–ਮਹੱਲ, ਪੁ., ਬੁੱਢਾ, ਖੋਜਾ

महल्लक–ਮਹੱਲਕ, ਪੁ., ਰਣਵਾਸ ਦਾ ਰਾਖਾ

महस–ਮਹਸ ਪੁ., ਜੱਗ, ਪਾਣੀ, ਅਨੰਦ, ਵਿ., ਵੱਡਾ ਪੂਜਣ ਜੋਗ

महसूल–ਮਹਸੂਲ, ਪੁ., ਚੁੰਗੀ, ਮਾਮਲਾ, ਮਾਲ ਗੁਜ਼ਾਰੀ, ਟੈਕਸ

महा–ਮਹਾ, ਵਿ., ਬਹੁਤ, ਵੱਡਾ, ਬਾਹਲਾ, ਬਹੁਤ ਵੱਡਾ, ਭਾਰਾ

महारंभ–ਮਹਾ ਅਰੰਭ, ਪੁ., ਬਹੁਤ ਰੌਲਾ

महाई–ਮਹਾਈ, ਇ., ਰਿੜਕਣ ਦਾ ਕੰਮ, ਰਿੜਕਣ ਦੀ ਮਜੂਰੀ

महाउत–ਮਹਾਉਤ, ਪੁ., ਮਹਾਵਤ

महाकच्छ–ਮਹਾਕੱਛ, ਪੁ., ਸਮੁੰਦਰ ਪਰਬਤ, ਵਰਣ

महाकपाल–ਮਹਾਕਪਾਲ, ਪੁ., ਸ਼ਿਵ ਦਾ ਕਰਮਚਾਰੀ

महाकपोल–ਮਹਾਕਪੋਲ ਪੁ., ਸ਼ਿਵਾਂ ਦਾ ਇਕ ਬੰਦਾ

महाकम्बु–ਮਹਾਕੰਬ, ਪੁ., ਸ਼ਿਵ, ਮਹਾ [illegible]

महाकर–ਮਹਾਕਰ, ਵਿ., ਲੰਮਾ ਹੱਥ, ਵਡਾ ਲਗਾਨ ਵਿ., ਵਡੇ ਹੱਥ ਵਾਲਾ

महाकरुण–ਮਹਾਕਰੁਣ, ਵਿ., ਅਤੀ ਦਿਆਲੂ

महाकर्ण–ਮਹਾਕਰਣ, ਪੁ., ਸ਼ਿਵ, ਵਿ., ਲਮਕੰਨਾ

महाकल्प-ਮਹਾਕਲਪ, ਪੁ., ਬ੍ਰਹਮਾ ਦੀ ਉਮਰ ਜਿਤਨਾ ਸਮਾ, ਸ਼ਿਵ

महाकान्त-ਮਹਾਕਾਂਤ, ਵਿ., ਬਹੁਤ ਸੋਹਣਾ

महाकाय-ਮਹਾਕਾਜ, ਪੁ., ਸ਼ਿਵਾਂ ਦਾ ਦਰਬਾਨ, ਹਾਥੀ, ਨੰਦੀ, ਵੱਡਾ ਸਰੀਰ, ਵਿ., ਵੱਡੇ ਸਰੀਰ ਵਾਲਾ

महाकारण-ਮਹਾਕਾਰਣ, ਪੁ., ਰੱਬ, ਪਰਮੇਸ਼ਰ

महाकाल-ਮਹਾਕਾਲ, ਪੁ., ਸ਼ਿਵ, ਮਹਾਦੇਵ

महाकाली-ਮਹਾਕਾਲੀ, ਇ., ਦੁਰਗਾ

महाकाव्य-ਮਹਾਕਾਵਜ, ਪੁ., ਉਹ ਕਵਿਤਾ ਜਿਸ ਵਿਚ ਸਾਰੀਆਂ ਰੁੱਤਾਂ, ਰਸਾਂ, ਕੁਦਰਤੀ ਨਜ਼ਾਰਿਆਂ ਅਤੇ ਸਮਾਜਕ ਅਰ ਇਤਿਹਾਸਕ ਗੱਲਾਂ ਦਾ ਵਰਣਨ ਹੋਵੇ

महाकुमार-ਮਹਾਕੁਮਾਰ, ਪੁ., ਯੁਵਰਾਜ

महाकेतु-ਮਹਾਕੇਤੁ, ਪੁ., ਸ਼ਿਵ

महाकेश-ਮਹਾਕੇਸ਼, ਪੁ., ਮਹਾਦੇਵ

महाक्ष-ਮਹਾਕਸ਼, ਪੁ., ਸ਼ਿਵ

महाखात-ਮਹਾਖਾਤ, ਪੁ., ਲੰਮਾ ਚੌੜਾ ਖਾਤਾ

महाख्यात-ਮਹਾਖਜਾਤ, ਵਿ., ਅਤੀ ਪ੍ਰਸਿੱਧ

महागर्भ-ਮਹਾਗਰਭ, ਪੁ., ਸ਼ਿਵ, ਇਕ ਦੈਂਤ

महागव-ਮਹਾਗਵ, ਪੁ., ਗਊ ਜੇਹਾ ਪਸ਼ੂ ਜਿਸ ਦੇ ਗਲੇ ਵਿਚ ਝਾਲਰ ਨਾ ਹੋਵੇ, ਰੋਝ

महागौरी-ਮਹਾਗੌਰੀ, ਇ., ਦੁਰਗਾ

महाग्रीव-ਮਹਾਗ੍ਰੀਵ, ਪੁ., ਸ਼ਿਵ, ਊਂਟ, ਬੋਤਾ

महाघोर-ਮਹਾਘੋਰ, ਵਿ., ਬਹੁਤ ਡਰਾਉਣਾ

महाचक्र-ਮਹਾਚਕ੍ਰ, ਪੁ., ਵੱਡਾ ਚੱਕਰ

महाचण्ड-ਮਹਾਚੰਡ, ਪੁ., ਸ਼ਿਵਾਂ ਦਾ ਇਕ ਬੰਦਾ

महाचिता-ਮਹਾਚਿਤਾ, ਇ., ਅਪਸਰਾ

महाजन-ਮਹਾਜਨ, ਪੁ., ਸ੍ਰੇਸ਼ਟ ਪੁਰਸ਼, ਸਾਧੂ, ਬਾਣੀਆ, ਸੂਦ ਖੋਰ

महाजनी-ਮਹਾਜਨੀ, ਇ., ਲੈਣ ਦੇਣ, ਸੂਦ ਖੋਰੀ ਦਾ ਵਪਾਰ

महाजल-ਮਹਾਜਲ, ਪੁ., ਸਮੁੰਦਰ

महाढ्य-ਮਹਾਢਜ, ਵਿ., ਅਤੀ ਧਨੀ, ਸਰਮਾਏਦਾਰ

महातप-ਮਹਾਤਪ, ਪੁ., ਕਠਿਨ ਤਪੱਸਿਆ, ਵਿਸ਼ਨੂੰ

महातपन-ਮਹਾਤਪਨ, ਪੁ.. ਇਕ ਨਰਕ

महातल-ਮਹਾਤਲ, ਪੁ., ਪਤਾਲ

महातिक्त-ਮਹਾਤਿਕ੍ਤ, ਪੁ., ਚਿਰੈਤਾ, ਡੇਕ ਦਾ ਬੂਟਾ

महातीक्ष्ण-ਮਹਾਤੀਕਸ਼ਣ. ਵਿ.. ਬਹੁਤ ਕੌੜਾ

महात्यय-ਮਹਾਤਜਯ. ਪੁ., ਬਹੁਤ ਭਾਰੀ ਵਿਪਤਾ

महादण्ड-ਮਹਾਦੰਡ, ਪੁ., ਜਮ ਦਾ ਸੋਟਾ

महादन्त-ਮਹਾਦੰਤ, ਪੁ., ਹਾਥੀ ਦੰਦ, ਸ਼ਿਵ

महादान-ਮਹਾਦਾਨ, ਪੁ., ਸੋਨਾ ਸੋਨੇ ਦਾ ਘੋੜਾ ਤਿਲ ਗਊ ਦਾਸੀ ਰਥ ਧਰਤੀ ਘਰ ਕੰਨਿਆ ਇਹ ਵੱਡੇ ਦਾਨ ਹਨ

महादूत-ਮਹਾਦਤ, ਪੁ., ਜਮਰਾਜ

महादेव-ਮਹਾਦੇਵ, ਪੁ., ਸ਼ਿਵ

महादेवी-ਮਹਾਦੇਵੀ, ਇ., ਦੁਰਗਾ, ਪਟਰਾਣੀ

महाद्रुम-ਮਹਾਦ੍ਰੁਮ, ਪੁ., ਤਾੜ ਦਾ ਰੁੱਖ

महाद्रोण-ਮਹਾਦ੍ਰੋਣ, ਪੁ., ਸੁਮੇਰ, ਸ਼ਿਵ

महाद्वीप-ਮਹਾਦ੍ਵੀਪ, ਪੁ., ਧਰਤੀ ਦਾ ਉਹ ਹਿੱਸਾ ਜਿਸ ਵਿਚ ਅਨੇਕ ਦੇਸ਼ ਹੋਣ ਜਿਵੇਂ ਏਸ਼ੀਆ ਯੂਰਪ

महाधन-ਮਹਾਧਨ, ਵਿ., ਧਨਾਢ, ਪੁ., ਸੋਨਾ, ਸੁਗੰਧ, ਖੇਤੀ, ਧੂਪ

महाध्वनि-ਮਹਾਧ੍ਵਨਿ, ਪੁ., ਬਹੁਤ ਜ਼ੋਰ ਦੀ ਅਵਾਜ਼

महान्-ਮਹਾਨ, ਵਿ., ਵਿਸ਼ਾਲ, ਬਹੁਤ ਵੱਡਾ

महानट-ਮਹਾਨਟ, ਪੁ., ਸ਼ਿਵ, ਮਹਾਦੇਵ

महानन्द-ਮਹਾਨੰਦ, ਪੁ., ਮੁਕਤੀ, ਪ੍ਰਸੰਨਤਾ, ਮਗਧ ਦਾ ਇਕ ਰਾਜਾ

महानन्दा-ਮਹਾਨੰਦਾ, ਇ., ਮਾਘ ਸੁਦੀ ਨੌਮੀ

महानरक-ਮਹਾਨਰਕ, ਪੁ., ਵੱਡਾ ਨਰਕ

महानल-ਮਹਾਨਲ, ਪੁ., ਭਿਅੰਕਰ ਅੱਗ

महानस-ਮਹਾਨਸ, ਪੁ., ਰਸੋਈਘਰ

महानाटक-ਮਹਾਨਾਟਕ, ਪੁ., ਦਸ ਅੰਗ ਦਾ ਨਾਟਕ

महानाड़ी-ਮਹਾਨਾੜੀ, ਇ., ਮੋਟੀ ਨਸ ਜਾਂ ਨਾੜ

महानाद-ਮਹਾਨਾਦ, ਪੁ., ਹਾਥੀ, ਸ਼ੇਰ, ਊਂਟ, ਸੰਖ, ਢੋਲ, ਸ਼ਿਵ, ਵਰ੍ਹਣ ਵਾਲਾ ਬੱਦਲ, ਸ਼ਬਦ

महानारायण-ਮਗਾਨਾਰਾਯਣ, ਪੁ., ਵਿਸ਼ਨੂੰ

महानिद्रा-ਮਹਾਨਿੱਦ੍ਰਾ, ਇ., ਮੌਤ

महानिधान-ਮਹਾਨਿਧਾਨ, ਪੁ., ਭੁੱਖਾ, ਧਾਤੂ ਭੇਦੀ ਪਾਰਾ

महानिम्ब-ਮਹਾਨਿੰਬ, ਪੁ., ਡੇਕ ਦਾ ਰੁੱਖ

महानिर्वाण-ਮਹਾਨਿਰਵਾਣ, ਪੁ., ਮੁਕਤੀ, ਛੁਟਕਾਰਾ

महानिशा-ਮਹਾਨਿਸ਼ਾ,. ਇ., ਅਧੀਰਤਾ, ਵੱਡੀ ਰਾਤ

महानुभाव-ਮਹਾਨੁਭਾਵ, ਵਿ., ਚੰਗਾ ਬੰਦਾ, ਵੱਡਾ ਆਦਮੀ

महानुभावता-ਮਹਾਨੁਭਾਵਤਾ, ਇ., ਵੱਡਪਣ

महानुराग-ਮਹਾਨੁਰਾਗ, ਵਿ., ਵੱਡੀ ਆਸ਼ਕੀ, ਵਧੀਆ ਪ੍ਰੇਮ

महानेमि-ਮਹਾਨੇਮਿ, ਪੁ., ਕਾਂ, ਕਊਆ

महान्तक-ਮਹਾਂਤਕ, ਪੁ., ਮੌਤ, ਮਹਾਦੇਵ

महान्वय-ਮਹਾਨ੍ਵਯ, ਵਿ., ਕੁਲੀਨ, ਖਾਨਦਾਨੀ

महापक्षी-ਮਹਾਪਕਸ਼ੀ, ਇ., ਉੱਲੂ, ਗਰੜ

महापत्र-ਮਹਾਪਤ੍ਰ, ਪੁ., ਸਾਗਵਾਨ ਦਾ ਰੁੱਖ

महापथ-ਮਹਾਪਥ, ਪੁ., ਮੌਤ, ਜਰਨੈਲੀ ਸੜਕ, ਨਰਕ

महापातक-ਮਹਾਪਾਤਕ, ਪੁ., ਬ੍ਰਹਮ ਹੱਤਿਆ ਸ਼ਰਾਬ ਪੀਣੀ ਚੋਰੀ ਗੁਰੂ ਪਤਨੀ ਨਾਲ ਵਿਭਚਾਰ ਕਰਨ ਵਾਲਿਆਂ ਨਾਲ ਮਿਲਾਪ ਕਰਨਾ ਇਹ ਵੱਡੇ ਪਾਪ

महापुरुष-ਮਹਾਪੁਰਸ਼, ਪੁ., ਮਹਾਤਮਾ, ਪਰਮਾਤਮਾ

महाप्रलय-ਮਹਾਪ੍ਰਲਯ, ਪੁ., ਦੁਨੀਆ ਦਾ ਅੰਤ

महाफल-ਮਹਾਫਲ, ਪੁ., ਬਿਲ, ਨਾਰੀਅਲ, ਪੁ., ਵੱਡਾ ਪਾਪ

महाबल–ਮਹਾਬਲ, ਵਿ., ਬਹੁਤ ਜੋਰ ਵਾਲਾ

महाबला–ਮਹਾਬਲਾ, ਇ., ਪੀਲੀ ਸਹਿਦੇਵੀ, ਪਿੱਪਲ, ਨੀਲ

महाबली–ਮਹਾਬਲੀ, ਵਿ., ਬਹੁਤ ਜੋਰਾਵਰ

महाबाहु–ਮਹਾਬਾਹੁ. ਵਿ., ਲੰਮੀਆਂ ਬਾਹਾਂ ਵਾਲਾ, ਤਕੜਾ

महाबोध–ਮਹਾਬੋਧ, ਪੂ , ਬੁੱਧ. ਗਿਆਨ

महाब्राह्मण–ਮਹਾਬ੍ਰਾਹਮਣ, ਪੁ., ਡਕੌਤ, ਅਚਾਰਜ

महाभट–ਮਹਾਭਟ, ਪੁ,, ਬਹੁਤ ਵੱਡਾ ਜੋਧਾ

महाभाग-ਮਹਾਭਾਗ, ਵਿ.. ਵਡਭਾਗਾ, ਮਹਾਤਮਾ

महाभागी–ਮਹਾਭਾਗੀ, ਵਿ., ਵਡਭਾਗੀ

महाभार–ਮਹਾਭਾਰ, ਪੁ., ਭਾਰੀ ਬੋਝਾ

महाभारत–ਮਹਾਭਾਰਤ, ਪੁ., ਅਠਾਰਾਂ ਪਰਬਾਂ ਦਾ ਪ੍ਰਸਿੱਧ ਮਹਾ ਕਾਵੱ, ਇਕ ਵੱਡਾ ਭਾਰੀ ਜੁੱਧ

महाभाष्य–ਮਹਾਭਾਸ਼ਜ, ਪੁ., ਪਤੰਜਲੀ ਦਾ ਲਿਖਿਆ ਹੋਇਆ ਵਿਆਕਰਣ, ਭਾਸ਼

महाभासुर–ਮਹਾਭਾਸੁਰ, ਪੁ., ਵਿਸ਼ਨੂੰ, ਵਿ., ਅਤੀ ਚਮਕੀਲਾ

महाभिमान–ਮਹਾਭਿਮਾਨ, ਪੁ., ਬਹੁਤ ਵੱਡਾ ਘਮੰਡ

महाभीत–ਮਹਾਭੀਤ, ਵਿ.. ਡਰਪੋਕ

महाभीरु–ਮਹਾਭੀਰੁ, ਵਿ., ਬਰੁਤ ਡਰਾਕਲ

महाभुज–ਮਹਾਭੁਜ, ਵਿ., ਲੰਮੀਆਂ ਬਾਹਾਂ ਵਾਲਾ

महाभूत–ਮਹਾਭੂਤ, ਪੁ., ਪੰਜ ਤੱਤ ਪਿਰਥੀ ਜਲ ਅੱਗ ਹਵਾ ਅਤੇ ਅਕਾਸ਼

महाभैरवी–ਮਹਾਭੈਰਵੀ. ਇ., ਤੰਤ੍ਰੀਆਂ ਦੀ ਇਕ ਵਿਦਿਆ

महाभोगी–ਮਹਾਭੋਗੀ, ਇ., ਦੁਰਗਾ

महाभ्र–ਮਹਾਭ੍ਰ , ਪੁ., ਬੱਦਲ, ਕਾਲੀ ਘਟਾ

महामति–ਮਹਾਮਤਿ, ਵਿ., ਸਿਆਣਾ, ਅਕਲਮੰਦ

महामद–ਮਹਾਮਦ, ਪੁ., ਮਸਤ ਹਾਥੀ, ਵਿ., ਪ੍ਰਸੰਨ

महामन्त्र–ਮਹਾਮੰਤ੍ਰ, ਪੁ., ਗੁਰੂ ਮੰਤਰ, ਇਸ਼ਟ ਮੰਤਰ

महामन्त्री–ਮਹਾਮੰਤ੍ਰੀ, ਪੁ., ਵੱਡਾ ਵਜ਼ੀਰ

महामह–ਮਹਾਮਹ, ਪੁ., ਵੱਡਾ ਉਤਸਵ

महामहोपाध्याय–ਮਹਾਮਹੋਪਾਧਜਾਯ, ਪੁ., ਵੱਡਾ ਪੰਡਿਤ, ਇਕ ਖਿਤਾਬ

महामाई–ਮਹਾਮਾਈ, ਇ., ਦੁਰਗਾ, ਕਾਲੀ

महामात्य–ਮਹਾਮਾਤਜ, ਪੁ., ਵੱਡਾ ਵਜ਼ੀਰ

महामानी–ਮਹਾਮਾਨੀ, ਵਿ., ਬਹੁਤ ਵੱਡਾ ਘਮੰਡੀ

महामाया–ਮਹਾਮਾਯਾ, ਇ., ਦੁਰਗਾ, ਕੁਦਰਤ, ਪਰਕ੍ਰਿਤੀ

महामारी–ਮਹਾਮਾਰੀ. ਇ., ਪਲੇਗ ਵਗੈਰਾ ਉਹ ਬੀਮਾਰੀ ਜਿਸ ਨਾਲ ਬਹੁਤੇ ਬੰਦੇ ਮਰਨ

महामाष–ਮਹਾਮਾਸ਼, ਪੁ., ਰਾਜ ਮਾਂਹ

महामासी–ਮਹਾਮਾਸੀ, ਇ., ਸੰਜੀਵਨੀ ਬੂਟੀ

महामुख–ਮਹਾਮੁਖ. ਪੁ., ਨਦੀ ਦਾ ਮੁਹਾਣਾ, ਮਹਾਦੇਵ, ਵਿ., ਵੱਡੇ ਮੂੰਹ ਵਾਲਾ

महामूढ़–ਮਹਾਮੂੜ੍ਹ, ਵਿ., ਵੱਡਾ ਮੂਰਖ

महामूर्ति–ਮਹਾਮੂਰਤਿ, ਪੁ., ਵਿਸ਼ਨੂੰ

महामेद–ਮਹਾਮੇਦ, ਪੁ., ਇਕ ਪ੍ਰਸਿੱਧ ਬੂਟੀ

महामेदा–ਮਹਾਮੇਦਾ, ਇ., ਇਕ ਤਰ੍ਹਾਂ ਦਾ ਕੰਦ

महामैत्री–ਮਹਾਮੈਤ੍ਰੀ, ਇ., ਗੂਹੜੀ ਦੋਸਤੀ

महामोह–ਮਹਾਮੋਹ, ਪੁ., ਸੰਸਾਰਕ ਸੁਖਾਂ ਦਾ ਪਿਆਰ

महामोहा–ਮਹਾਮੋਹਾ, ਇ., ਦੁਰਗਾ

महाय- ਮਹਾਯ. ਵਿ., ਮਹਾਨ, ਬਹੁਤ ਪੂਜਣ ਜੋਗ

महायक्ष- ਮਹਾਯਕਸ਼, ਪੁ ., ਬੋਧੀਆਂ ਦਾ ਦੇਵਤਾ

महायज्ञ–ਮਹਾਯਗਜ, ਪੁ., ਵਿਸ਼ਨੂੰ ਹਵਨ ਵੇਦ ਪਾਠ ਅਤਿਥੀ ਪੂਜਾ ਤਰਪਣ ਅਤੇ ਬਲੀ ਇਹ ਪੰਜ ਮਹਾ ਜੱਗ ਹਨ

महायात्रा–ਮਹਾਯਾਤ੍ਰਾ, ਵਿ., ਮੌਤ, ਤੀਰਥ ਯਾਤਰਾ

महायान–ਮਹਾਯਾਨ, ਪੁ., ਵੱਡੀ ਬੈਲ ਗੱਡੀ, ਬੋਧੀਆਂ ਦੀ ਇਕ ਸੰਪਰਦਾਇ

महायुग–ਮਹਾਯੁਗ, ਪੁ., ਚਹੁ ਜੁਗਾਂ ਦਾ ਸਮੂਹ

महायुध–ਮਹਾਯੁਧ, ਪੁ., ਮਹਾਦੇਵ

महारजत–ਮਹਾਰਜਤ, ਪੁ., ਧਤੂਰਾ, ਸੋਨਾ

महारण–ਮਹਾਰਣ, ਪੁ., ਵੱਡੀ ਲੜਾਈ

महारण्य–ਮਹਾਰਣਜ, ਪੁ.. ਵੱਡਾ ਜੰਗਲ

महारतक–ਮਹਾਰਤਕ, ਪੁ., ਮੂੰਗਾ

महारथ–ਮਹਾਰਥ, ਪੁ., ਸ਼ਿਵ, ਵੱਡਾ ਸੂਰਮਾ

महारव–ਮਹਾਰਵ, ਪੁ., ਡੱਡੂ

महारस–ਮਹਾਰਸ, ਪੁ., ਪਾਰਾ, ਅਭਰਕ, ਵਿ., ਬਹੁਤ ਜ਼ਿਆਦਾ ਰਸ

महाराजाधिराज–ਮਹਾਰਾਜਾਧਿਰਾਜ, ਪੁ.. ਵੱਡਾ ਰਾਜਾ

महाराज्ञी–ਮਹਾਰਾਗਜੀ, ਇ., ਦੁਰਗਾ, ਮਹਾਰਾਣੀ, ਪਟਰਾਣੀ

महारात्रि–ਮਹਾਰਾਤ੍ਰਿ. ਇ., ਮਹਾ ਪਰਲੋਂ ਦੀ ਰਾਤ

महारावण–ਮਹਾਰਾਵਣ, ਪੁ.; ਹਜ਼ਾਰ ਮੂੰਹ ਦੋ ਹਜ਼ਾਰ ਬਾਹਾਂ ਵਾਲਾ ਰਾਵਣ

महारावल–ਮਹਾਰਾਵਲ, ਪੁ., ਰਾਜਪੂਤਾਨਾ ਜੈਸਲਮੇਰ ਡੂੰਗਰਪੁਰ ਵੰਸ ਦੀ ਅੱਲ

महाराष्ट्र–ਮਹਾਰਾਸ਼ਟ੍ਰ, ਪੁ.. ਮਰਹੱਟਿਆਂ ਦਾ ਦੇਸ, ਵੱਡਾ ਰਾਜ ਜਾਂ ਦੇਸ਼

महाराष्ट्री–ਮਹਾਰਾਸ਼ਟ੍ਰੀ, ਇ., ਮਰਹੱਟੀ ਭਾਸ਼ਾ

महारुज–ਮਹਾਰੁਜ, ਇ., ਵੱਡੀ ਪੀੜਾ ਜਾਂ ਦੁਖ

महारुद्र–ਮਹਾਰੁਦ੍ਰ, ਪੁ., ਸ਼ਿਵ, ਮਹਾਦੇਵ

महारोग–ਮਹਾਰੋਗ, ਪੁ., ਕੋੜ੍ਹ

महारौद्र–ਮਹਾਰੌਦ੍ਰ, ਪੁ., ਸ਼ਿਵ, ੨੨ ਮਾਤਰਾਂ ਦਾ ਇਕ ਛੰਦ

महारौद्री–ਮਹਾਰੌਦ੍ਰੀ, ਇ., ਦੁਰਗਾ

महारौरव–ਮਹਾਰੌਰਵ, ਪੁ., ਇਕ ਨਰਕ

महार्घ–ਮਹਾਰਘ, ਵਿ., ਵਡਮੁੱਲਾ

महार्णव–ਮਹਾਰਣਵ, ਪੁ., ਵੱਡਾ ਸਮੁੰਦਰ, ਸ਼ਿਵ

महार्थक–ਮਹਾਰਥਕ, ਵਿ., ਬਹੁਮੁੱਲਾ

महार्बुद–ਮਹਾਰਬਦ, ਪੁ.. ਸੌ ਅਰਬ

महार्ह–ਮਹਾਰ, ਵਿ., ਪੂਜਣ ਜੋਗ

महालक्ष्मी–ਮਹਾਲਕਸ਼ਮੀ. ਇ.. ਸ਼ਕਤੀ, ਰਾਧਾ

महालस–ਮਹਾਲਸ. ਵਿ., ਆਲਸੀ

महालिंग–ਮਹਾਲਿੰਗ, ਪੁ., ਸ਼ਿਵ

महालोभ–ਮਹਾਲੋਭ, ਪੁ., ਕਾਂ, ਸ਼ਿਵ, ਵਿ., ਵੱਡਾ ਲਾਲਚੀ

महावट–ਮਹਾਵਟ, ਇ , ਪੋਹ ਮਾਘ ਦੀ ਬਰਖਾ

महावत–ਮਹਾਵਤ, ਪੁ., ਹਾਥੀ ਹੱਕਣ ਵਾਲਾ, ਹਾਥੀਵਾਨ

विलङ्घन–ਵਿਲੰਘਨ, ਪੁ., ਭੁਖਿਆਂ ਰਹਿਣ ਦਾ ਭਾਵ, ਟਪੂਸੀ ਮਾਰ ਕੇ ਪਾਰ ਕਰਨ ਦਾ ਭਾਵ

विलङ्घना–ਵਿਲੰਘਨਾ, ਇ., ਰੋਕ ਦੂਰ ਕਰਨਾ, ਟੱਪਣਾ

विलङ्घनीय–ਵਿਲੰਘਨੀਯ, ਵਿ., ਪਾਰ ਲੰਘਣ ਵਾਲੀ

विलङ्घित–ਵਿਲੰਘਿਤ, ਵਿ., ਨਿਸਫ਼ਲ, ਹਰਾਇਆ ਹੋਇਆ

विलङ्घी–ਵਿਲੰਘੀ, ਵਿ., ਨਿਜਮ ਭੰਗ ਕਰਨ ਵਾਲਾ

विलच्छन–ਵਿਲੱਛਨ, ਵਿ., ਦੇਖੋ ਵਿਲਕਸ਼ਣ (विलक्षण)

विलज्ज–ਵਿਲੱਜ, ਵਿ., ਬੇਸ਼ਰਮ, ਨਿਲੱਜ

विलपन–ਵਿਲਪਨ, ਪੁ., ਗੱਲ ਕਥ, ਵਿਰਲਾਪ

विलपना–ਵਿਲਪਨਾ, ਕ੍ਰਿ., ਵਿਰਲਾਪ ਕਰਨਾ, ਰੋਣਾ

विलपाना–ਵਿਲਪਾਨਾ, ਕ੍ਰਿ., ਰੁਲਾਉਣਾ, ਰੁਆਉਣਾ

विलब्ध–ਵਿਲਬਧ, ਵਿ., ਵੱਖ ਕੀਤਾ ਹੋਇਆ

विलम्ब–ਵਿਲੰਬ, ਪੁ., ਦੇਰ, ਚਿਰ, ਬਹੁਤਾ ਸਮਾ

विलम्बन–ਵਿਲੰਬਨ, ਪੁ., ਦੇਰ ਕਰਨ ਦਾ ਭਾਵ, ਚਿਰ ਲਾਉਣ ਦਾ ਭਾਵ, ਸਹਾਰਾ ਲੈਣ ਦਾ ਭਾਵ

विलम्बना–ਵਿਲੰਬਨਾ, ਕ੍ਰਿ., ਦੇਰ ਕਰਨਾ, ਸਹਾਰਾ ਲੈਣਾ

विलम्बित–ਵਿਲੰਬਿਤ, ਵਿ., ਲਟਕਦਾ ਹੋਇਆ, ਜਿਸ ਨੂੰ ਦੇਰੀ ਹੋਈ ਹੋਵੇ

विलम्बितगति–ਵਿਲੰਬਿਤਗਤਿ, ਇ., ਇਕ ਛੰਦ

विलम्बिता–ਵਿਲੰਬਿਤਾ, ਵਿ., ਦੇਰੀ ਕਰਨ ਵਾਲਾ

विलम्बी–ਵਿਲੰਬੀ, ਵਿ., ਦੇਰੀ ਕਰਨ ਵਾਲਾ

विलम्भ–ਵਿਲੰਭ, ਪੁ., ਸਖੀ ਭਾਵ, ਉਦਾਰਤਾ, ਭੇਟਾ

विलय–ਵਿਲਯ, ਪੁ., ਪਰਲੋਂ, ਲੋਪ, ਨਾਸ, ਮੌਤ

विलयन–ਵਿਲਯਨ, ਪੁ., ਵਖ ਕਰਨ ਦਾ ਕੰਮ

विलसन–ਵਿਲਸਨ, ਪੁ., ਚਮਕਣ ਚਾ ਭਾਵ, ਖੇਲੁ ਤਮਾਸ਼ਾ

विलसना–ਵਿਲਸਨਾ, ਕ੍ਰਿ., ਵਿਲਾਸ ਕਰਨਾ, ਖੇਲੁਣਾ ਕੁੱਦਣਾ, ਚਮਕਣਾ, ਲਿਸ਼ਕਣਾ, ਸੋਭਣਾ

विलसाना–ਵਿਲਸਾਨਾ, ਕ੍ਰਿ., ਦੇਖੋ ਬਿਲਸਾਨਾ (विलसाना)

विलाप–ਵਿਲਾਪ, ਪੁ., ਵਿਰਲਾਪ, ਰੋਣਾ

विलापना–ਵਿਲਾਪਨਾ, ਕ੍ਰਿ., ਵਿਰਲਾਪ ਕਰਨਾ, ਧਰਤੀ ਵਿਚ ਬੂਟਾ ਲਾਉਣਾ

विलायत–ਵਿਲਾਯਤ, ਪੁ., ਆਪਣਾ ਮੁਲਖ, ਸ੍ਵਦੇਸ਼, ਵਰਤਮਾਨ ਸਮੇ ਵਿਚ ਯੂਰਪ ਅਤੇ ਅਮਰੀਕਾ ਨੂੰ ਵਿਲਾਇਤ ਕਹਿੰਦੇ ਹਨ

विलायती–ਵਿਲਾਯਤੀ, ਵਿ, ਵਿਲਾਇਤ ਸਬੰਧੀ

विलायन–ਵਿਲਾਯਨ, ਪੁ., ਪੁਰਾਣੇ ਸਮੇ ਦਾ ਇਕ ਹਥਿਆਰ

विलावली–ਵਿਲਾਵਲੀ, ਇ., ਇਕ ਰਾਗਣੀ

विलास–ਵਿਲਾਸ, ਪੁ., ਖੁਸ਼ੀ, ਅਨੰਦ, ਸੁਖ ਭੋਗ, ਮਨੋਰੰਜਨ, ਨਖਰਾ, ਮਨ ਬਹਿਲਾਉ

विलासभवन,विलासमन्दिर–ਵਿਲਾਸਭਵਨ, ਵਿਲਾਸਮੰਦਿਰ, ਪੁ., ਨਾਚਘਰ, ਸਿਨਮਾਘਰ

विलासविपिन–ਵਿਲਾਸਵਿਪਿਨ, ਪੁ., ਕਲੋਲਾਂ ਕਰਨ ਵਾਲੀ ਥਾਂ

विलासवेश्म–ਵਿਲਾਸਵੇਸ਼ਮ, ਪੁ., ਕਲੋਲ ਕਰਨ ਵਾਲਾ ਘਰ

विलासशील–ਵਿਲਾਸਸ਼ੀਲ, ਵਿ., ਵਿਲਾਸ ਕਰਨ ਵਾਲਾ

विलासिका–ਵਲਾਸਿਕਾ, ਇ., ਅਲੰਕਾਰ ਵਿਚ ਇਕ ਰੂਪਕ

विलासिनी–ਵਿਲਾਸਿਨੀ, ਇ., ਸੋਹਣੀ ਜੁਵਾਨ ਤੀਵੀਂ, ਕੰਜਰੀ, ਇਕ ਛੰਦ

विलासी–ਵਿਲਾਸੀ, ਪੁ., ਕਾਮੀ ਆਦਮੀ, ਅਰਾਮ ਤਲਬ ਬੰਦਾ

विलखित–ਵਿਲਖਿਤ, ਵਿ.,ਲਿਖਿਆ ਹੋਇਆ, ਖੁਦਿਆ ਹੋਇਆ

विलिप्त–ਵਿਲਿਪ੍ਤ, ਵਿ., ਲਿਪਿਆ ਪੋਚਿਆ

विलीक–ਵਿਲੀਕ, ਵਿ., ਅਜੋਗ, ਅਨੁਚਿਤ, ਨਾ ਮੁਨਾਸਬ

विलीन–ਵਿਲੀਨ, ਵਿ., ਲੁਕਿਆ ਛੁਪਿਆ, ਰਲਿਆ ਮਿਲਿਆ

विलुप्त–ਵਿਲੁਪ੍ਤ, ਵ., ਜੋ ਦਿਸ ਨਾ ਸਕੇ

विलुभित–ਵਿਲੁਭਿਤ, ਵਿ., ਚੰਚਲ, ਇੱਲਤੀ

विलुम्पक–ਵਿਲੁੰਪਕ, ਪੁ., ਚੋਰ, ਠੱਗ

विलून–ਵਿਲੂਨ, ਵਿ., ਕਟਿਆ ਹੋਇਆ, ਵੱਖ ਕੀਤਾ ਹੋਇਆ

विलेप–ਵਿਲੇਪ, ਪੁ., ਲੇਪ, ਪਲਸਤਰ

विलेपन–ਵਿਲੇਪਨ, ਪੁ., ਲਿਪਣ ਦੀ ਕਿਰਿਆ

विलेशय–ਵਿਲੇਸ਼ਯ, ਪੁ., ਬਿਲ ਵਿਚ ਰਹਿਣ ਵਾਲਾ, ਸੱਪ

विलोक-ਵਿਲੋਕ, ਪੁ., ਨਿਗਾਹ, ਨਜ਼ਰ

विलोकना-ਵਿਲੋਕਨਾ, ਕ੍ਰਿ., ਦੇਖਣਾ, ਤਕਣਾ

विलोकनीय-ਵਿਲੋਕਨੀਯ, ਵਿ., ਦੇਖਣ ਜੋਗ

विलोकित-ਵਿਲੋਕਿਤ, ਵਿ., ਦੇਖਿਆ ਹੋਇਆ

विलोचन-ਵਿਲੋਚਨ, ਪੁ., ਅੱਖ, ਨੇਤਰ, ਅੱਖ ਭੰਨਣ ਦੀ ਕਿਰਿਆ, ਇਕ ਨਰਕ

विलोड़ना-ਵਿਲੋੜਨਾ, ਕ੍ਰਿ., ਦੇਖੋ ਬਿਲੋੜਨਾ (बिलोड़ना)

विलोप-ਵਿਲੋਪ, ਪੁ., ਨਾਸ, ਹਾਨੀ, ਨੁਕਸਾਨ, ਰੋਕ, ਵਿਘਨ

विलोपक-ਵਿਲੋਪਕ, ਵਿ., ਨਾਸ ਕਰਨ ਵਾਲਾ

विलोपना-ਵਿਲੋਪਨਾ, ਕ੍ਰਿ., ਰੋਕ ਪਾਉਣੀ, ਲੋਪ ਕਰਨਾ

विलोपी-ਵਿਲੋਪੀ, ਵਿ., ਨਾਸ ਕਰਨ ਵਾਲਾ

विलोभ-ਵਿਲੋਭ, ਪੁ., ਮੋਹ, ਭਰਮ, ਮਾਇਆ

विलोभन-ਵਿਲੋਭਨ, ਪੁ,, ਮੋਹਤ ਕਰਨ ਦਾ ਭਾਵ

विलोम-ਵਿਲੋਮ, ਵਿ., ਉਲਟਾ, ਸੰਗੀਤ ਦਾ ਉਤਰਾ ਚੜ੍ਹਾ, ਖਿਲਾਫ਼, ਪੁ., ਸੱਪ, ਕੁਤਾ

विलोमक्रिया-ਵਿਲੋਮਕ੍ਰਿਯਾ, ਇ., ਅਖੀਰ ਤੋਂ ਮੁਢ ਵੱਲ ਆਉਣ ਦੀ ਕਿਰਿਆ

विलोमज-ਵਿਲੋਮਜ, ਵਿ., ਦੁਬਾਜਰਾ, ਸ਼ੂਦਰ ਦੇ ਵੀਰਜ ਤੋਂ ਉਤਪੰਨ ਬ੍ਰਾਹਮਣੀ ਦਾ ਪੁੱਤਰ, ਵਿਪਰੀਤ ਵਰਣ ਦੀ ਉਲਾਦ

विलोमजिह्व-ਵਿਲੋਮਨਿਹ੍ਵ. ਪੁ., ਹਾਥੀ

विलोमकर्ण-ਵਿਲੋਮਕਰਣ, ਵਿ., ਦੋਗਲਾ, ਹਰਾਮ ਦਾ, ਪੁ., ਇਕ ਵਰਣਸੰਕਰ ਕੌਮ

विलोल-ਵਿਲੋਲ, ਵਿ., ਚਪਲ, ਚੰਚਲ

विलोलन-ਵਿਲੋਲਨ, ਪੁ., ਕੰਬਣੀ, ਕਾਂਬਾ

विल्व-ਵਿਲ੍ਵ, ਪੁ., ਬਿਲ ਦਾ ਰੁੱਖ

विल्वपत्र-ਵਿਲ੍ਵਪਤ੍ਰ, ਪੁ., ਬਿਲ ਪੱਤਰ

विल्वमङ्गल-ਵਿਲ੍ਵਮੰਗਲ, ਪੁ., ਸੂਰਦਾਸ ਚਾ ਪਹਿਲਾ ਨਾਉਂ

विवंश-ਵਿਵੰਸ਼, ਵਿ., ਔਤ, ਨਿਪੁੱਤਾ

विव-ਵਿਵ, ਵਿ., ਦੋ, ਦੂਜਾ

विवकृत-ਵਿਵਕ੍ਰਿਤ, ਵਿ., ਬਹੁਤ ਬੋਲਣ ਵਾਲਾ

विवक्ता-ਵਿਵਕ੍ਤਾ, ਪੁ., ਬੋਲਣ ਵਾਲਾ, ਪ੍ਰਚਾਰਕ

विवचन-ਵਿਵਚਨ, ਪੁ, ਕਥਨ

विवदना-ਵਿਵਦਨਾ, ਕ੍ਰਿ., ਬਹਿਸ ਕਰਨੀ, ਝਗੜਨਾ

विवदमान-ਵਿਵਦਮਾਨ, ਵਿ., ਝਗੜਾਲੂ

विवक्षा-ਵਿਵਕਸ਼ਾ, ਇ., ਬੋਲਣ ਦੀ ਇਛਿਆ, ਮਤਲਬ, ਤਾਤਪਰਜ

विवक्षित-ਵਿਵਕਸ਼ਿਤ, ਵਿ., ਚਾਹਿਆ ਹੋਇਆ

विवदना-ਵਿਵਦਨਾ, ਕ੍ਰਿ., ਬਹਿਸ ਕਰਨੀ. ਝਗੜਨਾ, ਵਿਵਾਦ ਕਰਨਾ

विवर-ਵਿਵਰ, ਪੁ., ਬਿਲ, ਛੇਕ, ਟੋਆ, ਗੁਫ਼ਾ

विवरण-ਵਿਵਰਣ, ਪੁ., ਭਾਸ਼ਾ, ਟੀਕਾ, ਹਾਲ, ਵਿਰਤਾਂਤ, ਵਿਸਥਾਰ ਨਾਲ ਵਰਣਨ

विवर्जक-ਵਿਵਰਜਕ, ਵਿ., ਰੋਕਿਆ ਹੋਇਆ, ਮਨ੍ਹਾ ਕੀਤਾ ਹੋਇਆ

विवर्जन-ਵਿਵਰਜਨ, ਪੁ., ਤਿਆਗ, ਲਾਪਰਵਾਹੀ

विवर्जनीय-ਵਿਵਰਜਨੀਯ. ਵਿ., ਤਿਆਗ ਕਰਨ ਜੋਗ

विवर्जित-ਵਿਵਰਜਿਤ. ਵਿ., ਰਹਿਤ, ਛੱਡਿਆ ਹੋਇਆ, ਮਨ੍ਹਾ ਕੀਤਾ ਹੋਇਆ

विवर्ण-ਵਿਵਰਣ, ਵਿ., ਬੁਰੇ ਰੰਗ ਦਾ, ਨੀਚ. ਕਮੀਣਾ

विवर्त-ਵਿਵਰਤ, ਪੁ., ਸਮੰਹ, ਅਕਾਸ਼, ਭਰਮ, ਭਰਾਂਤੀ, ਨਾਚ

विवर्तन-ਵਿਵਰਤਨ ਪੁ.. ਘੁੰਮਣ ਫਿਰਨ ਦਾ ਕੰਮ

विवर्तवाद-ਵਿਵਰਤਵਾਦ, ਪੁ., ਇਕ ਵੇਦਾਂਤਕ ਸਿਧਾਂਤ ਜਿਸ ਨਾਲ ਸੰਸਾਰ ਨੂੰ ਮਾਇਆ ਅਤੇ ਬ੍ਰਹੇਮਾ ਨੂੰ ਸ੍ਰਿਸ਼ਟੀ ਦਾ ਉਤਪਤੀ ਸਥਾਨ ਮੰਨਦੇ ਹਨ

विवर्तित-ਵਿਵਰ੍ਤਿਤ, ਵਿ., ਅਦਲਾ ਬਦਲੀ, ਉਖੜਿਆ ਹੋਇਆ

विवर्धन-ਵਿਵਰਧਨ, ਪੁ., ਵਾਧਾ, ਬੜ੍ਹਤੀ

विवर्धित-ਵਿਵਰਧਿਤ, ਵਿ., ਵਧਿਆ ਹੋਇਆ

विवश-ਵਿਵਸ਼, ਵਿ , ਮਜਬੁਰ, ਪਰਾਧੋਨ, ਬੇਵਸ. ਲਾਚਾਰ

विवशता-ਵਿਵਸ਼ਤਾ, ਇ., ਪਰਾਧੀਨਤਾ, ਲਾਚਾਰੀ, ਮਜਬੂਰੀ, ਬੇਵਸੀ

विवशीकृत-ਵਿਵਸ਼ੀਕ੍ਰਿਤ, ਵਿ., ਵਸ ਕੀਤਾ ਹੋਇਆ

विवस-ਵਿਵਸ, ਵਿ., ਦੇਖੋ ਵਿਵਸ਼, (विवश)

विवस्त्र-ਵਿਵਸਤ੍ਰ, ਵਿ., ਨੰਗਾ

विवस्वत्-ਵਿਵਸ੍ਵਤ, ਪੂ , ਸੂਰਜ, ਅਰੁਣ, ਪੰਦਰੁਵਾਂ ਪਰਜਾਪਤੀ

विवाक्य-ਵਿਵਾਕਯ, ਵਿ., ਗੂੰਗਾ

विवाद-ਵਿਵਾਦ, ਪੁ., ਝਗੜਾ, ਮਤਭੇਦ

विवादक-ਵਿਵਾਦਕ, ਪੁ., ਝਗੜਾਲੂ. ਮੁਕੱਦਮੇ ਬਾਜ਼

विवादास्पद-ਵਿਵਾਦਾਸਪਦ. ਵਿ., ਝਗੜੇ ਵਾਲੀ ਗੱਲ

विवादी-ਵਿਵਾਦੀ, ਪੁ., ਝਗੜਾ ਕਰਨ ਵਾਲਾ, ਰਾਗ ਦਾ ਇਕ ਸੁਰ

विवाधिक-ਵਿਵਾਧਿਕ, ਵਿ.. ਫੇਰੀ ਵਾਲਾ, ਫਿਰ ਤੁਰ ਕੇ ਵੇਚਣ ਵਾਲਾ

विवास-ਵਿਵਾਸ. ਪੁ., ਵਾਸਾ, ਵਸੇਬਾ

विवासन-ਵਿਵਾਸਨ, ਪੁ., ਵਾਸ ਕਰਨ ਦਾ ਭਾਵ

विवाहित-ਵਿਵਾਹਿਤ. ਵਿ.; ਵਿਆਹਿਆ ਹੋਇਆ, ਸ਼ਾਦੀ ਸ਼ੁਦਾ

विवाहिता-ਵਿਵਾਹਿਤਾ, ਵਿ., ਵਿਆਹੀ ਹੋਈ

विवाही-ਵਿਵਾਹੀ, ਵਿ., ਜਿਸ ਦਾ ਵਿਆਹ ਹੋ ਚੁਕਿਆ ਹੋਵੇ

विवाह्य-ਵਿਵਾਹ੍ਯ, ਵਿ., ਵਿਆਹ ਕਰਨ ਜੋਗ

विवि-ਵਿਵਿ, ਵਿ., ਦੂਜਾ, ਦੋ

विविक्त-ਵਿਵਿਕ੍ਤ, ਵਿ., ਖਿੰਡਿਆ ਹੋਇਆ, ਪਵਿਤਰ, ਨਿਰਜਨ ਵੱਖ ਕੀਤਾ ਹੋਇਆ

विविक्तचरित-ਵਿਵਿਕ੍ਤਚਰਿਤ, ਵਿ., ਚੰਗੇ ਚਾਲ ਚਲਣ ਵਾਲਾ,

ਸਦਾਚਾਰੀ

विविक्षु–ਵਿਵਿਕਸ਼ੁ, ਵਿ., ਆਸਰਾ ਚਾਹੁਣ ਵਾਲਾ

विविचार–ਵਿਵਿਚਾਰ, ਵਿ., ਬੇ ਵਿਚਾਰਾ, ਅਗਿਆਨੀ

विविचारी–ਵਿਵਿਚਾਰੀ, ਪੁ., ਭੈੜੇ ਚਾਲ ਚਲਣ ਵਾਲਾ

विवित्सा–ਵਿਵਿਤਸਾ, ਇ., ਜਾਨਣ ਦੀ ਇਛਿਆ

विवित्सु–ਵਿਵਿਤਸੁ, ਵਿ., ਜਾਨਣ ਦਾ ਇੱਛਕ

विविध–ਵਿਧਿ, ਵਿ., ਕਈ ਤਰ੍ਹਾਂ ਦਾ

विविर–ਵਿਵਿਰ, ਪੁ , ਖੋਹ, ਗੁਫਾ, ਬਿਲ, ਭੋਰਾ, ਬਿਰਮੀ

विवृत–ਵਿਵ੍ਰਿਤ, ਵਿ., ਫੈਲਿਆ ਹੋਇਆ

विवृत्त–ਵਿਵ੍ਰਿਤਿ, ਵਿ., ਘੁੰਮਿਆ ਹੋਇਆ

विवृत्ति–ਵਿਵ੍ਰਿਤਿ, ਇ., ਸੈਰ ਸਪਾਟਾ, ਟੀਕਾ

विवेक–ਵਿਵੇਕ, ਪੁ., ਚੰਗੇ ਮੰਦੇ ਦਾ ਗਿਆਨ, ਬੁਧੀ, ਵਿਚਾਰ, ਸੱਚਾ ਗਿਆਨ

विवेकज्ञ–ਵਿਵੇਕਗ੍ਯ, ਪੁ., ਗਿਆਨੀ

विवेकज्ञान–ਵਿਵੇਕਗਯਾਨ, ਪੁ., ਸੱਚਾ ਗਿਆਨ

विवेकता–ਵਿਵੇਕਤਾ, ਇ., ਗਿਆਨ, ਸੂਝ

विवेकवान्–ਵਿਵੇਕਵਾਨ, ਪੁ.. ਬੁਧਮਾਨ, ਸੂਝਵਾਨ

विवेकी–ਵਿਵੇਕੀ, ਪੁ., ਬੁਧਮਾਨ, ਗਿਆਨੀ, ਸਮਝਦਾਰ, ਅਦਾਲਤੀ

विवेचन–ਵਿਵੇਚਨ, ਪੁ., ਪਰਖ, ਜਾਂਚ, ਖੋਜ, ਪੜਤਾਲ, ਵਿਆਖਿਆ

विवेचना–ਵਿਵੇਚਨਾ, ਇ., ਦੇਖੋ ਵਿਵੇਚਨ (विवेचन)

विवेचनीय–ਵਿਵੇਚਨੀਯ, ਵਿ., ਵਿਆਖਿਆ ਕਰਨ ਜੋਗ ਵਿਵੇਚਨਾ ਕਰਨ ਜੋਗ

विवेचित–ਵਿਵੇਚਿਤ, ਵਿ., ਫੈਸਲਾਸ਼ੁਦਾ, ਮੰਨੀ ਪ੍ਰਮੰਨੀ ਗੱਲ

विव्वोक–ਵਿਵਵੋਕ, ਪੁ., ਸਾਹਿਤ ਅਨੁਸਾਰ ਉਹ ਹਾਵ ਭਾਵ ਜਿਸ ਨਾਲ ਤੀਵੀਂਆਂ ਮੇਲ ਸਮੇ ਨਾਇਕ ਦੀ ਨਿਰਾਦਰੀ ਕਰਦੀਆਂ ਹਨ

विश–ਵਿਸ਼, ਪੁ., ਬਾਣੀਆ, ਵੈਸ਼

विशङ्क–ਵਿਸ਼ੰਕ, ਵਿ., ਨਿਰਭੈ, ਨਿਧੜਕ

विशङ्कनीय–ਵਿਸ਼ੰਕਨੀਯ, ਵਿ., ਡਰਪੋਕ, ਡਰਾਕਲ, ਸੰਦੇਹ ਕਰਨ ਜੋਗ

विशङ्का–ਵਿਸ਼ੰਕ, ਇ., ਬੇਵਸਾਹੀ, ਅਵਿਸਵਾਸ

विशङ्की–ਵਿਸ਼ੰਕੀ, ਇ., ਡਰਾਕਲ, ਡਰੂ, ਜਿਸ ਨੂੰ ਕਿਸੇ ਦਾ ਡਰ ਹੋਵੇ

विशद–ਵਿਸ਼ਦ, ਵਿ., ਸਾਫ਼, ਸਿੱਧਾ, ਸਫ਼ੇਦ, ਸੋਹਣਾ, ਮਨ ਭਾਉਂਦਾ, ਪ੍ਰਸੰਨ

विशब्द–ਵਿਸ਼ਬਦ, ਵਿ., ਖਮੋਸ਼ੀ, ਚੁੱਪ, ਸ਼ਬਦ ਰਹਿਤ

विशय–ਵਿਸ਼ਯ, ਪੁ., ਸੰਸਾ, ਸੰਦੇਹ, ਸ਼ੱਕ

विशयी–ਵਿਸ਼ਯੀ, ਵਿ., ਸੰਸੇ ਵਾਲਾ

विशर–ਵਿਸ਼ਰ, ਪੁ., ਕਤਲ, ਹੱਤਿਆ

विशरण–ਵਿਸ਼ਰਣ, ਪੁ., ਦੇਖੋ ਵਿਸ਼ਰ (विशर)

विशल्य–ਵਿਸ਼ਲਯ, ਵਿ., ਚਿੰਤਾ ਰਹਿਤ, ਜਿਸ ਨੂੰ ਕਿਸੇ ਤਰ੍ਹਾਂ ਦਾ ਦੁਖ ਨਾ ਹੋਵੇ

विशस–ਵਿਸ਼ਸ, ਪੁ., ਖੂਨ, ਹੱਤਿਆ, ਤਲਵਾਰ

विशस्ति–ਵਿਸ਼ਸ੍ਤਿ, ਇ., ਖੂਨ, ਹਤਿਆ, ਕਤਲ

विशस्पति–ਵਿਸ਼ਸਪਤਿ, ਪੁ., ਰਾਜਾ

विशाम्पति–ਵਿਸ਼ਾਮਪਤਿ, ਪੁ., ਰਾਜਾ

विशाख–ਵਿਸਾਖ, ਪੁ.. ਸ਼ਿਵ, ਮੰਗਤਾ, ਕਾਰਤਕੇ ਦਾ ਛੋਟਾ ਭਾਈ

विशाखग्रह–ਵਿਸ਼ਾਖਗ੍ਰਹ, ਪੁ., ਬਿਲ ਦਾ ਰੁੱਖ

विशाखा–ਵਿਸ਼ਾਖਾ, ਇ., ਸੋਲ੍ਹਵਾਂ ਨਛੱਤਰ

विशाय–ਵਿਸ਼ਾਯ, ਪੁ., ਪਹਿਰੇਦਾਰਾਂ ਦਾ ਬਾਰੀ ਸਿਰ ਸੋਣ ਦਾ ਭਾਵ

विशारद–ਵਿਸ਼ਾਰਦ, ਪੁ., ਕਿਸੇ ਮਜ਼ਮੂਨ ਦਾ ਚੰਗਾ ਵਿਦਵਾਨ, ਵਿ., ਨਿਪੁੰਨ, ਸ੍ਰੇਸ਼ਟ, ਵਧੀਆ, ਅਭਿਮਾਨੀ, ਉੱਘਾ

विशारदा–ਵਿਸ਼ਾਰਦਾ ਇ., ਧਮਾਹਾ, ਵਿ., ਨਿਪੁੰਨ, ਵਿਦਵਾਨ

विशाल–ਵਿਸ਼ਾਲ, ਵਿ., ਲੰਮਾ ਚੋੜਾ, ਪ੍ਰਸਿੱਧ, ਸੋਹਣਾ

विशालक–ਵਿਸਾਲਕ, ਪੁ., ਗਰੜ, ਕੈਥ, ਇਕ ਜਖਸ਼

विशालता–ਵਿਸ਼ਾਲਤਾ, ਇ., ਲੰਮਾ ਚੋੜਾ ਹੋਣ ਦਾ ਭਾਵ

विशाला–ਵਿਸ਼ਾਲਾ, ਇ., ਦਖਸ਼ ਦੀ ਇਕ ਧੀ

विशालाक्ष–ਵਿਸ਼ਾਲਾਕਸ਼, ਪੁ., ਵਿਸ਼ਨੂੰ, ਸ਼ਿਵਾ, ਧ੍ਰਿਤਰਾਸ਼ਟ੍ਰ ਦਾ ਇਕ ਪੁੱਤਰ

विशालाक्षी–ਵਿਸ਼ਾਲਾਕਸ਼ੀ, ਇ., ਜੋਗਣੀ, ਪਾਰਬਤੀ, ਵੱਡੀਆਂ ਵੱਡੀਆਂ ਅੱਖਾਂ ਵਾਲੀ ਤੀਵੀਂ

विशिका–ਵਿਸ਼ਿਕਾ, ਇ., ਬਾਲੂ, ਰੇਤ

विशिख–ਵਿਸ਼ਿਖ, ਪੁ., ਬਾਣ, ਇਕ ਘਾਹ

विशिष्ट–ਵਿਸ਼ਿਸ਼੍ਟ, ਵਿ., ਅਦੁਭੁਤ, ਹੈਰਾਨੀ ਵਾਲਾ, ਪ੍ਰਸਿੱਧ, ਮਸ਼ਹੂਰ, ਜਿਸ ਵਿਚ ਕੋਈ ਖਾਸ਼ ਵਿਸ਼ੇਸ਼ਤਾ ਹੋਵੇ, ਉੱਘਾ

विशिष्टता–ਵਿਸ਼ਿਸ਼੍ਟਤਾ, ਇ., ਵਡਿਆਈ, ਉਚਤਾ, ਖਾਸੀਅਤ, ਵਿਸ਼ੇਸ਼ਤਾ

विशिष्टाद्वैत–ਵਿਸ਼ਿਸ਼੍ਟਾਦ੍ਵੈਤ, ਪੁ., ਇਕ ਦਾਰਸ਼ਨਕ ਸਿਧਾਂਤ

विशीर्ण–ਵਿਸ਼ੀਰਣ, ਵਿ., ਪੁਰਾਣਾ, ਸੁਕਿਆ ਹੋਇਆ, ਪਾਟਿਆ ਹੋਇਆ

विशीर्णपर्ण–ਵਿਸ਼ੀਰਣਪਰਣ, ਪੁ., ਨਿੰਮ ਦਾ ਬੂਟਾ

विशीर्ष–ਵਿਸ਼ੀਰਸ਼, ਵਿ., ਬੇਸਿਰਾ

विशील–ਵਿਸ਼ੀਲ, ਵਿ., ਬਦਮਾਸ਼, ਦੁਸ਼ਟ, ਲੁੱਚਾ, ਵੈਲੀ

विशुण्डि–ਵਿਸ਼ੁੰਡਿ, ਪੁ., ਕਸ਼ਪ ਦਾ ਇਕ ਪੁੱਤਰ

विशुद्ध–ਵਿਸ਼ੁੱਧ, ਵਿ., ਖਾਲਸ, ਸੱਚਾ, ਬੇਮਿਲਾਵਟ

विशुद्धचरित्र–ਵਿਸ਼ੁੱਧਚਰਿਤ੍ਰ, ਵਿ., ਸ਼ੁੱਧ ਆਚਰਨ ਵਾਲਾ, ਚੰਗੇ ਚਾਲ ਚਲਣ ਵਾਲਾ

विशुद्धता–ਵਿਸ਼ੁੱਧਤਾ, ਇ., ਪਵਿਤਰਤਾ, ਸਫਾਈ, ਸਵੱਛਤਾ

विशुद्धि–ਵਿਸ਼ੁੱਧਿ, ਇ., ਸ਼ੁੱਧ ਹੋਣ ਦਾ ਭਾਵ ਜਾਂ ਕਿਰਿਆ

विशुचिका–ਵਿਸ਼ੂਚਿਕਾ, ਇ., ਹੈਜ਼ਾ, ਡਾਕੀ

विश्रृंखल–ਵਿਸ਼੍ਰਿੰਖਲ, ਵਿ., ਬਿਨਾ ਰੋਕ, ਜਿਸ ਦੀ ਕੋਈ ਲੜੀ ਨਾ ਹੋਵੇ, ਅਣਗੁੰਦਿਆ, ਬੇਤਰਤੀਬ

विश्रृंग–ਵਿਸ਼੍ਰਿੰਗ, ਵਿ., ਬਿਨਾ ਸਿੰਗਾਂ ਤੋਂ

विशेष–ਵਿਸ਼ੇਸ਼, ਵਿ., ਅੰਤਰ, ਭੇਦ, ਪਰਕਾਰ, ਸਮਾਨਤਾ, ਨਿਜਮ, ਵਿਲੱਖਣਤਾ, ਸਾਰ, ਤੱਤ, ਪਦਾਰਥ, ਚੀਜ਼, ਅੰਗ, ਬਹੁਤਾਤ

विशेषक–ਵਿਸ਼ੇਸ਼ਕ, ਵਿ., ਵਿਸ਼ੇਸ਼ਤਾ ਪੈਦਾ ਕਰਨ ਵਾਲਾ

विशेषज्ञ–ਵਿਸ਼ੇਸ਼ਗਜ, ਪੁ., ਕਿਸੇ ਸ਼ਾਸਤਰ ਦਾ ਖਾਸ ਜਾਣਕਾਰ

विशेषण–ਵਿਸੇਸ਼ਣ, ਪੁ., ਵਿਆਕਰਣ ਵਿਚ ਉਹ ਸ਼ਬਦ ਜੋ ਸੰਗਿਆ ਦੀ ਵਿਸ਼ੇਸ਼ਤਾ ਸੂਚਤ ਕਰਦਾ ਹੈ

विशेषता–ਵਿਸ਼ੇਸ਼ਤਾ, ਵਿ., ਵਿਸ਼ੇਸ਼ ਦਾ ਭਾਵ ਜਾਂ ਧਰਮ, ਖਾਸੀਅਤ

विशेषना–ਵਿਸ਼ੇਸ਼ਨਾ, ਕ੍ਰਿ., ਫੈਸਲਾ ਕਰਨਾ, ਨਿਸਚਾ ਕਰਨਾ

विशेषित–ਵਿਸ਼ੇਸ਼ਿਤ, ਵਿ., ਖਾਸ ਤੌਰ ਤੇ ਵੱਖ ਕੀਤਾ ਹੋਇਆ

विशेषोक्ति–ਵਿਸ਼ੇਸ਼ੋਕ੍ਤਿ, ਇ., ਇਕ ਕੱਾਵ ਅਲੰਕਾਰ

विशेष्य–ਵਿਸ਼ੇਸ਼ਯ, ਪੁ., ਵਿਆਕਰਣ ਦੀ ਉਹ ਸੰਗਿਆ ਜਿਸ ਨਾਲ ਕੋਈ ਵਿਸ਼ੇਸ਼ਣ ਲਗਿਆ ਰਹਿੰਦਾ ਹੈ

विशोक–ਵਿਸ਼ੋਕ, ਵਿ., ਸੋਗ ਤੋਂ ਬਿਨਾ, ਪੁ., ਯੁਧਿਸ਼ਟਰ ਦਾ ਇਕ ਸੇਵਕ

विशोध–ਵਿਸ਼ੋਧ, ਵਿ., ਵਿਸ਼ੁੱਧ ਕਰਨ ਜੋਗ

विशोधी–ਵਿਸ਼ੋਧੀ, ਵਿ., ਖਾਸ ਤਰ੍ਹਾਂ ਨਾਲ ਸ਼ੁੱਧ ਕਰਨ ਵਾਲਾ

विशोधिनी–ਵਿਸ਼ੋਧਿਨੀ, ਇ., ਨਾਗਵੰਤੀ ਦੀ ਵੇਲ

विशोध्य–ਵਿਸ਼ੋਧਯ, ਵਿ., ਸੋਧਣ ਜੋਗ

विशोष–ਵਿਸ਼ੋਸ਼, ਪੁ., ਖਰਵਾਪਣ, ਰੁੱਖਾਪਣ

विषोशण–ਵਿਸ਼ੋਸ਼ਣ. ਪੁ., ਅੱਛੀ ਤਰ੍ਹਾਂ ਨਾਲ ਸੁਕਣ ਦਾ ਭਾਵ

विश्–ਵਿਸ਼, ਇ., ਕੰਨਿਆ, ਲੜਕੀ, ਕੁੜੀ

विश्पति–ਵਿਸ਼ਪਤਿ, ਪੁ., ਆਗੂ, ਮੁਖੀਆ, ਰਾਜਾ, ਪ੍ਰਮੁਖ

विश्रब्ध–ਵਿਸ਼੍ਰਬਧ, ਇ., ਸ਼ਾਂਤ, ਨਿਰਭੈ, ਨਿਡਰ, ਨਿਧੜਕ, ਵਿਸਵਾਸ ਜੋਗ

विश्रब्धनवोढ़ा–ਵਿਸ਼੍ਰਬਧਨਵੋੜ੍ਹਾ, ਇ., ਇਕ ਨਾਇਕਾ ਜਿਸ ਦਾ ਆਪਣੇ ਮਾਲਕ ਨਾਲ ਥੋੜਾ ਥੋੜਾ ਪਿਆਰ ਅਤੇ ਵਿਸਵਾਸ ਹੁੰਦਾ ਹੋਵੇ

विश्रम–ਵਿਸ਼੍ਰਮ, ਦੇਖੋ ਵਿਸ਼੍ਰਾਮ (विश्राम)

विश्रम्भ–ਵਿਸ਼੍ਰੰਭ, ਪੁ., ਭਰੋਸਾ, ਜਕੀਨ, ਪਿਆਰ, ਸੈਲਸਪਾਟਾ, ਕਤਲ, ਪ੍ਰੇਮੀ ਪ੍ਰੇਮਣ ਦਾ ਮੇਲ ਸਮੇ ਦਾ ਝਗੜਾ

विश्रयी–ਵਿਸ਼੍ਰਯੀ, ਵਿ., ਖਾਸ ਤੌਰ ਨਾਲ ਸੇਵਾ ਕਰਨ ਵਾਲਾ

विश्रवा–ਵਿਸ਼੍ਰਵਾ, ਪੁ.. ਇਸ ਨਾਉਂ ਦਾ ਇਕ ਰਿਸ਼ੀ

विश्रान्त–ਵਿਸ਼੍ਰਾਨਤ, ਵਿ., ਜਿਸ ਦਾ ਥਕੇਵਾਂ ਦੂਰ ਹੋ ਗਿਆ ਹੋਵੇ

विश्रान्ति–ਵਿਸ਼੍ਰਾਨਤਿ, ਪੁ., ਅਰਾਮ, ਵਿਸ਼੍ਰਾਮ

विश्राम–ਵਿਸ਼੍ਰਾਮ, ਪੁ., ਅਰਾਮ, ਸੁਖ, ਸਾਹ, ਚੈਨ, ਠਹਿਰਣ ਦੀ ਥਾਂ, ਥਕਾਣ ਦੂਰ ਕਰਨ ਦਾ ਭਾਵ

विश्राव–ਵਿਸ਼੍ਰਾਵ, ਪੁ., ਬਹੁਤ ਮਸ਼ਹੂਰੀ

विश्री–ਵਿਸ਼੍ਰੀ, ਵਿ., ਕੁਸੋਭਲਾ, ਭੱਦਾ, ਬਦਸ਼ਕਲ

विश्रुत–ਵਿਸ਼੍ਰੁਤ, ਵਿ., ਮਸ਼ਹੂਰ, ਪ੍ਰਸਿੱਧ

विश्रुतात्मा–ਵਿਸ਼੍ਰੁਤਾਤਮਾ, ਪੁ., ਵਿਸ਼ਨੂੰ

विश्रुति–ਵਿਸ਼੍ਰੁਤਿ, ਇ., ਪ੍ਰਸਿੱਧੀ, ਮਸ਼ਹੂਰੀ

विश्लिष्ट–ਵਿਸ਼ਲਿਸ਼ਟ, ਵਿ., ਥਕਿਆ ਹੋਇਆ, ਕਮਜ਼ੋਰ, ਅਜ਼ਾਦ, ਵੱਖ ਕੀਤਾ ਹੋਇਆ, ਪਰਕਾਸ਼ਤ

विश्लेष–ਵਿਸ਼ਲੇਸ਼, ਪੁ., ਵੱਖਤਾ, ਕਮਜ਼ੋਰੀ, ਵਿਜੋਗ, ਵਿਛੋੜਾ

विश्लेषण–ਵਿਸ਼ਲੇਸ਼ਣ, ਪੁ., ਕਿਸੇ ਚੀਜ਼ ਦੇ ਸੰਜੋਗੀ ਪਦਾਰਥ ਨੂੰ ਵੱਖੋ ਵੱਖ ਕਰਨ ਦੀ ਕਿਰਿਆ ਜਾਂ ਭਾਵ

विश्व–ਵਿਸ਼੍ਵ, ਪੁ., ਸੰਸਾਰ, ਦੁਨੀਆ, ਵਿ., ਸਭ, ਸਮੂੰਹ, ਬਹੁਤ

विश्वकथा–ਵਿਸ਼੍ਵਕਥਾ, ਇ., ਦੁਨੀਆ ਦੀ ਕਹਾਣੀ

विश्वद्रु–ਵਿਸ਼੍ਵਕਦ੍ਰੁ, ਪੁ., ਸ਼ਿਕਾਰੀ ਕੁੱਤਾ, ਸ਼ਬਦ

विश्वकर्ता–ਵਿਸ਼੍ਵਕਰਤਾ, ਪੁ., ਪ੍ਰਮੇਸ਼ਵਰ, ਪਰਮਾਤਮਾ

विश्वकर्मजा–ਵਿਸ਼੍ਵਕਰਮਜਾ, ਇ., ਸੂਰਜ ਦੀ ਤੀਵੀਂ

विश्वकर्मा–ਵਿਸ਼੍ਵਕਰਮਾ, ਪੁ., ਰਬ, ਈਸ਼ਵੇਰ, ਬ੍ਰਹਮਾ, ਸੂਰਜ, ਸ਼ਿਵ, ਇਕ ਦੇਵਤਾ ਜੋ ਹਰ ਕਿਸਮ ਦੀ ਦਸਤਕਾਰੀ ਕਾਢਾਂ ਦਾ ਜਾਣੂ ਹੈ, ਤਰਖਾਣ, ਲੋਹਾਰ

विश्वकारक–ਵਿਸ਼੍ਵਕਾਰਕ, ਪੁ., ਦੁਨੀਆ ਬਨਾਉਣ ਵਾਲਾ, ਸ਼ਿਵ

विश्वकारु–ਵਿਸ਼੍ਵਕਾਰੁ, ਪੁ., ਦੁਨੀਆ ਦਾ ਕਰਤਾ

विश्वकूट–ਵਿਸ਼੍ਵਕੂਟ, ਪੁ., ਹਿਮਾਲੇ ਦੀ ਇਕ ਚੋਟੀ

विश्वकृत–ਵਿਸ਼੍ਵਕ੍ਰਿਤ, ਪੁ., ਦੇਖੋ ਵਿਸ਼੍ਵਕਰਮਾ (विशवकर्मा)

विश्वकोष–ਵਿਸ਼੍ਵਕੋਸ਼, ਪੁ., ਉਹ ਗ੍ਰੰਥ ਜਿਸ ਵਿਚ ਦੁਨੀਆ ਦੇ ਸਾਰੇ ਮੰਜ਼ਮੂਨ ਖੋਲ੍ਹ ਕੇ ਦੱਸੇ ਹਣ

विश्वक्षय–ਵਿਸ਼੍ਵਕਸ਼ਯ, ਪੁ., ਦੁਨੀਆ ਦਾ ਨਾਸ, ਪਰਲੋਂ

विश्वग–ਵਿਸ਼੍ਵਗ, ਪੂ., ਬ੍ਰਹਮਾ

विश्वगर्भ–ਵਿਸ਼੍ਵਗਰਭ, ਪੁ., ਸ਼ਿਵ, ਵਿਸ਼ਨੂੰ

विश्वगुरू–ਵਿਸ਼੍ਵਗੁਰੂ, ਪੁ., ਵਿਸ਼ਨੂੰ

विश्वचक्षु–ਵਿਸ਼੍ਵਚਕਸ਼ੁ, ਪੁ., ਪਰਮਾਤਮਾ

विश्वजन्य–ਵਿਸ਼੍ਵਜਨਜ, ਵਿ., ਦੁਨੀਆ ਦਾ ਭਲਾ ਕਰਨ ਵਾਲਾ

विश्वजयी, विश्वजत्–ਵਿਸ਼੍ਵਜਯੀ, ਵਿਸ਼ਜਿਤ, ਵਿ., ਦੁਨੀਆਂ ਨੂੰ ਜਿੱਤਣ ਵਾਲਾ

विश्वतः–ਵਿਸ਼੍ਵਤਃ ਅਵਜ., ਚਹੁੰ ਪਾਸੇ

विश्वतृप्त, विश्वतोबाहु, विश्वतोमुख–ਵਿਸ਼੍ਵਤ੍ਰਿਪੁ, ਵਿਸ਼੍ਵਤੋਬਾਹੁ, ਵਿਸ਼੍ਵਤੋਮੁਖ, ਪੁ., ਪਰਮਾਤਮਾ, ਪਮੇਸ਼ਵਰ, ਰੱਬ

विश्वदासा–ਵਿਸ਼੍ਵਦਾਸਾ, ਇ., ਅਗਨੀ ਦੀ ਸੱਤਾਂ ਜੀਭਾਂ ਵਿਚੋਂ ਇਕ ਦਾ ਨਾਉਂ

विश्वदृष्ट–ਵਿਸ਼੍ਵਦ੍ਰਿਸ਼੍ਟ, ਵਿ., ਜਿਸ ਨੇ ਦੁਨੀਆ ਦੇਖੀ ਹੋਵੇ

विश्वदेव–ਵਿਸ਼੍ਵਦੇਵ, ਪੁ., ਉਹ ਦੇਵਤਾ ਜਿਸ ਦੀ ਪੂਜਾ ਇਕ ਸ਼ਰਾਧ ਵਿਚ ਹੁੰਦੀ ਹੈ

विश्वनाथ–ਵਿਸ਼੍ਵਨਾਥ, ਪੁ., ਸ਼ਿਵ, ਮਹਾਦੇਵ, ਕਾਸ਼ੀ ਜੀ ਦੇ ਮਸ਼ਹੂਰ ਮੰਦਰ ਦੀ ਮੂਰਤੀ ਦਾ ਨਾਉਂ

विश्वमाता-ਵਿਸ਼੍ਵਮਾਤਾ, ਇ., ਦੁਰਗਾ

विश्वमुखी-ਵਿਸ਼੍ਵਮੁਖੀ, ਇ., ਪਾਰਬਤੀ

विश्वम्भर-ਵਿਸ਼੍ਵੰਭਰ, ਪੁ., ਪਰਮਾਤਮਾ, ਰੱਬ

विश्वम्भरा-ਵਿਸ਼੍ਵੰਭਰਾ, ਇ., ਧਰਤੀ

विश्वयोनि-ਵਿਸ਼੍ਵਯੋਨਿ, ਪੁ., ਬ੍ਰਹਮਾ

विश्वरुचि-ਵਿਸ਼੍ਵਰੁਚਿ, ਇ., ਅਗਨੀ ਦੀ ਇਕ ਜੀਭ

विश्वरूप-ਵਿਸ਼੍ਵਰੂਪ, ਪੁ., ਸ੍ਰੀ ਕ੍ਰਿਸ਼ਨ ਜੀ ਦੀ ਉਹ ਸ਼ਕਲ ਜੋ ਅਰਜਨ ਨੂੰ ਗੀਤਾ ਉਪਦੇਸ਼ ਵੇਲੇ ਦਿਖਾਈ ਸੀ, ਸ਼ਿਵ, ਵਿਸ਼ਨੂੰ

विश्वलोचन-ਵਿਸ਼੍ਵਲੋਚਨ, ਪੁ., ਸੂਰਜ ਤੇ ਚੰਦਰਮਾ

विश्द्यालय-ਵਿਸ਼ਦਯਾਲਯ, ਪੁ., ਯੂਨੀਵਰਸਿਟੀ, ਉਹ ਸੰਸਥਾ ਜਿਥੇ ਹਰ ਪਰਕਾਰ ਦੀ ਸਿਖਿਆ ਦਿੱਤੀ ਜਾਂਦੀ ਹੈ

विश्वविधाता-ਵਿਸ਼੍ਵਵਿਧਾਤਾ, ਪੁ., ਦੁਨੀਆਂ ਦੇ ਰਚਣ ਵਾਲਾ, ਬ੍ਰਹਮਾ

विश्वविश्रुत-ਵਿਸ਼੍ਵਵਿਸ਼੍ਰੁਤ, ਵਿ., ਦੁਨੀਆ ਭਰ ਵਿਚ ਮਸ਼ਹੂਰ

विश्वव्यापी-ਵਿਸ਼੍ਵਵਯਾਪੀ, ਵਿ., ਜੋ ਦੁਨੀਆ ਵਿਚ ਫੈਲਿਆ ਹੋਵੇ

विश्वश्रवा-ਵਿਸ਼੍ਵਸ਼੍ਰਵਾ, ਪੁ., ਇਕ ਰਿਸ਼ੀ ਜੋ ਕੁਬੇਰ ਤੇ ਰਾਵਣ ਆਦਿਕ ਦਾ ਪਿਤਾ ਸੀ

विश्वसत्तम-ਵਿਸ਼੍ਵਸੱਤਮ, ਪੁ., ਸ੍ਰੀ ਕ੍ਰਿਸ਼ਨ

विश्वसन-ਵਿਸ਼੍ਵਸਨ, ਪੁ., ਭਰੋਸਾ, ਵਿਸਵਾਸ, ਯਕੀਨ

विश्वसनीय, विश्वसित, विश्वश्रस्त- ਵਿਸ਼੍ਵਸਨੀਯ, ਵਿਸ਼੍ਵਸਿਤ, ਵਿਸ਼੍ਵਸ੍ਤੁ, ਵਿ., ਭਰੋਸਾ ਕਰਨ ਜੋਗ

विश्वा-ਵਿਸ਼੍ਵਾ, ਪੁ., ਵੀਹ ਪਲਾਂ ਦਾ ਇਕ ਤੋਲ

विश्वात्मा-ਵਿਸ਼੍ਵਾਤਮਾ, ਪੁ., ਬ੍ਰਹਮਾ, ਵਿਸ਼ਨੂੰ, ਸ਼ਿਵ

विश्वाधार, विश्वाधिप-ਵਿਸ਼੍ਵਾਧਾਰ, ਵਿਸ਼੍ਵਾਧਿਪ, ਪੁ.,ਪਰਮਾਤਮਾ ਰੱਬ, ਖੁਦਾ

विश्वामित्र-ਵਿਸ਼੍ਵਾਮਿਤ੍ਰ, ਪੁ., ਇਸ ਨਾਉਂ ਦਾ ਮਸ਼ਹੂਰ ਰਿਸ਼ੀ

विश्वावसु-ਵਿਸ਼੍ਵਾਵਸੁ, ਪੁ., ਇਕ ਗੰਧਰਵ ਦਾ ਨਾਉਂ, ਵਿਸ਼ਨੂੰ, ਇਕ ਸਾਲ ਦਾ ਨਾਉਂ, ਇ., ਰਾਤ

विश्वास-ਵਿਸ਼੍ਵਾਸ, ਪੁ., ਭਰੋਸਾ, ਮਨ ਦਾ ਨਿਸ਼ਚਾ, ਯਕੀਨ

विश्वासकारक-ਵਿਸ਼੍ਵਾਸਕਾਰਕ, ਵਿ., ਮਨ ਵਿਚ ਭਰੋਸਾ ਪੈਦਾ ਕਰਨ ਵਾਲਾ

विश्वासघात-ਵਿਸ਼੍ਵਸਘਾਤ, ਪੁ., ਭਰੋਸਾ ਰੱਖਣ ਵਾਲੇ ਨਾਲ ਛਲ ਕਪਟ ਕਰਨ ਦਾ ਭਾਵ

विश्वासन--ਵਿਸ਼੍ਵਾਸ਼ਨ, ਪੁ., ਭਰੋਸਾ, ਵਿਸਵਾਸ

विश्वासपात्र-ਵਿਸ਼੍ਵਾਸਪਾਤ੍ਰ, ਪੁ., ਜਿਸ ਤੇ ਭਰੋਸਾ ਕੀਤਾ ਜਾਵ

विश्वासी-ਵਿਸ਼੍ਵਾਸੀ ਵਿ., ਭਰੋਸਾ ਕਰਨ ਵਾਲਾ, ਉਹ ਜਿਸ ਤੇ ਭਰੋਸਾ ਕੀਤਾ ਜਾਵੇ, ਭਰੋਸੇ ਜੋਗ

विश्वेदेव-ਵਿਸ਼੍ਵੇਦੇਵ, ਪੁ., ਅਗਨੀ, ਦੇਉਤਿਆਂ ਦਾ ਇਕ ਇਕੱਠ ਵਿਚ ਵਿਚ ਇੰਦਰ ਆਦਿਕ ਨੌਂ ਦੇਵਤੇ ਹਨ

विश्वेश-ਵਿਸ਼੍ਵੇਸ਼, ਪੁ., ਸ਼ਿਵ ਵਿਸ਼ਨੂੰ, ਇਕ ਨਛੱਤਰ

विश्वेश्वर-ਵਿਸ਼੍ਵੇਸ਼੍ਵਰ, ਪੁ., ਸ਼ਿਵ ਦੀ ਇਕ ਮੂਰਤੀ ਦਾ ਨਾਉਂ

विष-ਵਿਸ਼, ਪੁ., ਜ਼ਹਿਰ, ਵਿਹੁ

विषकण्ठ-ਵਿਸ਼ਕੰਠ, ਪੁ., ਮਹਾਦੇਵ

विषकन्या-ਵਿਸ਼ਕੰਨਯਾ, ਇਕ ਤੀਵੀਂ ਜਿਸ ਨਾਲ ਭੋਗ ਕਰਨ ਨਾਲ ਮਨੁੱਖ ਮਰ ਜਾਂਦਾ ਹੈ

विषघ्न-ਵਿਸ਼ਘ੍ਨ, ਵਿ., ਵਿਹੁ ਦਾ ਨਾਸ ਕਰਨ ਵਾਲਾ

विषघ्नी-ਵਿਸ਼ਘ੍ਨੀ, ਇ., ਬਨਤੁਲਸੀ, ਹਲਦੀ, ਪੁਠਕੰਡਾ

विषजुष्ट-ਵਿਸ਼ਜੁਸ਼੍ਟ, ਵਿ., ਜ਼ਹਿਰ ਮਿਲਿਆ ਹੋਇਆ

विषण्ण-ਵਿਸ਼ੱਣ ਵਿ., ਦੁਖੀ, ਚਿੰਤਤ

विषण्णता-ਵਿਸ਼ੱਣਤਾ, ਇ., ਬੇਵਕੂਫ਼ੀ, ਮੂਰਖਤਾ

विषतन्त्र-ਵਿਸ਼ਤੰਤ੍ਰ, ਪੁ., ਸੱਪ ਆਦਿਕ ਦੀ ਦੂਰ ਕਰਨ ਦੀ ਕਿਰਿਆ

विषदन्त-ਵਿਸ਼ਦੰਤ, ਪੁ., ਬਿੱਲੀ

विषदन्तक-ਵਿਸ਼ਦੰਤਕ, ਪੁ., ਸੱਪ

विषद-ਵਿਸ਼ਦ, ਵਿ., ਸਾਫ਼, ਨਿਰਮਲ

विषद्रुम-ਵਿਸ਼ਦ੍ਰੁਮ, ਪੁ., ਕੁਚਲੇ ਦਾ ਰੁੱਖ

विषधर-ਵਿਸ਼ਧਰ, ਪੁ., ਸੱਪ

विषनाशक-ਵਿਸ਼ਨਾਸ਼ਕ, ਵਿ., ਜ਼ਹਿਰ ਨੂੰ ਦੂਰ ਕਦਨ ਵਾਲਾ

विषपुच्छ-ਭਿਸ਼ਪੁੱਛ, ਪੁ., ਬਿੱਛੂ

विषपुष्पक-ਵਿਸ਼ਪੁਸ਼ਪਕ, ਪੁ., ਮੈਨਫਲ

विषभिषज्-ਵਿਸ਼ਭਿਸ਼ਜ, ਪੁ., ਜ਼ਹਿਰ ਉਤਾਰਣ ਵਾਲਾ ਵੈਦ

विषम-ਵਿਸ਼ਮ, ਵਿ., ਟਾਂਕ, ਜੋ ਬਰਾਬਰ ਨਾ ਹੋਵੇ, ਜੋ ਦੋ ਤੇ ਨਾ ਵੰਡਿਆ ਜਾ ਸਕੇ, ਔਖਾ, ਪੁ., ਸੰਗੀਤ ਦੀ ਇਕ ਤਾਲ, ਮੁਸੀਬਤ, ਇਕ ਛੰਦ, ਇਕ ਅਲੰਕਾਰ

विषमकर्म-ਵਿਸ਼ਮਕਰਮ, ਪੁ., ਔਖਾ ਕੰਮ

विषमखात-ਵਿਸ਼ਮਖਾਤ, ਪੁ., ਉਹ ਟੋਆ ਜੋ ਚਹੁੰਆਂ ਪਾਸਿਆਂ ਤੋਂ ਬਰਾਬਰ ਨਾ ਹੋਵੇ

विषमज्वर-ਵਿਸ਼ਮਜ੍ਵਰ, ਪੁ., ਰੋਜ਼ ਚੜ੍ਹਨ ਵਾਲਾ ਬੁਖਾਰ ਪਰ ਨਿਯਤ ਸਮੇ ਤੇ ਨਹੀਂ ਹੁੰਦਾ ਗਰਮੀ ਵੀ ਬਰਾਬਰ ਨਹੀਂ ਹੁੰਦੀ

विषमता-ਵਿਸ਼ਮਤਾ, ਇ., ਬਰਾਬਰ ਨਾ ਹੋਣ ਦਾ ਭਾਵ, ਵੈਰ, ਦੁਸ਼ਮਣੀ

विषमदलक-ਵਿਸ਼ਮਦਲਕ, ਪੁ., ਉਹ ਸਿੱਪ ਜਿਸ ਦੇ ਦੋਵੇਂ ਪਾਸੇ ਬਰਾਬਰ ਨਾ ਹੋਣ

विषमनयन, विषमनेत्र-ਵਿਸ਼ਮਨਯਨ, ਵਿਸ਼ਮਨੇਤ੍ਰ, ਪੁ., ਸ਼ਿਵ, ਮਹਾਦੇਵ

विषमय-ਵਿਸ਼ਮਯ, ਵਿ., ਜ਼ਹਿਰੀਲਾ, ਵਿਹੁਭਰਿਆ

विषमरूप-ਵਿਸ਼ਮਰੂਪ, ਵਿ., ਜੋ ਇਕ ਸ਼ਕਲ ਦਾ ਨਾ ਹੋਵੇ

विषमवाण-ਵਿਸ਼ਮਵਾਣ, ਪੁ., ਕਾਮਦੇਵ

विषमवृत्त-ਵਿਸ਼ਮਵ੍ਰਿਤ੍ਰ, ਪੁ., ਉਹ ਛੰਦ ਜਿਸ ਦੇ ਚਰਣ ਬਰਾਬਰ ਨਾ ਹੋਣ

विषमवेग-ਵਿਸ਼ਮਵੇਗ, ਪੁ., ਵੇਗ ਜੋ ਘੱਟ ਵੱਧ ਹੋਵੇ

विषमायुध, विषमेषु-ਰਿਸ਼ਮਾਯੁਧ, ਵਿਸ਼ਮੇਸੁ, ਪੁ., ਕਾਮਦੇਵ

विषय–ਵਿਸ਼ਯ, ਪੁ., ਉਹ ਮਜ਼ਮੂਨ ਜਿਸ ਤੇ ਕੁਝ ਵਿਚਾਰ ਕੀਤਾ ਜਾ ਚੁਕਾ ਹੋਵੇ, ਤੀਵੀਂ ਨਾਲ ਮੇਲ, ਭੋਗ, ਵੱਡਾ ਹਿੱਸਾ ਜਾਂ ਰਾਜ

विषयक–ਵਿਸ਼ਯਕ, ਵਿ., ਵਿਸ਼ਯ ਸਬੰਧੀ

विषयकर्म–ਵਿਸ਼ਯਕਰਮ, ਪੁ., ਸੰਸਾਰਕ ਕੰਮ

विषयता–ਵਿਸ਼ਯਤਾ, ਇ., ਵਿਸ਼ਯ ਦਾ ਭਾਵ ਜਾਂ ਧਰਮ

विषयपति, विषयाधिप–ਵਿਸ਼ਯਪਤਿ, ਵਿਸ਼ਯਾਧਿਪ, ਪੁ., ਰਾਜਾ

विषयान्त–ਵਿਸ਼ਯਾਂਤ, ਪੁ., ਸੂਬੇ ਦੀ ਹੱਦ

विषयी–ਵਿਸ਼ਯੀ, ਪੁ., ਵੈਲੀ, ਐਬੀ, ਕਾਮੀ

विषविद्या–ਵਿਸ਼ਵਿਦਿਯਾ, ਇ., ਮੰਤ੍ਰ ਆਦਿਕ ਨਾਲ ਜ਼ਹਿਰ ਉਤਾਰਣ ਵਾਲੀ ਵਿਦਿਆ

विषहा–ਵਿਸ਼ਹਾ, ਇ., ਜ਼ਹਿਰ ਉਤਾਰਣ ਵਾਲੀ ਬੂਟੀ

विषा–ਵਿਸ਼ਾ, ਇ., ਝਗੜਾ ਪੈਦਾ ਕਰਨ ਵਾਲੀ ਤੀਵੀਂ, ਕੌੜੀ ਤੋਰੀ

विषाक्त–ਵਿਸ਼ਾਕ੍ਤ, ਵਿ., ਜ਼ਹਿਰੀਲਾ, ਵਿਸ਼ੈਲਾ, ਵਿਹੁ ਭਰਿਆ

विषाण–ਵਿਸ਼ਾਣ, ਪੁ., ਹਾਥੀ ਦੰਦ, ਸੂਰ ਦਾ ਦੰਦ, ਡੰਗਰਾਂ ਦਾ ਸਿੰਗ, ਇਮਲੀ

विषाद–ਵਿਸ਼ਾਦ, ਪੁ., ਦੁੱਖ, ਤਕਲੀਫ਼, ਬੇਵਕੂਫ਼ੀ, ਚੇਸ਼ਟਾਰਹਿਤ ਤੇ ਹੋਣ ਦਾ ਭਾਵ

विषादी–ਵਿਸ਼ਾਦੀ, ਪੁ., ਉਹ ਜਿਸ ਨੂੰ ਕਿਸੇ ਤਰ੍ਹਾਂ ਦਾ ਦੁਖ ਹੋਵੇ

विषान्न–ਵਿਸ਼ਾਨ, ਪੁ., ਜ਼ਹਿਰ ਮਿਲਿਆ ਹੋਇਆ ਅਨਾਜ

विषापवादी–ਵਿਸ਼ਾਪਵਾਦੀ, ਵਿ., ਨਿੰਦਕ, ਚੁਗਲਖੋਰ

विषापह–ਵਿਸ਼ਾਪਹ, ਵਿ., ਜ਼ਹਿਰ ਦਾ ਨਾਸ ਕਰਨ ਵਾਲਾ

विषायुध, विषास्त्र–ਵਿਸ਼ਾਯੁਧ, ਵਿਸ਼ਾਸਤ੍ਰ, ਪੁ., ਸੱਪ, ਜ਼ਹਿਰੀਲਾ ਹਥਿਆਰ

विषुव–ਵਿਸ਼ੁਵ, ਪੁ., ਜੋਤਸ਼ ਦੇ ਮੁਤਾਬਕ ਉਹ ਸਮਾ ਜਦੋਂ ਦਿਨ ਰਾਤ ਬਰਾਬਰ ਹੁੰਦੇ ਹਨ

विषुवरेखा–ਵਿਸ਼ੁਵਰੇਖਾ, ਇ., ਧਰਤੀ ਦੀ ਕਲਪਤ ਰੇਖਾ

विष्कम्भ, विष्कम्भक–ਵਿਸ਼ਕੰਭ, ਵਿਸ਼ਕੰਭਕ, ਪੁ., ਵਿਸਥਾਰ, ਵਿਘਨ, ਨਾਟਕ ਦਾ ਇਕ ਅੰਕ ਜਿਸ ਵਿਚ ਆਉਣ ਵਾਲੀ ਕਹਾਣੀ ਦੀ ਸੂਚਨਾ ਦਿੱਤੀ ਜਾਂਦੀ ਹੈ, ਰੁੱਖ, ਅਰਗਲ, ਜੋਤਸ਼ ਦਾ ਇਕ ਜੋਗ

विष्कम्भी–ਵਿਸ਼ਕੰਭੀ, ਪੁ., ਸ਼ਿਵ, ਮਹਾਦੇਵ

विष्कर–ਵਿਸ਼ਕਰ, ਪੁ., ਪੰਖੇਰੂ, ਚਿੜੀ, ਅੜਗਲ

विष्कलन–ਵਿਸ਼ਕਲਨ, ਪੁ., ਭੋਜਨ ਖਾਣਾ

विष्टप–ਵਿਸ਼ਟਪ, ਪੁ., ਸੁਰਗ ਲੋਕ

विष्टम्भ–ਵਿਸ਼ੰਭ, ਪੁ., ਰੁਕਾਵਟ, ਚੜ੍ਹਾਈ, ਹਮਲਾ

विष्टम्भन–ਵਿਸ਼੍ਟੰਭਨ, ਪੁ., ਰੋਕ ਪਾਉਣ ਦੀ ਕਿਰਿਆ, ਸਿਕੋੜਨ ਦਾ ਭਾਵ

विष्टर–ਵਿਸ਼੍ਟਰ ਪੁ., ਕੁਸ਼ਾ ਦਾ ਬਣਿਆ ਹੋਇਆ ਆਸਨ

विष्टि–ਵਿਸ਼੍ਟਿ, ਇ., ਤਨਖਾਹ, ਬਗਾਰ

विष्ठा–ਵਿਸ਼ਠਾ, ਇ., ਗੰਹ, ਟੱਟੀ, ਮੈਲਾ

विष्ठाभुक्–ਵਿਸ਼ਠਾਭੁਕ, ਪੁ., ਸੂਰ

विष्णु–ਵਿਸ਼ਣੁ, ਪੁ., ਹਿੰਦੂਆਂ ਦਾ ਇਕ ਵੱਡਾ ਪ੍ਰਧਾਨ ਦੇਵਤਾ

विष्णुकाञ्ची–ਵਿਸ਼ਣੂਕਾਂਚੀ, ਇ., ਇਕ ਤੀਰਥ

विष्णुगुप्त–ਵਿਸ਼ਗੁਣੂਪੁ, ਪੁ., ਰਾਜ ਨੀਤੀ ਦੇ ਜਾਣਨ ਵਾਲੇ ਇਕ ਮਸ਼ਹੂਰ ਚਾਣਕ ਨਾਮੀ ਬੰਦੇ ਦਾ ਨਾਉਂ, ਵੱਡੀ ਮੂਲੀ

विष्णुतिथि–ਵਿਸ਼ਣੂਤਿਥਿ, ਪੁ., ਇਕਾਦਸ਼ੀ ਅਤੇ ਦ੍ਵਾਦਸ਼ੀ ਥਿਤ

विष्णुपदी–ਵਿਸ਼ਣੂਪਦੀ, ਇ., ਗੰਗਾ

विष्णुपुरी–ਵਿਸ਼ਣੂਪੁਰੀ, ਇ., ਬੈਕੁੰਠ ਲੋਕ

विष्णुप्रिया–ਵਿਸ਼ਦੂਪ੍ਰਿਯਾ, ਇ., ਲੱਛਮੀ, ਤੁਲਸੀ

विष्णुलोक–ਵਿਟੂਲੋਕ, ਪ., ਬੈਕੁੰਠ ਲੋਕ

विष्णुवाहन–ਵਿਸ਼ਣੂਵਾਹਨ, ਪੁ., ਗਰੁੜ

विष्वक्–ਵਿਸ਼੍ਵਕ, ਪੁ., ਅਵਾਰਾ

विसंज्ञ–ਵਿਸੰਗਜ, ਵਿ., ਬਿਨਾ ਹੋਸ਼ ਤੋਂ, ਬੇਹੋਸ਼

विसंवाद–ਵਿਸੰਵਾਦ, ਪੁ., ਵਿਰੋਧ, ਡਾਂਟਡਪਟ, ਝਿੜਕਝੰਬ

विसंशय–ਵਿਸੰਸ਼ਯ, ਵਿ., ਸੰਸਾ ਰਹਿਤ

विसज–ਵਿਸਜ, ਪੁ., ਕੰਵਲ

विसदृश–ਵਿਸਦ੍ਰਿਸ਼, ਵਿ., ਉਲਟ, ਖਿਲਾਫ਼, ਅਜੀਬ, ਵਿਰੁੱਧ

विसयना–ਵਿਸਯਨਾ, ਕ੍ਰਿ., ਛੁਪਣਾ

विसरण–ਵਿਸਰਣ, ਪੁ., ਵਿਸਥਾਰ, ਫੈਲਾਉ

विसर्ग–ਵਿਸਰਗੀ, ਪੁ., ਵਿਆਕਰਣ ਵਿਚ ਉਹ ਅੱਖਰ : ਜੋ ਅੱਧੇ 'ਹ' ਵਾਂਙ ਬੋਲਿਆ ਜਾਂਦਾ ਹੈ, ਪਰਲੋਂ, ਤਿਆਗ, ਦਾਨ, ਮੋਖ, ਚਮਕ, ਵਿਜੋਗ

विसर्गिक–ਵਿਸਰਗਿਕ, ਵਿ., ਖਿੱਚਣ ਵਾਲਾ, ਖਿਚ ਪਾਉਣ ਵਾਲਾ

विसर्गी–ਵਿਸਰਗੀ, ਵਿ., ਦਾਨ ਦੇਣ ਵਾਲਾ

विसर्जन–ਵਿਸਰਜਨ, ਪੁ., ਵਿਦਾ ਹੋਣ ਦਾ ਭਾਵ, ਛੱਡ ਕੇ ਜਾਣ ਦਾ ਭਾਵ, ਪੂਜਾ ਆਦਿਕ ਵਿਚ ਆਖਰੀ ਕੰਮ, ਸਮਾਪਤੀ

विसर्प–ਵਿਸਰਪ, ਪੁ., ਇਕ ਬੀਮਾਰੀ ਜਿਸ ਵਿਚ ਬੁਖਾਰ ਦੇ ਨਾਲ ਨਾਲ ਫੁਨਸੀਆਂ ਨਿਕਲ ਆਉਂਦੀਆਂ ਹਨ

विसर्पण–ਵਿਸਰਪਣ, ਪੁ., ਫੈਲਣ ਦੀ ਕਿਰਿਆ

विसर्पी–ਵਿਸਰਪੀ, ਵਿ., ਫੈਲਣ ਵਾਲਾ

विसल–ਵਿਸਲ, ਪੁ., ਰੁੱਖ ਦਾ ਨਵਾਂ ਪੱਤਾ, ਕੋਂਪਲ, ਕਰੂੰਬਲ, ਪਬੀਸੀ

विसवासह, विसवासा–ਵਿਸਵਾਸਹ, ਵਿਸਵਾਸਾ, ਪੁ., ਜਵਿੜ੍ਹੀ ਨਾਉਂ ਦੀ ਬੂਟੀ

विसार–ਵਿਸਾਰ, ਪੁ., ਵਿਸਥਾਰ, ਫੈਲਾਉ, ਵੇਗ

विसारित–ਵਿਸਾਰਿਤ, ਵਿ., ਫੈਲਾਇਆ ਹੋਇਆ

विसूचिका–ਵਿਸੂਚਿਕਾ, ਇ., ਹੈਜ਼ਾ ਨਾਉਂ ਦਾ ਰੋਗ

विसूरण–ਵਿਸੂਰਣ, ਪੁ., ਦੁਖ, ਸੋਚ, ਚਿੰਤਾ, ਫਿਕਰ

विसृत–ਵਿਸ੍ਰਿਤ, ਵਿ., ਚੌੜਾ, ਖੁਲ੍ਹਾ ਡੁਲ੍ਹਾ, ਕੱਢਿਆ ਹੋਇਆ, ਕਹਿਆ ਹੋਇਆ

विसृष्ट–ਵਿਸ੍ਰਿਸ਼ਟ, ਵਿ., ਤਿਆਗਿਆ ਹੋਇਆ, ਸਿਟਿਆ ਹੋਇਆ

विसोंटा–ਵਿਸੋਂਟਾ, ਪੁ., ਅੜੂਸਾ

विसौरभ—ਵਿਸੌਰਭ, ਪੁ., ਬਦਬੂ, ਮੁਸ਼ਕ

विस्तार—ਵਿਸਤਾਰ, ਪੁ., ਫੈਲਾਉ, ਰੁੱਖ ਦੀ ਟਾਹਣੀ, ਗੁੰਛਾ

विस्तारति—ਵਿਸਤਾਰਿਤ, ਵਿ., ਫੈਲਾਇਆ ਹੋਇਆ

विस्तारी—ਵਿਸਤਾਰੀ, ਪੁ., ਬੋਹੜ ਦਾ ਰੁੱਖ

विस्तीर्ण, विस्तृत—ਵਿਸਤੀਰਣ, ਵਿਸਤ੍ਰਿਤ, ਵਿ., ਫੈਲਿਆ ਹੋਇਆ, ਬਹੁਤ ਵੱਡਾ, ਲੰਮਾ ਚੋੜਾ

विस्फार—ਵਿਸਡਾਰ, ਪੁ., ਧਨੁਸ਼ ਦੀ ਟੰਕਾਰ, ਵਿਸਥਾਰ, ਫੈਲਾਉ, ਫੁਰਤੀ

विस्फुरित—ਵਿਸਫੁਰਿਤ, ਵਿ., ਜੋ ਸਿਥਿਰ ਨਾ ਹੋਵੇ, ਅਟਿਕ

विस्फुर्जन—ਵਿਸਫੁਰਜਨ, ਪੁ., ਕਿਸੇ ਚੀਜ਼ ਦੇ ਫੈਲਣ ਜਾਂ ਵਧਣ ਦਾ ਭਾਵ

विस्फुलिंग—ਵਿਸਫੁਲਿੰਗ, ਪੁ., ਅੱਗ ਦੀ ਚਿੰਘਿਆੜੀ

विस्फोट—ਵਿਸਫੋਟ, ਪੁ., ਕਿਸੇ ਚੀਜ਼ ਦਾ ਤੇਜ਼ੀ ਨਾਲ ਫੁਟ ਪੈਣ ਦਾ ਭਾਵ

विस्फोटक—ਵਿਸਫੋਟਕ, ਪੁ., ਸ਼ੀਤਲਾ ਰੋਗ, ਚੇਚਕ, ਮਾਤਾ ਦਾ ਜ਼ਹਿਰੀਲਾ ਫੋੜਾ, ਬੀਮਾਰੀ

विस्फोटन—ਵਿਸਫੋਟਨ, ਪੁ., ਕਿਸੇ ਚੀਜ਼ ਦੇ ਫਟਣ ਦੀ ਆਵਾਜ

विस्मय—ਵਿਸਮਯ, ਪੁ., ਅਸਚਰਜ, ਹੈਰਾਨੀ, ਘਮੰਡ, ਇਕ ਰਸ ਦਾ ਸਥਾਈ ਭਾਵ

विस्मयनीय—ਵਿਸਮਯਨੀਯ, ਵਿ., ਅਚੰਭੇ ਵਿਚ ਪਾਉਣ ਜੋਗ

विस्मयान्वित—ਵਿਸਮਯਾਨ੍ਵਿਤ, ਵਿ., ਅਚੰਭੇ ਵਾਲਾ

विस्मरण—ਵਿਸਮਰਣ, ਪੁ., ਭੁੱਲ ਜਾਣ ਦਾ ਭਾਵ, ਯਾਦ ਨਾ ਰੱਖਣ ਦਾ ਭਾਵ

विस्मारक—ਵਿਸਮਾਰਕ, ਵਿ., ਭੁਲਾਉਣ ਵਾਲਾ

विस्मित—ਵਿਸਮਿਤ, ਵਿ., ਹੈਰਾਨ, ਜਿਸ ਨੂੰ ਅਚੰਭਾ ਲਗਿਆ ਹੋਵੇ

विस्मृत—ਵਿਸਮ੍ਰਿਤ, ਵਿ., ਭੁਲਿਆ ਹੋਇਆ, ਜੋ ਯਾਦ ਨਾ ਹੋਵੇ

विस्मृति—ਵਿਸਮ੍ਰਿਤਿ, ਪੁ., ਭੁਲੇਖਾ, ਭੁਲ ਜਾਣ ਦਾ ਭਾਵ

विस्रम्भ—ਵਿਸ੍ਰੰਭ, ਪੁ., ਵਿਸਵਾਸ, ਭਰੋਸਾ

विस्रवण—ਵਿਸ੍ਰਵਣ, ਪੁ., ਵਗਣ ਦਾ ਭਾਵ, ਝਰਨ

विस्रुत—ਵਿਸ੍ਰੁਤ, ਵਿ., ਭੁਲਿਆ ਹੋਇਆ

विहंग—ਵਿਹੰਗ, ਪੁ., ਪੰਛੀ, ਬਾਣ, ਤੀਰ, ਬੱਦਲ, ਸੂਰਜ, ਚੰਦ, ਸੋਨਾ ਮੱਖੀ

विहंगम—ਵਿਹੰਗਮ, ਪੁ., ਚਿੜੀ, ਪੰਛੀ, ਸੂਰਜ

विहंगमा—ਵਿਹੰਗਮਾ, ਇ., ਸੂਰਜ ਦੀ ਇਕ ਕਿਰਣ, ਬੈਹੰਗੀ ਦੀ ਇਕ ਲਕੜ

विहगराज—ਵਿਹੰਗਰਾਜ, ਪੁ., ਗਰੁੜ

विहंगिका—ਵਿਹੰਗਿਕਾ, ਇ., ਬੈਹੰਗੀ ਜਿਸ ਤੇ ਸ਼ਿਉਰ ਭਾਰ ਚੁਕਦੇ ਹਨ

विहग—ਵਿਹਗ, ਪੁ., ਪੰਛੀ, ਚਿੜੀ, ਦੇਖੋ ਵਿਹੰਗ (विहंग)

विहत—ਵਿਹਤ, ਵਿ., ਟੁਟਿਆ ਫੁਟਿਆ, ਨਿਸਫਲ

विहति—ਵਿਹਤਿ, ਇ., ਨਾਸ, ਤਬਾਹੀ

विहनन—ਵਿਹਨਨ, ਪੁ., ਹੱਤਿਆ, ਕਤਲ, ਖ਼ੂਨ

विहन्ता—ਵਿਹੰਤਾ, ਵਿ., ਨਾਸ ਕਰਨ ਵਾਲਾ, ਕਾਤਲ

विहर—ਵਿਹਰ, ਪੁ., ਵਿਜੋਗ, ਜੁਦਾਈ, ਵਿਛੋੜਾ, ਦੇਖੋ ਵਿਹਾਰ (विहार)

विहरण ਵਿਹਰਣ, ਪੁ.,ਘੁੰਮਣ ਦੀ ਕਿਰਿਆ, ਚਲਣ ਫਿਰਣ ਦਾ ਭਾਵ, ਵਿਜੋਗ, ਜੁਦਾਈ

विहव—ਵਿਹਵ, ਪੁ., ਜੰਗ, ਜੁੱਧ, ਲੜਾਈ

विहसित—ਵਿਹਸਿਤ, ਪੁ., ਉਹ ਹਾਸਾ ਜੋ ਨਾ ਬਹੁਤ ਉਚਾ ਹੋਵੇ ਤੇ ਨਾ ਹੀ ਹੋਲਾ ਹੋਵੇ, ਮੁਸਕਾਨ

विहस्त—ਵਿਣਸੁ, ਵਿ., ਘਬਰਾਇਆ ਹੋਇਆ, ਹੈਰਾਨ, ਪਰੇਸ਼ਾਨ ਜਿਸ ਦੇ ਹਥ ਨਾ ਹੋਣ

विहायस—ਵਿਹਾਯਸ, ਪੁ., ਪੰਛੀ, ਅਕਾਸ਼

विहार—ਵਿਹਾਰ, ਪੁ., ਦਿਲ ਖੁਸ਼ ਕਰਨ ਲਈ ਇਧਰ ਉਧਰ ਘੁੰਮਣ ਦਾ ਭਾਵ, ਭੋਗ ਕਰਨ ਦੀ ਥਾਂ, ਤੀਵੀਂ ਨਾਲ ਮੇਲ ਕਰਨ ਦਾ ਭਾਵ, ਬੋਧਾਂ ਦਾ ਇਕ ਮਠ

विहारी—ਵਿਹਾਰੀ, ਪੁ., ਫਿਰਨ ਟੁਰਨ ਵਾਲਾ, ਸ੍ਰੀ ਕ੍ਰਿਸ਼ਨ ਜੀ ਦਾ ਇਕ ਨਾਉਂ

विहास—ਵਿਹਾਸ ਵਿ., ਜਿਸ ਦੇ ਮੂੰਹ ਤੇ ਹਾਸਾ ਨਾ ਹੋਵੇ

विहित—ਵਿਹਿਤ, ਵਿ., ਕੀਤਾ ਹੋਇਆ, ਦਿੱਤਾ ਹੋਇਆ

विहीन—ਵਿਹੀਨ. ਵਿ., ਬਾਝ, ਬਿਨਾ, ਛੱਡਿਆ ਹੋਇਆ

विहीनता—ਵਿਹੀਨਤਾ, ਇ., ਹੋਣ ਦਾ ਭਾਵ ਜਾਂ ਧਰਮ

विहृति—ਵਿਹਿਰਿਤਿ, ਦੇਖੋ ਵਿਹਾਰ (विहार)

विह्वल—ਵਿਹ੍ਵਲ, ਵਿ., ਘਬਰਾਇਆ ਹੋਇਆ, ਬੇਚੈਨ

विह्वलता—ਵਿਹ੍ਵਲਤਾ, ਇ., ਬੇਚੈਨੀ, ਘਬਰਾਹਟ

विह्वली—ਵਿਹ੍ਵਲੀ, ਪੁ., ਜੋ ਬਹੁਤ ਘਬਰਾ ਗਿਆ ਹੋਵੇ

वीक—ਵੀਕ, ਪੁ., ਪੰਛੀ, ਹਵਾ, ਮਨ

वीकाश—ਵੀਕਾਸ਼, ਪੁ.. ਰੋਸ਼ਣੀ, ਇਕਾਂਤ ਥਾਂ

वीक्ष—ਵੀਕਸ਼, ਪੁ., ਨਜ਼ਰ, ਨਿਗਾਹ

वीक्षण—ਵੀਕਸ਼ਣ, ਪੁ., ਦੇਖਣ ਦੀ ਕਿਰਿਆ, ਦੇਖ ਰੇਖ

वीक्षा—ਵੀਕਸ਼ਾ, ਇ., ਦੇਖਣ ਦੀ ਕਿਰਿਆ, ਦਰਸ਼ਨ

वीक्षित—ਵੀਕਸ਼ਿਤ, ਵਿ., ਚੰਗੀ ਤਰ੍ਹਾਂ ਨਾਲ ਦੇਖਿਆ ਹੋਇਆ

वीक्ष्य—ਵੀਕਸ਼ਜ, ਪੁ., ਅਸਚਰਜ. ਨਜ਼ਾਰਾ, ਨਚਾਰ, ਘੋੜਾ, ਵਿ., ਦੇਖਣ ਜੋਗ

विचि—ਵਿਚਿ. ਇ., ਲਹਿਰ ਚਮਕ, ਛੱਲ

वीचिमाली—ਵੀਚਿਮਾਲੀ, ਪੁ., ਸਮੁੰਦਰ

वीची—ਵੀਚੀ, ਇ., ਲਹਿਰ, ਫੱਲ

वीचीकाक—ਵੀਚੀਕਾਕ, ਪੁ., ਜਲਕਾਉਂ ਨਾਮੀ ਜਾਨਵਰ

वीज—ਵੀਜ, ਪੁ., ਜੜ, ਵੀਰਜ, ਤੇਜ,ਅਨਾਜ ਆਦਿਕ ਦਾ ਬੀਜ, ਫ਼ਲ, ਖਜ਼ਾਨਾ, ਤੱਤ, ਚਰਬੀ, ਮੂਲ ਕਾਰਣ, ਤੰਤਰ ਅਨੁਸਾਰ ਕਿਸੇ ਮੰਤਰ ਦਾ ਮੂਲ ਤੱਤ

वीजक—ਵੀਜਕ, ਪੁ., ਇਕ ਕਿਸਮ ਦਾ ਰੁੱਖ, ਵਿਜੌਰਾ ਨਿੰਬੂ, ਦਿੱਨੀ ਸਹਿੰਜਣ, ਬੀਜ

वीजकर–ਵੀਜਕਰ, ਪੁ., ਮਹਾਂ ਦੀ ਦਾਲ

वीजका–ਵੀਜਕਾ, ਇ., ਮੁਨੱਕਾ

वीजकृत–ਵੀਜਕ੍ਰਿਤ, ਪੁ., ਵੀਰਜ ਵਧਾਉਣ ਵਾਲੀ ਦਵਾ

वीजकोश–ਵੀਜਕੋਸ਼, ਪੁ., ਕੌਲ ਡੋਡਾ, ਸਿੰਘਾੜਾ, ਉਹ ਫਲ ਜਿਸ ਵਿਚ ਬੀਜ ਰਹਿੰਦਾ ਹੈ

वीजकोशक–ਵੀਜਕੋਸ਼ਕ, ਪੁ., ਪਤਾਲੂ

वीजगणित–ਵੀਜਗਣਿਤ, ਪੁ., ਇਕ ਕਿਸਮ ਦੀ ਗਣਿਤ, ਅਲਜਬਰਾ

वीजगर्भ–ਵੀਜਗਰਭ, ਪੁ., ਪਰਵਲ ਨਾਉਂ ਦੀ ਭਾਜੀ

वीजधान्य–ਵੀਜਧਾਨਜ, ਪੁ., ਧਣੀਆ

वीजन–ਵੀਜਨ, ਪੁ., ਪੱਖਾ ਝੱਲਣ ਦੀ ਕਿਰਿਆ, ਹਵਾ ਕਰਨ ਦੀ ਕਿਰਿਆ, ਪੱਖਾ, ਚੌਰ, ਚਕੋਰ, ਲੋਧ ਦਾ ਰੁੱਖ

वीजपादप–ਵੀਜਪਾਦਪ, ਪੁ., ਇਕ ਕਿਸਮ ਦਾ ਰੁੱਖ, ਭਿਲਾਵਾਂ

वीजपुरुष–ਵੀਜਪੁਰੁਸ਼, ਪੁ., ਕਿਸੇ ਖਾਨਦਾਨ ਦਾ ਵੱਡਾ ਆਦਮੀ ਜਿਸ ਦੇ ਨਾਉਂ ਤੇ ਖਾਨਦਾਨ ਚਲਦਾ ਹੋਵੇ

वीजपुष्प–ਵੀਜਪੁਸ਼ਪ, ਪੁ., ਮੈਨਫਲ, ਮਰੂਆ, ਜੁਵਾਰ

वीजपूर–ਵੀਜਪੂਰ, ਪੁ., ਚਕੋਤਰਾ, ਗਲਗਲ, ਵਿਜੌਰਾ ਨਿੰਬੂ

वीजपेशिका–ਵੀਜਪੇਸ਼ਿਕਾਂ, ਇ., ਦੇਖੋ ਵੀਜਕੋਸ਼ਕ (वीजकोशक)

वीजमार्गी–ਵੀਜਮਾਰਗੀ, ਪੁ., ਇਕ ਮਤ ਦੇ ਵਿਸਨੂੰ ਭਗਤ

वीजरत्न–ਵੀਜਰਤ੍ਨ. ਪੁ., ਮਹਾਂ ਦੀ ਦਾਲ

वीजरेचक, वीजरेचन–ਵੀਜਰੇਚਕ, ਵੀਜਰੇਚਨ, ਪੁ., ਜਮਾਲ ਗੋਟਾ

वीजसार–ਵੀਜਸਾਰ, ਪੁ., ਵਾਇਵੜਿੰਗ

वीजसू–ਵੀਜਸੁ, ਇ., ਧਰਤੀ

वीजस्नेह–ਵੀਜਸਨੇਹ, ਪੁ., ਢੱਕ

वीजाख्य–ਵੀਜਾਖਜ, ਪੁ., ਜਮਾਲ ਗੋਟਾ

वीजाविक–ਵੀਜਾਵਿਕ, ਪੁ., ਉਠ

वीजी–ਵੀਜੀ, ਪੁ., ਜਿਸ ਵਿਚ ਬੀਜ ਹੋਵੇ, ਪਿਉ, ਚੁਲਾਈ ਦਾ ਸਾਗ

वीजोदक–ਵੀਜੋਦਕ, ਪੁ., ਅਕਾਸ ਤੋਂ ਡਿਗਣ ਵਾਲਾ ਪਾਣੀ ਦਾ ਜੰਮਿਆ ਹੋਇਆ ਡਲਾ ਜਿਹਾ, ਗੜਾ, ਕਾਕੜਾ

वीज्य–ਵੀਜਜ, ਵਿ., ਕੁਲੀਨ, ਚੰਗੇ ਖਾਨਦਾਨ ਵਿਚ ਪਦਾ ਹੋਇਆ ਹੋਇਆ, ਜੋ ਬੀਜਣ ਦੇ ਜੋਗ ਹੋਵੇ

वीटा–ਵੀਟਾ, ਇ., ਇਕ ਕਿਸਮ ਦਾ ਖੇਲ

वीटि–ਵੀਟਿ, ਇ., ਪਾਨ ਦਾ ਬੀੜਾ

वीटिका–ਵੀਟਿਕਾ, ਇ., ਲਾਇਆ ਹੋਇਆ ਪਾਨ ਦਾ ਬੀੜਾ

वीटी–ਵੀਟੀ, ਇ., ਦੇਖੋ ਵੀਟਿ (वीटि)

वीणा–ਵੀਣਾ, ਇ., ਪੁਰਾਣੇ ਜ਼ਮਾਨੇ ਦਾ ਇਕ ਸਾਜ਼, ਬੀਣ

वीणापाणि–ਵੀਣਾਪਾਣਿ, ਇ., ਸਰਸੁਤੀ

वीणाप्रसेव–ਵੀਣਾਂਪ੍ਰਸੇਵ, ਪੁ., ਬੀਣ ਦਾ ਗਿਲਾਫ਼

वीणावरा–ਵੀਣਾਵਰਾ, ਇ., ਘੁਰਗੀਣ

वीणावाद–ਵੀਣਾਵਾਦ, ਵਿ., ਜੋ ਵੀਣਾ ਬਜਾਉਂਦਾ ਹੋਵੇ

वीणास्य–ਵੀਣਾਸਜ, ਪੁ., ਨਾਰਦ

वीणाहस्त–ਵੀਣਾਹਸੁ. ਪੁ., ਸ਼ਿਵ, ਮਹਾਦੇਵ

वीतंस–ਵੀਤੰਸ, ਪੁ., ਇਕ ਕਿਸਮ ਦਾ ਜਾਲ ਜਾਂ ਫੰਦਾ

वीत–ਵੀਤ, ਪੁ., ਬੀਤਿਆ ਹੋਇਆ, ਜੋ ਛੱਡ ਦਿੱਤਾ ਗਿਆ ਹੋਵੇ, ਸੋਹਣਾ, ਮੁਕਤਾ, ਸਮਾਪਤ

वीतदम्भ–ਵੀਤਦੰਭ, ਪੁ., ਜਿਸ ਵਿਚ ਹੰਕਾਰ ਨਾ ਹੋਵੇ

वीतभय–ਵੀਤਭਯ, ਵਿ., ਜਿਸ ਦਾ ਡਰ ਚੁੱਕਿਆ ਗਿਆ ਹੋਵੇ

वीतमल–ਵੀਤਮਲ, ਵਿ., ਜੋ ਕੋਈ ਪਾਪ ਨਾ ਕਰੇ, ਪਵਿੱਤਰ, ਸਾਫ

वीतराग–ਵੀਤਰਾਗ, ਪੁ., ਜਿਸ ਨੂੰ ਕੋਈ ਇੱਛਿਆ ਨਾ ਹੋਵੇ, ਬੁੱਧ ਦਾ ਇਕ ਨਾਉਂ, ਜੈਨੀਆਂ ਦਾ ਇਕ ਪ੍ਰਧਾਨ ਦੇਵਤਾ

वीतशोक–ਵੀਤਸ਼ੋਕ, ਪੁ., ਜਿਸ ਨੂੰ ਕੋਈ ਸੋਗ ਨਾ ਹੋਵੇ, ਅਸ਼ੋਕ ਨਾਉਂ ਦਾ ਰੁੱਖ

वीतसूत्र–ਵੀਤਸੂਤ੍ਰ, ਪੁ., ਜਨੇਊ

वीतहव्य–ਵੀਤਹਵਜ, ਪੁ., ਇਕ ਰਿਸ਼ੀ ਦਾ ਨਾਉਂ

वीति–ਵੀਤਿ, ਇ., ਚਾਲ਼, ਚਮਕ, ਗਰਭ ਧਾਰਨ ਕਰਨ ਦੀ ਕਿਰਿਆ

वीथिका, वीथी–ਵੀਥਿਕਾ, ਵੀਥੀ, ਇ., ਰਾਹ, ਸੜਕ, ਸੂਰਜ ਦਾ ਰਾਹ, ਰੂਪਕ ਦਾ ਇਕ ਭੇਦ

वीध्र–ਵੀਧ੍ਰ, ਪੁ., ਅਕਾਸ, ਅਗਨੀ, ਹਵਾ

वीनाह–ਵੀਨਾਹ, ਪੁ., ਖੂਹ ਦਾ ਉਤਲਾ ਢਕਣਾ

वीपा–ਵੀਪਾ, ਇ., ਬਿਜਲੀ

वीरंकरा–ਵੀਰੰਕਰਾ, ਇ., ਇਕ ਨਦੀ

वीरंधर–ਵੀਰੰਧਰ, ਪੁ., ਜੰਗਲੀ ਪਸ਼ੂਆਂ ਨਾਲ ਹੋਣ ਵਾਲੀ ਲੜਾਈ, ਮੋਰ, ਇਕ ਨਦੀ

वीर–ਵੀਰ, ਪੁ., ਹਿੰਮਤੀ, ਬਹਾਦਰ, ਜੋਧਾ, ਪੁੱਤਰ, ਪਤੀ, ਭਾਈ ਇਕ ਰਸ, ਖਸ, ਕਾਂਜੀ, ਕੁਸ਼ਾ, ਕਨੇਰ, ਆਲੂਬੁਖਾਰਾ, ਫੌਜੀ

वीरक–ਵੀਰਕ, ਪੁ., ਚਿਟੀ ਕਨੇਰ

वीरकर्मा–ਵੀਰਕਰਮਾ, ਵਿ., ਜੋ ਬਹਾਦੁਰਾਂ ਦੀ ਤਰ੍ਹਾਂ ਕੰਮ ਕਰਦਾ ਹੋਵੇ

वीरकाम–ਵੀਰਕਾਮ, ਪੁ., ਪੁਤਰ ਦੀ ਇਛੱਿਆ ਰੱਖਣ ਵਾਲਾ

वीरकुक्षि–ਵੀਰਕੁਕਸ਼ਿ, ਇ., ਉਹ ਤੀਵੀਂ ਜੋ ਬਹਾਦਰ ਲੜਕਾ ਪੈਦਾ ਕਰੇ

वीरगति–ਵੀਰਗਤਿ, ਇ., ਉਹ ਉਤਮ ਗਤੀ ਜੋ ਬਹਾਦਰਾਂ ਨੂੰ ਜੁੱਧ ਭੂਮੀ ਵਿਚ ਮਰਣ ਤੇ ਮਿਲਦੀ ਹੈ

वीरतरू–ਵੀਰਤਰੁ, ਪੁ., ਅਰਜੁਨ ਨਾਉਂ ਦਾ ਰੁੱਖ

वीरता–ਵੀਰਤਾ, ਇ., ਬਹਾਦਰੀ, ਸੂਰਮਤਾ

वीरधन्वा–ਵੀਰਧਨ੍ਵਾ, ਪੁ., ਕਾਮ ਦੇਵ ਦਾ ਇਕ ਨਾਉਂ

वीरपत्नी–ਵੀਰਪਤ੍ਨੀ, ਇ., ਬਹਾਦਰ ਦੀ ਤੀਵੀਂ

वीरपान–ਵੀਰਪਾਨ, ਪੁ., ਜੁੱਧ ਦੀ ਥਕਾਵਟ ਹਟਾਉਣ ਲਈ ਬਹਾਦਰਾਂ ਦਾ ਖਾਣਾ ਪੀਣਾ

वीरप्रसू–ਵੀਰਪ੍ਰਸੁ, ਇ., ਉਹ ਤੀਵੀਂ ਜੋ ਬਹਾਦਰ ਉਲਾਦ

ਪੈਦਾ ਕਰੇ

वीरबाहु–ਵੀਰਬਾਹੁ, ਪੁ., ਵਿਸ਼ਨੂੰ, ਧ੍ਰਿਤਰਾਸ਼ਟਰ ਦੇ ਇਕ ਪੁੱਤਰ ਦਾ ਨਾਉਂ, ਰਾਵਣ ਦੇ ਪੁੱਤਰ ਦਾ ਨਾਉਂ

वीरभद्र–ਵੀਰਭੱਦ੍ਰ, ਪੁ., ਅਸ਼੍ਵਮੇਧ ਜੱਗ ਦਾ ਘੋੜਾ, ਸ਼ਿਵਾਂ ਦੇ ਇਕ ਮਸ਼ਹੂਰ ਗਣ ਦਾ ਨਾਉਂ, ਖਸ

वीरमर्द्दल–ਵੀਰਮਰਦਲ, ਪੁ., ਪੁਰਾਣੇ ਜ਼ਮਾਨੇ ਦਾ ਇਕ ਕਿਸਮ ਦਾ ਢੋਲ ਜੋ ਜੁੱਧ ਵੇਲੇ ਬਜਾਇਆ ਜਾਂਦਾ ਸੀ

वीरमाता–ਵੀਰਮਾਤਾ, ਇ., ਦੇਖੋ ਵੀਰਪ੍ਰਸੁ (वीरप्रसू)

वीरमार्ग–ਵੀਰਮਾਰਗ, ਪੁ., ਸੁਰਗ, ਸ੍ਰੀ ਰਾਮਚੰਦਰ

वीरमुद्रिका–ਵੀਰਮੁਦ੍ਰਿਕਾ, ਇ.. ਇਕ ਕਿਸਮ ਦਾ ਛੱਲਾ ਜੋ ਪੁਰਾਣੇ ਜ਼ਮਾਨੇ ਵਿਚ ਪੈਰ ਦੀ ਵਿਚਕਾਰਲੀ ਉਂਗਲ ਵਿਚ ਪਹਿਨਿਆਂ ਜਾਂਦਾ ਸੀ

वीररज–ਵੀਰਰਜ, ਪੁ., ਸਿੰਦੂਰ

वीरवर–ਵੀਰਵਰ, ਵਿ., ਵੱਡਾ ਬਹਾਦਰ

वीरव्रत–ਵੀਰਵ੍ਰਤ, ਵਿ., ਪੱਕਾ ਵਿਚਾਰ

वीरशय्या–ਵੀਰਸ਼ਜਯਾ, ਇ., ਜੁੱਧ ਭੂਮੀ

वीरा–ਵੀਰਾ, ਇ., ਸ਼ਰਾਬ, ਕਈਆਂ ਬੂਟੀਆਂ ਦਾ ਨਾਉਂ, ਵਿਦਾਰੀਕੰਦ, ਉਹ ਤੀਵੀਂ ਜਿਸ ਦਾ ਪਤੀ ਅਤੇ ਪੁੱਤਰ ਦੋਵੇਂ ਹੀ ਜੀਉਂਦੇ ਹੋਣ

वीरान–ਵੀਰਾਨ. ਵਿ., ਉਜੜਿਆ ਹੋਇਆ, ਜਿਸ ਵਿਚ ਅਬਾਦੀ ਨਾ ਹੋਵੇ, ਬਿਨਾ ਚਮਕ ਤੋਂ, ਉਜਾੜ

वीराना–ਵੀਰਾਨਾ. ਪੁ., ਉਜਾੜ, ਜੰਗਲ, ਬੀਆਬਾਨ

वीरासन–ਵੀਰਾਸਨ, ਪੁ., ਬੈਠਣ ਦਾ ਇਕ ਢੰਗ

वीरुध–ਵੀਰੁਧ, ਪੁ., ਰੁੱਖ ਅਤੇ ਬਨਸਪਤੀ ਆਦਿਕ

वीरुधा–ਵੀਰੁਧਾ, ਇ., ਇਕ ਬੂਟੀ

वीर्य–ਵੀਰਯ, ਪੁ., ਸ਼ਰੀਰ ਦੀਆਂ ਸੱਤਾਂ ਧਾਤਾਂ ਵਿਚੋਂ ਇਕ ਧਾਂਤ ਜਿਸ ਕਰਕੇ ਸਰੀਰ ਵਿਚ ਬਲ ਅਤੇ ਚਮਕ ਆਉਂਦੀ ਹੈ, ਵੀਰਜ, ਤਾਕਤ, ਬਲ

वृंत–ਵ੍ਰਿੰਤ, ਪੁ., ਮੱਮਿਆਂ ਦੀ ਮੂਹਰਲੀ ਡੋਡੀ, ਚੂਚੀ

वृंताक–ਵ੍ਰਿੰਤਾਕ, ਪੁ., ਬੈਂਗਣ, ਇਕ ਕਿਸਮ ਦਾ ਸਾਗ

वृंद–ਵ੍ਰਿੰਦ, ਪੁ., ਸਮੂਹ, ਝੁੰਡ, ਸੌ ਕਰੋੜ ਦੀ ਸੰਖਿਆ, ਇਕ ਮੂਹੂਰਤ ਦਾ ਨਾਉਂ

वृंदा–ਵ੍ਰਿੰਦਾ, ਇ.. ਤੁਲਸੀ

वृंदाक–ਵ੍ਰਿੰਦਾਕ, ਪੁ., ਪਰਗਾਛਾ ਨਾਉਂ ਦਾ ਰੁੱਖ

वृंदारक–ਵ੍ਰਿੰਦਾਰਕ, ਪੁ., ਦੇਵਤਾ, ਭਲਾ ਮਾਣਸ

वृंदावन–ਵ੍ਰਿੰਦਾਵਨ, ਪੁ., ਮਥੁਰਾ ਜ਼ਿਲੇ ਦਾ ਇਕ ਸ਼ਹਿਰ

वृंदावनेश्वर–ਵ੍ਰਿੰਦਾਵਨੇਸ਼੍ਵਰ, ਪੁ., ਸ੍ਰੀ ਕ੍ਰਿਸ਼ਨ ਜੀ ਦਾ ਇਕ ਨਾਉਂ

वृंदावनेश्वरी–ਵ੍ਰਿੰਦਾਵਨੇਸ਼੍ਵਰੀ, ਇ., ਰਾਧਕਾ ਦਾ ਇਕ ਨਾਉਂ

वृंहण–ਵ੍ਰਿੰਹਣ, ਪੁ., ਤਾਕਤ ਵਧਾਉਣ ਵਾਲਾ ਪਦਾਰਥ, ਇਕ ਕਿਸਮ ਦਾ ਤਮਾਖੂ ਪੀਣ ਦਾ ਭਾਵ. ਅਸਗੰਧ, ਮੁਨੱਕਾ, ਸੂਰ ਦੇ ਮਾਸ ਵਿੱਚ ਪਕਾਇਆ ਹੋਇਆ ਜੌਂ ਦਾ ਸੱਤ

वृंहित–ਵ੍ਰਿੰਹਿਤ, ਪੁ., ਹਾਥੀ ਦੀ ਚਿੰਘਿਆੜ

वृक–ਵ੍ਰਿਕ, ਪੁ., ਕੁੱਤੇ ਦੀ ਜਾਤ ਦਾ ਇਕ ਮਾਸ ਖਾਣਾ ਪਸੂ, ਬਘਿਆੜ, ਗਿੱਦੜ, ਚੋਰ, ਕਾਂ, ਗੰਦਾ ਬਿਰੋਜ਼ਾ

वृकदंस–ਵ੍ਰਿਕਦੰਸ, ਪੁ., ਕੁੱਤਾ

वृकधूर्त–ਵ੍ਰਿਕ੍ਰਧੂਰਤ, ਪੁ., ਗਿੱਦੜ

वृकोदर–ਵ੍ਰਿਕੋਦਰ, ਪੁ., ਭੀਮਸੈਨ

वृक्क–ਵ੍ਰਿੱਕ, ਪੁ., ਗੁਰਦਾ, ਆਉਣ ਵਾਲਾ ਮਹੀਨਾ

वृक्कक–ਵ੍ਰਿੱਕਕ, ਪੁ., ਪਿਸ਼ਾਬ ਕਰਨ ਦੀ ਥਾਂ

वृक्का–ਵ੍ਰਿੱਕਾ, ਇ., ਦਿਲ, ਹਿਰਦਾ

वृक्ष–ਵ੍ਰਿਕਸ਼, ਪੁ., ਰੁੱਖ, ਦਰਖਤ, ਬਿਰਛ

वृक्षचर–ਵ੍ਰਿਕਸ਼ਚਰ, ਪੁ., ਬੰਦਰ

वृक्षतक्षक–ਵ੍ਰਿਕਸ਼ਤਕਸ਼ਕ, ਪੁ., ਗਿਲ੍ਹੇਹਰੀ, ਕਾਟੋ, ਗਾਲ੍ਹੜ

वृक्षनाथ–ਵ੍ਰਿਕਸ਼ਨਾਥ, ਪੁ., ਬੋਹੜ ਦਾ ਰੁੱਖ

वृक्षनिर्यास–ਵ੍ਰਿਕਸ਼ਨਿਰਯਾਸ, ਪੁ., ਰੁੱਖ ਵਿਚੋਂ ਨਿਕਲਣ ਵਾਲਾ ਇਕ ਕਿਸਮ ਦਾ ਰਸ

वृक्षपाक–ਵ੍ਰਿਕਸ਼ਪਾਕ, ਪੁ., ਬੋਹੜ ਦਾ ਰੁੱਖ

वृक्षराज–ਵ੍ਰਿਕਸ਼ਰਾਜ. ਪੁ., ਪਿੱਪਲ ਦਾ ਰੁੱਖ

वृक्षस्नेह–ਵ੍ਰਿਕਸ਼ਸ੍ਨੇਹ, ਪੁ., ਗੋਂਦ, ਦੇਖੋ ਵ੍ਰਿਕਸ਼ਨਿਰਯਾਸ (वृक्षनिर्यास)

वृक्षायुर्वेद–ਵ੍ਰਿਕਸ਼ਾਯੁਰਵੇਦ, ਪੁ., ਉਹ ਸ਼ਾਸਤਰ ਜਿਸ ਵਿਚ ਰੁੱਖਾਂ ਦੀ ਬਿਮਾਰੀਆਂ ਦਾ ਇਲਾਜ ਦੱਸਿਆ ਹੋਵੇ

वृज–ਵ੍ਰਿਜ, ਪੁ., ਦੇਖੋ ਵ੍ਰਜ (व्रज)

वृजन–ਵ੍ਰਿਜਨ, ਪੁ., ਅਕਾਸ, ਜੁੱਧ, ਪਾਪ, ਬਲ, ਤਾਕਤ, ਵੈਰੀ, ਦੁਸ਼ਮਣ

वृजन्य–ਵ੍ਰਿਜਨਯ, ਪੁ., ਬਹੁਤ ਹੀ ਸਿੱਧਾ ਸਾਦਾ ਮਨੁੱਖ

वृजिन–ਵ੍ਰਿਜਿਨ, ਪੁ., ਪਾਪ, ਦੁੱਖ, ਤਕਲੀਫ਼, ਵਿ., ਟੇਢਾ, ਵਿੰਗਾ

वृत–ਵ੍ਰਿਤ, ਵਿ., ਨਿਯੁਕਤ ਕੀਤਾ ਹੋਇਆ, ਢਕਿਆ ਹੋਇਆ, ਮਨਜ਼ੂਰ ਕੀਤਾ ਹੋਇਆ, ਪ੍ਰਵਾਣ

वृत्त–ਵ੍ਰਿਤ. ਪੁ., ਚਰਿਤਰ, ਕਹਾਣੀ, ਮੰਮਿਆਂ ਦੀ ਡੋਡੀ, ਸਮਾਚਾਰ, ਹਾਲ. ਛੰਦ, ਮੰਡਲ,ਵਿ., ਬੀਤਿਆ ਹੋਇਆ, ਪੱਕਾ. ਮਜ਼ਬੂਤ, ਗੋਲ, ਮਾਰਿਆ ਹੋਇਆ, ਢਕਿਆ ਹੋਇਆ

वृत्तकर्कटी–ਵ੍ਰਿਤਕਰਕਟੀ, ਇ., ਖਰਬੂਜ਼ਾ

वृत्तचेष्टा–ਵ੍ਰਿਤਚੇਸ਼੍ਟਾ, ਪੁ., ਸੁਭਾਉ, ਆਦਤ

वृत्तान्त–ਵ੍ਰਿਤਾਂਤ, ਪੁ., ਸਮਾਚਾਰ. ਹਾਲ, ਕਿਸੀ ਬੀਤੀ ਹੋਈ ਘਟਨਾ ਦਾ ਜ਼ਿਕਰ

वृत्ति–ਵ੍ਰਿਤਿ, ਇ., ਰੋਜ਼ੀ, ਤਨਖਾਹ, ਤਲਬ, ਉਹ ਧਨ ਜੋ ਗਰੀਬ ਨੂੰ ਉਸ ਦੀ ਮੱਦਦ ਲਈ ਦਿਤੀ ਜਾਵੇ, ਸੂਤਰਾਂ ਦੀ ਵਿਆਖਿਆ ਦੀਆਂ ਪੰਜ ਕਿਸਮਾਂ ਵਿਚੋਂ ਇਕ ਕਿਸਮ

वृत्तिकार–ਵ੍ਰਿੱਤਿਕਾਰ, ਪੁ., ਉਹ ਜਿਸ ਨੇ ਕਿਸੇ ਸੂਤਰ ਗ੍ਰੰਥ ਤੇ ਵਿੱਤੀ ਲਿਖੀ ਹੋਵੇ

वृत्र–ਵ੍ਰਿਤ੍ਰ, ਪੁ., ਹਨੇਰਾ,ਦੁਸ਼ਮਣ, ਇਕ ਦਾਨੋਂ ਜਿਸ ਨੂੰ ਇੰਦਰ ਨੇ

ਮਾਰਿਆ ਸੀ, ਬੱਦਲ

वृत्रारि–ਵ੍ਰਿਤ੍ਰਾਰਿ, ਪੁ., ਇੰਦਰ ਦੇਵਤਾ

वृत्रासुर–ਵ੍ਰਿਤ੍ਰਾਸੁਰ, ਪੁ., ਦੇਖੋ ਵ੍ਰਿਤ੍ਰ (वृत्र),

वृथा–ਵ੍ਰਿਥਾ, ਵਿ., ਬਿਨਾ ਮਤਲਬ ਦੇ, ਫਜ਼ੂਲ, ਕ੍ਰਿ. ਵਿ., ਬੇ ਫਾਇਦਾ, ਬੇ ਮਾਹਨੇ

वृद्ध–ਵ੍ਰਿੱਧ, ਪੁ., ਵਿਦਵਾਨ, ਪੰਡਿਤ, ਬੁੱਢਾ, ਬਜ਼ੁਰਗ, ਵੱਡਾ, ਪੁਰਾਣਾ

वृद्धकाल–ਵ੍ਰਿੱਧਕਾਲ, ਪੁ., ਬੁਢੇਪਾ

वृद्धता, वृद्धत्व–ਵ੍ਰਿੱਧਤਾ. ਵ੍ਰਿੱਧਤ੍ਵ, ਪੁ., ਬੁਢੇਪਾ

वृद्धनाभि–ਵ੍ਰਿੱਧਨਾਭਿ, ਵਿ., ਢਿੱਡਲ, ਵੱਡੇ ਢਿਡ ਵਾਲਾ

वृद्धा–ਵ੍ਰਿੱਧਾ, ਇ., ਬੁੱਢੀ ਤੀਵੀਂ

वृद्धि–ਵ੍ਰਿੱਧਿ, ਇ., ਬੜ੍ਹਤੀ, ਸੁਦ, ਇਕ ਬੂਟੀ

वृद्धिजीवक–ਵ੍ਰਿੱਧਿਜੀਵਕ, ਪੁ., ਸੂਦਖੋਰ

वृश्चिक–ਵ੍ਰਿਸ਼ਚਿਕ, ਪੁ., ਬਿੱਛੂ, ਵੀਰਜ ਦਾ ਇਕ ਕੀੜਾ, ਇਕ ਰਾਸ

वृश्चिका–ਵ੍ਰਿਸ਼ਚਿਕਾ, ਇ.,ਬਿਛੂਆ ਨਾਉਂ ਦੀ ਬੂਟੀ

वृष–ਵ੍ਰਿਸ਼, ਪੁ., ਸਾਂਢ, ਬਲ੍ਹਦ, ਢੱਠਾ, ਇਕ ਰਾਸ, ਕਣਕ, ਖੋਂਦ, ਮੋਰ ਦਾ ਖੰਭ, ਪਤੀ

वृषण–ਵ੍ਰਿਸ਼ਣ, ਪੁ.. ਪਤਾਲ, ਇੰਦਰ, ਸਾਂਢ

वृषदंशक–ਵ੍ਰਿਸ਼ਦੰਸ਼ਕ, ਪੁ., ਬਿੱਲੀ

वृषपति–ਵ੍ਰਿਸ਼ਪਤਿ, ਪੁ., ਸ਼ਿਵ. ਮਹਾਦੇਵ, ਹੀਜੜਾ

वृषभ–ਵ੍ਰਿਸ਼ਭ. ਪੁ., ਬਲ੍ਹਦ, ਢੱਠਾ, ਸਾਂਢ, ਕੰਨ ਦਾ ਛੇਕ, ਇਕ ਬੂਟੀ, ਸਾਹਿੱਤ ਵਿਚ ਰੀਤੀ ਦੀ ਇਕ ਕਿਸਮ, ਵਿਸ਼ਨੂੰ

वृषभपल्लव–ਵ੍ਰਿਸ਼ਭਪੱਲਵ, ਪੁ., ਅੜੂਸੇ ਦਾ ਰੁੱਖ

वृषभानु–ਵ੍ਰਿਸ਼ਭਾਨੁ, ਪੁ., ਸ੍ਰੀ ਰਾਧਕਾ ਜੀ ਦਾ ਪਿਤਾ

वृषल–ਵ੍ਰਿਸ਼ਲ, ਪ., ਸ਼ੂਦਰ, ਘੋੜਾ, ਚੱਕ੍ਰਵਰਤੀ ਰਾਜਾ, ਚੰਦਰਗੁਪਤ ਦਾ ਨਾਉਂ, ਪਾਪ ਕਰਨ ਵਾਲਾ

वृषली–ਵ੍ਰਿਸ਼ਲੀ, ਇ., ਨਾ ਵਿਆਹੀ ਹੋਈ ਕੁੜੀ, ਵਿਭਚਾਰਿਣੀ ਤੀਵੀਂ, ਨੀਚ ਦੀ ਤੀਵੀਂ, ਉਹ ਤੀਵੀਂ ਜਿਸ ਨੂੰ ਕਪੜੇ ਆਏ ਹੋਏ ਹੋਣ

वृषलोचन–ਵ੍ਰਿਸ਼ਲੋਚਨ, ਪੁ., ਚੂਹਾ

वृषवाहन–ਵ੍ਰਿਸ਼ਵਾਹਨ, ਪੁ., ਸ਼ਿਵ, ਮਹਾਦੇਵ

वृषांकज–ਵ੍ਰਿਸ਼ਾਂਕਜ. ਪੁ.. ਡੋਰੂ

वृषा–ਵ੍ਰਿਸ਼ਾ, ਇ., ਇਕ ਕਿਸਮ ਦੀ ਵੇਲ, ਗਊ

वृषाकर–ਵ੍ਰਿਸ਼ਾਕਰ, ਪੁ., ਮਾਂਹ. ਉੜਦ

वृषाणक–ਵ੍ਰਿਸ਼ਾਣਕ. ਪੁ., ਸ਼ਿਵ ਜੀ ਦੇ ਇਕ ਗਣ ਦਾ ਨਾਉਂ

वृषायण–ਵ੍ਰਿਸ਼ਾਯਣ, ਪੁ., ਮਮੋਲਾ, ਸ਼ਿਵ, ਮਹਾਦੇਵ

वृषोत्सर्ग–ਵ੍ਰਿਸ਼ੋਤਸਰਗ, ਪੁ.. ਸਾਂਢ ਦਾ ਦਾਗ ਲਾ ਕੇ ਛੱਡਣ ਦਾ ਭਾਵ

वृष्टि–ਵ੍ਰਿਸ਼੍ਟਿ, ਇ., ਅਕਾਸ ਤੋਂ ਪਾਣੀ ਦਾ ਵਰਸਣ, ਵਰਖਾ; ਮੀਂਹ

वृष्टिघ्नी–ਵ੍ਰਿਸ਼੍ਟਿਘ੍ਨੀ, ਇ., ਛੋਟੀ ਇਲਾਇਚੀ

वृष्टिजीवन–ਵ੍ਰਿਸ਼੍ਟਿਜੀਵਨ, ਪੁ., ਉਹ ਮੁਲਖ ਜਿਥੇ ਖੇਤੀ ਬਾੜੀ ਵਰਖਾ ਦੇ ਪਾਣੀ ਨਾਲ ਹੀ ਹੁੰਦੀ ਹੋਵੇ, ਪਪੀਹਾ, ਬੰਬੀਹਾ

वृष्टिमान–ਵ੍ਰਿਸ਼੍ਟਿਮਾਨ, ਪੁ., ਵਰਖਾਮਾਪਕ ਜੰਤਰ

वृष्णि–ਵ੍ਰਿਸ਼੍ਣਿ, ਪੁ., ਬੱਦਲ, ਯਦੁਵੰਸ਼, ਸ੍ਰੀ ਕ੍ਰਿਸ਼ਨ, ਇੰਦਰ, ਅਗਨੀ, ਭਵਾ, ਜੋਤ, ਗਊ, ਮੀਢਾ, ਵਿ.. ਨੀਚ, ਤੇਜ

वृष्य–ਵ੍ਰਿਸ਼ਜ, ਪੁ., ਵੀਰਜ ਵਧਾਉਣ ਵਾਲੀ ਚੀਜ਼, ਇੱਖ, ਮਾਹਾਂ ਦੀ ਦਾਲ, ਔਲਾ, ਕੰਵਲ ਦੀ ਨਾਲ. ਭਿਸ

वृष्यकंदा–ਵ੍ਰਿਸ਼ਜਕੰਦਾ, ਇ., ਮੂਲੀ

वृहच्छद–ਵ੍ਰਿਹੱਛਦ, ਪੁ., ਅਖਰੋਟ

वृहत्–ਵ੍ਰਿਹਤ, ਵਿ., ਬਹੁਤ ਵੱਡਾ

वृहती–ਵ੍ਰਿਹਤੀ, ਇ., ਪਰਨਾ, ਦੁਪੱਟਾ, ਅੰਗੋਛਾ, ਵਾਕ, ਇਕ ਕਿਸਮ ਦਾ ਛੰਦ

वृहतीपत्ति–ਵ੍ਰਿਹਤੀਪੱਤਿ, ਪੁ., ਬ੍ਰਿਹਸਪਤਿ

वृहत्कंद–ਵ੍ਰਿਹਤਕੰਦ, ਪੁ., ਗਾਜਰ

वृहत्पाद–ਵ੍ਰਿਹਤਪਾਦ. ਪੁ., ਬੋਹੜ ਦਾ ਰੁੱਖ

वृहत्फल–ਵ੍ਰਿਹਤਫਲ, ਪੁ., ਜਾਮਣ

वृहद्रथ–ਵ੍ਰਿਹਦ੍ਰਥ, ਪੁ., ਇੰਦਰ, ਜੱਗ ਦਾ ਭਾਂਡਾ. ਮੋਰਯ ਰਾਜ ਦਾ ਅਖੀਰਲਾ ਰਾਜਾ

वृहद्राव–ਵ੍ਰਿਹਦ੍ਰਾਵ ਪੁ., ਉੱਲੂ

वृहन्नला–ਵ੍ਰਿਹੱਨਲਾ, ਇ., ਅਰਜਨ ਦਾ ਇਕ ਨਾਉਂ

वृहस्पति–ਵ੍ਰਿਹਸਪਤਿ. ਪੁ.. ਦੇਵਤਿਆਂ ਦੇ ਗੁਰੂ ਅੰਗਿਰਾ ਰਿਸ਼ੀ ਦੇ ਪੱਤਰ

वे–ਵੇ. ਸਰਵ., 'वह' ਦਾ ਬਹੁਵਚਨ

वेक्षण–ਵੇਕਸ਼ਣ, ਪੁ., ਚੰਗੀ ਤਰ੍ਹਾਂ ਨਾਲ ਭਾਲਣ ਦਾ ਭਾਵ

वेग–ਵੇਗ. ਪੁ., ਬਹਾਉ, ਵੀਰਜ.ਪਿਸ਼ਾਬ ਜਾਂ ਪਖਾਨੇ ਦੀ ਹਾਜਤ, ਛੇਤੀ, ਉੱਦਮ, ਪ੍ਰਸੰਨਤਾ, ਅਨੰਦ

वेगग–ਵੇਗਗ, ਵਿ., ਤੇਜ਼ੀ ਨਾਲ ਚੱਲਣ ਵਾਲਾ

वेगवान्–ਵੇਗਵਾਨ, ਵਿ., ਤੇਜ਼ੀ ਨਾਲ ਚੱਲਣ ਵਾਲਾ

वेगवाहिनी–ਵੇਗਵਾਹਿਨੀ, ਇ., ਗੰਗਾ

वेगानिल–ਵੇਗਾਨਿਲ, ਪੁ., ਤੇਜ਼ ਹਵਾ, ਠੱਕਾ, ਠੰਢੀ ਤੇਜ਼ ਹਵਾ

वेड़ा–ਵੇੜਾ, ਇ., ਕਿਸ਼ਤੀ. ਵੱਡੀ ਬੇੜੀ

वेढ़मिका–ਵੇੜ੍ਹਮਿਕਾ, ਇ., ਵੇੜ੍ਹਮੀ. ਇਕ ਤਰ੍ਹਾਂ ਦੀ ਪੂਰੀ

वेण–ਵੇਣ, ਪੁ., ਇਕ ਸੂਰਜ ਵੰਸੀ ਰਾਜਾ ਦਾ ਨਾਉਂ, ਗਿਆਨ, ਚਿੰਤਾ, ਸੋਚ

वेणि–ਵੇਣਿ, ਇ., ਭੀੜ ਭਾੜ, ਤੀਵੀਆਂ ਦੀ ਗੁੱਤ

वेणी–ਵੇਣੀ, ਇ., ਤੀਵੀਆਂ ਦੀ ਗੁੱਤ

वेणीर–ਵੇਣੀਰ, ਪੁ., ਨਿੰਮ ਦਾ ਰੁੱਖ, ਰੀਠਾ

वेणु–ਵੇਣੁ, ਪੁ., ਬਾਂਸ, ਬੰਸੀ, ਮੁਰਲੀ, ਬੰਸਰੀ

वेणुक–ਵੇਣੁਕ, ਪੁ., ਗਊਆਂ ਆਦਿਕ ਹੱਕਣ ਵਾਲੀ ਪੁਰਾਣੀ ਬੰਸਰੀ, ਇਲਾਇਚੀ

वेणुकर्कर–ਵੇਣੁਕਰਕਰ, ਪੁ., ਕਨੇਰ ਦਾ ਰੁੱਖ

वेणुका–ਵੇਣੁਕਾ, ਇ., ਬੰਸਰੀ, ਇਕ ਕਿਸਮ ਦਾ ਰੁੱਖ ਜਿਸ ਦਾ

ਫਲ ਜ਼ਹਿਰੀਵਾ ਹੁੰਦਾ ਹੈ

वेणुकार–ਵੇਣੁਕਾਰ, ਪੁ., ਬੰਸਰੀ ਬਣਾਉਣ ਵਾਲਾ

वेणुवाद–ਵੇਣੁਵਾਦ, ਪੁ., ਬੰਸਰੀ ਬਜਾਉਣ ਵਾਲਾ

वेतण्ड–ਵੇਤੰਡ, ਪੁ., ਹਾਥੀ

वेतन–ਵੇਤਨ, ਪੁ., ਤਨਖਾਹ, ਤਲਬ

वेतनभोगी–ਵੇਤਨਭੋਗੀ, ਵਿ., ਤਨਖਾਹ ਤੇ ਕੰਮ ਕਰਨ ਵਾਲਾ

वेतस्–ਵੇਤਸ, ਪੁ., ਬੈਂਤ

वेताल–ਵੇਤਾਲ, ਪੁ., ਦਰਬਾਨ, ਸੰਤਰੀ, ਭੂਤਾਂ ਦੀ ਇਕ ਕਿਸਮ ਦੀ ਜੂਨ, ਸ਼ਿਵਾਂ ਦਾ ਇਕ ਸੇਵਾਦਾਰ

वेत्ता–ਵੇੱਤਾ, ਵਿ., ਜਾਣਨਹਾਰ, ਜਾਣਕਾਰ

वेत्र–ਵੇਤ੍ਰ, ਪੁ., ਬੈਂਤ

वेत्रकार–ਵੇਤ੍ਰਕਾਰ, ਪੁ., ਬੈਂਤ ਦਾ ਸਮਾਨ ਬਣਾਉਣ ਵਾਲਾ

वेत्रधर–ਵੇਤ੍ਰਧਰ, ਪੁ., ਦਰਬਾਨ, ਸੰਤਰੀ, ਲਠਬੰਦ

वेत्रासन–ਵੇਤ੍ਰਾਸਨ, ਪੁ., ਬੈਂਤ ਦਾ ਬੁਣਿਆ ਹੋਇਆ ਕਿਸੇ ਤਰ੍ਹਾਂ ਦਾ ਆਸਣ, ਕੁਰਸੀ ਆਦਿਕ

वेत्रिक, वेत्री–ਵੇਤ੍ਰਿਕ, ਵੇਤ੍ਰੀ, ਪੁ., ਦੇਖੋ ਵੇਤ੍ਰਧਰ (वेत्रधर)

वेदण्ड–ਵੇਦੰਡ, ਪੁ., ਹਾਥੀ

वेद–ਵੇਦ, ਪੁ., ਹਿੰਦੂਆਂ ਦੇ ਸਭ ਤੋਂ ਪੁਰਾਣੇ ਅਤੇ ਮੰਨੇ ਹੋਏ ਚਾਰ ਧਰਮ ਪੁਸਤਕ, ਈਸ਼ਵਰ ਦੀ ਬਾਣੀ, ਗਿਆਨ

वेदक–ਵੇਦਕ, ਵਿ., ਵਾਕਫੀ ਕਰਾਉਣ ਵਾਲਾ

वेदकर्ता–ਵੇਦਕਰਤਾ, ਪੁ., ਵੇਦਾਂ ਦਾ ਬਣਾਉਣ ਵਾਲਾ, ਸੁਰਜ, ਸ਼ਿਵ ਜੀ, ਬ੍ਰਹਮਾ, ਵਿਸ਼ਨੂੰ

वेदगर्भ–ਵੇਦਗਰਭ, ਪੁ., ਬ੍ਰਹਮਾ, ਬ੍ਰਾਹਮਣ

वेदगर्भा–ਵੇਦਗਰਭਾ, ਇ., ਸਰਸੁਤੀ, ਰੋਵਾ ਨਦੀ

वेदजननी–ਵੇਦਜਨਨੀ, ਇ., ਸਾਵਿਤਰੀ

वेदज्ञ–ਵੇਦਗਜ, ਪੁ., ਬ੍ਰਹਮ ਗਿਆਨੀ

वेददर्शी–ਵੇਦਦਰਸ਼ੀ, ਵਿ., ਵੇਦਾਂ ਦੇ ਜਾਣਨ ਵਾਲਾ

वेदध्वनि–ਵੇਦਧ੍ਵਨਿ, ਪੁ., ਵੇਦ ਪੜ੍ਹਨ ਦਾ ਭਾਵ, ਵੇਦ ਪਾਠ

वेदना–ਵੇਦਨਾ, ਇ., ਪੀੜ, ਦੁਖ, ਚੀਸ

वेदनिन्दक–ਵੇਦਨਿੰਦਕ, ਵਿ., ਵੇਦਾਂ ਦੀ ਨਿੰਦਿਆ ਕਰਨ ਵਾਲਾ, ਨਾਸਤਕ

वेदपारग–ਵੇਦਪਾਰਗ, ਪੁ., ਵੇਦਾਂ ਦੇ ਜਾਣਨ ਵਾਲਾ

वेदमन्त्र–ਵੇਦਮੰਤ੍ਰ, ਪੁ., ਵੇਦਾਂ ਚੋਂ ਆਏ ਹੋਏ ਮੰਤਰ

वेदमाता–ਵੇਦਮਾਤਾ, ਇ., ਗਾਯਤ੍ਰੀ, ਸਾਵਿਤ੍ਰੀ, ਦੁਰਗਾ, ਸਰਸੁਤੀ

वेदमूर्ति–ਵੇਦਮੂਰਤਿ, ਪੁ., ਸੂਰਜ

वेदरहस्य–ਵੇਦਰਹੱਸਜ, ਪੁ., ਉਪਨਿਸ਼ਦ

वेदवाक्य–ਵੇਦਵਾਕਜ, ਪੁ., ਵੇਦ ਦਾ ਕੋਈ ਵਾਕ, ਉਹ ਗੱਲ ਜੋ ਸਭ ਤਰ੍ਹਾਂ ਨਾਲ ਮੰਨੀ ਜਾਵੇ

वेदव्यास–ਵੇਦਵਜਾਸ, ਪੁ., ਇਕ ਮੁਨੀ

वेदसम्मत–ਵੇਦਸੰਮਤ, ਵਿ., ਵੇਦ ਦੇ ਮਤ ਮੁਤਾਬਕ

वेदाग्रणी–ਵੇਦਾਗ੍ਰਣੀ, ਇ., ਸਰਸੁਤੀ

वेदाङ्ग–ਵੇਦਾਂਗ, ਪੁ., ਵੇਦ ਦੇ ਅੰਗ ਜਾਂ ਛੇ ਸਾਸ਼ਤ੍ਰ, (੧) ਸ਼ਿਕਸ਼ਾ, (੨) ਕਲਪ (੩) ਵਿਆਕਰਣ (੪) ਨਿਰੁਕਤ (੫) ਜੋਤਸ਼ (੬) ਛੰਦ

वेदाध्यक्ष–ਵੇਦਾਧਜਕਸ਼, ਪੁ., ਸ੍ਰੀ ਕਿਸ਼ਨ

वेदान्त–ਵੇਦਾਂਤ, ਪੁ., ਵੇਦ ਦਾ ਇਕ ਅੰਸ਼ ਜਿਸ ਵਿੰਚ ਆਤਮਾ ਤੇ ਪਰਮਾਤਮਾ ਸੰਸਾਰ ਆਦਿ ਦਾ ਵਰਣਣ ਹੈ, ਖਟ ਸ਼ਾਸਤ੍ਰਾਂ ਵਿਚੋਂ ਇਕ, ਇਕ ਮਤ ਜਿਸ ਵਿਚ ਬ੍ਰਹਮ ਨੂੰ ਹੀ ਸੱਤ ਅਤੇ ਸੰਸਾਰ ਨੂੰ ਅਸੱਤ ਮੰਨਿਆ ਜਾਂਦਾ ਹੈ

वेदान्तसूत्र–ਵੇਦਾਂਤਸੂਤ੍ਰ, ਪੁ., ਇਕ ਰਿਸ਼ੀ ਦੇ ਬਣਾਏ ਹੋਏ ਸੂਤਰ ਜੋ ਵੇਦਾਂਤ ਦੀ ਜੜ ਮੰਨੇ ਜਾਂਦੇ ਹਨ

वेदान्ती–ਵੇਦਾਂਤੀ, ਪੁ., ਜੋ ਵੇਦਾਂਤ ਮਤ ਨੂੰ ਮੰਨੇ

वेदार–ਵੇਦਾਰ, ਪੁ., ਕੋੜ੍ਹ ਕਿਰਲਾ, ਗਿਰਗਿਟ

वेदि–ਵੇਦਿ, ਇ., ਦੇਖੋ ਵੇਦੀ (वेदी), ਉਹ ਮੁੰਦਰੀ ਜਿਸ ਤੇ ਨਾਉਂ ਖੁਦਿਆ ਹੋਵੇ

वेदिजा–ਵੇਦਿਜਾ, ਇ., ਦ੍ਰੋਪਤੀ

वेदित–ਵੇਦਿਤ, ਵਿ., ਜਾਣਿਆ ਹੋਇਆ

वेदितव्य–ਵੇਦਿਤਵਜ, ਵਿ., ਜਾਣਨ ਜੋਗ

वेदी–ਵੇਦੀ, ਇ., ਵਿਆਹ ਕਾਜ ਜਾਂ ਜੱਗ ਹੋਮ ਵਾਸਤੇ ਤਿਆਰ ਕੀਤੀ ਹੋਈ ਥਾਂ

वेदीश, वेदेश, वेदेश्वर–ਵੇਦੀਸ਼, ਵੇਦੇਸ਼, ਵੇਦੇਸ਼੍ਵਰ, ਪੁ., ਬ੍ਰਹਮਾ

वेदोक्त, वेदोदित–ਵੇਦੋਕ੍ਤ, ਵੇਦੋਦਿਤ, ਵਿ., ਵੇਦ ਵਿਚ ਕਹਿਆ ਹੋਇਆ

वेद्य–ਵੇਦਜ, ਵਿ., ਦੇਖੋ ਵੇਦਿਤਵਜ (वेदितव्य)

वेध–ਵੇਧ, ਪੁ., ਛੇਕ ਕਰਨ ਦੀ ਕਿਰਿਆ, ਜੰਤਰ ਨਾਲ ਗ੍ਰਹਿ ਨਛੱਤ੍ਰ ਤਾਰਿਆਂ ਨੂੰ ਦੇਖਣ ਦਾ ਭਾਵ

वेधक–ਵੇਧੰਕ, ਵਿ., ਛੇਕ ਕਰਨ ਵਾਲਾ

वेधनी–ਵੇਧਨੀ, ਇ., ਅੰਕੁਸ਼, ਛੇਕ ਕਰਨ ਦਾ ਇਕ ਸੰਦ

वेधमुख्यक–ਵੇਧਮੁਖਜਕ, ਪੁ., ਹਲਦੀ ਦਾ ਬੂਟਾ

वेधमुख्या–ਵੇਧਮੁਖਜਾ, ਇ., ਕਸਤੂਰੀ

वेधशाला–ਵੇਧਸ਼ਾਲਾ, ਇ., ਉਹ ਥਾਂ ਦਿਥੇ ਤਾਰਿਆਂ ਆਦਿਕ ਦੀ ਦੂਰੀ ਮਲੂਮ ਕਰਨ ਦੇ ਜੰਤਰ ਰੱਖੇ ਹੋਣ

वेधा–ਵੇਧਾ, ਪੁ., ਬ੍ਰਹਮਾ, ਵਿਸ਼ਨੂੰ, ਸ਼ਿਵ, ਸੂਰਜ

वेधित–ਵੇਧਿਤ, ਵਿ., ਜੋ ਵੇਧਿਆ ਗਿਆ ਹੋਵੇ, ਵਿੰਨ੍ਹਿਆ ਹੋਇਆ

वेधिनी–ਵੋਧਿਨੀ, ਇ., ਜੋਕ, ਮੇਥੀ

वेधी–ਵੇਧੀ ਪੁ., ਛੇਕ ਕਰਨ ਵਾਲਾ

वेध्य–ਵੇਧਜ, ਵਿ., ਛੇਕ ਕਰਨ ਜੋਗ

वेन्य–ਵੇਨਜ, ਵਿ., ਸੋਹਣਾ, ਖੂਬਸੂਰਤ

वेपथु–ਵੇਪਥੁ, ਪੁ., ਕੰਪਕੰਪੀ, ਕਾਂਬਾ

वेपन–ਵੇਪਨ, ਪੁ., ਕਾਂਬਾ, ਕੰਬਣੀ, ਵਾਈ ਦਾ ਇਕ ਰੋਗ

वेपमान–ਵੇਪਮਾਨ, ਵਿ., ਕੰਬਦਾ ਹੋਇਆ

वेर–ਵੇਰ, ਪੁ., ਮਿਲਿਆ ਹੋਇਆ, ਕੇਸਰ, ਨੀਚ

वेल–ਵੇਲ, ਪੁ., ਬਗੀਚਾ

वेलन–ਵੇਲਨ, ਪੁ., ਹਿੰਗ

वेला–ਵੇਲਾ, ਇ., ਸਮਾ, ਵਕਤ, ਮੌਕਾ, ਸਮੁੰਦਰ ਦਾ ਕਿਨਾਰਾ, ਸਮੁੰਦਰ ਈ ਲਹਿਰ, ਰੋਗ, ਦਿਨ ਰਾਤ ਦਾ ਚੌਬੀਵਾਂ ਹਿੱਸਾ; ਬਾਣੀ, ਭੋਜਨ

वेलावलि–ਵੇਲਾਵਲਿ, ਇ., ਇਕ ਰਾਗਿਣੀ

वेल्लज–ਵੇਲੱਜ, ਪੁ., ਮਿਰਚ

वेल्ली–ਵੱਲੀ, ਇ., ਵੇਲ, ਬੱਲ

वेश–ਵੇਸ਼, ਪੁ., ਕਪੜੇ ਲੱਤੇ ਅਤੇ ਗਹਿਣੇ ਆਦਿਕ ਪਾ ਕੇ ਆਪਣੇ ਆਪ ਨੂੰ ਸਜਾਉਣ ਦਾ ਭਾਵ, ਕਪੜੇ ਆਦਿਕ ਪਹਿਨਣ ਦਾ ਢੰਗ, ਪਹਿਨਣ ਦੇ ਕਪੜੇ, ਰੰਡੀ ਦਾ ਘਰ, ਤੰਬੂ

वेशकुल–ਵੇਸ਼ਕੁਲ, ਪੁ., ਲੁੱਚੀ ਤੀਵੀਂ, ਰੰਡੀ, ਵੇਸਵਾ

वेशधर, वेशधारी–ਵੇਸ਼ਧਰ, ਵੇਸ਼ਧਾਰੀ, ਵਿ., ਭੇਸ ਧਾਰਨ ਕਰਨ ਵਾਲਾ

वेशन–ਵੇਸ਼ਨ, ਪੁ., ਪਰਵੇਸ਼

वेशयुवती, वेशवधू, वेशवनिता–ਵੇਸ਼ਜੁਵਤੀ, ਵੇਸ਼ਵਧ, ਵੇਸ਼ਵਨਿਤਾ, ਇ., ਵੇਸਵਾ, ਰੰਡੀ

वेशवार–ਵੇਸ਼ਵਾਰ, ਪੁ., ਲੂਣ, ਮਿਰਚ, ਧਣੀਆਂ, ਆਦਿ ਮਸਾਲੇ

वेशवास–ਵੇਸ਼ਵਾਸ, ਪੁ., ਵੇਸਵਾ ਦਾ ਘਰ, ਰੰਡੀ ਦਾ ਮਕਾਨ

वेशिक–ਵੇਸ਼ਿਕ, ਪੁ., ਹੱਥ ਦੀ ਕਾਰੀਗਰੀ, ਦਸਤਕਾਰੀ

वेश्म–ਵੇਸ਼ਮ, ਪੁ., ਘਰ, ਮਕਾਨ

वेश्मकलिंग–ਵੇਸ਼ਮਕਲਿੰਗ, ਪੁ., ਮਮੋਲਾ

वेश्मनकुल–ਵੇਸ਼ਮਨਕੁਲ, ਪੁ., ਛਛੂੰਦਰ

वेश्या, वेश्यांगना–ਵੇਸ਼ਜਾ, ਵੇਸ਼ਜਾਂਗਨਾ, ਇ., ਵੇਸਵਾ, ਰੰਡੀ, ਕੰਜਰੀ

वेष–ਵੇਸ਼, ਪੁ., ਡਰਾਮੇ ਵਿਚ ਸਾਂਗ ਭਰਨ ਵਾਲੀ ਥਾਂ, ਰੰਡੀ ਦਾ ਘਰ, ਪਹਿਰਾਵਾ

वेषकार–ਵੇਸ਼ਕਾਰ, ਪੁ., ਕਿਸੇ ਚੀਜ਼ ਦੇ ਲਪੇਟਣ ਵਾਲਾ ਕਪੜਾ

वेष्टक–ਵੇਸ਼੍ਟਕ, ਪੁ., ਦੀਵਾਰ, ਕੰਧ, ਵਿ., ਘੇਰਣ ਵਾਲਾ

वेष्टन–ਵੇਸ਼੍ਟਨ, ਪੁ., ਘੇਰਣ ਜਾਂ ਲਪੇਟਣ ਦੀ ਕਿਰਿਆ, ਮੁਕਟ ਪੱਗ, ਪਗੜੀ, ਕੰਨ ਦਾ ਛੇਕ, ਗੱਗਲ

वेष्टनक–ਵੇਸ਼੍ਟਨਕ, ਪੁ., ਤੀਵੀਂ ਨਾਲ ਭੋਗ ਕਰਨ ਦਾ ਇਕ ਢੰਗ

वेष्टित–ਵੇਸ਼੍ਟਿਤ, ਵਿ., ਲਪੇਟਿਆ ਹੋਇਆ, ਘਿਰਿਆ ਹੋਇਆ

वेसन–ਵੇਸਨ, ਪੁ., ਛੋਲਿਆਂ ਦੀ ਦਾਲ ਪੀਹ ਕੇ ਬਣਾਇਆ ਹੋਇਆ ਆਟਾ, ਵੇਸਣ

वेसर–ਵੇਸਰ, ਪੁ., ਗਧਾ

वेसवार–ਵੇਸਵਾਰ, ਪੁ., ਪੀਹਿਆ ਹੋਇਆ ਮਸਾਲਾ, ਇਕ ਤਰ੍ਹਾਂ ਦਾ ਪਕਾਇਆ ਹੋਇਆ ਮਾਸ

वे–ਵੇ, ਸਰਵ., ਉਹ

वैकक्ष–ਵੈਕਕਸ਼, ਪੁ., ਜਨੇਊ ਦੀ ਤਰ੍ਹਾਂ ਪਹਿਨਿਆ ਜਾਣ ਵਾਲਾ ਹਾਰ ਜਾਂ ਮਾਲਾ

वैकटिक–ਵੈਕਟਿਕ, ਪੁ., ਜੌਹਰੀ

वैकथिक–ਵੈਕਥਿਕ, ਪੁ., ਸ਼ੇਖੀਬਾਜ਼, ਵਡਿਆਈ ਖੋਰਾ

वैकल्पिक–ਵੈਕਲਪਿਕ, ਵਿ., ਜੋ ਕਿਸੇ ਇਕ ਪੱਖ ਵਿਚ ਹੋਵੇ, ਇਕਾਂਗੀ, ਸ਼ੱਕੀ, ਜੋ ਇੱਛਿਆ ਦੇ ਮੁਤਾਬਿਕ ਗ੍ਰਹਣ ਕੀਤਾ ਜਾ ਸਕੇ

वैकल्य–ਵੈਕਲਜ, ਪੁ., ਘਬਰਾਹਟ, ਬੁਜ਼ਦਿਲੀ, ਟੇਢਾਪਣ, ਕਮੀ, ਘਾਟ

वैकारिक–ਵੈਕਾਰਿਕ, ਵਿ., ਵਿਗੜਿਆ ਹੋਇਆ, ਪਿਤਲਿਆਇਆ ਹੋਇਆ

वैकालिक–ਵੈਕਾਲਿਕ, ਵਿ., ਜੋ ਕਵੇਲੇ ਪੈਦਾ ਹੋਵੇ

वैकुंठ–ਵੈਕੰਠ, ਪੁ., ਸ੍ਰੀ ਕ੍ਰਿਸ਼ਨ, ਵਿਸ਼ਨੂੰ, ਸੁਰਗ, ਵਿਸ਼ਨੂੰ ਲੋਕ

वैकृत–ਵੈਕ੍ਰਿਤ, ਪੁ., ਵਿਗਾੜ, ਬੁਰੇ ਲੱਛਣ, ਵਿ., ਜੋ ਅਸਾਨੀ ਨਾਲ ਠੀਕ ਨਾ ਹੋ ਸਕੇ

वैखरी–ਵੈਖਰੀ, ਇ., ਇਕ ਕਿਸਮ ਦਾ ਸੁਰ

वैखानस–ਵੈਖਾਨਸ, ਪੁ., ਵਾਨਪ੍ਰਸਥੀ, ਬ੍ਰਹਮਚਾਰੀ

वैगुण्य–ਵੈਗੁਣਜ, ਪੁ., ਗਲਤੀ, ਦੋਸ਼, ਕਸੂਰ, ਅਪਰਾਧ

वैचित्र, वैचित्र्य–ਵੈਚਿਤ੍ਰ, ਵੈਚਿਤ੍ਰਜ, ਪੁ., ਅਣੋਖਾਪਣ, ਵਿਲੱਖਣਤਾ

वैजनन–ਵੈਜਨਨ, ਪੁ., ਉਹ ਮਹੀਨਾ ਜਿਸ ਵਿਚ ਕਿਸੇ ਤੀਵੀਂ ਦੇ ਉਲਾਦ ਹੋਵੇ

वैजन्य–ਵੈਜਨਯ, ਪੁ., ਸੁਨਸਾਨ, ਇਕਾਂਤ

वैजयन्त–ਵੈਜਯੰਤ, ਪੁ., ਇੰਦਰ ਦੀ ਪੁਰੀ

वैजयन्तिक–ਵੈਜਯੰਤਿਕ, ਪੁ., ਝੰਡਾ ਉਠਾਉਣ ਵਾਲਾ

वैजयन्तिका, वैजयन्ती–ਵੈਜਯੰਤਿਕਾ, ਵੈਜਯੰਤੀ, ਇ., ਝੰਡੀ, ਜਯੰਤੀ ਨਾਉਂ ਦਾ ਰੁੱਖ, ਇਕ ਤਰ੍ਹਾਂ ਦੀ ਮਾਲਾ ਜਿਸ ਵਿਚ ਪੰਜ ਰੰਗ ਹੁੰਦੇ ਹਨ ਅਤੇ ਗੋਡਿਆਂ ਤਕ ਲਟਕਦੀ ਰਹਿੰਦੀ ਹੈ ਵਿ., ਵੀਜ ਸਬੰਧੀ

वैज्ञानिक–ਵੈਗਜਾਨਿਕ, ਪੁ., ਸਾਇੰਸਦਾਨ, ਵਿ., ਵਿਗਿਆਨ ਸਬੰਧੀ, ਨਿਪੁੰਨ

वैडालव्रत–ਵੈਡਾਲਵ੍ਰਤ, ਪੁ., ਪਾਪ ਕਰਦੇ ਹੋਏ ਉਪਰ ਤੋਂ ਸਾਧ ਬਨੇ ਰਹਿਣ ਦਾ ਭਾਵ

वैणिक–ਵੈਣਿਕ, ਪੁ., ਬੀਨ ਬਜਾਉਣ ਵਾਲਾ

वैतण्डिक–ਵੈਤੰਡਿਕ, ਵਿ., ਫਜ਼ੂਲ ਝਗੜਾ ਫਸਾਦ ਕਰਨ ਵਾਲਾ

वैतंसिक–ਵੈਤੰਸਿਕ, ਪੁ., ਬੁੱਚੜ, ਕਸਾਈ, ਮਾਸ ਵੇਚਣ ਵਾਲਾ

वैतथ्य–ਵੈਤਥਜ, ਪੁ., ਨਿਸਫਲਤਾ

वैतनिक–ਵੈਤਨਿਕ, ਵਿ., ਜੋ ਤਨਖਾਹ ਲੈ ਕੇ ਕੰਮ ਕਰਦਾ ਹੋਵੇ ਨੌਕਰ, ਮੁਲਾਜ਼ਮ

वैतरणी–ਵੈਤਰਣੀ, ਇ., ਜਮਰਾਜ ਦੇ ਬੂਹੇ ਅੱਗੇ ਦੀ ਇਕ ਨਦੀ

वैतानिक–ਵੈਤਾਨਿਕ, ਪੁ., ਇਕ ਕਿਸਮ ਦੀ ਅਗਨੀ

वैताल, वैतालिक–ਵੈਤਾਲ, ਵੈਤਾਲਿਕ, ਪੁ., ਉਸਤਤ ਕਰਨ ਵਾਲਾ

वैदक–ਵੈਦਕ, ਪੁ., ਚਿਕਿਤਸਾ ਸ਼ਾਸਤਰ, ਆਯੂਰਵੇਦ

वैदग्ध–ਵੈਦਗਧ, ਪੁ., ਪੰਡਿਤਾਈ, ਹੁਸ਼ਿਆਰੀ, ਚਲਾਕੀ, ਸੋਭਾ,

ਹਾਵ ਭਾਵ

वैदत–ਵੈਦਤ, ਪੁ., ਜਾਣਕਾਰ

वैदर्भ–ਵੈਦਰਭ, ਪੁ., ਵਿਦਰਭ ਦੇਸ਼ ਦਾ ਰਾਜਾ, ਗੱਲ ਬਾਤ ਕਰਨ ਦੀ ਹੁਸ਼ਿਆਰੀ

वैदर्भी–ਵੈਦਰਭੀ, ਇ., ਕਾਵ ਦੀ ਇਕ ਰੀਤੀ, ਦਮਯੰਤੀ, ਰੁਕਮਣੀ. ਅਗਸਤ ਰਿਸ਼ੀ ਦੀ ਤੀਵੀਂ ਦਾ ਨਾਉਂ

वैदल–ਵੈਦਲ, ਪੁ., ਮੰਗਤਿਆਂ ਦੇ ਮੰਗਣ ਵਾਲਾ ਭਾਂਡਾ. ਠੂਠਾ, ਕਾਸਾ

वैदारिक–ਵੈਦਾਰਿਕ, ਪੁ., ਇਕ ਕਿਸਮ ਦਾ ਬੁਖਾਰ

वैदिक–ਵੈਦਿਕ, ਪੁ., ਵੇਦਾਂ ਦੇ ਕਹੇ ਮੂਜਬ ਚੱਲਣ ਵਾਲਾ. ਵਿ., ਵੇਦ ਸਬੰਧੀ

वैदिश–ਵੈਦਿਸ਼, ਵਿ., ਪਰਦੇਸ ਵਿਚ ਰਹਿਣ ਵਾਲਾ, ਪਰਦੇਸੀ

वैदुल–ਵੈਦੁਲ, ਪੁ., ਬੈਂਤ ਦੀ ਜੜ

वैदूर्य–ਵੈਦੂਰਯ, ਪੁ., ਧੂਏਂ ਰੰਗਾ ਇਕ ਕਿਸਮ ਦਾ ਰਤਨ

वैदेह, वैदेहक–ਵੈਦੇਹ, ਵੈਦੇਹਕ, ਪੁ., ਰਾਜਾ ਨਿਮੀ ਦੇ ਪੁੱਤਰ ਦਾ ਨਾਉਂ

वैदेहिक–ਵੈਦੇਹਿਕ. ਪੁ., ਵੈਸ਼, ਵਪਾਰੀ, ਬਾਣੀਆ

वैदेही–ਵੈਦੇਹੀ, ਇ., ਰਾਜਾ ਜਨਕ ਦੀ ਧੀ, ਸੀਤਾ

वैद्य–ਵੈਦਯ. ਪੁ., ਆਯੁਰਵੇਦ ਦੇ ਮੁਤਾਬਕ ਇਲਾਜ ਕਰਨ ਵਾਲਾ, ਵਿਦਵਾਨ, ਪੰਡਿਤ, ਹਕੀਮ

वैद्यक–ਵੈਦਯਕ, ਪੁ.,ਉਹ ਸ਼ਾਸਤਰ ਜਿਸ ਵਿਚ ਬਿਮਾਰੀਆਂ ਦਾ ਇਲਾਜ ਦੱਸਿਆ ਹੈ

वैद्यनाथ–ਵੈਦਯਨਾਥ, ਪੁ., ਬੰਗਾਲ ਦਾ ਇਕ ਮਸ਼ਹੂਰ ਤੀਰਥ

वैद्यराज–ਵੈਦਯਰਾਜ, ਪੁ.,ਚੰਗਾ ਵੈਦ, ਵੈਦਾਂ ਦਾ ਇਕ ਖਤਾਬ

वैध–ਵੈਧ, ਵਿ., ਕਾਇਦੇ ਕਨੂੰਨ ਦੇ ਮੁਤਾਬਕ

वैधवेय–ਵੈਧਵੇਯ, ਪੁ., ਵਿਸਵਾ ਦਾ ਪੁੱਤਰ

वैधव्य–ਵੈਧਵਯ, ਪੁ., ਰੰਡੇਪਾ

वैनतक–ਵੈਨਤਕ. ਪੁ , ਜੱਗ ਵਿਚ ਘੀ ਰੱਖਣ ਦਾ ਭਾਂਡਾ

वैनतेय–ਵੈਨਤੇਯ, ਪੁ., ਗਰੁੜ ਜੀ

वैपित्र–ਵੈਪਿਤ੍ਰ. ਪੁ., ਉਹ ਭੈਣ ਭਰਾ ਜਿਨ੍ਹਾਂ ਦੀ ਮਾਂ ਇਕ ਹੋਵੇ ਤੇ ਪਿਉ ਵੱਖੋ ਵੱਖ ਹੋਣ

वैपुल्य–ਵੈਪੁਲਯ, ਪੁ., ਬਹੁਤਾਤ, ਬਹੁਲਤਾ

वैफल्य–ਵੈਫਲਯ, ਪੁ., ਵਿਫਲਤਾ, ਨਾਕਾਮਿਆਬੀ

वैबोधिक–ਵੈਬੋਧਿਕ, ਪੁ., ਪਹਿਰੇਦਾਰ

वैभव–ਵੈਭਵ. ਪੁ., ਦੌਲਤ, ਸੁਖ, ਮਹਿਮਾ, ਪ੍ਰਭਤਾ

वैभवशाली–ਵੈਭਵਸ਼ਾਲੀ, ਵਿ., ਮਾਲਦਾਰ, ਰੁਪਏ ਪੈਸੇ ਵਾਲਾ, ਧਨੀ

वैभविक–ਵੈਭਵਿਕ, ਵਿ., ਸਮਰਥ

वैमनस्य–ਵੈਮਨਸ੍ਯ. ਪੁ., ਵੈਰ, ਦੁਸ਼ਮਣੀ, ਮੁਖਾਲਫ਼ਤ

वैमात्र–ਵੈਮਾਤ੍ਰ, ਵਿ., ਸੌਤੇਲਾ, ਦੂਜੀ ਮਾਂ ਦਾ

वैमात्री–ਵੈਮਾਤ੍ਰੀ, ਇ., ਸੌਤੇਲੀ ਮਾਂ ਦੀ ਧੀ

वैमानिक–ਵੈਮਾਨਿਕ, ਵਿ., ਅਕਾਸ ਵਿਚ ਉਡਣ ਵਾਲਾ

वैमुख्य–ਵੈਮੁਖਯ. ਪੁ., ਮੁਖਾਲਫਤ, ਨਰਾਜਗੀ, ਵਿਪਰੀਤਤਾ

वैयाकरण–ਵੈਯਾਕਰਣ, ਪੁ., ਵਿਆਕਰਣ ਦਾ ਪੰਡਿਤ

वैर–ਵੈਰ, ਪੁ., ਦੁਸ਼ਮਣੀ, ਵਿਰੋਧ

वैरता, वैरभाव–ਵੈਰਤਾ, ਵੈਰਭਾਵ, ਇ. ਪੁ., ਦੁਸ਼ਮਣੀ

वैरशुद्धि–ਵੈਰਸ਼ੁੱਧਿ, ਇ., ਵੈਰੀ ਤੋਂ ਬਦਲਾ ਲੈਣ ਦਾ ਭਾਵ

वैराग–ਵੈਰਾਗ, ਪੁ., ਦੇਖੋ ਵੈਰਾਗਯ (वैराग्य)

वैरागी–ਵੈਰਾਗੀ. ਪੁ., ਸੰਸਾਰ ਤੋਂ ਉਦਾਸ. ਤਪੱਸਵੀ, ਇਕ ਤਰ੍ਹਾਂ ਦੇ ਫਕੀਰ ਜੋ ਮਾਸ ਨਹੀਂ ਖਾਂਦੇ

वैराग्य–ਵੈਰਾਗਯ, ਪੁ., ਇਕ ਮਨੂ ਦਾ ਨਾਉਂ,ਸੰਸਾਰ ਤੋਂ ਉਦਾਸ ਰਹਿਣ ਦਾ ਭਾਵ, ਮੋਹ ਦਾ ਤਿਆਗ. ਤਪੱਸਿਆ

वैराज्य–ਵੈਰਾਜਯ, ਪੁ., ਪੁਰਾਣੇ ਜ਼ਮਾਨੇ ਦਾ ਇਕ ਹਕੂਮਤ ਕਰਨ ਦਾ ਢੰਗ ਜਿਸ ਵਿਚ ਦੋ ਰਾਜੇ ਇਕੋ ਮੁਲਖ ਤੇ ਰਾਜ ਕਰਦੇ ਸਨ

वैराट–ਵੈਰਾਟ, ਵਿ., ਛਿਰਾਟ ਸਬੰਧੀ, ਲੰਮਾ ਚੌੜਾ. ਪੁ., ਵੀਰ ਵਹੁਟੀ, ਮਹਾਭਾਰਤ ਦਾ ਵਿਰਾਟਪਰਬ

वैरि–ਵੈਰਿ, ਪੁ., ਦੁਸ਼ਮਣ

वैरिता–ਵੈਰਿਤਾ, ਇ., ਦੁਸ਼ਮਣੀ

वैरूप्य–ਵੈਰੂਪਯ, ਪੁ., ਬਦਸੂਰਤ

वैरोचन, वैरोचनि–ਵੈਰੋਚਨ, ਵੈਰੋਚਨਿ,ਪੁ., ਬੁੱਧ ਦਾ ਇਕ ਨਾਉਂ ਰਾਜਾ ਬਲੀ ਦਾ ਇਕ ਨਾਉਂ, ਸੂਰਜ ਦੇ ਇਕ ਪੁੱਤਰ ਦਾ ਨਾਉਂ

वैरोद्धार–ਵੈਰੋਧਾਰ, ਪੁ., ਦੇਖੋ ਵੈਰਸ਼ੁਧਿ (वैरशुद्धि)

वैल–ਵੈਲ, ਪੁ., ਬਿਲ ਨਾਉਂ ਦਾ ਰੁੱਖ ਅਤੇ ਉਸ ਦਾ ਫਲ

वैलक्षण्य–ਵੈਲਕਸ਼ਣਯ, ਪੁ., ਅਜੀਬਪਣਾ, ਵੱਖ ਜਾਂ ਅੱਡ ਹੋਣ ਦਾ ਭਾਵ, ਵਿਲੱਖਣਤਾ

वैलस्थान–ਵੈਲਸਥਾਨ, ਪੁ., ਸ਼ਮਸ਼ਾਨ, ਮਰਘਟ, ਮੜ੍ਹੀਆਂ, ਸਿਵੇ

वैवधिक–ਵੈਵਧਿਕ, ਪੁ., ਗੱਲੇ ਦਾ ਵਪਾਰੀ, ਦੂਤ, ਮਜ਼ਦੂਰ

वैवर्ण्य–ਵੈਵਰਣ, ਪੁ., ਖੂਬਸੂਰਤੀ ਦੇ ਨਾ ਹੋਣ ਦਾ ਭਾਵ. ਗੰਦਗੀ

वैवर्त–ਵੈਵਰਤ,ਪੁ.,ਕਿਸੇ ਚੀਜ਼ ਦਾ ਪਹੀਏ ਵਾਙ ਘੁੰਮਣ ਦਾ ਭਾਵ

वैवश्य–ਵੈਵਸ਼ਯ, ਪੁ., ਮਜਬੂਰੀ, ਲਾਚਾਰੀ, ਬੇਵਸੀ

वैवस्वत–ਵੈਵਸ੍ਵਤ. ਪੁ., ਸੂਰਜ ਦੇ ਇਕ ਪੁੱਤਰ ਦਾ ਨਾਉਂ, ਇਕ ਮਨੁ. ਇਕ ਤੀਰਥ

वैवस्वती–ਵੈਵਸ੍ਵਤੀ, ਇ., ਦੱਖਣ ਦਿਸ਼ਾ

वैवाहिक–ਵੈਵਾਹਿਕ, ਪੁ., ਕੁੜੀ ਜਾਂ ਮੁੰਡੇ ਦਾ ਸਹੁਰਾ, ਵਿ., ਵਿਆਹ ਦਾ

वैशम्पायन–ਵੈਸ਼ੰਪਾਯਨ, ਪੁ , ਇਕ ਰਿਸ਼ੀ ਦਾ ਨਾਉਂ

वैशाख–ਵੈਸ਼ਾਖ. ਪੁ., ਇਕ ਮਹੀਨਾ

वैशाखी–ਵੈਸ਼ਾਖੀ, ਇ., ਵਸਾਖ ਦੀ ਪੂਰਣਮਾਸੀ

वैशिक–ਵੈਸ਼ਿਕ, ਪੁ., ਅਣਗਿਣਤ ਵੇਸਵਾਵਾਂ ਨਾਲ ਭੋਗ ਕਰਨ ਵਾਲਾ ਨਾਇਕ

वैशेषिक–ਵੈਸ਼ੇਸ਼ਿਕ, ਪੁ., ਕਣਾਦ ਮੁਨੀ ਦਾ ਰਚਿਆ ਹੋਇਆ ਸ਼ਾਸਤੱਰ, ਪਦਾਰਥ ਵਿਦਿਆ, ਵਿ., ਅਸਾਧਾਰਣ

वैश्य-ਵੈਸ਼ਜ, ਪੁ., ਬਾਣੀਆ, ਭਾਰਤ ਦੇ ਚਹੁੰ ਪਰਕਾਰ ਦੇ ਜਾਤੀ ਵਰਣਾਂ ਵਿਚੋਂ ਤੀਸਰਾ ਵਰਣ

वैश्या-ਵੈਸ਼ਜਾ, ਇ., ਬਣਿਆਣੀ, ਬਾਣੀਏ ਜਾਤ ਦੀ ਤੀਵੀਂ

वैश्वदेव-ਵੈਸ਼੍ਵਦੇਵ, ਪੁ., ਵਿਸ਼੍ਵਦੇਵ ਦੇ ਨਿਮਿੱਤ ਕੀਤਾ ਜਾਣ ਵਾਲਾ ਹਵਨ ਜਾਂ ਜੱਗ

वैश्वानर-ਵੈਸ਼੍ਵਾਨਰ, ਪੁ., ਪਰਮਾਤਮਾ, ਅਗਨੀ, ਪਿੱਤ, ਇਕ ਕਿਸਮ ਦਾ ਰੁੱਖ ਜਿਸ ਨੂੰ ਚਿੱਤਾ ਕਹਿੰਦੇ ਹਨ

वैष्णव-ਵੈਸ਼ਣਵ, ਪੁ., ਵਿਸ਼ਨੂੰ ਦਾ ਭਗਤ, ਵਿਸ਼ਨੂੰ ਦੀ ਪੂਜਾ ਕਰਨ ਵਾਲੀ ਇਕ ਮਸ਼ਹੂਰ ਸੰਪਰਦਾਇ

वैष्णवी-ਵੈਸ਼ਣਵੀ, ਇ., ਵਿਸ਼ਨੂੰ ਮਹਾਰਾਜ ਦੀ ਸ਼ਕਤੀ, ਦੁਰਗਾ, ਗੰਗਾ, ਤੁਲਸੀ, ਧਰਤੀ

वैसर्गिक-ਵੈਸਰਗਿਕ, ਵਿ., ਛੱਡਣ ਜੋਗ, ਵਿਸਰਜਨ ਕਰਨ ਜੋਗ

वैसा-ਵੈਸਾ, ਕ੍ਰਿ. ਵਿ., ਉਸ ਤਰ੍ਹਾਂ ਦਾ, ਉਹੋ ਜਿਹਾ

वैहार्य-ਵੈਹਾਰਯ, ਪੁ., ਉਹ ਜਿਸ ਨਾਲ ਹਾਸੀ ਮਜ਼ਾਕ ਦਾ ਸੰਬੰਧ ਹੋਵੇ

वैहासिक-ਵੈਹਾਸਿਕ, ਪੁ., ਮਖੌਲੀਆ, ਵਿਦੂਸ਼ਕ, ਭੰਡ

वोट-ਵੋਟ, ਪੁ., ਸਲਾਹ, ਸੰਮਤੀ, ਰਾਏ

वोटर-ਵੋਟਰ, ਪੁ., ਰਾਏ ਦੇਣ ਵਾਲਾ

वोटरलिस्ट-ਵੋਟਰਲਿਸਟ, ਇ., ਵੋਟ ਦੇਣ ਵਾਲਿਆਂ ਦੀ ਸੂਚੀ

वोटा-ਵੋਟਾ, ਇ., ਦਾਸੀ, ਗੋਲੀ, ਦਾਈ

वोड़-ਵੜ, ਪੁ., ਸੁਪਾਰੀ

वोड्र-ਵੋਡ੍ਰ, ਪੁ., ਗੋਹ, ਸੱਪ ਜਿਹਾ ਜਾਨਵਰ, ਇਕ ਕਿਸਮ ਦੀ ਮਛਲੀ

वोद्र-ਵੋਦ, ਵਿ., ਗਿੱਲਾ

वोदार-ਵੋਦਾਰ, ਪੁ., ਮੁਰਦਾਸਿੰਗੀ

वोरक-ਵੋਰਕ, ਪੁ., ਲਿਖਾਰੀ

वोल्लाह-ਵੋਲੱਾਹ, ਪੁ., ਇਕ ਕਿਸਮ ਦਾ ਘੋੜਾ ਜਿਸ ਦੀ ਪੂਛ ਤੇ ਧੌਣ ਦੇ ਵਾਲ ਪੀਲੇ ਹੁੰਦੇ ਹਨ

वोहित्थ-ਵੋਹਿੱਥ. ਪੁ., ਜਹਾਜ਼

वौषट्-ਵੌਸ਼ਟ, ਅਵਜ., ਦੇਵਤਿਆਂ ਦੇ ਉਦੇਸ਼ ਨਾਲ ਅਗਨੀ ਵਿਚ ਘਿਉ ਆਦਿ ਦੇਣ ਦਾ ਮੰਤਰ

व्यंग-ਵਜੰਗ, ਪੁ., ਡੱਡੂ, ਮੈਂਡਕ, ਇਕ ਰੋਗ, ਟੁਟੇ ਅੰਗ ਵਾਲਾ

व्यंगक-ਵਜੰਗਕ, ਪੁ., ਪਹਾੜ

व्यंग्य-ਵਜੰਗਜ, ਪੁ., ਛਿਪਿਆ ਅਰਥ, ਗੁੱਝੇ ਮਾਹਨੇ, ਤਾਨ੍ਹਾ, ਬੋਲੀ

व्यंजन-ਵਜੰਜਨ, ਪੁ., ਪਰਗਟ ਕਰਨ ਦੀ ਕਿਰਿਆ, ਨਿਸ਼ਾਨ, ਅੰਗ, ਮੁਛ, ਦਿਨ, ਪੇਡੂ ਦੇ ਹੇਠ ਦੀ ਥਾਂ, ਲਿੰਗ, ਤਰਕਾਰੀ, ਵਰਣ ਮਾਲਾ ਵਿਚ ਉਹ ਅੱਖਰ ਜੋ ਸਵਰ ਦੀ ਮੱਦਦ ਤੋਂ ਬਿਨਾ ਨਾ ਬੋਲਿਆ ਜਾ ਸਕੇ

व्यंशक-ਵਜੰਸ਼ਕ, ਪੁ., ਪਹਾੜ

व्यंसक-ਵਜੰਸਕ, ਪੁ., ਚਲਾਕ

व्यंसन-ਵਜੰਸਨ, ਵਿ., ਧੋਖਾ ਦੇਣ ਦੀ ਕਿਰਿਆ

व्यक्त-ਵਜਕ੍ਤ, ਵਿ., ਪਰਗਟ, ਜ਼ਾਹਿਰ, ਸਾਫ਼, ਮੁਕੰਮਲ, ਸਥੂਲ ਵੱਡਾ, ਦੇਖਿਆ ਹੋਇਆ, ਪੁ., ਸਾਂਖ ਮਤ ਨਾਲ ਪ੍ਰਕ੍ਰਿਤਿ ਦਾ ਸਥੂਲ ਪਰਮਾਣ

व्यक्तता-ਵਜਕ੍ਤਤਾ, ਇ., ਪਰਗਟ ਹੋਣ ਦਾ ਭਾਵ

व्यक्ति-ਵਜਕ੍ਤਿ, ਇ., ਪਰਗਟ ਹੋਣ ਦਾ ਭਾਵ, ਮਨੁੱਖ, ਆਦਮੀ, ਚੀਜ਼, ਪਦਾਰਥ

व्यक्तिकृत, व्यक्तिभूत-ਵਜਕ੍ਤਿਕ੍ਰਿਤ, ਵਿਜਕ੍ਤਿਭੂਤ, ਵਿ., ਪਰਗਟ ਕੀਤਾ ਹੋਇਆ

व्यग्र-ਵਜਗ੍ਰ. ਵਿ., ਘਬਰਾਇਆ ਹੋਇਆ, ਡਰਿਆ ਹੋਇਆ, ਕੰਮ ਵਿਚ ਫਸਿਆ ਹੋਇਆ, ਮਿਹਨਤੀ, ਹਿੰਮਤੀ

व्यग्रता-ਵਜਗ੍ਰਤਾ, ਇ., ਘਬਰਾਹਟ, ਬੇਚੈਨੀ

व्यजन-ਵਜਜਨ, ਪੁ., ਹਵਾ ਕਰਨ ਦਾ ਪੱਖਾ

व्यडंबक-ਵਜਡੰਬਕ, ਪੁ., ਰਿੰਡ

व्यति-ਵਜਤਿ, ਪੁ,, ਘੋੜਾ

व्यतिकर-ਵਜਤਿਕਰ, ਪੁ., ਨਾਸ, ਬਰਬਾਦੀ, ਤਬਾਹੀ, ਮਿਲਾਉਟ ਤੱਲੁਕ, ਸਬੰਧ, ਝੁੰਡ, ਸਮੂਹ

व्यतिक्रम-ਵਜਤਿਕ੍ਰਮ, ਪੁ., ਉਲਟਫੇਰ, ਵਿਘਨ, ਰੋਕ

व्यतिक्रमण-ਵਜਤਿਕ੍ਰਮਣ, ਪੁ., ਕ੍ਰਮ ਵਿਚ ਉਲਟ ਪੁਲਟ ਹੋਣ ਦਾ ਭਾਵ

व्यतिक्रान्त-ਵਜਤਿਕ੍ਰਾਂਤ, ਵਿ., ਜਿਸ ਵਿਚ ਕਿਸੇ ਤਰ੍ਹਾਂ ਦਾ ਉਲਟ ਫੇਰ ਹੋਇਆ ਹੋਵੇ

व्यतिचार-ਵਜਤਿਚਾਰ, ਪੁ., ਐਬ, ਖੋਟ, ਪਾਪ,ਕਰਮ

व्यतिपात-ਵਜਤਿਪਾਤ, ਪੁ., ਵੱਡੀ ਭਾਰੀ ਖਰਾਬੀ. ਨਿਰਾਦਰ, ਅਪਮਾਨ

व्यतिरिक्त-ਵਜਤਿਰਿਕ੍ਤ, ਵਿ., ਭਿੰਨ, ਵੱਖ ਕੀਤਾ ਹੋਇਆ, ਕ੍ਰਿ. ਵਿ., ਇਲਾਵਾ, ਸਿਵਾਇ, ਬਿਨਾ

व्यतिरेक-ਵਜਤਿਰੇਕ, ਪੁ., ਅਭਾਵ, ਭਿੰਨਤਾ, ਭੇਤ, ਫਰਕ, ਬੜ੍ਹਤੀ, ਇਕ ਅਲੰਕਾਰ

व्यतिरेकव्याप्ति-ਵਜਤਿਰੇਕਵਜਾਪ੍ਤਿ. ਇ., ਜਿਸ ਵਿਚ ਜੋ ਗੁਣ ਨਾ ਹੋਵੇ ਅਤੇ ਉਸ ਗੁਣ ਨੂੰ ਦਿਖਾਉਣ ਦਾ ਭਾਵ

व्यतिरेकी-ਵਜਤਿਰੇਕੀ, ਵਿ., ਉਹ ਜੋ ਪਦਾਰਥ ਵਿਚ ਵੱਖਤਾ ਉਤਪੰਨ ਕਰਦਾ ਹੋਵੇ

व्यतिषंग-ਵਜਤਿਸ਼ੰਗ, ਪੁ., ਅਦਲਾ ਬਦਲਾ, ਮਿਲਾਉਣਾ ਦਾ ਭਾਵ

व्यतिषक्त-ਵਜਤਿਸ਼ਕ੍ਤ, ਵਿ , ਮਿਲਿਆ ਹੋਇਆ

व्यतिहार-ਵਜਤਿਹਾਰ, ਪੁ., ਗਾਲੀ ਗਲੋਚ, ਮਾਰਪਿੱਟ

व्यतीकार-ਵਜਤੀਕਾਰ, ਪੁ., ਨਾਸ, ਬਰਬਾਦੀ, ਤਬਾਹੀ

व्यतीत-ਵਜਤੀਤ, ਵਿ., ਬੀਤਿਆ ਹੋਇਆ

व्यतिपात-ਵਜਤੀਪਾਤ, ਪੁ., ਵੱਡੀ ਭਾਰੀ ਖਰਾਬੀ, ਬੇਹਿੱਜ਼ਤੀ, ਜੋਤਸ਼ ਵਿਚ ਇਕ ਯੋਗ ਦਾ ਨਾਉਂ

व्यत्यय-ਵਜਤਜਜ, ਪੁ., ਦੇਖੋ ਵਜਤਿਕ੍ਰਮ (व्यतिक्रम)

व्यथक-ਵਜਥਕ, ਪੁ., ਪੀੜ ਦੇਣ ਵਾਲਾ

व्यथन–ਵਜਥਨ, ਪੁ., ਪੀੜ, ਤਕਲੀਫ, ਵਿ., ਪੀੜ ਦੇਣ ਵਾਲਾ

व्यथा–ਵਜਥਾ, ਇ., ਪੀੜ, ਦੁਖ, ਕਲੇਸ਼; ਡਰ

व्यथित–ਵਜਥਿਤ, ਵਿ., ਦੁਖੀ, ਡਰਿਆ ਹੋਇਆ

व्यधिक्षेप–ਵਜਧਿਕਸ਼ੇਪ, ਪੁ., ਨਿੰਦਿਆ, ਸ਼ਿਕਾਇਤ

व्यपदेश–ਵਜਪਦੇਸ਼, ਪੁ., ਕਪਟ, ਛਲ, ਧੋਖਾ, ਨਾਉਂ, ਖਾਨਦਾਨ, ਨਿੰਦਿਆ

व्यपनय–ਵਜਪਨਯ, ਪੁ., ਵਿਨਾਸ਼, ਬਰਬਾਦੀ, ਛਡ ਦੇਣ ਦਾ ਭਾਵ. ਤਿਆਗ

व्यपनीत–ਵਜਪਨੀਤ, ਵਿ., ਦੂਰ ਕੀਤਾ ਹੋਇਆ

व्यपरोपण–ਵਜਪਰੋਪਣ; ਪੁ., ਝੁਕਾਉਣਾ. ਕੱਟਣ ਹਟਾਉਣ ਦਾ ਭਾਵ

व्यपोह–ਵਜਪੋਹ, ਪੁ . ਨਿਵਾਸ਼ ਬਰਬਾਦੀ, ਤਬਾਹੀ

व्यभिचार–ਵਜਭਿਚਾਰ, ਪੁ., ਪਰਾਏ ਪੁਰਖ ਜਾਂ ਇਸਤ੍ਰੀ ਦਾ ਸੰਗ. ਕੁਕਰਨ, ਬਦਚਲਣੀ

व्यभिचारिणी–ਵਜਭ੍ਰਿਚਾਰਿਣੀ, ਇ., ਲੁੱਚੀ ਤੀਵੀਂ, ਪਰਾਏ ਬੰਦੇ ਨਾਲ ਮੇਲ ਕਰਨ ਵਾਲੀ ਤੀਵੀਂ

व्यभिचारी–ਵਜਭਿਚਾਰੀ, ਵਿ., ਜੋ ਵਿਭਚਾਰ ਕਰੇ

व्यभिहास–ਵਜਭਿਹਾਸ, ਪ.; ਚਹੇਡ, ਮਖੌਲ, ਠੱਠਾ

व्यय–ਵਜਯ, ਪੁ., ਖਰਚ, ਨਾਸ. ਦਾਨ, ਜੋਤਸ਼ ਵਿਚ ਲਗਣ ਤੋਂ ਬਾਰੁਵੀਂ ਥਾਂ

व्ययक–ਵਜਯਕ, ਪੁ., ਖਰਚ ਕਰਨ ਵਾਲਾ

व्ययशील–ਵਜਯਸ਼ੀਲ, ਪੁ., ਬਹੁਤ ਖਰਚੀਲਾ

व्ययी–ਵਜਯੀ, ਪੁ , ਖੂਬ ਖਰਚ ਕਰਨ ਵਾਲਾ

व्यर्थ–ਵਜਰਥ, ਵਿ., ਜਿਸ ਦਾ ਕੋਈ ਮਤਲਬ ਨਾ ਹੋਵੇ, ਫਜ਼ੂਲ ਬਿਨਾ ਮਾਹਨੇ ਦੇ, ਕ੍ਰਿ. ਵਿ., ਵਜ਼ੂਲ, ਇੰਞ ਹੀ

व्यलीक–ਵਜਲੀਕ, ਪੁ., ਇਕ ਤਰ੍ਹਾਂ ਦਾ ਅਪਰਾਧ, ਕਸੂਰ, ਫਿਟਕਾਰ, ਡਾਂਟਫਾਟ, ਦੁਖ, ਤਕਲੀਫ਼ ਵਿਲੱਖਣਤਾ, ਵਿ., ਦੁਪਿਆਰਾ, ਜੋ ਚੰਗਾ ਨਾ ਲੱਗੇ, ਪੀੜ ਦੇਣ ਵਾਲਾ, ਨਾ ਵਾਕਫ਼, ਅਜੀਬ

व्यवकलन–ਵਜਵਕਲਨ, ਪੁ., ਬਾਕੀ ਕੱਢਣ ਦਾ ਭਾਵ, ਨਫੀ, ਘਟਾਉ

व्यवकीर्ण–ਵਜਵਕੀਰਣ, ਵਿ., ਮਿਲਾਇਆ ਹੋਇਆ

व्यवच्छिन्न–ਵਜਵਛਿੰਨ, ਵਿ., ਵੱਖ, ਜੁਦਾ, ਅਲਗ, ਵੰਡਿਆ ਹੋਇਆ

व्यवच्छेद–ਵਜਵੱਛੇਦ, ਪੁ., ਅਲਗਾਵ, ਵਿਭਾਗ, ਹਿੱਸਾ, ਠਹਿਰ ਛੁਟਕਾਰਾ

व्यवच्छेदक–ਵਜਵੱਛੇਦਕ, ਪੁ., ਜੋ ਵੱਖ ਕਰਦਾ ਹੋਵੇ

व्यवदान–ਵਜਵਦਾਨ, ਪੁ., ਕਿਸੇ ਚੀਜ਼ ਦੇ ਸਾਫ਼ ਕਹਨ ਦੀ ਕਿਰਿਆ, ਸਫ਼ਾਈ

व्यवधान–ਵਜਵਧਾਨ, ਪੁ., ਓਟ ਕਰਨ ਵਾਲੀ ਚੀਜ਼, ਪੜਦਾ, ਸ਼ਮਾਪਤੀ, ਵਿਭਾਗ, ਹਿੱਸਾ

व्यवधायक–ਵਜਵਧਾਯਕ, ਪੁ., ਛਿਪਣ ਵਾਲਾ, ਛਿਪਾਉਣ ਵਾਲਾ

व्यवधारण–ਵਜਵਧਾਰਣ, ਪੁ., ਅੱਛੀ ਤਰ੍ਹਾਂ ਨਿਸਚਾ ਕਰਨ ਦਾ ਭਾਵ

व्यवधि–ਵਜਵਧਿ, ਪੁ., ਪੜਦਾ, ਆੜ, ਓਟ

व्यवसाय–ਵਜਵਸਾਯ, ਪੁ., ਜੀਵਕਾ, ਰੋਜ਼ੀ, ਰੁਜਗਾਰ, ਵਪਾਰ. ਕੋਈ ਕੰਮ ਅਰੰਭ ਕਰਨ ਦਾ ਭਾਵ, ਨਿਹਚਾ, ਜਤਨ, ਕੋਸ਼ਸ਼, ਕੰਮ ਧੰਧਾ, ਇੱਛਿਆ, ਵਿਚਾਰ, ਮਤਲਬ, ਖਿਆਲ

व्यवसायी–ਵਜਵਸਾਯੀ, ਪੁ., ਵਪਾਰੀ, ਰੋਜ਼ਗਾਰੀ; ਕੋਈ ਕੰਮ ਕਰਨ ਵਾਲਾ

व्यवसित–ਵਜਵਸਿਤ. ਵਿ., ਤਿਆਰ

व्यवस्था–ਵਜਵਸਥਾ, ਇ.. ਪਰਬੰਧ, ਨਿਜਮ, ਹਾਲਤ, ਚੀਜ਼ਾਂ ਵੱਖੋ ਵੱਖ ਸਜਾ ਕੇ ਠਿਕਾਣੇ ਸਿਰ ਰੱਖਣ ਦਾ ਭਾਵ, ਥਿਰਤਾ, ਸ਼ਾਸਤਰ ਅਨੁਸਾਰ ਕਿਸੇ ਗੱਲ ਦਾ ਫੈਸਲਾ

व्यवस्थाता–ਵਜਵਸਥਾਤਾ, ਪੁ., ਬਿਵਸਥਾ ਕਰਨ ਵਾਲਾ, ਨਿਜਮ ਬਨੌਣ ਵਾਲਾ

व्यवस्थापक–ਵਜਵਸਥਾਪਕ, ਪੁ., ਜੋ ਕਿਸੇ ਕੰਮ ਨੂੰ ਨਿਜਮ ਨਾਲ ਚਲਾਉਂਦਾ ਹੋਵੇ, ਪਰਬੰਧ ਕਰਨ ਵਾਲਾ, ਪਰਬੰਧਕ

व्यवस्थापत्र–ਵਜਵਸਥਾਪਤ੍ਰ, ਪੁ., ਉਹ ਪੱਤਰ ਜਿਸ ਵਿਚ ਕਿਸੇ ਸ਼ਾਸਤਰ ਸਬੰਧੀ ਬਿਵਸਥਾ ਜਾਂ ਕਨੂੰਨ ਲਿਖਿਆ ਹੋਵੇ

व्यवस्थापन–ਵਜਵਸਥਾਪਨ, ਪੁ., ਕਿਸੇ ਗੱਲ ਬਾਰੇ ਪੂਰਾ ਪੂਰਾ ਨਿਸਚਾ ਕਰਨ ਦਾ ਭਾਵ

व्यवस्थापित–ਵਜਵਸਥਾਪਿਤ, ਵਿ., ਜਿਸ ਬਾਰੇ ਕੁਝ ਨਿਸਚਾ ਕੀਤਾ ਗਿਆ ਹੋਭੇ

व्यवस्थित–ਵਜਵਸਥਿਤ, ਵਿ., ਜਿਸ ਵਿਚ ਕਿਸੇ ਤਰ੍ਹਾਂ ਦੀ ਬਿਵਸਥਾ ਜਾਂ ਨਿਜਮ ਹੋਣ, ਜੋ ਠੀਕ ਨਿਜਮ ਅਨੁਸਾਰ ਹੋਵੇ

व्यवस्थिति–ਵਜਵਸਥਿਤਿ, ਇ., ਹਾਜ਼ਰ ਜਾਂ ਥਿਰ ਹੋਣ ਦਾ ਭਾਵ ਬਿਵਸਥਾ

व्यवहरण–ਵਜਵਹਰਣ, ਪੁ., ਮੁਕੱਦਮੇ ਆਦਿਕ ਦੀ ਸੁਣਾਈ ਜਾਂ ਪੇਸ਼

व्यवहर्ता–ਵਜਵਹਰਤਾ, ਪੁ.. ਨਿਆਉਂ ਕਰਨ ਵਾਲਾ, ਮੁਨਸਫ਼

व्यवहार–ਵਜਵਹਾਰ, ਪੁ., ਕਿਰਿਆ, ਕੰਮ, ਵਰਤਾਉ. ਵਪਾਰ, ਰੁਜ਼ਗਾਰ, ਲੈਣ ਦੇਣ ਦਾ ਕੰਮ, ਝਕੜਾ, ਨਿਆਉਂ, ਸ਼ਰਤ, ਹਾਲਤ. ਮੁਕੱਦਮਾ

व्यवहारक–ਵਜਵਹਾਰਕ, ਪੁ., ਵਕੀਲ, ਮੁਖਤਿਆਰ

व्यवहारज्ञ–ਵਜਵਹਾਰਗਜ, ਪੁ., ਕੰਮ ਕਾਰ ਦਾ ਜਾਣਕਾਰ

व्यवहारमूल–ਵਜਵਹਾਰਮੂਲ, ਪੁ., ਅਕਰਕਰਾ

व्यवहारविधि, व्यवहारशास्त्र–ਵਜਵਹਾਰਵਿਧਿ, ਵਜਵਹਾਰਸ਼ਾਸਤ੍ਰ ਪੁ., ਉਹ ਸ਼ਾਸਤਰ ਜਿਸ ਵਿਚ ਇਹ ਦੱਸਿਆ ਗਿਆ ਹੋਵੇ ਕਿ ਮੁਕੱਦਮੇ ਵਾਲਿਆਂ ਦਾ ਕਿਸ ਤਰ੍ਹਾਂ ਫੈਸਲਾ ਕਰਨਾ ਚਾਹੀਦਾ ਹੈ, ਧਰਮ ਸ਼ਾਸਤਰ

व्यवहारास्पद–ਵਜਵਹਾਰਾਸਪਦ, ਪੁ., ਨਾਲਸ਼, ਫਰਿਆਦ

व्यवहारिक–ਵਜਵਹਾਰਿਕ, ਵਿ., ਦੇਖੋ ਵਜਵਹਾਰਕ (व्यवहारक)

व्यवहारी–ਵਜਵਹਾਰੀ, ਵਿ., ਕੰਮ ਧੰਧਾ ਕਰਨ ਵਾਲਾ, ਵਰਤਣ

ਵਾਲਾ

व्यवहार्य्यं–ਵਜਵਹਾਰਯ, ਵਿ., ਵਰਤਣ ਜੋਗ

व्यवहित–ਵਜਵਹਿਤ, ਵਿ., ਛਿਪਿਆ ਹੋਇਆ

व्यवहृत–ਵਜਵਹ੍ਰਿਤ, ਵਿ., ਜੋ ਵਰਤੋਂ ਵਿਚ ਲਿਆਂਦਾ ਗਿਆ ਹੋਵੇ, ਵਰਤਣ ਵਾਲਾ

व्यवहृति–ਵਜਵਹ੍ਰਿਤਿ, ਇ., ਵਪਾਰ ਵਿਚ ਹੋਣ ਵਾਲਾ ਨਫਾ

व्यवाय–ਵਜਵਾਯ, ਪੁ., ਤੀਵੀਂ ਨਾਲ ਮੇਲ, ਫਲ, ਨਤੀਜਾ, ਆੜ, ਓਟ, ਪਰਦਾ, ਵਿਘਨ, ਰੁਕਾਵਟ, ਖਲਲ

व्यवायी–ਵਜਵਾਯੀ, ਪੁ., ਲੁੱਚਾ, ਜੋ ਤੀਵੀਂ ਦਾ ਸੰਗ ਬਹੁਤ ਕਰਦਾ ਹੋਵੇ, ਰੁਕਾਵਟ ਕਰਨ ਵਾਲਾ

व्यष्टका–ਵਜਸ਼੍ਟਕਾ, ਇ., ਹਨੇਰ ਪੱਖ ਦੀ ਏਕਮ

व्यष्टि–ਵਜਸ਼੍ਟਿ, ਇ., ਸਮਾਜ ਤੋਂ ਵੱਖ ਕੀਤਾ ਹੋਇਆ ਹਰ ਇਕ ਆਦਮੀ

व्यसन–ਵਜਸਨ, ਪੁ., ਦੁਖ, ਤਕਲੀਫ, ਨਾਸ, ਜਤਨ, ਨਾਲਾਇਕੀ, ਭੋਗ ਵਿਲਾਸ, ਭੈੜਾ ਆਚਰਣ, ਅਮਲ, ਕਿਸੇ ਚੀਜ਼ ਦਾ ਸ਼ੌਕ

व्यसनी–ਵਜਸਨੀ, ਵਿ., ਲੁੱਚਾ, ਰੰਡੀਬਾਜ, ਵੈਲੀ, ਜਿਸ ਨੂੰ ਕਿਸੇ ਚੀਜ਼ ਦਾ ਸ਼ੌਕ ਹੋਵੇ

व्यस्त–ਵਜਸ੍ਤ, ਪੁ., ਘਬਰਾਇਆ ਹੋਵੇ, ਕਿਸੇ ਕੰਮ ਵਿਚ ਲਗਿਆ ਹੋਇਆ, ਫੈਲਿਆ ਹੋਇਆ

व्याकरण–ਵਜਾਕਰਣ, ਪੁ., ਉਹ ਸ਼ਾਸਤ੍ਰ ਜਿਸ ਰਾਹੀਂ ਕਿਸੇ ਬੋਲੀ ਦੇ ਸ਼ੁਧ ਬੋਲਣ ਜਾਂ ਲਿਖਣ ਦਾ ਨਿਜਮ ਦੱਸਿਆ ਗਿਆ ਹੋਵੇ

व्याकीर्ण–ਵਜਾਕੀਰਣ, ਵਿ., ਚਹੁੰਆਂ ਪਾਸੀ ਫੈਲਿਆ ਹੋਇਆ

व्याकुल–ਵਜਾਕੁਲ, ਵਿ., ਘਬਰਾਇਆ ਹੋਇਆ, ਬੁਜ਼ਦਿਲ

व्याकुलता–ਵਜਾਕੁਲਤਾ, ਇ., ਬੇਚੈਨੀ, ਘਬਰਾਹਟ

व्याकृति–ਵਜਾਕ੍ਰਿਤਿ, ਇ., ਪਰਕਾਸਨ, ਵਿਆਖਿਆਨ

व्याक्रोश–ਵਜਾਕ੍ਰੋਸ਼, ਪੁ., ਬੇਇੱਜ਼ਤੀ ਕਰਦੇ ਹੋਏ ਕੌੜੇ ਬਚਨ ਕਹਿਣ ਦਾ ਭਾਵ, ਰੌਲਾ ਪਾਉਣ ਦਾ ਕੰਮ

व्याक्रोशक–ਵਜਾਕ੍ਰੋਸ਼ਕ, ਵਿ., ਰੌਲਾ ਪਾਉਣ ਵਾਲਾ

व्याक्षेप–ਵਜਾਕਸ਼ੇਪ, ਪੁ., ਦੇਰ, ਬੇਚੈਨੀ, ਘਬਰਾਹਟ

व्याख्या–ਵਜਾਖਜਾ, ਇ., ਉਹ ਵਾਕ ਜੋ ਔਖੇ ਸ਼ਬਦਾਂ ਦੇ ਮਾਹਨੇ ਸੁਖਾਲੀ ਰੀਤ ਨਾਲ ਦਸਦਾ ਹੋਵੇ, ਵਿਆਖਿਆਨ, ਟੀਕਾ, ਵਰਣਨ

व्याख्याता–ਵਜਾਖਜਾਤਾ, ਵਿ., ਟੀਕਾ ਕਰਨ ਵਾਲਾ, ਭਾਸ਼ਨ ਕਰਨ ਵਾਲਾ

व्याख्यान–ਵਜਾਖਜਾਨ, ਪੁ., ਭਾਸ਼ਣ, ਲੈਕਚਰ, ਟੀਕਾ ਕਰਨ ਦਾ ਕੰਮ

व्याघात–ਵਜਾਘਾਤ, ਪੁ., ਜੋਤਸ਼ ਦੇ ਸਤਾਈਸ ਜੋਗਾਂ ਵਿਚੋਂ ਤੇਰ੍ਹਵਾਂ ਜੋਗ ਜੋ ਚੰਗਾ ਨਹੀਂ ਮੰਨਿਆ ਜਾਂਦਾ, ਵਿਘਨ, ਰੋਕ

व्याघ्र–ਵਜਾਘ੍ਰ, ਪੁ., ਚਿੱਤਾ, ਬਘਿਆੜ

व्याघ्रचर्म–ਵਜਾਘ੍ਰਚਰਮ, ਪੁ., ਬਘਿਆੜ ਜਾਂ ਸ਼ੇਰ ਦੀ ਖੱਲ

व्याघ्रनख–ਵਜਾਘ੍ਰਨਖ, ਪੁ., ਸ਼ੇਰ ਦਾ ਨਹੁੰ, ਇਕ ਖੁਸ਼ਬੂ ਵਾਲੀ ਬਟੀ

व्याघ्रमुख–ਵਜਾਘ੍ਰਮੁਖ, ਪੁ., ਬਿੱਲੀ

व्याज–ਵਜਾਜ, ਪੁ., ਛਲ, ਕਪਟ, ਵਿਘਨ, ਰੁਕਾਵਟ, ਦੇਰ

व्याजनिन्दा–ਵਜਾਜਨਿੰਦਾ, ਇ., ਧੋਖੇ ਨਾਲ ਕੀਤੀ ਨਿੰਦਿਆ, ਇਕ ਅਲੰਕਾਰ

व्याजोक्ति–ਵਜਾਜੋਕ੍ਤਿ, ਇ., ਕਹਿਣ ਦਾ ਇਕ ਢੰਗ ਜਿਸ ਵਿਚ ਕਿਸੇ ਕਿਸਮ ਦਾ ਕਪਟ ਹੋਵੇ, ਇਕ ਅਲੰਕਾਰ

व्याड़ि–ਵਜਾੜਿ, ਪੁ., ਇਕ ਰਿਸ਼ੀ ਜਿਨ੍ਹਾਂ ਨੇ ਵਿਆਕਰਣ ਅਤੇ ਕੋਸ਼ ਬਣਾਇਆ ਹੈ

व्यात्त–ਵਜਾੱਤ, ਵਿ., ਫੈਲਿਆ ਹੋਇਆ, ਲੰਮਾ ਚੌੜਾ, ਵਸੀਹ

व्यादान–ਵਜਾਦਾਨ, ਪੁ., ਵਿਸਥਾਰ, ਫੈਲਾਉ

व्यादीर्घ–ਵਜਾਦੀਰਘ, ਵਿ., ਬਹੁਤ ਲੰਮਾ

व्याध–ਵਜਾਧ, ਪੁ., ਜੰਗਲੀ ਪਸੂਆਂ ਨੂੰ ਮਾਰ ਕੇ ਗੁਜ਼ਾਰਾ ਕਰਨ ਵਾਲਾ, ਸ਼ਿਕਾਰੀ

व्याधि–ਵਜਾਧਿ, ਇ., ਰੋਗ, ਬਿਮਾਰੀ, ਪੀੜ, ਮੁਸੀਬਤ

व्याधित–ਵਜਾਧਿਤ, ਵਿ., ਰੋਗੀ, ਬੀਮਾਰ

व्याधूत–ਵਜਾਧੂਤ, ਵਿ., ਕੰਬਿਆ ਹੋਇਆ

व्यान–ਵਜਾਨ, ਪੁ., ਸਰੀਰ ਵਿਚ ਰਹਿਣ ਵਾਲੀ ਇਕ ਤਰ੍ਹਾਂ ਦੀ ਹਵਾ

व्यापक–ਵਜਾਪਕ, ਵਿ., ਸਭ ਥਾਂ ਤੇ ਰਹਿਣ ਵਾਲਾ

व्यापत्ति–ਵਜਾਪੱਤਿ, ਇ., ਮੌਤ

व्यापना–ਵਜਾਪਨਾ, ਕ੍ਰਿ., ਕਿਸੇ ਚੀਜ਼ ਦੇ ਅੰਦਰ ਫੈਲਣਾ

व्यापादित–ਵਜਾਪਾਂਦਿਤ, ਵਿ., ਮਾਰਿਆ ਹੋਇਆ

व्यापार–ਵਯਾਪਾਰ, ਪੁ., ਕੰਮਕਾਰ, ਵਪਾਰ ਰੁਜ਼ਗਾਰ

व्यापारी–ਵਜਾਪਾਰੀ, ਪੁ., ਵਪਾਰ ਕਕਨ ਵਾਲਾ, ਵਪਾਰੀ

व्यापी, व्याप्त–ਵਜਾਪੀ, ਵਜਾਪ੍ਤ, ਵਿ., ਫੈਲਿਆ ਹੋਇਆ, ਪੂਰਾ ਭਰਿਆ ਹੋਇਆ

व्याप्ति–ਵਜਾਪ੍ਤਿ, ਇ., ਸਭ ਥਾਂ ਤੇ ਫੈਲਣ ਦਾ ਭਾਵ, ਨਿਆਇ ਦੇ ਮੁਤਾਬਕ ਕਿਸੇ ਇਕ ਪਦਾਰਥ ਦਾ ਪੂਰੀ ਤਰ੍ਹਾਂ ਮਿਲਣ ਦਾ ਭਾਵ

व्याप्य–ਵਜਾਪਜ, ਪੁ., ਸਾਧਨ, ਕਾਰਣ, ਵਿਆਪਤ ਕਰਨ ਜੋਗ

व्यामिश्र–ਵਜਾਮਿਸ਼੍ਰ, ਵਿ., ਮਿਲਿਆ ਹੋਇਆ

व्यामोह–ਵਜਾਮੋਹ, ਪੁ., ਮੋਹ, ਅਗਿਆਨ

व्यायान–ਵਜਾਯਾਮ, ਪੁ., ਕਸਰਤ, ਜ਼ੋਰ

व्यायामी–ਵਜਾਯਾਮੀ, ਵਿ., ਕਸਰਤ ਕਰਨ ਵਾਲਾ

व्यायुध–ਵਜਾਯੁਧ, ਵਿ., ਨਿਹੱਥਾ, ਬਿਨਾ ਹਥਿਆਰ ਤੋਂ

व्यायोग–ਵਜਾਯੋਗ, ਪੁ., ਸਾਹਿਤ ਵਿਚ ਦਸ ਤਰ੍ਹਾਂ ਦੇ ਰੂਪਕ

व्याल–ਵਜਾਲ, ਪੁ., ਸੱਪ, ਬਘਿਆੜ, ਰਾਜਾ, ਵਿਸ਼ਨੂੰ

व्यालग्राह–ਵਜਾਲਗ੍ਰਾਹ, ਪੁ., ਸਪੇਰਾ, ਸਪਾਧਾ

व्यालिक–ਵਜਾਲਿਕ, ਪੁ., ਸਪੇਰਾ ਸਪਾਧਾ

व्यालू–ਵਜਾਲੂ, ਪੁ., ਰਾਤ ਦਾ ਭੋਜਨ

व्यालोल–ਵਜਾਲੋਲ, ਵਿ., ਥੋੜਾ ਹਿਲਦਾ ਹੋਇਆ

व्यावर्तक–ਵਜਾਵਰਤਕ, ਵਿ., ਪਿੱਛੇ ਨੂੰ ਮੁੜਨ ਵਾਲਾ

व्यावर्त्य–ਵਜਾਵਰਤਜ, ਵਿ., ਤਿਆਗਣ ਜੋਗ

व्यावहारिक–ਵਜਾਵਹਾਰਿਕ, ਵਿ., ਵਿਵਹਾਰ ਸ਼ਾਸਤਰ ਸਬੰਧੀ

व्यावृत्त–ਵਜਾਵ੍ਰਿੱਤ, ਵਿ., ਨਿਖਿੱਧ, ਵੰਡਿਆ ਹੋਇਆ, ਖੰਡਤ

व्यावृत्ति–ਵਜਾਵ੍ਰਿੱਤਿ, ਵਿ., ਖੰਡਣ, ਨਿਖੇਧ, ਨਿਵਿਰਤੀ

व्यास–ਵਜਾਸ. ਪੁ., ਵਿਸਥਾਰ, ਫੈਲਾਉ, ਗੋਲ ਚੀਜ਼ ਦੀ ਵਿਚਕਾਰਲੀ ਰੇਖਾ, ਲਕੀਰ, ਪੁਰਾਣਾਂ ਦਾ ਪਾਠ ਕਰਨ ਵਾਲਾ ਬ੍ਰਾਹਮਣ

व्याहत–ਵਜਾਹਤ, ਵਿ., ਖਾਸ ਤੌਰ ਤੇ ਮਾਰਿਆ ਹੋਇਆ, ਨਿਖਿੱਧ

व्याहरण–ਵਜਾਹਰਣ, ਪੁ., ਕਹਿਣ, ਕਥਨ, ਕਹੀ ਹੋਈ ਗੱਲ

व्याहार–ਵਜਾਹਾਰ. ਪੁ., ਵਾਕ, ਸ਼ਬਦਾਂ ਦਾ ਸਮੂਹ

व्याहृत–ਵਜਾਹ੍ਰਿਤ, ਵਿ., ਕਹਿਆ ਹੋਇਆ

व्याहृति–ਵਜਾਹ੍ਰਿਤਿ, ਇ., ਕਥਨ, ਓਂ ਭੂ ਓਂ ਭੁਵੈ ਓਂ ਸ੍ਵ, ਇਹ ਮੰਤਰ

व्युत्क्रम–ਵਜੁਤਕ੍ਰਮ, ਪੁ., ਸਿਲਸਿਲੇ ਮੂਜਬ ਉਲਟ ਫੇਰ ਹੋਣ ਦਾ ਭਾਵ

व्युत्पत्ति–ਵਜੁਤਪੱਤਿ, ਇ., ਖਾਸ ਗਿਆਨ, ਵਿਆਖਿਆ, ਕਿਸੇ ਸ਼ਬਦ ਦਾ ਮੂਲ ਰੂਪ

व्युत्पन्न–ਵਜੁਤਪੱਨ, ਵਿ., ਕਿਸੇ ਸ਼ਾਸਤਰ ਆਦਿਕ ਨੂੰ ਚੰਗੀ ਤਰ੍ਹਾਂ ਜਾਣਨ ਵਾਲਾ

व्युत्पादक–ਵਜੁਤਪਾਦਕ, ਵਿ., ਪੈਦਾ ਕਰਨ ਵਾਲਾ

व्युत्पादन–ਵਜੁਤਪਾਦਨ, ਪੁ , ਦੇਖੋ ਵਜੁਤਪੱਤਿ (व्युत्पत्ति)

व्युत्पादित–ਵਜੁਤਪਾਦਿਤ, ਵਿ., ਪੈਦਾ ਕੀਤਾ ਹੋਇਆ

व्युपदेश–ਵਜੁਪਦੇਸ਼, ਪੁ., ਛਲ, ਕਪਟ, ਠੱਗੀ

व्युपशम–ਵਜੁਪਸ਼ਮ, ਪੁ., ਬਦ ਅਮਨੀ

व्युष–ਵਜੁਸ਼, ਇ., ਸਵੇਰ, ਸੁਭਾ, ਪ੍ਰਭਾਤ

व्यूढ़–ਵਜੂੜ੍ਹ. ਵਿ., ਮੋਟਾ, ਬਰਾਬਰ, ਮਜਬੂਤ, ਪੱਕਾ

व्यूह–ਵਜੂਹ, ਪੁ., ਸਮੂਹ, ਨਿਰਮਾਣ. ਰਚਨਾ. ਸਰੀਰ, ਫੌਜ ਲਿੰਗ, ਜੁਧ ਕਰਨ ਵੇਲੇ ਫੌਜ ਨੂੰ ਵੱਖੋ ਵੱਖ ਥਾਵਾਂ ਤੇ ਨਿਯਤ ਕਰਨ ਦਾ ਭਾਵ

व्योम–ਵਜੋਮ, ਪੁ., ਅਕਾਸ, ਬੱਦਲ, ਪਾਣੀ

व्योमकेश–ਵਜੋਮਕੇਸ਼, ਪੁ., ਸ਼ਿਵ, ਮਹਾਦੇਵ

व्योमगमनी–ਵਜੋਮਗਮਨੀ, ਇ., ਅਕਾਸ ਵਿਚ ਉਡਣ ਦੀ ਵਿਦਿਆ

व्योमचर–ਵਜੋਮਚਰ, ਵਿ., ਅਕਾਸ ਵਿਚ ਘੁੰਮਣ ਵਾਲਾ

व्योमचारी–ਵਯੋਮਚਾਰੀ, ਪੁ., ਦੇਵਤਾ, ਪੰਖੇਰੂ

व्योमधूम–ਵਜੋਮਧੂਮ, ਪੁ., ਮੇਘ, ਬੱਦਲ

शिति–ਸ਼ਿਤਿ, ਵਿ., ਸਫੈਦ, ਚਿੱਟਾ, ਪੁ., ਭੋਜਪੱਤਰ ਦਾ ਰੁੱਖ
शितिकण्ठ–ਸ਼ਿਤਿਕੰਠ, ਪੁ., ਸ਼ਿਵ, ਮੋਰ, ਬੰਬੀਹਾ, ਚਾਤ੍ਰਿਕ
शितिकुम्भ–ਸ਼ਿਤਿਕੁੰਭ, ਪੁ., ਕਨੇਰ ਦਾ ਰੁੱਖ
शितिप्रभ–ਸ਼ਿਤਿਪ੍ਰਭ, ਪੁ., ਵਿਸ਼ਨੂੰ
शितिरत्न–ਸ਼ਿਤਿਰਤ, ਪੁ., ਨੀਲਮ
शिथिल–ਸ਼ਿਥਿਲ, ਵਿ., ਢਿੱਲਾ, ਥਕਿਆ ਹੋਇਆ, ਸੁਸਤ, ਧੀਮਾ ਆਲਸੀ, ਮੱਠਾ, ਕਮਜ਼ੋਰ
शिथिलता–ਸ਼ਿਥਿਲਤਾ, ਇ., ਸੁਸਤੀ, ਢਿਲਾਈ, ਕਮਜ਼ੋਰੀ ਆਲਸ, ਥਕਾਣ
शिथिलाई–ਸ਼ਿਥਿਲਾਈ, ਇ., ਕਮਜ਼ੋਰੀ
शिथिलाना–ਸ਼ਿਥਿਲਾਨਾ, ਕ੍ਰਿ., ਥੱਕਣਾ, ਸੁਸਤ ਹੋਣਾ
शिथिलित–ਸ਼ਿਥਿਲਿਤ, ਵਿ., ਢਿੱਲਾ, ਸੁਸਤ. ਕਮਜ਼ੋਰ, ਥਕਿਆ ਹੋਇਆ
शिथिलीकरण–ਸ਼ਿਥਿਲੀਕਰਣ, ਪੁ., ਢਿੱਲਾ ਕਰਨ ਦਾ ਕੰਮ
शिथिलीभूत–ਸ਼ਿਥਿਲੀਭੂਤ, ਵਿ., ਢਿੱਲਾ ਪਿਆ ਹੋਇਆ
शिद्दत–ਸ਼ਿਦੱਤ, ਇ., ਤੇਜ਼ੀ, ਪ੍ਰਚੰਡਤਾ, ਬਹੁਤਾਤ
शिनाख़्त–ਸ਼ਿਨਾਖਤ, ਇ., ਪਛਾਣ, ਪਰਖ, ਬੋਧ
शिपि–ਸ਼ਿਪਿ, ਪੁ., ਕਿਰਣ, ਇ., ਚਮੜੀ, ਖੱਲ
शिप्रा–ਸ਼ਿਪ੍ਰਾ, ਇ., ਉਜੈਨ ਦੀ ਇਕ ਨਦੀ
शिफ़र–ਸ਼ਿਫਰ, ਪੁ., ਢਾਲ
शिफ़ा–ਸ਼ਿਫਾ, ਇ., ਕੋੜੇ ਦੀ ਫਿਟਕਾਰ
शिफ़ारुह–ਸ਼ਿਫ਼ਾਰੁਹ, ਪੁ.. ਬਰੋਟੇ ਦਾ ਰੁੱਖ
शिमाल–ਸ਼ਿਮਾਲ, ਇ ; ਉੱਤਰ ਦਿਸ਼ਾ
शिमी–ਸ਼ਿਮੀ, ਇ., ਸੇਮ
शिम्बा–ਸ਼ਿੰਬਾ, ਇ., ਫਲੀ
शिरःकम्प–ਸਿਰ:ਕੰਪ, ਪੁ., ਸਿਰ ਦੇ ਕੰਬਣ ਦਾ ਭਾਵ
शिरःखण्ड–ਸ਼ਿਰ:ਖੰਡ, ਪੁ., ਮੱਥੇ ਦੀ ਹੱਡੀ
शिरःशूक–ਸ਼ਿਰ:ਸ਼ੂਕ, ਪੁ., ਸਿਰ ਦੀ ਪੀੜ
शिर–ਸ਼ਿਰ, ਪੁ., ਸਿਰ, ਮੱਥਾ, ਖੋਪੜੀ, ਸਿਖਰ, ਚੋਟੀ, ਸਿਰਾ
शिरकत–ਸ਼ਿਰਕਤ, ਇ., ਹਿੱਸਾ, ਭਾਈ ਵਾਲੀ. ਸਾਂਝ
शिरखिस्त–ਸ਼ਿਰਖਿਸੁ. ਪੁ., ਇਕ ਰੁੱਖ ਦੀ ਗੋਂਦ
शिरस्त्र–ਸ਼ਿਰਸਤ੍ਰ, ਪੁ., ਜੁਧ ਸਮੇ ਸਿਰ ਤੇ ਲੈਣ ਵਾਲੀ ਟੋਪੀ
शिरस्त्राण–ਸ਼ਿਰਸਤ੍ਰਾਣ, ਪੁ., ਦੇਖੋ ਸ਼ਿਰਸਤ੍ਰ (शिरस्त्र)
शिरहन–ਸ਼ਿਰਹਨ. ਪੁ., ਸਿਰ੍ਹਾਣਾ, ਤਕੀਆ

शिरा–ਸ਼ਿਰਾ, ਇ., ਸਿਰ ਦੀ ਨਾੜ, ਨਸ, ਪਾਣੀ ਦੀ ਧਾਰ, ਸੋਤਾ
शिराफल–ਸ਼ਿਰਾਫ਼ਲ, ਪੁ., ਨਾਰੀਅਲ, ਅੰਜੀਰ
शिरामूल–ਸ਼ਿਰਾਮੂਲ, ਪੁ., ਨਾਭੀ
शिराहर्ष–ਸ਼ਿਰਾਹਰਸ਼, ਪੁ., ਨਾੜੀਆਂ ਦੀ ਝੰਨ
शिरीश–ਸ਼ਿਰੀਸ਼, ਪੁ., ਸਰੀਂਹ ਦਾ ਰੁਖ
शिरोगृह–ਸ਼ਿਰੋਗ੍ਰਿਹ, ਪੁ., ਅਟਾਰੀ, ਕੋਠਾ
शिरोज–ਸ਼ਿਰੋਜ, ਪੁ., ਕੇਸ, ਵਾਲ
शिरोधरा–ਸ਼ਿਰੋਧਰਾ, ਇ., ਗਰਦਨ. ਧੌਣ
शिरोधाम–ਸ਼ਿਰੋਧਾਮ, ਪੁ., ਮੰਜੇ ਦਾ ਸਿਰ੍ਹਾਨਾ
शिधार्य–ਸ਼ਿਹੋਧਾਰਜ, ਵਿ., ਸਨਮਾਨ ਨਾਲ ਮੰਨਣ ਜੋਗ, ਸਿਰ ਤੇ ਧਾਰਨ ਕਰਨ ਜੋਗ
शिरोध्र–ਸ਼ਿਰੋਧ੍ਰ, ਪੁ., ਧੌਣ, ਗਰਦਨ
शिरोभाग–ਸ਼ਿਰੋਭਾਗ, ਪੁ., ਅਗਲਾ ਹਿੱਸਾ, ਮੱਥਾ
शिरोभूषण–ਸ਼ਿਰੋਭੂਸ਼ਣ, ਪੁ., ਸਿਰ ਦਾ ਗਹਿਣਾ, ਮੁਕਟ
शिरोमणि–ਸ਼ਿਰੋਮਣਿ, ਵਿ., ਸਰੇਸ਼ਟ ਆਦਮੀ, ਸਭ ਤੋਂ ਵਡਾ
शिरोमाली–ਸ਼ਿਰੋਮਾਲੀ, ਪੁ., ਸ਼ਿਵ, ਮਹਾਦੇਵ
शिरोमौलि–ਸ਼ਿਰੋਮੌਲਿ, ਪੁ., ਸਿਰ ਦਾ ਰਤਨ
शिरोरुजा–ਸ਼ਿਰੋਰੁਜਾ, ਇ., ਸਿਰ ਪੀੜ
शिरोरुह–ਸ਼ਿਰੋਰੁਹ. ਪੁ., ਸਿਰ ਦੇ ਵਾਲ
शिरोवेष्टन–ਸ਼ਿਰੋਵੇਸ਼੍ਟਨ, ਪੁ., ਪਗੜੀ, ਸਾਫਾ, ਬਨੇਰਾ
शिल–ਸ਼ਿਲ, ਪੁ.. ਦੇਖੋ ਸ਼ਿਲਾ (शिला)
शिला–ਸ਼ਿਲਾ, ਇ., ਪੱਥਰ ਦਾ ਟੁਕੜਾ, ਚਟਾਨ, ਮੈਨਸਿਲ ਕਪੂਰ, ਗੇਰੂ, ਸਿਲਾਜੀਤ, ਗੋਰੋਚਨ, ਹਰੜ ਕੰਕਰ
शिलाकुसुम–ਸ਼ਿਲਾਕੁਸੁਮ, ਪੁ., ਸ਼ਿਲਾਜੀਤ
शिलाक्षर–ਸ਼ਿਲਾਕਸ਼ਰ, ਪੁ., ਸਿਲਾ ਤੇ ਉਕਰੇ ਹੋਏ ਅੱਖਰ
शिलाक्षार–ਸ਼ਿਲਾਕਸ਼ਾਰ, ਪੁ., ਚੂਨਾ
शिलागृह–ਸ਼ਿਲਾਗ੍ਰਿਹ, ਪੁ., ਪੱਥਰ ਦਾ ਬਣਿਆ ਘਰ
शिलाचक्र–ਸ਼ਿਲਾਚਕ੍ਰ, ਪੁ , ਸ਼ਾਲਗਰਾਮ ਦੀ ਮੂਰਤੀ
शिलाज–ਸ਼ਿਲਾਜ, ਪੁ.; ਸ਼ਿਲਾਜੀਤ
शिलाजतु–ਸ਼ਿਲਾਜਤੁ. ਪੁ., ਸ਼ਿਲਾਜੀਤ
शिलाजीत–ਸ਼ਿਲਾਜੀਤ. ਇ., ਇਕ ਪ੍ਰਸਿੱਧ ਦਵਾਈ
शिलावट–ਸ਼ਿਲਾਵਟ, ਪੁ., ਚੁਬਾਰਾ
शिलादित्य–ਸ਼ਿਲਾਦਿਤ, ਪੁ., ਕਨੌਜ ਦਾ ਰਾਜਾ ਹਰਸ਼ਵਰਧਨ
शिलाधातु–ਸ਼ਿਲਾਧਾਤੁ, ਪੁ., ਗੇਰੂ,ਖੜੀਆ ਮਿੱਟੀ
शिलानिचय–ਸ਼ਿਲਾਨਿਚਯ. ਪੁ., ਪੱਥਰਾਂ ਦਾ ਢੇਰ
शिलानिर्यास–ਸ਼ਿਲਾਨਿਰਯਾਸ, ਇ., ਸ਼ਿਲਾਜੀਤ
शिलानीड़–ਸ਼ਿਲਾਨੀੜ, ਪੁ., ਗਰੁੜ ਪੰਛੀ
शिलापद–ਸ਼ਿਲਾਪਦ, ਪੁ., ਪੱਥਰ ਦੀ ਚਟਾਨ, ਮਸਾਲਾ ਪੀਸਣ ਦੀ ਸਿਲਾ
शिलापुष्प–ਸ਼ਿਲਾਪੁਸ਼ਪ, ਪੁ., ਛਲੀਰਾ ਨਾਉਂ ਦੀ ਖੁਸ਼ਬੂਦਾਰ ਚੀਜ਼

शिलावन्ध–ਸ਼ਿਲਾਬੰਧ, ਪੁ., ਪੱਥਰ ਦੀ ਕੰਧ

शिलाभाव–ਸ਼ਿਲਾਭਾਵ, ਪੁ., ਪੱਥਰਪਣ

शिलाभेद–ਸ਼ਿਲਾਭੇਦ, ਇ., ਪੱਥਰ ਤੋੜਨ ਦੀ ਛੈਣੀ

शिलामय–ਸ਼ਿਲਾਮਯ, ਵਿ.; ਪੱਥਰ ਦਾ

शिलामल–ਸ਼ਿਲਾਮਲ, ਪੁ., ਸ਼ਿਲਾਜੀਤ

शिलारस–ਸ਼ਿਲਾਰਸ, ਪੁ., ਲੋਹਬਾਨ ਜੇਹਾ ਸੁਗੰਧਤ ਗੂੰਦ

शिलालेख–ਸ਼ਿਲਾਲੇਖ, ਪੱਥਰ ਤੇ ਖੁਦਿਆ ਪੁਰਾਣਾ ਲੇਖ

शिलावृष्टि–ਸ਼ਿਲਾਵ੍ਰਿਸ਼੍ਟਿ, ਇ., ਆਕਾਸ਼ ਤੋਂ ਗੜੇ ਜਾਂ ਪੱਥਰ ਵਰ੍ਹਣ ਦਾ ਭਾਵ

शिलावेश्म–ਸ਼ਿਲਾਵੇਸ਼ਮ, ਪੁ., ਪਥਰਾਂ ਦਾ ਬਣਿਆ ਘਰ

शिलाशस्त्र–ਸ਼ਿਲਾਸ਼ਸਤ੍ਰ. ਪੁ., ਪੱਥਰ ਦਾ ਹਥਿਆਰ

शिलास्थि–ਸ਼ਿਲਾਸਥਿ, ਇ., ਗਰਦਨ ਦੀ ਉਹ ਹੱਡੀ ਜਿਸ ਤੇ ਖੋਪਰੀ ਹੁੰਦੀ ਹੈ

शिलास्तम्भ–ਸ਼ਿਲਾਸਤੰਭ ਪੁ., ਪੱਥਰ ਦਾ ਥਮ੍ਹਲਾ

शिलाहरि–ਸ਼ਿਲਾਹਰਿ, ਪੁ., ਸ਼ਾਲਗਰਾਮ ਦੀ ਮੂਰਤੀ

शिलि–ਸ਼ਿਲਿ, ਪੁ., ਭੋਜ ਪੱਤਰ, ਇ., ਦੇਲ੍ਹੀ, ਚੁਗਾਠ ਦੀ ਹੇਠਲੀ ਲੱਕੜ

शिली–ਸ਼ਿਲੀ, ਇ., ਦੇਲ੍ਹੀ, ਬਾਣ, ਭਾਲਾ

शिलीन्द्र–ਸ਼ਿਲੀਂਦ੍ਰ, ਪੁ., ਕੇਲੇ ਦਾ ਫੁੱਲ

शिलीन्द्रक–ਸ਼ਿਲੀਦ੍ਰਕ, ਪੁ., ਖੁੰਬ

शिलीपद–ਸ਼ਿਲੀਪਦ, ਪੁ., ਇਕ ਰੋਗ

शिलीपृष्ठ–ਸ਼ਿਲੀਪ੍ਰਿਸ਼ਠ, ਪੁ., ਤਲਵਾਰ

शिलीमुख–ਸ਼ਿਲੀਮੁਖ, ਪੁ., ਭੌਰਾ, ਲੜਾਈ, ਜੁਧ, ਬਾਣ

शिलेय–ਸ਼ਿਲੇਯ, ਪੁ., ਸ਼ਿਲਾਜੀਤ, ਵਿ., ਸ਼ਿਲ ਸਬੰਧੀ

शिल्प–ਸ਼ਿਲਪ, ਪੁ., ਦਸਤਕਾਰੀ, ਕਾਰੀਗਰੀ

शिल्पकला–ਸ਼ਿਲਪਕਲਾ, ਇ., ਦਸਤਕਾਰੀ, ਕਾਰੀਗਰੀ

शिल्पकार–ਸ਼ਿਲਪਕਾਰ, ਪੁ., ਕਾਰੀਗਰ, ਦਸਤਕਾਰ

शिल्पकारी–ਸ਼ਿਲਪਕਾਰੀ, ਪੁ., ਦਸਤਕਾਰੀ

शिल्पगृह–ਸ਼ਿਲਪਗ੍ਰਿਹ. ਪੁ., ਕਾਰਖਾਨਾ

शिल्पजीवी–ਸ਼ਿਲਪਜੀਵੀ, ਵਿ., ਦਸਤਕਾਰ, ਕਾਰੀਗਰ

शिल्पता–ਸ਼ਿਲਪਤਾ, ਇ., ਕਾਰੀਗਰੀ

शिल्पप्रजापति–ਸ਼ਿਲਪਪ੍ਰਜਾਪਤਿ ਪੁ.. ਵਿਸ਼੍ਵਕਰਮਾ

शिल्पविद्या–ਸ਼ਿਲਪਵਿਦਯਾ, ਇ., ਦਸਤਕਾਰੀ

शिल्पशाला–ਸ਼ਿਲਪਸ਼ਾਲਾ, ਇ., ਕਾਰਖਾਨਾ

शिल्पशास्त्र–ਸ਼ਿਲਪਾਸ਼ਤ੍ਰ, ਪੁ., ਦਸਤਕਾਰੀ ਸਬੰਧੀ ਪੋਥੀ

शिल्पिक, शिल्पी–ਸ਼ਿਲਪਿਕ, ਸ਼ਿਲਪੀ. ਵਿ., ਦਸਤਕਾਰ, ਕਾਰੀਗਰ, ਰਾਜ

शिव–ਸ਼ਿਵ, ਪੁ., ਮੰਗਲ, ਸੁਖ, ਕਲਿਆਣ, ਜਲ, ਪਾਣੀ, ਸੇਂਧਾ ਲੂਣ; ਫਟਕੜੀ, ਸੁਹਾਗਾ, ਚਾਂਦੀ, ਚੰਨਣ, ਲੋਹਾ, ਮਿਰਚ, ਸ਼ਿਵ, ਮਹਾਦੇਵ, ਈਸ਼੍ਵਰ; ਮਹੇਸ਼, ਮੋਖਸ਼, ਪਾਰਾ, ਵੇਦ, ਇਕ ਛੰਦ, ਵਸੂ

शिवक–ਸ਼ਿਵਕ, ਪੁ., ਕਿੱਲਾ, ਕੰਡਾ

शिवकान्ता–ਸ਼ਿਵਕਾਂਤਾ, ਇ., ਦੁਰਗਾ

शिवकारी–ਸ਼ਿਵਕਾਰੀ, ਵਿ.,ਕਲਿਆਣ ਕਰਨ ਵਾਲਾ

शिवकारिणी–ਸ਼ਿਵਕਾਰਿਣੀ, ਇ., ਸ਼ਿਵਾ, ਦੁਰਗਾ, ਵਿ., ਮੰਗਲ ਕਰਨ ਵਾਲੀ

शिवकिंकर–ਸ਼ਿਵਕਿੰਕਰ, ਪੁ.. ਸ਼ਿਵਾਂ ਦਾ ਦੂਤ

शिवकीर्तन–ਸ਼ਿਵਕੀਰਤਨ, ਵਿ., ਸ਼ੈਵ, ਸ਼ਿਵਾਂ ਨੂੰ ਮੰਨਣ ਵਾਲਾ, ਪੁ., ਸ਼ਿਵਾਂ ਦੀ ਉਸਤਤ

शिवक्षेत्र–ਸ਼ਿਵਕਸ਼ੇਤ੍ਰ, ਪੁ., ਕੈਲਾਸ਼

शिवगण–ਸ਼ਿਵਗਣ, ਪੁ., ਸ਼ਿਵਾਂ ਦਾ ਸੇਵਕ

शिवङ्कर–ਸ਼ਿਵੰਕਰ, ਵਿ., ਕਲਿਆਣ ਕਾਰੀ, ਸੁਖ ਦੇਣ ਵਾਲਾ

शिवता–ਸ਼ਿਵਤਾ, ਇ., ਸ਼ਿਵ ਦਾ ਧਰਮ, ਮੁਕਤੀ, ਛੁਟਕਾਰਾ

शिवतेज–ਸ਼ਿਵਤੇਜ, ਪੁ., ਪਾਰਾ

शिवदत्त–ਸ਼ਿਵਦੱਤ, ਪੁ., ਸੁਦਰਸ਼ਨ ਚਕ੍ਰ

शिवदूती–ਸ਼ਿਵਦੂਤੀ, ਇ., ਦੁਰਗਾ

शिवद्रुम–ਸ਼ਿਵਦ੍ਰੁਮ, ਪੁ., ਬਿਲ ਦਾ ਰੁੱਖ

शिवदिष्टा–ਸ਼ਿਵਦਿਸ਼੍ਟਾ, ਇ., ਕਿਉੜਾ

शिवधातु–ਸ਼ਿਵਧਾਤੁ, ਪੁ., ਪਾਰਾ

शिवनंदन–ਸ਼ਿਵਨੰਦਨ, ਪੁ., ਗਣੇਸ਼ ਜੀ

शिवनिर्माल्य–ਸ਼ਿਵਨਿਰਮਾਲਯ, ਪੁ., ਸ਼ਿਵ ਨੂੰ ਅਰਪਣ ਕੀਤੀ ਹੋਈ ਚੀਜ਼, ਛੱਡਣ ਜੋਗ ਵਸਤੂ

शिवनाथ–ਸ਼ਿਵਨਾਥ, ਪੁ., ਮਹਾਦੇਵ

शिवपुराण–ਸ਼ਿਵਪੁਰਾਣ, ਪੁ., ਅਠਾਰਾਂ ਪੁਟਾਣਾਂ ਵਿਚੋਂ ਇਕ

शिवपुरी–ਸ਼ਿਵਪੁਰੀ, ਇ., ਕਾਸ਼ੀ ਜ਼ੀ

शिवप्रिया–ਸ਼ਿਵਪ੍ਰਿਯਾ, ਇ., ਦੁਰਗਾ

शिवभक्त–ਸ਼ਿਵਭਕ੍ਤ, ਪੁ., ਸ਼ਿਵਾਂ ਨੂੰ ਮੰਨਣ ਵਾਲਾ

शिवभागवत–ਸ਼ਿਵਭਾਗਵਤ, ਪੁ., ਸ਼ਿਵਾਂ ਦਾ ਭਗਤ

शिवमय–ਸ਼ਿਵਮਯ, ਵਿ., ਸ਼ਿਵ ਰੂਪ

शवयोषित–ਸ਼ਿਵਯੋਸ਼ਿਤ, ਇ., ਸ਼ਿਵਾਂ ਦੀ ਪਤਨੀ, ਦੁਰਗਾ, ਪਾਰਬਤੀ

शिवमल्ली–ਸ਼ਿਵਮੱਲੀ, ਇ., ਮੌਲਸਰੀ

शिवरात्रि–ਸ਼ਿਵਰਾਤ੍ਰਿ, ਇ., ਫਗਣ ਵਦੀ ਚੋਦੇਂ

शिवरानी–ਸ਼ਿਵਰਾਨੀ, ਇ., ਪਾਰਬਤੀ

शिवलिंग–ਸ਼ਿਵਲਿੰਗ, ਪੁ., ਮਹਾਦੇਵ, ਦਾ ਲਿੰਗ ਜਿਸ ਦੀ ਪੂਜਾ ਹੁੰਦੀ ਹੈ

शिवलिङ्गी–ਸ਼ਿਵਲਿੰਗੀ, ਇ., ਇਕ ਪ੍ਰਸਿੱਧ ਬੂਟੀ

शिवलोक–ਸ਼ਿਵਲੋਕ, ਪੁ., ਕੈਲਾਸ਼

शिववल्लभा–ਸ਼ਿਵਵਲੱਭਾ, ਇ., ਪਾਰਬਤੀ

शिववाहन–ਸ਼ਿਵਵਾਹਨ, ਪੁ., ਬੈਲ, ਬਲ੍ਹਦ

शिवशक्ति–ਸ਼ਿਵਸ਼ਕ੍ਤਿ, ਇ., ਪਾਰਬਤੀ

शिवसायुज्य–ਸ਼ਿਵਸਾਯੁਜਯ, ਪੁ., ਉਹ ਮੁਕਤੀ ਜਿਸ ਨਾਲ ਬੰਦਾ ਸ਼ਿਵਾਂ ਦਾ ਰੂਪ ਹੋ ਜਾਂਦਾ ਹੈ

शिवसुन्दरी–ਸ਼ਿਵਸੁੰਦਰੀ, ਇ., ਦੁਰਗਾ

शिवा–ਸ਼ਿਵਾ, ਇ., ਦੁਰਗਾ, ਪਾਰਬਤੀ, ਮੋਖਸ਼, ਮੇਥੀ, ਦੱਭ, ਅਨੰਤ ਮੂਲ, ਗੋਰੋਚਨ, ਜੰਡੀ, ਗਿਦੜੀ

शिवाक्ष–ਸ਼ਿਵਾਕਸ਼, ਪੁ., ਰੁਦ੍ਰਾਖਸ਼

शिवानी–ਸ਼ਿਵਾਨੀ, ਇ., ਦੁਰਗਾ

शिवारुत–ਸ਼ਿਵਾਰੁਤ, ਪੁ., ਗਿਦੜੀ ਦੀ ਅਵਾਜ਼

शिवालय–ਸ਼ਿਵਾਲਯ, ਪੁ., ਸ਼ਿਵਾਲਾ, ਸ਼ਿਵਾਂ ਦਾ ਮੰਦਰ

शिवालू–ਸ਼ਿਵਾਲੂ, ਪੁ, ਗਿੱਦੜ

शिवाह्लाद–ਸ਼ਿਵਾਲ੍ਹਾਦ, ਪੁ., ਸ਼ਿਵਾਂ ਦੀ ਖੁਸ਼ੀ

शिवाह्वय–ਸ਼ਿਵਾਹ੍ਵਯ, ਪੁ., ਪਾਰਾ, ਚਿੱਟਾ ਅੱਕ

शिवि–ਸ਼ਿਵਿ, ਪੁ., ਭੋਜ ਪੱਤਰ ਦਾ ਰੁੱਖ, ਰਾਜਾ ਉਸ਼ੀਨਰ ਦਾ ਪੁੱਤਰ ਜੋ ਵੱਡਾ ਧਰਮੀ ਸੀ

शिविका–ਸ਼ਿਵਿਕਾ, ਵਿ., ਪਾਲਕੀ, ਡੋਲੀ

शिविर–ਸ਼ਿਵਿਰ, ਪੁ., ਡੇਰਾ, ਖੇਮਾ, ਕਿਲਾ, ਛਾਉਣੀ, ਪੜਾਉ

शिशिर–ਸ਼ਿਸ਼ਿਰ, ਪੁ., ਸਿਆਲ, ਬਰਫ, ਵਿਸ਼ਨੂੰ, ਵਿ., ਸੀਤਲ, ਠੰਢਾ

शिशिरकर, शिशिरकिरण–ਸ਼ਿਸ਼ਿਰਕਰ, ਸ਼ਿਸ਼ਰਕਿਰਣ, ਪੁ., ਚੰਦ

शिशिरता–ਸ਼ਿਸ਼ਿਰਤਾ, ਇ., ਠੰਡਕ

शिशिरदीधिति, शिशिरमयूख–ਸ਼ਿਸ਼ਿਰਦੀਧਿਤਿ, ਸ਼ਿਸ਼ਿਰਮਯੂਖ ਪੁ., ਚੰਦ

शिशिरांश–ਸ਼ਿਸ਼ਿਰਾਂਸ਼, ਪੁ., ਚੰਦ

शिशु–ਸ਼ਿਸ਼ੁ, ਪੁ., ਬਾਲ, ਮੁੰਡਾ, ਖਾਸ ਕਰ ਅਠ ਸਾਲ ਤਕ ਦਾ ਜਵਾਕ

शिशुकाल–ਸ਼ਿਸ਼ੁਕਾਲ, ਪੁ., ਬਚਪਣ, ਛੋਟੀ ਉਮਰ, ਬਾਲ ਉਮਰ

शिशुता, शिशुताई, शिशुत्व–ਸ਼ਿਸ਼ੁਤਾ, ਸ਼ਿਸ਼ੁਤਾਈ, ਸ਼ਿਸ਼ੁਤ੍ਵ, ਪੁ., ਇ., ਬਚਪਣ, ਨਿਆਣੀ ਉਮਰ

शिशुनाग–ਸ਼ਿਸ਼ੁਨਾਗ, ਪੁ., ਇਕ ਰਾਖਸ਼, ਮਗਧ ਦੇਸ ਦਾ ਇਕ ਰਾਜਾ

शिशुपन–ਸ਼ਿਸ਼ੁਪਨ, ਪੁ., ਬਚਪਣ

शिशुपाल–ਸ਼ਿਸ਼ੁਪਾਲ, ਪੁ., ਇਕ ਰਾਜਾ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ

शिशुभाव–ਸ਼ਿਸ਼ੁਭਾਵ, ਪੁ., ਬਚਪਣ

शिशुमार–ਸ਼ਿਸ਼ਮਾਰ, ਪੁ., ਨਛੱਤਰ ਮੰਡਲ, ਵਿਸ਼ਨੂੰ. ਸ੍ਰੀ ਕ੍ਰਿਸ਼ਣ

शिशुमार चक्र–ਸ਼ਿਸ਼ੁਮਾਰਚਕ੍ਰ, ਪੁ., ਤਾਰਿਆਂ ਭਰਿਆ ਅਕਾਸ਼

शिशुवाहक–ਸ਼ਿਸ਼ੁਵਾਹਕ. ਪੁ., ਜੰਗਲੀ ਬੱਕਰਾ

शिश्न–ਸ਼ਿਸ਼ਨ, ਪੁ., ਲਿੰਗ

शिष–ਸ਼ਿਸ਼, ਪੁ., ਕਤਲ, ਹਿੰਸਾ, ਖੂੰਨ, ਇ , ਚੋਟੀ, ਬੋਦੀ, ਸਿਰਾ

शिषरी–ਸ਼ਿਸ਼ਰੀ, ਵਿ., ਸ਼ਿਖਰ ਵਾਲਾ, ਚੋਟੀ ਵਾਲਾ

शिष्ट–ਸ਼ਿਸ਼੍ਟ, ਵਿ., ਸ਼ਾਂਤ, ਸੁਸ਼ੀਲ, ਚੰਗੇ ਸੁਭਾਉ ਵਾਲਾ, ਸੱਜਣ, ਬੁਧੀਮਾਨ, ਪ੍ਰਧਾਨ, ਪ੍ਰਸਿੱਧ, ਪੁ., ਮੰਤਰੀ, ਸਭਾਸਦ, ਮੈਂਬਰ

शिष्टता–ਸ਼ਿਸ਼੍ਟਤਾ, ਵਿ., ਭਲਮਾਣਸੀ, ਸਜਨਤਾ

शिष्टसभा–ਸ਼ਿਸ਼੍ਟਸਭਾ, ਇ., ਰਾਜਸਭਾ

शिष्टसमाज–ਸ਼ਿਸ਼੍ਟਸਮਾਜ, ਪੁ., ਸਿਆਣਿਆਂ ਦੀ ਸਭਾ

शिष्टाचार–ਸ਼ਿਸ਼੍ਟਚਾਰ, ਪੁ., ਆਦਰ, ਨਿੰਮਰਤਾ, ਚੰਗਾ ਵਿਹਾਰ, ਭਲੇ ਆਦਮੀਆਂ ਜਿਹਾ ਵਰਤਾਰਾ,

शिष्टि–ਸ਼ਿਸ਼੍ਟਿ, ਇ., ਆਗਿਆ, ਹੁਕਮ, ਹਕੂਮਤ. ਡੰਨ, ਸਜਾ

शिष्य–ਸ਼ਿਸ਼ਜ, ਪੁ., ਵਿਦਿਆਰਥੀ, ਚੇਲਾ, ਸ਼ਗਿਰਦ

शिष्यता–ਸ਼ਿਸ਼ਜਤਾ, ਇ.. ਸਿੱਖ ਹੋਣ ਦਾ ਭਾਵ, ਚੇਲਾਪਣ

शिष्या–ਸ਼ਿਸ਼ਜਾ, ਇ., ਚੇਲੀ, ਸ਼ਗਿਰਦਣੀ

शिस्त–ਸ਼ਿਸ੍ਤ, ਇ., ਮੱਛੀ ਫੜਨ ਦੀ ਕੁੰਡੀ, ਅੰਗੂਠਾ, ਨਿਸ਼ਾਨਾ,

शीकर–ਸ਼ੀਕਰ, ਪੁ., ਬਤਡ, ਪਾਲਾ, ਪਾਣੀ ਦੀ ਬੂੰਦ, ਮੀਂਹ ਦੀ ਕਣੀ

शीघ्र–ਸ਼ੀਘ੍ਰ, ਕ੍ਰਿ. ਵਿ., ਜਲਦ, ਤੁਰਤ, ਝਟਪਟ, ਪੁ, ਹਵਾ

शीघ्रकारी–ਸ਼ੀਘ੍ਰਕਾਰੀ, ਵਿ., ਛੇਤੀ ਕੰਮ ਕਰਨ ਵਾਲਾ

शीघ्रकोपी–ਸ਼ੀਘ੍ਰਕੋਪੀ, ਵਿ., ਛੇਤੀ ਗੁੱਸੇ ਹੋ ਜਾਣ ਵਾਲਾ

शीघ्रग–ਸ਼ੀਘ੍ਰਗ ਪੁ., ਸੂਰਜ, ਹਵਾ, ਖਰਗੋਸ਼, ਸੇਹਾ

शीघ्रगामी–ਸ਼ੀਘ੍ਰਗਾਮੀ, ਵਿ., ਤੇਜ਼ ਚੱਲਣ ਵਾਲਾ

शीघ्रता–ਸ਼ੀਘ੍ਰਤਾ, ਇ., ਜਲਦੀ, ਤੇਜੀ, ਫੁਰਤੀ

शीघ्रपतन–ਸ਼ੀਘ੍ਰਪਤਨ, ਪੁ., ਭੋਗ ਸਮੇ ਛੇਤੀ ਖਲਾਸ ਹੋਣ ਦਾ ਭਾਵ

शीघ्रपाणि–ਸ਼ੀਘ੍ਰਪਾਣਿ, ਪੁ., ਵਾਯੂ. ਹਵਾ

शीघ्रपुष्प–ਸ਼ੀਘ੍ਰਪੁਸ਼ਪ, ਪੁ., ਅਗਸਤ ਦਾ ਰੁੱਖ

शीघ्रयान–ਸ਼ੀਘ੍ਰਜਾਨ. ਵਿ., ਤੇਜ ਚੱਲਣ ਵਾਲੀ ਸਵਾਰੀ

शीघ्रवह–ਸ਼ੀਘ੍ਰਵਹ. ਵਿ.. ਛੇਤੀ ਲੈ ਜਾਣ ਵਾਲਾ

शीघ्रवेदी–ਸ਼ੀਘ੍ਰਵੇਦੀ, ਵਿ., ਛੇਤੀ ਬਾਣ ਚਲਾਉਣ ਵਾਲਾ

शीघ्रसंचारी–ਸ਼ੀਘ੍ਰਸੰਚਾਰੀ ਵਿ., ਦੇਖੋ ਸ਼ੀਘ੍ਰਗਾਮੀ (शीघ्रगामी)

शीत–ਸ਼ੀਤ, ਪੁ., ਜਾੜਾ, ਸਰਦੀ, ਬਰਫ਼, ਪਾਲੇ ਦੀ ਮੌਸਮ, ਵਿ., ਠੰਡਾ

शीतक–ਸ਼ੀਤਕ, ਵਿ., ਕੰਮ ਵਿਚ ਦੇਰੀ ਕਰਨ ਵਾਲਾ, ਮੱਠਾ

शीतकटिबन्ध–ਸ਼ੀਤਕਟਿਬੰਧ, ਪੁ., ਧਰਤੀ ਦਾ ਉਹ ਹਿੱਸਾ ਜਿਥੇ ਸਦਾ ਬਰਫ ਪੈਂਦੀ ਹੈ

शीतकर–ਸ਼ੀਤਕਰ, ਪੁ, ਚੰਦ. ਕਪੂਰ

शीतकाल–ਸ਼ੀਤਕਾਲ, ਪੁ, ਮੱਘਰ ਪੋਹ ਦਾ ਮਹੀਨਾ

शीतक्षार–ਸ਼ੀਤਕਸ਼ਾਰ, ਪੁ., ਸ਼ੁੱਧ ਸੁਹਾਗਾ

शीतगन्ध–ਸ਼ੀਤਗੰਧ, ਪੁ., ਸਫੈਦ ਚੰਦਨ

शीतगु–ਸ਼ੀਤਗੁ, ਪੁ., ਕਪੂਰ, ਚੰਦ

शीतच्छाय–ਸ਼ੀਤੱਛਾਯ, ਪੁ., ਬੋਹੜ ਦਾ ਰੁੱਖ

शीतता–ਸ਼ੀਤਤਾ, ਪੁ., ਠੰਡਕ

शीतदूर्वा–ਸ਼ੀਤਦੂਰਵਾ, ਇ.; ਚਿੱਟਾ ਘਾਹ

शीतद्युति–ਸ਼ੀਤਦਜੁਤਿ, ਪੁ., ਚੰਦ

शीतपुष्प–ਸ਼ੀਤਪੁਸ਼ਪ, ਪੁ., ਛੜੀਲਾ

शीतप्रभ–ਸ਼ੀਤਪ੍ਰਭ, ਪੁ., ਕਪੂਰ

शीतफल–ਸ਼ੀਤਫਲ, ਪੁ., ਔਲਾ, ਗੂਲਰ

शीतभानु–ਸ਼ੀਤਭਾਨੁ, ਪੁ., ਚੰਦ

शीतभीरु-ਸ਼ੀਤਭੀਰੁ, ਵਿ., ਠੰਡ ਤੋਂ ਡਰਨ ਵਾਲਾ

शीतमयूख-ਸ਼ੀਤਮਯੁਖ, ਪੁ., ਚੰਦ. ਕਪੂਰ

शीतमूलक-ਸ਼ੀਤਮੂਲਕ, ਪੁ., ਖਸ

शीतरम्य-ਸ਼ੀਤਰਮਜ, ਵਿ., ਜੋ ਸ਼ੀਤ ਕਾਲ ਵਿਚ ਸੋਹਣਾ ਹੋਵੇ

शीतरश्मि-ਸ਼ੀਤਰਸ਼ਮਿ, ਪੁ., ਚੰਦ, ਕਪੂਰ

शीतल-ਸ਼ੀਤਲ, ਵਿ., ਠੰਡਾ, ਸਰਦ, ਸ਼ਾਂਤ, ਪੁ., ਠੰਡਕ, ਖਸ, ਬਰਫ

शीतलचीनी-ਸ਼ੀਤਲਚੀਨੀ, ਇ., ਮਿਰਚ ਵਰਗੀ ਇਕ ਵੇਲ ਜਿਸ ਦੇ ਫੁੱਲ ਖਾਣ ਵਿਚ ਕੌੜੇ ਹੁੰਦੇ ਹਨ

शीतलता, शीतलताई-ਸ਼ੀਤਲਤਾ, ਸ਼ੀਤਲਤਾਈ, ਇ., ਸਰਦੀ, ਠੰਡਕ, ਠੰਡ, ਠੰਡਾਪਣ

शीतला-ਸ਼ੀਤਲਾ, ਇ., ਚੇਚਕ, ਮਾਤਾ

शीतलाष्टमी-ਸ਼ੀਤਲਾਸ਼੍ਟਮੀ, ਇ., ਚੇਤ ਸੁਦੀ ਅੱਠੇਂ

शीतवासा-ਸ਼ੀਤਵਾਸਾ, ਇ., ਜੂਹੀ, ਕਲੀ

शीतशैल-ਸ਼ੀਤਸ਼ੈਲ, ਪੁ., ਹਿਮਾਲਾ ਪਰਬਤ

शीतांशु-ਸ਼ੀਤਾਸ਼ੁ, ਪੁ., ਕਪੂਰ, ਚੰਦ

शीता-ਸ਼ੀਤਾ, ਇ., ਖਿਰਣੀ

शीताद्रि-ਸ਼ੀਤਾਦ੍ਰਿ, ਪੁ., ਹਿਮਾਲਾ ਪਰਬਤ

शीताभ- ਸ਼ੀਤਾਭ, ਪੁ. ਰੰਦ, ਕਪੂਰ

शीताम्बु-ਸ਼ੀਤਾਂਬੁ, ਪੁ., ਠੰਡਾ ਜਲ

शीताश्म-ਸ਼ੀਤਾਸ਼ਮ, ਪੁ., ਠੰਡਾ ਪੱਥਰ, ਚੰਦਰਕਾਂਤਾ ਮਣੀ

शीतेतर-ਸ਼ੀਤੇਤਰ, ਵਿ., ਗਰਮ, ਕੋਸਾ

शीतोदक-ਸ਼ੀਤੋਦਕ, ਪੁ., ਇਕ ਨਰਕ

शीतोष्ण-ਸ਼ੀਤੋਸ਼ਣ, ਵਿ., ਖੂਹਨੁਵਾਇਆ, ਥੋੜਾ ਤੱਤਾ ਥੋੜਾ ਠੰਡਾ

शीत्कार-ਸ਼ੀਤਕਾਰ, ਪੁ., ਤੀਵੀਆਂ ਦੀ ਭੋਗ ਕਰਨ ਸਮੇ ਦੀ ਅਵਾਜ਼

शीफ़र-ਸ਼ੀਫ਼ਰ, ਵਿ., ਸੁੰਦਰ, ਰਮਣੀਕ, ਸੋਹਣਾ

शीभव-ਸ਼ੀਭਵ, ਪੁ., ਜਲ ਪਰਵਾਹ, ਖਾਣੀ ਦਾ ਵੇਗ

शीभ्य-ਸ਼ੀਭਜ, ਪੁ., ਸ਼ਿਵ, ਬਲ੍ਹਦ, ਬੈਲ

शीमूल-ਸ਼ੀਮੂਲ, ਪੁ., ਸਿੰਮਲ ਦਾ ਰੁੱਖ

शीर-ਸ਼ੀਰ. ਪੁ., ਦੁੱਧ, ਖੀਰ

शीरख़िश्त- ਸ਼ੀਰਖਿਸ਼ਤ, ਪੁ., ਇਕ ਪ੍ਰਸਿੱਧ ਦਸਤਾਵਰ ਬੂਟੀ

शीरख़ोरी-ਸ਼ੀਰਖੋਰੀ, ਪੁ., ਦੁੱਧ ਚੁੰਘਦਾ ਬੱਚਾ

शीरमाल-ਸ਼ੀਰਮਾਲ, ਪੁ., ਖਮੀਰੀ ਰੋਟੀ

शीरा-ਸ਼ੀਰਾ, ਪੁ., ਖੰਡ ਭਾ ਪਾਣੀ, ਸ਼ਰਬਤ, ਚਾਸਣੀ

शीराज़ा-ਸ਼ੀਰਾਜ਼ਾ, ਪੁ., ਕਿਤਾਬਾਂ ਦੀ ਜਿਲਦ ਵਿਚ ਸਲਾਈ ਦੇ ਕਿਨਾਰੇ ਤੇ ਲਾਇਆ ਫੀਤਾ, ਪ੍ਰਬੰਧ, ਇੰਤਜ਼ਾਮ

शीरीं-ਸ਼ੀਰੀ, ਵਿ., ਮਿੱਠਾ, ਮਧੁਰ, ਪਿਆਰਾ

शीरनी-ਸ਼ੀਰਨੀ, ਇ., ਮਿਠਾਸ, ਮਿਠਿਆਈ, ਪਤਾਸਾ, ਮਿੱਠਾਪਣ

शीर्ण-ਸ਼ੀਰਣ, ਵਿ., ਕਮਜ਼ੋਰ, ਮਾੜਾ, ਪਤਲਾ, ਕੁਮੁਲਾਇਆ ਹੋਇਆ, ਗਿਰਿਆ ਹੋਇਆ, ਪਾਟਿਆ ਪੁਰਾਣਾ, ਸੁੰਗੜਿਆ ਹੋਇਆ

शीर्णदल-ਸ਼ੀਰਣਦਲ, ਪੁ., ਨਿੰਮ ਦਾ ਰੁੱਖ

शीर्य-ਸ਼ੀਰਯ, ਵਿ., ਟੁੱਟਣ ਫੁੱਟਣ ਜੋਗ

शीर्ष-ਸ਼ੀਰਸ਼, ਪੁ., ਮੱਥਾ, ਕਪਾਲ, ਸਿਰ, ਚੋਟੀ

शीर्षक-ਸ਼ੀਰਸ਼ਕ, ਵਿ., ਸਿਰੇ ਦਾ, ਚੋਟੀ ਦਾ, ਪੁ., ਸਿਰਲੇਖ

शीर्षघाती-ਸ਼ੀਰਸ਼ਘਾਤੀ, ਵਿ., ਸਿਰ ਕੱਟਣ ਵਾਲਾ

शीर्षच्छेद-ਸ਼ੀਰਸ਼ੱਛੇਦ, ਪੁ., ਸਿਰ ਕੱਟਣ ਦਾ ਭਾਵ

शीर्षच्छेदिक-ਸ਼ੀਰਸ਼ੱਛੇਦਿਕ, ਵਿ., ਮਾਰਨ ਜੋਗ, ਕਤਲ ਕਰਨ ਜੋਗ

शीर्षतः -ਸ਼ੀਰਸ਼ਤਃ, ਅਵ੍ਯ., ਮੱਥੇ ਉਤੇ, ਸਿਰ ਤੇ

शीर्षपट्टक-ਸ਼ੀਰਸ਼ਪੱਟਕ, ਪੂ., ਮੱਥੇ ਤੇ ਬਨ੍ਹਣ ਦੀ ਪੱਟੀ

शीर्षबिन्दु-ਸ਼ੀਰਸ਼ਬਿੰਦੁ, ਪੁ.,ਕਪਾਲ, ਸਿਰ ਦੀ ਸਭ ਤੋਂ ਉਚੀ ਥਾਂ

शीर्षभार-ਸ਼ੀਰਸ਼ਭਾਰ, ਪੁ., ਮੱਥੇ ਦਾ ਬੋਝ

शीर्षरक्ष-ਸ਼ੀਰਸ਼ਰਕਸ਼, ਪੁ., ਟੋਪ, ਟੋਪੀ, ਪਗੜੀ, ਸਾਫ਼ਾ

शीर्षरक्षण-ਸ਼ੀਰਸ਼ਰਕਸ਼ਣ; ਪੁ., ਪਗੜੀ, ਸਾਫ਼ਾ

शील-ਸ਼ੀਲ, ਪੁ., ਆਚਰਣ, ਚਾਲਚਲਣ, ਵਰਤੋਂ, ਸੁਭਾਉ, ਵਿਵਹਾਰ, ਚਰਿਤਰ

शीलता-ਸ਼ੀਲਤਾ, ਇ., ਸਾਧੂ ਸੁਭਾਉ

शीलधर-ਸ਼ੀਲਧਰ, ਵਿ., ਭਲਾਮਾਣਸ, ਸਾਊ

शीलन-ਸ਼ੀਲਨ, ਪੁ., ਅਭਿਆਸ

शीलभ्रंश-ਸ਼ੀਲਭ੍ਰੰਸ਼, ਵਿ., ਭਲਮਾਣਸੀ ਛੱਡਣ ਵਾਲਾ, ਲੁੱਚਾ, ਬਦਮਾਸ਼

शीलवान्-ਸ਼ੀਲਵਾਨ, ਵਿ., ਕੋਮਲ ਸੁਭਾਉ ਵਾਲਾ

शीलवृत्त-ਸ਼ੀਲਵ੍ਰਿੱਤ, ਵਿ., ਸੁਸ਼ੀਲ, ਭਲਾ, ਸਾਊ

शीलशाली-ਸ਼ੀਲਸ਼ਾਲੀ, ਵਿ., ਚੰਗੇ ਸੁਭਾਉ ਵਾਲਾ, ਸਾਊ

शीली-ਸ਼ੀਲੀ, ਵਿ., ਭਲਾਮਾਣਸ, ਸਾਊ

शीवल-ਸ਼ੀਵਲ, ਪੁ., ਪਾਣੀ ਦਾ ਜਾਲਾ, ਕੰਵਲ ਦੀ ਨਾਲ

शीश-ਸ਼ੀਸ਼, ਪੁ., ਦੇਖੋ ਸ਼ੀਰਸ਼ (शीर्ष)

शीशमहल-ਸ਼ੀਸ਼ਮਹਲ, ਪੁ., ਸ਼ੀਸੇ ਦੀਆਂ ਕੰਧਾਂ ਵਾਲਾ ਘਰ

शीशम-ਸ਼ੀਸ਼ਮ; ਪੁ., ਟਾਲ੍ਹੀ, ਸੀਹੋਂ

शीशा-ਸ਼ੀਸ਼ਾ, ਪੁ., ਕੱਚ, ਮੂਹ ਦੇਖਣ ਵਾਲਾ ਸ਼ੀਸ਼ਾ, ਦਰਪਣ

शीशी-ਸ਼ੀਸ਼ੀ, ਇ., ਤੇਲ ਆਦਿ ਰਖਣ ਦਾ ਸ਼ੀਸ਼ੇ ਦਾ ਭਾਂਡਾ

शुक-ਸ਼ੁਕ, ਪੁ., ਕਪੜਾ, ਪਗੜੀ, ਸਾਫਾ, ਕਪੜੇ ਦਾ ਪੱਲਾ, ਸਰ੍ਹੀਂ ਦਾ ਰੁੱਖ, ਤੋਤਾ, ਸ਼ੁਕਦੇਵ ਜੀ

शुककीट-ਸ਼ੁਕਕੀਟ, ਪੁ., ਹਰੇ ਰੰਗ ਦਾ ਇਕ ਤਰ੍ਹਾਂ ਦਾ ਕੀੜਾ

शुकतरु-ਸ਼ੁਕਤਰੁ, ਪੁ., ਸਰੀਂਹ ਦਾ ਰੁੱਖ

शुकतुण्ड-ਸ਼ੁਕਤੁੰਡ, ਪੁ., ਤੋਤੇ ਦੀ ਚੁੰਝ

शुकदेव-ਸ਼ੁਕਦੇਵ, ਪੁ., ਵਿਆਸ ਦਾ ਪੁੱਤਰ

शुकनास-ਸ਼ੁਕਨਾਸ, ਪੁ., ਗੰਡੋਇਆ

शुकप्रिय-ਸ਼ੁਕਪ੍ਰਿਜ, ਪੁ., ਕਮਰਖ

शुकराना-ਸ਼ੁਕਰਾਨਾ, ਪੁ., ਧੰਨਵਾਦ, ਕ੍ਰਿਤੱਗਤਾ, ਧੰਨਵਾਦ

ਪੂਰਬਕ ਦਿੱਤਾ ਧਨ

शुकरूप–ਸ਼ੁਕਰੂਪ, ਵਿ., ਤੋਤੇ ਜੇਹਾ

शुकवल्लभ–ਸ਼ੁਕਵੱਲਭ, ਪੁ., ਅਨਾਰ, ਦਾੜੂ

शुकवाह–ਸ਼ੁਕ੍ਵਾਹ, ਪੁ., ਕਾਮਦੇਵ

शुकवृक्ष–ਸ਼ੁਕਵ੍ਰਿਕਸ਼, ਪੁ., ਸਰੀਂਹ ਦਾ ਰੁੱਖ

शुकशिम्बा–ਸ਼ੁਕਸਿੰਵਾ, ਇ., ਕੌਂਚ

शुकादन–ਸ਼ੁਕਾਦਨ, ਇ., ਦਾੜੂ, ਅਨਾਰ

शुकानन–ਸ਼ੁਕਾਨਨ, ਵਿ., ਤੋਤੇ ਜੇਹੇ ਮੂੰਹ ਵਾਲਾ

शुकी–ਸ਼ੁਕੀ, ਇ., ਕਸ਼ਪ ਦੀ ਤੀਵੀਂ, ਤੋਤੀ

शुक्त–ਸ਼ਕ੍ਤ, ਵਿ., ਕਠੋਰ, ਖੱਟਾ, ਸੁੰਨਸਾਨ, ਖਮੀਰ ਉਠਿਆ ਹੋਇਆ

शुक्ति–ਸ਼ੁਕ੍ਤਿ, ਇ., ਸਿੱਪ, ਸੰਖ, ਹੱਡੀ, ਬਵਾਸੀਰ

शुक्तिज–ਸ਼ੁਕਤਿਜ, ਪੁ., ਮੋਤੀ

शुक्तिबीज–ਸ਼ੁਕ੍ਤਿਬੀਜ, ਪੁ., ਮੋਤੀ

शुक्तिवधु–ਸ਼ੁਕ੍ਤਿਬਧੁ, ਇ., ਸਿੱਪੀ

शुक्र–ਸ਼ੁਕ੍ਰ, ਪੁ., ਕ੍ਰਿਤੱਗਤਾ, ਧੰਨਵਾਦ, ਵੀਰਜ, ਅਗਨੀ, ਤਾਕਤ, ਬਲ, ਇਕ ਗ੍ਰਹਿ

शुक्रकर–ਸ਼ਕ੍ਰਕਰ, ਵਿ., ਵੀਰਜ ਵਰਧਕ

शुक्रगुज़ार–ਸ਼ਕ੍ਰਗੁਜ਼ਾਰ, ਵਿ., ਅਹਿਸਾਨਮੰਦ, ਕ੍ਰਿਤੱਗ

शुक्रगुज़ारी–ਸ਼ੁਕ੍ਰਗੁਜ਼ਾਰੀ, ਇ., ਅਹਿਸਾਨਮੰਦੀ, ਕ੍ਰਿਤੱਗਤਾ

शुक्रदोष–ਸ਼ੁਕ੍ਰਦੋਸ਼, ਪੁ., ਨਾਮਰਦੀ, ਵੀਰਜ ਸਬੰਧੀ ਦੋਸ਼

शुक्रमेह–ਸ਼ੁਕ੍ਰਮੇਹ, ਪੁ., ਪ੍ਰਮੇਹ ਰੋਗ

शुक्रवार–ਸ਼ੁਕ੍ਰਵਾਰ, ਪੁ., ਹਫਤੇ ਦਾ ਛੇਵਾਂ ਦਿਨ, ਜੁਮੇ ਦਾ ਦਿਨ

शुक्रशिष्य–ਸ਼ੁਕ੍ਰਸ਼ਿਸ਼ਜ, ਪੁ., ਅਸੁਰ, ਦੈਂਤ

शुक्रसुत–ਸ਼ੁਕ੍ਰਸੁਤ, ਪੁ., ਕੇਤੁ

शुक्रा–ਸ਼ੁਕ੍ਰਾ, ਇ., ਵੰਸਲੋਚਨ

शुक्राङ्ग–ਸ਼ੁਕ੍ਰਾਂਗ, ਪੁ., ਮੋਰ

शुक्राचार्य–ਸ਼ੁਕ੍ਰਾਚਾਰਜ, ਪੁ., ਦੈਂਤਾਂ ਦਾ ਗੁਰੂ, ਭ੍ਰਿਗੂ ਦਾ ਪੱਤਰ

शुक्रिया–ਸ਼ੁਕ੍ਰਿਯਾ, ਪੁ., ਧੰਨਵਾਦ

शुक्ल–ਸ਼ਕਲ, ਵਿ., ਚਿੱਟਾ, ਸਫੇਦ, ਪੁ., ਚਾਂਦੀ, ਮੱਖਣ, ਵਿਸ਼ਨੂੰ, ਬ੍ਰਾਹਮਣਾਂ ਦੇ ਪੁਰੋਹਤ

शुक्लता–ਸ਼ੁਕਲਤਾ, ਇ., ਸਫੇਦੀ, ਚਿਟਿਆਈ

शुक्लत्व–ਸ਼ੁਕਲਤ੍ਵ, ਪੁ., ਸਫੇਦੀ

शुक्लपक्ष–ਸ਼ੁਕਲਪਕਸ਼, ਪੁ., ਚਾਨਣਾ ਪੱਖ

शुक्लपुष्प–ਸ਼ੁਕਲਪੁਸ਼ਪ, ਪੁ., ਮੈਨਫਲ

शुक्ला–ਸ਼ੁਕਲਾ, ਇ., ਸਰਸੁਤੀ, ਖੰਡ, ਬਿਦਾਰੀ ਕੰਦ, ਚੀਨੀ

शुक्लाङ्गी–ਸ਼ੁਕਲਾਂਗੀ, ਇ., ਨਿਰਗੁੰਡੀ, ਸੌਂਫ

शुक्लफल–ਸ਼ੁਕਲਫਲ, ਪੁ., ਅੱਕ

शुक्लफला–ਸ਼ੁਕਲਫਲਾ, ਇ., ਜੰਡੀ ਦਾ ਰੁੱਖ

शुक्लफेन–ਸ਼ੁਕਲਫੇਨ, ਪੁ., ਸਮੁੰਦਰ ਝੱਗ

शुक्लभंडी–ਸ਼ੁਕਲਭੰਡੀ, ਇ., ਸਫੇਦ ਸਰ੍ਹੋਂ

शुक्लमण्डल–ਸ਼ੁਕਲਮੰਡਲ, ਪੁ., ਅੱਖ ਦੀ ਪੁਤਲੀ ਦੇ ਦੁਆਲੇ ਦਾ ਸਫੇਦ ਹਿੱਸਾ

शुक्लवंश–ਸ਼ੁਕਲਵੰਸ, ਪੁ., ਸਫੇਦ ਬਾਂਸ

शुक्लवृक्ष–ਸ਼ੁਕਲਵ੍ਰਿਕਸ਼, ਪੁ., ਧਾਵੇ ਦਾ ਰੁੱਖ

शुक्लसारग–ਸ਼ੁਕਲਸਾਰਗ, ਪੁ., ਚਿੱਟੇ ਰੰਗ ਦਾ ਪਪੀਹਾ

शुक्लापाङ्ग–ਸ਼ੁਕਲਾਪਾਂਗ, ਪੁ., ਮੋਰ

शुक्लार्क–ਸ਼ੁਕਲਾਰਕ, ਪੁ., ਸਫੈਦ ਅੱਕ

शुक्लिमन्–ਸ਼ੁਕਲਿਮਨ, ਪੁ., ਸਫੈਦੀ, ਚਿਟਿਆਈ

शुक्लोपल–ਸ਼ੁਕਲੋਪਲ, ਪੁ., ਸਫੇਦ ਪੱਥਰ

शुङ्ग–ਸ਼ੁੰਗ, ਪੁ., ਬਰੋਟੇ ਦਾ ਰੁੱਖ

शुङ्गवंश–ਸ਼ੁੰਗਵੰਸ਼, ਪੁ., ਇਕ ਪੁਰਾਣਾ ਰਾਜ ਵੰਸ

शुचि–ਸ਼ੁਚਿ, ਪੁ., ਪੁ., ਅੱਗ, ਜੇਠ ਦਾ ਮਹੀਨਾ, ਸ਼ਿੰਗਾਰ ਰਸ, ਚੰਦ, ਸ਼ੁੱਕਰ, ਬ੍ਰਾਹਮਣ, ਕਾਰਤਿਕੇ, ਪਵਿਤ੍ਰਤਾ, ਵਿ., ਸਾਫ਼ ਨਿਰਦੋਸ, ਪਾਪ ਰਹਿਤ

शुचिकर्म–ਸ਼ੁਚਿਕਰਮ, ਵਿ., ਪਵਿਤਰ ਕਰਨ ਵਾਲਾ

शुचिता–ਸ਼ੁਕਿਤਾ, ਇ., ਪਵਿਤਰਤਾ, ਸ਼ੁੱਧਤਾ

शुचिद्रुम–ਸ਼ੁਚਿਦ੍ਰੁਮ, ਪੁ., ਪਿੱਪਲ ਦਾ ਰੁੱਖ

शुजा–ਸ਼ੁਜਾ, ਵਿ., ਦਲੇਰ, ਬਹਾਦਰ, ਵੀਰ

शुजाअत–ਸ਼ੁਜਾਅਤ, ਇ., ਬਹਾਦਰੀ, ਦਲੇਰੀ

शुण्ठी–ਸ਼ੁੰਠੀ, ਇ., ਸੁੰਡ

शुण्डक–ਸ਼ੁੰਡਕ, ਪੁ., ਇਕ ਤਰ੍ਹਾਂ ਦਾ ਨਗਾਰਾ

शुण्डा–ਸ਼ੁੰਡਾ, ਇ., ਵੇਸਵਾ, ਰੰਡੀ, ਸ਼ਰਾਬ, ਹਾਥੀ ਦੀ ਸੁੰਡ

शुण्डादण्ड–ਸ਼ੁੰਡਾਦੰਦ, ਪੁ., ਹਾਥੀ ਦੀ ਸੁੰਡ

शुण्डार–ਸ਼ੁੰਡਾਰ ਪੁ., ਸਰਾਬ ਬਨਾਉਣ ਤੇ ਵੇਚਣ ਵਾਲਾ

शुण्डाल–ਸ਼ੁੰਡਾਲ, ਪੁ., ਹਾਥੀ

शुण्डिक–ਸ਼ੁੰਡਿਕ, ਪੁ., ਸ਼ਰਾਬ ਵਿਕਣ ਦੀ ਥਾਂ

शुण्डिका–ਸ਼ੁੰਡਿਕਾ, ਇ., ਗਲੇ ਦਾ ਕਾਂ

शुण्डिनी–ਸ਼ੁੰਡਿਨੀ, ਇ., ਛਛੂੰਦਰ

शुतुर–ਸ਼ੁਤੁਰ, ਪੁ., ਪੰਛੀ, ਚਿੜੀ

शुतुरमुर्ग–ਸ਼ੁਤੁਰਮੁਰਗ, ਪੁ., ਇਕ ਬਹੁਤ ਵੱਡਾ ਪੰਛੀ

शुदनी–ਸ਼ੁਦਨੀ, ਇ., ਹੋਣਹਾਰ, ਹੋਣੀ, ਭਾਵੀ

शुद्ध–ਸ਼ੁੱਧ, ਵਿ., ਨਿਰਦੋਸ਼, ਬੇਐਬ, ਪਵਿਤਰ, ਉੱਜਲ, ਸਫੇਦ, ਸਹੀ, ਠੀਕ, ਖਾਲਸ, ਬੇਮਿਲਾਵਟ

शुद्धता–ਸ਼ੁੱਧਤਾ, ਇ., ਨਿਰਦੋਸ਼ਤਾ, ਸਫਾਈ, ਪਵਿਤਰਤਾ

शुद्धपक्ष–ਸ਼ੁੱਧਪਕਸ਼, ਪੁ., ਚਾਨਣਾ ਪੱਖ

शुद्धबुद्धि–ਸ਼ੁੱਧਬੁੱਧਿ, ਵਿ., ਵਿਲੱਖਣ ਬੁੱਧੀ, ਨਿਰਮਲ ਬੁੱਧੀ

शुद्धबोध–ਸ਼ੁੱਧਬੋਧ, ਵਿ., ਜਿਸ ਨੂੰ ਸ਼ੁੱਧ ਗਿਆਨ ਹੋਵੇ

शुद्धभाव–ਸ਼ੁੱਧਭਾਵ, ਪੁ., ਪਵਿਤਰ ਵਿਚਾਰ, ਚੰਗੀ ਭਾਵਨਾ

शुद्धमत–ਸ਼ੁੱਧਮਤਿ, ਵਿ., ਅਕਲਮੰਦ, ਬੁੱਧਮਾਨ

शुद्धरूपी–ਸ਼ੁੱਧਰੂਪੀ, ਵਿ., ਉੱਜਲ ਰੂਪ ਵਾਲਾ

शुद्धवंश्य–ਸ਼ੁੱਧਵੰਸਜ, ਵਿ., ਉੱਚੇ ਘਰਾਣੇ ਵਿਚ ਜਨਮਿਆ ਹੋਇਆ

शुद्धविराज–ਸ਼ੁੱਧਵਿਰਾਜ, ਇ., ਛੰਦ ਦਾ ਇਕ ਭੇਦ

शुद्धात्मा-ਸ਼ੁੱਧਾਤਮਾ, ਵਿ., ਪਵਿੱਤਰ ਆਤਮਾ, ਜਿਸ ਦਾ ਮਨ ਸਾਫ ਹੋਵੇ

शुद्धान्त-ਸ਼ੁਧਾਂਤ, ਪੁ., ਜਨਾਨ ਖਾਨਾ, ਰਣਵਾਸ

शुद्धावास-ਸ਼ੁਧਾਵਾਸ, ਪੁ., ਸੁਰਗ

शुद्धि-ਸ਼ੁਧਿ, ਵਿ., ਸਫਾਈ, ਦੁਰਗਾ

शुद्धिकृत-ਸ਼ੁਧਿਕ੍ਰਿਤ. ਵਿ., ਸ਼ੁੱਧ ਕੀਤਾ ਹੋਇਆ

शुद्धिपत्र-ਸ਼ੁਧਿਪਤ੍ਰ, ਪੁ., ਉਹ ਪੱਤਰ ਜਿਸ ਵਿਚ ਛਾਪੇ ਦੀਆਂ ਅਸ਼ੁਧੀਆਂ ਅੰਕਿਤ ਹੁੰਦੀਆਂ ਹਨ

शुद्धोदन-ਸ਼ੁਧੋਦਨ, ਪੁ., ਸ਼ਾਕਵੰਸੀ ਰਾਜਾ ਜੋ ਬੁੱਧ ਦਾ ਪਿਤਾ ਸੀ

शुद्धोदनि-ਸ਼ੁਧੋਦਨਿ, ਪੁ., ਵਿਸ਼ਨੂੰ

शुनःफेन-ਸ਼ੁਨਃਫੇਨ, ਪੁ., ਇਕ ਰਿਸ਼ੀ

शुन-ਸ਼ੁਨ, ਪੁ., ਕੁੱਤਾ, ਹਵਾ

शुनाशीर-ਸ਼ੁਨਾਸ਼ੀਰ, ਪੁ., ਇੰਦਰ ਅਤੇ ਵਾਯੂ

शुनि-ਸ਼ੁਨਿ, ਪੁ., ਕੁੱਤਾ

शुबहा-ਸ਼ੁਬਹਾ, ਪੁ., ਸ਼ੱਕ, ਸੰਦੇਹ, ਧੋਖਾ

शुभ-ਸ਼ੁਭ, ਪੁ., ਖੁਸ਼ੀ, ਭਲਾਈ, ਮੰਗਲ, ਜੋਤਸ਼ ਦਾ ਇਕ ਜੋਗ, ਵਿ., ਉਤਮ, ਸੁਖੀ, ਸੁੰਦਰ, ਫਾਇਦੇਮੰਦ, ਚੰਗਾ

शुभङ्कर-ਸ਼ੁਭਕਰ, ਵਿ., ਖੁਸ਼ੀ ਦੇਣ ਵਾਲਾ

शुभकर्म-ਸ਼ੁਭਕਰਮ. ਪੁ., ਚੰਗਾ ਕੰਮ

शुभकृत-ਸ਼ੁਭਕ੍ਰਿਤ, ਪੁ., ਚੰਗਿਆਈ ਪਰਗਟ ਕਰਨ ਵਾਲਾ

शुभकरी-ਸ਼ੁਭਕਰੀ, ਇ., ਪਾਰਬਤੀ

शुभक्षण-ਸ਼ੁਭਕਸ਼ਣ, ਪੁ., ਚੰਗਾ ਮਹੂਰਤ

शुभङ्कर-ਸ਼ੁਭੰਕਰ, ਵਿ., ਸ਼ੁਭ ਕਰਨ ਵਾਲਾ, ਕਲਿਆਣਕਾਰੀ

शुभङ्करी-ਸ਼ੁਭੰਕਰੀ, ਇ., ਪਾਰਬਤੀ, ਦੁਰਗਾ

शुभचिन्तक-ਸ਼ੁਭਚਿੰਤਕ, ਵਿ., ਹਿਤੈਸ਼ੀ, ਭਲਾ ਚਾਹੁਣ ਵਾਲਾ

शुभद-ਸ਼ੁਭਦ, ਵਿ., ਸ਼ੁਭਦਾਇਕ

शुभदर्शन-ਸ਼ੁਭਦਰਸ਼ਨ, ਵਿ., ਖੂਬਸੂਰਤ, ਸੁੰਦਰ

शुभदायी-ਸ਼ੁਭਦਾਯੀ, ਇ., ਫਾਇਦੇਮੰਦ

शुभपत्रिका-ਸ਼ੁਭਪਤ੍ਰਿਕਾ. ਵਿ., ਖੁਸ਼ੀ ਦੀ ਚਿੱਠੀ

शुभप्रद-ਸ਼ੁਭਪ੍ਰਦ, ਵਿ., ਮੰਗਲ ਦਾਇਕ

शुभभावना-ਸ਼ੁਭਭਾਵਨਾ, ਇ., ਸੋਹਣਾ ਖਿਆਲ. ਚੰਗੀ ਭਾਵਨਾ

शुभमय-ਸ਼ੁਭਮਯ. ਵਿ., ਮੰਗਲਮਯ, ਸੁਖ ਭਰਿਆ

शुभस्थली-ਸ਼ੁਭਸਥਲੀ, ਇ., ਜੱਗ ਭੂਮੀ, ਪਵਿਤਰ ਸਥਾਨ

शुभा-ਸ਼ੁਭਾ, ਇ., ਸੋਭਾ, ਕਾਂਤੀ, ਇੱਛਿਆ, ਚਾਹਨਾ

शुभाङ्गी-ਸ਼ੁਭਾਂਗੀ, ਇ., ਕਾਮਦੇਵ ਦੀ ਤੀਵੀਂ

शुभाचार-ਸ਼ੁਭਾਚਾਰ, ਵਿ., ਚੰਗੇ ਚਾਲਚਲਣ ਦਾ

शुभाचारा-ਸ਼ੁਭਾਚਾਰਾ, ਇ., ਪਾਰਬਤੀ ਦੀ ਸਹੇਲੀ

शुभान्वित-ਸ਼ੁਭਾਨ੍ਵਿਤ, ਵਿ., ਖੁਸ਼ੀ ਸਹਿਤ, ਸੁਖ ਸਹਿਤ

शुभावह-ਸ਼ੁਭਾਵਹ, ਵਿ., ਖੁਸ਼ੀ ਦੇਣ ਵਾਲਾ

शुभाशय-ਸ਼ੁਭਾਸ਼ਯ, ਵਿ., ਧਾਰਮਕ

शुभाशुभ-ਸ਼ੁਭਾਸ਼ੁਭ, ਵਿ., ਚੰਗਾ ਮੰਦਾ

शुभ्र-ਸ਼ੁਭ੍ਰ, ਵਿ., ਉੱਜਲ, ਸਫੇਦ, ਪੁ., ਚਾਂਦੀ, ਅਭਰਕ, ਖਸ, ਸੇਂਧਾ ਲੂਣ

शुभ्रता-ਸ਼ੁਭ੍ਰਤਾ, ਇ., ਸਫੇਦੀ, ਚਿਟਿਆਈ

शुभ्ररश्मि-ਸ਼ੁਭ੍ਰਰਸ਼ਮਿ, ਇ., ਚੰਦ

शुभ्रांशु-ਸ਼ੁਭ੍ਰਾਂਸ਼ੁ, ਪੁ., ਕਪੂਰ, ਚੰਦ

शुभ्रा-ਸ਼ੁਭ੍ਰਾ, ਇ., ਫਟਕੜੀ, ਖੰਡ, ਚੀਨੀ

शुभ्रिका-ਸ਼ੁਭ੍ਰਿਕਾ, ਇ., ਸ਼ਹਿਦ ਦੀ ਚੀਨੀ

शुम्बल-ਸ਼ੁੰਬਲ, ਪੁ., ਮਸਾਲ, ਚੁਆਤੀ, ਚਿਮਿਆਟੀ, ਜਲਦੀ ਬਲਦੀ ਲੱਕੜ

शुम्भ-ਸ਼ੁੰਭ, ਪੁ., ਇਕ ਦੈਂਤ ਜਿਸ ਨੂੰ ਦੁਰਗਾ ਨੇ ਮਾਰਿਆ ਸੀ

शुम्भघातिनी-ਸ਼ੁੰਭਘਾਤਿਨੀ, ਇ., ਦੁਰਗਾ

शुरवा-ਸ਼ੁਰਵਾ, ਪੁ., ਦੇਖੋ ਸ਼ੋਰਬਾ (शोरवा)

शुल्क-ਸ਼ੁਲਕ, ਪੁ., ਘਾਟ ਦਾ ਮਹਿਸੂਲ, ਰਾਜਕਰ, ਦਹੇਜ, ਮੂਲ, ਮੁੱਲ, ਬਾਜ਼ੀ, ਸ਼ੁਰਤ, ਇਨਾਮ, ਮੇਹਨਤਾਨਾ, ਫੀਸ

शुल्कता, शुल्कत्व-ਸ਼ੁਲਕਤਾ, ਸ਼ੁਲਕਤ੍ਵ, ਇ., ਪੁ., ਸਫੇਦੀ, ਚਾਨਣੀ

शुल्कशाला-ਸ਼ੁਲਕਸ਼ਾਲਾ, ਇ., ਚੁੰਗੀਖਾਨਾ

शुल्ल-ਸ਼ੁੱਲ, ਪੁ., ਰਸੀ, ਲੱਜ

शुश्रूषा-ਸ਼ੁਸੂਸ਼ਾ, ਵਿ., ਸੇਵਾ ਕਰਨ ਦੀ ਅਭਿਲਾਸ਼ਾ

शुश्रू-ਸ਼ੁਸੂਸ਼ੁ, ਵਿ., ਸੇਵਾ ਕਰਨ ਦੇ ਅਭਿਲਾਸ਼ੀ

शुष्क-ਸ਼ੁਸ਼ਕ, ਵਿ., ਨਿਰਸ, ਸੁੱਕਾ, ਰਸਹੀਨ, ਨਿਰਮੋਹੀ, ਬੇਅਰਥ, ਵਾਧੂ

शुष्ककण्ठ-ਸ਼ੁਸ਼ਕਕੰਠ, ਵਿ., ਪਿਆਸਾ, ਤਿਹਾਇਆ

शुष्कता-ਸ਼ੁਸ਼ਕਤਾ, ਇ., ਸੁੱਕ, ਖੁਸ਼ਕੀ

शुष्कमुख-ਸ਼ੁਸ਼ਕਮੁਖ, ਵਿ., ਕ੍ਰਿਪਣ, ਕੰਜੂਸ, ਸੂਮ, ਪਿਆਸਾ, ਤਿਹਾਇਆ

शुष्कली-ਸ਼ੁਸ਼ਕਲੀ, ਵਿ., ਮਾਸ ਖਾਣ ਵਾਲਾ

शुष्कार्द्र-ਸ਼ੁਸ਼ਕਾਰਦ੍ਰ, ਪੁ., ਸੁੰਢ

शुष्ण-ਸ਼ੁਸ਼ਣ, ਪੂ., ਸੂਰਜ, ਅੱਗ

शुष्म-ਸ਼ੁਸ਼ਮ, ਪੁ., ਤਜ, ਹਿੰਮਤ, ਬਲ

शूक-ਸ਼ੂਕ, ਇ., ਅਨਾਜ ਦੀ ਬੱਲ, ਇਕ ਕਿਸਮ ਦਾ ਕੀੜਾ, ਇਕ ਕਿਸਮ ਦਾ ਘਾ. ਇਕ ਕਿਸਮ ਦੀ ਬੀਮਾਰੀ

शूकज-ਸ਼ੂਕਜ, ਪੁ., ਜੌਂਖਾਰ

शूकधान्य-ਸ਼ੂਕਧਾਨਯ, ਪੁ., ਉਹ ਅਨਾਜ ਜਿਸ ਦੇ ਦਾਣੇ ਬੱਲੀਆਂ ਵਿਚ ਲਗਦੇ ਹਨ, ਜਿਕੁਰ ਕਣਕ, ਜੌਂ

शूकपत्र-ਸ਼ੂਕਪੱਤ੍ਰ, ਪੁ., ਉਹ ਸੱਪ ਜਿਸ ਵਿਚ ਜ਼ਹਿਰ ਨਾ ਹੁੰਦੀ ਹੋਵੇ

शूकपावय-ਸ਼ੂਕਪਾਕਜ, ਪੁ., ਜੌਂਖਾਰ

शूकर-ਸ਼ੂਕਰ, ਪੁ., ਸੂਰ

शूकरक्षेत्र-ਸ਼ੂਕਰਕਸ਼ੇਤ੍ਰ, ਪੁ., ਨੈਮਸ਼ਰਣ ਦੇ ਕੋਲ ਇਕ ਮਸ਼ਹੂਰ ਥਾਂ

शूकरपादिका, शूकरशिम्बी-ਸ਼ੂਕਰਪਾਦਿਕਾ, ਸ਼ੂਕਰਸ਼ਿੰਬੀ, ਇ.,

ਸੇਮ ਦੀ ਫਲੀ

शूकरी–ਸ਼ੂਕਰੀ, ਇ., ਸੂਰੀ

शूकरोग–ਸ਼ੂਕਰੋਗ, ਪੁ., ਇਕ .ਬੀਮਾਰੀ

शकल–ਸ਼ੂਕਲ, ਪੁ., ਉਹ ਘੋੜਾ ਜੋ ਛੇਤੀ ਚੌਂਕਦਾ ਤੇ ਭੜਕਦਾ ਹੋਵੇ

शूकवती, शूकशिंबा, शूका–ਸ਼ੂਕਵਤੀ, ਸ਼ੂਕਸ਼ਿੰਬਾ, ਸ਼ੂਕਾ, ਇ., ਕੌਂਚ ਫਲੀ

शूची–ਸ਼ੂਚੀ, ਇ., ਸੂਈ

शूद्र–ਸ਼ੂਦ੍ਰ, ਪੁ., ਛੋਟਾ ਵਰਣ, ਵਿਦਿਸ਼ਾ ਨਗਰੀ ਦਾ ਇਕ ਰਾਜਾ

शूद्रता, शूद्रत्व–ਸ਼ੂਦ੍ਰਤਾ, ਸ਼ੂਦ੍ਰਤ੍ਵ, ਇ., ਪੁ., ਸ਼ੂਦਰ ਪਣ, ਸ਼ੂਦਰ ਹੋਣ ਦਾ ਭਾਵ ਜਾਂ ਧਰਮ

शूद्रद्युति–ਸ਼ੂਦ੍ਰਦਜੁਤਿ, ਪੁ., ਨੀਲਾ ਰੰਗ

शूद्रप्रिय–ਸ਼ੂਦ੍ਰਪ੍ਰਿਜ, ਪੁ., ਗੰਢਾ, ਪਿਆਜ਼

शूद्रा, शूद्री–ਸ਼ੂਦ੍ਰਾ, ਸ਼ੂਦ੍ਰੀ, ਇ., ਸ਼ੂਦਰ ਦੀ ਤੀਵੀਂ

शूना–ਸ਼ੂਨਾ, ਇ., ਟੱਬਰ ਵਿਚ ਉਹ ਥਾਂਉ ਜਿਥੇ ਰੋਜ਼ ਅਣਜਾਣੇ ਬਹੁਤ ਜੀਵ ਮਰਦੇ ਹਨ· ਜਿਕੁਰ ਚੁਲ੍ਹਾ, ਚੱਕੀ, ਪਾਣੀ ਦਾ ਭਾਂਡਾ, ਗਲ ਦਾ ਕੌਂ

शून्य–ਸ਼ੂਨਜ, ਪੁ., ਉਹ ਥਾਂ ਜਿਥੇ ਕੁਝ ਨਾ ਹੋਵੇ, ਖਾਲੀ ਥਾਂ, ਅਕਾਸ, ਇਕਾਂਤ ਥਾਉਂ. ਵੀਰਾਨਾ, ਸਿਫਰ, ਅਭਾਵ, ਕੁਝ ਨਾ ਹੋਣ ਦਾ ਭਾਵ, ਸੁਰਗ. ਵਿਸ਼ਨੂੰ. ਪਰਮਾਤਮਾ, ਵਿ., ਬਹੁਤ ਥੋੜਾ, ਖਾਲੀ

शून्यगर्भ–ਸ਼ੂਨਜਗਰਭ, ਪੁ., ਰਿੰਡੀ ਖਰਬੂਜਾ, ਵਿ., ਜਿਸ ਵਿਚ ਕੁਝ ਨਾ ਹੋਵੇ. ਬੇਵਕੂਫ, ਸੁਨਾ ਪਣ

शून्यता, शून्यत्व–ਸ਼ੂਨਜਤਾ, ਸ਼ੂਨਜਤ੍ਵ, ਇ., ਖਾਲੀਪਣ, ਸੱਖਣਾ ਪਣ, ਸੁੱਨਭਾਵ

शून्यपाल–ਸ਼ੂਨਜਪਾਲ, ਪੁ., ਕਾਯਮਮੁਕਾਮ, ਜੋ ਖਾਲੀ ਥਾਂਉ ਤੇ ਕੁਝ ਦੇਰ ਲਈ ਕੰਮ ਕਰਦਾ ਹੋਵੇ

शून्यवहरी–ਸ਼ੂਨਯਬਹਰੀ, ਇ., ਪੈਰ ਸੁੰਨ ਹੋ ਜਾਣਾ

शून्यमूल–ਸ਼ੂਨਜਮੂਲ. ਪੁ., ਫੌਜ ਦੀ ਇਕ ਤਰ੍ਹਾਂ ਦੀ ਸਜਾਵਟ

शून्यवाद–ਸ਼ੂਨਜਵਾਦ, ਪੁ.. ਬੁੱਧ ਮਤ ਵਾਲਿਆਂ ਦਾ ਇਕ ਸਿੱਧਾਂਤ

शून्यवादी–ਸ਼ੂਨਜ਼ਵਾਦੀ, ਪੁ.. ਨਾਸਤਕ, ਬੁਤ ਮਤ ਦੇ ਮਨਣ ਵਾਲਾ

शून्यहर–ਸ਼ੂਨਜਹਰ. ਪੁ., ਰੋਸ਼ਨੀ, ਉਜਿਆਲਾ, ਸੋਨਾ, ਸੂਰਜ

शून्या–ਸ਼ੁਨਜਾ, ਇ., ਬਾਂਝ ਤੀਵੀਂ

शून्यालय–ਸ਼ੂਨਜਾਲਯ. ਪੁ., ਉਹ ਥਾਂਉਂ ਜਿਥੇ ਕੋਈ ਨਾ ਹੋਵੇ. ਸੁਨਸਾਨ,

शून्याशून्य–ਸ਼ੂਲਜਾਸ਼ੂਨਜ, ਪੁ.. ਜੀਵਨ ਤੋਂ ਛੁਟਕਾਰਾ

शूप–ਸ਼ੂਪ, ਪੁ., ਛੱਜ

शूपकार–ਸ਼ੂਪਕਾਰ, ਪੁ., ਰਸੋਈਆ, ਲਾਂਗਰੀ

शूर–ਸ਼ੂਰ, ਵਿ., ਬਹਾਦੁਰ, ਜੋਧਾ, ਸੂਰਮਾ, ਪੁ., ਸਿਪਾਹੀ, ਸੂਰਜ, ਸ਼ੇਰ, ਸੂਰ, ਚਿੱਤਾ, ਬਰੋਟਾ, ਮਸੂਰ, ਸਾਖ, ਚਿੱਤਾ ਨਾ ਦਾ ਰੁੱਖ, ਅੱਕ

शूरण–ਸ਼ੂਰਣ, ਪੁ., ਜਮੀਕੰਦ

शूरणोद्भुज–ਸ਼ੂਰਣੋਦਭੁਜ, ਪੁ., ਹਰਿਅਲ ਪੰਛੀ

शूरता, शूरताई–ਸ਼ੂਰਤਾ, ਸ਼ੂਰਤਾਈ, ਇ.,ਬਹਾਦੁਰੀ, ਦਲਰੀ

शूरभूमि–ਸ਼ੂਰਭੁਮਿ, ਇ., ਉਗ੍ਰਸੈਨ ਧੀ ਦਾ ਨਾਂ

शूरवीर–ਸ਼ੂਰਵੀਰ, ਪੁ., ਜੋਧਾ, ਬਹਾਦਰ, ਦਲੇਰ

शूरवीरता–ਸ਼ੂਰਵੀਰਤਾ, ਇ., ਬਹਾਦਰੀ, ਦਲੇਰੀ

शूरसेन–ਸ਼ੂਰਸੇਨ, ਪੁ., ਮਥੁਰਾ ਦਾ ਇਕ ਰਾਜਾ

शूर्प–ਸ਼ੂਰਪ, ਪੁ., ਛੱਜਾ

शूर्पकर्ण–ਸ਼ੂਰਪਕਰਣ,ਪੁ., ਹਾਥੀ, ਗਣੇਸ਼ ਜੀ

शूर्पणखा–ਸ਼ੂਰਪਣਖਾ, ਇ., ਰਾਵਣ ਦੀ ਭੈਣ

शूर्पपर्णी–ਸ਼ੂਰਪਪਰਣੀ, ਇ., ਜੰਗਲੀ ਮਾਂ

शूर्पा–ਸ਼ੂਰਪਾ, ਇ., ਬੱਚਿਆਂ ਦੇ ਖੇਡਣ ਦਾ ਇਕ ਖਿਡੌਣਾ

शूर्म–ਸ਼ੂਰਮ, ਪੁ., ਲੋਹੇ ਦੀ ਬਣੀ ਹੋਈ ਮੂਰਤੀ

शूल–ਸ਼ੂਲ, ਪੁ., ਸੂਲੀ, ਫਾਹਾ, ਫਾਂਸੀ, ਬਰਛੇ ਵਰਗਾ ਇਕ ਹਥਿਆਰ, ਵਾਈ ਦਾ ਦਰਦ, ਚੀਸ, ਖੀੜ, ਮੌਤ, ਝੰਡਾ, ਸੀਖ ਵਿ., ਨੁਕੀਲਾ, ਨੋਕਦਾਰ

शूलग्रह, शूलग्राही–ਸ਼ੂਲਗ੍ਰਹ,ਸ਼ੂਲਗ੍ਰਾਹੀ, ਪੁ., ਸ਼ਿਵ, ਮਹਾਦੇਵ

शूलघ्न–ਸ਼ੂਲਘ੍ਨ, ਵਿ., ਸੂਲ ਦੇ ਹਟਾਉਣ ਵਾਲਾ, ਪੇਟ ਦਾ ਦਰਦ ਦੂਰ ਕਰਨ ਵਾਲਾ

शूलधर–ਸ਼ੂਲਧਰ, ਪੁ., ਸ਼ਿਵ, ਮਹਾਦੇਵ

शूलधरा–ਸ਼ੂਲਧਰਾ, ਇ., ਦੁਰਗਾ

शूलधारिणी–ਸ਼ੂਲਧਾਰਿਣੀ, ਇ., ਦੁਰਗਾ ਦੇਵੀ

शूलधारी–ਸ਼ੂਲਧਾਰੀ, ਵਿ., ਤਿਰਸ਼ੂਲ ਰੱਖਣ ਵਾਲਾ, ਪੁ., ਸ਼ਿਵ, ਮਹਾਦੇਵ

शूलना–ਸ਼ੂਲਨਾ, ਪੁ., ਸੂਲ ਹੋਣਾ, ਦਰਦ ਹੋਣਾ

शूलपाणि, शूलहस्त–ਸ਼ੂਲਪਾਣਿ, ਸ਼ੂਲਹਸ੍ਤ, ਪੁ., ਸ਼ਿਵ, ਮਹਾਦੇਵ

शूला–ਸ਼ੂਲਾ, ਇ., ਰੰਡੀ, ਵੇਸਵਾ. ਸੂਲੀ, ਫਾਂਸੀ, ਸੀਖ

शूलि–ਸ਼ੂਲਿ, ਪੁ., ਸ਼ਿਵ, ਮਹਾਦੇਵ

शूलिक–ਸ਼ੂਲਿਕ, ਪੁ., ਖਰਗੋਸ਼, ਕਵਾਬ, ਸੂਲੀ ਚੜ੍ਹਾਉਣ ਵਾਲਾ, ਫਾਂਸੀ ਦੇਣ ਵਾਲਾ

शूलिका–ਸ਼ੂਲਿਕਾ. ਇ., ਕਵਾਬ, ਸੀਂਖ ਤੇ ਲਪੇਟ ਕੇ ਪਕਾਇਆ ਹੋਇਆ ਮਾਸ

शूलिन्–ਸ਼ੂਲਿਨ, ਪੁ., ਗੂਲਰ ਦਾ ਰੁੱਖ

शूलिनी–ਸ਼ੂਲਿਨੀ, ਇ., ਦੁਰਗਾ ਦੇਵੀ ਦਾ ਇਕ ਨਾਉਂ

शूली–ਸ਼ੂਲੀ, ਪੁ., ਦੇਖੋ ਸ਼ੂਲਿ (शूलि)

शूल्य–ਸ਼ੂਲਜ, ਪੁ., ਕਵਾਬ

शृङ्खल–ਸ਼ਿੰਖਲ, ਪੁ., ਤੜਾਗੀ, ਇਕ ਕਿਸਮ ਦਾ ਗਹਿਣਾ, ਹਾਥੀ ਦੇ ਬੰਨ੍ਹਣ ਵਾਲੀ ਜ਼ੰਜੀਰ, ਸੰਗਲ, ਹਥਕੜੀ, ਨਿਜਮ

शृङ्खला–ਸ਼ਿੰਖਲਾ, ਇ., ਸਿਲਸਿਲਾ, ਜੰਜੀਰ, ਜੰਗਲ, ਤੜਾਗੀ ਕਤਾਰ, ਪੰਗਤ

शृङ्खलाबद्ध–ਸ਼ਿਅਲਾਬੱਧ, ਵਿ., ਸਿਲਸਿਲੇ ਵਾਰ, ਲੜੀਵਾਰ

शृङ्खलित-ਸ਼ਿੰਖਲਿਤ, ਵਿ., ਸਿਲਲੇਵਾਰ ਪਰੋਇਆ ਹੋਇਆ, ਲੜੀਵਾਰ

शृगाल-ਸ਼੍ਰਿਗਾਲ, ਪੁ., ਗਿੱਦੜ, ਦੁਸ਼ਟ, ਡਰਖੋਕ

शृगालिका, शृगाली-ਸ਼੍ਰਿਗਾਲਿਕਾ, ਸ਼੍ਰਿਗਾਲੀ, ਇ., ਗਿਦੜੀ

शृङ्ग-ਸ਼੍ਰਿੰਗ. ਪੁ.. ਪਹਾੜ ਦੀ ਚੋਟੀ, ਮੰਹਿ ਗਊ ਆਦਿਕ ਦੇ ਸਿੰਗ. ਇਕ ਤਰ੍ਹਾਂ ਦਾ ਵਾਜਾ, ਕੰਵਲ, ਮੁੰਡ, ਅਦਰਕ, ਅਗਰ ਪ੍ਰਧਾਨਤਾ. ਨਿਸ਼ਾਨ, ਛਾਤੀ. ਬਾਰਾਸ਼ਿੰਗਾ, ਪਾਣੀ ਦਾ ਫੁਹਾਰਾ

शृङ्गकन्द-ਸ਼੍ਰਿਗਕੰਦ. ਪੁ.. ਸਿੰਘਾੜਾ

शृङ्गकूट-ਸ਼੍ਰਿਗਕੂਟ, ਪੁ., ਇਕ ਪਹਾੜ ਦਾ ਨਾਉਂ

शृङ्गवेर-ਸ਼੍ਰਿੰਗਵੇਰ. ਪੁ., ਅਦਰਕ, ਸੁੰਡ, ਇਕ ਨਾਗ ਦਾ ਨਾਉਂ

शृङ्गवेरिका-ਸ਼੍ਰਿਗਵੇਰਿਕਾ, ਇ., ਗੋਭੀ

शृङ्गाट, शृङ्गाटक-ਸ਼੍ਰਿੰਗਾਟ, ਸ਼੍ਰਿੰਗਾਟਕ, ਪੁ., ਸਿੰਘਾੜਾ, ਗੋਖਰੂ, ਚੁਰਸਤਾ

शृङ्गार-ਸ਼੍ਰਿੰਗਾਰ, ਪੁ., ਸਾਹਿਤ ਦੇ ਮੁਤਾਬਕ ਨੌਂ ਰਸਾਂ ਵਿਚੋਂ ਪ੍ਰਧਾਨ ਰਸ, ਸਜਾਵਟ, ਲੌਂਗ, ਸਿੰਧੂਰ

शृङ्गारक-ਸ਼੍ਰਿੰਗਾਰਕ, ਪੁ., ਸਿੰਧੂਰ, ਲੌਂਗ, ਅਦਰਕ

शृङ्गारना-ਸ਼੍ਰਿੰਗਾਰਨਾ, ਕ੍ਰਿ., ਸਜਾਉਣਾ, ਗਹਿਣੇ ਆਦਿਕ ਨਾਲ ਅੰਗਾਂ ਦਾ ਸੰਵਾਰਨਾ

शृङ्गारहाट-ਸ਼੍ਰਿੰਗਾਰਹਾਟ, ਇ., ਉਹ ਬਜ਼ਾਰ ਜਿਥੇ ਰੰਡੀਆਂ ਰਹਿੰਦੀਆ ਹੋਣ

शृङ्गारिक-ਸ਼੍ਰਿੰਗਾਰਿਕ, ਵਿ., ਸਿੰਗਾਰ ਸਬੰਧੀ

शृङ्गारिणी-ਸ਼੍ਰਿੰਗਾਰਿਣੀ, ਵਿ., ਆਪਣੇ ਆਪ ਨੂੰ ਸਜਾਉਣ ਵਾਲੀ ਤੀਵੀਂ

शृङ्गारित-ਸ਼੍ਰਿੰਗਾਰਿਤ, ਵਿ., ਸਜਿਆ ਹੋਇਆ, ਸੰਵਾਰਿਆ ਹੋਇਆ

शृङ्गारिया, शृङ्गारी-ਸ਼੍ਰਿੰਗਾਰਿਯਾ, ਸ਼੍ਰਿੰਗਾਰੀ, ਪੁ., ਵਿ., ਬਰੂਪੀਆ, ਅੱਯਾਰ, ਨਕਲੀਆ

शृङ्गिणी-ਸ਼੍ਰਿੰਗਿਣੀ, ਇ., ਗਊ, ਮੋਤੀਆ

शृङ्गी-ਸ਼੍ਰਿੰਗੀ. ਪੁ., ਹਾਥੀ, ਰੁੱਖ, ਪਹਾੜ, ਇਕ ਰਿਸ਼ੀ, ਬੋਹੜ, ਸਿੰਗਾਂ ਵਾਲਾ ਪਸ਼ੂ, ਇਕ ਵਾਜਾ, ਮਹਾਦੇਵ, ਇਕ ਪੁਰਾਣੇ ਮੁਲਖ ਦਾ ਨਾਂ, ਇ., ਕਾਕੜਾ ਸਿੰਗੀ, ਅਤੀਸ ਨਾਉਂ ਦੀ ਬੂਟੀ, ਮਜੀਠ, ਔਲਾ, ਪੋਈ ਦਾ ਸਾਗ, ਬੋਹੜ

शृत-ਸ਼੍ਰਿਤ, ਪੁ., ਕਾੜ੍ਹਾ

शृधू-ਸ਼੍ਰਿਧੂ, ਪੁ., ਗੁਦਾ, ਵਿ., ਖਰਾਬ

शेख़-ਸ਼ੇਖ, ਪੁ., ਪੈਗੰਬਰ ਮੁਹੰਮਦ ਦੇ ਖਾਨਦਾਨ ਦੀ ਉਪਾਧੀ, ਪੀਰ, ਵੱਡਾ ਬੁੱਢਾ

शेख़चिल्ली-ਸ਼ੇਖ਼ਚਿੱਲੀ, ਪੁ., ਇਕ ਕਲਪਿਤ ਮੂਰਖ ਆਦਮੀ ਜਿਸ ਦੇ ਸਬੰਧ ਵਿਚ ਹਸਾਉਣ ਵਾਲੀਆਂ ਕਹਾਣੀਆਂ ਕਹੀਆਂ ਜ਼ਾਂਦੀਆਂ ਹਨ, ਮੂਰਖ, ਮਸਖਰਾ

शेखर-ਸ਼ੇਖਰ, ਪੁ., ਸਿਰ, ਮੱਥਾ, ਸਿਰ ਦਾ ਗਹਿਣਾ, ਮੁਕਟ, ਚੋਟੀ, ਪਹਾੜ ਦਾ ਸਿਰਾ

शेख़सद्दो-ਸ਼ੇਖਸੱਦੋ, ਪੁ., ਮੁਸਲਮਾਨ ਤੀਵੀਆਂ ਦੇ ਪਜਣ ਜੋਗ ਇਕ ਪੀਰ ਦਾ ਨਾਉਂ

शेखावत-ਸ਼ੇਖਾਵਤ, ਇ., ਰਾਜਪੂਤ ਛੱਤ੍ਰੀਆਂ ਦੀ ਇਕ ਮੂਹੀਂ

शेख़ी-ਸ਼ੇਖ਼ੀ, ਇ., ਹੰਕਾਰ, ਘਮੰਡ, ਸ਼ਾਨ, ਆਕੜ, ਡੀਂਗ

शेख़ीबाज़-ਸ਼ੇਖੀਬਾਜ਼, ਵਿ., ਹੰਕਾਰੀ, ਘਮੰਡੀ, ਸ਼ੇਖੀ ਮਾਰਨ ਵਾਲਾ

शेफ़-ਸ਼ੇਫ਼, ਪੁ , ਲਿੰਗ, ਮਨੁੱਖ ਦੀ ਇੰਦਰੀ

शेफालि, शेफालिका. शेफाली-ਸ਼ੇਫਾਲਿ, ਸ਼ੇਫ਼ਾਲਿਕਾ, ਸ਼ੇਫ਼ਾਲੀ, ਇ., ਨਿਰਗੁੰਡੀ ਨਾਉਂ ਦੀ ਇਕ ਬੂਟੀ

शेयर्-ਸ਼ੇਯਰ, ਪੁ., ਹਿੱਸਾ, ਸਾਂਝ

शेर-ਸ਼ੇਰ, ਪੁ., ਬਣ ਦੇ ਮਿਰਗਾਂ ਜਨੌਰਾਂ ਦਾ ਰਾਜਾ, ਸਿੰਘ, ਚਿੱਤਾ, ਸੀਂਹ, ਵਿ., ਸੂਰਬੀਰ, ਬਹਾਦੁਰ

शेरदहां-ਸ਼ੇਰਦਹਾਂ, ਵਿ., ਪੁਰਾਣੇ ਢੰਗ ਦੀ ਇਕ ਤਰ੍ਹਾਂ ਦੀ ਬੰਦੂਕ

शेरपञ्जा-ਸ਼ੇਰਪੰਜਾ, ਪੁ., ਸ਼ੇਰ ਦੇ ਪੰਜੇ ਦੀ ਸ਼ਕਲ ਦਾ ਹਥਿਆਰ

शेरबच्चा-ਸ਼ੇਰਬੱਚਾ, ਪੁ., ਸ਼ੇਰ ਦਾ ਬੱਚਾ, ਬਹਾਦੁਰ ਮਨੁੱਖ, ਇਕ ਕਿਸਮ ਦੀ ਸ਼ਕਲ ਦਾ ਹਥਿਆਰ

शेरबबर-ਸ਼ੇਰਬਬਰ, ਪੁ., ਸ਼ੇਰਨੀ ਦਾ ਪਹਿਲਾ ਬੱਚਾ

शेलक-ਸ਼ੇਲਕ, ਪੁ., ਮੇਥੀ, ਨਿਸੂੜਾ

शेव-ਸ਼ੇਵ, ਪੁ., ਲਿੰਗ, ਸੱਪ, ਉੱਨਤੀ, ਤਰੱਕੀ, ਸੁਖ, ਪੁ., ਹਜ਼ਾਮਤ ਬਣਾਉਣ ਦਾ ਕੰਮ

शेवधि-ਸ਼ੇਵਧਿ, ਪੁ.. ਖਜ਼ਾਨਾ

शेष-ਸ਼ੇਸ਼, ਪੁ., ਬਚੀ ਖੁਚੀ ਚੀਜ਼, ਅੰਤ, ਖਾਤਮਾ, ਫਲ, ਨਤੀਜਾ, ਯਾਦਗਾਰ, ਮਰਣ, ਨਾਸ, ਸੱਪਾਂ ਦਾ ਰਾਜਾ, ਰਾਮ ਚੰਦਰ ਜੀ ਦੇ ਛੋਟੇ ਭਰਾ ਲਛਮਣ, ਪਰਮੇਸ਼ਰ, ਹਾਥੀ, ਜਮਾਲ ਗੋਟਾ, ਵਿ., ਬਾਕੀ, ਹੋਰ, ਦੂਜੇ

शेषधर-ਸ਼ੇਸ਼ਧਰ, ਪੁ., ਸੱਪਾਂ ਦੇ ਧਾਰਨ ਕਰਨ ਵਾਲਾ, ਸ਼ਿਵ, ਮਹਾਦੇਵ

शेषनाग-ਸ਼ੇਸ਼ਨਾਗ, ਪੁ., ਸੱਪਾਂ ਦਾ ਰਾਜਾ

शेषरात्रि-ਸ਼ੇਸ਼ਰਾਤ੍ਰਿ, ਇ., ਰਾਤ ਦਾ ਪਿਛਲਾ ਪਹਿਰ

शेषशायी-ਸ਼ੇਸ਼ਸ਼ਾਯੀ, ਪੁ., ਸ਼ੇਸ਼ਨਾਗ ਤੇ ਸੌਣ ਵਾਲਾ, ਵਿਸ਼ਨੂੰ

शेषांश-ਸ਼ੇਸ਼ਾਂਸ਼, ਪੁ., ਬਚਿਆ ਹਿੱਸਾ, ਆਖਰੀ ਭਾਗ

शेषा-ਸ਼ੇਸ਼ਾ, ਇ.. ਦੇਵਤਾ ਤੇ ਚੜ੍ਹੀ ਹੋਈ ਚੀਜ਼ ਜੋ ਦਰਸ਼ਨ ਕਰਨ ਵਾਲਿਆਂ ਨੂੰ ਵੰਡੀ ਜਾਂਦੀ ਹੈ, ਪ੍ਰਸਾਦ

शेषाचल-ਸ਼ੇਸ਼ਾਚਲ, ਪੁ., ਦੱਖਣ ਦਾ ਇਕ ਪਹਾੜ

शेक्या-ਸ਼ੈਕਜਾ, ਪੁ., ਛਿੱਕਾ, ਵਿ., ਮਜ਼ਬੂਤ, ਪੱਕਾ

शैक्ष-ਸ਼ੈਕਸ਼, ਪੁ., ਅਚਾਰਜ (ਅਧਿਆਪਕ) ਦੇ ਕੋਲ ਰਹਿ ਕੇ ਪੜ੍ਹਣ ਵਾਲਾ ਵਿਦਿਆਰਥੀ

शैखरिक, शैखरेय-ਸ਼ੈਖਰਿਕ, ਸ਼ੈਖਰੇਯ, ਪੁ., ਪੁਠਕੰਡਾ

शैतान-ਸ਼ੈਤਾਨ, ਪੁ., ਪਰਮਾਤਮਾ ਦੇ ਚੰਗੇ ਰਾਹ ਦਾ ਵਿਰੋਧ ਕਰਨ ਵਾਲੀ ਮੰਨੀ ਹੋਈ ਤਾਕਤ, ਤਮੋਗੁਣੀ ਦੇਵਤਾ, ਭੂਤ ਪ੍ਰੇਤ ਆਦਿ, ਵਿ., ਦੁਸ਼ਟ ਆਦਮੀ, ਸ਼ਰਾਰਤੀ

शैतानी-ਸ਼ੈਤਾਨੀ, ਇ., ਦੁਸ਼ਟਤਾ, ਸ਼ਰਾਰਤ. ਪਾਜੀਪੁਣ

शैत्य-ਸ਼ੈਤਜ, ਪੁ., ਠੰਢਕ, ਸਰਦੀ, ਪਾਲਾ

शैथिल्य-ਸ਼ੈਥਿਲਜ਼, ਪੁ., ਕਮਜ਼ੋਰੀ, ਫੁਰਤੀ ਦੇ ਨਾ ਹੋਣ ਦਾ ਭਾਵ, ਸੁਸਤੀ

शैल-ਸ਼ੈਲ, ਪੁ, ਪਹਾੜ, ਚੱਟਾਨ, ਰਸੌਂਤ, ਸ਼ਿਲਾਜੀਤ, ਵਿ., ਪਥਰੀਲਾ., ਸਖਤ, ਕਰੜਾ

शैलकन्या, शैलकुमारी-ਸ਼ੈਲਕੰਨਜਾ, ਸ਼ੈਲਕਮਾਰੀ, ਇ., ਪਾਰਬਤੀ

शैलगंगा-ਸ਼ੈਲਗੰਗਾ, ਇ., ਗੋਵਰਧਨ ਪਹਾੜ ਦੀ ਇਕ ਨਦੀ ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਸਭ ਤੀਰਥ ਸਮਾਏ ਹਨ

शैलजा-ਸ਼ੈਲਜਾ, ਇ., ਪਾਰਬਤੀ

शैलजाता-ਸ਼ੈਲਜਾਤਾ, ਇ., ਗੋਲ ਮਿਰਚ, ਕਾਲੀ ਮਿਰਚ

शैलतटी-ਸ਼ੈਲਤਟੀ, ਇ., ਪਹਾੜ ਦੀ ਤਰਾਈ

शैलतनया, शैलदुहिता-ਸ਼ੈਲਤਨਯਾ, ਸ਼ੈਲਦੁਹਿਤਾ, ਇ., ਪਾਰਬਤੀ

शैलपति-ਸ਼ੈਲਪਤਿ, ਪੁ., ਹਿਮਾਲਾ ਪਹਾੜ

शैलरंध्र-ਸ਼ੈਲਰੰਧ੍ਰ, ਪੁ., ਗੁਫ਼ਾ

शैलराज-ਸ਼ੈਲਰਾਜ, ਪੁ., ਹਿਮਾਲਾ ਪਹਾੜ

शैलसंभव-ਸ਼ੈਲਸੰਭਵ, ਪੁ., ਸ਼ਿਲਾਜੀਤ

शैलसंभूत-ਸ਼ੈਲਸੰਭੂਤ, ਪੁ., ਗੇਰੂ

शैलसुता-ਸ਼ੈਲਸੁਤਾ, ਇ., ਪਾਰਬਤੀ

शैलाट-ਸ਼ੈਲਾਟ, ਪੁ., ਪਹਾੜੀ ਆਦਮੀ, ਭੀਲ, ਸ਼ੇਰ, ਬਿਲੌਰ

शैली-ਸ਼ੈਲੀ, ਇ., ਚਾਲ, ਢਬ, ਢੰਗ, ਤਰੀਕਾ, ਰੀਤ, ਰਵਾਜ, ਲਿਖਣ ਦਾ ਢੰਗ, ਵਾਕ ਰਚਨਾ ਦੀ ਇਕ ਪਰਕਾਰ, ਕਰੜਾਈ, ਸਖਤੀ

शैलू-ਸ਼ੈਲੂ, ਪੁ., ਇਕ ਤਰ੍ਹਾਂ ਦੀ ਚਟਾਈ

शैलूक-ਸ਼ੈਲੂਕ, ਪੁ., ਭਿਸ

शैलूष-ਸ਼ੈਲੂਸ, ਪੁ., ਡਰਾਮਾ ਕਰਨ ਵਾਲਾ ਨਟ, ਬਿਲ ਦਾ ਰੁੱਖ, ਮੂਰਖ ਬੰਦਾ, ਗੰਧਰਵਾਂ ਦਾ ਰਾਜਾ

शैलेन्द्र-ਸ਼ੈਲੇਂਦ੍ਰ, ਪੁ., ਹਿਮਾਲਾ ਪਹਾੜ

शैलेय-ਸ਼ੈਲੇਯ, ਪੁ., ਸ਼ਿਲਾਜੀਤ, ਮੁਸਲੀ, ਸੇਂਧਾ ਲੂਣ, ਸ਼ੇਰ, ਭੌਰਾ, ਵਿ., ਪਥਰੀਲਾ, ਪਹਾੜੀ, ਪੱਥਰ ਜੇਹਾ

शैव-ਸ਼ੈਵ, ਪੁ., ਧਤੂਰਾ, ਮਹਾਦੇਵ ਦਾ ਭਗਤ, ਵਿ., ਸ਼ਿਵ ਸਬੰਧੀ

शैवपत्र-ਸ਼ੈਵਪਤ੍ਰ, ਪੁ., ਬਿਲਪੱਤਰ

शैवालिनी-ਸ਼ੈਵਾਲਿਨੀ, ਇ., ਨਜ਼ੀ

शैवाल-ਸ਼ੈਵਾਲ, ਪੁ., ਜਲਨੀਲ, ਵਾਲਾਂ ਦੇ ਲੱਛਿਆਂ ਵਾਂਗ ਪਾਣੀ ਵਿਚ ਹੋਣ ਵਾਲੀ ਇਕ ਤਰ੍ਹਾਂ ਦੀ ਘਾਹ

शैवी-ਸ਼ੈਵੀ, ਇ., ਕਲਿਆਣ, ਸੁਖ, ਪਾਰਬਤੀ, ਮਨਸਾ ਦੇਵੀ

शैव्य-ਸ਼ੈਵਜ, ਵਿ., ਸ਼ਿਵ ਸਬੰਧੀ

शैव्या-ਸ਼ੈਵਜਾ, ਇ., ਰਾਜਾ ਹਰੀ ਚੰਦ ਦੀ ਰਾਣੀ ਦਾ ਨਾਉਂ

शैशव-ਸ਼ੈਸ਼ਵ, ਪੁ., ਬਾਲ ਅਵਸਥਾ, ਬਚਪਣ

शोक-ਸ਼ੋਕ, ਪੁ., ਗ਼ਮ, ਅਫਸੋਸ, ਦੁਖ, ਰੰਜ, ਸੋਗ

शोककारक-ਸ਼ੋਕਕਾਰਕ, ਵਿ., ਗ਼ਮ ਉਤਪੰਨ ਕਰਨ ਵਾਲਾ

शोकघ्न, शोकनाशक-ਸ਼ੋਕਘ੍ਨ, ਸ਼ੋਕਨਾਸ਼ਕ, ਪੁ., ਅਸ਼ੋਕ ਨਾਉਂ ਦਾ ਰੁੱਖ, ਵਿ., ਸੋਗ ਮਿਟਾਉਣ ਵਾਲਾ

शोकहर-ਸ਼ੋਕਹਰ, ਪੁ, ਇਕ ਛੰਦ ਦਾ ਨਾਉਂ

शोकहारी-ਸ਼ੋਕਹਾਰੀ, ਵਿ., ਸੋਗ ਮਿਟਾਉਣ ਵਾਲਾ

शोकाकुल, शोकातुर, शोकार्त-ਸ਼ੋਕਾਕੁਲ, ਸ਼ੋਕਾਤੁਰ, ਸ਼ੋਕਾਰਤ, ਵਿ., ਦੁਖ ਜਾਂ ਸੋਗ ਨਾਲ ਘਬਰਾਇਆ ਹੋਇਆ

शोकी-ਸ਼ੋਕੀ, ਇ., ਰਾਤ

शोख-ਸ਼ੋਖ਼, ਵਿ., ਢੀਠ, ਸ਼ਰਾਰਤੀ, ਗਹਿਰਾ ਅਤੇ ਚਮਕੀਲਾ

शोखी-ਸ਼ੋਖ਼ੀ, ਇ., ਢੀਠਪਣਾ, ਤੇਜ਼ੀ, ਚਟਕੀਲਾਪਣ, ਚਪਲਤਾ

शोच-ਸ਼ੋਚ, ਪੁ., ਦੁਖ, ਗ਼ਮ, ਅਫਸੋਸ, ਚਿੰਤਾ, ਸੋਚ, ਫਿਕਰ, ਖਟਕਾ

शोचनीय-ਸ਼ੋਚਨੀਯ, ਵਿ., ਸੋਚ ਕਰਨ ਜੋਗ, ਜਿਸ ਦੀ ਹਾਲਤ ਵੇਖ ਕੇ ਦਖ ਹੋਵੇ

शोठ-ਸ਼ੋਠ, ਵਿ., ਮੂਰਖ, ਬੇਵਕੂਫ਼, ਖੋਟਾ, ਆਲਸੀ

शोण-ਸ਼ੋਣ, ਪੁ., ਸਿੰਦੂਰ, ਅੱਗ, ਲਾਲੀ, ਖ਼ੂਨ, ਲਹੂ, ਸੋਨਾ, ਪਾਠਾ, ਲਾਲ ਗੰਨਾ, ਇਕ ਨਦੀ, ਮੰਗਲ ਗ੍ਰਹਿ

शोणता-ਸ਼ੋਣਤਾ, ਇ., ਲਲਾਈ, ਲਾਲੀ

शोणपुष्पक-ਸ਼ੋਣਪੁਸ਼ਪਕ, ਪੁ., ਕਚਨਾਰ

शोणित-ਸ਼ੋਣਿਤ, ਵਿ., ਲਾਲ, ਲਾਲ ਰੰਗ ਦਾ, ਪੁ., ਖ਼ੂਨ, ਲਹੂ ਕੇਸਰ, ਸਿੰਗਰਫ, ਤਾਂਬਾ

शोणितपुर-ਸ਼ੋਣਿਤਪੁਰ, ਪੁ., ਵਾਣਾਸੁਰ ਦੀ ਰਾਜਧਾਨੀ

शोथ-ਸ਼ੋਥ, ਪੁ., ਕਿਸੇ ਅੰਗ ਦੇ ਫੁੱਲਣ ਦੀ ਬੀਮਾਰੀ, ਵਰਮ, ਸੋਜਾ

शोथक-ਸ਼ੋਥਕ, ਪੁ., ਮੁਰਦਾਸੰਗ, ਸੋਜੇ ਦੀ ਬੀਮਾਰੀ

शोध-ਸ਼ੋਧ, ਇ., ਸਫ਼ਾਈ, ਪਵਿਤਰਤਾ, ਦਰੁਸਤੀ, ਲੇਖਾ ਮੁੱਕਣ ਦਾ ਭਾਵ, ਜਾਂਚ, ਪ੍ਰੀਖਿਆ, ਖੋਜ, ਢੂੰਡ, ਤਲਾਸ਼

शोधक-ਸ਼ੋਧਕ, ਵਿ., ਸੋਧਣ ਵਾਲਾ, ਸੁਧਾਰ ਕਰਨ ਵਾਲਾ

शोधन-ਸ਼ੋਧਨ, ਪੁ., ਸਾਫ ਕਰਨ ਦਾ ਭਾਵ, ਠੀਕ ਕਰਨ ਦਾ ਭਾਵ, ਧਾਤੂਆਂ ਦਾ ਦਵਾ ਬਣਾਉਣ ਲਈ ਸ਼ੁੱਧ ਕਰਨ ਦਾ ਭਾਵ, ਲਿਖੇ ਹੋਏ ਕਾਗਤਾਂ ਦਾ ਪ੍ਰਮਾਣਿਤ ਕਰਨ ਦਾ ਭਾਵ

शोधना-ਸ਼ੋਧਨਾ, ਕ੍ਰਿ., ਸ਼ੁੱਧ ਕਰਨਾ, ਸਾਫ਼ ਕਰਨਾ, ਠੀਕ ਕਰਨਾ ਸੁਧਾਰਨਾ

शोधनी-ਸ਼ੋਧਨੀ, ਇ., ਝਾੜੂ, ਬੁਹਾਰੀ, ਬਹੁਕਰ

शोधनीय-ਸ਼ੋਧਨੀਯ, ਵਿ., ਸ਼ੁੱਧ ਕਰਨ ਜੋਗ, ਢੂੰਡਣ ਜੋਗ

शोधवाना-ਸ਼ੋਧਵਾਨਾ, ਕ੍ਰਿ , ਸੋਧਣ ਦਾ ਕੰਮ ਦੂਜੇ ਤੋਂ ਕਰਾਉਣਾ, ਢੂੰਡਵਾਉਣਾ, ਤਲਾਸ਼ ਕਰਾਉਣਾ

शोधैया-ਸ਼ੋਧੈਯਾ, ਵਿ., ਸੋਧਣ ਵਾਲਾ, ਸੁਧਾਰਕ

शोधित-ਸ਼ੋਧਿਤ, ਵਿ., ਸਾਫ਼ ਕੀਤਾ ਹੋਇਆ

शोभ, शोभन-ਸ਼ੋਭ, ਸ਼ੋਭਨ, ਵਿ., ਸੁੰਦਰ, ਸੋਹਣਾ, ਸਜਾਵਟਦਾਰ, ਉੱਤਮ, ਭਲਾ

शोभना–ਸ਼ੋਭਨਾ, ਇ., ਸੁੰਦਰ ਤੀਵੀਂ, ਹਲਦੀ, ਕ੍ਰਿ., ਚਮਕਨਾ, ਸੋਭਾ ਪਾਉਣਾ

शोभनीय–ਸ਼ੋਭਨੀਯ, ਵਿ., ਸ਼ੋਭਾ ਦੇ ਜੋਗ, ਚਮਕ ਜੋਗ

शोभा–ਸ਼ੋਭਾ, ਇ.. ਚਮਕ, ਸੁੰਦਰਤਾ,ਸਜਾਵਟ,ਉਤਮ ਗੁਣ, ਰੰਗ

शोभान्वित–ਸ਼ੋਭਾਵਿਤ, ਵਿ., ਸੁੰਦਰ. ਸੋਹਣਾ, ਚਮਕ ਵਾਲਾ, ਸਜਿਆ ਹੋਇਆ

शोभायमान, शोभित–ਸੋਭਾਯਮਾਨ,ਸ਼ੋਭਿਤ, ਵਿ., ਸੁੰਦਰ ਸੋਹਣਾ ਸਜਿਆ ਹੋਇਆ,

शोर–ਸ਼ੋਰ. ਪੁ., ਰੌਲਾ, ਹੱਲਾ, ਮਸ਼ਹੂਰੀ, ਧੂਮ

शोरबा–ਸ਼ੋਰਬਾ, ਪੁ., ਕਿਸੇ ਉਬਾਲੀ ਚੀਜ਼ ਦਾ ਪਾਨੀ, ਜੂਸ, ਪੱਕੇ ਹੋਏ ਮਾਸ ਦਾ ਪਾਣੀ

शोरा–ਸ਼ੋਰਾ, ਪੁ., ਇਕ ਕਿਸਮ ਦਾ ਖਾਰ ਜੋ ਮਿੱਟੀ ਵਿਚੋਂ ਨਿਕਲਦਾ ਹੈ

शोरापुश्त–ਸ਼ੋਰਾਪੁਸ੍ਤੁ, ਵਿ., ਲੜਾਕਾ, ਝਗੜਾ ਪਾਉਣ ਵਾਲਾ

शोरिश–ਸ਼ੋਰਿਸ਼, ਇ., ਹਲ ਚਲ, ਬਲਵਾ, ਦੰਗਾ, ਫਸਾਦ

शोला–ਸ਼ੋਲਾ, ਪੁ., ਇਕ ਛੋਟਾ ਜਿਹਾ ਰੁੱਖ ਜਿਸ ਦੀ ਲੱਕੜ ਬਹੁਤ ਹਲਕੀ ਹੁੰਦੀ ਹੈ. ਅੱਗ ਦੀ ਲਾਟ

शोशा–ਸ਼ੋਸ਼ਾ, ਪੁ., ਕੋਈ ਅਣੋਖੀ ਗੱਲ, ਨਿਕਲੀ ਹੋਈ ਨੋਕ

शोष–ਸ਼ੋਸ਼, ਪੁ., ਸੁੱਕਣ ਦਾ ਭਾਵ, ਖੁਸ਼ਕੀ, ਇਕ ਰੋਗ, ਜਿਸ ਨਾਲ ਸਰੀਰ ਸੁੱਕਣ ਲਗ ਜਾਂਦਾ ਹੈ, ਖਈ ਰੋਗ. ਬਚਿਆਂ ਦੇ ਸੋਕੇ ਦਾ ਰੋਗ

शोषक–ਸ਼ੋਸਕ, ਵਿ., ਸੋਕਣ ਵਾਲਾ, ਸੁਕਾਉਣ ਵਾਲਾ, ਨਾਸ ਕਰਨ ਵਾਲਾ, ਦੂਰ ਕਰਨ ਵਾਲਾ

शोषण–ਸ਼ੋਸ਼ਣ, ਪੁ., ਸੁਕਣ ਦਾ ਕੰਮ, ਨਾਸ ਕਰਨ ਦਾ ਕੰਮ

शोषणीय–ਸ਼ੋਸ਼ਣੀਯ, ਵਿ., ਸੁਕਾਉਣ ਜੋਗ

शोषित–ਸ਼ੋਸ਼ਿਤ, ਵਿ., ਸੋਕਿਆ ਹੋਇਆ

शोहदा–ਸ਼ੋਹਦਾ, ਵਿ., ਲੁੱਚਾ, ਬਦਮਾਸ਼, ਗੁੰਡਾ

शोहरत–ਸ਼ੋਹਰਤ, ਇ., ਮਸ਼ਹੂਰੀ, ਉਡੀ ਹੋਈ ਖਬਰ

शौंग–ਸ਼ੌਂਗ, ਪੁ,, ਭਾਰਦਵਾਜ ਰਿਸ਼ੀ ਦਾ ਇਕ ਨਾਉ

शौंगेय–ਸ਼ੌਂਗੇਯ, ਪੁ., ਗਰੁੜ, ਬਾਜ਼ ਨਾਉਂ ਦਾ ਪੰਖੇਰੂ

शौंड–ਸ਼ੌਂਡ ਪੁ., ਮੁਰਗਾ, ਵਿ., ਸ਼ਰਾਬੀ, ਸ਼ਰਾਬ ਦਾ ਮਤਵਾਲਾ

शौंडता–ਸ਼ੌਂਡਤਾ, ਇ., ਸ਼ਰਾਬ ਦਾ ਨਸ਼ਾ

शौंडिक–ਸ਼ੌਂਡਿਕ, ਪੁ., ਪੁਰਾਣੇ ਜ਼ਮਾਨੇ ਦੀ ਇਕ ਜੋਧਾ ਕੌਮ ਦਾ ਨਾਉਂ ਜੋ ਸ਼ਰਾਬ ਬਣਾਉਂਦੀ ਅਤੇ ਵੇਚਦੀ ਸੀ

शौंडिकप्रिय–ਸ਼ੌਂਡਿਕਪ੍ਰਿਯ, ਪੁ., ਅੰਬ

शौंडिकागार–ਸ਼ੌਂਡਿਕਾਗਾਰ, ਪੁ., ਸ਼ਰਾਬਖਾਨਾ

शौंडीर–ਸ਼ੌਂਡੀਰ, ਵਿ., ਘਮੰਡੀ, ਹੰਕਾਰੀ, ਅਭਿਮਾਨੀ

शौक–ਸ਼ੌਕ, ਪੁ., ਕਿਸੇ ਚੀਜ਼ ਦੀ ਇੱਛਿਆ, ਤੀਵਰ ਅਭਿਲਾਸ਼ਾ, ਚਸਕਾ, ਚਾੜ

शौक़त–ਸ਼ੌਕਤ, ਇ., ਠਾਠਬਾਠ, ਸ਼ਾਨ

शौकिया–ਸ਼ੌਕਿਯਾ, ਕ੍ਰਿ. ਵਿ., ਸ਼ੌਕ ਨਾਲ, ਚਾਉ ਕਰਕੇ

शौकीन–ਸ਼ੌਕੀਨ, ਵਿ., ਸ਼ੌਕ ਰੱਖਣ ਵਾਲਾ, ਚਾਉ ਰੱਖਣ ਵਾਲਾ, ਜੋ ਹਮੇਸ਼ਾ ਬਣਿਆ ਠਣਿਆ ਰਹੇ

शौकीनी–ਸ਼ੌਕੀਨੀ, ਇ., ਸ਼ੁਕੀਨ ਹੋਣ ਦਾ ਭਾਵ

शौक्तिक–ਸ਼ੌਕ੍ਤਿਕ, ਪੁ., ਸਿੱਪੀ ਤੋਂ ਪੈਦਾ ਹੋਇਆ ਹੋਇਆ ਮੋਤੀ

शौक्तिका–ਸ਼ੌਕ੍ਤਿਕਾ, ਇ., ਸਿੱਪ

शौच–ਸ਼ੌਚ, ਪੁ., ਸਫ਼ਾਈ, ਪਵਿਤਰਤਾ, ਉਹ ਕੰਮ ਜੋ ਸਵੇਰੇ ਉਠਦੇ ਹੀ ਸਭ ਤੋਂ ਪਹਿਲਾਂ ਕੀਤਾ ਜਾਂਦਾ ਹੈ ਜਿਕੁਰ, ਪਖਾਨੇ ਜਾਣਾ, ਮੂੰਹ ਹੱਥ ਧੋਣਾ ਆਦਿ

शौचविधि–ਸ਼ੌਚਵਿਧਿ, ਇ., ਮਲ ਮੁਤਰ, ਤਿਆਗ ਕਰਨ ਦਾ ਢੰਗ, ਨਿਬਟਣ ਦਾ ਕੰਮ

शौची–ਸ਼ੌਚੀ, ਵਿ., ਪਵਿੱਤਰ, ਸਾਫ਼

शौचेय–ਸ਼ੌਚੇਯ, ਪੁ., ਧੋਬੀ

शौटीर–ਸ਼ੌਟੀਰ, ਵਿ., ਬਹਾਦੁਰ, ਤਿਆਗੀ, ਹੰਕਾਰੀ

शौटीरता–ਸ਼ੌਟੀਰਤਾ, ਇ., ਬਹਾਦੁਰੀ, ਤਿਆਗ, ਹੰਕਾਰ

शौन–ਸ਼ੌਨ, ਪੁ., ਉਹ ਮਾਸ ਜੋ ਵਿਕਰੀ ਲਈ ਰੱਖਿਆ ਹੋਵੇ

शौनक–ਸ਼ੌਨਕ. ਪੁ., ਇਕ ਰਿਸ਼ੀ ਦਾ ਨਾਉਂ

शौनिक–ਸ਼ੌਨਿਕ, ਪੁ., ਮਾਸ ਵੇਚਣ ਵਾਲਾ, ਕਸਾਈ, ਸ਼ਿਕਾਰੀ

शौरसेनी–ਸ਼ੌਰਸੇਨੀ, ਇ.. ਪੁਰਾਣੇ ਜ਼ਮਾਨੇ ਦੀ ਇਕ ਮਸ਼ਹੂਰ ਬੋਲੀ

शौरि–ਸ਼ੌਰਿ, ਪੁ.. ਵਿਸ਼ਨੂੰ, ਕ੍ਰਿਸ਼ਨ, ਛਨਿਛਰ

शौरिरत्न–ਸ਼ੌਰਿਰਤ੍ਨ. ਪੁ., ਨੀਲਮ

शौर्य–ਸ਼ੌਰਯ. ਪੁ, ਬਹਾਦੁਰੀ, ਦਲੇਰੀ

शौल–ਸ਼ੌਲ, ਪੁ., ਹਲ ਦੀ ਫਾਲ, ਫਾਲਾ

शौल्फ़–ਸ਼ੌਲਫ਼, ਪੁ., ਕੁਲਫੇ ਦਾ ਸਾਗ

श्मन–ਸ਼ਮਨ, ਪੁ., ਮੂੰਹ, ਮੁਰਦਾ

श्मशान–ਸ਼ਮਸ਼ਾਨ, ਪੁ., ਮੜ੍ਹੀਆਂ, ਮਰਘਟ, ਸਿਵੇ

श्मशानपति–ਸ਼ਮਸ਼ਾਨਪਤਿ, ਪੁ., ਸ਼ਿਵ, ਮਹਾਦੇਵ

श्मशानवासी–ਸ਼ਮਸ਼ਾਨਵਾਸੀ, ਪੁ., ਸ਼ਿਵ, ਚੰਡਾਲ

श्मश्रु–ਸ਼ਮਸ਼੍ਰ, ਪੁ., ਮੁੱਛ. ਦਾੜ੍ਹੀ

श्याम–ਸ਼ਯਾਮ. ਵਿ., ਕਾਲਾ, ਸ਼ਾਂਵਲੇ ਰੰਗ ਦਾ, ਪੁ., ਬੱਦਲ, ਕੋਇਲ, ਧਤੂਰਾ, ਇਕ ਰਾਗ. ਸ੍ਰੀ ਕ੍ਰਿਸ਼ਨ ਦਾ ਇਕ ਨਾਉਂ

श्यामक–ਸ਼ਯਾਮਕ, ਵਿ., ਕਾਲੇ ਰੰਗ ਦਾ

श्यामकण्ठ–ਸ਼ਯਾਮਕੰਠ, ਪੁ., ਚੱਕੀ ਰਾਹਾ, ਮੋਰ, ਸ਼ਿਵ, ਮਹਾਦੇਵ

श्यामकर्ण–ਸ਼ਯਾਮਕਰਣ, ਪੁ, ਇਕ ਚਿੱਟੇ ਰੰਗ ਦਾ ਘੋੜਾ ਜਿਸ ਦੇ ਕੰਨ ਕਾਲੇ ਹੁੰਦੇ ਹਨ

श्यामजीरा–ਸ਼ਯਾਮਜੀਰਾ, ਪੁ., ਕਾਲਾ ਜੀਰਾ, ਇਕ ਤਰ੍ਹਾਂ ਦਾ ਬਰੀਕ ਧਾਨ

श्यामता–ਸ਼ਯਾਮਤਾ, ਇ., ਕਾਲਾ ਪਣ, ਕਾਲਸ, ਮਲੀਨਤਾ, ਉਦਾਸੀ

श्यामपत्रा–ਸ਼ਯਾਮਪਤ੍ਰਾ, ਇ., ਜਾਮਣ ਦਾ ਰੁੱਖ

श्यामपर्ण–ਸ਼ਯਾਮਪਰਣ, ਪੁ., ਸ਼ਰੀਂਹ ਦਾ ਰੁੱਖ

श्यामपर्णी–ਸ਼ਯਾਮਪਰਣੀ. ਇ., ਚਾਹ ਜਿਸ ਨੂੰ ਉਬਾਲ ਕੇ

ਪੀਂਦੇ ਹਨ

श्यामभूषण–ਸ਼ਜਾਮਭੂਸ਼ਣ, ਪੁ., ਮਿਰਚ

श्यामल–ਸ਼ਜਾਮਲ, ਪੁ., ਪਿੱਪਲ, ਸ਼ਰੀਂਹ ਦਾ ਰੁੱਖ

श्यामलता–ਸ਼ਜਾਮਲਤਾ, ਇ., ਕਾਲਾਪਣ, ਸਾਂਵਲਾਪਣ

श्यामसुन्दर–ਸ਼ਜਾਮਸੁੰਦਰ, ਪੁ., ਸ੍ਰੀ ਕ੍ਰਿਸ਼ਨ ਜੀ

श्यामा–ਸ਼ਜਾਮਾ, ਇ., ਬਾਂਝ ਤੀਵੀਂ, ਸੋਲਾਂ ਸਾਲ ਦੀ ਜਵਾਨ ਤੀਵੀਂ, ਰਾਤ, ਛਾਂ, ਜਮੁਨਾ, ਕੋਇਲ, ਕਸਤੂਰੀ, ਹਲਦੀ, ਹਰੜ, ਕਾਲੀ ਦੇਵੀ, ਇਕ ਗੋਪੀ

श्याल, श्यालक–ਸ਼ਜਾਲ, ਸ਼ਜਾਲਕ, ਪੁ., ਸਾਲਾ, ਬਹੂ ਦਾ ਭਾਈ ਭਣੋਈਆ, ਜੀਜਾ, ਗਿੱਦੜ

श्येन–ਸ਼ਜੇਨ, ਪੁ., ਸ਼ਿਕਰਾ, ਬਾਜ਼, ਦੋਹਰੇ ਦੇ ਚੌਥੇ ਭੇਦ ਦਾ ਨਾਉਂ, ਪੀਲਾ ਰੰਗ

श्येनिका–ਸ਼ਜੇਨਿਕਾ, ਇ., ਬਾਜ਼ ਪੰਖੇਰੂ ਦੀ ਮਦੀਣ, ਇਕ ਛੰਦ

श्येनी–ਸ਼ਜੇਨੀ, ਇ., ਪੁਰਾਣਾਂ ਦੇ ਮੁਤਾਬਕ ਕੱਸ਼ਪ ਰਿਸ਼ੀ ਦੀ ਇਕ ਧੀ, ਕਹਿੰਦੇ ਹਨ ਕਿ ਬਾਜ਼ ਕਬੂਤਰ ਆਦਿਕ ਇਸ ਦੇ ਹੀ ਢਿੱਡੋਂ ਹੋਏ ਹਨ

श्येरा–ਸ਼ਜੇਰਾ, ਪੁ., ਵੱਡੀ ਮੇਖ

श्रद्धा–ਸ਼੍ਰੱਧਾ, ਇ., ਨਿਸਚਾ, ਜਕੀਨ, ਭਰੋਸਾ, ਚਿੱਤ ਦੀ ਖ਼ੁਸ਼ੀ, ਅੱਤ੍ਰੀ ਰਿਸ਼ੀ ਦੀ ਧਰਮ ਪਤਨੀ

श्रद्धालू–ਸ਼੍ਰੱਧਾਲੂ, ਵਿ., ਜਿਸ ਦੇ ਮਨ ਵਿਚ ਸ਼ਰਧਾ ਹੋਵੇ

श्रद्धास्पद–ਸ਼੍ਰੱਧਾਸਪਦ, ਵਿ., ਜਿਸ ਤੇ ਸ਼ਰਧਾ ਹੋਵੇ, ਪੂੱਜ, ਮਾਨਯੋਗ

श्रद्धेय–ਸ਼੍ਰੱਧੇਜ, ਵਿ., ਸ਼ਰਧਾ ਜੋਗ, ਆਦਰ ਜੋਗ

श्रम–ਸ਼੍ਰਮ, ਪੁ., ਮਿਹਨਤ, ਥਕਾਵਟ, ਅਭਿਆਸ, ਕਲੇਸ਼, ਦੁਖ, ਦੌੜ, ਪਰੇਸ਼ਾਨੀ, ਪਸੀਨਾ, ਕਸਰਤ, ਇਲਾਜ, ਤਪ

श्रमकण–ਸ਼੍ਰਮਕਣ, ਪੁ., ਮੁੜ੍ਹਕੇ ਦੇ ਤੁਬਕੇ

श्रमघ्न–ਸ਼੍ਰਮਘ੍ਨ, ਵਿ., ਥਕਾਵਟ ਹਟਾਉਣ ਵਾਲਾ

श्रमजल–ਸ਼੍ਰਮਜਲ, ਪੁ., ਪਸੀਨਾ, ਮੁੜ੍ਹਕਾ

श्रमजित–ਸ਼੍ਰਮਜਿਤ, ਵਿ., ਮਿਹਨਤ ਕਰਨ ਤੇ ਨਾ ਥੱਕਣ ਵਾਲਾ

श्रमजीवी–ਸ਼੍ਰਮਜੀਵੀ, ਵਿ., ਮਿਹਨਤ ਕਰਕੇ ਢਿਡ ਭਰਨ ਵਾਲਾ

श्रमण–ਸ਼੍ਰਮਣ, ਪੁ.,, ਬੁੱਧ ਮਤ ਦਾ ਸਨਿਆਸੀ. ਨੀਚ ਕਰਮ ਕਰਨ ਵਾਲਾ ਬੰਦਾ

श्रमिक–ਸ਼੍ਰਮਿਕ, ਪੁ., ਨੌਕਰ ਮਜ਼ਦੂਰ

श्रमित–ਸ੍ਰਮਿਤ, ਵਿ., ਥੱਕਿਆ ਹੋਇਆ

श्रमी–ਸ਼੍ਰਮੀ, ਵਿ., ਮਿਹਨਤੀ

श्रयण–ਸ਼੍ਰਜਣ, ਪ., ਆਸਰਾ

श्रवण–ਸ਼੍ਰਵਣ, ਪੁ., ਕੰਨ

श्रवणविभ्रम–ਸ਼੍ਰਵਣਵਿਭ੍ਰਮ, ਪੁ., ਸੁਣਨ ਵਿਚ ਭੁਲੇਖਾ

श्रवणहारी, श्रवणीय–ਸ਼੍ਰਵਣਹਾਰੀ, ਸ਼੍ਰਵਣੀਜ, ਵਿ., ਸੁਨਣ ਜੋਗ ਜੋ ਸੁਨਣ ਵਿਚ ਚੰਗਾ ਮਲੂਮ ਹੋਵੇ

श्रव्य–ਸ਼੍ਰਵਜ, ਵਿ., ਜੋ ਸੁਣਿਆ ਜਾ ਸਕੇ

श्राद्ध–ਸ਼੍ਰਾੱਧ, ਪੁ., ਸਰਧਾ ਨਾਲ ਕੀਤਾ ਹੋਇਆ ਕੰਮ, ਪਿਤਰਾਂ ਦੇ ਨਮਿੱਤ ਜੋ ਕਰਮ ਕੀਤਾ ਜਾਂਦਾ ਹੈ, ਸਰਾਧ

श्राद्धकर्ता–ਸ਼੍ਰੱਾਧ ਕਰਤਾ, ਵਿ., ਸਰਾਧ ਕਰਨ ਵਾਲਾ

श्रान्त–ਸ਼੍ਰਾਂਤ, ਵਿ., ਦੁਖੀ, ਥੱਕਿਆ ਹੋਇਆ

श्रान्ति–ਸ਼੍ਰਾਂਤਿ, ਇ., ਥਕਾਵਟ, ਮਿਹਨਤ, ਖੇਦ, ਦੁਖ

श्राप–ਸ਼੍ਰਾਪ, ਪੁ., ਧਿਰਕਾਰ, ਬਦ ਦੁਆ, ਲਾਹਨਤ, ਫਿਟਕਾਰ, ਸਰਾਪ ਦੇਖੋ ਸ਼ਾਪ (शाप)

श्राम–ਸ਼੍ਰਾਮ, ਪੁ., ਮੰਡਪ, ਘਰ, ਸਮਾ, ਵੇਲਾ

श्राव–ਸ਼੍ਰਾਵ, ਪੁ., ਕੰਨ, ਗੰਦਾ ਬਿਰੋਜ਼ਾ

श्रावक–ਸ਼੍ਰਾਵਕ, ਪੁ., ਕਾਂ, ਚੇਲਾ, ਦੂਰ ਦਾ ਸ਼ਬਦ, ਦੇਖੋ ਸ਼੍ਰਮਣ (श्रमण) ਵਿ., ਸੁਣਨ ਵਾਲਾ

श्रावगी–ਸ਼੍ਰਾਵਗੀ, ਪੁ., ਜੈਨੀ

श्रावण–ਸ਼੍ਰਾਵਣ, ਪੁ., ਸੌਣ ਦਾ ਮਹੀਨਾ, ਅਵਾਜ਼

श्रावणी–ਸ਼੍ਰਾਵਣੀ, ਇ., ਸਲੂਨੋਂ, ਸੌਣ ਦੇ ਮਹੀਨੇ ਦੀ ਪੂਰਨਮਾਸ਼ੀ ਰਾਖੜੀਆਂ

श्रावस्ती–ਸ਼੍ਰਾਵਸ੍ਤੀ, ਇ., ਇਕ ਪੁਰਾਣੀ ਨਗਰੀ ਜਿਸ ਨੂੰ ਅਜ ਕਲ ਸਹੇਤ ਮਹੇਤ ਕਹਿੰਦੇ ਹਨ

श्राविता–ਸ਼੍ਰਾਵਿਤਾ, ਵਿ., ਸੁਣਨ ਵਾਲਾ, ਸ਼੍ਰੋਤਾ

श्रावा–ਸ਼੍ਰਾਵਾ, ਇ., ਪਿੱਛ

श्राव्य–ਸ਼੍ਰਾਵਜ, ਵਿ., ਸੁਣਨ ਜੋਗ

श्रित–ਸ਼੍ਰਿਤ, ਵਿ., ਆਸਰ ਵਿਚ, ਪਕਿਆ ਹੋਇਆ, ਸੇਵਾ ਕੀਤਾ ਹੋਇਆ

श्रियंमन्या–ਸ਼੍ਰਿਜੰਮਨਜਾ, ਇ., ਆਪਣੇ ਆਪ ਨੂੰ ਲੱਛਮੀ ਸਮਝਣ ਵਾਲੀ ਤੀਵੀਂ

श्रिय–ਸ਼੍ਰਿਜ, ਇ., ਮੰਗਲ, ਕਲਿਆਣ, ਸੋਭਾ

श्रिया–ਸ਼੍ਰਿਜਾ, ਇ., ਲੱਛਮੀ, ਵਿਸ਼ਨੂੰ ਮਹਾਰਾਜ ਦੀ ਪਤਨੀ

श्री–ਸ਼੍ਰੀ, ਇ., ਲੱਛਮੀ, ਜਸ, ਸ਼ੋਭਾ, ਚਮਕ, ਧਰਮ ਅਰਥ ਅਤੇ ਕਾਮ, ਬਿੰਦੀ ਨਾਂਉਂ ਦਾ ਤੀਵੀਆਂ ਦਾ ਗਹਿਣਾ, ਇਕ ਆਦਰ ਸੂਚਕ ਸ਼ਬਦ, ਇਕ ਤਰ੍ਹਾਂ ਦਾ ਪੈਰ ਦਾ ਚਿੰਨ੍ਹ, ਪੁ., ਬ੍ਰਹਮਾ, ਵਿਸ਼ਨੂੰ. ਸ਼ਿਵ, ਇਕ ਅੱਖਰ ਵਾਲਾ ਛੰਦ, ਇਕ ਰਾਗ

श्रीकण्ठ–ਸ਼੍ਰੀਕੰਠ, ਪੁ., ਸ਼ਿਵ, ਮਹਾਦੇਵ, ਇਕ ਪੰਖੇਰੂ

श्र कर–ਸ਼੍ਰੀਕਰ. ਪੁ., ਲਾਲ ਕੰਵਲ, ਵਿਸ਼ਨੂੰ, ਵਿ., ਸੁਹੱਪਣ ਵਧਾਉਣ ਵਾਲਾ

श्रीकरण–ਸ਼੍ਰੀਕਰਣ, ਪੁ., ਕਲਮ, ਕੈਥਾਂ ਦੀ ਇਕ ਸ਼ਾਖ਼

श्रीकान्त–ਸ਼੍ਰੀਕਾਂਤ, ਪੁ., ਵਿਸ਼ਨੂੰ, ਲੱਛਮੀ ਪਤੀ

श्रीकृष्ण–ਸ਼੍ਰੀਕ੍ਰਿਸ਼ਣ, ਪੁ., ਦੇਖੋ ਕ੍ਰਿਸ਼ਨ (कृष्ण)

श्रीखंड–ਸ਼੍ਰੀਖੰਡ, ਪੁ., ਇਕ ਕਿਸਮ ਦਾ ਚੰਦਨ

श्रीखण्डशैल–ਸ਼੍ਰੀਖੰਡਸ਼ੈਲ, ਪੁ., ਮਲਯ ਨਾਂਉਂ ਦਾ ਪਹਾੜ

श्रीगंध–ਸ਼੍ਰੀਗੰਧ, ਪੁ., ਸਫ਼ੇਦ ਚੰਦਨ, ਸੰਦਲ

श्रीगर्भ–ਸ਼੍ਰੀਗਰਭ, ਪੁ., ਵਿਸ਼ਨੂੰ, ਖੜਗ, ਤਲਵਾਰ

श्रीगेह–ਸ਼੍ਰੀਗੇਹ, ਪੁ., ਕੰਵਲ

श्रीगृह–ਸ਼੍ਰੀਗ੍ਰਿਹ, ਪੁ., ਉਹ ਥਾਂ ਜਿਥੇ ਚਿੜੀਆਂ ਦੇ ਪਾਣੀ ਪੀਣ ਦਾ ਪਰਬੰਧ ਹੋਵੇ

श्रीचमरी–ਸ਼੍ਰੀਚਮਰੀ, ਇ., ਇਕ ਤਰ੍ਹਾਂ ਦਾ ਹਿਰਨ

श्रीज–ਸ਼੍ਰੀਜ, ਪੁ., ਕਾਮਦੇਵ

श्रीणा-ਸ਼੍ਰੀਣਾ, ਇ., ਰਾਤ

श्रीतरु-ਸ਼੍ਰੀਤਰੁ, ਪੁ., ਸਾਲ ਦਾ ਰੁੱਖ

श्रीदयित-ਸ਼੍ਰੀਦਜਿਤ, ਪੁ.,ਵਿਸ਼ਨੂੰ ਮਹਾਰਾਜ ਜੀ ਦਾ ਇਕ ਨਾਂਉਂ

श्रीदाल-ਸ਼੍ਰੀਦਾਲ, ਪੁ., ਸ਼ੀ ਕ੍ਰਿਸ਼ਨ ਜੀ ਦੇ ਇਕ ਗਵਾਲੇ ਦੋਸਤ ਦਾ ਨਾਉਂ

श्रीधर-ਸ਼੍ਰੀਧਰ, ਪੁ., ਵਿਸ਼ਨੂੰ ਮਹਾਰਾਜ, ਵਿ., ਤੇਜ ਵਾਲਾ

श्रीनिकेत-ਸ਼੍ਰੀਨਿਕੇਤ, ਪੁ.,ਸੋਨਾ, ਵੈਕੁੰਠ, ਲਾਲ ਕੰਵਲ

श्रीनिकेतन-ਸ਼੍ਰੀਨਿਕੇਤਨ, ਪ., ਵਿਸ਼ਨੂੰ, ਵੈਕੁੰਠ

श्रीपञ्चमी-ਸ਼੍ਰੀਪੰਚਮੀ, ਇ., ਮਾਘ ਦੇ ਪਿਛਲੇ ਪੱਖ ਦੀ ਪੰਚਮੀ ਤਿਥ, ਬਸੰਤ ਪੰਚਮੀ

श्रीपति-ਸ਼੍ਰੀਪਤਿ, ਪੁ., ਵਿਸ਼ਨੂੰ, ਕ੍ਰਿਸ਼ਨ, ਕੁਬੇਰ, ਰਾਜਾ

श्रीपथ-ਸ਼੍ਰੀਪਥ, ਪੁ., ਵੱਡੀ ਤੇ ਚੌੜੀ ਸੜਕ, ਜਰਨੈਲੀ ਸੜਕ

श्रीपर्ण-ਸ਼੍ਰੀਪਰਣ, ਪੁ., ਕੰਵਲ

श्रीपाद-ਸ਼੍ਰੀਪਾਦ, ਵਿ., ਪੂਜਾ ਕਰਨ ਜੋਗ

श्रीपुत्र-ਸ਼੍ਰੀਪੁਤ੍ਰ, ਪੁ., ਕਾਮਦੇਵ, ਘੋੜਾ

श्रीप्रद-ਸ਼੍ਰੀਪ੍ਰਦ, ਵਿ., ਸੁਖ ਦੇਣ ਵਾਲਾ

श्रीप्रसून-ਸ਼੍ਰੀਪ੍ਰਸੂਨ, ਪੁ., ਲੌਂਗ

श्रीप्रिय-ਸ਼੍ਰੀਪ੍ਰਿਜ, ਪੁ., ਹਰਤਾਲ

श्रीफल-ਸ਼੍ਰੀਫਲ, ਪੁ., ਨਾਰੀਅਲ, ਬਿਲ ਦਾ ਰੁੱਖ, ਔਲਾ

श्रीभक्ष-ਸ਼੍ਰੀਭਕਸ਼, ਪੁ., ਮਧੁਪਰਕ ਜੋ ਦੇਵਤਿਆਂ ਅੱਗੇ ਰੱਖਿਆ ਜਾਂਦਾ ਹੈ

श्रीभानु-ਸ਼੍ਰੀਭਾਨੁ, ਪੁ., ਸ਼੍ਰੀ ਕ੍ਰਿਸ਼ਨ ਜੀ ਦੇ ਇਕ ਪੁੱਤਰ ਦਾ ਨਾਉ

श्रीमञ्जरी-ਸ਼੍ਰੀਮੰਜਰੀ, ਇ., ਤੁਲਸੀ, ਸੁਰਸਾ

श्रीमत्-ਸ਼੍ਰੀਮਤ, ਵਿ., ਧਨਵਾਨ, ਸੋਹਣਾ, ਸੁੰਦਰ, ਪੁ., ਤਿਲਾਂ ਦਾ ਬੁਟਾ, ਪਿੱਪਲ, ਸ਼ਿਵ

श्रीमती-ਸ਼੍ਰੀਮਤੀ, ਇ., ਤੀਵੀਆਂ ਦਾ ਮਾਣਸੂਚਕ ਸ਼ਬਦ, ਰਾਧਾ, ਲੱਛਮੀ

श्रीमन्त-ਸ਼੍ਰੀਮੰਤ, ਪੁ., ਇਕ ਕਿਸਮ ਦਾ ਸਿਰ ਦਾ ਗਹਿਣਾ, ਤੀਵੀਆਂ ਦੇ ਸਿਰ ਦੀ ਮਾਂਗ, ਵਿ., ਸ੍ਰੀ ਮਾਨ, ਧਨ ਵਾਲਾ

श्रीमलापहा-ਸ੍ਰੀਮੰਲਾਪਹਾ, ਇ., ਤਮਾਖੂ

श्रीमस्तक-ਸ਼੍ਰੀਮਸ੍ਤਕ, ਪੁ., ਲਾਲ ਆਲੂ, ਲਸਣ

श्रीमान्-ਸ਼੍ਰੀਮਾਨ, ਪੁ., ਆਦਰ ਵਾਲਾ ਸ਼ਬਦ ਜੋ ਨਾਉਂ ਤੋਂ ਪਹਿਲਾਂ ਰੱਖਿਆ ਜਾਂਦਾ ਹੈ, ਧਨ ਵਾਲਾ, ਅਮੀਰ

श्रीमाल-ਸ਼੍ਰੀਮਾਲ, ਪੁ., ਬਾਣੀਆਂ ਦੀ ਇਕ ਮੂਹੀਂ, ਗਲ ਵਿਚ ਪਹਿਨਣ ਦਾ ਇਕ ਗਹਿਣਾ

श्रीमूर्ति-ਸ਼੍ਰੀਮੂਰਤਿ, ਇ., ਵਿਸ਼ਨੂੰ ਦੀ ਇਕ ਮੂਰਤ

श्रीयुक्त, श्रीयुत-ਸ਼੍ਰੀਯੁਕਤ, ਸ਼੍ਰੀਯੁਤ, ਵਿ., ਦੇਖੋ ਸ਼੍ਰੀਮਾਨ (श्रीमान)

श्रीरमण-ਸ਼੍ਰੀਰਮਣ, ਪੁ., ਵਿਸ਼ਨੂੰ, ਇਕ ਸਾਲ ਦਾ ਨਾਉਂ

श्रीवत्स-ਸ਼੍ਰੀਵਤਸ, ਪੁ., ਵਿਸ਼ਨੂੰ ਦੀ ਛਾਤੀ ਤੇ ਗੂੱਠੇ ਜਿੱਡਾ ਨਿਸ਼ਾਣ ਜੋ ਭਿਰਗੂ ਦੀ ਦੇ ਪੈਰ ਦਾ ਨਿਸ਼ਾਣ ਮੰਨਿਆ ਜਾਂਦਾ ਹੈ

श्रीवास, श्रीवासक-ਸ਼੍ਰੀਵਾਸ; ਸ਼੍ਰੀਵਾਸਕ, ਪੁ., ਤਾਰਪੀਨ ਦਾ ਤੇਲ, ਕੰਵਲ, ਵਿਸ਼ਨੂੰ, ਸ਼ਿਵ, ਦੇਵਦਾਰ, ਚੰਦਨ, ਗੁੱਗਲ, ਧਪ

श्रीसहोदर-ਸ਼੍ਰੀ ਸਹੋਦਰ, ਪੁ., ਚੰਦਰਮਾ

श्रीहत-ਸ਼੍ਰੀਹਤ, ਵਿ., ਬਿਨਾ ਤੇਜ ਤੋਂ, ਚਮਕ ਤੋਂ ਬਿਨਾ

श्रीहरा-ਸ਼੍ਰੀਹਰਾ, ਇ., ਰਾਧਾ

श्रीहर्ष-ਸ੍ਰੀਹਰਸ਼, ਪੁ,, ਵਿਸ਼ਨੂੰ, ਸੰਸਕ੍ਰਿਤ ਦੇ ਇਕ ਕਵੀ

श्रुत-ਸ਼੍ਰੁਤ, ਵਿ., ਸੁਣਿਆ ਹੋਇਆ, ਮਸ਼ਹੂਰ,ਗਿਆਤ

श्रुतकीर्ति, श्रुतदेव-ਸ਼੍ਰੁਤਕੀਰਤਿ, ਸ਼੍ਰੁਤਦੇਵ, ਪੁ., ਅਰਜਨ ਦੇ ਇਕ ਪੁੱਤਰ ਦਾ ਨਾਉਂ

श्रुतदेवी- ਸ਼੍ਰੁਤਦੇਵੀ, ਇ., ਵਾਸੁਕੀ ਦੀ ਭੈਣ ਦਾ ਨਾਉਂ

श्रुतपूर्व-ਸ਼੍ਰੁਤਪੂਰਵ, ਵਿ., ਜੋ ਪਹਿਲਾਂ ਸੁਣਿਆ ਗਿਆ ਹੋਵੇ

श्रुतशील-ਸ਼੍ਰੁਤਸ਼ੀਲ, ਵਿ., ਪੰਡਿਤ ਅਤੇ ਚੰਗੇ ਚਾਲ ਚਲਣ ਵਾਲਾ

श्रुतसेन-ਸ਼੍ਰੁਤਸੇਨ, ਪੁ., ਜਨਮੇਜੈ ਦੇ ਬਾਪ ਦਾ ਨਾਉਂ

श्रुतसेना-ਸ਼੍ਰੁਤਸੇਨਾ, ਇ., ਸ਼੍ਰੀ ਕਿਸ਼ਨ ਜੀ ਦੀ ਧਰਮ ਪਤਨੀ ਦਾ ਨਾਂ

श्रुतार्थ-ਸ਼੍ਰੁਤਾਰਥ, ਵਿ., ਉਹ ਅਰਥ ਜੋ ਸੁਨਣ ਤੋਂ ਹੀ ਸਮਝ ਵਿਚ ਆ ਜਾਵੇ, ਜਿਸ ਨੇ ਅਰਥ ਸੁਣਿਆ ਹੋਵੇ

श्रुति-ਸ਼੍ਰੁਤਿ, ਇ., ਵੇਦ, ਕੰਨ, ਸੁਣੀ ਹੋਈ ਗੱਲ, ਉੜਦੀ ਅਵਾਜ਼, ਸ਼ਬਦ, ਵਿਦਿਆ

श्रुतिकट-ਸ਼੍ਰੁਤਿਕਟ, ਪੁ., ਪ੍ਰਾਸ਼ਚਿਤ, ਪਛਤਾਵਾ

श्रुतिकटु-ਸ਼੍ਰੁਤਿਕਟੁ, ਵਿ., ਕਾਵ ਰਚਨਾ ਵਿਚ ਇਕ ਦੋਸ਼, ਕਰੜੇ ਜਾਂ ਔਖੇ ਸ਼ਬਦ

श्रुतिधर-ਸ਼੍ਰੁਤਿਧਰ. ਵਿ., ਜਿਸ ਮਨੁੱਖ ਦੇ ਸੁਣਦੇ ਹੀ ਸ਼ਲੋਕ ਯਾਦ ਹੋ ਜਾਵੇ

श्रुततिपथ-ਸ਼੍ਰੁਤਿਪਥ, ਪੁ., ਕੰਨ

श्रुतिमार्ग, श्रुतिमण्डल-ਸ਼੍ਰੁਤਿਮਾਰਗ, ਸ਼੍ਰੁਤਿਮੰਡਲ, ਪੁ., ਕੰਨ

श्रुतिमाला. श्रुतिमुख-ਸ਼੍ਰੁਤਿਮਾਲਾ, ਸ਼੍ਰੁਤਿਮੁਖ, ਪੁ., ਬ੍ਰਹਮਾ

श्रुतिवर्जित-ਸ਼੍ਰੁਤਿਵਰਜਿਤ. ਵਿ., ਬਹਿਰਾ, ਬੋਲਾ

श्रुतिवेध-ਸ਼੍ਰੁਤਿਵੇਧ, ਪੁ . ਕੰਨ ਵਿਚ ਛੇਕ ਕਰਨ ਦੀ ਕਿਰਿਆ

श्रुत्यनुप्रास-ਸ਼੍ਰੁਤਜਨੁਪ੍ਰਾਸ, ਪੁ., ਇਕ ਅਲੰਕਾਰ

श्रेणि-ਸ਼੍ਰੇਣਿ, ਇ., ਪੰਗਤਿ, ਕਤਾਰ, ਜ਼ੰਜੀਰ, ਸਿਲਸਿਲਾ, ਦਲ ਸਮੂਹ, ਫੌਜ, ਕੰਪਨੀ, ਪਾਣੀ ਭਰਨੀ, ਪਾਣੀ ਭਰਨ ਦਾ ਡੋਲ ਪੌੜੀ, ਜਮਾਤ, ਕਲਾਸ

श्रेणिक-ਸ਼੍ਰੇਣਿਕ. ਪੁ., ਅਗਲਾ ਦੰਦ

श्रेणिका-ਸ਼੍ਰੇਣਿਕਾ, ਇ., ਡੇਰਾ, ਤੰਬੂ

श्रेणी-ਸ਼੍ਰੇਣੀ, ਇ., ਦੇਖੋ ਸ਼੍ਰੇਣਿ (श्रेणि)

श्रेणीबद्ध-ਸ਼੍ਰੇਣੀਬੱਧ, ਵਿ., ਕਤਾਰ ਵਿਚ ਬੰਨ੍ਹਿਆ ਹੋਇਆ

श्रेय-ਸ਼੍ਰੇਜ, ਵਿ., ਬਹੁਤ ਅੱਛਾ. ਵਧੀਆ, ਉੱਤਮ, ਚੰਗਾ, ਜਸ

ਦਣ ਵਾਲਾ, ਪੁ., ਭਲਾਈ, ਧਰਮ ਅਰਥ ਕਾਮ ਅਤੇ ਮੋਖ, ਪੁੰਨ, ਸਦਾਚਾਰ, ਕਲਿਆਣ

श्रेयस्कर–ਸ਼੍ਰੇਯਸਕਰ, ਵਿ., ਕਲਿਆਣ ਕਰਨ ਵਾਨਾ, ਭਲਿਆਈ ਕਰਨ ਵਾਲ਼ਾ

श्रेयस्करी–ਸ਼੍ਰੇਯਸਕਰੀ, ਇ., ਹਰੜ, ਪਾਠਾ

श्रेष्ठ–ਸ਼੍ਰੇਸ਼ਠ, ਵਿ., ਚੰਗੇ ਸੁਭਾਉ ਦਾ, ਭਲਾ. ਉਤਮ, ਡਾਢਾ ਚੰਗਾ, ਬਹੁਤ ਅੱਛਾ, ਪੂੰਜ, ਵੱਡਾ

श्रेष्ठकाष्ठ–ਸ਼੍ਰੇਸ਼ਠਕਾਸ਼ਠ, ਪੁ., ਸਾਗਵਾਨ ਦਾ ਰੁੱਖ, ਘਰ ਵਿਚ ਲਗਿਆ ਹੋਇਆ ਵੱਡਾ ਥੰਭ

श्रेष्ठता–ਸ਼੍ਰੇਸ਼ਠਤਾ, ਇ., ਵਡਿਆਈ, ਬੜੱਪਣ, ਹੱਛਾਪਣ, ਚੰਗਿਆਈ

श्रेष्ठा–ਸ਼੍ਰੇਸ਼ਠਾ, ਵਿ., ਬਹੁਤ ਅੱਛੀ ਤੀਵੀਂ, ਚੰਗੇ ਸੁਭਾਉ ਦੀ ਤੀਵੀਂ, ਤਿਰਫਲਾ, ਥਲਪਦਮਣੀ

श्रेष्ठी–ਸ਼੍ਰੇਸ਼ਠੀ, ਪੁ., ਵਪਾਰੀਆਂ ਦਾ ਆਗੂ, ਮਹਾਜਨ, ਸੇਠ

श्रोण–ਸ਼੍ਰੋਣ, ਵਿ., ਲੰਗੜਾ, ਗੰਜਾ

श्रोणि–ਸ਼੍ਰੋਣਿ, ਇ., ਲੱਕ, ਕਮਰ, ਚੁੱਤੜ, ਰਾਹ, ਜੱਗ ਦੀ ਵੇਦੀ ਦਾ ਕਿਨਾਰਾ

श्रोणिकपाल–ਸ਼੍ਰੋਣਿਕਪਾਲ, ਪੁ., ਪੱਟ ਦੀ ਹੱਡੀ

श्रोणिसूत्र–ਸ਼੍ਰੋਣਿਸੂਤ੍ਰ. ਪੁ.. ਤੜਾਗੀ

श्रोणी–ਸ਼੍ਰੋਣੀ, ਇ , ਦੇਖੋ ਸ਼੍ਰੋਣਿ (श्रोणि)

श्रोत–ਸ਼੍ਰੋਤ, ਪੁ., ਕੰਨ

श्रोतक–ਸ਼੍ਰੋਤਕ. ਵਿ.. ਸੁਣਨ ਜੋਗ

श्रोता–ਸ਼੍ਰੋਤਾ, ਵਿ., ਸੁਣਨ ਵਾਲਾ, ਕਥਾ ਜਾਂ ਉਪਦੇਸ਼ ਸੁਣਨ ਵਾਲਾ

श्रोत्र–ਸ਼੍ਰੋਤ੍ਰ, ਪੁ., ਕੰਨ, ਵੇਦ, ਗਿਆਨ

श्रोत्रिय, श्रोत्री–ਸ਼੍ਰੋਤ੍ਰਿਯ, ਸ਼੍ਰੋਤੀ, ਪੁ., ਵੇਦ ਦੇ ਜਾਣਨ ਵਾਲਾ ਬ੍ਰਾਹਮਣ

श्रोत–ਸ਼੍ਰੋਤ, ਪੁ., ਵੇਦ ਸਬੰਧੀ, ਜੋ ਵੇਦ ਦੇ ਮੁਤਾਬਕ ਹੋਵੇ, ਵੇਦ ਵਿਚ ਦੱਸਿਆ ਹੋਇਆ ਧਰਮ

श्लक्ष्ण–ਸ਼ਲਕਸ਼ਣ, ਵਿ., ਥੋੜਾ, ਸੂਛਮ, ਚਿਉਂਕਣਾ, ਸੁੰਦਰ

श्लक्ष्णता–ਸ਼ਲਕਸ਼ਣਤਾ, ਇ., ਚਿਕਣਾਈ, ਸੁੰਦਰਤਾ, ਸੁਛਮਤਾ

श्लथ–ਸ਼ਲਥ, ਵਿ., ਕਮਜ਼ੋਰ, ਢਿੱਲਾ, ਧੀਮਾ, ਜੋ ਬੰਨ੍ਹਿਆ ਨਾ ਹੋਵੇ

श्लाघन–ਸ਼ਲਾਘਨ, ਵਿ., ਆਪਣੀ ਤਰੀਫ ਕਰਨ ਵਾਲਾ, ਡੀਂਗ ਹੱਕਣ ਵਾਲਾ

श्लाघनीय–ਸ਼ਲਾਘਨੀਜ, ਵਿ., ਤਰੀਫ ਦੇ ਜੋਗ, ਵਡਿਆਈ ਜੋਗ, ਉੱਤਮ, ਚੰਗਾ

श्लाघनीयता, श्लाघा–ਸ਼ਲਾਘਨੀਜਤਾ, ਸ਼ਲਾਘਾ, ਇ,, ਤਰੀਫ਼, ਵਡਿਆਈ, ਉਸਤਤ, ਖੁਸ਼ਾਮਦ, ਲੱਲੋ ਪੱਤੋ, ਝੂਠੀਆਂ ਗੱਲਾਂ ਕਰਨੀਆਂ

श्लाघित–ਸ਼ਲਾਘਿਤ, ਵਿ,, ਜਿਸ ਦੀ ਤਰੀਫ਼ ਹੋਈ ਹੋਵੇ, ਅੱਛਾ ਉੱਤਮ, ਵੱਡਾ

श्लाघ्य–ਸ਼ਲਾਘਜ, ਵਿ., ਤਰੀਫ ਦੇ ਲਾਇਕ, ਸ੍ਰੇਸ਼ਟ, ਅੱਛਾ ਸਲਾਹੁਣ ਜੋਗ

श्लिष्ट–ਸ਼ਲਿਸ਼੍ਟ, ਵਿ., ਮਿਲਿਆ ਹੋਇਆ, ਅੱਛੀ ਤਰ੍ਹਾਂ ਜੰਮਿਆ ਹੋਇਆ, ਜਿਸ ਦੇ ਦੂਹਰੇ ਅਰਥ ਹੋਣ, ਚਿਪਕਿਆ ਹੋਇਆ

श्लिष्टि–ਸ਼ਲਿਸ਼੍ਟਿ, ਇ., ਜੋੜ. ਮਿਲਾਨ, ਗਲਵੱਕੜੀ

श्लीपद–ਸ਼ਲੀਪਦ, ਪੁ., ਟੰਗ ਫੁੱਲਣ ਦੀ ਇਕ ਬੀਮਾਰੀ

श्लील–ਸ਼ਲੀਲ, ਵਿ., ਉੱਤਮ, ਵਧੀਆ. ਜੋ ਭੱਦਾ ਨਾ ਹੋਵੇ, ਚੰਗਾ

श्लेष–ਸ਼ਲੇਸ਼, ਪੁ., ਦੇਖੋ ਸ਼ਲਿਸ਼੍ਟ (श्लिष्ट) ਇਕ ਅਲੰਕਾਰ

श्लेषक–ਸ਼ਲੇਸ਼ਕ, ਵਿ., ਮਿਲਾਉਣ ਵਾਲਾ, ਜੋੜਨ ਵਾਲਾ

श्लेषण–ਸ਼ਲੇਸ਼ਣ, ਪੁ., ਮਿਲਾਉਣ, ਗਲਵੱਕੜੀ ਪਾਉਣ ਦਾ ਕੰਮ

श्लेषा–ਸ਼ਲੇਸ਼ਾ. ਇ., ਗਲਵੱਕੜੀ. ਮੇਲ, ਭੇਂਟ

श्लेषोपमा–ਸ਼ਲੇਸ਼ੋਪਮਾ. ਇ.. ਇਕ ਅਲੰਕਾਰ

श्लेष्म. श्लेष्मक–ਸ਼ਲੇਸ਼ਮ, ਸ਼ਲੇਸ਼ਮਕ, ਪੁ., ਕਫ਼, ਬਲਗ਼ਮ

श्लेष्मघ्न, श्लेष्मघ्ना, श्लेष्मघ्नी–ਸ਼ਲੇਸ਼ਮਘ੍ਨ, ਸ਼ਲੇਸ਼ਮਘ੍ਨਾ, ਸ਼ਲੇਸ਼ਮਘ੍ਨੀ, ਪੁ. ਇ., ਕੇਉੜਾ, ਚਮੇਲੀ ਜਾਂ ਜੂਹੀ

श्लेष्मा–ਸ਼ਲੇਸ਼ਮਾ, ਪੁ., ਕਫ, ਬਲਗ਼ਮ, ਰੱਸ਼ੀ, ਬੰਨ੍ਹਣ

श्लेष्मी–ਸ਼ਲੇਸ਼ਮੀ, ਪੁ., ਗੰਦਾ ਬਿਰੋਜ਼ਾ

श्लेष्मिक–ਸ਼ਲੇਸ਼ਮਿਕ, ਵਿ., ਕਫ਼ ਸਬੰਧੀ

श्लोक–ਸ਼ਲੋਕ, ਪੁ., ਸ਼ਬਦ, ਧੁਨ, ਅਵਾਜ਼, ਪੁਕਾਰ, ਉਸਤਤ, ਤਰੀਫ਼, ਨਾਮ, ਜਸ. ਸੰਸਕ੍ਰਿਤ ਦਾ ਕੋਈ ਪਦ

श्वः–ਸ਼੍ਵਃ, ਅਵਜ., ਆਉਣ ਵਾਲਾ ਦੂਜਾ ਦਿਨ, ਕਲ੍ਹ. ਭਲਕੇ

श्वक–ਸ਼੍ਵਕ. ਪੁ., ਭੇੜੀਆ, ਬਘਿਆੜ

श्वक्रीडन्–ਸ਼੍ਵਕ੍ਰੀੜਨ, ਵਿ., ਕੁੱਤਿਆਂ ਨਾਲ ਖੇਡਣ ਵਾਲਾ

श्वन्–ਸ਼੍ਵਨ, ਪੁ., ਕੁੱਤਾ

श्वपच–ਸ਼੍ਵਪਚ, ਪੁ., ਚੰਡਾਲ, ਡੂਮ, ਕੁੱਤੇ ਦਾ ਮਾਸ ਪਕਾ ਕੇ ਖਾਣ ਵਾਲਾ

श्वपाक–ਸ਼੍ਵਪਾਕ, ਪੁ., ਚੰਡਾਲ

श्वपुच्छ–ਸ਼੍ਵਪੁੱਛ, ਪੁ., ਬਿੱਛੂ

श्वभीरु–ਸ਼੍ਵਭੀਰੁ. ਪੁ., ਗਿੱਦੜ

श्वभ्र–ਸ਼੍ਵਭ੍ਰ, ਪੁ., ਇਕ ਨਰਕ, ਛੇਕ, ਦਰਾਰ, ਤੇੜ

श्वशुर–ਸ਼੍ਵਸ਼ੁਰ, ਪੁ., ਬਹੂ ਜਾਂ ਪਤੀ ਦਾ ਪਿਉ, ਸੌਹਰਾ

श्वश्रू–ਸ਼੍ਵਸ਼੍ਰੂ, ਇ., ਸੱਸ

श्वसन–ਸ਼੍ਵਸਨ. ਵਿ., ਸਾਹ ਲੈਣ ਦਾ ਭਾਵ, ਦਮ ਲੈਣ ਦਾ ਭਾਵ, ਹਫਣ, ਮੂੰਹ ਵਿਚੋਂ ਹਵਾ ਛੱਡਣ ਦੀ ਕਿਰਿਆ, ਲੰਮਾ ਸਾਹ ਖਿੱਚਣ ਦਾ ਭਾਵ, ਹੌਕੇ ਭਰਨ ਦਾ ਭਾਵ, ਵਾ, ਮੈਨਸਲ

श्वसनाशन, श्वसनोत्सुक–ਸ਼੍ਵਸਨਾਸ਼ਨ, ਸ਼੍ਵਸਨੋਤਸੁਕ, ਪੁ., ਸੱਪ

श्वस्तन, श्वस्तनी–ਸ਼੍ਵਸ੍ਤਨ, ਸ਼੍ਵਸ੍ਤਨੀ, ਪੁ., ਦੇਖੋ ਸ਼੍ਵਃ (श्वः)

श्वान–ਸ਼੍ਵਾਨ, ਪੁ., ਕੁੱਤਾ, ਛਪੈ ਛੰਦ ਦਾ ਇਕ ਭੇਦ

श्वानचिल्लिका–ਸ਼੍ਵਾਨਚਿੱਲਿਕਾ, ਇ., ਬਾਥੂ ਨਾਉਂ ਦਾ ਸਾਗ

श्वाननिद्रा–ਸ਼੍ਵਾਨਨਿੱਦ੍ਰਾ, ਇ., ਹਲਕੀ ਨੀਂਦ ਜੋ ਥੋੜੇ ਜਿਹੇ ਖੜਕੇ ਨਾਲ ਝਟ ਖੁਲ ਜਾਵੇ, ਝਪਕੀ

श्वापद–ਸ਼੍ਵਾਪਦ, ਪੁ., ਖੂਨੀ ਪਸੂ ਬਘਿਆੜ ਆਦਿ

श्वास–ਸ਼੍ਵਾਸ, ਪੁ., ਸਾਹ, ਦਮ, ਦਮੇ ਦੀ ਬੀਮਾਰੀ

श्वासकास–ਸ਼੍ਵਾਸਕਾਸ਼, ਪੁ., ਦਮਾ ਅਤੇ ਖਾਂਸੀ, ਦਮੇ ਰੋਗ ਦੀ ਖੰਘ

श्वासकुठार–ਸ਼੍ਵਾਸਕੁਠਾਰ, ਪੁ., ਦਮੇ ਦੇ ਰੋਗ ਵਿਚ ਦੇਣ ਵਾਲੀ ਇਕ ਚੰਗੀ ਦਵਾ

श्वासरोध–ਸ਼੍ਵਾਸਰੋਧ, ਪੁ., ਦਮ ਘੁਟਣ ਦੀ ਕਿਰਿਆ

श्वासा–ਸ਼੍ਵਾਸਾ. ਇ.. ਸਾਹ. ਦਮ. ਪ੍ਰਾਣ

श्वासोच्छ्वास–ਸ਼੍ਵਾਸੋਛ੍ਵਾਸ, ਪੁ., ਹੌਂਕਣੀ. ਸਾਹ ਤੇ ਸਾਹ ਲੈਣ ਦਾ ਭਾਸ਼

श्वेत–ਸ਼੍ਵੇਤ, ਵਿ., ਚਿੱਟਾ, ਸਫੇਦ. ਪੁ., ਇਕ ਦ੍ਵੀਪ, ਚਾਂਦੀ, ਸਫੇਦ ਰੰਗ

श्वेतकन्द–ਸ਼੍ਵੇਤਕੰਦ, ਪੁ., ਪਿਆਜ਼, ਗੰਢਾ

श्वेतकुष्ट–ਸ਼੍ਵੇਤਕੁਸ਼੍ਟ, ਪੁ., ਸਫੇਦ ਦਾਗ਼ਾਂ ਵਾਲਾ ਕੋੜ੍ਹ

श्वेतकेश–ਸ਼੍ਵੇਤਕੇਸ਼, ਪੁ., ਚਿੱਟੇ ਵਾਲ

श्वेतगरुत–ਸ਼੍ਵੇਤਗਰੁਤ, ਪੁ., ਰਾਜਹੰਸ

रवेतछद–ਸ਼੍ਵੇਤਛਦ, ਪੁ., ਬਣਤੁਲਸੀ

श्वेतता–ਸ਼੍ਵੇਤਤਾ, ਇ., ਸਫੇਦੀ, ਚਿਟਿਆਈ

श्वेतद्यु ति–ਸ਼੍ਵੇਤਦਜੁਤਿ, ਪੁ., ਚੰਦਰਮਾ

श्वेतधातु–ਸ਼੍ਵੇਤਧਾਤੁ, ਪੁ., ਖੜੀਆ ਮਿੱਟੀ

श्वेतनील–ਸ਼੍ਵੇਤਨੀਲ, ਪੁ., ਬੱਦਲ

श्वेतपक्ष–ਸ਼੍ਵੇਤਪਕਸ਼. ਪੁ., ਹੰਸ

श्वेतप्रदर–ਸ਼੍ਵੇਤਪ੍ਰਦਰ, ਪੁ., ਤੀਵੀਆਂ ਦੀ ਇਕ ਬੀਮਾਰੀ ਜਿਸ ਕਰ ਕੇ ਜੋਨੀ ਵਿਚੋਂ ਸਫੇਦ ਪਾਣੀ ਨਿਕਲਦਾ ਰਹਿੰਦਾ ਹੈ

श्वेतभानु, श्वेतमयूख, श्वेतराशि–ਸ਼੍ਵੇਤਭਾਨੁ, ਸ਼੍ਵੇਤਮਯੂਖ, ਸ਼੍ਵੇਤਰਾਸ਼ਿ, ਪੁ., ਚੰਦਰਮਾ

श्वेतरस–ਸ਼੍ਵੇਤਰਸ, ਪੁ., ਮੱਖਣ

श्वेतवाहन–ਸ਼੍ਵੇਤਵਾਹਨ. ਪੁ., ਚੰਦਰਮਾ, ਅਰਜੁਨ

श्वेता–ਸ਼੍ਵੇਤਾ, ਇ., ਕੌਡੀ, ਵੰਸਲੋਚਨ, ਫਟਕੜੀ, ਚੀਨੀ, ਸ਼ਕਰ, ਮਿਸਰੀ

श्वेताद्रि–ਸ਼੍ਵੇਤਾਦਿ, ਪੁ., ਕਲਾਸ ਪਹਾੜ

श्वेताम्बर–ਸ਼੍ਵੇਤਾਂਬਰ, ਪੁ., ਸਫੇਦ ਕਪੜਾ, ਜੈਨੀਆਂ ਦੀ ਇਕ ਸੰਪਰਦਾਇ

श्वेताश्वतर–ਸ਼੍ਵਤਾਸ਼੍ਵਤਰ, ਪੁ., ਕ੍ਰਿਸ਼ਨ ਯਜੁਰਵੇਦ ਦੀ ਇਕ ਸ਼ਾਖ ਇਕ ਉਪਨਿਸ਼ਦ

ष–ਸ਼

ष-ਸ਼, ਹਿੰਦੀ ਵਰਣ ਮਾਲਾ ਦਾ ਇਕੱਤੀਵਾਂ ਵਿਅੰਜਨ ਜਿਸ ਦੇ ਬੋਲਣ ਸਮੇ ਮੱਥੇ ਤੇ ਜੋਰ ਪੈਂਦਾ ਹੈ ਇਸ ਲਈ ਇਹਨੂੰ ਮੂਰਧਨਜ ਕਹਿੰਦੇ ਹਨ ਪੁ., ਕੇਸ, ਵਾਲ, ਨਾਲ, ਬਾਕੀ, ਮੁਕਤੀ, ਸ਼ੁਰਗ, ਵਿ., ਉੱਤਮ, ਸੁੰਦਰ, ਸ਼੍ਰੇਸ਼ਟ, ਵਧੀਆ

षंजन–ਸ਼ੰਜਨ, ਪੁ., ਗਲਵੱਕੜੀ, ਮਿਲਣ

षड–ਸ਼ੰਡ, ਪੁ.. ਸਮੂਹ, ਜੱਥਾ, ਝਾੜੀ, ਸਾਂਢ, ਹੀਜੜਾ, ਨਮਰਦ ਕੰਵਲਾਂ ਦਾ ਇਕੱਠ, ਸ਼ਿਵ ਜੀ ਦਾ ਇਕ ਨਾਉਂ, ਸਾਨ੍ਹ

षंडत्व–ਸ਼ੰਡਤ੍ਵ, ਪੁ.. ਨਰਮਦੀ, ਹੀਜੜਾਪਣ

षंडामर्क–ਸ਼ੰਡਾਮਰਕ, ਪੁ., ਸ਼ੁਕਰਾਚਾਰਜ ਦੇ ਪੁੱਤਰ ਦਾ ਨਾਉਂ

षंडाली–ਸ਼ੰਡਾਂਲੀ, ਇ., ਛਟਾਂਕ ਦੇ ਮਾਪ ਦੀ ਇਕ ਤੇਲ ਮਾਪਣ ਵਾਲੀ ਛੋਟੀ ਜਿਹੀ ਕੁੱਜੀ, ਵਿਭਚਾਰਣੀ ਤੀਵੀਂ, ਤਾਲ, ਛੰਭ

षंडी–ਸ਼ਡੀ, ਇ.. ਉਹ ਤੀਵੀਂ ਜਿਸ ਨੂੰ ਮਹਾਵਾਰੀ ਨਾ ਆਉਂਦੀ ਹੋਵੇ ਅਤੇ ਮੰਮੇ ਛੋਟੇ ਹੋਣ ਜੋ ਮਨੁੱਖੀ ਮੇਲ ਦੇ ਜੋਗ ਨਾ ਹੋਵੇ

षंढ–ਸ਼ੰਢ, ਪੁ., ਵੇਖੋ ਸ਼ੰਡ (षण्ड

षंढा–ਸ਼ੰਢਾ, ਇ., ਦੇਖੋ ਸ਼ੰਡੀ (षण्डी)

षट्–ਸਟ, ਵਿ., ਗਿਣਤੀ ਵਿਚ (੬। ਪੁ., ਛੇ ਦੀ ਸੰਖਿਆ ਇਕ ਰਾਗ

षट्क–ਸਟਕ, ਪੁ., ਛੇ ਚੀਜ਼ਾਂ ਦਾ ਸਮੂਹ

षट्कर्म्म–ਸਟਕਰਮ, ਪੁ., ਛੇ ਕਿਸਮ ਦੇ ਕਰਮ, ੧. ਜੱਗ ਕਰਨਾ, ੨. ਜੱਕ ਕਰਾਉਣਾ, ੩. ਪੜ੍ਹਨਾ ੪. ਪੜ੍ਹਾਉਣਾ, ੫. ਦਾਨ ਦੇਣਾ, ੬. ਦਾਨ ਲੈਣਾ

षट्कोण–ਸ਼ਟਕੋਣ, ਪੁ., ਛੇ ਖੂੰਜੀ ਸ਼ਕਲ, ਬੱਜਰ, ਹੀਰਾ

षट्चक्र–ਸ਼ਟਚੱਕ੍ਰ, ਪੁ., ਹਠ ਜੋਗ ਦੇ ਮੁਤਾਬਕ ਕੁੰਡਲਨੀ ਦੇ ਉਪਰ ਛੇ ਚੱਕਰ, ਅੰਦਰੂਨੀ ਚਾਲ

षट्चरण–ਸ਼ਟਚਰਣ, ਪੁ., ਭੌਰਾ

षट्ताल–ਸ਼ਟਤਾਲ, ਪੁ., ਮ੍ਰਿਦੰਗ ਦੀ ਇਕ ਤਾਲ

षट्तिला–ਸ਼ਟਤਿਲਾ, ਇ., ਮਾਘ ਮਹੀਨੇ ਦੇ ਹਨੇਰੇ ਪੱਖ ਦੀ ਇਕਾਦਸ਼ੀ ਦਾ ਨਾਉਂ

षट्पद–ਸ਼ਟਪਦ, ਪੁ., ਭੌਰਾ, ਵਿ., ਛੇ ਪੈਰਾਂ ਵਾਲਾ

षटपदप्रिय–ਸ਼ਟਪਦਪ੍ਰਿਯ, ਪੁ., ਕੰਵਲ, ਨਾਗ ਕੇਸਰ ਦਾ ਰੁੱਖ

षट्पदा–ਸ਼ਟਪਦਾ, ਇ., ਭੌਰੀ, ਖਟਮਲ, ਮਾਕਣੂ, ਕਟੂਆ

षटपदी–ਸ਼ਟਪਦੀ. ਇ , ਭੌਰੀ, ਇਕ ਛੰਦ, ਵਿ., ਛੇ ਪੈਰਾਂ ਵਾਲੀ

षटपाद–ਸ਼ਟਪਾਦ. ਪੁ., ਛੇ ਪੈਰਾਂ ਵਾਲਾ ਇਕ ਕਿਸਮ ਦਾ ਕੀੜਾ

षट्प्रज्ञ–ਸ਼ਟਪ੍ਰਗਜ, ਪੁ., ਵਿਭਚਾਰੀ, ਲੁੱਚਾ

षटरस–ਸ਼ਟਰਸ, ਪੁ., ਦੇਖੋ ਸ਼ੜ੍ਰਸ (षड्रस)

षट्राग–ਸ਼ਟਰਾਗ, ਪੁ.. ਸੰਗੀਤ ਦੇ ਛੇ ਰਾਗ, ਜਿਕੁਰ ੧ ਭੈਰਵ ੨ ਸ੍ਰੀ ਰਾਗ, ੩ ਹਿੰਡੋਲ, ੪ ਮਲ੍ਹਾਰ, ੫. ਮਾਲਕੌਸ ੬ ਦੀਪਕ

षट्शास्त्र–ਸ਼ਟਸ਼ਾਸਤ੍ਰ, ਪੁ., ਹਿੰਦੂਆਂ ਦੇ ਛੇ ਦਰਸ਼ਨ ੧ ਨਿਆਇ ੨ ਵੈਸ਼ੇਸ਼ਿਕ, ੩ ਸਾਂਖਜ, ੪ ਵੇਦਾਂਤ, ੫ ਮੀਮਾਂਸਾ, ੬ ਜੋਗ

षट्शास्त्री–ਸ਼ਟਸ਼ਾਸਤ੍ਰੀ, ਪੁ., ਛੇ ਦਰਸ਼ਨਾਂ ਦਾ ਜਾਣਕਾਰ

षट्वांग–ਸ਼ਟ੍ਵਾਂਗ, ਪੁ., ਖਟਵਾਗ ਨਾਉਂ ਦਾ ਰਾਜਾ, ਇਕ ਰਿਸ਼ੀ ਜਿਸ ਨੇ ਦੋ ਘੜੀ ਦੀ ਸਾਧਨਾ ਨਾਲ ਹੀ ਮੁਕਤੀ

ਪ੍ਰਾਪਤ ਕੀਤੀ ਸੀ

षड़क्ष–ਸੜਕਸ਼, ਵਿ., ਛੇ ਅੱਖਾਂ ਵਾਲਾ

षड़ंग–ਸ਼ੜੰਗ, ਪੁ., ਸਰੀਰ ਦੇ ਛੇ ਅੰਗ, ਦੋ ਪੱਟ ਦੋ ਬਾਹਵਾਂ ਮੱਥਾ ਅਤੇ ਛਾਤੀ, ਵੇਦ ਦੇ ਛੇ ਅੰਗ, ੧ ਸ਼ਿਕਸ਼ਾ ੨ ਕਲਪ, ੩ ਵਿਆਕਰਣ ੪ ਨਿਰੁਕਤ, ੫ ਛੰਦ, ੬ ਜ਼ੋਤਸ਼

षड़ंघ्रि–ਸ਼ੜੰਘ੍ਰਿ, ਪੁ., ਭੌਰਾ

षड़ग्नि–ਸ਼ੜਗ੍ਨਿ. ਇ., ਕਰਮਕਾਂਡ ਦੇ ਮੁਤਾਬਕ ਛੇ ਕਿਸਮ ਦੀ ਅਗਨੀ

षडश्व–ਸ਼ੜਸ਼੍ਵ, ਵਿ., ਛੇ ਘੋੜਿਆਂ ਦੀ ਗੱਡੀ ਜਾਂ ਰਥ

षडस्र–ਸ਼ੜਸ੍ਰ, ਵਿ., ਜਿਸ ਵਿਚ ਛੇ ਖੂੰਜੇ ਹੋਣ

षडानन–ਸ਼ੜਾਨਨ. ਵਿ., ਛੇ ਮੂੰਹ ਵਾਲਾ, ਪੁ., ਕਾਰਤਿਕੇ

षड्गुण–ਸ਼ੜਗੁਣ, ਪੁ., ਛੇ ਗੁਣਾਂ ਦਾ ਸਮੂਹ, ੧ ਐਸ਼੍ਵਰਯ, ੨ ਗਿਆਨ,੩ ਜਸ, ੪ ਸ੍ਰੀ, ੫ ਵੈਰਾਗ, ੬ ਧਰਮ

षड्ज–ਸੜਜ, ਪੁ., ਸੰਗੀਤ ਦੇ ਸੱਤਾਂ ਸੁਰਾਂ ਵਿਚੋਂ ਚੌਥਾ ਸੁਰ ਜੋ ਮੋਰ ਦੀ ਅਵਾਜ਼ ਨਾਲ ਮਿਲਦਾ ਜੁਲਦਾ ਹੈ

षड्दर्शन–ਸ਼ੜਦਰਸ਼ਨ, ਪੁ., ਦੇਖੋ ਸ਼ਟਸ਼ਾਸਤ੍ਰ (षटशास्त्र)

षड्दर्शनी–ਸੜਦਰਸ਼ਨੀ, ਪੁ., ਛੇ ਦਰਸ਼ਨਾਂ ਦੇ ਜਾਣਨ ਵਾਲਾ, ਗਿਆਨੀ

षड्भाव–ਸੜਭਾਵ, ਪੁ., ਜੋਤਸ਼ ਮਤ ਦੇ ਛੇ ਭਾਵ· ੧ ਲੱਜਿਤ, ੨ ਗਰਵਿਤ, ੩ ਕਸ਼ੁਧਿਤ, ੪ ਤ੍ਰਿਸ਼ਤ, ੫ ਮੁਦਿਤ, ੬ ਸ਼ੋਭਿਤ, ਦਰਸ਼ਨ ਦੇ ਅਨੁਸਾਰ ਛੇ ਪਦਾਰਥ ੧ ਦ੍ਰੱਵ. ੨ ਗੁਣ, ੩ ਕਰਮ ੪ ਸਾਮਾਨਜ ੫ ਵਿਸ਼ੇਸ਼ਜ, ੬ ਸਮਵਾਯ

षड्भुजा–ਸੜਭੁਜਾ, ਇ., ਖਰਬੂਜਾ, ਦੁਰਗਾ ਦੀ ਇਕ ਮੂਰਤੀ

षड्यन्त्र–ਸੜਜੰਤ੍ਰ, ਪੁ., ਕਿਸੇ ਮਨੁੱਖ ਦੇ ਖਿਲਾਫ਼ ਗੁਪਤੀ ਕੀਤੀ ਹੋਈ ਕਾਰਵਾਈ, ਛਲ ਕਪਟ ਦੀ ਚਾਲ, ਜਾਲ

षडरस–ਸ਼ੜਰਸ, ਪੁ., ਛੇ ਕਿਸਮ ਦਾ ਸੁਆਦ ਜਾਂ ਰਸ, ਮਿੱਠਾ ਖੱਟਾ, ਨਮਕੀਨ, ਕੌੜਾ, ਤਿੱਖਾ. ਕਸੈਲਾ,

षड्रिपु–ਸ਼ੜਰਿਪੁ, ਪੁ., ਕਾਮ ਕ੍ਰੋਧ ਆਦਿਕ ਮਨੁੱਖਾਂ ਦੇ ਛੇ ਵਿਕਾਰ

षड्वक्त्र–ਸ਼ੜਵਕਤ੍ਰ, ਪੁ., ਦੇਖੋ ਸੜਾਨਨ, (षड़ानन)

षड्वर्ग–ਸ਼ੜਵਰਗ, ਪੁ., ਛੇ ਚੀਜ਼ਾਂ ਦਾ ਸਮੂਹ

षडविकार–ਸੜਵਿਕਾਰ. ਪੁ., ਮਨੁੱਖ ਦੇ ਛੇ ਤਰ੍ਹਾਂ ਦੇ ਵਿਕਾਰ ੧ ਜਨਮ ੨ ਸਰੀਰ, ੩ ਵਧਣ, ੪ ਬਾਲ ਅਵਸਥਾ, ੫ ਚੜ੍ਹਦੀ ਜੁਵਾਨੀ. ੬ ਬੁਢੇਪਾ ਅਤੇ ਮੌਤ

षड्बिन्दु–ਸ਼ੜਵਿੰਦੁ, ਪੁ., ਇਕ ਕਿਸਮ ਦਾ ਕੀੜਾ ਜਿਸ ਦੀ ਪਿੱਠ ਤੇ ਛੇ ਟਿਮਕਣੇ ਹੁੰਦੇ ਹਨ

षण्मास–ਸਣਮਾਸ, ਪੁ., ਛੇ ਮਹੀਨੇ, ਅੱਧਾ ਸਾਲ

षण्मासिक–ਸਣਮਾਸਿਕ, ਵਿ., ਛੇ ਮਹੀਨਿਆਂ ਵਿਚ ਆਉਨ ਵਾਲਾ, ਛਮਾਹੀ

षण्मुख–ਸਣਮੁਖ, ਪੁ., ਕਾਰਤਿਕੇ

षष्टि–ਸਸ੍ਰਿ, ਵਿ., ਸੱਠ ਦੀ ਸੰਖਿਆ

षष्टिक–ਸਸ੍ਰਿਕ, ਪੁ., ਸੱਠੀ ਦੇ ਚਾਉਲ

षष्टितन्त्र–ਸਸ੍ਰਿਤੰਤ੍ਰ, ਪੁ., ਸਾਂਖ ਸ਼ਾਸਤਰ ਜਿਸ ਵਿਚ ਸੱਠ ਪਦਾਰਥਾਂ ਦਾ ਵਿਚਾਰ ਕੀਤਾ ਗਿਆ ਹੈ

षष्टिविद्या–ਸਸ੍ਰਿਵਿਦਜਾ, ਵਿ., ਸਾਂਖ ਵਿਦਿਆ

षष्ठ–ਸਸ਼ਠ, ਵਿ., ਛੇਵਾਂ, ਪੰਜ ਤੋਂ ਬਾਦ

षष्ठांश–ਸ਼ਸ਼ਠਾਂਸ਼, ਪੁ., ਛੇਵਾਂ ਹਿੱਸਾ

षष्ठी–ਸ਼ਸ਼ਠੀ, ਇ., ਕਿਸੇ ਮਹੀਨੇ ਦੀ ਹਨੇਰ ਜਾਂ ਚਾਨਣੇ ਪੱਖ ਦੀ ਛਠ, ਵਿਆਕਰਣ ਦੀ ਇਕ ਵਿਭਕਤੀ

षाण्मातुर–ਯਾਣਮਾਤੁਰ, ਪੁ., ਕਾਰਤਿਕੇ ਜਿਨ੍ਹਾਂ ਨੇ ਕਿਰਤਕਾ ਆਦਿ ਛੇ ਔਰਤਾਂ ਦੇ ਮੰਮਿਆਂ ਦਾ ਦੁੱਧ ਪੀ ਕੇ ਜ਼ਿੰਦਗੀ ਹਾਸਲ ਕੀਤੀ

षाण्मासिक–ਸ਼ਾਣਮਾਸਿਕ, ਵਿ., ਛੇ ਛੇ ਮਹੀਨੇ ਪਿਛੋਂ ਹੋਣ ਵਾਲਾ, ਛਮਾਹੀ

षाष्ठ–ਸ਼ਾਸ਼ਠ, ਵਿ., ਛਠਾ, ਛੇਵਾਂ

षु, षू–ਸ਼ੁ, ਸ਼ੁ, ਪੁ., ਤੂਣ ਦਾ ਭਾਵ, ਗਰਭਪਾਤ ਹੋ ਜਾਣ ਦਾ ਭਾਵ

षोड़श–ਸ਼ੋੜਸ਼, ਵਿ., ਸੋਲ੍ਹਵਾਂ, ਸੋਲਾਂ ਦੀ ਸੰਖਿਆ ਦਾ

षोड़शकला–ਸ਼ੋੜਸ਼ਕਲਾ, ਵਿ., ਜਿਸ ਵਿਚ ਸੋਲਾਂ ਕਲਾਂ ਹੋਣ, ਪੁ., ਚੰਦਰਮਾ, ਵਿਸ਼ਨੂੰ ਦੀ ਇਕ ਮੂਰਤੀ

षोड़शगण–ਸ਼ੋੜਸ਼ਗਣ, ਪੁ., ਪੰਜ ਗਿਆਨੇਂਦ੍ਰਿਆਂ, ਪੰਜ ਕਰਮੇਂਦ੍ਰਿਆਂ. ਪੰਜ ਭੂਤ ਅਤੇ ਮਨ ਇਨ੍ਹਾਂ ਦਾ ਸਮੂਹ

षोड़शदान–ਸ਼ੋੜਸ਼ਦਾਨ, ਪ., ਸਰਾਧਾਂ ਵੇਲੇ ਕੀਤਾ ਜਾਣ ਵਾਲਾ ਸੋਲਾਂ ਕਿਸਮ ਦਾ ਦਾਨ, ੧ ਧਰਤੀ, ੨ ਆਸਣ, ੩ ਜਲ ੪ ਕਪੜੇ ੫ ਦੀਵਾ ੬ ਅੰਨ ੭ ਪਾਨ ੮ ਛਤਰ ੯ ਗੰਧ ੧੦ ਮਾਲਾ ੧੧ ਫਲ ੧੨ ਛੇਜ, ੧੩ ਖੜਾਵਾਂ ੧੪ ਗਊ ੧੫ ਸੋਨਾ ੧੬ ਚਾਂਦੀ

षोड़शपूजन–ਸ਼ੋੜਸ਼ਪੂਜਨ. ਪੁ., ਸੋਲਾਂ ਚੀਜ਼ਾਂ ਨਾਲ ਪੂਜਾ ਕਰਨ ਦਾ ਭਾਵ

षोड़शभुजा–ਸ਼ੋੜਸ਼ਭੁਜਾ, ਇ., . ਸੋਲਾਂ ਹੱਥਾਂ ਵਾਲੀ ਦੇਵੀ

षोड़शमातृका–ਸ਼ੋੜਸ਼ਮਾਤ੍ਰਿਕਾ ਇ., ਸੋਲਾਂ ਦੇਵੀਆਂ ਜਿਨ੍ਹਾਂ ਦੇ ਨਾਉਂ ੧ ਗੋਰੀ ੨ ਪਦਮਾ ੩ ਸ਼ਚੀ ੪ ਮੇਧਾ ੫ ਸਾਵਿਤ੍ਰੀ ੬ ਵਿਜਯਾ ੭ ਜਯਾ ੮ ਦੇਵਸੇਨਾ ੯ ਸ੍ਵਧਾ ੧੫ ਸ੍ਵਾਹਾ, ੧੧ ਸ਼ਾਂਤੀ ੧੨ ਪੁਸ਼ਟੀ ੧੩ ਧ੍ਰਿਤੀ ੧੪ ਤੁਸ਼ਟੀ ੧੫ ਮਾਤਰ: ੧੬ ਆਤਮ ਦੇਵਤਾ

षोडशश्रृंगार–ਸ਼ੋੜਸ਼ਸ਼ਿੰਗਾਰ, ਪੁ., ਸੋਲਾਂ ਕਿਸਮ ਦੇ ਸਿੰਗਾਰ

षोड़शांघ्रि–ਸ਼ੋੜਸ਼ਾਂਘ੍ਰਿ, ਪੁ., ਕੇਕੜਾ

षोड़शांशु–ਸ਼ੋੜਸ਼ਾਂਸ਼ੁ, ਪੁ., ਸ਼ੁੱਕਰ ਗ੍ਰਹਿ

षोड़शार–ਸ਼ੋੜਸ਼ਾਰ, ਪੁ., ਵੇਦੀ ਪੁਰ ਬਣਾਉਣ ਦਾ ਇਕ ਚੱਕ੍ਰ

षोड़शावर्त–ਸ਼ੋੜਸ਼ਾਵਰਤ, ਪੁ., ਸੰਖ

षोड़शिका–ਸ਼ੋੜਸ਼ਿਕਾ, ਇ., ਸੋਲਾਂ ਵੱਰ੍ਹੇ ਦੀ ਕੁੜੀ ਜਾਂ ਤੀਵੀਂ, ਜੱਗ ਪਾਤਰ, ੧੬ ਮਾਸੇ ਦਾ ਇਕ ਪੁਰਾਣਾ ਤੋਲ

षोड़शोपचार–ਸ਼ੋੜਸ਼ੋਪਚਾਰ, ਪੁ., ਪੂਜਾ ਕਰਨ ਦੇ ਪੂਰੇ ਅੰਗ ਜੋ ਸੋਲਾਂ ਮੰਨੇ ਜਾਂਦੇ ਹਨ ਜਿਵੇਂ, ੧ ਆਸਣ ੨ ਸ੍ਵਾਗਤ

੩ ਆਵਾਹਨ ੪ ਅਰਘ ੫ ਆਚਮਨ ੬ ਮਧੂਪਰਕ ੭ ਇਸ਼ਨਾਨ ੮ ਕਪੜਾ ੯ ਜਨੇਉ ੧੦ ਗੰਧ ੧੧ ਫੁੱਲ ੧੨ ਧੁਪ ੧੩ ਦੀਪ ੧੪ ਮਿੱਠਾ ੧੫ ਪਾਨ ੧੬ ਨਮਸਕਾਰ ਤੇ ਪ੍ਰਕੰਮਿਆ

ष्ठीवन–ਸ਼ਠੀਵਨ, ਪੁ., ਥੁੱਕਣ ਦੀ ਕਿਰਿਆ

ष्ठीवी–ਸ਼ਠੀਵੀ, ਵਿ., ਥੁੱਕ ਨਾਲ ਭਰਿਆ ਹੋਇਆ

ष्ठ्यूत–ਸ਼ਠਜੁਤ, ਵਿ., ਥੁਕਿਆ ਹੋਇਆ

स–ਸ

स–ਸ, ਹਿੰਦੀ ਵਰਣ ਮਾਲਾ ਦਾ ੩੨ਵਾਂ ਵਿਅੰਜਨ ਹੈ, ਇਸ ਦਾ ਉਚਾਰਨ ਦੰਦਾਂ ਤੋਂ ਹੈ, ਪੁ., ਰੱਬ, ਸ਼ਿਵ, ਵਿਸ਼ਨੂੰ, ਸੱਪ, ਪੰਛੀ, ਚੰਦ, ਜੀਵ, ਸ਼ੋਭਾ, ਗਿਆਨ, ਚਿੰਤਾ ਕਿਤੇ ਕਿਤੇ ਉਪਸਰਗ ਵਾਂਙ ਵਰਤਿਆ ਜਾਂਦਾ ਹੈ

सं–ਸੰ, ਅਵਜ., ਇਹ ਅਵਜਯ ਵਿਵਹਾਰ ਸੰਗਤ ਸਮਾਨਤਾ ਸ਼ੋਭਾ ਆਦਿ ਅਰਥਾਂ ਨੂੰ ਸੂਚਤ ਕਰਦੀ ਹੈ

संइतना–ਸੰਇਤਨਾ, ਕ੍ਰਿ., ਲਿੰਬਣਾ, ਪੋਚਣਾ, ਇਕੱਠਾ ਕਰਨਾ

संउपना–ਸੰਉਪਨਾ, ਕ੍ਰਿ., ਦੇਖੋ ਸੋਂਪਣਾ (सौंपना)

संक–ਸੰਕ, ਇ., ਸ਼ਕ, ਸ਼ੰਕਿਆ, ਭਰਮ

संकट–ਸੰਕਟ, ਵਿ., ਤੰਗ, ਭੀੜਾ, ਦੁਖ, ਤਕਲੀਫ, ਆਫਤ

संकटचौथ–ਸੰਕਟਚੌਥ, ਇ., ਮਾਘ ਬਦੀ ਚੌਥ

संकत–ਸੰਕਤ, ਪੁ., ਦੇਖੋ ਸੰਕੇਤ (संकेत)

संकना–ਸੰਕਨਾ, ਕ੍ਰਿ., ਸ਼ੰਕਾ ਕਰਨੀ, ਸ਼ਕ ਕਰਨਾ, ਭਰਮ ਕਰਨਾ

संकर–ਸੰਕਰ, ਪੁ., ਸ਼ਿਵ, ਮਹਾਦੇਵ

संकरघरनी–ਸੰਕਰਘਰਨੀ, ਇ., ਪਾਰਬਤੀ

संकरा–ਸੰਕਰਾ, ਵਿ., ਨਾ ਫੈਲਿਆ ਹੋਇਆ, ਪਤਲਾ ਅਤੇ ਤੰਗ, ਪੁ., ਕਸ਼ਟ, ਵਿਪਤਾ, ਮੁਸੀਬਤ

संकराना–ਸੰਕਰਾਨਾ, ਕ੍ਰਿ., ਤੰਗ ਕਰਨਾ, ਭਚੀੜਨਾ

संकल–ਸੰਕਲ, ਇ., ਸੰਗਲ, ਜੰਜੀਰ

संका–ਸੰਕਾ, ਇ., ਸ਼ਕ, ਸ਼ੰਕਿਆ, ਭਰਮ

सकाना–ਸੰਕਾਨਾ, ਕ੍ਰਿ., ਸ਼ੰਕਾ ਕਰਨਾ, ਡਰਨਾ, ਭਰਮ ਕਰਨਾ

संकार–ਸਕਾਰ, ਪੁ.. ਇਸ਼ਾਰਾ, ਸੈਨਤ

संकारना–ਸੰਕਾਰਨਾ, ਕ੍ਰਿ., ਇਸ਼ਾਰਾ ਕਰਨਾ

संकेत–ਸੰਕੇਤ, ਪੁ., ਦੇਖੋ ਸੰਕੇਤ (सङ्केत)

संकेतना–ਸੰਕੇਤੰਨਾ, ਕ੍ਰਿ., ਸੰਕਟ ਵਿਚ ਪਾਉਣਾ

संकोच–ਸੰਕੋਚ, ਪੁ., ਦੇਖੋ ਸੰਕੋਚ (सङ्कोच)

संकोचना–ਸੰਕੋਚਨਾ, ਕ੍ਰਿ., ਭੀੜਾ ਕਰਨਾ, ਭਚੀੜਨਾ

संकोची–ਸੰਕੋਚੀ, ਵਿ., ਸੰਗਾਊ, ਸੁੰਗੜਨ ਵਾਲਾ, ਭਚੀੜਨ ਵਾਲਾ, ਸੰਗਣ ਵਾਲਾ

संकोप–ਸਕੋਪ, ਪੁ., ਕਰੋਧ, ਗੁੱਸਾ

संकोपना–ਸੰਕੋਪਨਾ, ਕ੍ਰਿ., ਕਰੋਧ ਕਰਨਾ, ਗੁੱਸਾ ਕਰਨਾ

संक्रन्दन–ਸੰਕ੍ਰੰਦਨ, ਪੁ., ਇੰਦਰ

संक्रम–ਸੰਕ੍ਰਮ, ਪੁ.. ਪਰਾਪਤੀ, ਸੰਗਰਾਂਦ, ਪੁਲ, ਉਪਾਉ, ਉਖਿਆਈ ਨਾਲ ਅਗੇ ਵਧਣ ਦੀ ਕਿਰਿਆ

संक्रमण–ਸੰਕ੍ਰਮਣ, ਪੁ., ਘੁੰਮਣ ਫਿਰਨ, ਸੂਰਜ ਦਾ ਇਕ ਰਾਸ ਤੋਂ ਦੂਜੀ ਰਾਸ ਵਿਚ ਜਾਣ ਦਾ ਭਾਵ

संक्रमणिका–ਸੰਕ੍ਰਮਣਿਕਾ, ਇ., ਪੌੜੀਆਂ ਦੀ ਕਤਾਰ

संक्रमित–ਸੰਕ੍ਰਮਿਤ, ਵਿ., ਸਥਾਪਤ, ਅਕਸ਼ ਪੈਂਦਾ ਹੋਇਆ

संक्रान्त–ਸੰਕ੍ਰਾਂਤ, ਵਿ., ਪਰਵੇਸ਼, ਸੂਰਜ ਦੇ ਦੂਸ਼ਰੀ ਰਾਸ ਤੇ ਜਾਣ ਦਾ ਭਾਵ, ਵਿਅਪਤ, ਸਹਿਤ

संक्रान्ति–ਸੰਕ੍ਰਾਂਤਿ, ਇ., ਉਹ ਦਿਨ ਜਦ ਸੂਰਜ ਇਕ ਰਾਸ ਤੋਂ ਦੂਜੀ ਰਾਸ ਤੇ ਜਾਂਦਾ ਹੈ, ਸੰਗਰਾਂਦ

संक्रामक–ਸੰਕ੍ਰਾਮਕ, ਵਿ., ਛੂਤ ਦੀ ਬੀਮਾਰੀ

संक्रोन–ਸੰਕ੍ਰੋਨ, ਇ., ਦੇਖੋ ਸੰਕ੍ਰਾਂਤਿ (संक्रान्ति)

संक्षिप्त–ਸੰਕਸ਼ਿਪ੍ਤ, ਵਿ., ਥੋੜਾ, ਖੁਲਾਸਾ, ਸੰਖੇਪ

संक्षिप्तलिपि–ਸੰਕਸ਼ਿਪ੍ਤਲਿਪਿ, ਥੋੜੇ ਥਾਂ ਵਿਚ ਬਹੁਤਾ ਲਿਖਣ ਦਾ ਢੰਗ

संक्षेप–ਸੰਕਸ਼ੇਪ, ਪੁ., ਘਟਾਉਣ ਦਾ ਭਾਵ, ਥੋੜੇ ਥਾਂ ਵਿਚ ਲਿਖਣ ਦਾ ਭਾਵ, ਸੰਖੇਪ

संक्षेपतः–ਸੰਕਸ਼ੇਪਤਃ, ਅਵਜ., ਸੰਖੇਪ ਨਾਲ, ਥੋੜੇ ਵਿਚ

संख–ਸੰਖ, ਪੁ., ਦੇਖੋ ਸ਼ੰਖ (शङ्ख)

संखा–ਸੰਖਾ, ਪੁ., ਚਕੀ ਦੀ ਮਾਨੱਮੀ

संखार–ਸੰਖਾਰ, ਪੁ., ਇਕ ਜਾਨਵਰ

संखिया–ਸੰਖਿਆ, ਪੁ., ਇਕ ਜ਼ਹਿਰ

संग–ਸੰਗ, ਪੁ., ਪੱਥਰ, ਵਿ., ਪਥਰ ਜੇਹਾ ਸਖਤ

संगअंगूर–ਸੰਗਅੰਗੂਰ, ਪੁ., ਗਿਰੀ ਨਾਉਂ ਦੀ ਬੂਟੀ

सहवास–ਸਹਵਾਸ, ਪੁ., ਨਾਲ ਰਹਿਣ ਦਾ ਵਪਾਰ, ਭੋਗ, ਤੀਵੀਂ ਨਾਲ ਮੇਲ

सहवासी–ਸਹਵਾਸੀ, ਵਿ., ਨਾਲ ਰਹਿਣ ਵਾਲਾ

सहस–ਸਹਸ, ਵਿ., ਹਜ਼ਾਰ

सहसकिरन–ਸਹਸਕਿਰਨ, ਪੁ., ਸੂਰਜ

सहसजीभ–ਸਹਸਜੀਭ, ਪੁ., ਸ਼ੇਸ਼ਨਾਗ

सहसनयन–ਸਹਸਨਯਨ, ਪੁ., ਇੰਦਰ

सहसफण–ਸਹਸਫਣ, ਪੁ., ਸ਼ੇਸ਼ਨਾਗ, ਹਜ਼ਾਰਫਣੀ

सहसम्भव–ਸਹਸੰਭਵ, ਵਿ., ਜੋ ਨਾਲ ਪੈਦਾ ਹੋਵੇ, ਜੌੜਾ

सहसा–ਸਹਸਾ, ਅਵਯ., ਅਚਾਣਕ, ਯਕਲਖ਼ਤ, ਇਕ ਦਮ

सहसादृष्ट–ਸਹਸਾਦ੍ਰਿਸ਼ਟ, ਵਿ., ਅਚਾਣਕ ਦੇਖਿਆ ਹੋਇਆ

सहसान–ਸਹਸਾਨ, ਪੁ., ਮੋਰ

सहसेवी–ਸਹਸੇਵੀ, ਵਿ., ਨਾਲ ਸੇਵਾ ਕਰਨ ਵਾਲਾ

सहस्य–ਸੱਹਸਯ, ਪੁ., ਪੋਹ ਦਾ ਮਹੀਨਾ

सहस्र–ਸਹਸ੍ਰ, ਪੁ., ਹਜ਼ਾਰ ਦੀ ਸੰਖਿਆ

सहस्रकर–ਸਹਸ੍ਰਕਰ, ਪੁ., ਸੂਰਜ

सहस्रकाण्डा–ਸਹਸ੍ਰਕਾਂਡਾ, ਪੁ., ਚਿੱਟੀ ਦੁੱਬ

सहस्रचक्षु–ਸਹੱਸ੍ਰਚਕਸ਼ੁ, ਪੁ., ਇੰਦਰ ਦੇਵਤਾ

सहस्रजित् ਸਹਸ੍ਰਜਿਤ, ਪੁ., ਕ੍ਰਿਸ਼ਨ ਮਹਾਰਾਜ ਦੀ ਪਟਰਾਣੀ ਜਾਮਵੰਤੀ ਦੇ ਦਸ ਪੁੱਤਰਾਂ ਵਿਚੋਂ ਇਕ ਪੁੱਤਰ

सहस्रदल–ਸੱਹਸ੍ਰਦਲ, ਪੁ., ਪਦਮ, ਕੰਵਲ

सहस्रधा–ਸਹੱਸ੍ਰਧਾ, ਅਵਯ., ਹਜ਼ਾਰ ਤਰ੍ਹਾਂ ਨਾਲ, ਬਹੁਤੇਰੇ ਹੀਲਿਆਂ ਨਾਲ

सहस्रधारा–ਸਹਸ੍ਰਧਾਰਾ, ਇ., ਹਜ਼ਾਰ ਛੇਕਾਂ ਵਾਲਾ ਇਕ ਭਾਂਡਾ

सहस्रधी–ਸਰਸ੍ਰਧੀ, ਵਿ., ਹੁਸ਼ਿਆਰ, ਵੱਡਾ ਚਤਰ

सहस्रनेत्र–ਸਹਸ੍ਰਨੇਤ੍ਰ, ਪੁ., ਇੰਦਰ

सहस्रपाद–ਸਹਸ੍ਰਪਾਦ, ਪੁ., ਸੂਰਜ, ਵਿਸ਼ਨੂੰ, ਸਾਰਸ ਨਾਉਂ ਦਾ ਪੰਛੀ

सहस्रबाहु–ਸਹਸ੍ਰਬਾਹੁ, ਪੁ., ਇਕ ਰਾਜੇ ਦਾ ਨਾਉਂ

सहस्रभुजा–ਸਹਸ੍ਰਭੁਜਾ, ਇ., ਦੁਰਗਾ ਦੀ ਇਕ ਮੂਰਤੀ ਦਾ ਨਾਉਂ, ਹਜਾਰ ਬਾਹਾਂ ਵਾਲੀ

सहस्रमूली–ਸਹਸ੍ਰਮੁਲੀ, ਇ., ਵੱਡੀ ਸਤਾਵਰ

सहस्ररश्मि–ਸਹਸ੍ਰਰਸ਼ਮਿ, ਪੁ., ਸੂਰਜ

सहस्रवीर्य–ਸਹਸ੍ਰਵੀਰਯ, ਵਿ., ਵੱਡਾ ਤਾਕਤਵਰ

सहस्रशः ਸਹਸ੍ਰਸ਼ਃ, ਅਵਜ., ਹਜ਼ਾਰ ਵਾਰੀ

सहस्रशीर्ष–ਸਹਸ੍ਰਸ਼ੀਰਸ਼, ਪੁ., ਵਿਸ਼ਨੂੰ

सहस्रा–ਸਹਸ੍ਰਾ, ਇ., ਮੋਰ ਦੀ ਕਲਗੀ

सहस्रांशु–ਸਹਸ੍ਰਾਂਸ਼ੁ. ਪੁ., ਸੁਰਜ

सहस्राक्ष–ਸਹਸ੍ਰਾਕਸ਼, ਪੁ., ਇੰਦਰ, ਵਿਸ਼ਨੂੰ

सहा–ਸਹਾ. ਪੁ., ਕੁਆਰ ਪਾਠਾ, ਕੁਆਰ, ਮੇਂਹਦੀ, ਮੱਘਰ ਦਾ ਮਹੀਨਾ, ਕੁਆਰ ਗੰਦਲ

सहाइ, सहाई–ਸਹਾਇ, ਸਹਾਈ, ਵਿ.; ਸਹਾਇਕ, ਇ., ਸਹਾਇਤਾ, ਮਦਦ

सहाध्ययन–ਸਹਾਧਯਯਨ, ਪੁ., ਇਕੱਠੇ ਪੜ੍ਹਣ ਦਾ ਭਾਵ

सहाध्यायी–ਸਹਾਧਯਾਯੀ, ਵਿ., ਇਕੱਠਾ ਪੜ੍ਹਨ ਵਾਲਾ, ਹਮਜਮਾਤੀ

सहाना–ਸਹਾਨਾ, ਪੁ., ਇਕ ਕਿਸਮ ਦਾ ਰਾਗ

सहानी–ਸਹਾਨੀ, ਇ., ਇਕ ਰੰਗ ਦਾ ਨਾਉਂ

सहानुभूति–ਸਹਾਨੁਭੂਤਿ, ਇ., ਕਿਸੇ ਨੂੰ ਦੁਖੀ ਦੇਖ ਕੇ ਦੁਖੀ ਹੋਣ ਦਾ ਕੰਮ, ਹਮਦਰਦੀ

सहाय–ਸਹਾਯ, ਪੁ., ਸਹਾਇਤਾ, ਮਦਦ, ਆਸਰਾ, ਭਰੋਸਾ

सहायक–ਸਹਾਯਕ. ਵਿ., ਸਹਾਇਤਾ ਕਰਨ ਵਾਲਾ, ਰਾਖਾ

सहायता–ਸਹਾਯਤਾ, ਇ., ਮਦਦ, ਹਿਮੈਤ

सहायिनी–ਸਹਾਯਿਨੀ, ਇ., ਸਹਾਇਤਾ ਕਰਨ ਵਾਲੀ, ਮਦਦ ਕਰਨ ਵਾਲੀ

सहार–ਸਹਾਰ, ਪੁ., ਸਹਿਣ ਕਰਨ ਦਾ ਭਾਵ

सहारना–ਸਹਾਰਨਾ, ਕ੍ਰਿ., ਸਹਿਣ, ਝੱਲਣਾ, ਥੰਮੁਣਾ

सहारा–ਸਹਾਰਾ, ਪੁ., ਆਸਰਾ, ਭਰੋਸਾ, ਅਟਕਾਉ, ਢਾਸਣਾ, ਸਹਾਇਤਾ, ਮਦਦ

सहार्द–ਸਹਾਰਦ, ਵਿ., ਪਿਆਰ ਨਾਲ, ਪ੍ਰੇਮ ਸਹਿਤ

सहालग–ਸਹਾਲਗ, ਪੁ., ਉਹ ਸਾਲ ਉਹ ਮਹੀਨਾ ਜਾਂ ਉਹ ਦਿਨ ਜਦੋਂ ਵਿਆਹ ਦੇ ਮੁਹੂਰਤ ਹੋਣ

सहिजन–ਸਹਿਜਨ, ਪੁ., ਇਕ ਵੱਡਾ ਰੁੱਖ ਜਿਸ ਦੀਆਂ ਫਲੀਆਂ ਦੀ ਤਰਕਾਰੀ ਬਣਦੀ ਹੈ, ਸੁਹਾਂਜਣਾਂ

सहिजानी–ਸਹਿਜਾਨੀ, ਇ., ਚਿੰਨ੍ਹ, ਨਿਸ਼ਾਨੀ

सहित–ਸਹਿਤ, ਵਿ., ਨਾਲ, ਸਾਥ, ਮਿਲਿਆ ਹੋਇਆ, ਭਲਾਈ ਚਾਹੁਣ ਵਾਲਾ

सहितव्य–ਸਹਿਤਵਯ, ਵਿ., ਸਹਿਣ ਕਰਨ ਜੋਗ, ਸਹਾਰਨ ਵਾਲਾ

सहिष्णु–ਸਹਿਸ਼ਣੁ, ਵਿ., ਜੋ ਸਹਿਣ ਕਰ ਸਕੇ, ਬਰਦਾਸ਼ਤ ਕਰਨ ਵਾਲਾ

सहिष्णुता–ਸਹਿਸ਼ਣੁਤਾ, ਇ., ਸੰਤੋਖ, ਸਬਰ, ਬਰਦਾਸ਼ਤ ਕਰਨ ਦਾ ਭਾਵ

सही–ਸਹੀ, ਵਿ., ਸੱਚ, ਜਥਾਰਥ, ਠੀਕ, ਇ., ਹਸਤਾਖਰ, ਦਸਤਖਤ

सहीसलामत–ਸਹੀਸਲਾਮਤ, ਵਿ., ਨਿਰੋਗ, ਭਲਾ ਚੰਗਾ, ਤੰਦਰੁਸਤ

सहुं–ਸਹੁੰ, ਅਵਜ., ਸਾਹਮਣੇ, ਅੱਖਾਂ ਮੂਹਰੇ

सहूलियत–ਸਹੂਲਿਯਤ, ਇ., ਅਸਾਨੀ, ਸੋਖ, ਸੁਖਾਲ

सहृदय–ਸਹ੍ਰਿਦਯ, ਵਿ., ਦਇਆਵਾਨ, ਦਿਆਲੂ, ਚੰਗੇ ਸੁਭਾਉ ਦਾ, ਸੱਜਣ

सहृदयता–ਸਹ੍ਰਿਦਯਤਾ, ਇ., ਸੱਜਣਤਾ, ਭਲਮਾਣਸੀ, ਸਾਊਪਣਾ

सहेजना–ਸਹੇਜਨਾ, ਕ੍ਰਿ., ਅੱਛੀ ਤਰ੍ਹਾਂ ਜਾਂਚਣਾ, ਸੰਭਾਲਣਾ, ਸਮਝਾ ਕੇ ਸਪੁਰਦ ਕਰਨਾ

सहेजवाना–ਸਹੇਜਵਾਨਾ, ਕ੍ਰਿ., ਸੰਭਾਲਣ ਦਾ ਕੰਮ ਦੂਜੇ ਤੋਂ ਕਰਾਉਣਾ,

सहेत–ਸਹੇਤ, ਪੁ., ਨਾਇਕ ਨਾਇਕਾ ਦੇ ਮਿਲਣ ਦੀ ਨਿਸ਼ਚਿਤ ਥਾਂ, ਮਿਥੀ ਹੋਈ ਥਾਂ

सहेतु, सहेतुक–ਸਹੇਤੁ,ਸਹੇਤੁਕ,ਵਿ.,ਜਿਸ ਵਿਚ ਕੋਈ ਕਾਰਣ ਹੋਵੇ

सहेरवा–ਸਹੇਰਵਾ, ਪੁ., ਕਲਪ ਬ੍ਰਿਛ

सहेल–ਸਹੇਲ, ਪੁ., ਉਹ ਸਹਾਇਤਾ ਜੋ ਕਿਸਾਨ ਅਪਣੇ ਜ਼ਿਮੀਂਦਾਰ ਨੂੰ ਖੇਤ ਬੀਜਣ ਵਿਚ ਦੇਂਦਾ ਹੈ

सहेली–ਸਹੇਲੀ,ਇ.,ਨਾਲ ਰਹਿਣ ਵਾਲੀ ਤੀਵੀਂ,ਸੰਗਣ,ਸਾਥਣ, ਸਖੀ, ਦੁਭੈਣ

सहैया–ਸਹੈਯਾ, ਵਿ., ਸਹਿਣ ਕਰਨ ਵਾਲਾ, ਬਰਦਾਸ਼ਤ ਕਰਨ ਵਾਲਾ

सहोक्ति–ਸਹੋਕ੍ਤਿ; ਇ., ਇਕ ਅਲੰਕਾਰ

सहोढ़–ਸਹੋੜ੍ਹ, ਪੁ., ਗਰਭਵਤੀ ਹਾਲਤ ਵਿਚ ਵਿਆਹੀ ਹੋਈ ਤੀਵੀਂ ਦਾ ਮੁੰਡਾ

सहोदर–ਸਹੋਦਰ, ਪੁ.,ਇਕ ਪੇਟੋਂ ਜੰਮੀ ਹੋਈ ਉਲਾਦ, ਵਿ.,ਸਕਾ

सहोर–ਸਹੋਰ. ਪੁ., ਇਕ ਕਿਸਮ ਦਾ ਜੰਗਲੀ ਰੁਖ

सह्य–ਸਹਯ, ਵਿ., ਸਹਿਣ ਦੇ ਜੋਗ, ਬਰਦਾਸ਼ਤ ਕਰਨ ਜੋਗ

सांई–ਸਾਂਈ, ਪੁ., ਪਰਮੇਸ਼ਰ, ਮਾਲਕ, ਮੁਸਲਮਾਨ ਫਕੀਰਾਂ ਦਾ ਇਕ ਖਿਤਾਬ, ਪਤੀ

साँकड़–ਸਾਂਕੜ, ਪੁ., ਸੰਗਲ, ਜੰਜੀਰ

साँकड़ा–ਸਾਂਕੜਾ, ਪੁ., ਪੈਰ ਵਿਚ ਪਹਿਰਣ ਦਾ ਚਾਂਦੀ ਦਾ ਇਕ ਗਹਿਣਾ

साँकर–ਸਾਂਕਰ, ਇ., ਸੰਗਲ, ਜੰਜ਼ੀਰ, ਵਿ., ਤੰਗ, ਭੀੜਾ, ਦੁਖਾਂ ਭਰਿਆ

साँक्रामिक–ਸਾਂਕ੍ਰਾਮਿਕ, ਵਿ., ਛੂਤ ਤੋਂ ਉਤਪੰਨ ਹੋਣ ਵਾਲਾ

साँख्य–ਸਾਂਖਜ, ਪੁ., ਕਪਿਲ ਰਿਸ਼ੀ ਦਾ ਰਚਿਆ ਹੋਇਆ ਦਰਸ਼ਨ ਸ਼ਾਸਤਰ

साँग–ਸਾਂਗ, ਇ., ਭਾਲੇ ਵਰਗੀ ਇਕ ਕਿਸਮ ਦੀ ਬਰਛੀ, ਵਿ., ਪੂਰਾ, ਸਾਰਾ, ਸੰਭੋ

साँगरी–ਸਾਂਗਰੀ, ਇ., ਇਕ ਰੰਗ

साँगी–ਸਾਂਗੀ, ਇ., ਬਰਛੀ, ਬੈਲ ਗੱਡੀ ਵਿਚ ਗੱਡੀ ਚਲਾਉਣ ਵਾਲੇ ਦੇ ਬੈਠਣ ਦੀ ਥਾਂ, ਜਕੇ ਜਾਂ ਗੱਡੀ ਦੇ ਹੇਠ ਲੱਗੀ ਹੋਈ ਜਾਲੀ

साँघातिक–ਸਾਂਘਾਤਿਕ, ਵਿ., ਕਤਲ ਕਰਨ ਵਾਲਾ, ਜਾਨ ਤੋਂ ਮਾਰ ਮੁਕਾਉਣ ਵਾਲਾ

साँच–ਸਾਂਚ, ਵ੍ਰਿ., ਜਥਾਰਥ, ਅਸਲੀ, ਠੀਕ, ਸਹੀ

साँचला–ਸਾਂਚਲਾ, ਵਿ., ਸਚਾ, ਸਚ ਬੋਲਣ ਵਾਲਾ

साँचा–ਸਾਂਚਾ, ਪੁ. ਸੰਚਾ, ਠੱਪਾ, ਕਲਬੂਤ, ਨਿਸ਼ਾਨ

साँचिया–ਸਾਂਚਿਯਾ, ਪੁ., ਕਿਸੇ ਚੀਜ਼ ਦਾ ਸੰਚਾ ਬਣਾਉਣ ਵਾਲਾ, ਸੰਚੇ ਵਿਚ ਢਾਲਣ ਵਾਲਾ

साँझ–ਸਾਂਝ, ਇ., ਸ਼ਾਮ, ਸੰਝ, ਤ੍ਰਿਕਾਲਾਂ

साँझा–ਸਾਂਝਾ, ਪੁ., ਵਪਾਰ ਦਾ ਹਿੱਸਾ, ਪੱਤੀ, ਹਿੱਸਾ

साँझी–ਸਾਂਝੀ, ਇ., ਦੇਵ ਮੰਦਰਾਂ ਵਿਚ ਦੇਵਤਾ ਦੇ ਅੱਗੇ ਧਰਤੀ ਤੇ ਫੁੱਲ ਪੱਤੀਆਂ ਦੀ ਸਜਾਵਟ, ਦੇਵੀ ਦੀ ਇਕ ਮੂਰਤੀ ਜਿਸ ਦੀ ਨੁਰਾਤਿਆਂ ਵਿਚ ਪੂਜਾ ਹੁੰਦੀ ਹੈ

साँट–ਸਾਂਟ, ਇ., ਪਤਲੀ ਛਮਕੀ, ਕੋੜਾ, ਕੋੜੇ ਆਦਿਕ ਦਾ ਨਿਸ਼ਾਨ

साँटा–ਸਾਂਟਾ, ਪ., ਇਖ, ਗੰਨਾ, ਕੋੜਾ, ਘੋੜੇ ਨੂੰ ਮਾਰਣ ਵਾਲੀ ਛਟੀ, ਕਮਚੀ, ਕਰਘੇ ਦਾ ਉਹ ਡੰਡਾ ਜਿਸ ਦੀ ਸਹਾਇਤਾ ਨਾਲ ਸੂਤਰ ਉੱਪਰ ਥੱਲੇ ਹੁੰਦਾ ਹੈ

साँटिया–ਸਾਂਟਿਯਾ, ਪੁ., ਢਿੰਡੋਰਾ ਪਿਟਾਉਣ ਵਾਲਾ, ਡੁਗਡੁਗੀਆ

साँटी–ਸਾਂਟੀ, ਇ., ਸੀਂਖ, ਪਤਲੀ ਛਮਕੀ, ਬਾਂਸ ਦੀ ਖਮਾਂਚ, ਟਾਹਣੀ, ਮੇਲ ਮਿਲਾਪ, ਬਦਲਾ, ਟੁੱਟੇ ਹੋਏ ਰੱਸੇ ਬਿਨਾ ਗੱਠ ਤੋਂ ਜੋੜਨ ਦਾ ਤਰੀਕਾ

साँठ–ਸਾਂਠ, ਪ., ਸਰਕੰਡਾ, ਉਹ ਲੰਮਾ ਡੰਡਾ ਜਿਸ ਨਾਲ ਕੱਟ ਕੇ ਅਨਾਜ ਵੱਖ ਕੀਤਾ ਜਾਂਦਾ ਹੈ, ਇੱਖ, ਗੰਨਾ, ਦੇਖੋ ਸਾਂਕੜਾ (सांकड़ा)

साँठगाँठ–ਸਾਂਠਗਾਂਠ, ਪੁ., ਮੇਲ ਜੋਲ, ਦੋਸਤੀ, ਮਿੱਤਰਤਾ

साँठना–ਸਾਂਠਨਾ, ਕ੍ਰਿ., ਫੜੀ ਰੱਖਣਾ

साँठी–ਸਾਂਠੀ, ਇ., ਪੂੰਜੀ, ਮੂਲਧਨ

साँड–ਸਾਂਡ, ਪੁ., ਸਾਨ੍ਹ, ਖੁੱਲ੍ਹਾ ਛੱਡਿਆ ਹੋਇਆ ਬਲ੍ਹਦ ਜਾਂ ਘੋੜਾ ਸਾਹਣ, ਵੱਡਾ ਢੱਗਾ, ਵਿ., ਅਵਾਰਾ, ਬਦਮਾਸ਼, ਟੌਂਡਾ

साँडनी–ਸਾਂਡਨੀ, ਇ., ਉਠਣੀ ਜੋ ਤੇਜ਼ ਚਲਦੀ ਹੋਵੇ ਅਤੇ ਸਵਾਰੀ ਦੇ ਕੰਮ ਆਉਂਦੀ ਹੋਵੇ

साँड़ा–ਸਾਂੜਾ, ਪੁ., ਨਿਹਲੀ ਵਰਗਾ ਇਕ ਜਾਨਵਰ

साँड़िया–ਸਾਂੜਿਯਾ, ਪੁ., ਉੱਠ ਤੇ ਸਵਾਰੀ ਕਰਨ ਵਾਲਾ, ਤੇਜ਼ ਚੱਲਣ ਵਾਲਾ ਉੱਠ

साँथरी–ਸਾਂਥਰੀ, ਇ., ਚਟਾਈ, ਸਫ

साँथा–ਸਾਂਥਾ, ਪੁ., ਚੰਮ ਕੁੱਟਣ ਦਾ ਲੋਹੇ ਦਾ ਇਕ ਸੰਦ

साँथी–ਸਾਂਥੀ, ਇ., ਤਾਣੇ ਦੇ ਸੂਤਰ ਦੀ ਹੇਠ ਉਪਰ ਹੋਣ ਦੀ ਕਿਰਿਆ

साँद–ਸਾਂਦ, ਪ., ਡੰਗਰਾਂ ਨੂੰ ਨੱਸ ਜਾਣ ਤੋਂ ਰੋਕਣ ਲਈ ਗਲ ਵਿਚ ਬੱਧੀ ਹੋਈ ਸੋਟੀ, ਡਹਾ

साँध–ਸਾਂਧ, ਪੁ., ਨਿਸ਼ਾਨਾ

साँधना–ਸਾਂਧਨਾ, ਕ੍ਰਿ., ਨਿਸ਼ਾਨਾ ਲਾਉਣਾ, ਰੱਸੀਆਂ ਆਦਿਕ ਵਿਚ ਜੋੜ ਲਾਉਣਾ, ਮਿਲਾਉਣਾ, ਸਾਧਣਾ, ਪੂਰਾ ਕਰਨਾ, ਗਠਣਾ, ਗੰਢਣਾ

साँधा–ਸਾਂਧਾ, ਪੁ., ਦੋ ਰੱਸੀਆਂ ਵਿਚ ਦਿੱਤੀ ਹੋਈ ਗਠ, ਗੰਢ

साँप–ਸਾਂਪ, ਪੁ., ਸੱਪ, ਕੀੜਾ

साँपिन–ਸਾਂਪਿਨ, ਇ., ਸੱਪ ਦੀ ਮਦੀਨ, ਸੱਪਣੀ

साँभर–ਸਾਂਭਰ, ਪੁ., ਰਾਜਪੁਤਾਨੇ ਦੀ ਇਕ ਝੀਲ ਜਿਸ ਦੇ ਖਾਰੇ ਪਾਣੀ ਤੋਂ ਲੂਣ ਬਣਾਉਂਦੇ ਹਨ

साँबक–ਸਾਂਬਕ, ਪੁ., ਉਹ ਕਰਜ਼ਾ ਜੋ ਹਲਵਾਈਆਂ ਨੂੰ ਦਿੱਤਾ ਜਾਂਦਾ ਹੈ ਜਿਸ ਦੇ ਸੂਦ ਦੇ ਬਦਲੇ ਉਹ ਕੰਮ ਕਰਦੇ ਹਨ

साँबत–ਸਾਂਬਤ, ਪੁ., ਇਕ ਕਿਸਮ ਦਾ ਰਾਗ

साँबती–ਸਾਂਬਤੀ, ਇ., ਬੈਲ ਗੱਡੀ ਦੇ ਹੇਠ ਲਾਈ ਹੋਈ ਜਾਲੀ ਜਿਸ ਵਿਚ ਘਾਹ ਰੱਖਦੇ ਹਨ

साँवत्सर, साँवत्सरक, साँवत्सरिक–ਸਾਂਵਤਸਰ, ਸਾਂਵਤਸਰਕ, ਸਾਂਵਤਸਰਿਕ, ਪੁ., ਜੋਤਸ਼ੀ, ਵਿ., ਵਰ੍ਹੇ ਦਾ

साँवलताई–ਸਾਂਵਲਤਾਈ, ਇ., ਕਾਲਾਪਣ, ਸਾਂਵਲਾਪਣ

साँवला–ਸਾਂਵਲਾ, ਵਿ., ਕਾਲੇ ਰੰਗ ਦਾ, ਪਤੀ ਜਾਂ ਪ੍ਰੇਮੀ ਆਦਿ ਦੇ ਜਤਾਉਣ ਵਾਲਾ ਇਕ ਨਾਉਂ

साँवलापन–ਸਾਂਵਲਾਪਨ, ਪੁ., ਸਾਂਵਲਾ ਹੋਣ ਦਾ ਭਾਵ, ਕਾਲਾਪਣ

साँवा–ਸਾਂਵਾ, ਪੁ., ਇਕ ਕਿਸਮ ਦਾ ਅੰਨ

साँवादिक–ਸਾਂਵਾਦਿਕ, ਵਿ., ਸਨੇਹਾ ਦੇਣ ਵਾਲਾ, ਖਬਰ ਪਹੁੰਚਾਉਣ ਵਾਲਾ

साँशयिक–ਸਾਂਸ਼ਯਿਕ, ਵਿ., ਸ਼ੱਕੀ, ਸ਼ੱਕ ਵਾਲਾ

साँस–ਸਾਂਸ, ਇ., ਹਵਾ ਖਿੱਚ ਕੇ ਨੱਕ ਜਾਂ ਮੂੰਹ ਰਾਹੀਂ ਫੇਫੜਿਆਂ ਵਿਚ ਪਹੁੰਚਾਉਣ ਅਤੇ ਫੇਰ ਬਾਹਰ ਕੱਢਣ ਦੀ ਕਿਰਿਆ, ਸਾਹ, ਦਮ, ਸਾਸ, ਦਮੇ ਦੀ ਬਿਮਾਰੀ, ਛੁੱਟੀ

साँसत–ਸਾਂਸਤ, ਇ., ਵਧੀਕ ਦੁੱਖ ਜਾਂ ਪੀੜ, ਦਮ ਘੁਟਣ ਦੀ ਅਵਾਜ਼, ਝੰਝਟ

साँसतघर–ਸਾਂਸਤਘਰ, ਪੁ., ਜੇਲ੍ਹ ਵਿਚ ਬਹੁਤ ਛੋਟੀ ਹਨੇਰੀ ਕੋਠੜੀ

साँसना–ਸਾਂਸਨਾ, ਕ੍ਰਿ., ਹਕੂਮਤ ਕਰਨੀ, ਦੁਖ ਪਹੁੰਚਾਉਣਾ, ਡਾਂਟਣਾ, ਝਿੜਕਣਾ

साँसल–ਸਾਂਸਲ, ਪੁ., ਇਕ ਕਿਸਮ ਦਾ ਕੰਬਲ

साँसारिक–ਸਾਂਸਾਰਿਕ, ਵਿ., ਦੁਨੀਆ ਦਾ, ਦੁਨਿਆਵੀ

साँस्थानिक-ਸਾਂਸਥਾਨਿਕ, ਵਿ., ਇਕ ਮੁਲਖ ਦਾ

सा-ਸਾ, ਇ., ਪਾਰਬਤੀ, ਲੱਛਮੀ. ਅਵਜ., ਤੁੱਲ, ਸਮਾਨ, ਬਰਾਬਰ, ਇਕ ਕਿਸਮ ਦਾ ਤੋਲ ਦੱਸਣ ਵਾਲਾ ਸ਼ਬਦ

साइक्लोस्टाइल्-ਸਾਇਕਲੋਸਟਾਇਲ, ਇ., ਅੱਖਰ ਛਾਪਣ ਦੀ ਇਕ ਕਲ

साइत-ਸਾਇਤ, ਇ.. ਸ਼ੁਭ ਲਗਨ, ਮੁਹੂਰਤ, ਇਕ ਘੰਟੇ ਜਾਂ ਢਾਈ ਘੰਟੇ ਦਾ ਵੇਲਾ, ਸੈਂਤ

साइनबोर्ड-ਸਾਇਨਬੋਰਡ, ਪੁ., ਉਹ ਤਖਤਾ ਜਿਸ ਉਤੇ ਕਿਸੇ ਆਦਮੀ ਦੁਕਾਨ ਆਦਿ ਦਾ ਨਾਉਂ ਅਤੇ ਪਤਾ ਲਿਖਿਆ ਰਹਿੰਦਾ ਹੈ ਅਤੇ ਇਹੋ ਜਿਹੀ ਥਾਂ ਤੇ ਟੰਗਿਆ ਜਾਂਦਾ ਹੈ ਜਿਥੇ ਹਰ ਇਕ ਦੇਖ ਸਕੇ

साइन्स-ਸਾਇੰਸ, ਇ., ਕਿਸੇ ਗੱਲ ਦਾ ਖਾਸ ਪਤਾ, ਵਿਗਿਆਨ

साइयां, साईं-ਸਾਇਯਾਂ, ਸਾਈਂ, ਪੁ., ਪਰਮੇਸ਼ਰ, ਰੱਬ, ਮਾਲਕ, ਪਤੀ, ਖੌਂਦ

साई-ਸਾਈ. ਇ., ਕਿਸੇ ਚੀਜ਼ ਦੇ ਮੁੱਲ ਵਿਚੋਂ ਕੁਝ ਰਕਮ ਜੋ ਅਗਾਉ ਦਿੱਤੀ ਜਾਵੇ, ਬਿਆਨਾ

साईकांटा-ਸਾਈਕਾਂਟਾ, ਪੁ.. ਇਦ ਤਰ੍ਹਾਂ ਦਾ ਰੁੱਖ ਜਿਸ ਦਾ ਛਿਲਕਾ ਚਮ ਉਬਾਲਣ ਦੇ ਕੰਮ ਆਉਂਦਾ ਹੈ

साईस-ਸਾਈਸ. ਪੁ.. ਘੋੜੇ ਦੀ ਸੇਵਾ ਕਰਨ ਵਾਲਾ, ਸੇਵਾਦਾਰ

साईसी-ਸਾਈਸੀ ਇ.. ਸਾਈਸ ਦਾ ਕੰਮ ਜਾਂ ਹੁੱਦਾ

साकंभरी-ਸਾਕੰਭਰੀ, ਪੁ., ਸਾਂਭਰ ਝੀਲ ਦੇ ਨੇੜੇ ਦੀ ਧਰਤੀ. ਇਕ ਦੇਵੀ

साकचेरि-ਸਾਕਚੇਰਿ, ਇ., ਮਹਿੰਦੀ

साक-ਸਾਕ, ਪੁ., ਸਾਗ, ਸਬਜ਼ੀ, ਭਾਜੀ, ਤਰਕਾਰੀ

साकट-ਸਾਕਟ. ਪੁ.. ਦੇਖੋ ਸ਼ਕਤਿ (शक्ति) ਵਿ., ਦੁਸ਼ਟ, ਪਾਜੀ

साका-ਸਾਕਾ, ਪੁ.. ਸੰਵਤ, ਸ਼ਾਖਾ, ਮਸ਼ਹੂਰੀ. ਚੰਗੇ ਕੰਮ ਦੀ ਜਾਦਗਾਰ, ਧਾਕ, ਰੋਹਬ

साकांक्ष-ਸਾਕਾਂਕਸ਼, ਵਿ., ਲੋਭੀ, ਲਾਲਚੀ, ਚਾਹਵਾਨ, ਲੋੜਬੰਦ

साकार-ਸਾਕਾਰ, ਵਿ., ਸ਼ਕਲ ਵਾਲਾ, ਪ੍ਰਤੱਖ, ਪੁ., ਰੱਬ ਦਾ ਸਰੀਰਧਾਰੀ ਰੂਪ

साकिन-ਸਾਕਿਨ. ਵਿ., ਨਿਵਾਸੀ, ਵਸਨੀਕ, ਰਹਿਣ ਵਾਲਾ

साक़ी-ਸਾਕ਼ੀ. ਪ.. ਸ਼ਰਾਬ ਪਿਲਾਉਣ ਵਾਲਾ, ਜਿਸ ਨਾਲ ਪਿਆਰ ਹੋਵ. ਮਾਸ਼ੂਕ

साकेत-ਸਾਕੇਤ, ਪੁ., ਅਜੋਧਿਆ ਨਗਰੀ

साकेतक-ਸਾਕੇਤਕ. ਵਿ., ਅਜੁਧਿਆ ਦਾ ਰਹਿਣ ਵਾਲਾ

साक्षर-ਸਾਕਸ਼ਰ, ਵਿ., ਵਿਦਵਾਨ, ਜੋ ਲਿਖਣਾ ਪੜ੍ਹਨਾ ਜਾਣਦਾ ਹੋਵੇ

साक्षात्-ਸਾਕਸ਼ਾਤ, ਅਵਜ., ਪ੍ਰਤੱਖ, ਸਾਹਮਣੇ ਸਮਾਨ, ਪੁ., ਭੇਟਾ ਮੁਲਾਕਾਤ

साक्षात्कार-ਸਾਕਸ਼ਾਤਕਾਰ, ਪੁ., ਭੇਟ, ਮੇਲ, ਪਦਾਰਥਾਂ ਦਾ ਉਹ ਗਿਆਨ ਜੋ ਇੰਦਰੀਆਂ ਰਾਹੀਂ ਹੁੰਦਾ ਹੈ

साक्षात्कारी-ਸਾਕਸ਼ਾਤਕਾਰੀ, ਵਿ., ਭੇਟ ਕਰਾਉਣ ਵਾਲਾ

साक्षिता-ਸਾਕਸ਼ਿਤਾ, ਇ., ਗਵਾਹੀ

साक्षी-ਸਾਕਸ਼ੀ, ਪੁ., ਉਹ ਜਿਸ ਨੇ ਘਟਨਾ ਅਖੀਂ ਵੇਖੀ ਹੋਵੇ, ਗਵਾਹ, ਇ., ਸਾਖੀ, ਗਵਾਹੀ, ਸ਼ਹਾਦਤ

साक्ष्य-ਸਾਕਸ਼ਜ, ਪੁ.. ਗਵਾਹ ਦਾ ਕੰਮ, ਗਵਾਹੀ

साख-ਸਾਖ, ਪੁ., ਗਵਾਹੀ, ਮਿਸਾਲ, ਧਾਕ, ਰੋਹਬ, ਸ਼ਹਾਦਤ, ਲੈਣ ਦੇਣ ਦਾ ਖਰਾਪਣ

साखना-ਸਾਖਨਾ, ਕ੍ਰਿ., ਗਵਾਹੀ ਦੇਣਾ, ਸਾਖੀ ਭਰਨਾ

साखर-ਸਾਖਰ, ਵਿ., ਦੇਖੋ ਸ਼ਾਕਸ਼ਰ (साक्षर)

साखा-ਸਾਖਾ, ਇ., ਦੇਖੋ ਸ਼ਾਖਾ (शाखा)

साखी-ਸਾਖੀ, ਇ.. ਗਵਾਹੀ, ਸ਼ਹਾਦਤ, ਉਗਾਹੀ, ਪੁ., ਗਵਾਹ, ਰੁੱਖ, ਬ੍ਰਿਛ, ਉਗਾਹ

साखू-ਸਾਖੂ, ਪੁ.. ਸਾਲ ਦਾ ਰੁਖ

साखोचारन-ਸਾਖੋਚਾਰਨ, ਪੁ., ਵਿਆਹ ਵੇਲੇ ਪੰਡਤ ਵੱਲੋਂ ਵਿਆਂਧੜ ਅਤੇ ਬਹੂ ਦੇ ਖਾਨਦਾਨ ਦੇ ਗੋਤਰਾਂ ਦੇ ਉਚਾਰਣ ਕਰਨਾ ਦਾ ਕੰਮ

साखोट-ਸਾਖੋਟ, ਪੁ., ਇਕ ਰੁੱਖ

साख्य-ਸਾਖਜ. ਪੁ., ਦੋਸਤੀ, ਰਿਸ਼ਤੇਦਾਰੀ, ਮਿੱਤਰਤਾ

साग-ਸਾਗ ਪੁ., ਸਬਜ਼ੀ, ਭਾਜੀ, ਤਰਕਾਰੀ

सागर-ਸਾਗਰ, ਪੁ., ਸਮੁੰਦਰ, ਵੱਡਾ ਤਲਾਉ, ਸਗਰ ਰਾਜਾ ਦੇ ਇਕ ਪੁੱਤਰ ਦਾ ਨਾਉਂ

सागरवासी-ਸਾਗਰਵਾਸੀ, ਵਿ, ਸਮੁੰਦਰ ਵਿਚ ਰਹਿਣ ਵਾਲਾ

सागरोदक-ਸਾਗਰੋਦਕ, ਪੁ., ਸਮੁੰਦਰੀ ਪਾਣੀ

सागूदाना-ਸਾਗੂਦਾਨਾ, ਪੁ., ਸਾਗੂ ਨਾਉਂ ਦੇ ਰੁੱਖ ਦੇ ਤਣੇ ਦਾ ਗੁੱਦਾ

सागौन-ਸਾਗੋਨ, ਪੁ., ਦੇਖੋ ਸ਼ਾਲ (शाल)

साग्निक-ਸਾਗ੍ਨਿਕ, ਵਿ., ਹਮੇਸ਼ਾ ਅਗਨੀ ਹੋਤਰ ਕਰਨ ਵਾਲਾ

साग्र-ਸਾਗ੍ਰ, ਵਿ., ਸਾਰਾ, ਪੂਰਾ, ਕੁਲ

साग्रह-ਸਾਗ੍ਰਹ, ਵਿ., ਹਠ ਸਹਿਤ, ਬਦੋਬਦੀ ਨਾਲ

साङ्कर्य-ਸਾਂਕਰਜ, ਪੁ.. ਮਿਲਾਵਟ

साङ्क्रामिक-ਸਾਂਕ੍ਰਾਮਿਕ, ਵਿ., ਜੋ ਅਚਾਨਕ ਆ ਜਾਵੇ

साङ्ख्ययोग-ਸਾਂਖਜ ਜੋਗ, ਪੁ., ਗਿਆਨ ਜੋਗ, ਬ੍ਰਹਮ ਵਿਦਿਆ

साङ्ग-ਸਾਂਗ, ਵਿ., ਅੰਗ ਸਮੇਤ, ਸਾਰਾ

साङ्ग पाङ्ग-ਸਾਂਗੋਪਾਂਗ, ਅਵਜ., ਅੰਗਾਂ ਅਤੇ ਉਪਅੰਗਾਂ ਨਾਲ

साङ्घाटिका-ਸਾਂਘਾਟਿਕਾ, ਇ., ਤੀਵੀਆਂ ਨਾਲ ਮੇਲ ਕਰਾਉਣ ਵਾਲੀ ਤੀਵੀਂ, ਫਫਾਕੁਟਣੀ, ਦੱਲੀ, ਮੈਥੁਨ, ਤੀਵੀਂ ਨਾਲ ਮੇਲ

साङ्घात-ਸਾਂਘਾਤ, ਪੁ., ਜੱਥਾ, ਦਲ, ਸਮੂਹ

साचक-ਸਾਚਕ, ਇ., ਮੁਸਲਮਾਨਾਂ ਵਿਚ ਵਿਆਹ ਦੀ ਇਕ ਰਸਮ

साचरी-ਸਾਚਰੀ, ਇ., ਇਕ ਰਾਗਣੀ ਦਾ ਨਾਉਂ

साचितव्य-ਸਾਚਿਤਵਜ. ਪੁ., ਸਹਾਇਤਾ, ਮਦਦ

साचीकुम्हड़ा-ਸਾਚੀਕੁਮ੍ਹੜਾ, ਪੁ., ਚਿੱਟਾ ਕੁੰਭੜਾ, ਪੇਠਾ

साचीकृत–ਸਾਚੀਕ੍ਰਿਤ, ਵਿ., ਇੱਕਠਾ ਕੀਤਾ ਹੋਇਆ

साज़–ਸਾਜ਼, ਪੁ., ਸਜਾਵਟ ਦਾ ਕੰਮ, ਠਾਠ ਬਾਠ, ਤਿਆਰੀ, ਲੜਾਈ ਦੇ ਹਥਿਆਰ, ਮੇਲਜੋਲ, ਵਾਜਾ, ਰੰਦਾ

साजन–ਸਾਜਨ, ਪੁ., ਖੌਂਦ, ਮਾਲਕ, ਪ੍ਰੇਮੀ, ਰੱਬ, ਸੱਜਣ, ਪਤੀ

साजना–ਸਾਜਨਾ, ਕ੍ਰਿ.. ਸਜਾਉਣਾ, ਸਜਾਵਟ ਕਰਨੀ

साजबाज–ਸਾਜਬਾਜ, ਪੁ., ਮੇਲ ਜੋਲ, ਤਿਆਰੀ, ਗਾੜੁ

साज़र–ਸਾਜਰ, ਪੁ., ਇਕ ਰੁੱਖ ਜਿਸ ਨੂੰ ਗੁਲੂ ਵੀ ਕਹਿੰਦੇ ਹਨ

साजसामान–ਸਾਜਸਾਮਾਨ, ਪੁ., ਸਾਮਾਨ, ਅਸਬਾਬ, ਸਮੱਗਰੀ, ਸਲੀਤਾ

साज़िश–ਸਾਜ਼ਿਸ਼, ਇ., ਕਿਸੇ ਦੇ ਖਿਲਾਫ਼ ਕੋਈ ਕੰਮ ਕਰਨ ਵਿਚ ਸਹਾਇਕ ਹੋਣ ਦਾ ਭਾਵ, ਮੇਲਜੋਲ, ਮੇਲ ਮਿਲਾਪ

साजुज्य–ਸਾਜੁਜਜ. ਪੁ, ਦੇਖੋ ਸਾਯੁਜਜ (सायुज्य)

साझा–ਸਾਝਾ, ਪੁ., ਹਿੱਸਾ, ਵੰਡਾਈ, ਹਿੱਸੇਦਾਰੀ, ਸਾਂਝ, ਭਿਆਲੀ

साझी–ਸਾਝੀ, ਪੁ., ਸਾਂਝੀਵਾਲ, ਹਿੱਸੇਦਾਰ, ਪੱਤੀ ਵਾਲ

साझेदारी–ਸਾਝੇਦਾਰੀ, ਇ., ਸਾਂਝ, ਹਿੱਸੇਦਾਰੀ, ਪੱਤੀ

साञ्जन–ਸਾਂਜਨ, ਪੁ., ਕੋੜੁ ਕਿਰਲਾ, ਗਿਰਗਟ

साटक–ਸਾਟਕ, ਪੁ., ਛਿਲਕਾ, ਤੁੜੀ, ਮਾਮੂਲੀ ਚੀਜ਼, ਤੁੱਛ ਪਦਾਰਥ

साटन–ਸਾਟਨ, ਪੁ., ਇਕ ਕਿਸਮ ਦਾ ਰੇਸ਼ਮੀ ਕਪੜਾ

साटना–ਸਾਟਨਾ, ਕ੍ਰਿ.. ਦੋ ਚੀਜ਼ਾ ਨੂੰ ਆਪਸ ਵਿਚ ਮੇਲਣਾ, ਜੋੜਨਾ, ਮੇਲਣਾ

साठ–ਸਾਠ, ਪੁ., ਪੰਜਾਹ ਉਤੇ ਦਸ ਦੀ ਸੰਖਿਆ, ਸੱਠ

साठनाठ–ਸਾਠਨਾਠ, ਵਿ., ਜਿਸ ਦੀ ਦੌਲਤ ਨਸ਼ਟ ਹੋ ਗਈ ਹੋਵੇ, ਦਲਿੱਦਰੀ, ਗਰੀਬ. ਤਿਤਰਬਿਤਰ

साठा–ਸਾਠਾ, ਪੁ., ਇੱਖ. ਗੰਨਾ, ਇਕ ਕਿਸਮ ਦੀ ਸ਼ਹਿਦ ਦੀ ਮੱਖੀ, ਵਿ., ਸੱਠਾਂ ਵਰ੍ਹਿਆਂ ਦਾ

साठी–ਸਾਠੀ, ਪੁ., ਸੱਠੀ ਨਾਉਂ ਦੇ ਚਾਉਲ

साड़ा–ਸਾੜਾ, ਪੁ., ਘੋੜਿਆਂ ਦੀ ਇਕ ਨਾਮੁਰਾਦ ਬੀਮਾਰੀ

साड़ी–ਸਾੜੀ, ਇ., ਤੀਵੀਆਂ ਦੀ ਇਕ ਲੰਮੀ ਧੋਤੀ

साढी–ਸਾਢੀ, ਇ., ਦੁਧ ਪੁਰ ਜੰਮ ਜਾਣ ਵਾਲੀ ਮਿਲਿਆਈ, ਸਾਲ ਬ੍ਰਿਛ ਦੀ ਗੱਦ, ਹਾੜ੍ਹੀ ਦੀ ਫਸਲ

साढ़ू–ਸਾਢੂ, ਪੁ., ਵਹੁਟੀ ਦੀ ਭੈਣ ਦਾ ਗੱਭਰੂ, ਸਾਲੀ ਦਾ ਪਤੀ, ਸਾਡੂ

साढ़ेसाती–ਸਾਢੇਸਾਤੀ, ਇ., ਸ਼ਨਿਸ਼ਚਰ ਗ੍ਰਹਿ ਦੀ ਸਾਢੇ ਸੱਤ ਸਾਲ ਸਾਢੇ ਸੱਤ ਮਹੀਨੇ ਜਾਂ ਸਾਢੇ ਸੱਤ ਦਿਨ ਦੀ ਖੋਟੀ ਦਸ਼ਾ, ਸਾੜ੍ਹਸਤੀ

साण्ड–ਸਾਂਡ, ਵਿ., ਜੋ ਖੱਸੀ ਨਾ ਹੋਵੇ, ਜਿਸ ਵਿਚ ਆਂਡਾ ਹੋਵੇ. ਆਂਡੇ ਸਹਿਤ

सात–ਸਾਤ, ਪੁ., ਪੰਜ ਅਤੇ ਦੋ ਦੀ ਸੰਖਿਆ, ਸੱਤ

सातपूती–ਸਾਤਪੂਤੀ, ਇ., ਇਕ ਭਾਜੀ ਦਾ ਨਾਉਂ

सातफेरी–ਸਾਤਫੇਰੀ: ਇ.. ਵਿਆਹ ਵੇਲੇ ਮੁੰਡੇ ਕੁੜੀ ਦਾ ਅੱਗ ਦੇ ਦੁਆਲੇ ਸੱਤ ਵਾਰੀ ਚੱਕਰ ਲਾਉਣ ਦਾ ਭਾਵ

सातला–ਸਾਤਲਾ, ਇ., ਇਕ ਕਿਸਮ ਦਾ ਥੋਹਰ ਜਿਸ ਦਾ ਦੁਧ ਪੀਲੇ ਰੰਗ ਦਾ ਹੁੰਦਾ ਹੈ

साती–ਸਾਤੀ, ਇ., ਸੱਪ ਲੜੇ ਦਾ ਇਕ ਇਲਾਜ

सात्म्य–ਸਤਮਜ, ਪੁ., ਇਕ ਸ਼ਕਲ, ਬਰਾਬਰ ਸ਼ਕਲ, ਮਿਲਦੀ ਜੁਲਦੀ ਨੁਹਾਰ

सात्यकि–ਸਾਤਜਕਿ, ਪੁ., ਸ੍ਰੀ ਕ੍ਰਿਸ਼ਨ ਜੀ ਦਾ ਰਥਵਾਨ

सात्वत–ਸਾਤ੍ਵਤ, ਪੁ., ਬਲਰਾਮ, ਸ਼੍ਰੀ ਕ੍ਰਿਸ਼ਨ, ਯਦੁਵੰਸੀ, ਇਕ ਦੋਗਲਾ ਕੌਮ

सात्वती–ਸਾਤ੍ਵਤੀ, ਇ., ਸ਼ਿਸ਼ੂਪਾਲ ਦੀ ਮਾਂ, ਸੁਭੱਦ੍ਰਾ

सात्विक–ਸਾਤ੍ਵਿਕ, ਪੁ., ਬ੍ਰਹਮਾ, ਵਿਸ਼ਨੂੰ, ਜਿਸ ਵਿਚ ਸਤੋ ਗੁਣ ਪ੍ਰਧਾਨ ਹੋਵੇ ਇਹੋ ਜਿਹਾ ਭਾਵ, ਵਿ., ਸਤੋ ਗੁਣੀ

सात्विकी–ਸਾਤ੍ਵਿਕੀ, ਵਿ., ਇਕ ਤਰ੍ਹਾਂ ਦੀ ਦੇਵਤਾ ਦੀ ਪੂਜਾ ਜਿਸ ਵਿਚ ਮਾਸ ਆਦਿ ਨਹੀਂ ਵਰਤਿਆ ਜਾਂਦਾ

साथ–ਸਾਥ, ਪੁ., ਮੇਲ ਮਿਲਾਪ, ਸੰਗ, ਇਕੱਠੇ ਰਹਿਣ ਦਾ ਭਾਵ, ਅਵਜ., ਨਾਲ, ਇਕੱਠੇ, ਨਾਲ ਹੀ

साथरा–ਸਾਥਰਾ, ਪੁ., ਬਿਸਤਰਾ, ਬਿਛਾਉਣਾ, ਸਫ਼, ਚਟਾਈ, ਸੱਥਰ

साथी–ਸਾਥੀ, ਪੁ., ਨਾਲ ਰਹਿਣ ਵਾਲਾ, ਸੰਗੀ, ਮਿੱਤਰ, ਦੋਸਤ, ਮੇਲੀ

साद–ਸਾਦ, ਪੁ., ਦੁਖ, ਨਾਸ, ਹਿੰਸਾ, ਇੱਛਿਆ, ਜਾਦ, ਖੀਣਤਾ

सादगी–ਸਾਦਗੀ, ਇ., ਸ਼ਾਦਾਪਣ, ਸਿੱਧਾਪਣ

सादन–ਸਾਦਨ, ਪੁ., ਨਾਸ, ਬਰਬਾਦੀ, ਤਬਾਹੀ

सादर–ਸਾਦਰ ਵਿ., ਆਦਰ ਨਾਲ

सादा–ਸਾਦਾ, ਵਿ., ਸਿੱਧਾ, ਸਾਫ, ਸਧਾਰਨ, ਖਰਾ, ਸਜਾਵਟ ਬਿਨਾ, ਚਿੱਟਾ, ਭੋਲਾ

सादापन–ਸਾਦਾਪਨ, ਪੁ.. ਸਾਦਗੀ, ਸਿੱਧਾਪਣ

सादित–ਸਾਦਿਤ, ਵਿ.. ਟੁੱਟਿਆ ਫੁੱਟਿਆ

सादूर–ਸਾਦੂਰ, ਇ., ਸ਼ੇਰ. ਬਬਰ ਸ਼ੇਰ

सादृश्य–ਸਾਦ੍ਰਿਸ਼ਜ, ਪੁ, ਇਕੋ ਸ਼ਕਲ, ਬਰਾਬਰੀ, ਸਮਾਨਤਾ

साध–ਸਾਧ, ਇ., ਇੱਛਿਆ, ਚਾਹਨਾ, ਗਰਭ ਤੋਂ ਸੱਤਵੇਂ ਮਹੀਨੇ ਹੋਣ ਵਾਲਾ ਇਕ ਉਤਸਵ. ਪੁ., ਸਾਧ, ਸੱਜਣ, ਮਹਾਤਮਾ, ਵਿ., ਉੱਤਮ, ਅੱਛਾ, ਵਧੀਆ

साधक–ਸਾਧਕ, ਪੁ., ਜੋਗੀ, ਤਪੱਸੀ ।

साधन–ਸਾਧਨ, ਪੁ., ਕੰਮ ਕਰਨ ਦੀ ਕਿਰਿਆ, ਕਾਰਣ; ਵਿਧਾਨ, ਧਨ, ਸਮੱਗਰੀ, ਉਪਾਉ, ਸਿੱਧੀ, ਪ੍ਰਮਾਣ, ਜੁਗਤ, ਉਪਾਸ਼ਨਾ, ਮੰਤਰ ਸਿੱਧ ਕਰਨ ਦੀ ਕਿਰਿਆ

साधनता–ਸਾਧਨਤਾ, ਇ., ਸਾਧਨ ਕਰਨ ਦਾ ਭਾਵ

साधनहार–ਸਾਧਨਹਾਰ, ਵਿ., ਸਾਧਣ ਵਾਲਾ

साधना–ਸਾਧਨਾ, ਕ੍ਰਿ., ਕਿਸੇ ਕੰਮ ਦਾ ਪੂਰਾ ਕਰਨਾ, ਪੱਕਾ ਕਰਨਾ, ਪਸੈਸ਼ ਕਰਨੀ, ਮਾਪਣਾ, ਮੰਤਰ ਸਿੱਧ ਕਰਨ ਲਈ ਉਪਾਸਨਾ

ਕਰਨਾ, ਕਾਬੂ ਕਰਨਾ, ਅਭਿਆਸ ਕਰ ਕੇ ਕਿਸੇ ਚੀਜ਼ ਦਾ ਵਰਤਾਵਾ ਸਿੱਖਣਾ

साधनार्ह–ਸਾਧਨਾਰ੍ਹ, ਵਿ., ਜੋ ਕੀਤਾ ਜਾ ਸਕੇ

साधनी–ਸਾਧਨੀ, ਇ., ਗੁੰਟੀਆ, ਇਕ ਸੰਦ ਜਿਸ ਨਾਲ ਧਰਤੀ ਚੌਰਸ ਕੀਤੀ ਜਾਂਦੀ ਹੈ

साधनीय–ਸਾਧਨੀਯ, ਵਿ., ਜੋ ਸਾਧਿਆ ਜਾ ਸਕੇ

साधन्त–ਸਾਧੰਤ, ਪੁ., ਮੰਗਤਾ

साधयितव्य–ਸਾਧਯਿਤਵ੍ਯ, ਵਿ., ਸਾਧਣ ਜੋਗ

साधयिता–ਸਾਧਯਿਤਾ, ਪੁ., ਦੇਖੋ ਸਾਧਕ (साधक)

साधर्म्य–ਸਾਧਰਮ੍ਯ, ਪੁ., ਸਮਾਨ ਧਰਮਤਾ, ਧਰਮ ਦੀ ਸਮਾਨਤਾ

साधार–ਸਾਧਾਰ, ਵਿ., ਆਸਰੇ ਵਾਲਾ, ਅਟਕਾਉ ਵਾਲਾ

साधारण–ਸਾਧਾਰਣ, ਵਿ., ਤੁੱਛ, ਛੋਟਾ, ਮਮੂਲੀ, ਐਵੇਂ ਕਿਵੇਂ ਜਿਸ ਵਿਚ ਕੋਈ ਖਾਸੀਅਤ ਨਾ ਹੋਵੇ, ਸੌਖਾ, ਇਕੱਲਾ, ਬੇਪਰਵਾਹ

साधारणतः–ਸਾਧਾਰ੍ਣਤਃ, ਅਵ੍ਯ., ਮਮੂਲੀ ਤੌਰ ਤੇ, ਅਕਸਰ, ਸਧਾਰਣ ਤੌਰ ਤੇ

साधिका–ਸਾਧਿਕਾ, ਇ., ਸਾਧਨਾ ਵਾਲੀ ਗਹਿਰੀ ਨੀਂਦ

साधित–ਸਾਧਿਤ, ਵਿ., ਸਿੱਧ ਕੀਤਾ ਹੋਇਆ, ਸਾਧਿਆ ਹੋਇਆ, ਡੰਨ ਦਿਤਾ ਹੋਇਆ

साधिमन्–ਸਾਧਿਮਨ, ਪੁ., ਅਤੀ ਸੱਜਣ

साधु–ਸਾਧੁ, ਪੁ., ਖੱਛੇ ਖਾਨਦਾਨ ਵਿਚ ਪੈਦਾ ਹੋਇਆ ਬੰਦਾ, ਮਹਾਤਮਾ, ਸੱਜਣ, ਧਰਮੀ, ਵਿ., ਸਮਰਥ, ਬੁਧਮਾਨ, ਉਤਮ, ਅੱਛਾ, ਤਰੀਫ਼ ਜੋਗ, ਸੱਚਾ

साधुक–ਸਾਧੁਕ, ਪੁ., ਕਦੰਬ ਦਾ ਰੁੱਖ

साधुकर्म–ਸਾਧੁਕਰਮ, ਪੁ., ਅੱਛਾ ਕੰਮ

साधुजात–ਸਾਧੁਜਾਤ, ਵਿ., ਸਾਫ਼, ਨਿਰਮਲ, ਉੱਜਲ

साधुता–ਸਾਧੁਤਾ, ਇ., ਸੱਜਣਤਾ, ਭਲਮਾਣਸੀ, ਭਲਾਈ, ਸਿੱਧਾਪਣ

साधुदर्शी–ਸਾਧੁਦਰਸ਼ੀ, ਵਿ., ਚੰਗੀ ਤਰ੍ਹਾਂ ਦੇਖਣ ਵਾਲਾ

साधुदायी–ਸਾਧੁਦਾਯੀ, ਵਿ., ਚੰਗੀ ਚੀਜ਼ ਦਾ ਦਾਨ ਕਰਨ ਵਾਲਾ

साधुधवन–ਸਾਧੁਧਵਨ, ਪੁ., ਸਾਧਾਂ ਦੇ ਰਹਿਨ ਵਾਲੀ ਕੁਟੀਆ

साधुभाव–ਸਾਧੁਭਾਵ, ਪੁ., ਦੇਖੋ ਸਾਧੁਤਾ (साधुता)

साधुमती–ਸਾਧੁਮਤੀ, ਇ., ਤੰਤਰ ਵਾਲਿਆਂ ਦੀ ਇਕ ਦੇਵੀ ਦਾ ਨਾਉਂ

साधुवादी–ਸਾਧੁਵਾਦੀ, ਵਿ., ਸੱਚ ਬੋਲਣ ਵਾਲਾ

साधुवृत्त–ਸਾਧੁਵ੍ਰਿੱਤ, ਵਿ., ਅੱਛੇ ਚਾਲਚਲਣ ਵਾਲਾ

साधुवृत्ति–ਸਾਧੁਵ੍ਰਿੱਤਿ, ਇ., ਚੰਗਾ ਰੁਜ਼ਗਾਰ

साधुसाधु–ਸਾਧੁਸਾਧੁ, ਅਵ੍ਯ., ਧੰਨਿ ਧੰਨਿ, ਵਾਹ ਵਾਹ

साधू–ਸਾਧੂ, ਪੁ., ਸੱਜਣ, ਭਲਾ ਆਦਮੀ, ਸਿੱਧਾ ਸਾਦਾ ਮਨੁੱਖ

साधो–ਸਾਧੋ, ਪੁ., ਸਾਧ ਨੂੰ ਦੂਰੋਂ ਬੁਲਾਉਣ ਦਾ ਸ਼ਬਦ

साध्य–ਸਾਧ੍ਯ, ਪੁ., ਗਣ ਦੇਵਤਾ ਜੋ ਸੰਖਿਆ ਵਿਚ ਬਾਂਰਾ ਹਨ, ਜੋਤਸ਼ ਦੇ ਮੁਤਾਬਕ ਇਕ ਜੋਗ ਦਾ ਨਾਉਂ, ਵਿ., ਸਾਧਣ ਜੋਗ ਸੌਖਾ, ਜੋ ਹੋ ਸਕੇ, ਜਿਸ ਦਾ ਅਨੁਮਾਨ ਹੋ ਸਕੇ

साध्यवसानिका–ਸਾਧ੍ਯਵਸਾਨਿਕਾ, ਇ., ਸਾਹਿਤ ਵਿਚ ਲਕਸ਼ਣਾ ਦਾ ਇਕ ਭੇਦ

साध्वस–ਸਾਧ੍ਵਸ, ਪੁ., ਭੈ, ਡਰ, ਖੌਫ਼, ਘਬਰਾਹਟ, ਬੇਚੈਨੀ

साध्वी–ਸਾਧ੍ਵੀ, ਇ., ਚੰਗੇ ਚਾਲਚਲਣ ਵਾਲੀ ਤੀਵੀਂ, ਨੇਕਚਲਣ ਤੀਵੀਂ

सान–ਸਾਨ, ਪੁ., ਹਥਿਆਰ ਆਦਿਕ ਤੇਜ਼ ਕਰਨ ਦਾ ਪੱਥਰ, ਸਾਣ

सानना–ਸਾਨਨਾ, ਕ੍ਰਿ., ਸ਼ਾਮਲ ਕਰਨਾ, ਮਿਲਾਉਣਾ, ਲਪੇਟਣਾ, ਦੋ ਚੀਜ਼ਾਂ ਦਾ ਆਪਸ ਵਿਚ ਮਿਲਾਉਣਾ

सानन्द–ਸਾਨੰਦ, ਵਿ., ਖੁਸ਼ੀ ਨਾਲ

सानी–ਸਾਨੀ, ਇ., ਡੰਗਰਾਂ ਨੂੰ ਪਾਉਣ ਲਈ ਪਾਣੀ ਵਿਚ ਰਲਾਏ ਹੋਏ ਤੂੜੀ ਅਨਾਜ ਅਤੇ ਖਲ ਆਦਿ, ਗਤਾਵਾ, ਸੰਨ੍ਹੀ, ਵਿ., ਦੂਸਰਾ, ਵਰਗਾ, ਜੇਹਾ, ਬਰਾਬਰੀ ਦਾ

सानु–ਸਾਨੁ, ਪੁ., ਸੂਰਜ, ਪੱਤਾ, ਬਣ, ਜੰਗਲ, ਰਸਤਾ, ਰਾਹ ਪਹਾੜ ਦੀ ਚੋਟੀ, ਪੱਧਰ ਧਰਤੀ

सानेयी–ਸਾਨੇਯੀ, ਇ., ਬੰਸਰੀ, ਮੁਰਲੀ

सान्तर–ਸਾਂਤਰ, ਵਿ., ਵਿਰਲ ਵਾਲਾ, ਛੇਕ ਵਾਲਾ

सान्त्वन–ਸਾਂਤ੍ਵਨ, ਪੁ., ਧੀਰਜ, ਤਸੱਲੀ, ਪ੍ਰੇਮ, ਪਿਆਰ, ਮੇਲ, ਢਾਰਸ

सान्त्वना–ਸਾਂਤ੍ਵਨਾ, ਇ., ਦੇਖੋ ਸਾਂਤ੍ਵਨ (सान्त्वन)

सान्द्र–ਸਾਂਦ੍ਰ, ਵਿ., ਚਿਤੁੰਕਣਾ, ਸੋਹਣਾ, ਸੁੰਦਰ

सान्द्रपुष्प–ਸਾਂਦ੍ਰਪੁਸ਼ਪ, ਪੁ., ਬਹੇੜਾ

सान्ध्य–ਸਾਂਧ੍ਯ, ਵਿ., ਤ੍ਰਿਕਾਲਾਂ ਵੇਲੇ ਕਰਨ ਜੋਗ

सान्निध्य–ਸਾਂਨਿਧ੍ਯ, ਪੁ., ਨਜ਼ੀਕਤਾ, ਨੇੜ

साप–ਸਾਪ, ਪੁ., ਸਰਾਪ, ਬਦਦੁਆ

सापत्न्य–ਸਾਪਤ੍ਨ੍ਯ, ਪੁ., ਸੌਤੇਲਾ ਭਾਵ, ਵੈਰੀ, ਸੌਂਕਣ ਦਾ ਮੁੰਡਾ

सापत्य–ਸਾਪਤ੍ਯ, ਵਿ., ਉਲਾਦ ਵਾਲਾ

सापना–ਸਾਪਨਾ, ਕ੍ਰਿ., ਸਰਾਪ ਦੇਣਾ, ਝਿੜਕਣਾ, ਗਾਲੀ ਦੇਣੀ

सापराध–ਸਾਪਰਾਧ, ਵਿ., ਕਸੂਰਵਾਰ, ਅਪਰਾਧੀ, ਜਿਸ ਨੇ ਕਸੂਰ ਕੀਤਾ ਹੋਵੇ

साफ़–ਸਾਫ਼, ਵਿ., ਨਿਰਮਲ, ਸ਼ੁੱਧ, ਖਾਲਸ, ਸਪਸ਼ਟ, ਚਿੱਟਾ, ਬਿਨਾ ਛਲ ਕਪਟ ਦੇ, ਸਾਦਾ, ਚਮਕੀਲਾ, ਕੋਰਾ, ਪੱਧਰ, ਬੇਐਬ

साफल्य–ਸਾਫਲ੍ਯ, ਪੁ., ਕਾਮਿਆਬੀ, ਲਾਹਾ, ਲਾਭ, ਫ਼ਾਇਦਾ ਸਫਲਤਾ

साफ़ा–ਸਾਫ਼ਾ, ਪੁ., ਸਿਰ ਤੇ ਲਪੇਟਣ ਦੀ ਪਗੜੀ, ਪੱਗ, ਪਟਕਾ ਪਰਨਾ

साफ़ी–ਸਾਫ਼ੀ, ਇ., ਹੱਥ ਵਿਚ ਰੱਖਣ ਦਾ ਰੁਮਾਲ, ਇਕ ਲੀਰ ਜਿਸ ਨੂੰ ਚਰਸੀ ਚਿਲਮ ਹੇਠ ਲਪੇਟ ਕੇ ਸੂਟਾ ਲਾਉਂਦੇ ਹਨ, ਭੰਗ ਛਾਣਨ ਦਾ ਕਪੜਾ, ਤਰਖਾਨ ਦਾ ਇਕ ਸੰਦ

साबर–ਸਾਬਰ, ਪੁ., ਸਾਂਭਰ ਮਿਰਗ ਦਾ ਚੰਮ ਜੋ ਬਹੁੰਤ ਮੁਲਾਇਮ ਹੁੰਦਾ ਹੈ, ਥੋਹਰ ਦਾ ਬੂਟਾ, ਮਿੱਟੀ ਪੁੱਟਣ ਦਾ ਇਕ ਸੰਦ

साबल–ਸਾਬਲ, ਪੁ., ਭਾਲਾ, ਦਰਛੀ

साबस–ਸਾਬਸ, ਪੁ., ਵਾਹ ਵਾਹ ਦੇਣ ਦੀ ਕਿਰਿਆ, ਸ਼ਾਬਾਸ਼, ਅਵਜ., ਧੰਨਿ ਧੰਨਿ, ਵਾਹ ਵਾਹ

साबिक़–ਸਾਬਿਕ. ਵਿ., ਪੁਰਾਣੇ ਜ਼ਮਾਨੇ ਦਾ, ਪਹਿਲਾਂ ਦਾ

साबिक़ा–ਸਾਬਿਕਾ. ਪੁ., ਸਬੰਧ, ਸਰੋਕਾਰ, ਜਾਣ ਪਛਾਣ, ਵਾਕਫੀ

साबित–ਸਾਬਿਤ, ਵਿੰ., ਜਿਸ ਦਾ ਸਬੂਤ ਦਿੱਤਾ ਗਿਆ ਹੋਵੇ, ਠੀਕ

साबूत–ਸਾਬੂਤ, ਵਿ., ਪੂਰਾ, ਸਾਰਾ. ਠੀਕ, ਥਿਰ, ਦੁਰੁਸਤ, ਸਹੀ

साबुन–ਸਾਬੁਨ, ਪੁ., ਸੱਜੀ ਅਤੇ ਤੇਲ ਦੀ ਬਣੀ ਹੋਈ ਚੀਜ਼ ਜਿਸ ਨਾਲ ਕਪੜਿਆਂ ਦੀ ਮੈਲ ਦੂਰ ਹੁੰਦੀ ਹੈ. ਸਾਬਣ

साबूदाना–ਸਾਬੂਦਾਨਾ. ਪੁ., ਦੇਖੋ ਸਾਗੁਦਾਨਾ (सागूदाना)

साम–ਸਾਮ, ਪੁ., ਵੇਦਾਂ ਦੇ ਮੰਤਰ ਜੋ ਜੱਗ ਵਿਚ ਗਾ ਕੇ ਪੜ੍ਹੇ ਜਾਂਦੇ ਹਨ. ਸਾਮਵੇਦ. ਮਿੱਠਾ ਬੋਲ, ਦੁਸ਼ਮਣ ਨੂੰ ਮਿੱਠੀਆਂ ਮਿੱਠੀਆਂ ਗੱਲਾਂ ਕਰ ਕੇ ਆਪਣੇ ਵੱਲ ਮਿਲਾਉਣ ਦਾ ਢੰਗ

सामग–ਸਾਮੂਗ. ਪੁ., ਸਾਮਵੇਦੀ ਬ੍ਰਾਹਸਣ, ਵਿਸ਼ਨੂੰ

सामग्री–ਸਾਮਗ੍ਰੀ, ਇ., ਪੂਜਾ ਆਦਿਕ ਵਿਚ ਲੋੜੀਂਦੀਆਂ ਚੀਜ਼ਾਂ, ਅਸਬਾਬ, ਚੀਜ਼ ਬਸਤ

सामग्र्य–ਸਾਮਗ੍ਰਜ, ਪੁ., ਹਥਿਆਰ. ਸ਼ਸਤਰ, ਭੰਡਾਰ

सामञ्जस्य-ਸਾਮੰਜਸਜ, ਪੁ., ਅਨਕੂਲਤਾ, ਸਹਾਇਤਾ, ਜੋ ਹਾਨੀ ਕਾਰਕ ਨਾ ਹੋਵੇ

सामना–ਸਾਮਨਾ, ਪੁ., ਭੇਟ, ਮੁਲਾਕਾਤ, ਮੇਲ, ਕਿਸੇ ਚੀਜ਼ ਦਾ ਅਗਲਾ ਹਿੱਸਾ,ਟਾਕਰਾ, ਮੁਕਾਬਲਾ

सामनी–ਸਾਮਨੀ. ਪੁ., ਡੰਗਰਾਂ ਦੇ ਬੰਨ੍ਹਣ ਦੀ ਰੱਸੀ

सामने–ਸਾਮਨੇ, ਕ੍ਰਿ. ਵਿ., ਸਾਹਮਣੇ, ਅੱਗੇ, ਮੂਹਰੇ, ਪਰਤੱਖ, ਸਿੱਧੇ, ਮੁਕਾਬਲੇ ਵਿਚ

सामन्त–ਸਾਮੰਤ. ਪੁ., ਕਿਸੇ ਰਾਜ ਦਾ ਵੱਡਾ ਸਰਦਾਰ. ਸ੍ਰੇਸ਼ਟ ਰਾਜਾ. ਬਹਾਦਰ, ਜੋਧਾ, ਨਜ਼ੀਕਪਣ. ਨੇੜ

सामन्तसारङ्ग-ਸਾਮੰਤਸਾਰੰਗ, ਪੁ., ਇਕ ਕਿਸਮ ਦਾ ਰਾਗ

सामन्ती–ਸਾਮੰਤੀ ਇ., ਇਕ ਤਰ੍ਹਾਂ ਦੀ ਰਾਗਣੀ

सामयिक–ਸਾਮਜਿਕ, ਵਿ., ਸਮੇ ਦੇ ਅਨੁਸਾਰ, ਇਸ ਵਕਤ ਦਾ, ਮੌਕੇ ਸਿਰ

सामरिकपोत–ਸਾਮਰਿਕਪੋਤ, ਪੁ.; ਜੰਗੀਬੇੜਾ

सामर्थी–ਸਾਮਰਥੀ, ਵਿ., ਤਾਕਤ ਰੱਖਣ ਵਾਲਾ, ਬਲਵਾਨ, ਤਾਕਤਵਰ. ਤਕੜਾ, ਜੋਧਾ, ਸਮਰਥਾ ਵਾਲਾ

सामर्थ्य–ਸਾਮਰਥਜ, ਪੁ., ਸ਼ਕਤੀ. ਬਲ, ਤਾਕਤ, ਲਿਆਕਤ, ਜੋਗਤਾ, ਸਮਰਥਾ, ਪਹੁੰਚ

सामवाद–ਸਾਮਵਾਦ, ਪੁ., ਪਿਆਰਾ ਵਚਨ, ਮਿੱਠੀ ਬੋਲੀ

सामवायिक-ਸਾਮਵਾਜਿਕ, ਪੁ., ਮੰਤਰੀ, ਵਜ਼ੀਰ, ਦੀਵਾਨ, ਵਿ., ਜਿਸ ਵਿਚ ਨਿੱਤ ਸਬੰਧ ਹੋਵੇ

सामवेद-ਸਾਮਵੇਦ, ਪੁ., ਚਹੁੰ ਵੇਦਾਂ ਵਿਚੋਂ ਇਕ ਵੇਦ, ਤੀਸਰਾ, ਵੇਦ ਇਸ ਦੇ ਮੰਤਰ ਗਾਏ ਜਾਂਦੇ ਹਨ

सामवेदिक–ਸਾਮਵੇਦਿਕ, ਪੁ., ਸਾਮਵੇਦੀ ਬ੍ਰਾਹਮਣ

सामशाली–ਸਾਮਸਾਲੀ, ਪੁ., ਰਾਜਨੀਤੀ ਦੇ ਜਾਨਣ ਵਾਲਾ ਸਿਆਸਤ ਦਾਨ

सामहि–ਸਾਮਹਿ, ਅਵਜ., ਸਾਹਮਣੇ. ਅੱਖਾਂ ਮੂਹਰੇ, ਸਨਮੁਖ

सामाँ–ਸਾਮਾਂ, ਪੁ., ਦੇਖੋ ਸ਼ਜਾਮਾ, (श्यामा) ਕੰਗਣੀ ਨਾਉਂ ਦਾ ਅੰਨ

सामाजिक–ਸਾਮਾਜਿਕ, ਵਿ., ਸਮਾਜ ਨਾਲ ਸਬੰਧ ਰੱਖਣ ਵਾਲਾ, ਸਮਾਜ ਸਬੰਧੀ.

सामाजिक तन्त्र–ਸਾਮਾਜਿਕ ਤੰਤ੍ਰ, ਪੁ., ਸਮਾਜ ਸਬੰਧੀ ਨਿਜਮ

सामाजिकता–ਸਾਮਾਜਿਕਤਾ, ਇ., ਸਮਾਜ ਦਾ ਧਰਮ ਜਾਂ ਭਾਵ

सामाधान–ਸਾਮਾਧਾਨ, ਪੁ., ਟਿਕਾਉ, ਸ਼ਾਂਤੀ. ਅਮਨ

सामान ਸਾਮਾਨ, ਪੁ., ਸਮੱਗ੍ਰੀ, ਚੀਜ਼ ਵਸਤੰ, ਮਾਲ ਅਸਬਾਬ, ਪਰਬੰਧ, ਸੰਦ, ਬੰਦੋ ਬਸਤ,

सामान्य–ਸਾਮਾਨਜ; ਪੁ., ਬਰਾਬਰੀ, ਮਮੂਲੀ ਕੰਮ, ਇਕ ਅਲੰਕਾਰ ਜਿਸ ਵਿਚ ਕਿਸੇ ਤਰ੍ਹਾਂ ਦੀ ਵਿਸ਼ੇਸ਼ਤਾ ਨਾ ਹੋਏ. ਸਧਾਰਣ

सामान्यतः–ਸਾਮਾਨਜਤ:, ਅਵਜ਼., ਸਧਾਰਣ ਤੌਰ ਤੇ ਸੁਤੇ, ਸੁਭਾਉ

सामान्यभविष्यत–ਸਾਮਾਨਜਭਵਿਸ਼ਜਤ. ਪੁ., ਵਿਆਕਰਣ ਵਿਚ ਭਵਿਖਤ ਕਿਰਿਆ ਦਾ ਇਕ ਕਾਲ

तसामान्यभूत–ਸਾਮਾਨਜਭਤ ਪੁ., ਭੂਤ ਕਾਲ ਦਾ ਇਕ ਭੇਦ

सामान्यवचन– ਪੁ., ਸਾਮਾਨਜਵਚਨ, ਪੁ., ਸਾਧਾਰਣ ਵਾਕ

सामान्यवर्तमान–ਸਾਮਾਨਜਵਰਤਮਾਨ, ਪੁ., ਵਰਤਮਾਨ ਕਿਰਿਆ ਦਾ ਇਕ ਭੇਦ

सामान्यविधि–ਸਾਮਾਨਜਵਿਧਿ ਇ., ਸਧਾਰਣ ਹੁਕਮ

सामान्या–ਸਾਨਾਜਾ. ਇ, ਸਧਾਤਣ ਨਾਇਕਾ, ਵੇਸਵਾ

सामासिक–ਸਾਮਾਸਿਕ, ਵਿ., ਸਮਾਸ ਸਬੰਧੀ

सामि ਸਾਮਿ. ਇ, ਨਿੰਦਿਆ, ਸ਼ਿਕਾਇਤ

सामिष–ਸਾਮਿਸ਼, ਵਿ. ਮੱਛੀ ਮਾਸ ਆਦਿਕ ਦੇ ਨਾਲ

सामी–ਸਾਮੀ, ਪੁ., ਦੇਖੋ ਸ੍ਵਾਮੀ (स्वामी)

सामीची–ਸਾਮੀਚੀ, ਇ. ਉਸਤੁਤ. ਬੇਨਤੀ

सामीप्य–ਸਮੀਪਜ, ਪੂ,. ਨੇੜੇ ਹੋਣ ਦਾ ਭਾਵ, ਨਜ਼ੀਕ ਪੁਣਾ

सामीर–ਸਾਮੀਰ, ਪੁ., ਹਵਾ

सामुझि–ਸਾਮੁਝਿ, ਇ., ਦੇਖੋ, ਸਮਝ (समझ)

सामुद्र-ਸਾਮੁੰਦ੍ਰ, ਪੁ., ਸਮੁੰਦਰ ਵਿਚੋਂ ਕੱਢਿਆ ਹੋਇਆ ਲੂਣ, ਸਮੁੰਦਰ ਝੱਗ. ਸਰੀਰ ਦੇ ਨਿਸ਼ਾਨ, ਵਿ., ਸਮੁੰਦਰ ਦਾ

सामुद्रिक–ਸਾਮੁੰਦ੍ਰਿਕ, ਵਿ., ਸਮੁੰਦਰ ਦਾ, ਪੁ., ਜੋਤਸ਼ ਦਾ ਇਕ ਹਿੱਸਾ ਜਿਸ ਵਿਚ ਹੱਥ ਪੈਰਾਂ ਆਦਿ ਦੀ ਲਕੀਰਾਂ ਦੇਧ ਕੇ ਫਲ ਦੱਸਿਆ ਜਾਂਦਾ ਹੈ

सामुहां–ਸਾਮੁਹਾ, ਪੁ., ਅੱਗੇ ਦਾ ਹਿੱਸਾ

सामुहें-ਸਾਮੁਹੇਂ, ਕ੍ਰਿ. ਵਿ., ਸਾਹਮਣੇ, ਸੌਹੇਂ, ਸਨਮੁਖ

सामूहिक-ਸਾਮੂਹਿਕ, ਵਿ., ਸਮੂਹ ਸਬੰਧੀ, ਸਭਨਾਂ ਸਬੰਧੀ

सामोद-ਸਮੋਦ, ਵਿ., ਖੁਸ਼ੀ ਨਾਲ

सामोद्भव-ਸਾਮੋਦਭਵ, ਪੁ., ਹਾਥੀ

साम्प्रत-ਸਾਮਪ੍ਰਤ, ਅਵਜ., ਇਸੇ ਵੇਲੇ, ਹੁਣੇ ਹੀ

साम्प्रतिक-ਸਾਮਪ੍ਰਤਿਕ, ਵਿ., ਇਸ ਵੇਲੇ ਦਾ

साम्प्रदायिक-ਸਾਮਪ੍ਰਦਾਜਿਕ, ਵਿ., ਸੰਪਰਦਾਇ ਸਬੰਧੀ, ਫਿਰਕੇ ਦਾ

साम्ब-ਸਾਂਬ, ਪੁ., ਸ੍ਰੀ ਕ੍ਰਿਸ਼ਨ ਜੀ ਦੇ ਇਕ ਪੱਤਰ ਦਾ ਨਾਉਂ

साम्बरी-ਸਾਂਬਰੀ, ਇ., ਮਾਇਆ, ਜਾਦੂਗਰੀ

साम्य, साम्यता-ਸਾਮਜ, ਸਾਮਜਤਾ, ਪੁ., ਇ., ਸਮਤਾ, ਬਰਾਬਰੀ

साम्यवाद-ਸਾਮਜਵਾਦ, ਪੁ., ਇਕ ਪੁਰਾਣਾ ਸਮਾਜਕ ਅਸੂਲ ਜਿਸ ਦੇ ਪਰਚਾਰ ਕਰਨ ਵਾਲੇ ਇਹ ਚਾਹੁੰਦੇ ਹਨ ਕਿ ਸਾਰੇ ਮਨੁੱਖਾਂ ਕੋਲ ਬਰਾਬਰ ਧਨ ਹੋਵੇ, ਅਮੀਰ ਗਰੀਬ ਦਾ ਕੋਈ ਫਰਕ ਨਾ ਰਹੇ, ਕਮਜੂਨਿਜ਼ਮ

साम्यावस्था-ਸਾਮਜਾਵਸਥਾ, ਇ., ਸਮਾਨ ਹਾਲਤ, ਉਹ ਹਾਲਤ ਜਿਸ ਵਿਚ ਸਤ੍ਵ ਰਜ ਅਤੇ ਤਮ ਗੁਣ ਬਰਾਬਰ ਹੋਣ

साम्राज्य-ਸਾਮ੍ਰਾਜਜ, ਪੁ., ਚਕ੍ਰਵਰਤੀ ਰਾਜ

साम्राज्यवाद-ਸਾਮ੍ਰਾਜਜਵਾਦ, ਪੁ., ਚਕ੍ਰਵਰਤੀ ਰਾਜ ਦੇ ਦਿਨੋ ਦਿਨ ਵਧਾਉਣ ਦਾ ਅਸੂਲ, ਸ਼ਹਿਨਸਾਹੀਅਤ

सायं, सायङ्काल-ਸਾਯੰ, ਸਾਯੰਕਾਲ, ਪੁ., ਦਿਨ ਦਾ ਅਖੀਰੀ ਹਿੱਸਾ, ਤ੍ਰਿਕਾਲਾਂ, ਸ਼ਾਮ, ਸੰਝ

सायङ्कालीन-ਸਾਯੰਕਾਲੀਨ, ਵਿ., ਸੰਝ ਦਾ, ਤ੍ਰਿਕਾਲਾਂ ਵੇਲੇ ਦਾ

सायंगृह-ਸਾਯੰਗ੍ਰਿਹ, ਪੁ., ਉਹ ਜੋ ਸੰਝ ਨੂੰ ਜਿਥੇ ਪਹੁੰਚੇ ਉਥੇ ਆਪਣਾ ਘਰ ਬਣਾ ਲੈਂਦਾ ਹੋਵੇ

सायन्तन-ਸਾਯੰਤਨ, ਵਿ., ਤ੍ਰਿਕਾਲਾਂ ਵੇਲੇ ਦਾ

सायंस-ਸਾਯੰਸ, ਇ., ਵਿਗਿਆਨ ਸ਼ਾਸਤਰ

सायंसन्ध्या-ਸਾਯੰਸੰਧਜਾ, ਇ., ਉਹ ਉਪਾਸ਼ਨਾ ਜੋ ਤ੍ਰਿਕਾਲਾਂ ਵੇਲੇ ਹੁੰਦੀ ਹੈ

सायक-ਸਾਯਕ, ਪੁ., ਤੀਰ, ਤਲਵਾਰ, ਇਕ ਛੰਦ ਦਾ ਨਾਉਂ

सायण-ਸਾਯਣ, ਪੁ., ਰਿਗਵੇਦ ਦੇ ਇਕ ਮਸ਼ਹੂਰ ਭਾਸ਼ਕਾਰ

सायत-ਸਾਯਤ, ਇ., ਇਕ ਘੰਟੇ ਜਾਂ ਢਾਈ ਘੜੀ ਦਾ ਸਮਾਂ

सायब-ਸਾਯਬ, ਪੁ., ਮਾਲਕ, ਸਵਾਮੀ

सायबान-ਸਾਯਬਾਨ, ਪੁ., ਉਹ ਕਪੜਾ ਜਾਂ ਛੱਪਰ ਜੋ ਧੁਪ ਜਾਂ ਵਰਖਾਂ ਦੇ ਬਚਾਉ ਲਈ ਘਰ ਜਾਂ ਤੰਬੂ ਦੇ ਅੱਗੇ ਲਾ ਦਿੰਦੇ ਹਨ, ਚਾਨਣੀ, ਚੰਦੋਆ

सायम्-ਸਾਯਮ, ਅਵਜ., ਸੰਝ, ਤ੍ਰਿਕਾਲਾਂ

सायंप्रातर्-ਸਾਯੰਪ੍ਰਾਤਰ, ਅਵਜ., ਸੰਝ ਸਵੇਰੇ, ਆਥਣ ਸਵੇਰੇ, ਸੁਭਾ ਸ਼ਾਮ

सायर-ਸਾਯਰ, ਪੁ., ਸਮੁੰਦਰ, ਉਪਰਲਾ ਹਿੱਸਾ, ਉਹ ਧਰਤੀ ਜਿਸ ਦਾ ਵੱਟਤ ਟੈਕਸ ਨਹੀਂ ਦੇਣਾ ਪੈਂਦਾ, ਫੁਟਕਲ

सायल-ਸਾਯਲ, ਪੁ., ਸਵਾਲ ਕਰਨ ਵਾਲਾ, ਬੇਨਤੀ ਕਰਨ ਵਾਲਾ, ਉਮੀਦਵਾਰ, ਅਰਜ਼ੀ ਦੇਣ ਵਾਲਾ, ਇਕ ਕਿਸਮ ਦਾ ਧਾਨ

साया-ਸਾਯਾ, ਪੁ., ਛਾਂ, ਪਰਛਾਵਾਂ, ਬੈਠਕ ਦਾ ਪ੍ਰਭਾਉ, ਭੂਤ, ਪ੍ਰੇਤ, ਜਿੰਨ, ਪੁ., ਇਕ ਕਿਸਮ ਦਾ ਛੋਟਾ ਘੱਗਰਾ

सायाबन्दी-ਸਾਯਾਬੰਦੀ, ਇ., ਮੁਸਲਮਾਨਾਂ ਦੀ ਵਿਆਹ ਵੇਲੇ ਨਕਾਹ ਪੜ੍ਹਾਉਣ ਵਾਲੀ ਥਾਂ ਨੂੰ ਸਜਾਉਣ ਦੀ ਕਿਰਿਆ

सायास-ਸਾਯਾਸ, ਵਿ., ਤਕਲੀਫ ਨਾਲ, ਦੁਖੀ ਹੋ ਕੇ

सायुज्य-ਸਾਯੁਜਜ, ਪੁ., ਇਕਸਾਰਤਾ, ਸਮਾਨਤਾ, ਅਭੇਦ, ਪੰਜ ਤਰ੍ਹਾਂ ਦੀ ਮੁਕਤੀਆਂ ਵਿਚੋਂ ਇਕ

सारंगिया-ਸਾਰੰਗਿਯਾ, ਵਿ., ਸਾਰੰਗੀ ਬਜਾਉਣ ਵਾਲਾ

सारंगी-ਸਾਰੰਗੀ, ਇ., ਇਕ ਕਿਸਮ ਦਾ ਸਾਜ

सार-ਸਾਰ, ਪੁ., ਪਾਣੀ, ਧਨ ਦੌਲਤ, ਮੱਖਣ, ਅੰਮ੍ਰਿਤ, ਜੰਗਲ, ਨਿਚੋੜ, ਤੱਤ, ਬਲ, ਤਾਕਤ, ਮਤਲਬ, ਚਰਬੀ, ਹਵਾ, ਹੱਡੀ, ਕਪੂਰ, ਕਾੜ੍ਹਾ, ਤਲਵਾਰ, ਮੂੰਗ, ਅਨਾਰ ਦਾ ਰੁੱਖ, ਨਤੀਜਾ, ਫਲ, ਜੂਆ ਖੇਡਣ ਦਾ ਪਾਸਾ, ਮਿਲਾਈ, ਇਕ ਅਲੰਕਾਰ, ਸੁਆਦ, ਬਾੜਾ, ਵਿ., ਉਤਮ, ਮਜ਼ਬੂਤ, ਪੱਕਾ, ਪਾਲਣ ਪੋਸਣ, ਰੱਖਿਆ, ਪਲੰਗ, ਸਾਲਾ, ਵਹੁਟੀ ਦਾ ਭਰਾ

सारखा-ਸਾਰਖਾ, ਵਿ., ਸਮਾਨ, ਬਰਾਬਰ, ਉਜੇਹਾ

सारगन्ध-ਸਾਰਗੰਧ, ਪੁ., ਚੰਦਨ

सारङ्ग-ਸਾਰੰਗ, ਪੁ., ਹਿਰਨ, ਮਿਰਗ, ਪਪੀਹਾ, ਹਾਥੀ, ਕੋਇਲ, ਬਾਜ, ਛਾਤਾ, ਰਾਜਹੰਸ, ਸ਼ਿਵ, ਮਹਾਦੇਵ, ਤੀਰ, ਪਾਣੀ, ਸਮੁੰਦਰ, ਦੀਵਾ, ਲਵਾ ਨਾਉਂ ਦਾ ਪੰਛੀ, ਸੂਰਜ, ਭੌਰਾ, ਘੋੜਾ, ਰਾਤ, ਬੱਦਲ, ਜੋਤ, ਧਰਤੀ, ਫੁੱਲ, ਕਪੂਰ, ਚੰਦਨ, ਧਨੁਸ਼, ਡੱਡੂ ਸ਼ੰਖ, ਕੰਵਲ, ਚੰਦਰਮਾ, ਕਾਮਦੇਵ, ਬਰੀਕ ਕਪੜਾ, ਕੇਸ, ਮੋਰ ਬਿਜਲੀ, ਹਲ, ਕਾਂ, ਮੁੱਮੇ, ਅਕਾਸ, ਮਮੋਲਾ ਪੰਛੀ, ਧਰਤੀ, ਸੱਪ, ਦਿਨ, ਤਲਵਾਰ, ਮੋਤੀ, ਕਬੂਤਰ, ਇਕ ਕਿਸਮ ਦੀ ਸ਼ਹਿਦ ਦੀ ਮੱਖੀ, ਇਕ ਕਿਸਮ ਦਾ ਵਾਜਾ, ਇਕ ਛੰਦ, ਤੀਵੀਂ, ਵਿ., ਸੋਹਣਾ, ਰੰਗਿਆ ਹੋਇਆ, ਸੁੰਦਰ

सारङ्गचर-ਸਾਰੰਗਚਰ, ਪੁ., ਕੱਚ, ਸ਼ੀਸਾ

सारङ्गपाणि-ਸ਼ਾਰੰਗਪਾਣਿ, ਪੁ., ਵਿਸ਼ਨੂੰ

सारङ्गलोचना-ਸਾਰੰਗਲੋਚਨਾ, ਇ., ਮਿਰਗ ਵਰਗੀਆਂ ਅੱਖਾਂ ਵਾਲੀ ਤੀਵੀਂ

सारङ्गा-ਸਾਰੰਗਾ, ਇ., ਇਕ ਕਿਸਮ ਦੀ ਕਿਸ਼ਤੀ ਜੋ ਇਕ ਹੀ ਲੱਕੜ ਦੀ ਬਣੀ ਹੁੰਦੀ ਹੈ, ਇਕ ਰਾਗਣੀ

सारङ्गिक-ਸਾਰੰਗਿਕ, ਪੁ., ਸ਼ਿਕਾਰੀ, ਚਿੜੀਮਾਰ

सारङ्गी-ਸਾਰੰਗੀ, ਇ., ਇਕ ਸਾਜ

सारजंट-ਸਾਰਜੰਟ, ਪੁ., ਪੁਲੀਸ ਦੇ ਸਿਪਾਹੀਆਂ ਦਾ ਜਮਾਦਾਰ

सार्टिफिकेट-ਸਾਰਟੀਫਿਕੇਟ, ਪੁ., ਸੱਨਦ, ਪ੍ਰਮਾਣ ਪੱਤਰ

सारण-ਸਾਰਣ, ਪੁ., ਦਸਤਾਂ ਦੀ ਬੀਮਾਰੀ, ਔਲਾ

सारणिक-ਸਾਰਣਿਕ, ਪੁ., ਮੁਸਾਫ਼ਰ, ਰਾਹੀ

सारणी-ਸਾਰਣੀ, ਇ., ਲਿਸਟ, ਛੋਟੀ ਨਦੀ, ਸੂਚੀ

सारण्ड-ਸਾਰੰਡ, ਪੁ., ਸੱਪ ਦਾ ਅੰਡਾ

सारतरु-ਸਾਰਤਰੁ, ਪੁ., ਕੇਲੇ ਦਾ ਬੂਟਾ, ਖੈਰ ਦਾ ਰੁੱਖ

सारता-ਸਾਰਤਾ, ਇ., ਸਾਰ ਦਾ ਭਾਵ ਜਾਂ ਧਰਮ

सारथि-ਸਾਰਥਿ, ਪੁ., ਰਥ ਹੱਕਣ ਵਾਲਾ, ਸਮੁੰਦਰ, ਰਥਵਾਹੀ

सारद, सारदा-ਸਾਰਦ, ਸਾਰਦਾ, ਇ., ਸਰਸੁਤੀ

सारना-ਸਾਰਨਾ, ਕ੍ਰਿ., ਪੂਰਾ ਕਰਨਾ, ਬਣਾਉਣਾ, ਦੇਖ ਭਾਲ ਕਰਨੀ, ਸੰਭਾਲਣਾ, ਸਜਾਉਣਾ, ਅੱਖਾਂ ਵਿਚ ਸੁਰਮਾ ਆਦਿਕ ਪਾਉਣਾ

सारनाथ-ਸਾਰਨਾਥ, ਪੁ., ਬਨਾਰਸ ਤੋਂ ਚਾਰ ਮੀਲ ਪਰੇ ਇਕ ਸ਼ਿਵ ਜੀ ਦਾ ਮੰਦਰ ਅਤੇ ਵੱਡਾ ਭਾਰੀ ਬੁੱਧ ਮਤ ਦਾ ਇਕ ਨਿਸ਼ਾਨ ਜੋ ਬਨਾਰਸ ਤੋਂ ਅਠ ਮੀਲ ਦੇ ਕਰੀਬ ਹੈ

सारभाटा-ਸਾਰਭਾਟਾ, ਪੁ., ਸਮੁੰਦਰ ਦਾ ਉਹ ਹੜ੍ਹ ਜਿਸ ਵਿਚ ਪਾਣੀ ਪਹਿਲਾਂ ਵਧ ਕੇ ਸਮੁੰਦਰ ਦੇ ਕੰਢੇ ਤੋਂ ਪਰ੍ਹਾਂ ਚਲਿਆ ਜਾਂਦਾ ਹੈ ਅਤੇ ਕੁਝ ਚਿਰ ਮਗਰੋਂ ਮੁੜ ਆਉਂਦਾ ਹੈ, ਜੁਆਰ ਭਾਟਾ

सारभाण्ड-ਸਾਰਭਾਂਡ, ਪੁ., ਵਪਾਰ ਦੀ ਬਹੁਮੁੱਲੀ ਚੀਜ਼, ਖਜ਼ਾਨਾ

सारभूत-ਸਾਰਭੂਤ, ਇ., ਸਭ ਤੋਂ ਵਧੀਆ, ਸ੍ਰੇਸ਼ਟ

सारमेय-ਸਾਰਮੇਯ, ਪੁ., ਕੁੱਤਾ

सारवर्जित-ਸਾਰਵਰਜਿਤ, ਵਿ., ਜਿਸ ਵਿਚ ਕਿਸੇ ਤਰ੍ਹਾਂ ਦਾ ਤੱਤ ਨਾ ਹੋਵੇ

सारवस्तु-ਸਾਰਵਸ੍ਤੁ, ਪੁ., ਅਸਲੀ ਚੀਜ਼

सारवाला-ਸਾਰਵਾਲਾ, ਪੁ., ਇਕ ਕਿਸਮ ਦਾ ਘਾਹ

सारस-ਸਰਾਸ, ਪੁ., ਕੰਵਲ, ਝੀਲ ਦਾ ਪਾਣੀ, ਤੀਵੀਆਂ ਦੇ ਲੱਕ ਦਾ ਇਕ ਗਹਿਣਾ, ਚੰਦਰਮਾ, ਹੰਸ, ਇਕ ਮਸ਼ਹੂਰ ਪੰਖੇਰੂ, ਇਕ ਛੰਦ

सारसन-ਸਾਰਸਨ, ਪੁ., ਤਲਵਾਰ ਦੀ ਪੇਟੀ, ਕਮਰਬੰਦ

सारसा-ਸਾਰਸਾ, ਪੁ., ਖੂਨ ਸਾਫ਼ ਕਰਨ ਦਾ ਕਾੜ੍ਹਾ

सारसी-ਸਾਰਸੀ, ਇ., ਸਾਰਸ ਦੀ ਮਦੀਣ

सारसुता-ਸਾਰਸੁਤਾ, ਇ., ਜਮੁਨਾ ਨਦੀ

सारसैन्धव-ਸਾਰਸੈਂਧਵ, ਪੁ., ਸੇਂਧਾ ਲੂਣ

सारस्वत-ਸਾਰਸ੍ਵਤ, ਪੁ., ਦਿੱਲੀ ਦੇ ਉਤਰ ਪੱਛਮ੍ ਦਾ ਉਹ ਹਿੱਸਾ ਜੋ ਸਰਸੁਤੀ ਨਦੀ ਦੇ ਕੰਢੇ ਤੇ ਹੈ ਇਸ ਹਿੱਸੇ ਦੇ ਰਹਿਣ ਵਾਲੇ ਬ੍ਰਾਹਮਣ, ਇਕ ਮਸ਼ਹੂਰ ਵਿਆਕਰਣ

सारांश-ਸਾਰਾਂਸ਼, ਪੁ., ਸਾਰ, ਨਿਚੋੜ, ਸੰਖੇਪ, ਖੁਲਾਸਾ, ਮਤਲਬ, ਨਤੀਜਾ, ਬਾਕੀ

सारा-ਸਾਰਾ, ਇ., ਥੋਹਰ, ਕੇਲਾ, ਦੁੱਭ, ਪੁ., ਸਾਲਾ, ਵਿ., ਪੂਰਾ, ਸਬ, ਕੁਲ, ਸਮੁਚਾ

सारि-ਸਾਰਿ, ਪੁ., ਇ., ਪਾਸਾ ਜਾਂ ਚੋਪੜ ਖੇਡਣ ਵਾਲਾ, ਜੂਆ ਖੇਡਣ ਦਾ ਪਾਸਾ, ਗੋਟ

सारिक-ਸਾਰਿਕ, ਪੁ., ਮੈਨਾ ਪੰਛੀ

सारिखा-ਸਾਰਿਖਾ, ਵਿ., ਸਰੀਖਾ, ਜਿਹਾ, ਤੁੱਲ, ਸਮਾਨ, ਬਰਾਬਰ

सारिणी-ਸਾਰਿਣੀ, ਇ., ਸਹਿਦੇਵੀ ਨਾਉਂ ਦੀ ਬੂਟੀ

सारिष्ट-ਸਾਰਿਸ਼੍ਟ, ਵਿ., ਸਭ ਤੋਂ ਵਧੀਆ, ਸ੍ਰੇਸ਼ਟ

सारी-ਸਾਰੀ, ਇ., ਮੈਨਾ ਪੰਛੀ

सारु-ਸਾਰੁ, ਪੁ., ਦੇਖੋ ਸਾਰ (सार)

सारूप्य-ਸਾਰੂਪਯ, ਪੁ., ਇਕ ਕਿਸਮ ਦੀ ਮੁਕਤੀ, ਸਮਾਨ ਰੂਪ ਹੋਣ ਦਾ ਭਾਵ, ਇਕਰੂਪਤਾ

सारो-ਸਾਰੋ, ਪੁ., ਇਕ ਕਿਸਮ ਦਾ ਧਾਨ

सारोपा-ਸਾਰੋਪਾ, ਇ., ਸਾਹਿਤ ਵਿਚ ਲਕਸ਼ਣਾ ਦੀ ਇਕ ਕਿਸਮ

सार्थ-ਸਾਰਥ, ਪੁ., ਮਹਾਜਨਾਂ ਦਾ ਸਮੂਹ, ਝੁੰਡ, ਗਰੋਹ, ਵਿ., ਅਰਥਾਂ ਸਹਿਤ

सार्थक-ਸਾਰਥਕ, ਵਿ., ਮਾਹਨੇ ਰੱਖਣ ਵਾਲਾ, ਕ਼ਾਮਿਯਾਬ, ਉਪਕਾਰੀ, ਗੁਣਕਾਰੀ, ਅਰਥ ਭਰਪੂਰ

सार्थकता-ਸਾਰਥਕਤਾ, ਇ., ਸਫਲਤਾ, ਕਾਮਿਆਬੀ

सार्थवाह-ਸਾਰਥਵਾਹ, ਪੁ., ਬਾਣੀਆਂ, ਵਪਾਰੀ

सार्थिक-ਸਾਰਥਿਕ, ਵਿ., ਕਾਮਿਆਬ

सार्थी-ਸਾਰਥੀ, ਪੁ., ਰਖਵਾਹੀ

सार्द्र-ਸਾਰਦ੍ਰ, ਵਿ., ਗਿੱਲਾ, ਭਿਜਿਆ ਹੋਇਆ

सार्दूल-ਸਾਰਦੂਲ, ਪੁ., ਬਬਰ ਸ਼ੇਰ

सार्ध-ਸਾਰਧ, ਵਿ., ਜਿਸ ਵਿਚ ਪੂਰੇ ਤੋਂ ਬਿਨਾ ਅੱਧਾ ਵੀ ਮਿਲਿਆ ਹੋਵੇ, ਡੂਢਾ

सार्व-ਸਾਰਵ, ਵਿ., ਸਾਰਿਆਂ ਨਾਲ ਸਬੰਧ ਰਖਣ ਵਾਲਾ

सार्वकर्मिक-ਸਾਰਵਕਰਮਿਕ, ਵਿ., ਸਾਰੇ ਕੰਮ ਕਰਨ ਵਾਲਾ

सार्वजनिक-ਸਾਰਵਜਨਿਕ, ਵਿ., ਹਰ ਇਕ ਸਬੰਧੀ

सार्वजनीन-ਸਾਰਵਜਨੀਨ, ਵਿ., ਹਰ ਇਕ ਨਾਲ ਸਬੰਧ ਰੱਖਣ ਵਾਲਾ

सार्वजन्य-ਸਾਰਵਜਨਯ, ਵਿ., ਜਿਸ ਨਾਲ ਸਾਰੇ ਲੋਕਾਂ ਦੀ ਭਲਾਈ ਹੋਵੇ

सार्वत्रिक-ਸਾਰਵਤ੍ਰਿਕ, ਵਿ., ਹਰ ਥਾਂ ਤੇ ਹੋਣ ਵਾਲਾ

सार्वदेशिक-ਸਾਰਵਦੇਸ਼ਿਕ, ਵਿ., ਸਾਰੇ ਮੁਲਖਾਂ ਦਾ

सार्वभौम-ਸਾਰਵਭੌਮ, ਪੁ., ਸਾਰੀ ਧਰਤੀ ਦਾ ਰਾਜਾ, ਚੱਕ੍ਰਵਰਤੀ ਰਾਜਾ

सार्वविद्य-ਸਾਰਵਵਿਦਯ, ਵਿ., ਸਾਰੀਆਂ ਵਿਦਿਆਵਾਂ ਦੇ ਜਾਨਣ ਵਾਲਾ

साल-ਸਾਲ, ਪੁ., ਇਕ ਕਿਸਮ ਦੀ ਮੱਛੀ, ਨਗਰ ਦੇ ਚਹੁੰਆਂ ਪਾਸੇ ਦੀ ਕੰਧ, ਰਾਲ, ਧੁਣਾ, ਦੀਵਾਰ, ਕੰਧ, ਕਿਲਾ, ਪੁ., ਛੇਕ, ਮੋਰੀ, ਸੱਲ, ਦੁਖ, ਤਕਲੀਫ਼, ਵਰ੍ਹਾ, ਬਰਸ

सालक-ਸਾਲਕ, ਵਿ., ਦੁਖ ਦੇਣ ਵਾਲਾ

सालगिरह-ਸਾਲਗਿਰਹ, ਇ., ਵਰ੍ਹੇ ਗੰਢ, ਜਨਮ ਦਿਨ

सालग्राम-ਸਾਲਗ੍ਰਾਮ, ਪੁ., ਦੇਖੋ ਸ਼ਾਲਗ੍ਰਾਮ (शालग्राम)

सालग्रामी-ਸਾਲਲ੍ਰਾਮੀ, ਇ., ਗੰਡਕੀ ਨਦੀ

सालङ्क–ਸਾਲਕ, ਪੁ., ਸੰਗੀਤ ਦੇ ਤਿੰਨ ਕਿਸਮ ਦੇ ਰਾਗਾਂ ਵਿਚੋਂ ਇਕ ਰਾਗ

सालन–ਸਾਲਨ, ਪੁ., ਮਾਸ ਮੱਛੀ ਜਾਂ ਸਾਗ ਭਾਜੀ ਦੀ ਮਸਾਲੇਦਾਰ ਤਰਕਾਰੀ

सालना–ਸਾਲਨਾ, ਕ੍ਰਿ., ਚੁਭਾਉਣਾ, ਦੁਖ ਦੇਣਾ, ਛੇਕ ਵਿਚ ਬਿਠਾਉਣਾ

सालनिर्यास–ਸਾਲਨਿਰਯਾਸ, ਪੁ., ਰਾਲ, ਧੂਣਾ

सालभाञ्जिका–ਸਾਲਭਾਂਜਿਕਾ, ਇ., ਗੁੱਡੀ, ਪੁਤਲੀ

सालममिश्री–ਸਾਲਮਮਿਸ਼੍ਰੀ, ਇ., ਤਾਕਤ ਦੀ ਇਕ ਬੂਟੀ

सालरस–ਸਾਲਰਸ, ਪੁ., ਰਾਲ, ਧੁਣਾ

सालस–ਸਾਲਸ. ਵਿ., ਦੋ ਪਾਸੇ ਦਾ ਝਗੜਾ ਨਿਬਟਾਉਣ ਵਾਲਾ

सालसा–ਸਾਲਸਾ, ਪੁ., ਖੂਨ ਸਾਫ਼ ਕਰਨ ਦਾ ਇਕ ਕਿਸਮ ਦਾ ਕਾੜ੍ਹਾ

सालसी–ਸਾਲਸੀ, ਇ., ਪੰਚਾਇਤ, ਦੂਜਿਆਂ ਦਾ ਝਗੜਾ ਨਿਬਟਾਉਣ ਦਾ ਭਾਵ

साला–ਸਾਲਾ, ਪੁ., ਵਹੁਟੀ ਦਾ ਭਰਾ, ਇਕ ਗਾਲ, ਮੈਨਾ, ਇ., ਘਰ, ਮਕਾਨ

सालाना–ਸਾਲਾਨਾ, ਵਿ., ਹਰ ਸਾਲ ਦਾ, ਵਰ੍ਹੇ ਦਾ

सालिम–ਸਾਲਿਮ, ਪੁ., ਜੋ ਕਿਤੋਂ ਵੀ ਟੁੱਟਿਆ ਨਾ ਹੋਵੇ, ਪੂਰਾ

साली–ਸਾਲੀ, ਇ., ਵਹੁਟੀ ਦੀ ਭੈਣ

सालु–ਸਾਲੁ, ਪੁ., ਈਰਖਾ, ਡਾਹ, ਤਕਲੀਫ਼

सालू–ਸਾਲੂ, ਪੁ., ਇਕ ਤਰ੍ਹਾਂ ਦੀ ਲਾਲ ਰੰਗ ਦੀ ਸਾੜ੍ਹੀ ਜੋ ਵਿਆਹ ਆਦਿਕ ਵਿਚ ਪਹਿਨੀ ਜਾਂਦੀ ਹੈ

सालेय–ਸਾਲੇਯ, ਪੁ., ਸੌਂਫ

सालोक्य–ਸਾਲੋਕਯ, ਪੁ.. ਇਕ ਲੋਕ ਦਾ ਵਾਸਾ, ਪੰਜ ਕਿਸਮ ਦੀਆਂ ਮੁਕਤੀਆਂ ਵਿਚੋਂ ਇਕ

सावँक्करण–ਸਾਵੰਕਰਣ, ਪੁ.. ਇਕ ਤਰ੍ਹਾਂ ਦਾ ਘੋੜਾ

सावंत–ਸਾਵੰਤ, ਪੁ., ਦੇਖੋ ਸਾਮੰਤ (सामन्त) ਜੋਧਾ, ਬਹਾਦਰ

साव–ਸਾਵ, ਪੁ., ਸੱਜਣ, ਧਨੀ, ਸ਼ਾਹੂਕਾਰ, ਬਾਲ, ਪੁੱਤਰ

सावक–ਸਾਵਕ, ਪੁ., ਬੱਚਾ, ਛੋਟਾ ਮੁੰਡਾ, ਨਿਆਣਾ, ਨਿੱਕਾ

सावकाश–ਸਾਵਕਾਸ਼, ਪੁ., ਛੁੱਟੀ, ਫ਼ੁਰਸਤ, ਮੌਕਾ, ਕ੍ਰਿ. ਵਿ., ਸੌਖੇ ਹੀ, ਆਸਾਨੀ ਨਾਲ

सावचेत–ਸਾਵਚੇਤ, ਵਿ., ਹੁਸ਼ਿਆਰ, ਸੁਚੇਤ, ਸਾਵਧਾਨ

सावचेती–ਸਾਵਚੇਤੀ, ਇ., ਹੁਸ਼ਿਆਰੀ. ਚਤਰਾਈ

सावज–ਸਾਵਜ, ਪੁ., ਇਕ ਕਿਸਮ ਦਾ ਜੰਗਲੀ ਪਸ਼ੂ ਜਿਸ ਦਾ ਸ਼ਿਕਾਰ ਕਰਦੇ ਹਨ

सावत–ਸਾਵਤ, ਪੁ., ਸੌਕਣਾਂ ਦਾ ਆਪਸ ਵਿਚ ਵੈਰ, ਡਾਹ, ਈਰਖਾ

सावधान–ਸਾਵਧਾਨ, ਵਿ., ਹੁਸ਼ਿਆਰ, ਖਬਰਦਾਰ, ਚੌਕਸ

सावधानता, सावधानी–ਸਾਵਧਾਨਤਾ, ਸਾਵਧਾਨੀ, ਇ., ਹੁਸ਼ਿਆਰੀ, ਖਬਰਦਾਰੀ, ਚੌਕਸੀ

सावधि–ਸਾਵਧਿ, ਵਿ., ਜਿਸ ਦਾ ਸਮਾ ਨਿਸ਼ਚਿਤ ਹੋਵੇ

सावन–ਸਾਵਨ, ਪੁ., ਸੌਣ ਦਾ ਮਹੀਨਾ, ਸੌਣ ਦੇ ਮਹੀਨੇ ਗਾਇਆ ਜਾਣ ਵਾਲਾ ਗੀਤ

सावनी–ਸਾਵਨੀ, ਇ., ਦੇਖੋ ਸ਼੍ਰਾਵਣੀ (श्रावणी) ਵਿ., ਸੌਣ ਮਹੀਨੇ ਦਾ

सावयव–ਸਾਵਯਵ, ਵਿ., ਅੰਗ ਰੱਖਣ ਵਾਲਾ, ਅੰਗੀ, ਅੰਗਸਹਿਤ

सावर–ਸਾਵਰ, ਪੁ., ਲੋਭ, ਪਾਪ, ਅਪਰਾਧ, ਸ਼ਿਵਰਚਿਤ, ਇਕ ਤੰਤਰ ਦਾ ਨਾਉਂ, ਇਕ ਕਿਸਮ ਦਾ ਲੋਹੇ ਦਾ ਲੰਮਾ ਸੰਦ, ਇਕ ਕਿਸਮ ਦਾ ਹਿਰਨ

सावर्णि–ਸਾਵਰਣਿ, ਪੁ., ਅੱਠਵੇਂ ਮਨੂ ਜੋ ਸੂਰਜ ਦੇ ਪੁੱਤਰ ਸਨ

सावशेष–ਸਾਵਸ਼ੇਸ਼, ਵਿ., ਬਚੇ ਹੋਏ ਸਮੇਤ

सावष्टम्भ–ਸਾਵਸ਼ਟੰਭ, ਪੁ., ਉਹ ਮਕਾਨ ਜਿਸ ਦੇ ਉਤਰ ਅਤੇ ਦੱਖਣ ਵੱਲ ਸੜਕ ਹੋਵੇ, ਵਿ., ਪੱਕਾ, ਮਜ਼ਬੂਤ, ਕਿਸੇ ਦਾ ਆਸਰਾ ਨਾ ਲੈਣ ਵਾਲਾ

सावित्र–ਸਾਵਿਤ੍ਰ, ਪੁ., ਸੂਰਜ, ਗਰਭ, ਬ੍ਰਾਹਮਣ, ਸ਼ੰਕਰ, ਇਕ ਤਰ੍ਹਾਂ ਦਾ ਹਥਿਆਰ, ਵਿ., ਸੂਰਜਵੰਸ਼ ਦਾ

सावित्री–ਸਾਵਿਤ੍ਰੀ, ਇ., ਵੇਦ ਮਾਤਾ, ਗਾਯਤ੍ਰੀ, ਸੁਹਾਗਣ ਤੀਵੀਂ, ਜਮੁਨਾ ਨਦੀ, ਬ੍ਰਹਮਾ ਦੀ ਵਹੁਟੀ, ਰਾਜਾ ਅਸ਼੍ਵਪਤੀ ਦੀ ਧੀ ਜੋ ਸੱਤਵਾਨ ਨੂੰ ਵਿਆਹੀ ਸੀ, ਜਨੇਊ ਪਾਉਣ ਦਾ ਸੰਸਕਾਰ

सावित्रीसूत्र–ਸਾਵਿਤ੍ਰੀਸੂਤ੍ਰ, ਪੁ., ਜਨੇਊ

साष्टाङ्ग–ਸਾਸ਼੍ਟਾਂਗ, ਵਿ., ਅੱਠੋਂ ਅੰਗਾਂ ਨਾਲ

साष्टाङ्गयोग–ਸਾਸ਼੍ਟਾਂਗਜੋਗ, ਪੁ., ਉਹ ਜੋਗ ਜਿਸ ਵਿਚ ਜਮ ਨਿਜਮ ਆਸਨ ਪ੍ਰਾਣਾਯਾਮ ਪ੍ਰਤਯਾਹਾਰ ਧਾਰਣ ਧਿਆਨ ਅਤੇ ਸਮਾਧਿ ਇਹ ਅੱਠ ਅੰਗ ਹਨ

साष्टाङ्गप्रणाम–ਸਾਸ਼੍ਟਾਂਗਪ੍ਰਣਾਮ, ਪੁ., ਮੱਥਾ ਹੱਥ ਪੈਰ ਅੱਖ ਦਿਲ ਪੱਟ ਵਚਨ ਅਤੇ ਮਨ ਨਾਲ ਧਰਤੀ ਤੇ ਮੂਧਾ ਪੈ ਕੇ ਮੱਥਾ ਟੇਕਣ ਦਾ ਢੰਗ

सास–ਸਾਸ, ਇ., ਪਤੀ ਜਾਂ ਵਹੁਟੀ ਦੀ ਮਾਂ

सासण–ਸਾਸਣ, ਪੁ., ਦੇਖੋ ਸ਼ਾਸਨ (शासन)

सासरा–ਸਾਸਰਾ, ਪੁ., ਦੇਖੋ ਸਸੁਰਾਲ (ससुराल)

सासा–ਸਾਸਾ, ਪੁ., ਸਾਹ, ਸਾਂਸ. ਸ਼ੱਕ, ਸੰਦੇਹ

सासुर–ਸਾਸੁਰ, ਪੁ., ਸੌਹਰੇ, ਸੁਸਰਾਲ

साह–ਸਾਹ, ਪੁ., ਸਾਧ. ਸੱਜਣ, ਭਲਾ ਆਦਮੀ, ਸਾਹੂਕਾਰ, ਅਮੀਰ, ਸੇਠ, ਮਹਾਜਨ, ਲੱਕੜ ਜਾਂ ਪੱਥਰ ਦਾ ਲੰਮਾ ਟੁਕੜਾ ਜੋ ਦਰਵਾਜ਼ੇ ਜਾਂ ਚੌਖਟੇ ਵਿਚ ਦੁਹਾਂ ਪਾਸੇ ਲੱਗਿਆ ਰਹਿੰਦਾ ਹੈ

साहचर्य–ਸਾਹਚਰਯ, ਪੁ., ਦੋਸਤੀ, ਮਿਤਰਤਾ, ਸੰਗ, ਸਾਥ. ਮੇਲ

साहनी–ਸਾਹਨੀ, ਇ., ਸੈਨਾ, ਫ਼ੌਜ, ਸਾਥ, ਸਾਥੀ, ਮੇਲੀ, ਸੰਗੀ

साहब–ਸਾਹਬ, ਪੁ., ਮਾਲਕ, ਪਰਮੇਸ਼ਰ, ਰੱਬ, ਮਿੱਤਰ, ਸਾਥੀ, ਇਕ ਮਾਣ ਪਰਗਟ ਕਰਨ ਵਾਲਾ ਸ਼ਬਦ

साहबजादा–ਸਾਹਬਜ਼ਾਦਾ, ਪੁ.. ਭਲੇ ਆਦਮੀ ਦਾ ਮੁੰਡਾ

साहबसलामत–ਸਾਹਬਸਲਾਮਤ, ਇ., ਸਲਾਮ, ਫਤੇਂਹ ਬੁਲਾਉਣ ਦਾ ਭਾਵ, ਨਮਸਤੇ

साहबी–ਸਾਹਬੀ, ਇ., ਹਕੂਮਤ, ਵਡੱਪਣ

साहस–ਸਾਹਸ, ਪੁ., ਹੌਸਲਾ, ਹਿੰਮਤ, ਤਾਕਤ ਨਾਲ ਕੰਮ ਕਰਨ ਦੀ ਕਿਰਿਆ, ਈਰਖਾ, ਪਾਪ, ਡੰਡ. ਜੁਰਮਾਨਾ, ਕੋਈ ਭੈੜਾ ਕੰਮ

साहसिक–ਸਾਹਸਿਕ, ਵਿ., ਹਿੰਮਤ ਕਰਨ ਵਾਲਾ, ਝੂਠ ਬੋਲਣ ਵਾਲਾ, ਚੋਰ, ਠੱਗ, ਰੁੱਖਾ ਬੋਲਣ ਵਾਲਾ, ਬੇਖੌਫ਼, ਹਠੀ, ਲੁੱਚਾ, ਬਦਮਾਸ਼

साहसिकता–ਸਾਹਸਿਕਤਾ, ਇ., ਬੇਖੌਫ਼ੀ, ਡਰ ਦਾ ਅਭਾਵ

साहसी–ਸਾਹਸੀ, ਵਿ., ਹਿੰਮਤੀ, ਹੌਸਲੇ ਵਾਲਾ, ਦਲੇਰ

साहा–ਸਾਹਾ, ਪੁ., ਵਿਆਹ ਆਦਿ ਲਈ ਚੰਗਾ ਲਗਨ, ਸਾਧ, ਰਾਜਾ

साहाय्य–ਸਾਹਾਜਯ. ਪੁ., ਸਹਾਇਤਾ, ਮਦਦ

साहि–ਸਾਹਿ, ਪੁ., ਬਾਦਸ਼ਾਹ, ਰਾਜਾ

साहित्य–ਸਾਹਿਤਜ, ਪੁ., ਸਾਥ ਹੋਣ ਦਾ ਭਾਵ, ਮੇਲ, ਇਕੱਠ, ਉਹ ਕਾਵੱ ਸ਼ਾਸਤਰ ਜਿਸ ਵਿਚ ਰਸ ਅਲੰਕਾਰ ਛੰਦ ਆਦਿ ਸਾਰੇ ਅੰਗ ਇਕੱਠੇ ਕੀਤੇ ਜਾਣ, ਕਿਸੇ ਵੀ ਵਿਦਜਾ ਦੇ ਸਰਵ ਅੰਗਾਂ ਦਾ ਜਿਸ ਵਿਚ ਇਕੱਠ ਹੋਵੇ

साहित्यिक–ਸਾਹਿਤਿਜਕ, ਵਿ., ਸਾਹਿਤ ਸਬੰਧੀ, ਪੁ., ਸਾਹਿਤ ਨੂੰ ਜਾਣਨ ਵਾਲਾ

साहियाँ–ਸਾਹਿਯਾਂ, ਪੁ., ਦੇਖੋ ਸਾਈਂ (साईं)

साहिली–ਸਾਹਿਲੀ, ਇ., ਇਕ ਕਿਸਮ ਦੀ ਬੁਲਬੁਲ

साही–ਸਾਹੀ, ਇ., ਇਕ ਮਸ਼ਹੂਰ ਚੁਟੰਗਾ ਜਾਨਵਰ ਜਿਸ ਦੇ ਪਿੰਡੇ ਉਤੇ ਤਕੁਲੇ ਹੁੰਦੇ ਹਨ, ਸੇਹ

साहु–ਸਾਹੁ, ਪੁ., ਸੱਜਣ, ਭਲਾ ਆਦਮੀ, ਧਨੀ, ਸ਼ਾਹੂਕਾਰ

साहुल–ਸਾਹੁਲ, ਪੁ., ਕੰਧ ਦੀ ਸੇਧ ਮਲੂਮ ਕਰਨ ਦਾ ਇਕ ਸੰਦ, ਸਾਹਲ

साहू–ਸਾਹੂ, ਪੁ., ਸਾਹੁ (साहु)

साहूकार–ਸਾਹੂਕਾਰ, ਪੁ., ਵੱਡਾ ਮਹਾਜਨ, ਕੁਠਾਰੀ, ਅਮੀਰ

साहूकारी–ਸਾਹੁਕਾਰੀ, ਇ., ਰੁਪਏ ਦਾ ਲੈਣ ਦੇਣ, ਮਹਾਜਨੀ, ਸਾਹੂਕਾਰਾ

साहेब–ਸਾਹੇਬ, ਪੁ., ਦੇਖੋ ਸਾਹਬ (साहब)

साहें–ਸਾਹੇਂ, ਇ., ਬਾਂਹ, ਭੁਜਾ, ਅਵਜ., ਸਾਹਮਣੇ

सिंकना–ਸਿੰਕਨਾ, ਕ੍ਰਿ., ਅੱਗ ਤੇ ਪੱਕਣਾ, ਸੇਕਿਆ ਜਾਣਾ

सिंकोना–ਸਿੰਕੋਨਾ. ਪੁ., ਕੁਨੈਣ ਦਾ ਰੁਖ

सिंगरफ़–ਸਿੰਗਰਫ਼, ਪੁ., ਮਾਰਿਆ ਹੋਇਆ ਪਾਰਾ, ਜਿਸ ਦਾ ਰੰਗ ਲਾਲ ਹੁੰਦਾ ਹੈ

सिंगल–ਸਿੰਗਲ, ਪੁ., ਗੱਡੀ ਦਾ ਪੱਖਾ

सिंगा–ਸਿੰਗਾ, ਪੁ., ਇਕ ਕਿਸਮ ਦਾ ਵਾਜਾ

सिंगार–ਸਿੰਗਾਰ, ਪੁ., ਸਜਾਵਟ, ਚਮਕ, ਸਿੰਗਾਰ ਰਸ

सिंगारदान–ਸਿੰਗਾਰਦਾਨ, ਪੁ., ਜਿਸ ਵਿਚ ਸ਼ੀਸ਼ਾ ਕੰਘੀ ਆਦਿ ਸਿੰਗਾਰ ਦਾ ਸਮਾਨ ਰੱਖਿਆ ਜਾਂਦਾ ਹੈ

सिंगारना–ਸਿੰਗਾਰਨਾ, ਕ੍ਰਿ., ਸੰਵਾਰਨਾ, ਸਜਾਉਣਾ

सिंगारहाट–ਸਿੰਗਾਰਹਾਟ, ਪੁ., ਰੰਡੀਆਂ ਦਾ ਬਜ਼ਾਰ

सिंगारहार–ਸਿੰਗਾਰਹਾਰ, ਪੁ., ਇਕ ਫੁੱਲ

सिंगारिया–ਸਿੰਗਾਰਿਯਾ, ਵਿ., ਕਿਸੇ ਦੇਵਤਾ ਦਾ ਸਿੰਗਾਰ ਕਰਨ ਵਾਲਾ ਪੁਜਾਰੀ

सिंगारी–ਸਿੰਗਾਰੀ, ਵਿ., ਸਜਾਉਣ ਵਾਲਾ

सिंगाल–ਸਿੰਗਾਲ, ਪੁ., ਇਕ ਕਿਸਮ ਦਾ ਪਹਾੜੀ ਬੱਕਰਾ

सिंगासन–ਸਿੰਗਾਸਨ, ਪੁ., ਦੇਖੋ ਸਿੰਹਾਸਨ (सिंहासन)

सिंगिया–ਸਿੰਗਿਯਾ, ਪੁ., ਹਲਦੀ ਦੀ ਤਰ੍ਹਾਂ ਦਾ ਇਕ ਬੂਟਾ ਜਿਸ ਦੀ ਜੜ ਬਹੁਤ ਜ਼ਹਿਰੀਲੀ ਹੁੰਦੀ ਹੈ

सिंगी–ਸਿੰਗੀ, ਪੁ., ਸਿੰਗ ਦਾ ਬਣਿਆ ਹੋਇਆ ਇਕ ਕਿਸਮ ਦਾ ਵਾਜਾ, ਪਿੰਡੇ ਦਾ ਗੰਦਾ ਖੂਨ ਕੱਢਣ ਵਾਲੀ ਨਲਕੀ ਜਿਹੀ

सिंगोटी–ਸਿੰਗੋਟੀ, ਇ., ਬੈਲ ਦੇ ਸਿੰਗਾਂ ਉਤੇ ਪਹਿਨਾਉਣ ਦਾ ਇਕ ਕਿਸਮ ਦਾ ਗਹਿਣਾ

सिंघ–ਸਿੰਘ, ਪੁ., ਸ਼ੇਰ

सिंघल–ਸਿੰਘਲ, ਪੁ., ਹਿੰਦ ਮਹਾਸਾਗਰ ਦਾ ਇਕ ਛੋਟਾ ਦ੍ਵੀਪ

सिंघली–ਸਿੰਘਲੀ, ਵਿ., ਸਿੰਘਲ ਦ੍ਵੀਪ ਦਾ

सिंघाड़ा–ਸਿੰਘਾੜਾ, ਪੁ., ਇਕ ਪਾਣੀ ਵਿਚ ਉਗਣ ਵਾਲਾ ਭੂਰੇ ਰੰਗ ਦਾ ਫਲ ਜਿਸ ਦੇ ਛਿੱਲੜ ਵਿਚੋਂ ਕੰਡੇ ਨਿਕਲੇ ਹੋਏ ਹੁੰਦੇ ਹਨ ਇਸ ਨੂੰ ਕੱਚੇ ਨੂੰ ਪਕਾ ਕੇ ਵੀ ਖਾਂਦੇ ਹਨ, ਇਕ ਕਿਸਮ ਦੀ ਆਤਿਸ਼ਬਾਜ਼ੀ, ਸਮੋਸਾ ਨਾਮੀ ਪਕਵਾਨ

सिंघासन–ਸਿੰਘਾਸਨ, ਪੁ., ਦੇਖੋ ਸਿੰਹਾਸਨ (सिंहासन)

सिंघी–ਸਿੰਘੀ, ਇ., ਇਕ ਕਿਸਮ ਦੀ ਛੋਟੀ ਮਛਲੀ, ਸੁੰਢ

सिंघेला–ਸਿੰਘੇਲਾ, ਪੁ., ਸ਼ੇਰ ਦਾ ਬੱਚਾ

सिंचना–ਸਿੰਚਨਾ, ਕ੍ਰਿ., ਸਿੰਜਿਆ ਜਾਣਾ, ਪਾਣੀ ਦੇਣਾ, ਤਰ ਕਰਨਾ

सिंचाई–ਸਿੰਚਾਈ, ਇ., ਧਰਤੀ ਨੂੰ ਪਾਣੀ ਦੇਣ ਦੀ ਕਿਰਿਆ, ਪਾਣੀ ਛਿੜਕਣ ਦਾ ਕੰਮ, ਛਿੜਕਾਉ ਦੀ ਮਜੂਰੀ

सिंचाना–ਸਿੰਚਾਨਾ, ਕ੍ਰਿ., ਪਾਣੀ ਛਿੜਕਾਉਣਾ, ਪਾਣੀ ਦੇਣ ਦਾ ਕੰਮ ਕਰਾਉਣਾ

सिंजित–ਸਿੰਜਿਤ, ਇ., ਸ਼ਬਦ, ਆਵਾਜ; ਝਣਕਾਰ

सिंदुक, सिंदुवार–ਸਿੰਦੁਕ, ਸਿੰਦੁਵਾਰ, ਪੁ., ਸੰਭਾਲੂ

सिंदूर–ਸਿੰਦੂਰ, ਪੁ., ਇਕ ਕਿਸਮ ਦਾ ਲਾਲ ਧੂੜਾ ਜਿਸ ਨੂੰ ਸੁਹਾਗਣਾਂ ਅਪਣੀ ਮਾਂਗ ਵਿਚ ਭਰਦੀਆਂ ਹਨ, ਇਕ ਕਿਸਮ ਦਾ ਰੁਖ

सिंदुरतिलका–ਸਿੰਦੁਰਤਿਲਕਾ, ਇ., ਸੁਹਾਗਣ ਤੀਵੀਂ

सिंदुरदान–ਸਿੰਦੁਰਦਾਨ, ਪੁ., ਵਿਆਂਧੜ ਦਾ ਲਾੜੀ ਦੀ ਮਾਂਗ ਵਿਚ ਸੰਧੁਰ ਪਾਉਣ ਦਾ ਕੰਮ ਪੁ., ਸੰਧੂਰ ਰਖਣ ਦੀ ਡੱਬੀ

सिंदूरिया, सिंदूरी–ਸਿੰਦਰਿਯਾ, ਸਿੰਦੁਰੀ, ਵਿ., ਸੰਧੂਰੀ ਰੰਗ ਦਾ, ਜ਼ਿਆਦਾ ਲਾਲ

सिंदोरा–ਸਿੰਦੋਰਾ, ਪੁ., ਸੰਧੂਰ ਰੱਖਣ ਦੀ ਡੱਬੀ

सिंध–ਸਿੰਧ, ਪੁ., ਹਿੰਦ ਦੇ ਪੱਛਮੀ ਹਿੱਸੇ ਦਾ ਇਕ ਮੁਲਖ

सिंह–ਸਿੰਹ, ਪੁ., ਸ਼ੇਰ, ਜੋਤਸ਼ ਵਿਚ ਇਕ ਰਾਸ

सिंहकेशर–ਸਿੰਹਕੇਸ਼ਰ, ਪੁ., ਸ਼ੇਰ ਦੀ ਧੌਣ ਦੇ ਵਾਲ

सिंहद्वार–ਸਿੰਹਦ੍ਵਾਰ, ਪੁ., ਮਹੱਲ ਆਦਿ ਦਾ ਵੱਡਾ ਦਰਵਾਜ਼ਾ

सिंहध्वनि, सिंहनाद–ਸਿੰਹਧ੍ਵਨਿ, ਸਿੰਹਨਨਾਦ, ਪੁ., ਸ਼ੇਰ ਦੀ ਦਹਾੜ, ਸ਼ੇਰ ਦੀ ਗਰਜ, ਬਹਾਦਰ ਦੀ ਲਲਕਾਰ, ਸ਼ਿਵ, ਮਹਾਦੇਵ, ਇਕ ਛੰਦ

सिंहनी–ਸਿੰਹਨੀ, ਇ., ਸ਼ੇਰ ਦੀ ਮਦੀਨ, ਸ਼ੇਰਨੀ, ਇਕ ਛੰਦ

सिंहमुख–ਸਿੰਹਮੁਖ, ਪੁ., ਸ਼ੇਰ ਵਰਗੇ ਮੰਹ ਵਾਲਾ

सिंहमुखी–ਸਿੰਹਮੁਖੀ, ਇ., ਬਾਂਸ, ਅੜੂਸਾ

सिंहल, सिंहलद्वीप–ਸਿੰਹਲ, ਸਿੰਹਲਦ੍ਵੀਪ, ਪੁ., ਦੇਖੋ ਸਿੰਘਲ (सिंघल)

सिंहली–ਸਿੰਹਲੀ, ਵਿ., ਦੇਖੋ ਸਿੰਘਲੀ (सिंघली)

सिंहाण–ਸਿੰਹਾਣ, ਪੁ., ਨੱਕ ਦੀ ਮੈਲ, ਲੋਹੇ ਦੀ ਜਰ

सिंहावलोकन–ਸਿੰਹਾਵ੍ਲੋਕਨ, ਪੁ., ਸ਼ੇਰ ਵਾਙਰ ਪਿੱਛੇ ਦੇਖਦੇ ਹੋਏ ਅੱਗੇ ਵਧਣ ਦੀ ਕਿਰਿਆ ਪਦ ਰਚਨਾ ਦਾ ਇਕ ਢੰਗ

सिंहावलोकित–ਸਿੰਹਾਵਲੋਕਿਤ, ਪੁ., ਨਿਆਇ ਚੀ ਇਕ ਰੀਤ ਜਿਸ ਵਿਚ ਲਾਗੇ ਦੀ ਗੱਲ ਨਾ ਵਿਚਾਰ ਕੇ ਦੂਰ ਦੀ ਗੱਲ ਦੁਹਰਾਈ ਜਾਂਦੀ ਹੈ

सिंहासन–ਸਿੰਹਾਸਨ, ਪੁ., ਰਾਜਿਆਂ ਦਾ ਸ੍ਰੇਸ਼ਟ ਆਸਣ, ਦੇਵਤਾ ਨੂੰ ਬਿਠਾਉਣ ਦੀ ਚੌਕੀ ਆਦਿ

सिंहिका–ਸਿੰਹਿਕਾ, ਇ., ਇਕ ਰਾਖਸ਼ਣੀ ਜੋ ਰਾਹੂ ਦੀ ਮਾਂ ਸੀ

सिंही–ਸਿੰਹੀ, ਇ., ਸ਼ੇਰਨੀ, ਬੈਂਗਣ, ਅੜੂਸਾ, ਇਕ ਵਾਜਾ

सिंहोदरी–ਸਿੰਹੋਦਰੀ, ਵਿ., ਸ਼ੇਰ ਵਰਗੇ ਪਤਲੇ ਜਿਹੇ ਲੱਕ ਵਾਲੀ

सिअरा–ਸਿਅਰਾ, ਪੁ., ਛਾਂ, ਪਰਛਾਵਾਂ

सिआमंग–ਸਿਆਮੰਗ, ਪੁ., ਸੁਮਾਟਰਾ ਦ੍ਵੀਪ ਵਿਚ ਰਹਿਣ ਵਾਲਾ ਬਾਂਦਰ

सिआर–ਸਿਆਰ, ਪੁ., ਗਿੱਦੜ

सिकंजबीन–ਸਿਕੰਜਬੀਨ, ਇ., ਸਿਰਕੇ ਜਾਂ ਨੇਂਬੂ ਦੇ ਰਸ ਵਿਚ ਪੱਕਿਆ ਹੋਇਆ ਸ਼ਰਬਤ

सिकंजा–ਸਿਕੰਜਾ, ਪੁ., ਸ਼ਿਕੰਜਾ

सिकंदरा–ਸਿਕੰਦਰਾ, ਪੁ., ਰੇਲ ਦਾ ਸਿੰਗਲ, ਗੱਡੀ ਦਾ ਪੱਖਾ

सिकटा–ਸਿਕਟਾ, ਪੁ., ਠੀਕਰਾ, ਫੁੱਟਿਆ ਹੋਇਆ ਮਿੱਟੀ ਦਾ ਭਾਂਡਾ

सिकड़ी–ਸਿਕੜੀ, ਇ., ਕਿਵਾੜ ਦਾ ਕੁੰਡਾ, ਜ਼ੰਜੀਰ ਦੀ ਸ਼ਕਲ ਦਾ ਇਕ ਗਹਿਣਾ

सिकता–ਸਿਕਤਾ, ਇ., ਕੱਕਾ ਰੇਤਾ, ਪਥਰੀ, ਚੀਨੀ

सिकत्तर–ਸਿਕੱਤਰ, ਪੁ., ਕਿਸੇ ਸਭਾ ਦਾ ਮੰਤਰੀ, ਸੈਕਟਰੀ, ਸਕੱਤਰ

सिकन्दर–ਸਿਕੰਦਰ, ਪੁ., ਇਕ ਯਨਾਨੀ ਬਾਦਸ਼ਾਹ

सिकरवार–ਸਿਕਰਵਾਰ, ਪੁ., ਛੱਤਰੀਆਂ ਦੀ ਇਕ ਸ਼ਾਖ

सिकली–ਸਿਕਲੀ, ਇ., ਧਾਰਦਾਰ ਹਥਿਆਰਾਂ ਦੇ ਮਾਂਜਣ ਅਤੇ ਸਾਣ ਚੜ੍ਹਾਉਣ ਦੀ ਕਿਰਿਆ

सिकलीगर–ਸਿਕਲੀਗਰ, ਪੁ., ਹਥਿਆਰ ਤੇਜ਼ ਕਰਨ ਵਾਲਾ ਕਾਰੀਗਰ

सिकहर–ਸਿਕਹਰ, ਪੁ., ਛਿੱਕਾ

सिकार–ਸਿਕਾਰ, ਪੁ., ਦੇਖੋ ਸ਼ਿਕਾਰ (शिकार)

सिकारी–ਸਿਕਾਰੀ, ਇ., ਦੇਖੋ ਸ਼ਿਕਾਰੀ (शिकारी)

सिकुड़न–ਸਿਕੜਨ, ਇ., ਕਿਸੇ ਚੀਜ਼ ਦੇ ਸੁੰਗੜਨ ਦੀ ਕਿਰਿਆ

सिकुड़ना, सिकुरना–ਸਿਕੁੜਨਾ, ਸਿਕੁਰਨਾ, ਕ੍ਰਿ., ਸੁੰਗੋੜਨਾ, ਸਮੇਟਣਾ, ਇਕੱਠਾ ਕਰਨਾ, ਅੰਦਰ ਨੂੰ ਖਿੱਚਣਾ, ਭਚੀੜਨਾ

सिकोरा–ਸਿਕੋਰਾ, ਪੁ., ਮਿੱਟੀ ਦਾ ਕਸੋਰਾ

सिकोली–ਸਿਕੋਲੀ, ਇ., ਮੰਜ ਜਾਂ ਬੈਂਤ ਦੀ ਬਣੀ ਹੋਈ ਟੋਕਰੀ

सिकोही–ਸਿਕੋਹੀ, ਵਿ., ਘਮੰਡੀ, ਹੰਕਾਰੀ, ਬਹਾਦਰ

सिक्कक–ਸਿੱਕਕ, ਪੁ., ਬੰਸਰੀ ਵਿਚ ਲਾਉਣ ਵਾਲੀ ਜੀਭੀ

सिक्का–ਸਿੱਕਾ; ਪੁ., ਮੁਹਰ, ਠੱਪਾ, ਰੁਪਯੇ ਪੈਸੇ ਉਪਰ ਜੋ ਨਿਸ਼ਾਨ ਹੁੰਦਾ ਹੈ, ਰੁਪਇਆ ਪੈਸਾ ਆਦਿਕ ਨਗ਼ਦੀ, ਇਕ ਧਾਤ ਜਿਸ ਦੇ ਤੋਪ ਦੇ ਗੋਲੇ ਬਣਦੇ ਹਨ

सिक्ख–ਸ਼ਿੱਖ, ਪੁ., ਚੇਲਾ, ਨਾਨਕ ਪੰਥੀ ਸੰਪਰਦਾਇ

सिक्थ–ਸਿਕਥ, ਪੁ., ਉਬਾਲੇ ਹੋਏ ਚਾਉਲਾਂ ਦਾ ਦਾਣਾ

सिख–ਸਿਖ, ਇ., ਸ਼ਿੱਖਿਆ, ਉਪਦੇਸ਼, ਪੁ., ਦੇਖੋ ਸਿੱਖ (सिक्ख)

सिखइमली–ਸਿਖਇਮਲੀ, ਪੁ., ਰਿੱਛ ਨੂੰ ਨਾਚ ਸਿਖਾਉਣ ਦਾ ਢੰਗ

सिखना–ਸਿਖਨਾ, ਕ੍ਰਿ., ਦੇਖੋ ਸੀਖਨਾ (सीखना)

सिखर–ਸਿਖਰ, ਪੁ., ਦੇਖੋ ਸ਼ਿਖਰ (शिखर)

सिखरन–ਸਿਖਰਨ, ਇ., ਦਹੀ ਵਿਚ ਚੀਨੀ ਮਿਲਾ ਕੇ ਬਣਾਇਆ ਹੋਇਆ ਸ਼ਰਬਤ ਜਿਸ ਵਿਚ ਕੇਸਰ ਇਲਾਇਚੀ ਮੇਵੇ ਆਦਿ ਪੈਂਦੇ ਹਨ

सिखलाना–ਸਿਖਲਾਨਾ, ਕ੍ਰਿ., ਦੇਖੋ ਸਿਖਾਨਾ (सिखाना)

सिखा–ਸਿਖਾ, ਇ., ਦੇਖੋ ਸ਼ਿਖਾ (शिखा)

सिखाना–ਸਿਖਾਨਾ, ਕ੍ਰਿ., ਉਪਦੇਸ਼ ਦੇਣਾ, ਸਿੱਖਿਆ ਦੇਣੀ, ਪੜ੍ਹਾਉਣਾ, ਧਮਕਾਉਣਾ, ਦੰਡ ਦੇਣਾ

सिखापन, सिखावन–ਸਿਖਾਪਨ, ਸਿਖਾਵਨ, ਪੁ., ਉਪਦੇਸ਼, ਸਿੱਖਣ ਦਾ ਕੰਮ

सिखिर–ਸਿਖਿਰ, ਪੁ., ਚੋਟੀ, ਸਿਰਾ

सिखी–ਸਿਖੀ, ਪੁ., ਦੇਖੋ ਸ਼ਿਖੀ (शिखी)

सिगनल–ਸਿਗ਼ਨਲ, ਪੁ., ਰੇਲ ਦਾ ਸਿੰਗਲ, ਗੱਡੀ ਦਾ ਪੱਖਾ

सिगरा–ਸਿਗਰਾ, ਵਿ., ਸਾਰਾ, ਪੂਰਾ, ਕੁਲ, ਸਭੇ

सिगरेट्–ਸਿਗਰੇਟ, ਪੁ., ਕਾਗਤ ਵਿਚ ਲਪੇਟਿਆ ਹੋਇਆ ਤਮਾਕੂ ਦਾ ਵੱਟ ਜਿਸ ਦਾ ਧੂਆਂ ਪੀਂਦੇ ਹਨ

सिगार–ਸਿਗਾਰ, ਪੁ., ਚੁਰਟ, ਵੱਡੀ ਸਿਗਰਟ

सिगोन–ਸਿਗੋਨ, ਇ., ਇਕ ਕਿਸਮ ਦੀ ਰੇਤਲੀ ਮਿੱਟੀ

सिङ्घण–ਸਿੰਘਣ, ਪੁ., ਨੱਕ ਦੀ ਮੇਲ, ਸੀਂਢ

सिचय–ਸਿਚਜ, ਪੁ., ਕਪੜਾ, ਪੁਰਾਣਾ ਕਪੜਾ

सिचान–ਸਿਚਾਨ, ਪੁ., ਬਾਜ਼ ਨਾਉਂ ਦਾ ਪੰਛੀ

सिच्छा–ਸਿੱਛਾ, ਇ., ਸਿੱਖਿਆ, ਉਪਦੇਸ਼

सिजल–ਸਿਜਲ, ਵਿ., ਜੋ ਦੇਖਣ ਵਿਚ ਸੋਹਣਾ ਹੋਵੇ

सिजादर–ਸਿਜਾਦਰ, ਪੁ., ਕਿਸ਼ਤੀ ਆਦਿ ਵਿਚ ਪਾਲ ਚੜ੍ਹਾਉਣ ਦਾ ਰੱਸਾ

सिझना–ਸਿਝਨਾ, ਕ੍ਰਿ., ਅੱਗ ਉਤੇ ਪਕਣਾ

सिझाना–ਸਿਝਾਨਾ, ਕ੍ਰਿ., ਅੱਗ ਉਤੇ ਪਕਾ ਕੇ ਗਲਾਉਣਾ, ਰਿੰਨ੍ਹਣਾ, ਉਬਾਲਣਾ, ਤਪੱਸਿਆ ਕਰਨਾ, ਤਿਆਰ ਕਰਨਾ

सिञ्चन–ਸਿੰਚਨ, ਪੁ., ਪਾਣੀ ਨਾਲ ਤਰ ਕਰਨ ਦੀ ਕਿਰਿਆ

सिञ्चित–ਸਿੰਚਿਤ, ਵਿ., ਪਾਣੀ ਨਾਲ ਗਿੱਲਾ ਕੀਤਾ ਹੋਇਆ

सिञ्चितिका–ਸਿੰਚਿਤਿਕਾ, ਇ., ਸੇਬ ਨਾਮੀ ਫਲ

सिटकिनी–ਸਿਟਕਿਨੀ, ਇ., ਇਕ ਕਿਸਮ ਦੀ ਪਤਲੀ ਛੜੀ ਜੋ ਬੂਹਾ ਬੰਦ ਕਰਨ ਲਈ ਲਾਈ ਜਾਂਦੀ ਹੈ, ਚਿਟਕਣੀ

सिटपिटाना–ਸਿਟਪਿਟਾਨਾ, ਕ੍ਰਿ., ਧੀਮੇ ਪੈਣਾ, ਚੁੱਪ ਹੋਣਾ, ਦਾਬੇ ਵਿਚ ਆਉਣਾ, ਸੰਗਣਾ

सिट्टी–ਸਿੱਟੀ. ਇ., ਬਹੁਤ ਵਧ ਵਧ ਕੇ ਬੋਲਣ ਦਾ ਭਾਵ

सिठनी–ਸਿਠਨੀ. ਇ., ਇਕ ਤਰ੍ਹਾਂ ਦਾ ਗੰਦਾ ਗੀਤ ਜੋ ਵਿਆਹ ਵੇਲੇ ਤੀਵੀਂਆਂ ਗਾਉਂਦੀਆਂ ਹਨ

सिठाई–ਸਿਠਾਈ, ਇ., ਫਿੱਕਾਪਣ, ਧੀਮਾਪਣ

सिड़, सिड़पन–ਸਿੜ, ਸਿੜਪਨ, ਇ., ਪਾਗਲਪਣ, ਸੁਦਾਅ, ਫਿਟਕ

सिड़बिल्ला, सिड़ी–ਸਿੜਬਿੱਲਾ, ਸਿੜੀ, ਵਿ., ਪਾਗਲ, ਸਿਰੜੀ, ਹਠੀ, ਸੁਦਾਈ, ਢੀਠ, ਝੱਲਾ, ਜ਼ਿੱਦੀ

सितंबर–ਸਿਤੰਬਰ, ਪੁ.. ਅੰਗਰੇਜ਼ੀ ਸਾਲ ਦਾ ਨੌਵਾਂ ਮਹੀਨਾ

सित–ਸਿਤ, ਪੁ., ਚਾਂਦੀ, ਮੂਲੀ, ਚੰਦਨ, ਚਾਨਣਾ ਪੱਖ, ਵਿ., ਸਫੇਦ, ਚਿੱਟਾ, ਸਾਫ, ਚਮਕੀਲਾ

सितकमल–ਸਿਤਕਮਲ, ਪੁ., ਸਫੇਦ ਕੰਵਲ

सितकर–ਸਿਤਕਰ, ਪੁ., ਭੀਮਸੇਨੀ ਕਪੂਰ

सितकर्णी–ਸਿਤਕਰਣੀ, ਇ.. ਅੜੂਸਾ

सितकाच–ਸਿਤਕਾਚ, ਪੁ., ਬਿਲੌਰ

सितक्षार–ਸਿਤਕਸ਼ਾਰ, ਪੁ.. ਚਿੱਟਾ ਸੁਹਾਗਾ

सितछत्रा–ਸਿਤਛੱਤ੍ਰਾ, ਇ., ਸੌਂਫ

सितज–ਸਿਤਜ, ਪੁ., ਸ਼ਹਿਤ ਤੋਂ ਕੱਢੀ ਹੋਈ ਸ਼ੱਕਰ

सितजीरक–ਸਿਤਜੀਰਕ, ਪੁ., ਚਿੱਟਾ ਜੀਰਾ

सितता–ਸਿਤਤਾ, ਇ.. ਸਫੇਦੀ, ਚਿਟਿਆਈ

सितध्वज–ਸਿਤਧ੍ਵਜ, ਪੁ., ਹੰਸ

सितधातु–ਸਿਤਧਾਤੁ, ਪੁ., ਖੜੀਆ ਮਿੱਟੀ

सितपुष्पा–ਸਿਤਪੁਸ਼ਪਾ, ਇ., ਚਮੇਲੀ

सितप्रभ–ਸਿਤਪ੍ਰਭ, ਪੁ., ਚਾਂਦੀ

सितम–ਸਿਤਮ. ਪੁ., ਮੁਸੀਬਤ. ਆਫਤ, ਜ਼ੁਲਮ, ਪਾਪ

सितमगर–ਸਿਤਮਗਰ, ਪੁ., ਨਿਆਉਂ ਨਾ ਕਰਨ ਵਾਲਾ, ਜ਼ਾਲਮ ਪਾਪੀ

सितमाष–ਸਿਤਮਾਸ਼, ਪੁ., ਲੋਬੀਆ, ਅਜਗਰ

सितमेघ–ਸਿਤਮੇਘ, ਪੁ., ਚਿੱਟਾ ਬੱਦਲ

सितरञ्ज–ਸਿਤਰੰਜ, ਪੁ., ਕਪੂਰ

सितराग–ਸਿਤਰਾਗ, ਪੁ., ਚਾਂਦੀ

सितरुचि–ਸਿਤਰੁਚਿ. ਪੁ., ਚੰਦਰਮਾ

सितली–ਸਿਤਲੀ, ਇ., ਕਮਜ਼ੋਰੀ ਦਾ ਪਸੀਨਾ

सितशिव–ਸਿਤਸ਼ਿਵ, ਪੁ., ਸੇਂਧਾ ਲੂਣ, ਜੰਡੀ ਨਾਂ ਦਾ ਰੁੱਖ

सितांशु–ਸਿਤਾਂਸ਼ੁ., ਪੁ., ਚੰਦਰਮਾ, ਕਪੂਰ

सिता–ਸਿਤਾ, ਇ., ਸ਼ੱਕਰ, ਚੀਨੀ, ਚਾਂਦੀ, ਚਾਨਣਾ ਪੱਖ, ਚਾਂਦਨੀ

सिताखण्ड–ਸਿਤਾਖੰਡ, ਪੁ., ਮਿਸਰੀ

सितानन–ਸਿਤਾਨਨ, ਵਿ., ਚਿੱਟੇ ਮੂੰਹ ਵਾਲਾ

सितापांग–ਸਿਤਾਪਾਂਗ, ਪੁ., ਮੋਰ

सिताब–ਸਿਤਾਬ, ਕ੍ਰਿ. ਵਿ., ਤੁਰਤ, ਫੌਰਨ, ਝਟਪਟ

सिताभ–ਸਿਤਾਭ, ਪੁ., ਕਪੂਰ

सिताम्भोज–ਸਿਤਾਂਭੋਗ, ਪੁ., ਸਫੇਦ ਕੰਵਲ

सितार–ਸਿਤਾਰ, ਪੁ., ਇਕ ਤਰ੍ਹਾਂ ਦਾ ਸਾਜ

सितारबाज़–ਸਿਤਾਰਬਾਜ, ਵਿ., ਸਿਤਾਰ ਵਜਾਉਣ ਵਾਲਾ

सितारा–ਸਿਤਾਰਾ, ਪੁ., ਤਾਰਾ, ਨਛੱਤਰ; ਭਾਗ, ਕਿਸਮਤ, ਇਕ ਸੋਨੇ ਚਾਂਦੀ ਦੀ ਟਿੱਕੀ ਜਿਹੀ

सितारिया–ਸਿਤਾਰਿਯਾ, ਵਿ., ਸਿਤਾਰ ਵਜਾਉਣ ਵਾਲਾ

सितारी–ਸਿਤਾਰੀ, ਇ;. ਛੋਟਾ ਸਿਤਾਰ, ਤੰਬੂਰਾ

सितारेहिन्द–ਸਿਤਾਰੇਹਿੰਦ, ਪੁ., ਇਕ ਖਿਤਾਬ ਜੋ ਸਰਕਾਰ ਵਲੋਂ ਮਿਲਦਾ ਸੀ

सितासित–ਸਿਤਾਸਿਤ, ਵਿ., ਚਿੱਟਾ ਅਤੇ ਕਾਲਾ

सिति–ਸਿਤਿ, ਵਿ., ਸਫੇਦ, ਚਿੱਟਾ, ਸਾਫ, ਕਾਲਾ

सितेक्षु–ਸਿਤੇਕਸ਼ੁ. ਪੁ., ਸਫੇਦ ਇੱਖ

सितोत्पल–ਸਿਤੋਤਪਲ, ਪੁ., ਬਿਲੌਰ

सितोपल–ਸਿਤੋਪਲ, ਪੁ., ਬਿਲੌਰ ਪੱਥਰ

सितोपला–ਸਿਤੋਪਲਾ, ਇ., ਸ਼ੱਕਰ, ਚੀਨੀ, ਮਿਸਰੀ

सिथिल–ਸਿਥਿਲ, ਵਿ., ਦੇਖੋ ਸ਼ਿਥਿਲ (शिथिल)

सिद्ध–ਸਿੱਧ, ਪੁ., ਸੱਤਿਆ ਵਾਲਾ ਸਾਧੂ, ਕਰਾਮਾਤੀ ਸੰਤ, ਸਾਈਂਲੋਕ, ਮਹਾਤਮਾ, ਗਿਆਨੀ, ਵਿ., ਤਿਆਰ, ਸਪੂਰਣ ਠੀਕ, ਪਰਵਾਣ, ਪਵਿਤਰ. ਸੋਧਿਆ ਹੋਇਆ, ਕਰਾਮਾਤੀ, ਉਬਾਲਿਆ ਹੋਇਆ

सिद्धकज्जल–ਸਿੱਧਕੱਜਲ, ਵਿ., ਉਹ ਕਾਜਲ ਜਿਸ ਦੇ ਲਾਉਣ ਨਾਲ ਲੋਕੀ ਕਾਬੂ ਰਹਿੰਦੇ ਹਨ

सिद्धकाम–ਸਿੱਧਕਾਮ, ਵਿ., ਸਫਲ, ਕਾਮਿਆਬ

सिद्धगंगा–ਸਿਧਗੰਗਾ, ਇ., ਭਗੀਰਥੀ, ਅਕਾਸ਼ ਗੰਗਾ

सिद्धता–ਸਿੱਧਤਾ, ਇ., ਸਿੱਧੀ. ਪ੍ਰਮਾਣਕਤਾ, ਪੂਰਣ ਹੋਣ ਦਾ

ਭਾਵ

सिद्धतापस-ਸਿੱਧਤਾਪਸ, ਪੁ., ਉਹ ਤਪਸੀ ਜਿਸਨੇ ਸਿੱਧੀ ਪ੍ਰਾਪਤ ਕੀਤੀ ਹੋਵੇ

सिद्धदेव-ਸਿੱਧਦੇਵ, ਪੁ., ਮਹਾਦੇਵ

सिद्धधातु-ਸਿੱਧਧਾਤ, ਪੁ., ਪਾਰਾ

सिद्धधाम-ਸਿੱਧਧਾਮ, ਪੁ., ਸਿੱਧਾਂ ਦੇ ਰਹਿਣ ਦੀ ਥਾਂ

सिद्धपीठ-ਸਿੱਧਪੀਠ, ਪੁ. ਉਹ ਥਾਂ ਜਿੱਥੇ ਪੂਜਾ ਕਰਨ ਨਾਲ ਛੇਤੀ ਸਿੱਧੀ ਪ੍ਰਾਪਤ ਹੁੰਦੀ ਹੈ

सिद्धप्रयोजन-ਸਿੱਧਪ੍ਰਜੋਜਨ. ਪੁ., ਸਫੈਦ ਸਰੋਂ

सिद्धमत-ਸਿੱਧਮਤ, ਪੁ., ਸਿੱਧਾਂ ਦਾ ਮਤ

सिद्धमन्त्र-ਸਿੱਧਮੰਤ੍ਰ, ਪੁ., ਉਹ ਮੰਤਰ ਜੋ ਸਿੱਧ ਹੋ ਚੁਕਿਆ ਹੋਵੇ

सिद्धयोगी-ਸਿੱਧਯੋਗੀ, ਇ., ਸ਼ਿਵ. ਮਹਾਦੇਵ

सिद्धरस-ਸਿੱਧਰਸ, ਪੁ., ਪਾਰਾ

सिद्धलक्ष-ਸਿੱਧਲਕਸ਼, ਵਿ.,ਜਿਸ ਦਾ ਨਿਸ਼ਾਨਾ ਕਦੀ ਨਾ ਚੁਕਦਾ ਹੋਵੇ

सिद्धसेवित-ਸਿੱਧਸੇਵਿਤ, ਪੁ., ਬਟੁਕ ਭੈਰੋਂ

सिद्धा-ਸਿੱਧਾ, ਇ., ਇਕ ਜੋਗਨੀ, ਸਿੱਧ ਦੀ ਵਹੁਟੀ

सिद्धाई-ਸਿੱਧਾਈ, ਇ., ਸਿੱਧ ਹੋਣ ਦਾ ਭਾਵ

सिद्धाञ्जन-ਸਿੱਧਾਂਜਨ, ਪੁ., ਇਕ ਕਿਸਮ ਦਾ ਸੁਰਮਾ ਜਿਸ ਦੇ ਅੱਖ ਵਿਚ ਪਾਉਣ ਨਾਲ ਧਰਤੀ ਦੇ ਹੇਠਾਂ ਦੀ ਚੀਜ਼ ਦਿਖਾਈ ਦੇ ਜਾਂਦੀ ਹੈ

सिद्धादेश-ਸਿੱਧਾਦੇਸ਼, ਪੁ., ਸਫਲ ਵਾਕ, ਸੱਚੀ ਬਾਣੀ

सिद्धान्त-ਸਿੱਧਾਂਤ, ਪੁ., ਉਹ ਗੱਲ ਜੋ ਵਿਦਵਾਨਾਂ ਨੇ ਜਾਂ ਕਿਸੀ ਸੰਪਰਦਾਇ ਨੇ ਸੱਚੀ ਮੰਨੀ ਹੋਵੇ, ਉਹ ਮਤ ਜੋ ਸੋਚ ਸਮਝ ਕੇ ਥਿਰ ਕੀਤਾ ਗਿਆ ਹੋਵੇ. ਠੀਕ ਮਤਲਬ, ਇਕ ਮਤ

सिद्धान्ती-ਸਿੱਧਾਂਤੀ, ਪੁ., ਸ਼ਾਸਤਰ ਦੇ ਤੱਤ ਨੂੰ ਜਾਨਣ ਵਾਲਾ, ਮੀਮਾਂਸਕ

सिद्धान्न-ਸਿੱਧਾਨ, ਪੁ., ਪਕਿਆ ਹੋਇਆ ਅੰਨ

सिद्धार्थ-ਸਿੱਧਾਰਥ, ਵਿ., ਜਿਸ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਗਈਆਂ ਹੋਣ, ਗੌਤਮ ਬੁੱਧ, ਰਾਜਾ ਦਸਰਥ ਦੇ ਮੰਤਰੀ ਦਾ ਨਾਉਂ

सिद्धासन-ਸਿੱਧਾਸਨ, ਪੁ., ਹਠ ਜੋਗ ਦੇ ਚੋਰਾਸੀ ਆਸਣਾਂ ਵਿਚੋਂ ਇਕ ਆਸਣ

सिद्धि-ਸਿੱਧਿ, ਇ., ਨਿਬਟਾਰਾ, ਫੈਸਲਾ,ਦੁਰਗਾ ਦੇਵੀ, ਖੜਾਉਂ, ਕਿਸਮਤ, ਮੋਖ, ਮੁਕਤੀ, ਕਾਮਿਆਬੀ, ਧਨ, ਦੌਲਤ, ਕਰਾਮਾਤ, ਸੱਤਿਆ, ਤਪੱਸਿਆ ਕਰ ਕੇ ਜੋ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ, ਗਣੇਸ਼ ਜੀ ਦੀ ਇਕ ਤੀਵੀਂ ਦੀਆਂ ਅੱਠ ਸਿੱਧੀਆਂ

सिद्धिप्रद-ਸਿੱਧਿਪ੍ਰਦ, ਵਿ., ਸਿੱਧੀ ਦੇਣ ਵਾਲਾ.

सिद्धिभूमि-ਸਿੱਧਿਭੁਮਿ, ਇ., ਉਹ ਥਾਂ ਜਿਥੇ ਤਪ ਕਰਨ ਨਾਲ ਛੇਤੀ ਸਿੱਧੀ ਹੁੰਦੀ ਹੈ

सिद्धिमार्ग-ਸਿਧਿਮਾਰਗ, ਪੁ., ਮੁਕਤੀ ਦਾ ਰਸਤਾ

सिद्धियोग-ਸਿਧਿਜੋਗ, ਪੁ., ਜੋਤਸ਼ ਵਿਚ ਇਕ ਕਿਸਮ ਦਾ ਸ਼ੁਭ ਜੋਗ

सिद्धिविनायक-ਸਿੱਧਿਵਿਨਾਯਕ, ਪੁ., ਗਣੇਸ਼ ਜੀ

सिद्धिसाधक-ਸਿੱਧਿਸਾਧਕ, ਵਿ., ਮਨੋਰਥ ਸਿਧ ਕਰਨ ਵਾਲਾ

सिद्धेश्वर-ਸਿੱਧੇਸ਼੍ਵਰ, ਪੁ., ਮਹਾਜੋਗੀ, ਸ਼ਿਵ, ਮਹਾਦੇਵ

सिद्धेश्वरी-ਸਿੱਧੇਸ਼੍ਵਰੀ, ਇ., ਦੁਰਗਾ, ਦੇਵੀ ਮਾਤਾ

सिद्धोदक-ਸਿੱਧੋਦਕ, ਪੁ., ਪਕਾਇਆ ਹੋਇਆ ਪਾਣੀ, ਕਾਂਜੀ

सिधरी-ਸਿਧਰੀ, ਇ., ਇਕ ਕਿਸਮ ਦੀ ਮਛਲੀ

सिधाई-ਸਿਧਾਈ, ਇ., ਸਿੱਧਾਪਣ

सिधाना. सिधारना-ਸਿਧਾਨਾ, ਸਿਧਾਰਨਾ, ਕ੍ਰਿ., ਜਾਣਾ, ਟੁਰ ਜਾਣਾ, ਸੁਰਗਵਾਸ ਹੋਣਾ, ਮਰਨਾ, ਪਰਲੋਕ ਸਿਧਾਰਨਾ

सिधि-ਸਿਧਿ, ਇ., ਦੇਖੋ ਸਿੱਧਿ (सिद्धि)

सिध्म-ਸਿਧਮ, ਵਿ., ਸਫੇਦ ਕੋੜ੍ਹ ਵਾਲਾ

सिन-ਸਿਨ, ਪੁ., ਉਮਰ, ਅਵਸਥਾ

सिनक-ਸਿਨਕ, ਇ., ਨੱਕ ਦੀ ਮੈਲ, ਸੀਂਢ

सिनकना-ਸਿਨਕਨਾ, ਕ੍ਰਿ., ਨੱਕ ਦੀ ਮੈਲ ਜ਼ੋਰ ਨਾਲ ਬਾਹਰ ਕੱਢਣੀ, ਸੁਣਕਣਾ

सिनीत-ਸਿਨੀਤ, ਇ., ਸੱਤਾਂ ਰੱਸੀਆਂ ਨੂੰ ਵੱਟ ਕੇ ਬਣਿਆ ਹੋਇਆ ਚਪਟਾ ਰੱਸਾ

सिनो-ਸਿਨੋ, ਪੁ., ਖੇਤ ਦੀ ਪਹਿਲੀ ਬਾਹੀ

सिन्धी-ਸਿੰਧੀ, ਇ., ਸਿੰਧ ਮੁਲਖ ਦੀ ਬੋਲੀ

सिन्धु-ਸਿੰਧੁ, ਪੁ., ਸਮੁੰਦਰ, ਸਿੰਧ ਮੁਲਖ

सिन्धुज-ਸਿੰਧੁਜ. ਵਿ., ਸਮੁੰਦਰ ਵਿਚੋਂ ਪੈਦਾ ਹੋਇਆ ਹੋਇਆ, ਪੁ., ਪਾਰਾ, ਸੇਂਧਾ ਲੂਣ

सिन्धुजा-ਸਿੰਧੁਜਾ, ਇ., ਲੱਛਮੀ, ਸਿੱਪ ਜਿਸ ਵਿਚੋਂ ਮੋਤੀ ਨਿਕਲਦਾ ਹੈ

सिन्धुजात-ਸਿੰਧੁਜਾਤ, ਪੁ., ਮੋਤੀ

सिन्धुड़ा-ਸਿੰਧੁੜਾ, ਇ., ਇਕ ਰਾਗਣੀ

सिन्धुपिब-ਸਿੰਧੁਪਿਵ, ਪੁ., ਅਗਸਤ ਰਿਸ਼ੀ

सिन्धुपुष्प-ਸਿੰਧੁਪੁਸ਼ਪ. ਪੁ., ਸ਼ੰਖ. ਕਦੰਬ. ਮੌਲਸਰੀ

सिन्धुर-ਸਿੰਧੁਰ, ਪ., ਹਾਥੀ. ਅੱਠ ਦੀ ਸੰਖਿਆ

सिन्धूरा-ਸਿੰਧੂਰਾ, ਪੁ, ਇਕ ਰਾਗ

सिन्धोरा-ਸਿੰਧੋਰਾ, ਪੁ., ਦੇਖੋ ਸਿੰਦੋਰਾ (सिन्दोरा)

सिन्नी-ਸਿੱਨੀ, ਇ., ਪੀਰਾਂ ਫਕੀਰਾਂ ਨੂੰ ਚੜ੍ਹਾ ਕੇ ਜੋ ਮਿਠਿਆਈ ਲੋਕਾਂ ਨੂੰ ਵੰਡੀ ਜਾਂਦੀ ਹੈ, ਪਰਸਾਦ, ਸ਼ੀਰਨੀ

सिपर-ਸਿਪਰ, ਇ., ਵਾਰ ਰੋਕਣ ਵਾਲਾ ਹਥਿਆਰ

सिपहसालार-ਸਿਪਹਸਾਲਾਰ, ਪੁ., ਫੌਜ ਦਾ ਵੱਡਾ ਅਫਸਰ

सिपारा-ਸਿਪਾਰਾ, ਪੁ., ਕੁਰਾਨ ਦੇ ਤੀਹ ਭਾਗਾਂ ਵਿਚੋਂ ਇਕ ਭਾਗ

सिपास-ਸਿਪਾਸ, ਇ., ਵਡਿਆਈ, ਉਸਤੁਤ

सिपासनामा-ਸਿਪਾਸਨਾਮਾ, ਇ., ਵਿਦਾਈ ਵੇਲੇ ਦਾ ਵਡਿਆਈ ਪੱਤਰ

सिपाव–ਸਿਪਾਵ, ਪੁ., ਇਕ ਕਿਸਮ ਦਾ ਤਿਕੂਣਾ ਢਾਂਚਾ ਜੋ ਛਕੜੇ ਦੇ ਮੂਹਰੇ ਲਾਇਆ ਜਾਂਦਾ ਹੈ

सिपाह–ਸਿਪਾਹ, ਇ., ਫੌਜ, ਸੈਨਾ, ਲਸ਼ਕਰ

सिपाहगिरी–ਸਿਪਾਹਗਿਰੀ, ਇ., ਸਿਪਾਹੀ ਦਾ ਕੰਮ ਜਾਂ ਹੁੰਦਾ

सिपाहियाना–ਸਿਪਾਹਿਯਾਨਾ, ਵਿ., ਸਿਪਾਹੀਆਂ ਵਾਂਙ

सिपाही–ਸਿਪਾਹੀ. ਪੁ., ਫੋਜ ਦਾ ਨੋਕਰ, ਲੜਾਈ ਕਰਨ ਵਾਲਾ, ਜੋਧਾ, ਸੰਤਰੀ, ਚਪੜਾਸੀ, ਪੁਲੀਸ ਕੰਸਟੇਬਲ

सिप्पा–ਸਿੱਪਾ, ਪੁ., ਨਿਸ਼ਾਨੇ ਉਤੇ ਲਾਇਆ ਹੋਇਆ ਵਾਰ, ਜੁਗਤ, ਤਰਕੀਬ, ਢੰਗ, ਪ੍ਰਭਾਉ, ਧਾਕ, ਸ਼ੁਰੂ ਦੀ ਕਾਰਵਾਈ

सिप्रा–ਸਿਪ੍ਰਾ, ਇ., ਉਜੈਨ ਦੀ ਇਕ ਮਸ਼ਹੂਰ ਨਦੀ

सिफ़त–ਸਿਫ਼ਤ, ਇ., ਖੂਬੀ, ਗੁਣ, ਖਾਸੀਅਤ, ਸੂਰਤ, ਸ਼ਕਲ, ਨੇਕੀ, ਚੰਗਿਆਈ

सिफ़र–ਸਿਫ਼ਰ, ਪੁ., ਬਿੰਦੀ, ਬਹੁਤ ਛੋਟਾ ਜਿਹਾ ਗੋਲ ਨਿਸ਼ਾਨ

सिफ़ला–ਸਿਫ਼ਲਾ. ਵਿ.; ਨੀਚ, ਕਮੀਣਾ, ਪਾਜੀ

सिफ़ारिश–ਸਿਫ਼ਾਰਿਸ਼, ਇ., ਦੂਸਰੇ ਦੇ ਅੱਗੇ ਕਿਸੇ ਦੀ ਜੋ ਵਡਿਆਈ ਉਹ ਦਾ ਕੰਮ ਸੁਆਰਣ ਲਈ ਕੀਤੀ ਜਾਵੇ

सिफ़ारशी–ਸਿਫ਼ਾਰਸ਼ੀ. ਵਿ., ਸਿਫ਼ਾਰਸ਼ ਕਰਨ ਵਾਲਾ, ਵਿਚੋਲਾ

सिफ़ारशीटट्टू–ਸਿਫ਼ਾਰਸ਼ੀਟੱਟੂ. ਪੁ., ਜਿਸ ਮਨੁੱਖ ਨੂੰ ਨਿਰੀ ਸਫਾਰਸ਼ ਨਾਲ ਕੋਈ ਨੌਕਰੀ ਜਾਂ ਹੁੱਦਾ ਮਿਲੇ

सिबिका–ਸਿਬਿਕਾ, ਇ., ਦੇਖੋ ਸ਼ਿਬਿਕਾ (शिबिका)

सिमटना–ਸਿਮਟਨਾ, ਕ੍ਰਿ., ਸੁੰਗੜਨਾ; ਸਿਮਟਣਾ, ਇਕੱਠਾ ਹੋਣਾ

सिमटी–ਸਿਮਟੀ, ਇ., ਇਕ ਕਿਸਮ ਦਾ ਕਪੜਾ

सिमरगोला–ਸਿਮਰਗੋਲਾ, ਪੁ., ਇਕ ਕਿਸਮ ਦੀ ਮਿਹਰਾਬ

सिमरना–ਸਿਮਰਨਾ, ਕ੍ਰਿ., ਜਾਦ ਕਰਨਾ, ਪਰਮੇਸ਼ਰ ਦਾ ਨਾਉਂ ਲੈਣਾ

सिमरिख–ਸਿਮਰਿਖ, ਇ., ਇਕ ਕਿਸਮ ਦੀ ਚਿੜੀ

सिमल–ਸਿਮਲ, ਪੁ. ਗੱਡੇ ਆਦਿ ਦੀ ਜੂਲੇ ਵਿਚ ਪਈ ਹੋਈ ਕਿੱਲੀ

सिमेंट–ਸਿਮੇਂਟ, ਪੁ., ਪੱਥਰ ਦਾ ਧੂੜਾ ਜੋ ਮਕਾਨ ਆਦਿ ਬਨਾਉਣ ਲਈ ਵਰਤਿਆ ਜਾਂਦਾ ਹੈ

सिमेटना–ਸਿਮੇਟਨਾ, ਕ੍ਰਿ., ਲਪੇਟਣਾ

सिम्ब–ਸਿੰਬ, ਪੁ.. ਫਲੀ

सिम्बा–ਸਿੰਬਾ, ਇ., ਸੁੰਢ

सिम्बी–ਸਿੰਬੀ, ਇ., ਫਲੀ, ਜੰਗਲੀ ਮੂੰਗ

सिय–ਸਿਯ, ਇ., ਸੀਤਾ, ਰਾਜਾ ਜਨਕ ਦੀ ਧੀ

सियना–ਸਿਯਨਾ, ਕ੍ਰਿ., ਉਪਜਾਉਣਾ, ਰਚਣਾ

सियरा–ਸਿਯਰਾ, ਵਿ.. ਕੱਚਾ, ਠੰਡਾ, ਸੀਤਲ

सियराई–ਸਿਯਰਾਈ, ਵਿ., ਠੰਢਾਪਣ, ਸੀਤਲਤਾ

सियराना–ਸਿਯਰਾਨਾ, ਕ੍ਰਿ., ਠੰਡਾ ਕਰਨਾ

सिया–ਸਿਯਾ, ਇ.. ਸੀਤਾ, ਜਾਨਕੀ

सियाना–ਸਿਯਾਨਾ, ਕ੍ਰਿ., ਸਿਲਾਉਣਾ. ਸੀਉਣ ਦਾ ਕੰਮ ਦੂਜੇ ਤੋਂ ਕਰਾਉਣਾ

सियापा–ਸਿਆਪਾ, ਪੁ.. ਕਿਸੇ ਦੇ ਮਰਨ ਤੋਂ ਮਗਰੋਂ ਤੀਵੀਆਂ ਦੇ ਰੋਣ ਪਿੱਟਣ ਦੀ ਰੀਤ, ਵਿਰਲਾਪ, ਕਜ਼ੀਆ. ਪੁਆੜਾ

सियार–ਸਿਯਾਰ, ਪੁ., ਗਿੱਦੜ

सियारलाठी–ਸਿਯਾਰਲਾਠੀ, ਪੁ.,ਅਮਲਤਾਸ, ਗੁਲੱਕੜ.ਔਸਫਲੀ

सियारा–ਸਿਯਾਰਾ, ਪੁ., ਇਕ ਕਿਸਮ ਦਾ ਫੌੜਾ ਜਿਸ ਨਾਲ ਵਾਹੀ ਹੋਈ ਧਰਤੀ ਨੂੰ ਪੱਧਰ ਕੀਤਾ ਜਾਂਦਾ ਹੈ, ਸੁਹਾਗਾ, ਕਰਾਹ

सियाल–ਸਿਯਾਲ, ਪੁ., ਗਿੱਦੜ

सियाला–ਸਿਯਾਲਾ, ਪੁ., ਪਾਲੇ ਦੀ ਰੁੱਤ, ਸਰਦੀ ਦਾ ਮੌਸਮ

सियाली–ਸਿਯਾਲੀ, ਇ., ਸਰਦੀ ਦੇ ਮੌਸਮ ਦੀ ਖੇਤੀ

सियाबड़–ਸਿਯਾਬੜੀ, ਇ., ਉਹ ਕਾਲੀ ਹਾਂਡੀ ਜੋ ਪੰਛੀਆਂ ਨੂੰ ਡਰਾਉਣ ਲਈ ਖੇਤ ਵਿਚ ਰੱਖੀ ਜਾਂਦੀ ਹੈ

सियासत–ਸਿਯਾਸਤ, ਇ., ਰਾਜ ਨੀਤੀ, ਮੁਲਖ ਦਾ ਰਾਜ ਪਰਬੰਧ

सियाह–ਸਿਜਾਹ, ਵਿ., ਦੇਖੋ ਸਜਾਹ (स्याह)

सियाहगोश–ਸਿਆਹਗੋਸ਼. ਪੁ., ਬਿੱਲੀ ਵਰਗਾ ਇਕ ਜੰਗਲੀ ਜਨੌਰ, ਜੰਗਲੀ ਬਿੱਲਾ

सियाहा–ਸਿਯਾਹਾ, ਪੁ., ਆਮਦਨ ਅਤੇ ਖਰਚ ਦੀ ਬਹੀ, ਰੋਜ਼ਨਾਮਚਾ, ਬਹੀਖਾਤਾ

सिर–ਸਿਰ, ਪੁ.. ਸਰੀਰ ਦਾ ਸਭ ਤੋਂ ਉਪਰਲਾ ਹਿੱਸਾ, ਖੋਪੜੀ. ਸਿਰਾ, ਚੋਟੀ

सिरई–ਸਿਰਈ, ਇ., ਮੰਜੇ ਦਾ ਸੇਰਵਾ

सिरकटा–ਸਿਰਕਟਾ. ਵਿ., ਜਿਸ ਦਾ ਸਿਰ ਕਟ ਗਿਆ ਹੋਵੇ, ਦੂਸਰੇ ਨੂੰ ਹਾਨੀ ਪਚਾਉਣ ਵਾਲਾ

सिरका–ਸਿਰਕਾ, ਪੁ., ਅੰਗੂਰ ਜਾਮਣ ਅਤੇ ਇੱਖ ਆਦਿ ਦਾ ਰਸ ਜੋ ਧੁਪ ਵਿਚ ਪਕਾ ਕੇ ਖੱਟਾ ਕੀਤਾ ਜਾਂਦਾ ਹੈ

सिरकी–ਸਿਰਕੀ, ਇ.. ਸਰਕੰਡਾ, ਮੀਂਹ ਤੋਂ ਬਚਣ ਵਾਸਤੇ ਇਕ ਤਰ੍ਹਾਂ ਦੀ ਕਾਨਿਆਂ ਜਾਂ ਮੁੰਜ ਦੀ ਬਣੀ ਹੋਈ ਫੂਹੜੀ, ਬੂਹੇ ਜਾਂ ਬਾਰੀ ਅੱਗੇ ਲਟਕਾਉਣ ਵਾਲੀ ਚਿਕ

सिरखप–ਸਿਰਖਪ, ਵਿ., ਮਿਹਨਤੀ, ਹਿੰਮਤੀ, ਸਿਰ ਖਪਾਉਣ ਵਾਲਾ

सिरखपी–ਸਿਰਖਪੀ, ਇ., ਮਿਹਨਤ, ਹੈਰਾਨੀ

सिरखिली–ਸਿਰਖਿਲੀ, ਇ , ਇਕ ਕਿਸਮ ਦੀ ਚਿੜੀ

सिरगा–ਸਿਰਗਾ, ਇ., ਘੋੜੇ ਦੀ ਇਕ ਨਸਲ

सिरगिरी–ਸਿਰਗਿਰੀ, ਇ., ਚਿੜੀਆਂ ਦੇ ਸਿਰ ਦੀ ਕਲਗ਼ੀ

सिरचन्द–ਸਿਰਚੰਦ, ਪੁ., ਇਕ ਕਿਸਮ ਦਾ ਅੱਧੇ ਚੰਦਰਮਾ ਦੀ ਸ਼ਕਲ ਦਾ ਗਹਿਣਾ ਜੋ ਹਾਥੀ ਦੇ ਮਥੇ ਉਤੇ ਪਹਿਨਾਇਆ ਜਾਂਦਾ ਹੈ

सिरजक़–ਸਿਰਜਕ, ਪੁ., ਰਚਨਾ ਕਰਨ ਵਾਲਾ, ਦੁਨੀਆ ਦਾ

ਬ੍ਰਹਮਾ, ਰਚਨਹਾਰ

सिरजनहार–ਸਿਰਜਨਹਾਰ, ਪੁ., ਪਰਮੇਸ਼ਰ, ਰੱਬ, ਬ੍ਰਹਮਾ

सिरजना–ਸਿਰਜਨਾ, ਕ੍ਰਿ., ਸਰਿਸ਼ਟੀ ਦੀ ਰਚਨਾ ਕਰਨਾ, ਬਣਾਉਣਾ

सिरजित–ਸਿਰਜਿਤ, ਵਿ., ਰਚਿਆ ਹੋਇਆ

सिरताज़–ਸਿਰਤਾਜ, ਪੁ., ਸ੍ਰੇਸ਼ਟ ਮਨੁੱਖ, ਮੁਕਟ, ਸਰਦਾਰ

सिरतान–ਸਿਰਤਾਨ, ਪੁ., ਅਸਾਮੀ, ਕਿਸਾਣ, ਕਾੱਮਾ

सिर-ता-पा–ਸਿਰ-ਤਾ-ਪਾ, ਕ੍ਰਿ ਵਿ., ਸਿਰ ਤੋਂ ਪੈਰਾਂ ਤਕ, ਅਰੰਭ ਤੋਂ ਅਖੀਰ ਤਕ. ਸਾਰਾ

सिरदुआली–ਸਿਰਦੁਆਲੀ, ਇ., ਘੋੜੇ ਦੀ ਲਗਾਮ ਵਿਚ ਲੱਗੀ ਹੋਈ ਡੋਰੀ ਜਾਂ ਚੰਮ ਦਾ ਤਸਮਾ

सिरनामा–ਸਿਰਨਾਮਾ, ਪੁ., ਲਿਫਾਫੇ ਆਦਿ ਉਤੇ ਲਿਖਿਆ ਜਾਣ ਵਾਲਾ ਪਤਾ

सिरनेत–ਸਿਰਨੇਤ, ਪੁ., ਪੱਗ, ਚੀਰਾ, ਦੁਪੱਟਾ, ਛੱਤ੍ਰੀਆਂ ਦਾ ਇਕ ਗੋਤ

सिरपोश–ਸਿਰਪੋਸ਼, ਪੁ., ਸਿਰ ਦੀ ਪਗੜੀ, ਟੋਪ, ਕੁੱਲਾ, ਬੰਦੂਕ ਦੇ ਉਪਰਲਾ ਕਪੜਾ

सिरफूल–ਸਿਰਫੂਲ, ਪੁ., ਤੀਵੀਆਂ ਦਾ ਇਕ ਗਹਿਣਾ ਜਿਸ ਨੂੰ ਸਿਰ ਉਤੇ ਪਹਿਣਦੀਆਂ ਹਨ

सिरफेंटा, सिरबंद–ਸਿਰਫੇਂਟਾ, ਸਿਰਬੰਦ, ਪੁ., ਸਾਫ਼ਾ, ਪਗੜੀ

सिरबंदी–ਸਿਰਬੰਦੀ, ਇ., ਮੱਥੇ ਦਾ ਇਕ ਗਹਿਣਾ, ਇਕ ਤਰ੍ਹਾਂ ਦਾ ਰੇਸ਼ਮ ਦਾ ਕੀੜਾ

सिरमनि–ਸਿਰਮਨਿ, ਪੁ., ਦੇਖੋ ਸ਼ਿਰੋਮਣਿ (शिरोमणि)

सिरमौर–ਸਿਰਮੌਰ, ਪੁ., ਸਰਤਾਜ, ਸਿਰ ਦਾ ਮੁਕਟ

सिररुह–ਸਿਰਰੁਹ, ਪੁ., ਦੇਖੋ ਸ਼ਿਰੋਰੁਹ (शिरोरुह)

सिरवा–ਸਿਰਵਾ, ਪੁ., ਪਿੜ ਵਿਚ ਹਵਾ ਝੱਲਣ ਵਾਲਾ ਕਪੜਾ

सिरवार–ਸਿਰਵਾਰ, ਪੁ., ਜ਼ਮੀਦਾਰ ਦਾ ਉਹ ਬੰਦਾ ਜੋ ਉਸ ਦੀ ਫਸਲ ਦਾ ਪਰਬੰਧ ਕਰਦਾ ਹੈ

सिरस–ਸਿਰਸ, ਪੁ., ਟਾਲ੍ਹੀ ਵਰਗਾ ਇਕ ਰੁੱਖ, ਸਰ੍ਹੀਂ ਦਾ ਰੁੱਖ

सिरसी–ਸਿਰਸੀ, ਇ., ਤਿੱਤਰ ਦੀ ਇਕ ਨਸਲ

सिरहाना–ਸਿਰਹਾਨਾ, ਪੁ., ਮੰਜੇ ਦਾ ਸਿਰ ਵਾਲਾ ਪਾਸਾ

सिरा–ਸਿਰਾ, ਇ., ਸਰੀਰ ਵਿਚ ਖੂਨ ਵਗਾਉਣ ਵਾਲੀ ਨਾੜੀ, ਪਾਣੀ ਦੀ ਪਤਲੀ ਧਾਰ, ਸੂਏ ਜਾਂ ਰਜਵਾਹੇ ਆਦਿਕ ਦੀ ਨਾਲ, ਕਲਸਾ, ਗਾਗਰ, ਲੰਮਾਈ ਦਾ ਅੰਤ, ਸ਼ੁਰੂ ਦਾ ਹਿੱਸਾ ਅਗਲਾ ਭਾਗ, ਨੋਕ, ਕਿਨਾਰਾ

सिराजी–ਸਿਰਾਜੀ, ਪੁ., ਸ਼ੀਰਾਜ਼ ਸ਼ਹਿਰ ਦਾ ਘੋੜਾ ਜਾਂ ਕਬੂਤਰ

सिराना–ਸਿਰਾਨਾ, ਕ੍ਰਿ., ਠੰਡੇ ਹੋਣਾ, ਮੱਠਾ ਪੈਣਾ, ਹਿੰਮਤ ਹਾਰਨਾ, ਦੂਰ ਹਟਣਾ, ਮਰਨਾ ਮਿਟਣਾ, ਖਤਮ ਹੋਣਾ, ਠੰਡਾ ਕਰਨਾ

सिरामोक्ष–ਸ਼ਿਰਾਮੋਕਸ਼, ਪੁ., ਗੰਦਾ ਲਹੂ ਕੱਢਣ ਲਈ ਨਸ ਨੂੰ ਫਾੜਨ ਦੀ ਕਿਰਿਆ ਜਾਂ ਭਾਵ

सिराली–ਸਿਰਾਲੀ, ਇ., ਮੋਰ ਦੀ ਕਲਗੀ

सिरावन–ਸਿਰਾਵਨ, ਪੁ., ਖੇਤ ਚੌਰਸ ਕਰਨ ਵਾਲਾ ਇਕ ਸੰਦ

सिरावना–ਸਿਰਾਵਨਾ, ਕ੍ਰਿ., ਦੇਖੋ ਸਿਰਾਨਾ (सिराना)

सिराहर्ष–ਸਿਰਾਹਰਸ਼, ਪੁ., ਅੱਖ ਦੇ ਡੋਰਿਆਂ ਦੀ ਲਾਲੀ

सिरियारी–ਸਿਰਿਯਾਰੀ, ਇ., ਇਕ ਪਰਕਾਰ ਦਾ ਸਾਗ

सिरिश्ता–ਸਿਰਿਸ਼ਤਾ, ਪੁ., ਮਹਿਕਮਾ, ਵਿਭਾਗ

सिरिश्तेदार–ਸਿਰਿਸ਼ਤੇਦਾਰ, ਪੁ., ਮੁਕੱਦਮਿਆਂ ਦੇ ਕਾਗਤ ਸੰਭਾਲ ਕੇ ਰਖਣ ਵਾਲਾ ਅਦਾਲਤ ਦਾ ਇਕ ਕਰਮਚਾਰੀ

सिरिश्तेदारी–ਸਿਰਿਸ਼ਤੇਦਾਰੀ, ਇ., ਸਿਰਿਸ਼ਤੇਦਾਰ ਦਾ ਪਦ

सिरिस–ਸਿਰਿਸ, ਪੁ., ਦੇਖੋ ਸਿਰਸ (सिरस)

सिरी–ਸਿਰੀ ਇ., ਦੇਖੋ ਸ਼੍ਰੀ (श्री) ਰੋਲੀ, ਮੱਥੇ ਦਾ ਇਕ ਗਹਿਣਾ

सिरोना–ਸਿਰੋਨਾ, ਪੁ., ਸਿਰ ਤੇ ਘੜਾ ਨਾ ਚੁਭਣ ਵਜੋਂ ਕਪੜੇ ਦਾ ਬਣਾ ਕੇ ਰਖਿਆ ਹੋਇਆ ਗੋਲ ਢਾਂਚਾ, ਈਨੂੰ

सिरोपाल–ਸਿਰੋਪਾਲ, ਪੁ., ਸਿਰ ਤੋਂ ਲਾ ਕੇ ਪੈਰਾਂ ਤਕ ਦਾ ਇਕ ਪਹਿਰਾਵਾ

सिरोमनि–ਸਿਰੋਮਨਿ, ਪੁ., ਸਿਰਮੌਰ, ਸ੍ਰੇਸ਼ਟ, ਸ਼ਿਰੋਮਣੀ

सिरोरुह–ਸਿਰੋਰੁਹ, ਪੁ., ਵਾਲ

सिरोही–ਸਿਰੋਹੀ, ਇ., ਇਕ ਕਿਸਮ ਦੀ ਕਾਲੀ ਚਿੜੀ, ਰਾਜਪੂਤਾਨਾ ਏਜੰਸੀ ਦਾ ਇਕ ਦੇਸੀ ਰਾਜ

सिर्का–ਸਿਰਕਾ, ਪੁ., ਦੇਖੋ ਸਿਰਕਾ (सिरका)

सिर्फ़–ਸਿਰਫ਼, ਕ੍ਰਿ., ਕੇਵਲ, ਬਸ, ਵਿ., ਸ਼ੁੱਧ, ਖਾਲਸ

सिल–ਸਿਲ, ਇ., ਪੱਥਰ ਦੀ ਇਕ ਫੱਟੀ ਜਿਸ ਉਤੇ ਮਸਾਲਾ ਆਦਿਕ ਪੀਹੰਦੇ ਹਨ, ਇਕ ਰੁੱਖ, ਪੁ., ਖਈ ਰੋਗ, ਤਪਦਿਕ

सिलक–ਸਿਲਕ, ਇ., ਲੜੀ, ਹਾਰ, ਧਾਗਾ, ਪੰਗਤ

सिलकी–ਸਿਲਕੀ, ਪੁ., ਵੇਲ

सिलखड़ी–ਸਿਲਖੜੀ, ਇ., ਇਕ ਕਿਸਮ ਦਾ ਚਿਉਕਣਾ ਮੁਲਾਇਮ ਪੱਥਰ ਜਿਸ ਦੇ ਭਾਂਡੇ ਬਣਾਏ ਜਾਂਦੇ ਹਨ

सिलगना–ਸਿਲਗਨਾ, ਕ੍ਰਿ., ਦੇਖੋ ਸੁਲਗਨਾ (सुलगना)

सिलप–ਸਿਲਪ, ਪੁ., ਕਾਰੀਗਰੀ

सिलपट–ਸਿਲਪਟ, ਵਿ., ਚੌਰਸ, ਬਰਾਬਰ, ਘਿਸਿਆ ਹੋਇਆ, ਸਾਫ਼, ਬਿਨਾ ਅੱਡੀ ਦੀ ਜੁੱਤੀ

सिलपोहनी–ਸਿਲਪੋਹਨੀ, ਇ., ਵਿਆਹ ਦੀ ਇਕ ਰਸਮ

सिलफोड़ा–ਸਿਲਫੋੜਾ, ਪੁ., ਪੱਥਰਚੂਰ

सिलमाकुर–ਸਿਲਮਾਕੁਰ, ਪੁ., ਪਾਲ ਬਣਾਉਣ ਵਾਲਾ

सिलवट–ਸਿਲਵਟ, ਇ., ਵਲ, ਲਕੀਰ

सिलवाना–ਸਿਲਵਾਨਾ, ਕ੍ਰਿ., ਸੀਉਣ ਦਾ ਕੰਮ ਦੂਜੇ ਤੋਂ ਕਰਾਉਣਾ

सिलसिला–ਸਿਲਸਿਲਾ, ਪੁ., ਕ੍ਰਮ, ਰੀਤ, ਢੰਗ, ਲੜੀ, ਜ਼ੰਜੀਰ, ਪੰਗਤ, ਸ਼੍ਰੇਣੀ, ਤਰਕੀਬ, ਵਿ., ਚਿਉਕਣਾ, ਤਿਲ੍ਹਕਣ ਵਾਲਾ, ਭਿੱਜਿਆ ਹੋਇਆ

सिलसिलाबंदी–ਸਿਲਸਿਲਾ ਬੰਦੀ, ਇ., ਕਤਾਰਬੰਦੀ

सिलसिलेवार–ਸਿਲਸਿਲੇਵਾਰ, ਵਿ., ਨੰਬਰਵਾਰ

सिलह–ਸਿਲਹ, ਪੁ., ਸ਼ਸਤਰ, ਹਥਿਆਰ

सिलहखाना–ਸਿਲਹਖਾਨਾ, ਪੁ., ਸ਼ਸਤਰ ਘਰ, ਹਥਿਆਰ ਰੱਖਣ ਦੀ ਥਾਂ

सिलहट–ਸਿਲਹਟ, ਪੁ., ਇਕ ਕਿਸਮ ਦਾ ਧਾਨ

सिलहटिया–ਸਿਲਹਟਿਯਾ, ਇ., ਇਕ ਕਿਸਮ ਦੀ ਕਿਸ਼ਤੀ

सिलहार, सिलहारा–ਸਿਲਹਾਰ. ਸਿਲਹਾਰਾ, ਪੁ., ਖੇਤ ਵਿਚ ਡਿਗੇ ਹੋਏ ਅੰਨ ਦੇ ਦਾਣਿਆਂ ਨੂੰ ਚੁਣਨ ਵਾਲਾ, ਸਿਲੇਹਾਰ

सिलहिला–ਸਿਲਹਿਲਾ, ਵਿ., ਫਿਸਲਣ ਜੋਗ, ਤਿਲ੍ਹਕਣ ਜੋਗ

सिलही–ਸਿਲਹੀ, ਇ., ਇਕ ਕਿਸਮ ਦੀ ਚਿੜੀ

सिला–ਸਿਲਾ, ਇ., ਖੇਤ ਵਿਚ ਡਿੱਗੇ ਹੋਏ ਅੰਨ ਨੂੰ ਇਕੱਠੇ ਕਰਨ ਦੀ ਕਿਰਿਆ, ਅਨਾਜ ਦੀ ਧੜ, ਪੁ., ਬਦਲਾ, ਇਵਜ਼

सिलाई–ਸਿਲਾਈ. ਇ., ਸੀਉਣ ਦਾ ਕੰਮ ਜਾਂ ਢੰਗ, ਟਾਂਕਾ, ਸੀਉਣ ਦੀ ਮਜ਼ੂਰੀ

सिलाजीत–ਸਿਲਾਜੀਤ, ਪੁ., ਦੇਖੋ ਸ਼ਿਲਾਜੀਤ (शिलाजीत)

सिलाना–ਸਿਲਾਨਾ, ਕ੍ਰਿ., ਸੀਉਣ ਦਾ ਕੰਮ ਦੂਸਰੇ ਤੋਂ ਕਰਾਉਣਾ

सिलारस–ਸਿਲਾਰਸ, ਪੁ., ਇਕ ਰੁੱਖ ਦੀ ਗੋਂਦ

सिलावट–ਸਿਲਾਵਟ, ਪੁ., ਪੱਥਰ ਘੜਨ ਵਾਲਾ, ਪੱਥਰ ਘਾੜਾ

सिलासार–ਸਿਲਾਸਾਰ, ਪੁ., ਲੋਹਾ

सिलाह–ਸਿਲਾਹ, ਪੁ., ਸੰਜੋਇ, ਕਵਚ, ਸ਼ਰਤਰ ਘਰ

सिलाहर–ਸਿਲਾਹਰ, ਪੁ., ਖੇਤ ਵਿਚੋਂ ਬਿਖਰੇ ਹੋਏ ਦਾਣਿਆਂ ਨੂੰ ਇਕੱਠੇ ਕਰ ਕੇ ਗੁਜ਼ਾਰਾ ਕਰਨ ਵਾਲਾ

सिलाही–ਸਿਲਾਹੀ, ਪੁ., ਸਿਪਾਹੀ, ਫੌਜੀ

सिलिया–ਸਿਲਿਯਾ, ਇ., ਇਕ ਤਰ੍ਹਾਂ ਦਾ ਪੱਥਰ ਜੋ ਮਕਾਨ ਬਣਾਉਣ ਦੇ ਕੰਮ ਆਉਂਦਾ ਹੈ

सिलेट–ਸਿਲੇਟ, ਇ., ਕਾਲੇ ਪੱਥਰ ਦੀ ਫੱਟੀ ਜਿਹੀ ਜਿਸ ਉਤੇ ਮੁੰਡੇ ਲਿਖਦੇ ਹਨ

सिलोच–ਸਿਲੋਚ, ਪੁ., ਇਕ ਪਹਾੜ ਦਾ ਨਾਉਂ

सिलौआ–ਸਿਲੌਆ, ਪੁ., ਸਣ ਦੇ ਮੋਟੇ ਧਾਗੇ ਜਿਨ੍ਹਾਂ ਦੀਆਂ ਟੋਕਰੀਆਂ ਬਣਦੀਆਂ ਹਨ

सिलौट, सिलौटा–ਸਿਲੌਟ, ਸਿਲੌਟਾ, ਪੁ., ਪੱਥਰ ਦਾ ਚਿਉਂਕਣਾ ਟੁਕੜਾ, ਸਿਲ ਅਤੇ ਵੱਟਾ

सिलौटी–ਸਿਲੌਟੀ, ਇ., ਭੰਗ ਮਸਾਲਾ ਆਦਿ ਪੀਹਣ ਦੀ ਛੋਟੀ ਸਿਲ

सिल्क–ਸਿਲਕ, ਪੁ., ਰੇਸ਼ਮੀ ਕਪੜਾ

सिल्ला–ਸਿੱਲਾ, ਪੁ., ਅੰਨ ਦਾਣੇ ਜੋ ਖੇਤੀ ਕੱਟਣ ਤੇ ਖੇਤ ਵਿਚ ਪਏ ਰਹਿੰਦੇ ਹਨ, ਖਲੀ, ਪਿੜ ਵਿਚ ਪਿਆ ਅੰਨ

सिल्ली–ਸਿੱਲੀ, ਇ., ਹਥਿਆਰ ਤੇਜ਼ ਕਰਨ ਵਾਲੀ ਪਥਰੀ, ਤਖਤਾ, ਪਟਰੀ

सिव–ਸਿਵ, ਪੁ., ਦੇਖੋ ਸ਼ਿਵ (शिव)

सिवई–ਸਿਵਈ, ਇ., ਆਟੇ ਜਾਂ ਮੈਦੇ ਦੀਆਂ ਲੰਮੀਆਂ ਤਾਰਾਂ ਜੋ ਦੁੱਧ ਆਦਿਕ ਵਿਚ ਪਾ ਕੇ ਖਾਂਦੇ ਹਨ, ਫੇਣੀ, ਸੇਵੀਆਂ

सिवक–ਸਿਵਕ, ਪੁ., ਦਰਜ਼ੀ, ਸੀਉਣ ਵਾਲਾ

स्थालीपाक–ਸਥਾਲੀਪਾਕ, ਪੁ., ਔਹੁਤੀ ਲਈ ਦੁਧ ਵਿਚ ਪਕਾਏ ਹੋਏ ਚਾਉਲ ਜਾਂ ਜੌਂ

स्थावर–ਸਥਾਵਰ, ਵਿ., ਇਕੋ ਥਾਂ ਤੇ ਰਹਿਣ ਵਾਲਾ, ਟਿਕਾਊ ਪੁ., ਪਹਾੜ, ਧਨੁਸ਼ ਦੀ ਡੋਰੀ, ਅਚੱਲ ਸੰਪਤੀ, ਗੈਰ ਮਨਕੂਲਾ ਜਾਇਦਾਦ

स्थावरराज–ਸਥਾਵਰਰਾਜ, ਪੁ., ਹਿਮਾਲਾ ਪਹਾੜ

स्थावरविष–ਸਥਾਵਰਵਿਸ਼, ਪੁ., ਇਕ ਤਰ੍ਹਾਂ ਦੀ ਵਿਹੁ, ਅਚੱਲ ਪਦਾਰਥਾਂ ਦੀ ਜ਼ਹਿਰ

स्थाविर–ਸਥਾਵਿਰ. ਪੁ., ਬਿਰਧ ਅਵਸਥਾ, ਬੁਢੇਪਾ

स्थित–ਸਥਿਤ, ਵਿ., ਠਹਿਰਿਆ ਹੋਇਆ, ਟਿਕਿਆ ਹੋਇਆ, ਰਹਿਣ ਵਾਲਾ, ਮੌਜੂਦ, ਥਿਰ. ਅਟੱਲ

स्थितता–ਸਥਿਤਤਾ, ਇ., ਠਹਿਰਾਉ

स्थिति–ਸਥਿਤਿ, ਇ., ਢੰਗ, ਤਰੀਕਾ, ਹੋਂਦ, ਹੁੱਦਾ, ਥਿਰਤਾ, ਸ਼ਕਲ, ਮੇਲ, ਠਹਿਰਣ ਦੀ ਥਾਂ, ਹਾਲਤ, ਨਿਵਿਰਤੀ, ਨਿਜਮ, ਮਰਜਾਦਾ. ਵਸੋਂ

स्थिर–ਸਥਿਰ, ਵਿ., ਠਹਿਰਿਆ ਹੋਇਆ, ਪੱਕਾ, ਅਚੱਲ, ਪੁ., ਪਰਬਤ, ਪਹਾੜ, ਰੁੱਖ. ਛੁਟਕਾਰਾ, ਮੁਕਤੀ

स्थिरकर्म–ਸਥਿਰਕਰਮ, ਵਿ.. ਪੱਕੇ ਤੌਰ ਤੇ ਕੰਮ ਕਰਨ ਵਾਲਾ

स्थिरकुसुम–ਸਥਿਰਕੁਸ਼ਮ, ਪੁ., ਮੌਲਸਰੀ

स्थिरचित्त–ਸਥਿਰਚਿੱਤ, ਵਿ., ਜਿਸ ਦਾ ਮਨ ਟਿਕਿਆ ਹੋਵੇ

स्थिरता–ਸਥਿਰਤਾ, ਇ., ਧੀਰਜ, ਤਸੱਲੀ, ਪੱਕਾਪਣ, ਦ੍ਰਿੜ੍ਹਤਾ ਮਜ਼ਬੂਤੀ

स्थिरश्री–ਸਥਿਰਸ਼੍ਰੀ, ਵਿ., ਜਿਸ ਕੋਲ ਪੈਸਾ ਹਰ ਵੇਲੇ ਮੌਜੂਦ ਰਹੇ

स्थिरा–ਸਥਿਰਾ, ਇ., ਧਰਤੀ, ਪੱਕੇ ਇਰਾਦੇ ਵਾਲੀ ਤੀਵੀਂ

स्थूणा–ਸਥੂਣਾ. ਇ., ਖੰਭਾ, ਥੰਮ੍ਹੀ, ਰੁੱਖ ਦਾ ਤਣਾ

स्थूल–ਸਥੂਲ, ਵਿ., ਮੋਟਾ, ਤਾਜ਼ਾ, ਮੂਰਖ, ਪੁ., ਕਟਹਲ

स्थूलचाप–ਸਥੂਲਚਾਪ, ਪੁ., ਰੂੰ ਪਿੰਜਣ ਦਾ ਤਾੜਾ

स्थूलता–ਸਥੂਲਤਾ, ਇ., ਮੋਟਾਪਣ, ਭਾਰੀਪਣ, ਮੁਟਾਈ

स्थूलदर्भा–ਸਥੂਲਦੇਰਭਾ, ਇ., ਮੁੰਜ ਨਾਉਂ ਦਾ ਘਾਹ

स्थूलदर्शक–ਸਥੂਲਦਰਸ਼ਕ, ਪ., ਖੁਰਦਬੀਨ

स्थूलदला–ਸਥੂਲਦਲਾ, ਇ., ਘੀ ਕੁਆਰ, ਕੁਆਰ ਗੰਦਲ

स्थूलनास–ਸਥੂਲਨਾਸ, ਪੁ., ਸੂਰ

स्थूलनासिक–ਸਥੂਲਨ੍ਹਾਸਿਕ, ਇ., ਜਿਸ ਦੀ ਨੱਕ ਵੱਡੀ ਅਤੇ ਮੋਟੀ ਹੋਵੇ

स्थूलपट–ਸਥਲਪਟ, ਪੁ, ਮੋਟਾ ਕਪੜਾ

स्थूलपाद–ਸਥੂਲਪਾਦ, ਪੁ., ਫੀਲਪਾ ਰੋਗ ਵਾਲਾ, ਜਿਸ ਦੇ ਪੈਰ ਹਾਥੀ ਵਰਗੇ ਹੋ ਜਾਣ

स्थूलरोग–ਸਥੂਲਰੋਗ, ਪੁ., ਮੋਟੇ ਹੋਣ ਦਾ ਰੋਗ

स्थूललक्ष–ਸਥੂਲਲਕਸ਼, ਪੁ., ਵਿਦਵਾਨ, ਪੰਡਿਤ, ਵਿ., ਵੱਡਾ ਦਾਨੀ

स्थूललक्षिता–ਸਥੂਲਲਕਸ਼ਿਤਾ, ਇ., ਪੰਡਤਾਈ, ਦਾਨ ਕਰਨ ਦਾ ਭਾਵ

स्थूलवृक्ष–ਸਥੂਲਵ੍ਰਿਕਸ਼, ਪੁ., ਮੌਲਸਰੀ ਦਾ ਰੁੱਖ

स्थूलशाटक–ਸਥੂਲਸ਼ਾਟਕ, ਪੁ., ਮੋਟਾ ਕਪੜਾ

स्थूलशालि–ਸਥੂਲਸ਼ਾਲਿ, ਪੁ., ਇਕ ਕਿਸਮ ਦਾ ਮੋਟਾ ਚਾਉਲ

स्थूलाङ्ग–ਸਥਲਾਂਗ, ਵਿ., ਮੋਟੇ ਸਰੀਰ ਵਾਲਾ

स्थैर्य–ਸਥੈਰਯ, ਪੁ., ਦੇਖੋ ਸਥਿਰਤਾ (स्थिरता)

स्नपन–ਸ੍ਨਪਨ, ਪੁ., ਨ੍ਹਾਉਣ ਦੀ ਕਿਰਿਆ

स्नपित–ਸ੍ਨਪਿਤ, ਵਿ., ਨ੍ਹਾਇਆ ਹੋਇਆ

स्ना–ਸ੍ਨਾ, ਇ. ਗਊ ਜਾਂ ਬੈਲ ਦੇ ਗਲ ਹੇਠਾਂ ਲਟਕਣ ਵਾਲਾ ਚੰਮ ਜਿਹਾ

स्नात–ਸ੍ਨਾਤ, ਵਿ., ਨ੍ਹਾਇਆ ਹੋਇਆ

स्नातक–ਸ੍ਨਾਤਕ, ਪੁ., ਉਹ ਜਿਸ ਨੇ ਬ੍ਰਹਮਚਰਜ ਦੀ ਪੂਰੀ ਪਾਲਨਾ ਕਰਨ ਪਿੱਛੋਂ ਗ੍ਰਿਹਸਥ ਵਿਚ ਪਰਵੇਸ਼ ਕੀਤਾ ਹੋਵੇ

स्नान–ਸ੍ਨਾਨ, ਪੁ., ਨ੍ਹਾਉਣ ਧੋਣ ਦੀ ਕਿਰਿਆ, ਪਿੰਡੇ ਉਤੇ ਪਾਣੀ ਪਾ ਕੇ ਪਵਿਤਰ ਹੋਣ ਦਾ ਭਾਵ, ਗੁਸਲ

स्नानकलश–ਸ੍ਨਾਨਕਲਸ਼, ਪੁ., ਨ੍ਹਾਉਣ ਵਾਲਾ ਪਾੱਣੀ ਰੱਖਣ ਦਾ ਭਾਂਡਾ

स्नानगृह–ਸ੍ਨਾਨਗ੍ਰਿਹ, ਪੁ., ਜਿਹੜੇ ਕਮਰੇ ਵਿਚ ਨ੍ਹਾਉਂਦੇ ਹਨ, ਗੁਸਲ ਖਾਨਾ

स्नानसाटी–ਸ੍ਨਾਨਸਾਟੀ, ਇ., ਪਿੰਡਾ ਪੂੰਝਣ ਵਾਲਾ ਤੌਲੀਆ

स्नानाम्बु, स्नानोदक–ਸ੍ਨਾਨਾਂਬੂ, ਸ੍ਨਾਨਦਕ, ਪੁ., ਨ੍ਹਾਉਣ ਵਾਲਾ ਪਾਣੀ

स्नायः–ਸ੍ਨਾਯੀ, ਵਿ., ਇਸ਼ਨਾਨ ਕਰਨ ਵਾਲਾ

स्नायु–ਸ੍ਨਾਯੁ, ਇ., ਸਰੀਰ ਦੀ ਇਕ ਹੱਡੀ

स्निग्ध–ਸ੍ਨਿਗਧ, ਵਿ., ਚਿਉਕਣਾ, ਤਿਰਮਰਾ, ਤਿਲਸਮਾ, ਪੁ., ਮਿਲਿਆਈ, ਮੋਮ, ਗੰਦਾਬਿਰੋਜ਼ਾ

स्निग्धजीरक–ਸ੍ਨਿਗਧਜੀਰਕ, ਪੁ., ਈਸਬਗੋਲ

स्निग्धता–ਸ੍ਨਿਗਧਤਾ, ਇ., ਚਿਕਨਾਈ, ਚਿਕਨਾਹਟ

स्निग्धा–ਸ੍ਨਿਗਧਾ, ਇ., ਚਰਬੀ

स्नुषा–ਸ੍ਨੁਸ਼ਾ, ਇ., ਨੂੰਹ, ਪੁੱਤਰ ਦੀ ਵਹੁਟੀ

स्नुही–ਸ੍ਨੁਹੀ, ਇ., ਥੋਹਰ ਦਾ ਬੂਟਾ

स्नेह–ਸ੍ਨੇਹ, ਪੁ., ਪਿਆਰ, ਪ੍ਰੇਮ, ਮੁਹੱਬਤ, ਲਾਡ, ਚਿਓਕਣੀ ਚੀਜ਼

स्नेहन–ਸ੍ਨੇਹਨ, ਪੁ., ਸਰੀਰ ਉਤੇ ਤੇਲ ਲਾਉਣ ਦਾ ਕੰਮ, ਬਲਗਮ, ਕਫ਼, ਮੱਖਣ

स्नेहपात्र–ਸ੍ਨੇਹਪਾਤ੍ਰ, ਪੁ., ਜਿਸ਼ ਲਾਲ ਪਿਆਰ ਕੀਤਾ ਜਾਵੇ

स्नेपान–ਸ੍ਨੇਹਪਾਨ, ਪੁ., ਕਸੀ ਖਾਸ ਖਾਸ਼ ਰੋਗਾਂ ਵਿਚ ਘਿਉ ਤੇਲ ਆਦਿ ਪੀਣ ਦਾ ਕੰਮ

स्नेहफ़ला- ਸਨੇਹਫਲਾ, ਇ., ਤਿਲ

स्नेहित–ਸ੍ਨੇਹਿਤ, ਵਿ., ਚਿਉਂਕਣਾ

स्नेही–ਸ੍ਨੇਹੀ, ਪੁ., ਸਾਕ, ਸੰਬੰਧੀ, ਰਿਸ਼ਤੇਦਾਰ, ਚਿੱਤਰਕਾਰ, ਵਿ., ਚਿਉਂਕਣਾ

स्पंज–ਸਪੰਜ, ਪੁ., ਇਕ ਛੇਕਾਂ ਵਾਲਾ ਹੇਜ਼ੇਦਾਰ ਮੁਲਾਇਮ ਪਦਾਰਥ ਜੋ ਪਾਣੀ ਸੋਕ ਲੈਂਦਾ ਹੈ

स्पन्द, स्पन्दन–ਸਪੰਦ, ਸਪ੍ਰੰਦਨ, ਪੁ., ਕਿਸੇ ਚੀਜ਼ ਦਾ ਹਰਕਤ ਕਰਨ ਦਾ ਭਾਵ, ਕੰਬਣਾ, ਸਰੀਰ ਦਾ ਫੜਕਣਾ

स्पन्दी–ਸਪੰਦੀ, ਵਿ., ਕੰਬਣ ਜਾਂ ਫੜਕਣ ਵਾਲਾ

स्पन्दिनी–ਸਪੰਦਿਨੀ, ਇ., ਭਿੱਟੀ ਹੋਈ ਤੀਵੀਂ, ਉਹ ਤੀਵੀਂ ਜਿਸ ਨੂੰ ਕਪੜੇ ਆਏ ਹੋਏ ਹੋਣ

स्पर्धा–ਸਪਰਧਾ, ਇ., ਕਸ਼ਮਕਸ਼, ਰਗੜ, ਹੌਸਲਾ, ਈਰਖਾ, ਬਰਾਬਰੀ

स्पर्धी–ਸਪਰਧੀ, ਵਿ., ਈਰਖਾ ਕਰਨ ਵਾਲਾ

स्पर्श–ਸਪਰਸ਼, ਪੁ., ਛੋਹ, ਪੀੜ, ਆਫਤ, ਵਿਪਦਾ, ਪੰਜੇ ਵਰਗਾਂ ਦੇ 'ਕ' ਤੋਂ 'ਮ' ਤਕ ਦੇ ਅੱਖਰ

स्पर्शन–ਸਪਰਸ਼ਨ, ਪੁ., ਛੂਹਣ ਦੀ ਕਿਰਿਆ

स्पर्शा–ਸਪਰਸ਼ਾ, ਇ., ਵਿਭਚਾਰਣੀ ਤੀਵੀਂ, ਲੁੱਚੀ ਤੀਵੀਂ

स्पार्शास्पर्श–ਸਪਰਸ਼ਾਸਪਰਸ਼, ਪੁ., ਛੂਤਛਾਤ, ਛੂਹਣ ਨਾ ਛੂਹਣ ਦਾ ਵਿਚਾਰ

स्पर्शी–ਸਪਰਸ਼ੀ, ਵਿ., ਛੂਹਣ ਵਾਲਾ, ਸਪਰਸ਼ ਕਰਨ ਵਾਲਾ

स्पर्शेन्द्रिय–ਸਪਰਸ਼ੇਂਦ੍ਰਿਯ, ਪੁ., ਤੁਚਾ, ਚਮੜੀ

स्पर्शोपल–ਸਪਰਸ਼ੋਪਲ, ਪੁ., ਪਾਰਸ ਪੱਥਰ

स्पष्ट–ਸਪਸ਼੍ਟ, ਪੁ., ਸਾਫ਼, ਪਰਗਟ, ਜ਼ਾਹਰ, ਜਿਸ ਦੇ ਸਮਝਣ ਵਿਚ ਕੋਈ ਕਠਨਾਈ ਮਲੂਮ ਨਾ ਹੋਵੇ

स्पष्टकथन–ਸਪਸ਼੍ਟਕਥਨ, ਪੁ., ਸਾਫ਼ ਸਾਫ਼ ਕਹਿਣ ਦਾ ਭਾਵ, ਸਾਫ ਬਚਨ

स्पष्टतया–ਸਪਸ਼੍ਟਤਯਾ, ਕ੍ਰਿ., ਵਿ., ਸਾਫ ਤੌਰ ਤੇ, ਸਪਸ਼ਟ ਰੂਪ ਨਾਲ

स्पष्टता–ਸਪਸ਼੍ਟਤਾ, ਇ., ਸਫ਼ਾਈ, ਸਪਸ਼ਟ ਹੋਣ ਦਾ ਭਾਵ

स्पष्टवक्ता, स्पष्टवादी–ਸਪਵਸ਼੍ਟਕ੍ਤਾ, ਸਪਸ਼੍ਟਵਾਦੀ, ਪੁ., ਬਿਨਾ ਮੁਲਾਹਜ਼ੇ ਤੋਂ ਸਾਫ਼ ਸਾਫ਼ ਕਹਿਣ ਵਾਲਾ, ਕੋਰਾ ਕਰਾਰਾ

स्पिरिट्–ਸਪਿਰਿਟ, ਇ., ਸਰੀਰ ਵਿਚ ਰਹਿਣ ਵਾਲੀ ਆਤਮਾ, ਸੂਖਮ ਸਰੀਰ, ਨੀਅਤ, ਦਲੀਲ, ਸ਼ਰਾਬ ਦਾ ਸਤ

स्पीच्–ਸਪੀਚ, ਇ., ਬੋਲਣ ਦੀ ਤਾਕਤ, ਵਿਆਖਿਆ, ਭਾਸ਼ਣ, ਲੈਕਚਰ

स्पृश–ਸਪ੍ਰਿਸ਼, ਵਿ., ਛੂਹਣ ਵਾਲਾ, ਸਪਰਸ਼ ਕਰਨ ਵਾਲਾ

स्पृश्य–ਸਪ੍ਰਿਸ਼ਜ, ਵਿ., ਛੂਹਣ ਜੋਗ, ਸਪਰਸ਼ ਕਰਨ ਜੋਗ

स्पृष्ट–ਸਪ੍ਰਿਸ਼ੁ. ਵਿ., ਛੂਹਿਆ ਹੋਇਆ, ਸਪਰਸ਼ ਕੀਤਾ ਹੋਇਆ

स्पृहणीय–ਸਪ੍ਰਿਹਣੀਯ, ਵਿ., ਜਿਸ ਲਈ ਇੱਛਿਆ ਕੀਤੀ ਜਾਵੇ

स्पृहा–ਸਪ੍ਰਿਹਾ, ਵਿ., ਇੱਛਿਆ, ਮਨਸਾ

स्पृही–ਸਪ੍ਰਿਹੀ, ਵਿ., ਇੱਛਿਆ ਕਰਨ ਵਾਲਾ

स्फटिक–ਸਫਟਿਕ, ਪੁ., ਕੰਚ ਵਰਗਾ ਇਕ ਕਿਸਮ ਦਾ ਪੱਥਰ ਬਿਲੌਰ, ਸੁਰਜਕਾਂਤ ਮਣੀ

स्फटिका–ਸਫਟਿਕਾ, ਇ., ਫਟਕੜੀ

स्फटिकाभ्र–ਸਫਟਿਕਾਭ੍ਰ, ਪੁ., ਕਪੂਰ

स्फटिकारि, स्फटी–ਸਫਟਿਕਾਰਿ. ਸਫਟੀ, ਇ., ਫਟਕੜੀ

स्फार–ਸਫਾਰ., ਵਿ., ਕਾਫ਼ੀ, ਬਹੁਤ, ਵਿਕਟ

स्फाल–ਸਫਾਲ, ਪੁ., ਫੁਰਤੀ, ਤੇਜ਼ੀ

स्फिक् स्फिच–ਸਫ਼ਿਕ, ਸੰਫਿਚ, ਪੁ., ਚਿੱਤੜ

स्फीत–ਸਫ਼ੀਤ, ਵਿ., ਫੁਲਿਆ ਹੋਇਆ, ਵਧਿਆ ਹੋਇਆ

स्फीति–ਸੰਫੀਤਿ, ਇ., ਬੜ੍ਹਤੀ, ਬੜ੍ਹਾਉ, ਵਾਧਾ

स्फुट–ਸਫੁਟ, ਵਿ., ਸਪਸ਼ਟ, ਸਾਫ਼, ਪਰਗਟ, ਜਾਹਰ, ਸਫੇਦ, ਵੱਖੋ ਵੱਖ, ਫੁਟਕਲ, ਸਾਹਮਣੇ ਦਿਖਾਈ ਦੇਣ ਵਾਲਾ

स्फुटन–ਸਫੁਟਨ, ਪੁ., ਖਿੜਨ ਦਾ ਭਾਵ, ਖੇੜਾ

स्फुटा–ਸਫੁਟਾ, ਇ., ਸੱਪ ਦਾ ਫਣ

स्फुटार्थ–ਸਫੁਟਾਰਥ, ਵਿ., ਜਿਸ ਦੇ ਅਰਥ ਸਾਫ ਹੋਣ

स्फुटिका–ਸਫੁਟਿਕਾ, ਇ., ਫਟਕੜੀ

स्फुटित–ਸਫੁਟਿਤ, ਵਿ., ਖਿੜਿਆ ਹੋਇਆ, ਪਰਗਟ ਕੀਤਾ ਹੋਇਆ, ਹਸਦਾ ਹੋਇਆ

स्फुटी–ਸਫੁਟੀ, ਵਿ., ਪੈਰ ਵਿਚ ਬਿਆਈ ਫਟਣ ਦੀ ਬੀਮਾਰੀ, ਕਕੜੀ, ਫੁੱਟ

स्फुटीकरण–ਸਫੁਟੀਕਰਣ, ਪੁ., ਸਾਫ ਸਾਫ ਜ਼ਾਹਰ ਕਰਨ ਦਾ ਭਾਵ

स्फुर, स्फुरण–ਸਫੁਰ, ਸਫੁਰਣ, ਪੁ., ਕਿਸੇ ਚੀਜ਼ ਦਾ ਮਾਮੂਲੀ ਹਰਕਤ ਕਰਨ ਦਾ ਭਾਵ, ਅੰਗਾਂ ਦੇ ਫਰਕਣ ਦਾ ਭਾਵ

स्फुरित–ਸਫੁਰਿਤ, ਵਿ., ਹਿੱਲਣ ਜਾਂ ਫਰਕਨ ਵਾਲਾ, ਫਰਕਦਾ ਹੋਇਆ

स्फुल–ਸੰਫੁਲ, ਪੁ., ਤੰਬੂ, ਖੇਮਾ

स्फुलिङ्ग–ਸਫੁਲਿੰਗ, ਪੁ., ਅੱਗ ਦਾ ਅੰਗਾਰਾ

स्फुलिङ्गनी–ਸਫੁਲਿੰਗਿਨੀ, ਇ., ਅਗਨੀ ਦੀਆਂ ਸੱਤ ਜੀਭਾਂ ਵਿਚੋਂ ਇਕ

स्फूर्ति–ਸਫੂਰਤਿ, ਇ., ਹੌਲੀ ਹੌਲੀ ਹਿਲਣ ਦਾ ਭਾਵ, ਫੁਰਤੀ ਤੇਜ਼ੀ

स्फोट–ਸਫੋਟ, ਪੁ., ਫੋੜਾ, ਫਣਸੀ, ਕਿਸੇ ਚੀਜ਼ ਦਾ ਫੁਟਣ, ਮੋਤੀ

स्फोटक–ਸਫੋਟਕ, ਪੁ., ਫੋੜਾ, ਫੁਨਸੀ, ਭਿਲਾਵਾ ਬਟੀ

स्फोटन–ਸੰਫੋਟਨ, ਪੁ., ਸ਼ਬਦ, ਅਵਾਜ਼, ਫਾਟਣ ਦਾ ਭਾਵ

स्फोटा–ਸਫੋਟਾ, ਪੁ., ਸੱਪ ਦਾ ਫਣ

स्फोटिनी–ਸਫੋਟਿਨੀ, ਇ., ਕਕੜੀ, ਡਰ

स्फोलन–ਸਫੋਲਨ, ਪੁ., ਫੁਰਤ਼ੀ, ਤੇਜ਼ੀ

स्मय–ਸਮਯ, ਪੁ., ਘਮੰਡ, ਅਭਿਮਾਨ, ਹੰਕਾਰ, ਸ਼ੇਖੀ, ਡੀਂਗ

स्मर–ਸਮਰ, ਪੁ., ਕਾਮਦੇਵ, ਯਾਦਗਾਰ, ਸ਼ੁਧਰਾਗ ਦਾ ਇਕ ਭੇਦ

स्मरकथा–ਸਮਰਕਥਾ, ਇ., ਕਾਮਦੇਵ ਦੇ ਭੜਕਾਉਣ ਵਾਲੀ ਕਥਾ

स्मरकूपक, स्मरगृह, स्मरछत्र–ਸਮਰਕੂਪਕ, ਸਮਰਗ੍ਰਿਹ, ਸਮਰਛੱਤ੍ਰ, ਪੁ., ਭਗ, ਇਸਤ੍ਰੀ ਦਾ ਗੁੱਝਾ ਅੰਗ, ਯੋਨੀ

स्मरण–ਸਮਰਣ, ਪੁ., ਕਿਸ਼ੇ ਗੱਲ ਦੀ ਯਾਦ, ਧਿਆਨ, ਚੇਤਾ, ਨੌ ਕਿਸਮ ਦੀ ਭਗਤੀ ਵਿਚੋਂ ਇਕ, ਇਕ ਅਲੰਕਾਰ

स्मरणशक्ति–ਸਮਰਣਸ਼ਕ੍ਤਿ, ਇ., ਚੇਤਾ, ਯਾਦਾਸ਼ਤ

स्मरणीय–ਸਮਰਣੀਯ, ਵਿ., ਯਾਦ ਕਰਨ ਜੋਗ

स्मरदशा–ਸਮਰਦਸ਼ਾ, ਇ., ਪ੍ਰੇਮੀ ਜਾਂ ਪ੍ਰੇਮਿਕਾ ਦੇ ਨਾ ਮਿਲਣ ਤੇ ਉਨ੍ਹਾਂ ਦੇ ਵਿਜੋਗ ਦੀ ਹਾਲਤ

स्मरदहन–ਸਮਰਦਹਨ, ਪੁ., ਸ਼ਿਵ, ਮਹਾਦੇਵ

स्मरध्वज–ਸਮਰਧ੍ਵਜ, ਪੁ., ਪੁਰਸ਼ ਦਾ ਲਿੰਗ

स्मरध्वजा–ਸਮਰਧ੍ਵਜਾ, ਇ., ਚਾਂਦਨੀ ਰਾਤ

स्मरप्रिया–ਸਮਰਪ੍ਰਿਯਾ, ਇ., ਕਾਮਦੇਵ ਦੀ ਵਹੁਟੀ, ਰਤੀ

स्मरना–ਸਮਰਨਾ, ਕ੍ਰਿ., ਯਾਦ ਕਰਨਾ

स्मरवीथिका–ਸਮਰਵੀਥਿਕਾ, ਇ., ਵੇਸਵਾ, ਕੰਜਰੀ

स्मरशत्रु–ਸਮਰਸ਼ਤ੍ਰੁ, ਪੁ., ਸ਼ਿਵ, ਮਹਾਦੇਵ

स्मरसख–ਸਮਰਸਖ, ਪੁ., ਚੰਦਰਮਾ, ਚੰਨ

स्मरोद्दीपन–ਸਮਰੋਦੀਪਨ, ਪੁ., ਭੋਗ ਕਰਨ ਦੀ ਇਛਿਆ ਉਤਪੰਨ ਹੋਣ ਦਾ ਭਾਵ

स्मर्तव्य–ਸਮਰਤਵ੍ਯ, ਵਿ., ਯਾਦ ਕਰਨ ਜੋਗ

स्मारक–ਸਮਾਰਕ, ਵਿ., ਯਾਦ ਦਿਲਾਉਣ ਵਾਲਾ, ਪੁ., ਯਾਦਗਾਰ, ਯਾਦ ਕਰਾਉਣ ਵਾਲੀ ਚੀਜ਼

स्मारणी–ਸਮਾਰਣੀ, ਇ., ਬ੍ਰਹਮੀ ਬੂਟੀ

स्मार्त–ਸਮਾਰਤ, ਪੁ., ਸਿਮਰਤੀ ਸ਼ਾਸਤਰ ਅਨੁਸਾਰੀ ਕਰਮ, ਵਿ., ਸਿਮਰਤੀ ਸਾਸਤਰ ਦਾ ਚੰਗਾ ਜਾਣਕਾਰ

स्मित–ਸਮਿਤ. ਪੁ., ਮਮੂਲੀ ਹਾਸਾ ਵਿ., ਖਿੜਿਆ ਹੋਇਆ

स्मृत–ਸਮ੍ਰਿਤ, ਵਿ., ਯਾਦ ਕੀਤਾ ਹੋਇਆ

स्मृति–ਸਮ੍ਰਿਤਿ ਇ., ਯਾਦ, ਚੇਤਾ, ਧਰਮ ਸ਼ਾਸਤਰ, ਇਕ ਛੰਦ

स्मृतिकार–ਸਮ੍ਰਿਤਿਕਾਰ, ਪੁ., ਧਰਮ ਸ਼ਾਸਤਰ ਦੇ ਜਾਣਨ ਵਾਲਾ

स्मृतिकारक–ਸਮ੍ਰਿਤੀਕਾਰਕ, ਪੁ., ਧਰਮ ਸ਼ਾਸਤਰ ਦੀ ਰਚਨਾ ਕਰਨ ਵਾਲੇ ਮਨੁ ਆਦਿ ਰਿਸ਼ੀ

स्मृतिपाठक–ਸਮ੍ਰਿਤਿਪਾਠਕ, ਵਿ., ਧਰਮ ਸ਼ਾਸਤਰ ਦੇ ਪੜ੍ਹਨ ਵਾਲਾ

स्मृतिभ्रंश, स्मृतिभ्रम–ਸਮ੍ਰਿਤਭ੍ਰਿੰਸ਼, ਸਮ੍ਰਿਤਿਭ੍ਰਮ, ਪੁ.,

ਯਾਦ ਦਾਸ਼ਤ ਦਾ ਨਾਸ

स्मृतिविरुद्ध–ਸਮ੍ਰਿਤਿਵਿਰੁੱਧ, ਵਿ., ਇਕ ਧਰਮ ਸ਼ਾਸਤਰ ਦੇ ਖਿਲਾਫ

स्मृतिशास्त्र–ਸਮ੍ਰਿਤ੍ਰਿਸ਼ਾਸਤ੍ਰ, ਵਿ., ਧਰਮ ਸ਼ਾਸਤਰ

स्मेर–ਸਮੇਰ, ਵਿ., ਖਿੜਿਆ ਹੋਇਆ

स्यन्द, स्यन्दन–ਸਜੰਦ. ਸਜੰਦਨ, ਪੁ., ਪਾਣੀ ਦੇ ਕਿਰਨ ਦਾ ਭਾਵ. ਟਪਕਣਾ. ਮੁੜ੍ਹਕਾ ਨਿਕਲਣ ਦਾ ਭਾਵ

स्यन्दनिका–ਸਜੰਦਨਿਕਾ, ਇ., ਨਹਿਰ, ਛੋਟੀ ਨਦੀ

स्यमन्तक–ਸਜਮੰਤਕ, ਪੁ., ਇਕ ਮਣੀ

स्यमिक–ਸਜਮਿਕ, ਪੁ., ਸੱਪ ਦੀ ਬਿਰਮੀ

स्यात्–ਸਜਾਤ, ਅਵਜ., ਸ਼ੈਦ, ਸ਼ਾਇਦ

स्याद्वाद–ਸਜਾਦਵਾਦ, ਪੁ., ਜੈਨ ਦਰਸ਼ਨ

स्यान–ਸਜਾਨ, ਵਿ., ਦੇਖੋ ਸਜਾਨਾ (स्याना)

स्यानप, स्यानपत, स्यानपन–ਸਜਾਨਪ, ਸਜਾਨਪਤ, ਸਜਾਨਪਨ ਪੁ., ਚਰਤਾਈ, ਹੁਸ਼ਿਆਰੀ, ਚਲਾਕੀ, ਬਾਲਗ਼ ਹੋਣ ਦੀ ਹਾਲਤ

स्याना–ਸਜਾਨਾ. ਵਿ., ਚਤਰ, ਹੁਸ਼ਿਆਰ, ਪੁ., ਬੁਢਾ, ਪਿੰਡ ਦਾ ਨੰਬਰਦਾਰ

स्यानापन–ਸਜਾਨਾਪਨ. ਪੁ., ਦੇਖੋ ਸਜਾਨਪ (स्यानप)

स्यापा–ਸਜਾਪਾ, ਪੁ., ਕਿਸੇ ਦੇ ਮਰਣ ਪਿੱਛੋਂ ਤੀਵੀਆਂ ਦੇ ਰੋਣ ਪਿਟਣ ਦੀ ਰੀਤ, ਵਿਰਲਾਪ, ਕਜ਼ੀਆ, ਪੁਆੜਾ

स्याबाद–ਸਜਾਬਾਦ, ਅਵਜ., ਸ਼ਾਬਾਸ਼, ਥਾਪੀ

स्यामता–ਸਜਾਮਤਾ, ਇ., ਦੇਖੋ ਸ਼ਜਾਮਤਾ (श्यामता)

स्यार–ਸਜਾਰ, ਪੁ., ਗਿੱਦੜ

स्यारी–ਸਜਾਰੀ, ਇ., ਗਿਦੜੀ

स्याल, स्यालक–ਸਜਾਲ, ਸਜਾਲਕ, ਪੁ., ਵਹੁਟੀ ਚਾ ਭਰਾ,

स्याला–ਸਜਾਲਾ, ਪੁ., ਬਹੁਤਾਤ, ਜ਼ਿਆਦਤੀ

स्यालिका, स्याली–ਸਜਾਲਿਕਾ, ਸਜਾਲੀ, ਇ., ਵਹੁਟੀ ਦੀ ਭੈਣ, ਸਾਲੀ

स्याह–ਸਜਾਰ. ਵਿ., ਕਾਲਾ, ਕਾਲੇ ਰੰਗ ਦਾ, ਪੁ., ਘੋੜੇ ਦੀ ਇਕ ਨਸਲ

स्याहजीरा–ਸਜਾਹਜੀਰਾ, ਪੁ., ਕਾਲਾ ਜ਼ੀਰਾ

स्याहदिल–ਸਜਾਹਦਿਲ, ਵਿ., ਦੁਸ਼ਟ, ਖੋਟਾ, ਪਾਜੀ

स्याही–ਸਜਾਹੀ, ਇ., ਲਿਖਣ ਜਾਂ ਛਾਪਣ ਦੀ ਕਾਲਖ, ਕੱਜਲ, ਕਾਲਾ ਕਰਨ ਵਾਲੀ ਚੀਜ਼

स्यूत–ਸਜੂਤ, ਵਿ., ਸੀਉਂਤਾ ਹੋਇਆ, ਸਿਲਿਆ ਹੋਇਆ

स्यूति–ਸਜੂਤਿ, ਇ., ਸੀਉਂਣ, ਉਲਾਦ, ਸੰਤਾਨ

स्यून–ਸਜੂਨ, ਪੁ., ਕਿਰਣ, ਸੂਰਜ ਕਿਰਣ

स्यों, स्यो–ਸਜੋਂ, ਸਜੋ, ਅਵਜ., ਨਾਲ, ਕੋਲ, ਨੇੜੇ. ਲਾਗੇ, ਨਜ਼ਦੀਕ, ਪਾਸ, ਸਹਿਤ

स्योत–ਸਜੋਤ, ਪੁ., ਸੂਰਜ, ਕਿਰਣ

स्योनवृत–ਸਜੋਨਵ੍ਰਿਤ, ਵਿ., ਮਹਿਮਾਨਾਂ ਦੀ ਖਾਤਰ ਚੰਗੀ ਕਰਨ ਵਾਲਾ

स्रंग–ਸੰਗ, ਪੁ., ਦੇਖੋ ਸ਼੍ਰਿੰਗ (शृङ्ग) ਸਿੰਗ

स्रंस–ਸ੍ਰੰਸ, ਪੁ., ਨਾਸ, ਤਬਾਹੀ, ਬਰਬਾਦੀ

स्रंसन–ਸ੍ਰੰਸਨ, ਪੁ., ਗਰਭਪਾਤ, ਨਾਸ, ਤਬਾਹੀ

स्रक्–ਸ੍ਰਕ, ਪੁ., ਫੁੱਲਾਂ ਦੀ ਮਾਲਾ, ਜੋਤਸ਼ ਵਿਚ ਇਕ ਜੋਗ, ਇਕ ਛੰਦ

स्रगणु–ਸ੍ਰਗਣੁ, ਪੁ., ਮਾਲਾ ਮੰਤਰ

स्रग्धर–ਸ੍ਰਗਧਰ, ਵਿ., ਮਾਲਾ ਪਹਿਰਣ ਵਾਲਾ

स्रग्धरा–ਸ੍ਰਗਧਰਾ, ਇ., ਇਕ ਛਦ, ਵਿ., ਮਾਲਾ ਪਹਿਰਣ ਵਾਲੀ

स्रग्विनी–ਸ੍ਰਗ੍ਵਿਨੀ, ਇ., ਇਕ ਛੰਦ, ਵਿ., ਮਾਲਾ ਪਹਿਰਣ ਵਾਲੀ

स्रज–ਸ੍ਰਜ, ਇ., ਮਾਲਾ

स्रज्वा–ਸ੍ਰਜ੍ਵਾ, ਪੁ., ਮਾਲਾ ਬਨਾਉਣ ਵਾਲਾ, ਮਾਲੀ

स्रद्धा–ਸ੍ਰੱਦਾ, ਇ., ਦੇਖੋ ਸ਼੍ਰੱਧਾ (श्रद्धा)

स्रम–ਸ੍ਰਮ, ਪੁ., ਦੇਖੋ ਸ਼੍ਰਮ (श्रम)

स्रव–ਸ੍ਰਵ, ਪੁ., ਮੂਤਰ, ਪੇਸ਼ਾਬ, ਝਰਨਾ, ਬਹਾਉ, ਸੋਤਾ. ਚਸ਼ਮਾ

स्रवण–ਸ੍ਰਵਣ, ਪੁ., ਮੁੜ੍ਹਕਾ. ਪਸੀਨਾ. ਮਤਰ; ਗਰਭ ਦੇ ਨਾਸ ਹੋ ਜਾਣ ਦਾ ਭਾਵ

स्रवन–ਸ੍ਰਵਨ, ਪੁ.. ਦੇਖੋ ਸ਼੍ਰਵਣ (स्रवण)

स्रवना–ਸ੍ਰਵਨਾ, ਕ੍ਰਿ., ਚੋਣਾ, ਟਪਕਣਾ, ਪਾਣੀ ਦਾ ਕਿਰਨਾ

स्रवन्ती–ਸ੍ਰਵੰਤੀ, ਇ., ਨਦੀ, ਨਹਿਰ, ਦਰਿਆ

स्रष्टा–ਸ੍ਰਸ਼ਟਾ, ਪੁ., ਸਰਿਸ਼ਟੀ ਦੀ ਰਚਨਾ ਕਰਨ ਵਾਲਾ. ਬ੍ਰਹਮਾ, ਵਿਸ਼ਨੂੰ. ਸ਼ਿਵ

स्रापित–ਸ੍ਰਾਪਿਤ, ਵਿ., ਜਿਸ ਨੂੰ ਸਰਾਪ ਦਿਤਾ ਗਿਆ ਹੋਵੇ

स्राव–ਸ੍ਰਾਵ, ਪੁ, ਝਰਨਾ, ਬਹਾਉ

स्रावक–ਸ੍ਰਾਵਕ, ਪੁ., ਚੋਣ ਵਾਲਾ, ਟਪਕਣ ਵਾਲਾ

स्रावित–ਸ੍ਰਾਵਿਤ, ਵਿ., ਚੁਆ ਕੇ ਜਾਂ ਟਪਕਾ ਕੇ ਕਢਿਆ ਹੋਇਆ

स्रावी–ਸ੍ਰਾਵੀ, ਵਿ., ਰਸਣ ਵਾਲਾ, ਚੋਣ ਵਾਲਾ, ਟਪਕਣ ਵਾਲਾ

स्राव्य–ਸ੍ਰਾਵਜ, ਵਿ., ਰਸਣ ਜੋਗ, ਵਗਣ ਜੋਗ

स्रुघ्नी–ਸ੍ਰੁਘ੍ਨੀ, ਇ., ਸੱਜੀ ਨਾਉਂ ਦੀ ਮਿੱਟੀ

स्रुत–ਸ੍ਰੁਤ, ਇ.. ਬਹਿੰਦਾ ਹੋਇਆ, ਵਗਦਾ ਹੋਇਆ, ਬਹਾਉ, ਰਸਣ, ਦੇਖੋ ਸ੍ਰੁਤ (श्रुत)

स्रुति–ਸ੍ਰੁਤਿ, ਇ., ਦੇਗੋ ਸ੍ਰਤਿ (श्रुति)

स्रुवा–ਸ੍ਰੁਵਾ. ਇ., ਹੋਮ ਕਰਨ ਵੇਲੇ ਅਣ ਵਿਚ ਘਿਉ ਪਾਉਣ ਵਾਲਾ ਲਕੜੀ ਦਾ ਚਮਚਾ, ਸਰੋਆ

स्रेनी–ਸ੍ਰੇਨੀ, ਇ., ਦੇਖੋ ਸ੍ਰੇਣੀ (श्रेणी)

स्रोत–ਸ੍ਰੋਤ, ਪੁ., ਪਾਣੀ ਦਾ ਝਰਨਾ, ਸੋਤਾ, ਚਸ਼ਮਾ

स्रोतस्विनी, स्रोतोवह–ਸ੍ਰੋਤਸ੍ਵਿਨੀ, ਸ੍ਰੋਤੋਵਹ, ਇ., ਨਦੀ

स्रोन–ਸ੍ਰੋਨ, ਪੁ., ਦੇਖੋ ਸ਼੍ਰਵਣ (श्रवण)

स्रोनित–ਸ੍ਰੋਨਿਤ, ਪੁ., ਸ਼ੋਣਿਤ (शोणित)

स्लीपर–ਸਲੀਪਰ, ਪੁ., ਇਕ ਤਰ੍ਹਾਂ ਦੀ ਬਿਨਾ ਅੱਡੀ ਵਾਲੀ ਜੁੱਤੀ. ਚੱਟੀ, ਗੱਡੀ ਦੀ ਪਟੜੀਆਂ ਦੇ ਹੇਠਾਂ ਵਿਛੀ ਹੋਈ ਲੱਕੜ, ਥੱਾਲਾ

स्लेज्–ਸਲੇਜ, ਇ.. ਬਰਫ ਤੇ ਸਰਕਣ ਵਾਲੀ ਬਿਨਾ ਪਹੀਏ ਵਾਲੀ ਇਕ ਤਰ੍ਹਾਂ ਦੀ ਗੱਡੀ

स्लेट्–ਸਲੇਟ, ਪੁ., ਪੱਥਰ ਦੀ ਪੱਟੀ ਜਿਸ ਪਰ ਲਿਖਦੇ ਹਨ

स्वः–ਸ੍ਵਃ. ਪੁ.. ਸੁਰਗ

स्वःसरिता–ਸ੍ਵਃਸਰਿਤਾ, ਇ,, ਗੰਗਾ

स्वः सुन्दरी–ਸ੍ਵਃ ਸੁੰਦਰੀ, ਇ., ਅਪਸਰਾ, ਪਰੀ

स्व–ਸ੍ਵ, ਪੁ., ਧਨ, ਦੌਲਤ, ਆਪ, ਨਿਜ, ਵਿਸ਼ਨੂੰ, ਕੌਮ, ਸਾਕ

स्वक–ਸ੍ਵਕ, ਵਿ., ਨਿਜੀ, ਆਪਣਾ

स्वकम्पन–ਸ੍ਵਕੰਪਨ, ਪੁ., ਪੌਣ, ਹਵਾ

स्वकरण–ਸ੍ਵਕਰਣ, ਵਿ., ਪ੍ਰਵਾਣ, ਮੰਜ਼ੂਰ

स्वकर्म–ਸ੍ਵਕਰਮ, ਪੁ., ਆਪਣਾ ਕੰਮ

स्वकर्मी–ਸ੍ਵਕਰਮੀ, ਵਿ., ਮਤਲਬੀ, ਖੁੰਦਗਰਜ਼, ਸੁਆਰਥੀ

स्वकीया–ਸ੍ਵਕੀਯਾ, ਇ., ਅਪਣੇ ਹੀ ਪਤੀ ਨਾਲ ਪਿਆਰ ਕਰਨ ਵਾਲੀ ਨਾਇਕਾ

स्वगत–ਸ੍ਵਗਤ, ਪੁ., ਆਪਣੇ ਆਪ, ਮਨ ਹੀ ਮਨ

स्वगतकथन–ਸ੍ਵਗਤਕਥਨ, ਪੁ., ਨਾਟਕ ਵਿਕ ਕਿਸੇ ਪਾਤਰ ਦਾ ਆਪਣੇ ਆਪ ਹੀ ਬੋਲਣ ਦਾ ਭਾਵ

स्वगोप–ਸ੍ਵਗੋਪ, ਵਿ., ਅਖਣੇ ਸਰੀਰ ਨੂੰ ਬਚਾਉਣ ਵਾਲਾ, ਅਪਣਾ ਬਚਾਉ ਕਰਨ ਵਾਲਾ

स्वङ्ग–ਸ੍ਵੰਗ, ਪੁ., ਸੋਹਣਾ ਸਰੀਰ, ਗੁਥੀ ਹੋਈ ਸਿਹਤ

स्वच्छ–ਸ੍ਵੱਛ, ਵਿ., ਸਾਫ, ਨਿਰਮਲ, ਪਵਿੱਤਰ, ਅਭਰਕ, ਮੋਤੀ

स्वच्छता–ਸ੍ਵੱਛਤਾ, ਇ., ਸਫਾਈ. ਨਿਰਮਲਤਾ. ਪਵਿੱਤਰਤਾ

स्वच्छन्द–ਸ੍ਵੱਛੰਦ, ਵਿ., ਸੁਤੰਤਰ, ਮਨਮੌਜੀ, ਨਿਧੜਕ, ਬੇਧੜਕ

स्वच्चन्दचारिणी–ਸ੍ਵਛੰਦਚ ਰਿਣੀ, ਇ., ਵੇਸਵਾ. ਚੰਡੀ

स्वच्छन्दचारी–ਸ੍ਵੱਛੰਦਚਾਰੀ, ਵਿ., ਆਜ਼ਾਦ, ਘੁੰਮਣ ਫਿਰਨ ਵਾਲਾ, ਮਨ ਮੌਜੀ

स्वच्छन्दता–ਸ੍ਵੱਛੰਦਤਾ, ਇ., ਸੁਤੰਤਰਤਾ ਆਜ਼ਾਦੀ

स्वच्छी–ਸ੍ਵੱਛੀ, ਵਿ., ਨਿਰਮਲ

स्वज–ਸ੍ਵਜ, ਪੁ., ਖੂਨ, ਲਹੂ; ਪੁ., ਲੜਕਾ, ਪੁੱਤਰ, ਬੇਟਾ, ਪਸੀਨਾ, ਮੁੜ੍ਹਕਾ, ਵਿ., ਆਪਣੇ ਆਪ ਭੋਂ ਉਤਪੰਨ, ਸੁਭਾਵਕ

स्वजन–ਸ੍ਵਜਨ, ਪੁ., ਸਾਕ, ਰਿਸ਼ਤੇਦਾਰ, ਅਪਣਾ ਬੰਦਾ

स्वजनंता–ਸ੍ਵਜਨਤਾ, ਇ., ਰਿਸ਼ਤੇਦਾਰੀ

स्वजन्मा–ਸ੍ਵਜਨਮਾ, ਵਿ., ਆਪਣੇ ਆਪ ਤੋਂ ਪੈਦਾ ਹੋਇਆ

स्वजात–ਸ੍ਵਜਾਤ, ਵਿ., ਪੁੱਤਰ. ਬੇਟਾ; ਲੜਕਾ

स्वजाति–ਸ੍ਵਜਾਤਿ, ਇ., ਆਪਣੀ ਜਾਤ, ਆਪਣੀ ਕੌਮ

स्वजातीय–ਸ੍ਵਜਾਤੀਯ, ਵਿ., ਆਪਣੀ ਜਾਤ ਦਾ, ਇਕੋ ਹੀ ਜਾਤ ਦਾ

स्वतन्त्रं–ਸ੍ਵਤੰਤ੍ਰ, ਵਿ., ਮਨਮਾਨੀਆਂ ਕਰਨ ਵਾਲਾ, ਸਿਆਣਾ, ਵਖ, ਅਡ, ਅਜ਼ਾਦ

स्वतन्त्रता–ਸ੍ਵਤੰਤ੍ਰਤਾ, ਇ., ਅਜ਼ਾਦੀ

स्वतन्त्री–ਸ੍ਵਤੰਤ੍ਰੀ, ਵਿ., ਅਜ਼ਾਦ, ਸੁਤੰਤਰ

स्वतः–ਸ੍ਵਤਃ ਅਵਜ., ਆਪਣੇ ਆਪ, ਆਪ ਹੀ

स्वतुल्य–ਸ੍ਵਤੁਲਜ, ਵਿ., ਆਪਣੇ ਵਾਙ, ਆਪਣੇ ਦੀ ਤਰ੍ਹਾਂ

स्वतोविरोधी–ਸ੍ਵਤੋਵਿਰੋਧੀ, ਪੁ., ਆਪਣੀ ਹੀ ਖਿਲਾਫਤ ਕਰਨ ਵਾਲਾ

स्वत्व–ਸ੍ਵਤ੍ਵ, ਪੁ., ਅਪਣੱਤ, ਹੱਕ, ਅਧਿਕਾਰ

स्वत्वाधिकारी–ਸ੍ਵਤਵਾਧਿਕਾਰੀ, ਪੁ., ਮਾਲਕ, ਅਧਿਕਾਰੀ

स्वदन–ਸ੍ਵਦਨ, ਪੁ., ਸੁਆਦ ਲੈਣ ਦਾ ਭਾਵ, ਚੱਖਣ ਦਾ ਭਾਵ

स्वदेश–ਸ੍ਵਦੇਸ਼, ਪੁ., ਆਪਣਾ ਮੁਲਖ, ਮਾਤਭੂਮੀ, ਜਨਮਭੂਮੀ

स्वदेशी–ਸ੍ਵਦੇਸ਼ੀ, ਵਿ.. ਆਪਣੇ ਮੁਲਖ ਦਾ

स्वधर्म–ਸ੍ਵਧਰਮ, ਪ., ਆਪਣਾ ਧਰਮ

स्वधा–ਸ੍ਵਧਾ, ਅਵਜ., ਦੇਵਤਿਆਂ ਜਾਂ ਪਿਤਰਾਂ ਨੂੰ ਹਵਨ ਅਤੇ ਦਾਨ ਆਦਿ ਦੇਣ ਦਾ ਮੰਤਰ, ਇ., ਦਖਸ਼ ਦੀ ਧੀ ਦਾਂ ਨਾਉਂ

स्वधाकर–ਸ੍ਵਧਾਕਰ, ਵਿ., ਧਾਰਨ ਕਰਨ ਵਾਲਾ

स्वधिति–ਸ੍ਵਧਿਤਿ, ਇ., ਬੱਜਰੀ, ਕੁਹਾੜਾ

स्वधीत–ਸ੍ਵਧੀਤ, ਵਿ., ਅੱਛੀ ਤਰ੍ਹਾਂ ਪੜ੍ਹਿਆ ਹੋਇਆ

स्वन–ਸ੍ਵਨ, ਪੁ., ਧੁਨ, ਸ਼ਬਦ, ਅਵਾਜ਼

स्वनामधन्य–ਸ੍ਵਨਾਮਧਨਜ, ਵਿ., ਆਪਣੇ ਨਾਉਂ ਤੇ ਹੀ ਧੰਨ ਧੰਨ ਕਰਾਉਣ ਵਾਲਾ

स्वनामा–ਸ੍ਵਨਾਮਾ, ਪੁ., ਜੋ ਆਪਣੇ ਨਾਉਂ ਤੋਂ ਉੱਘਾ ਹੋਵੇ, ਨਾਮੀ

स्वनित–ਸ੍ਵਨਿਤ, ਪੁ., ਸ਼ਬਦ, ਬੱਦਲਾਂ ਦੀ ਗੜਗੜਾਹਟ

स्वनिष्ठ–ਸ੍ਵਨਿਸ਼ਠ, ਵਿ., ਆਪਣਾ ਕੰਮ ਆਪਣੇ ਆਪ ਕਰਨ ਵਾਲਾ

स्वन्त–ਸ੍ਵੰਤ, ਵਿ., ਜਿਸ ਦਾ ਅੰਤ ਚੰਗਾ ਹੋਵੇ

स्वन्न–ਸ੍ਵੰਨ, ਪ., ਉਤਮ ਅੰਨ

स्वप्न–ਸ੍ਵਪ੍ਨ, ਪੁ., ਨੀਂਦਰ, ਨੀਂਦ. ਸੁਪਨਾ, ਸੁਫਨਾ

स्वप्नदर्शन–ਸ੍ਵਪ੍ਨਦਰਸ਼ਨ, ਵਿ., ਵੱਡੀ ਵਡੀ ਕਲਪਨਾ ਕਰਨ ਵਾਲਾ, ਪੁ., ਸੁਪਨੇ ਵਿਚ ਮਿਤਰ ਦਾ ਮਿਲਾਪ

स्वप्नदोष–ਸ੍ਵਪ੍ਨਦੋਸ਼. ਪੁ., ਨੀਂਦਰ ਦੀ ਹਾਲਤ ਵਿਚ ਵੀਰਜ ਦਾ ਪਾਤ

स्वप्नाना–ਸ੍ਵਪ੍ਨਾਨਾ, ਕ੍ਰਿ., ਸੁਫਨਾ ਦਿਖਾਉਣਾ.

स्वप्नालु–ਸ੍ਵਪ੍ਨਾਲੁ. ਵਿ., ਉਂਘਾਇਆ, ਜਿਸ ਨੂੰ ਨੀਂਦਰ ਆਉਂਦੀ ਹੋਵੇ

स्वरन–ਸ੍ਵਵਰਨ, ਪੁ., ਸੋਨਾ

स्वबीज–ਸ੍ਵਵੀਜ, ਪੁ., ਆਤਮਾ, ਆਪਣਾ ਵੀਰਜ

स्वभाऊ, स्वभाव–ਸ੍ਵਭਾਉ, ਸ੍ਵਭਾਵ, ਪੁ., ਆਦਤ, ਸੁਭਾਉ, ਬਾਣ, ਮਿਜਾਜ਼, ਮਨ ਦਾ ਖਿਆਲ

स्वभावतः–ਸ੍ਵਭਾਵਤਃ, ਅਵਜ., ਸਹਿਜੇ ਹੀ, ਸੁਭਾਉਕ ਹੀ

स्वभावसिद्ध–ਸ੍ਵਭਾਵਸਿੱਧ, ਵਿ., ਸਹਿਜ ਸੁਭਾਉ ਨਾਲ ਹੋਣ ਵਾਲਾ, ਸ੍ਵਤੋਸਿੱਧ, ਸੁਭਾਵਕੀ

स्वभाविक–ਸ੍ਵਭਾਵਿਕ, ਵਿ.. ਦੇਖੋ ਸ੍ਵਾਭਾਵਿਕ (स्वाभाविक)

स्वभावोक्ति–ਸ੍ਵਭਾਵੋਕ੍ਤਿ, ਇ., ਇਕ ਅਲੰਕਾਰ

स्वभू–ਸ੍ਵਭੂ. ਪੁ., ਬ੍ਰਹਮਾ, ਵਿਸ਼ਨੂੰ, ਸ਼ਿਵ, ਵਿ., ਜੋ ਆਪਣੇ ਆਪ ਪੈਦਾ ਹੋਇਆ ਹੋਵੇ

स्वभूति–ਸ੍ਵਭੂਤਿ, ਪੁ., ਵਾ, ਹਵਾ

स्वयं–ਸ੍ਵਯੰ, ਅਵਜ.. ਆਪਣੇ ਆਪ ਖੁਦ, ਆਪੇ

स्वयंदत्त-ਸ੍ਵਯੰਦੱਤ, ਪੁ., ਉਹ ਬਾਲਕ ਜੋ ਆਪਣੇ ਆਪ ਕਿਸੇ ਦਾ ਪੁੱਤਰ ਬਣ ਜਾਵੇ

स्वयंदूत–ਸ੍ਵਯੰਦੂਤ, ਪੁ., ਉਹ ਨਾਇਕ ਜੋ ਆਪਣੀ ਕਾਮ ਵਾਸਨਾ ਨਾਇਕਾ ਕੋਲ ਆਪ ਹੀ ਪਰਗਟ ਕਰਦਾ ਹੈ

स्वयंदूती–ਸ੍ਵਯੰਦੂਤੀ, ਇ., ਉਹ ਨਾਇਕਾ ਜੋ ਆਪਣੀ ਕਾਮ ਵਾਸਨਾ ਨਾਇਕ ਕੋਲ ਆਪ ਹੀ ਪਰਗਟ ਕਰਦੀ ਹੈ

स्वयंप्रकाश–ਸ੍ਵਯੰਪ੍ਰਕਾਸ਼, ਪੁ., ਜੋ ਆਪਣੇ ਆਪ ਹੀ ਚਮਕੇ, ਪਰਮਾਤਮਾ, ਰੱਬ

स्वयंप्रभा–ਸ੍ਵਯੰਪ੍ਰਭਾ, ਇ., ਇੰਦਰ ਦੇ ਅਖਾੜੇ ਦੀ ਇਕ ਪਰੀ

स्वयंप्रमाण–ਸ੍ਵਯੰਪ੍ਰਮਾਣ, ਵਿ., ਜਿਸ ਲਈ ਦੂਸਰੇ ਪ੍ਰਮਾਣ ਦੀ ਲੋੜ ਨਾ ਹੋਵੇ

स्वयंभू–ਸ੍ਵਯੰਭੂ, ਵਿ., ਬ੍ਰਹਮਾ, ਵਿਸ਼ਨੂੰ, ਸ਼ਿਵ, ਕਾਮਦੇਵ, ਕਾਲ, ਜੋ ਆਪਣੇ ਆਪ ਪੈਦਾ ਹੋਇਆ ਹੋਵੇ

स्वयंवर–ਸ੍ਵਯੰਵਰ. ਪੁ., ਹਿੰਦੁਸਤਾਨ ਦੀ ਇਕ ਪੁਰਾਣੀ ਰੀਤ ਜਿਸ ਵਿਚ ਵਿਆਹ ਜੋਗ ਲੜਕੀ ਕੁਝ ਇਕਠੇ ਹੋਏ ਲੋਕਾਂ ਵਿਚੋਂ ਆਪਣਾ ਪਤੀ ਚੁਣ ਲੈਂਦੀ ਹੈ

स्वयंवरण–ਸ੍ਵਯੰਵਰਣ, ਪੁ., ਆਪਣਾ ਪਤੀ ਆਪ ਚੁਣਨ ਦਾ ਭਾਵ

स्वयंवरा–ਸ੍ਵਯੰਵਰਾ, ਇ., ਆਪਣਾ ਪਤੀ ਆਪ ਚੁਣਨ ਵਾਲੀ ਲੜਕੀ

स्वयंसिद्ध–ਸ੍ਵਯੰਸਿੱਧ, ਵਿ., ਜਿਸ ਦੀ ਸਿਧੀ ਲਈ ਦੂਜੇ ਪ੍ਰਮਾਣ ਦੀ ਲੋੜ ਨਾ ਹੋਵੇ

स्वयंसेवक–ਸ੍ਵਯੰਸੇਵਕ. ਪ., ਜੋ ਬਿਨਾ ਇਨਾਮ ਜਾਂ ਤਨਖਾਹ ਦੇ ਕੋਈ ਕੰਮ ਕਰਦਾ ਹੋਵੇ. ਵਾਲੰਟੀਅਰ

स्वयम्–ਸ੍ਵਯਮ, ਅਵਜ., ਆਪ. ਖੁਦ ਬਖੁਦ, ਆਪਣੇ ਆਪ

स्वयमर्जित–ਸ੍ਵਯਮਰਜਿਤ. ਵਿ., ਆਪਣੇ ਆਪ ਕਮਾਇਆ ਹੋਇਆ

स्वयम्भु, स्वयम्भुव–ਸ੍ਵਯਮਭੁ. ਸ੍ਵਯਮਭੁਵ, ਪੁ., ਬ੍ਰਹਮਾ, ਵਿਸ਼ਨੂੰ, ਸ਼ਿਵ, ਵੇਦ ਆਦਿ, ਮਨੁ

स्वयमेव–ਸ੍ਵਯਮੇਵ, ਪੁ., ਵਿਸ਼ਨੂੰ, ਸ਼ਿਵ, ਕਾਮਦੇਵ, ਕਾਲ

स्वर्–ਸ੍ਵਰ, ਪੁ., ਸਰਗ, ਪਰਲੋਕ

स्वर–ਸ੍ਵਰ, ਪੁ., ਅਵਾਜ, ਸ਼ਬਦ, ਰਾਗ. ਗੀਤ, ਸੰਗੀਤ ਵਿਚ ਸਾ, ਰੇ. ਗਾ ਆਦਿ ਸੱਤ ਸੁਰ, ਵਿਆਕਰਣ ਅਨੁਸਾਰ ਹਿੰਦੀ ਦੇ ਗਿਆਰਾਂ ਅੱਖਰਾਂ ਨੂੰ ਸਵਰ ਆਖਦੇ ਹਨ ਜੋ ਕਿ 'ਅ, ਆ' ਆਦਿ ਹਨ

स्वरक्षय–ਸਰਕਸ਼ਯ, ਪੁ.. ਗਲਾ ਬੈਠਣ ਦੀ ਬੀਮਾਰੀ

स्वरनादी–ਸ੍ਵਰਨਾਦੀ, ਪੁ., ਮੂੰਹ ਨਾਲ ਵਜਾਉਣ ਵਾਲਾ ਵਾਜਾ

स्वरभङ्ग–ਸ੍ਵਰਭੰਗ, ਪੁ., ਗਲਾ ਬੈਠਣ ਅਤੇ ਸਾਫ ਅਵਾਜ਼ ਨਾ ਨਿਕਲਣ ਦਾ ਰੋਗ

स्वरभङ्गी–ਸ੍ਵਰਭੰਗੀ ਪੁ., ਜਿਸ ਦਾ ਗਲਾ ਬੈਠ ਗਿਆ ਹੋਵੇ

स्वरमण्डल–ਸ੍ਵਰਮੰਡਲ, ਪੁ., ਇਕ ਤਰ੍ਹਾਂ ਦਾ ਵਾਜਾ ਜਿਸ ਵਿਚ ਤਾਰਾਂ ਲਗੀਆਂ ਹੋਈਆਂ ਹੁੰਦੀਆਂ ਹਨ

स्वरलासिका–ਸ੍ਵਰਲਾਸਿਕਾ, ਇ., ਮੁਰਲੀ, ਬੰਸਰੀ

स्वरस–ਸ੍ਵਰਸ. ਪੁ., ਫਲ ਫੁੱਲ ਅਤੇ ਪੱਤੀਆਂ ਨੂੰ ਕੁੱਟ ਪੀਹ ਕੇ ਕੱਢਿਆ ਹੋਇਆ ਰਸ

स्वरसादि–ਸ੍ਵਰਸਾਦਿ, ਪੁ., ਕਾੜ੍ਹਾ

स्वराज्य–ਸ੍ਵਰਾਜਯ, ਪੁ., ਉਹ ਰਾਜ ਜਿਥੇ ਲੋਕੀ ਹੀ ਹਕੂਮਤ ਕਰੇਂ

स्वराट्–ਸ੍ਵਰਾਟ, ਪੁ., ਬ੍ਰਹਮਾ, ਪਰਮਾਤਮਾ, ਰੱਬ

स्वरान्त–ਸ੍ਵਰਾਂਤ, ਵਿ., ਜਿਸ ਦੇ ਅੰਤ ਵਿਚ ਕੋਈ ਸਵਰ ਹੋਵੇ

स्वरापगा–ਸ੍ਵਰਾਪਗਾ, ਇ., ਗੰਗਾ

स्वराष्ट्र–ਸ੍ਵਰਾਸ਼ਟ੍ਰ, ਪੁ., ਆਪਣਾ ਰਾਜ, ਆਪਣਾ ਮੁਲਖ

स्वरुचि–ਸ੍ਵਰੁਚਿ. ਪੁ., ਆਪਣੀ ਇੱਛਿਆ, ਆਪਣੀ ਮਰਜ਼ੀ

स्वरूप–ਸ੍ਵਰੂਪ. ਪੁ., ਸ਼ਕਲ, ਸੂਰਤ, ਤਸਵੀਰ, ਸੁਭਾਉ, ਦੇਵਤਿਆਂ ਆਦਿ ਦਾ ਧਾਰਣ ਕੀਤਾ ਰੂਪ, ਸਾਂਗ

स्वरूपज्ञ–ਸ੍ਵਰੂਪਗਯ, ਪ., ਵਿਦਵਾਨ, ਪੰਡਿਤ, ਵਿ., ਪਰਮਾਤਮਾ ਦਾ ਰੂਪ ਪਛਾਣਨ ਵਾਲਾ

स्वरूपवन्–ਸ੍ਵਰੂਪਵਾਨ, ਵਿ., ਸੁੰਦਰ, ਸੋਹਣਾ

स्वरूपी–ਸ੍ਵਰੂਪੀ, ਵਿ., ਜਿਸ ਨੇ ਕਿਸੇ ਦਾ ਰੂਪ ਧਾਰਨ ਕੀਤਾ ਹੋਵੇ, ਸਾਂਗ ਧਣਾਉਣ ਵਾਲਾ

स्वरोचिष्–ਸ੍ਵਰੋਚਿਸ਼, ਪੁ., ਇਕ ਮਨੁ ਦੇ ਪਿਉ ਦਾ ਨਾਉਂ

स्वरोद–ਸ੍ਵਰੋਦ, ਪੁ., ਇਕ ਕਿਸਮ ਦਾ ਸਾਜ

स्वरोदय–ਸ੍ਵਰੋਦਯ, ਪ., ਉਹ ਸ਼ਾਸਤਰ ਜਿਸ ਵਿਚ ਸਰ ਨਾਲ ਹੀ ਮਾੜਾ ਚੰਗਾ ਫਲ ਦਸਿਆ ਜਾਵੇ

स्वर्ग–ਸ੍ਵਰਗ, ਪੁ.. ਦੇਵਲੋਕ, ਉਹ ਥਾਂ ਜਿਥੇ ਦੁਖ ਦਾ ਲੇਸ ਨਾ ਹੋਵੇ, ਪਰਮਾਤਮਾ, ਅਕਾਸ, ਸੁਖ

स्वर्गगामी–ਸ੍ਵਰਗਗਾਮੀ. ਵਿ., ਸੁਰਗ ਨੂੰ ਜਾਣ ਵਾਲਾ, ਮਰਿਆ ਹੋਇਆ

स्वर्गङ्गा–ਸ੍ਵਰਗੰਗਾ, ਇ., ਗੰਗਾ

स्वर्गपति–ਸ੍ਵਰਗਪਤਿ, ਪੁ., ਇੰਦਰ ਦੇਵਤਾ

स्वर्गपुरी–ਸ੍ਵਰਗਪੁਰੀ, ਇ.. ਇੰਦਰ ਦੀ ਪੁਰੀ, ਅਮਰਾਵਤੀ

स्वर्गपुष्प–ਸ੍ਵਰਗਪੁਸ਼ਪ, ਪੁ., ਲੌਂਗ

स्वर्गलोक–ਸ੍ਵਰਗਲੋਕ. ਪੁ., ਸੁਰਗ

स्वर्गवधु–ਸ੍ਵਰਗਵਧੁ, ਇ.. ਅਪਸਰਾ

स्वर्गवास–ਸ੍ਵਰਗਵਾਸ, ਪੁ., ਮਰਨਾ, ਚਲਾਣਾ ਕਰਨਾ

स्वर्गवासी–ਸ੍ਵਰਗਵਾਸੀ, ਵਿ., ਜੋ ਮਰ ਗਿਆ ਹੋਵੇ

स्वर्गी–ਸ੍ਵਰਗੀ, ਪੁ., ਦੇਵਤਾ, ਵਿ. ਸੁਰਗ ਪਹੁੰਚਿਆ ਹੋਇਆ

स्वर्गीय–ਸ੍ਵਰਗੀਯ, ਵਿ., ਸੁਰਗ ਦਾ, ਸੁਰਗ ਵਿਚ ਰਹਿਣ ਵਾਲਾ

स्वर्जि, स्वर्जिक–ਸ੍ਵਰਜਿ, ਸ੍ਵਰਜਿਕ, ਪੁ., ਜੇਖਾਰ, ਸ਼ੋਰਾ

स्वर्ण–ਸ੍ਵਰਣ, ਪੁ., ਸੋਨਾ, ਧਤੂਰਾ, ਨਾਗ ਕੇਸਰ

स्वर्णकाय–ਸ੍ਵਰਣਕਾਯ, ਪੁ., ਗਰੁੜ

स्वर्णकार–ਸ੍ਵਰਣਕਾਰ, ਪੁ., ਸੁਨਿਆਰ

स्वर्णकूट–ਸ੍ਵਰਣਕੂਟ, ਪੁ., ਹਿਮਾਲੇ ਪਹਾੜ ਦੀ ਇਕ ਚੋਟੀ ਦਾ ਨਾਉਂ

स्वर्णगिरि–ਸ੍ਵਰਣਗਿਰਿ, ਪੁ., ਸੁਮੇਰ ਪਰਬਤ, ਸੋਨੇ ਦਾ ਪਹਾੜ

स्वर्णचूड़–ਸ੍ਵਰਣਚੂੜ, ਪੁ., ਨੀਲ ਕੰਠ ਨਾਉਂ ਦਾ ਪੰਛੀ

स्वर्णज–ਸ੍ਵਰਣਜ, ਪੁ., ਸੋਨਾਮੱਖੀ

स्वर्णजातिका–ਸ੍ਵਰਣਜਾਤਿਕਾ, ਇ., ਪੀਲੀ ਚਮੇਲੀ

स्वर्णजीवी–ਸ੍ਵਰਣਜੀਵੀ, ਪੁ., ਸੁਨਿਆਰ

स्वर्णद–ਸ੍ਵਰਣਦ, ਵਿ. ਸੋਨਾ ਦਾਨ ਕਰਨ ਵਾਲਾ

स्वर्णद्रु–ਸ੍ਵਰਣਦ੍ਰੁ, ਪੁ., ਅਮਲਤਾਸ, ਗੁਲੱਕੜ

स्वर्णनिभ–ਸ੍ਵਰਣਨਿਭ, ਵਿ., ਸੋਨੇ ਵਰਗਾ

स्वर्णपक्ष–ਸ੍ਵਰਣਪਕ੍ਸ਼, ਪੁ., ਗਰੁੜ

स्वर्णपत्र–ਸ੍ਵਰਣਪੱਤ੍ਰ, ਪੁ., ਸੋਨੇ ਦਾ ਵਰਕ

स्वर्णपर्पटी–ਸ੍ਵਰਣਪਰਪਟੀ, ਇ., ਸੰਗਰੈਹਿਣੀ ਰੋਗ ਦੀ ਇਕ ਦੇਸੀ ਦਵਾਈ

स्वर्णभूषण–ਸ੍ਵਰਣਭੂਸ਼ਣ, ਪੁ., ਸੋਨੇ ਦਾ ਗਹਿਣਾ

स्वर्णमाक्षिक–ਸ੍ਵਰਣਮਾਕਸ਼ਿਕ, ਪੁ., ਸੋਨਾ ਮੱਖੀ

स्वर्णमुद्रा–ਸ੍ਵਰਣਮੁਦ੍ਰਾ, ਇ., ਸੋਨੇ ਦਾ ਸਿੱਕਾ, ਅਸ਼ਰਫੀ, ਗਿੰਨੀ, ਅਠਮਾਸੀ

स्वर्णलता–ਸ੍ਵਰਣਲਤਾ, ਇ., ਮਾਲਕੰਗਣੀ, ਇਕ ਤਰ੍ਹਾਂ ਦੀ ਵੇਲ

स्वर्णाकर–ਸ੍ਵਰਣਾਕਰ, ਪੁ., ਸੋਨੇ ਦੀ ਖਾਣ

स्वर्णाभ–ਸ੍ਵਰਣਾਭ, ਪੁ;, ਹੜਤਾਲ

स्वर्णारि–ਸਰਣਾਰਿ, ਪੁ., ਗੰਧਕ, ਸੀਸਾ

स्वर्णिका–ਸ੍ਵਰਣਿਕਾ, ਇ., ਧਣੀਆ

स्वर्धुनी–ਸ੍ਵਰਧੁਨੀ, ਇ., ਗੰਗਾ

स्वर्नगरी–ਸ੍ਵਰਨਗਰੀ, ਇ., ਇੰਦਰਪੁਰੀ, ਅਮਰਾਵਤੀ ਨਗਰੀ

स्वर्पति–ਸ੍ਵਰਪਤਿ, ਪੁ., ਸੁਰਗ ਦਾ ਮਾਲਕ, ਇੰਦਰ ਦੇਵਤਾ

स्वर्भानु–ਸ੍ਵਰਭਾਨੁ, ਪੁ., ਰਾਹੂ, ਸ੍ਰੀ ਕ੍ਰਿਸ਼ਨ ਜੀ ਦੇ ਇਕ ਪੁੱਤਰ ਦਾ ਨਾਉਂ

स्वर्लोक–ਸ੍ਵਰਲੋਕ, ਪੁ., ਸੁਰਗ

स्वर्वधु, स्वर्वेश्या–ਸ੍ਵਰਵਧੂ, ਸ੍ਵਰਵੇਸ਼ਯਾ, ਇ., ਪਰੀ, ਅਪਸਰਾ

स्वर्वैद्य–ਸ੍ਵਰਵੈਦ੍ਯ, ਪੁ., ਸੁਰਗ ਦੇ ਵੈਦ ਅਸ਼ੁਨੀ ਕੁਮਾਰ ਆਦਿ

स्वल्प–ਸ੍ਵਲਪ, ਵਿ., ਮਮੂਲੀ, ਥੋੜ, ਬਹੁਤ ਥੋੜਾ

स्वल्पकेशर–ਸ੍ਵਲਪਕੇਸ਼ਰ, ਪੁ., ਕਚਨਾਰ

स्वल्पकेशी–ਸ੍ਵਲਪਕੇਸ਼ੀ, ਪੁ., ਜਿਸ ਦੇ ਵਾਲ ਬਹੁਤ ਘਟ ਹੋਣ

स्वल्पजम्बूक–ਸ੍ਵਲਪਜੰਬੂਕ, ਪੁ., ਲੂਮੜੀ

स्ववरन–ਸ੍ਵਵਰਨ, ਪੁ. ਦੇਖੋ ਸ੍ਵਰਣ (स्वर्ण)

स्ववश–ਸ੍ਵਵਸ਼, ਪੁ., ਜੋ ਆਪਣੇ ਬਸ ਵਿਚ ਹੋਵੇ

स्ववासिनी–ਸ੍ਵਵਾਸਿਨੀ, ਇ., ਆਪਣੇ ਪੇਉ ਦੇ ਘਰ ਰਹਿਣ ਵਾਲੀ ਤੀਵੀਂ

स्वसंवेदन–ਸ੍ਵਸੰਵੇਦਨ, ਪੁ., ਆਪਣਾ ਅਨੁਭਵ

स्वसंवेद्य–ਸ੍ਵਸੰਵੇਦ੍ਯ, ਵਿ., ਸਿਰਫ ਆਪਣੇ ਹੀ ਤਜਰਬੇ ਜੋਗ

स्वसमुत्थ–ਸ੍ਵਸਮੁੱਥ, ਵਿ., ਸੁਭਾਵਿਕ

स्वसम्भव–ਸ੍ਵਸੰਭਵ, ਵਿ., ਜੋ ਆਪਣੇ ਤੋਂ ਉਤਪੰਨ ਹੋਵੇ

स्वसम्भूत–ਸ੍ਵਸੰਭੂਤ, ਵਿ., ਜੋ ਆਪ ਤੋਂ ਉਤਪੰਨ ਹੋਵੇ

स्वसा–ਸ੍ਵਸਾ, ਇ., ਭੈਣ

स्वसुर–ਸ੍ਵਸੁਰ, ਪੁ.. ਸੌਹਰਾ

वसुराल–ਸ੍ਵਸੁਰਾਲ, ਪੁ., ਸੌਹਰੇ ਘਰ

स्वस्ति–ਸ੍ਵਸ੍ਤਿ, ਅਵਜ., ਇਕ ਅਸੀਰਵਾਦ ਦਾ ਸ਼ਬਦ, ਇ., ਕਲਿਆਣ, ਮੰਗਲ, ਸੁਖ

स्वस्तिक–ਸ੍ਵਸ੍ਤਿਕ, ਪੂ., ਇਕ ਕਿਸਮ ਦਾ ਸਾਗ, ਲਸਣ, ਹਠਜੋਗ ਦਾ ਇਕ ਆਸਣ, ਚੋਰਸਤਾ, ਮੂਲੀ, ਸ਼ੱਪ ਦੇ ਫਣ ਪਰ ਦੀ ਲਕੀਰ, ਇਕ ਕਿਸਮ ਦਾ ਨਿਸ਼ਾਨ ਜੋ ਵਿਆਂਹ ਅਤੇ ਤਿਹਾਰਾਂ ਵੇਲੇ ਬਣਾਕੇ ਪੂਜਦੇ ਹਨ

स्वस्तिका–ਸ੍ਵਸ੍ਤਿਕਾ, ਇ., ਚਮੇਲੀ

स्वस्तिवाचन–ਸ੍ਵਸ੍ਤਿਵਾਚਨ, ਵਿ., ਵਿਆਹ ਆਦਿਕ ਵਿਚ ਪੂਜਨ ਕਰਨ ਤੋਂ ਪਹਿਲਾਂ ਦਾ ਵੇਦਪਾਠ

स्वस्तिवाद–ਸ੍ਵਸ੍ਤਿਵਾਦ, ਵਿ., ਅਸ਼ੀਰਬਾਦ

स्वस्त्ययन–ਸ੍ਵਸਤ੍ਯਯਨ, ਪੁ, ਉਹ ਕਰਮ ਜਿਸ ਦੇ ਕਰਨ ਤੇ ਪਾਪ ਦਾ ਨਾਸ ਅਤੇ ਪੁੰਨ ਦੀ ਪ੍ਰਾਪਤੀ ਹੋਵੇ

स्वस्थ–ਸ੍ਵਸਥ, ਵਿ., ਜਿਸ ਦੀ ਸਹਤ ਅਛੀ ਹੋਵੇ, ਤੰਦਰੁਸਤ

स्वस्थान–ਸ੍ਵਸਥਾਨ, ਪੁ.. ਆਪਣੀ ਜਗਾ

स्वस्रीय–ਸ੍ਵਸ੍ਰੀਯ, ਪੁ., ਭੈਣ ਦਾ ਪੁੱਤਰ, ਭਾਣਜਾ, ਭਣੇਵਾਂ

स्वस्रीया–ਸ੍ਵਸ੍ਰੀਯਾ, ਇ., ਭੈਣ ਦੀ ਲੜਕੀ, ਭਾਣਜੀ

स्वांग–ਸ੍ਵਾਂਗ, ਪੁ.. ਨਕਲ, ਸਾਂਗ

स्वागत–ਸ੍ਵਾਗਤ, ਪੁ., ਆਉ ਭਗਤ, ਆਗਤ ਭਾਗਤ

स्वागतकारिणीसभा–ਸ੍ਵਾਗਤਕਾਰਿਣੀ ਸਭਾ, ਇ., ਆਉ ਭਗਤ ਕਰਨ ਵਾਲੀ ਸਭਾ

स्वागतपतिका–ਸ੍ਵਾਗਤਪਤਿਕਾ, ਇ., ਉਹ ਨਾਇਕਾ ਜੋ ਆਪਣੇ ਪਤੀ ਦੇ ਪਰਦੇਸੋਂ ਆਉਣ ਤੇ ਖੁਸ਼ ਹੁੰਦੀ ਹੈ

स्वागतप्रिया–ਸ੍ਵਾਗਤਪ੍ਰਿਯਾ, ਪੁ., ਉਹ ਨਾਇਕ ਜੋ ਆਪਣੀ ਪਿਆਰੀ ਦੇ ਆਉਣ ਤੇ ਖੁਸ਼ ਹੁੰਦਾ ਹੈ

स्वागता–ਸ੍ਵਾਗਤਾ, ਇ., ਇਕ ਛੰਦ ਦਾ ਨਾਉਂ

स्वागतिक–ਸ੍ਵਾਗਤਿਕ, ਵਿ., ਆਗਤ ਭਾਗਤ ਕਰਨ ਵਾਲਾ

स्वाङ्ग–ਸ੍ਵਾਂਗ, ਪੁ., ਨਕਲ, ਸਾਂਗ

स्वाङ्गिक–ਸ੍ਵਾਂਗਿਕ, ਪੁ., ਢੋਲ ਜਾ ਮਿਰਦੰਗ ਵਜਾਉਣ ਵਾਲਾ

स्वाङ्गी–ਸ੍ਵਾਂਗੀ, ਵਿ., ਨਕਲ ਕਰਨ ਵਾਲਾ, ਨਕਲੀਆ, ਬਹੁਰੂਪੀਆ

स्वाच्छन्द्य, स्वातन्त्र्य–ਸ੍ਵਾੱਛੰਦ੍ਯ, ਸ੍ਵਾਤੰਤ੍ਰ੍ਯ, ਪੁ., ਸੁਤੰਤਰਤਾ, ਅਜ਼ਾਦੀ

स्वाति–ਸ੍ਵਾਤਿ, ਇ., ਸੂਰਜ ਦੀ ਵਹੁਟੀ, ਇਕ ਨਛੱਤਰ

स्वातिपन्थ–ਸ੍ਵਾਤਿਪੰਥ, ਪੁ., ਅਕਾਸਗੰਗਾ

स्वातिसुत, स्वातिसुवन–ਸ੍ਵਾਤਿਸੁਤ, ਸ੍ਵਾਤਿਹੁਵਨ, ਪੁ., ਮੋਤੀ

स्वात्मवध–ਸ੍ਵਾਤਮਵਧ, ਪੁ., ਆਤਮਹੱਤਿਆ, ਖ਼ੁਦਕਸ਼ੀ

स्वाद–ਸ੍ਵਾਦ, ਪੁ., ਰਸ ਦਾ ਅਨੁਭਵ, ਮਜ਼ਾ, ਰਸ, ਚਸਕਾ, ਮਿੱਠਾ ਰਸ, ਅਨੰਦ

स्वादक–ਸ੍ਵਾਦਕ, ਪੁ., ਜੋ ਜ਼ਾਇਕਾ ਵੇਖੇ, ਸੁਆਦੀ, ਗਿਆਨੀ

स्वादन–ਸ੍ਵਾਦਨ, ਪੁ., ਸੁਆਦ ਲੈਣ ਦਾ ਭਾਵ, ਮਜ਼ਾ ਲੈਣ ਦਾ ਭਾਵ

स्वादित–ਸ੍ਵਾਦਿਤ, ਵਿ., ਸੁਆਦ ਵੇਖਿਆ ਹੋਇਆ, ਚੱਖਿਆ ਹੋਇਆ

स्वादिष्ट–ਸ੍ਵਾਦਿਸ਼੍ਟ, ਵਿ., ਜੋ ਖਾਣ ਵਿਚ ਬਹੁਤ ਹੀ ਸੁਆਦ ਹੋਵੇ, ਜ਼ਾਇਕੇਦਾਰ, ਸੁਆਦੀ

स्वादु–ਸ੍ਵਾਦੁ, ਪੁ., ਸੁਆਦ, ਮਿੱਠਾ

स्वादुतिक्त–ਸ੍ਵਾਦੁਤ੍ਰਿਕ੍ਤ, ਪੁ., ਅਖਰੋਟ

स्वादुधन्वा–ਸ੍ਵਾਦੁਧਨ੍ਵਾ, ਪੁ., ਕਾਮਦੇਵ

स्वादुफला–ਸ੍ਵਾਦੁਫਲਾ, ਇ., ਕੇਲਾ

स्वादुमूल–ਸ੍ਵਾਦੁਮੂਲ, ਪੁ., ਗਾਜਰ

स्वादुरसा–ਸ੍ਵਾਦੁਰਸਾ, ਇ., ਸਤਾਵਰ, ਦਾਖ

स्वाद्य–ਸ੍ਵਾਦ੍ਯ, ਵਿ., ਸੁਆਦ ਲੈਣ ਜੋਗ

स्वाधिष्ठान ਸ੍ਵਾਧਿਸ਼ਠਾਨ, ਪੁ., ਹਠ ਜੋਗ ਦੇ ਮੁਤਾਬਕ ਸਰੀਰ ਦੇ ਅੰਦਰ ਦਾ ਇਕ ਚੱਕਰ ਜਿਸ ਦੀ ਥਾਂ ਲਿੰਗ ਦੀ ਜੜ੍ਹ ਵਿਚ ਹੁੰਦੀ ਹੈ

स्वाधीन–ਸ੍ਵਾਧੀਨ, ਵਿ., ਸੁਤੰਤਰ, ਅਜ਼ਾਦ, ਕਿਸੇ ਦੇ ਬੰਧਨ ਵਿਚ ਨਾ ਆਉਣ ਵਾਲਾ

स्वाधीनता–ਸ੍ਵਾਧੀਨਤਾ, ਇ., ਸੁਤੰਤਰਤਾ, ਅਜ਼ਾਦੀ, ਖੁਲ੍ਹ

स्वाधीनपतिका–ਸ੍ਵਾਧੀਨਪਤਿਕਾ, ਇ., ਪਤੀ ਨੂੰ ਕਾਬੂ ਕਰਨ ਵਾਲੀ ਨਾਇਕਾ

स्वाधीनी–ਸ੍ਵਾਧੀਨੀ, ਇ., ਸੁਤੰਤਰਤਾ, ਅਜ਼ਾਦੀ

स्वाध्याय–ਸ੍ਵਾਧ੍ਯਾਯ, ਪੁ., ਵੇਦਾਂ ਦਾ ਨਿਜਮ ਪੁਸਤਕ ਪੜ੍ਹਨ ਦਾ ਭਾਵ, ਕਿਸੇ ਗੱਲ ਦਾ ਵਿਚਾਰ ਆਦਿ ਕਰਨ ਦਾ ਭਾਵ ਮੁਤਾਲਿਆ

स्वाध्यायी–ਸ੍ਵਾਧ੍ਯਾਯੀ, ਵਿ., ਵੇਦ ਪਾਠ ਕਰਨ ਵਾਲਾ, ਮੁਤਾਲਿਆ ਕਰਨ ਵਾਲਾ

स्वान–ਸ੍ਵਾਨ, ਪੁ., ਸ਼ਬਦ, ਘਬਰਾਹਟ

स्वाना–ਸ੍ਵਾਨਾ, ਕ੍ਰਿ., ਸੁਲਾਉਣਾ, ਨੀਂਦਰ ਦੁਆਉਣੀ

स्वानुभव–ਸ੍ਵਾਨੁਭਵ, ਪੁ., ਆਪਣਾ ਤਜਰਬਾ

स्वानुरूप–ਸ੍ਵਾਨੁਰੂਪ, ਵਿ., ਆਪਣੀ ਤਰ੍ਹਾਂ ਦਾ, ਆਪਣੇ ਵਰਗਾ

स्वान्तज–ਸ੍ਵਾਂਤਜ, ਪੁ., ਕਾਮਦੇਵ, ਪ੍ਰੇਮ, ਪਿਆਰ

स्वाप–ਸ੍ਵਾਪ, ਪੁ., ਨੀਂਦਰ, ਊਂਘ, ਸੁਫਨਾ

स्वापक–ਸ੍ਵਾਪਕ, ਵਿ., ਨੀਂਦਰ ਲੈਣ ਵਾਲਾ, ਸੌਣ ਵਾਲਾ

स्वापतन–ਸ੍ਵਾਪਤਨ, ਪੁ., ਨੀਂਦਰ ਲਿਆਉਣ ਦੀ ਦਵਾਈ, ਪੁਰਾਣੇ ਜ਼ਮਾਨੇ ਦਾ ਇਕ ਹਥਿਆਰ ਜਿਸ ਨਾਲ ਵੈਰੀ ਨੂੰ ਸੁਲਾ ਦਿੰਦੇ ਸਨ, ਵਿ., ਨੀਂਦਰ ਲਿਆਉਣ ਵਾਲਾ

स्वाब–ਸ੍ਵਾਬ, ਪੁ., ਕਪੜੇ ਜਾਂ ਸਣ ਦਾ ਬਣਿਆ ਹੋਇਆ ਝਾੜੂ

स्वाभाविक–ਸ੍ਵਾਭਾਵਿਕ, ਵਿ., ਸੁਭਾਵਕ, ਕੁਦਰਤੀ, ਜੋ ਆਪ ਹੀ ਆਪ ਪੈਦਾ ਹੋਵੇ,

स्वाभाव्य–ਸ੍ਵਾਭਾਵ੍ਯ, ਵਿ., ਆਪਣੇ ਆਪ ਹੋਣ ਵਾਲਾ

स्वामि–ਸ੍ਵਾਮਿ, ਪੁ., ਦੇਖੋ ਸ੍ਵਾਮੀ (स्वामी)

स्वामिता–ਸ੍ਵਾਮਿਤਾ, ਇ., ਮਲਕੀਯਤ, ਮਾਲਕ ਹੋਣ ਦਾ ਭਾਵ

स्वामिन स्वामिनी–ਸ੍ਵਾਮਿਨ, ਸ੍ਵਾਮਿਨੀ, ਇ., ਮਾਲਕਿਆਣੀ, ਰਾਧਕਾ

स्वामी–ਸ੍ਵਾਮੀ, ਪੁ., ਮਾਲਕ, ਪਰਮੇਸਰ, ਖੌਂਦ, ਰੱਬ, ਰਾਜਾ, ਸਾਧਾਂ ਦਾ ਖਿਤਾਬ, ਫ਼ੌਜ ਦਾ ਮੁੱਖ ਅਫ਼ਸਰ, ਗਰੁੜ, ਪਤੀ

स्वाम्युपकारक–ਸ੍ਵਾਮ੍ਯੁਪਕਾਰਕ, ਵਿ., ਆਪਣੇ ਮਾਲਕ ਦਾ ਹਿਤ ਚਾਹੁਣ ਵਾਲਾ

स्वायत्त–ਸ੍ਵਾਯੱਤ, ਵਿ., ਜੋ ਆਪਣੇ ਅਧੀਨ ਹੋਵੇ, ਜਿਸ ਪਰ ਆਪਣਾ ਕਬਜ਼ਾ ਹੋਵੇ, ਆਪਣਾ, ਨਿੱਜੀ

स्वायम्भुव, स्वायम्भू–ਸ੍ਵਾਯੰਭੁਵ, ਸ੍ਵਾਯੰਭੂ, ਪੁ., ਪਹਿਲੇ ਮੰਨੂ ਦਾ ਨਾਉਂ

स्वार–ਸ੍ਵਾਰ, ਪੁ., ਬੱਦਲਾਂ ਦੀ ਗੜਗੜਾਹਟ

स्वाराज्य–ਸ੍ਵਾਰਾਜ੍ਯ, ਪੁ., ਆਪਣੇ ਮੁਲਖ ਦੀ ਹਕੂਮਤ, ਆਪਣਾ ਰਾਜ

स्वारी–ਸ੍ਵਾਰੀ, ਇ., ਸਵਾਰੀ, ਪੋਹਣ

स्वार्जित–ਸ੍ਵਾਰਜਿਤ, ਵਿ., ਆਪਣਾ ਕਮਾਇਆ ਹੋਇਆ

स्वार्थ–ਸ੍ਵਾਰਥ, ਪੁ., ਮਤਲਬ, ਆਪਣਾ ਲਾਹਾ, ਆਪਣਾ ਧਨ ਜਾਂ ਆਪਣੀ ਚੀਜ਼, ਖ਼ੁਦਗਰਜ਼ੀ

स्वार्थता–ਸ੍ਵਾਰਥਤਾ, ਇ., ਖ਼ੁਦਗਰਜ਼ੀ

स्वार्थत्याग–ਸ੍ਵਾਰਥਤ੍ਯਾਗ, ਪੁ., ਕਿਸੇ ਚੰਗੇ ਕੰਮ ਲਈ ਆਪਣਾ ਫ਼ਾਇਦਾ ਛਡ ਦੇਣ ਦਾ ਭਾਵ

स्वार्थत्यागी–ਸ੍ਵਾਰਥਤ੍ਯਾਗੀ, ਵਿ., ਦੂਜੇ ਦੇ ਭਲੇ ਲਈ ਆਪਣੇ ਲਾਹੇ ਨੂੰ ਤਿਆਗ ਦੇਣ ਵਾਲਾ

स्वार्थपण्डित–ਸ੍ਵਾਰਥਪੰਡਿਤ, ਵਿ., ਆਪਣਾ ਮਤਲਬ ਸਾਧਣ ਵਾਲਾ

स्वार्थपर, स्वार्थपरायण–ਸ੍ਵਾਰਥਪਰ, ਸ੍ਵਾਰਥਪਰਾਯਣ, ਵਿ., ਜੋ ਕੇਵਲ ਆਪਣਾ ਹੀ ਲਾਹਾ ਦੇਖਦਾ ਹੋਵੇ, ਖ਼ੁਦਗਰਜ਼

स्वार्थसाधक–ਸ੍ਵਾਰਥਸਾਧਕ, ਵਿ., ਆਪਣਾ ਮਤਲਬ ਕੱਢਣ ਵਾਲਾ, ਖ਼ੁਦਗਰਜ਼

स्वार्थसाधन–ਸ੍ਵਾਰਥਸਾਧਨ, ਪੁ., ਆਪਣਾ ਮਤਲਬ ਕੱਢਣ ਦਾ ਭਾਵ

स्वार्थांध–ਸ੍ਵਾਰਥਾਂਧ, ਵਿ., ਉਹ ਜੋ ਆਪਣੇ ਭਲੇ ਜਾਂ ਲਾਹੇ ਅੱਗੇ ਹੋਰ ਕਿਸੇ ਦੀ ਗੱਲ ਨਾ ਸੁਣੇ

स्वार्थी–ਸ੍ਵਾਰਥੀ, ਵਿ., ਆਪਣਾ ਹੀ ਭਲਾ ਚਾਹੁਣ ਵਾਲਾ, ਮਤਲਬੀ, ਖ਼ੁਦਗਰਜ਼

स्वाल–ਸ੍ਵਾਲ, ਪੁ., ਸਵਾਲ, ਪ੍ਰਸ਼ਨ

स्वाशित–ਸ੍ਵਾਸ਼ਿਤ, ਵਿ., ਅੱਛੀ ਤਰ੍ਹਾਂ ਨਾਲ ਖਾਧਾ ਹੋਇਆ

स्वाश्रय–ਸ੍ਵਾਸ਼੍ਰਯ, ਪੁ., ਆਪਣਾ ਆਸਰਾ

स्वाश्रित–ਸ੍ਵਾਸ਼੍ਰਿਤ, ਵਿ., ਆਪਣੇ ਆਸਰੇ ਤੇ ਰਹਿਣ ਵਾਲਾ

स्वास, स्वासा– ਸ੍ਵਾਸ, ਸ੍ਵਾਸਾ, ਪੁ., ਸਾਹ

स्वासीन–ਸ੍ਵਾਸੀਨ, ਵਿ., ਅਰਾਮ ਨਾਲ ਬੈਠਾ ਹੋਇਆ

स्वास्थ्य–ਸ੍ਵਾਸਥ੍ਯ, ਪੁ., ਬੀਮਾਰੀ ਦਾ ਨਾ ਹੋਣ ਦਾ ਭਾਵ, ਤੰਦਰੁਸਤੀ, ਸਿਹਤ, ਸੰਤੋਸ਼, ਸਬਰ

स्वास्थ्यकर–ਸ੍ਵਾਸਥ੍ਯਕਰ, ਵਿ., ਸਿਹਤ ਬਖਸ਼ਣਹਾਰ

स्वाहा–ਸ੍ਵਾਹਾ, ਅਵ੍ਯ., ਇਕ ਸ਼ਬਦ ਜਾਂ ਮੰਤਰ ਜਿਸ ਨੂੰ ਹੋਮ ਕਰੇਨ ਵੇਲੇ ਵਰਤਦੇ ਹਨ, ਇ., ਅਗਨੀ ਦੇ ਘਰ ਵਾਲੀ ਦਾ ਨਾਉਂ

स्वाहाकृत–ਸ੍ਵਾਹਾਕ੍ਰਿਤ, ਵਿ., ਜੱਗ ਕਰਨ ਵਾਲਾ

स्वाहापति–ਸ੍ਵਾਹਾਪਤਿ, ਪੁ., ਅਗਨੀ ਦੇਵਤਾ

स्वाहाभुज्–ਸ੍ਵਾਹਾਭੁਜ, ਪੁ., ਦੇਵਤਾ

स्वाहावल्लभ–ਸ੍ਵਾਹਾਵੱਲਭ, ਪੁ., ਅਗਨੀ

स्विन्न–ਸ੍ਵਿਨ, ਵਿ., ਉਬਾਲਿਆ ਹੋਇਆ

स्वीकरण–ਸ੍ਵੀਕਰਣ, ਪੁ., ਅਪਣਾਉਣ ਦਾ ਭਾਵ, ਵਿਆਹ ਕਰਨ ਦਾ ਭਾਵ, ਮੰਨਣ ਦਾ ਭਾਵ, ਪਰਵਾਣ ਕਰਨ ਦਾ ਭਾਵ

स्वीकरणीय–ਸ੍ਵੀਕਰਣੀਯ, ਵਿ., ਮੰਨਣ ਜੋਗ

स्वीकार–ਸ੍ਵੀਕਾਰ, ਪੁ., ਪ੍ਰਵਾਣ, ਮੰਜ਼ੂਰ

स्वीकार्य–ਸ੍ਵੀਕਾਰਯ, ਵਿ., ਮੰਨਣ ਜੋਗ, ਪ੍ਰਵਾਣ ਕਰਨ ਜੋਗ

स्वीकृत–ਸ੍ਵੀਕ੍ਰਿਤ, ਇ., ਪ੍ਰਵਾਣ, ਸਵੀਕਾਰ ਕੀਤਾ ਹੋਇਆ

स्वीकृति–ਸ੍ਵੀਕ੍ਰਿਤਿ, ਇ., ਪ੍ਰਵਾਣਗੀ, ਰਾਏ, ਰਜ਼ਾਮੰਦੀ

स्वीय–ਸ੍ਵੀਯ, ਵਿ., ਆਪਣਾ ਨਿਜੀ

स्वीया–ਸ੍ਵੀਯਾ, ਇ., ਉਹ ਨਾਇਕਾ ਜੋ ਪਤਿਵਰਤਾ ਰਹਿਣ ਦੀ ਹਰਕਤ ਕਰਦੀ ਹੋਵੇ

स्वेच्छा–ਸ੍ਵੇਛਾ, ਇ., ਆਪਣੀ ਇੱਛਿਆ, ਆਪਣੀ ਮਰਜ਼ੀ

स्वेच्छाचार–ਸ੍ਵੇਛਾਚਾਰ, ਪ., ਮਨਮਰਜ਼ੀ ਕੰਮ ਕਰਨ ਦਾ ਭਾਵ

स्वेच्छाचारिता–ਸ੍ਵੇਛਾਚਾਰਿਤਾ, ਇ., ਸੁਤੰਤਰਤਾ, ਅਜ਼ਾਦੀ

स्वेच्छाचारी–ਸ੍ਵੇਛਾਚਾਰੀ, ਵਿ., ਆਪਣੀ ਇੱਛਿਆ ਦੇ ਅਨੁਸਾਰ ਚੱਲਣ ਵਾਲਾ, ਮਨ ਮਰਜ਼ੀ ਕੰਮ ਕਰਨ ਵਾਲਾ

स्वेतरंगी–ਸ੍ਵੇਤਰੰਗੀ, ਇ., ਮਾਣ, ਇਜ਼ਤ, ਸੋਭਾ, ਜਸ

स्वेद–ਸ੍ਵੇਦ, ਪੁ., ਮੁੜ੍ਹਕਾ, ਪਸੀਨਾ, ਤਾਪ, ਗਰਮੀ

स्वेदक–ਸ੍ਵੇਦਕ, ਪੁ., ਮੜ੍ਹਕਾ ਲਿਆਉਣ ਵਾਲੀ ਦਵਾਈ

स्वेदज–ਸ੍ਵੇਦਜ, ਵਿ., ਮੁੜ੍ਹਕੇ ਤੋਂ ਪੈਦਾ ਹੋਣ ਵਾਲਾ ਜੀਵ

स्वेदजल–ਸ੍ਵੇਦਜਲ, ਪੁ., ਮੁੜ੍ਹਕਾ, ਪਸੀਨਾ

स्वेदन–ਸ੍ਵੇਦਨ, ਪੁ., ਪਸੀਨਾ ਨਿਕਲਣ ਦਾ ਭਾਵ

स्वेदनाश–ਸ੍ਵੇਦਨਾਸ਼, ਪੁ., ਵਾ, ਹਵਾ

स्वेदनिका–ਸ੍ਵੇਦਨਿਕਾ, ਇ., ਰਸੋਈ, ਲੰਗਰ, ਰੋਟੀਆਂ ਬਣਾਉਣ ਵਾਲੀ ਥਾਂ

स्वेदनी–ਸ੍ਵੇਦਨੀ, ਇ., ਲੋਹੇ ਦਾ ਭਾਂਡਾ, ਤਵਾ

स्वेदस्राव–ਸ੍ਵੇਦਸ੍ਰਾਵ, ਪੁ., ਮੁੜ੍ਹਕੇ ਦੇ ਨਿਕਲਣ ਦਾ ਭਾਵ

स्वेदित–ਸ੍ਵੇਦਿਤ, ਵਿ., ਮੁੜ੍ਹਕੇ ਨਾਲ ਭਿੱਜਿਆ ਹੋਇਆ

स्वेदी–ਸ੍ਵੇਦੀ, ਵਿ., ਮੁੜ੍ਹਕਾ ਲਿਆਉਣ ਵਾਲਾ

स्वेद्य–ਸ੍ਵੇਦਯ, ਵਿ., ਮੁੜ੍ਹਕੇ ਜੋਗ

स्वै–ਸ੍ਵੈ, ਵਿ., ਆਪਣਾ, ਨਿੱਜੀ

स्वैर–ਸ੍ਵੈਰ, ਵਿ., ਮਨਮਰਜ਼ੀ ਕਰਨ ਵਾਲਾ, ਮਨਮੌਜੀ

स्वैरचारिणी–ਸ੍ਵੈਰਚਾਰਿਣੀ, ਇ., ਵਿਭਚਾਰਿਣੀ ਤੀਵੀਂ, ਲੁੱਚੀ ਤੀਵੀਂ

स्वैरचारी–ਸ੍ਵੈਰਚਾਰੀ, ਵਿ., ਖੁਲ੍ਹਾ ਡੁਲ੍ਹਾ ਫਿਰਨ ਵਾਲਾ, ਮਨ ਮੰਨਿਆ ਕੰਮ ਕਰਨ ਵਾਲਾ, ਆਵਾਰਾ

स्वैरता–ਸ੍ਵੈਰਤਾ, ਇ., ਆਜ਼ਾਦੀ, ਸੁਤੰਤਰਤਾ

स्वैरवर्ती स्वैरवृत–ਸ੍ਵੈਰਵਰਤੀ, ਸ੍ਵੈਰਵ੍ਰਿੱਤ, ਵਿ., ਦੇਖੋ ਸ੍ਵੇਛਾਚਾਰੀ (स्वेच्छाचार)

स्वैरवृत्ति–ਸ੍ਵੈਰਵ੍ਰਿੱਤਿ, ਇ., ਅਜ਼ਾਦ ਖਿਆਲਾਤ, ਖੁਲ੍ਹੇ ਡੁਲ੍ਹੇ ਵਿਚਾਰ

स्वैराचार–ਸ੍ਵੈਰਾਚਾਰ, ਪੁ., ਮਨਮੰਨਿਆ ਕੰਮ ਕਰਨ ਦਾ ਭਾਵ

स्वैरिणी–ਸ੍ਵੈਰਣੀ, ਇ., ਵਿਭਚਾਰਿਣੀ ਤੀਵੀਂ

स्वैरी–ਸ੍ਵੈਰੀ, ਵਿ., ਸੁਤੰਤਰ, ਆਜ਼ਾਦ

स्वोत्थ–ਸ੍ਵੋਥ, ਵਿ., ਆਪਣੇ ਆਪ ਨਿਕਲਿਆ ਹੋਇਆ

स्वोपार्जित–ਸ੍ਵੋਪਾਰਜਿਤ, ਵਿ., ਆਪਣਾ, ਕਮਾਇਆ ਹੋਇਆ

स्वोजस्–ਸ੍ਵੋਜਸ, ਪੁ., ਅਪਣਾ ਬਲ ਜਾਂ ਤੇਜ

* * *

ह्—ਹ

ह–ਹ, ਇਹ ਹਿੰਦੀ ਵਰਣਮਾਲਾ ਦਾ ਤੇਤੀਵਾਂ ਵਿਅੰਜਨ ਅੱਖਰ ਹੈ ਇਸ ਦਾ ਉਚਾਰਣ ਕੰਠ ਤੋਂ ਹੁੰਦਾ ਹੈ, ਪੁ., ਪਾਣੀ, ਅਕਾਸ਼, ਸ਼ੁਭ, ਸ਼ਿਵ, ਜੋਗ ਦਾ ਇਕ ਆਸਣ, ਘੋੜਾ, ਲਹੂ, ਰੂਪ; ਭੈ, ਚੰਦ, ਗਿਆਨ, ਧਿਆਨ, ਅਭਿਮਾਨ, ਕਾਰਣ

हँ–ਹੰ, ਅਵ੍ਯ., ਗੁੱਸੇ ਭਰਿਆ ਸ਼ਬਦ

हँक–ਹਕ, ਵਿ., ਅਵਾਜ਼, ਪੁਕਾਰ, ਹਾਕ

हँकड़ना–ਹੰਕੜਨਾ, ਕ੍ਰਿ., ਝਿੜਕਦੇ ਹੋਇਆਂ ਜੋਰ ਨਾਲ ਚਿੱਲਾਉਣਾ, ਲਲਕਾਰਨਾ

हँकरना–ਹੰਕਰਨਾ, ਕ੍ਰਿ., ਹੰਕਾਰ ਨਾਲ ਬੋਲਣਾ

हँकरावा–ਹੰਕਰਾਵਾ, ਪੁ., ਸੱਦਾ, ਬੁਲਾਵਾ

हँकवा–ਹੰਕਵਾ, ਪੁ., ਸ਼ੇਰ ਦੇ ਸ਼ਿਕਾਰ ਦਾ ਢੰਗ ਜਿਸ ਵਿਚ ਬਹੁਤ ਸਾਰੇ ਲੋਕੀ ਇਕਠੇ ਹੋ ਕੇ ਸ਼ਿਕਾਰ ਨੂੰ ਮਨ੍ਹੇ ਵਲ ਖਦੇੜਦੇ ਹਨ ਜਿਥੇ ਕਿ ਸ਼ਿਕਾਰੀ ਖਲੋਤਾ ਹੁੰਦਾ ਹੈ

हँकवाना–ਹੰਕਵਾਨਾ, ਕ੍ਰਿ., ਸਦਵਾਉਣਾ, ਵਾਜ ਲਗਵਾਉਣੀ

हँकवैया–ਹੰਕਵੈਯਾ, ਪੁ., ਹੱਕਣ ਵਾਲਾ

हुँका–ਹੁੰਕਾ, ਵਿ., ਲਲਕਾਰਾ, ਝਿੜਕੀ

हँकाई–ਹੰਕਾਈ, ਇ., ਹੱਕਣ ਦੀ ਮਜ਼ਦੂਰੀ
हँकाना–ਹੰਕਾਨਾ, ਕ੍ਰਿ., ਜਾਨਵਰਾਂ ਨੂੰ ਤੋਰਨਾ, ਸੱਦਣਾ, ਬੁਲਾਉਣਾ
हँकार–ਹੰਕਾਰ, ਇ., ਵਾਜ ਮਾਰਨੀ, ਲਲਕਾਰਾ
हँकारना–ਹੰਕਾਰਨਾ, ਕ੍ਰਿ., ਸੱਦਣਾ, ਜ਼ੋਰ ਨਾਲ ਬੁਲਾਉਣਾ
हँकारा–ਹੰਕਾਰਾ, ਪੁ., ਪੁਕਾਰ, ਨਿਉਂਦਾ, ਬੁਲਾਵਾ
हँकारी–ਹਕਾਰੀ, ਪੁ., ਸੱਦਣ ਵਾਲਾ ਦੂਤ, ਨਿਉਂਦਣ ਵਾਲਾ
हँगामा–ਹੰਗਾਮਾ, ਪੁ., ਹੱਲਾ, ਫਸਾਦ, ਦੰਗਾ, ਰੌਲਾ ਰੱਪਾ
हँगोरी–ਹੰਗੋਰੀ, ਪੁ., ਇਕ ਪਹਾੜੀ ਰੁੱਖ
हँटर–ਹੰਟਰ, ਪੁ., ਚਾਬਕ, ਛੈਂਟਾ, ਕੋਰੜਾ
हँड़ना–ਹੰੜਨਾ, ਕ੍ਰਿ., ਘੁਮਣਾ, ਫਿਰਨਾ, ਨੱਸੇ ਭੱਜੇ ਫਿਰਨਾ
हँड–ਹੰਡ, ਪੁ., ਘੜਾ, ਮੱਟ, ਪੁਰੋਹਤ ਨੂੰ ਦਿਤਾ ਜਾਣ ਵਾਲਾ ਭੋਜਨ, ਹੰਦਾ
हँडल–ਹੰਡਲ, ਪੁ., ਦਸਤਾ, ਮੁਠਾ, ਬੈਂਹਾਂ
हँडा–ਹੰਡਾ, ਪੁ., ਘੜਾ, ਮਟ
हँडाना–ਹੰਡਾਨਾ, ਕ੍ਰਿ., ਘੁਮਾਉਣਾ, ਫਿਰਾਉਣਾ
हँडिक–ਹੰਡਿਕ, ਪੁ., ਤੋਲਣ ਦੇ ਵੱਟੇ
हँडिया–ਹੰਡਿਯਾ, ਇ., ਤੌੜੀ, ਮੋਮਬੱਤੀ ਜਲਾਉਣ ਦਾ ਸ਼ੀਸ਼ੇ ਦਾ ਬਰਤਨ, ਹਾਂਡੀ
हँडी–ਹੰਡੀ, ਇ., ਦੇਖੋ ਹੰਡਿਯਾ (हँडिया)
हँथोरी–ਹੰਥੋਰੀ, ਇ., ਦੇਖੋ ਹਥੋਰੀ (हथोरा)
हँथौरा–ਹੰਥੌਰਾ, ਪੁ., ਦੇਖੋ ਹਥੌੜਾ (हथौड़ा)
हँफनि–ਹੰਫਨਿ, ਇ., ਹੌਂਕਣੀ, ਸਾਹ ਚੜ੍ਹਣ ਦਾ ਭਾਵ
हँबा–ਹੰਬਾ, ਅਵਜ., ਪ੍ਰਵਾਣਗੀ, ਸੂਚਕ ਸ਼ਬਦ, ਹਾਂ
हँस–ਹੰਸ, ਪੁ., ਬ੍ਰਮ੍ਹਚਾਰੀ, ਇਕ ਪਾਣੀ ਦਾ ਪੰਛੀ, ਬੱਤਕ, ਸਾਰਸ, ਗੜ੍ਹੂ ਦਾ ਇਕ ਭੇਦ, ਇਕ ਤਰ੍ਹਾਂ ਦਾ ਘੋੜਾ, ਪਰਾਣ ਵਾਯੂ, ਇਕ ਤਰ੍ਹਾਂ ਦਾ ਜੋਗ, ਸੂਰਜ, ਸ਼ੁੱਧ ਆਤਮਾ, ਸ਼ਿਵ, ਦਵੈਸ਼, ਵਿਸ਼ਨੂੰ, ਪਰਬਤ, ਝੰਡਾ, ਸਨਿਆਸੀਆਂ ਦਾ ਇਕ ਭੇਦ, ਇਕ ਛੰਦ, ਇਕ ਤਰ੍ਹਾਂ ਦਾ ਨਾਚ, ਅਜਪਾ ਮੰਤਰ, ਕਾਮਦੇਵ, ਵਿ., ਸ੍ਰੇਸ਼ਟ
हँसक–ਹੰਸਕ, ਪੁ., ਹੰਸ ਪੰਛੀ, ਪੈਰਾਂ ਵਿਚ ਪਾਉਣ ਦਾ ਇਕ ਗਹਿਣਾ, ਸੰਗੀਤ ਦਾ ਇਕ ਤਾਲ
हँसकूट–ਹੰਸਕੂਟ, ਪੁ., ਬੈਲ ਦੀ ਢੁੱਠ
हँसग–ਹੰਸਗ, ਪੁ., ਬ੍ਰਹਮਾ
हँसगति–ਹੰਸਗਤਿ, ਪੁ., ਹੰਸ ਜੇਹੀ ਧੀਮੀ-ਚਾਲ, ਇਕ ਛੰਦ
हँसगद्दा–ਹੰਸਗਦਾ, ਇ., ਮਿਠ ਬੋਲੀ ਤੀਵੀਂ
हँसगर्भ–ਹੰਸਗਰਭ, ਪੁ., ਇਕ ਰਤਨ
हँसगामिनी–ਹੰਸਗਾਮਿਨੀ, ਇ., ਹੰਸ ਜੇਹੀ ਚਾਲ ਵਾਲੀ ਤੀਵੀਂ
ਚੋਪੜ
हँसचौपड़–ਹੰਸਚੋਪੜ, ਪੁ., ਚੋਪੜ ਦਾ ਇਕ ਖੇਲੁ
हँसजा–ਹੰਸਜਾ, ਇ., ਸੂਰਜ ਦੀ ਧੀ, ਜਮਨਾ
हँसमुखी–ਹੰਸਮੁਖੀ, ਇ., ਹਸਮੁਖ ਚੇਹਰੇ ਵਾਲੀ
हँसदाहन–ਹੰਸਦਾਹਨ, ਪੁ., ਗੁੱਗਲ, ਧੂਪ

हँसन्–ਹੰਸਨ, ਇ., ਹਾਸਾ
हँसना–ਹੰਸਨਾ, ਕ੍ਰਿ., ਖੁਸ਼ੀ ਨਾਲ ਚਹਿਚਹਾਉਣਾ, ਖਿੜਖਿੜ ਹਸਣਾ, ਚੰਗੇ ਲਗਣਾ, ਅਨੰਦ ਮਣਾਉਣਾ, ਖੁਸ਼ ਹੋਣਾ, ਮਖੌਲ ਕਰਨਾ, ਮਜ਼ਾਕ ਕਰਨਾ, ਕਿਸੇ ਦਾ ਅਨਾਦਰ ਕਰਨਾ
हँसनादिनी–ਹੰਸਨਾਦਿਨੀ, ਵਿ., ਮਿਠਬੋਲੀ.
हँसनि, हँसनी–ਹੰਸਨਿ, ਹੰਸਨੀ, ਇ., ਦੇਖੋ ਹੰਸੀ (हँसी)
हँसपदी–ਹੰਸਪਦੀ, ਇ., ਇਕ ਪ੍ਰਸਿੱਧ ਵੇਲ
हँसपाद, हँसपादी–ਹੰਸਪਾਦ, ਹੰਸਪਾਦੀ, ਪ., ਸਿੰਗਰਫ਼
हँसपादिका–ਹੰਸਪਾਦਿਕਾ, ਇ., ਰਾਜਾ ਦੁਸ਼ਜੰਤ ਦੀ ਇਕ ਰਾਣੀ
हँसमङ्गला–ਹੰਸਮੰਗਲਾ, ਇ., ਇਕ ਰਾਗਣੀ
हँसमाला–ਹੰਸਮਾਲਾ, ਇ., ਹੰਸਾਂ ਦੀ ਡਾਰ
हँसमुख–ਹੰਸਮੁਖ, ਵਿ., ਜਿਸ ਦੇ ਬੁਲ੍ਹਾਂ ਤੇ ਹਾਸੀ ਝਲਕਦੀ ਰਹੇ, ਮੰਦ ਮੰਦ ਮੁਸਕ੍ਰਾਨ ਵਾਲਾ, ਚੁਹਲਬਾਜ਼
हँसयान–ਹੰਸਯਾਨ, ਵਿ., ਬ੍ਰਹਮਾ, ਖੁਸ਼ਮਿਜ਼ਾਜ਼
हँसरथ–ਹੰਸਰਥ, ਪੁ., ਬ੍ਰਹਮਾ
हँसराज–ਹੰਸਰਾਜ, ਪੁ., ਵਧੀਆ ਹੰਸ, ਇਕ ਪਹਾੜੀ ਬੂਟੀ
हँसरुत–ਹੰਸਰੁਤ, ਪੁ.; ਹੰਸ ਦੀ ਅਵਾਜ਼, ਇਕ ਛੰਦ
हँसली–ਹੰਸਲੀ, ਇ., ਛਾਤੀ ਤੋਂ ਉਪਰ ਅਤੇ ਗਰਦਨ ਦੇ ਹੇਠਲੀ ਹੱਡੀ, ਤੰਦੀਰੀ
हँसलोमश–ਹੰਸਲੋਮਸ਼, ਪੁ., ਕਸੀਸ
हँसवंश–ਹੰਸਵੰਸ਼, ਪੁ., ਸੂਰਜ ਦਾ ਵੰਸ
हँसवती–ਹੰਸਵਤੀ, ਇ., ਰਾਜਾ ਦੁਸ਼ਜੰਤ ਦੀ ਇਕ ਤੀਵੀਂ
हँसवाह, हँसवाहन–ਹੰਸਵਾਹ, ਹੰਸਵਾਹਨ, ਪੁ., ਬ੍ਰਹਮਾ
हँसवाहिनी–ਹੰਸਵਾਹਿਨੀ, ਇ., ਸਰਸੁਤੀ
हँससुता–ਹੰਸਸੁਤਾ, ਇ., ਜਮਨਾ ਨਦੀ
हँसाई–ਹੰਸਾਈ, ਇ., ਹਾਸੀ, ਲੋਕ ਨਿੰਦਿਆ, ਬਦਨਾਮੀ, ਅਪਜਸ, ਮਖੌਲ
हँसाधिरूढ़–ਹੰਸਾਧਿਰੂੜ੍ਹ, ਪੁ., ਬ੍ਰਹਮਾ
हँसाधिरूढ़ा–ਹੰਸਾਧਿਰੂੜ੍ਹਾ, ਇ., ਸਰਸੁਤੀ
हँसाना–ਹੰਸਾਨਾ, ਕ੍ਰਿ., ਹਸਾਉਣਾ
हँसाय–ਹੰਸਾਯ, ਇ., ਦੇਖੋ ਹੰਸਾਈ (हँसाई)
हँसारूढ़–ਹੰਸਾਰੂੜ੍ਹ, ਪੁ., ਬ੍ਰਹਮਾ
हँसारूढ़ा–ਹੰਸਾਰੂੜ੍ਹਾ, ਸਰਸੁਤੀ
हँसालि–ਹੰਸਾਲਿ, ਇ., ਕ੍ਵਿਤਾ ਦਾ ਇਕ ਛੰਦ
हँसिका, हँसिनी–ਹੰਸਿਕਾ, ਹੰਸਿਨੀ, ਇ., ਹੰਸਨੀ, ਹਾਸੀ
हँसिया–ਹੰਸਿਯਾ, ਪੁ., ਦਾਤਰੀ, ਚਮੜਾ ਛਿੱਲ ਕੇ ਚਿਉਂਕਣਾ ਕਰਨ ਦਾ ਇਕ ਸੰਦ, ਗਰਦਨ ਹੇਠਲੀ ਹੱਡੀ
हँसी–ਹੰਸੀ, ਇ., ਹੰਸ ਦੀ ਮਦੀਨ, ਹੰਸਨੀ, ਇਕ ਛੰਦ, ਗੜ੍ਹੂ ਦੀ ਇਕ ਨਸਲ, ਹਾਸੀ, ਮਖੌਲ, ਦਿਲਲਗੀ, ਬਦਨਾਮੀ
हँसुआ, हँसुवा–ਹੰਸੁਆ, ਹੰਸੁਵਾ, ਪੁ., ਦੇਖੋ ਹੰਸਿਯਾ (हँसिया)
हँसोड़–ਹੰਸੋੜ, ਵਿ., ਮਸ਼ਖਰਾ, ਹੱਸਣ ਵਾਲਾ, ਹਸਮੁਖ
हँसोदक–ਹੰਸੋਦਕ, ਪੁ., ਕਿਸੇ ਨਵੇਂ ਮਿੱਟੀ ਦੇ ਭਾਂਡੇ ਵਿਚ ਭਰ

ਕ ਧੁਪ ਵਿਚ ਰਖਿਆ ਹੋਇਆ ਪਾਣੀ

हंसौहाँ–ਹੰਸੌਂਹਾਂ, ਵਿ., 'ਮੁਸਕਰਾਉਂਦਾ ਹੋਇਆ, ਦਿਲ ਲੱਗੀ ਕਰਨ ਵਾਲਾ, ਹਸਮੁਖ

हंहो–ਹੰਹੋ, ਅਵਜ., ਘਮੰਡ, ਹੰਕਾਰ

हुई–ਹਈ, ਇ., ਹੈਰਾਨੀ, ਅਸਚਰਜ, ਅਚੰਭਾ

हउं–ਹਉਂ, ਸਰਵ., ਦੇਖੋ ਹੌਂ (हौं)

हक़–ਹਕ, ਵਿ., ਸੱਚਾ, ਸੱਚ, ਵਾਜਬ, ਧਰਮ ਅਤੇ ਨੀਤੀ ਅਨੁਸਾਰ, ਪੁ., ਕਿਸੇ ਚੀਜ਼ ਦੀ ਵਰਤੋਂ ਕਰਨ ਦਾ ਅਧਿਕਾਰ ਉਹ ਜੋ ਕਿਸੇ ਨੂੰ ਇਨਸਾਫ਼ ਜਾਂ ਲੋਕਰੀਤ ਅਨੁਸਾਰ ਮਿਲੇ, ਸਹੀ ਗੱਲ, ਨਿਆਉ ਪੱਖ, ਦਸਤੂਰ ਅਨੁਸਾਰ ਮਿਲਣ ਵਾਲੀ ਚੀਜ਼, ਰੱਬ, ਖੁਦਾ, ਅਖਤਿਆਰ, ਅਧਿਕਾਰ

हक़दार–ਹਕ਼ਦਾਰ, ਪੁ., ਅਧਿਕਾਰੀ, ਹੱਕੀ, ਹੱਕ ਰਖਣ ਵਾਲਾ

हकबकाना–ਹਕਬਕਾਨਾ, ਕ੍ਰਿ., ਘਬਰਾਉਣਾ, ਦੰਗ ਹੋਣਾ, ਹੈਰਾਨ ਹੋਣਾ

हकमौरूसी–ਹਕਮੌਰੂਸੀ, ਪੁ., ਦਾਦੇਲਾਹੀ, ਜੋ ਹਕ ਬਾਪ ਦਾਦੇ ਤੋਂ ਚਲਿਆ ਆਉਂਦਾ ਹੋਵੇ

हकला–ਹਕਲਾ, ਵਿ., ਰੁਕ ਰੁਕ ਕੇ ਬੋਲਣ ਵਾਲਾ, ਜਿਸ ਨੂੰ ਹੱਕ ਪੈਂਦੀ ਹੋਵੇ

हकलाना–ਹਕਲਾਨਾ, ਕ੍ਰਿ., ਰੁਕ ਰੁਕ ਕੇ ਬੋਲਣਾ, ਹੱਕ ਪੈਣੀ

हकार–ਹਕਾਰ, ਪੁ., 'ਹ' ਅੱਖਰ

हकारना–ਹਕਾਰਨਾ, ਕ੍ਰਿ., ਪਾਲ ਲਾਉਣੀ, ਝੰਡਾ ਚੁਕਣਾ

हक़ीक़त–ਹਕ਼ੀਕ਼ਤ, ਇ., ਸਚਿਆਈ, ਅਸਲੀਅਤ, ਸਹੀ ਗੱਲ

हक़ीक़ी–ਹਕੀਕੀ, ਇ., ਸੱਚਾ, ਖਾਸ, ਅਪਣਾ. ਸਕਾ

हकीम–ਹਕੀਮ, ਪੁ., ਯੂਨਾਨੀ ਢੰਗ ਨਾਨ ਇਲਾਜ ਕਰਨ ਵਾਲਾ ਵੈਦ

हकीमी–ਹਕੀਮੀ, ਇ., ਯੂਨਾਨੀ ਵੈਦਿਕ ਸ਼ਾਸਤਰ, ਹਕੀਮ ਦਾ ਪੇਸ਼ਾ

हक़ूक़–ਹਕੂਕ. ਪੁ., ਹੱਕ ਦਾ ਬਹੁਬਚਨ

हकूमत–ਹਕੂਮਤ, ਇ., ਰਾਜ. ਸ਼ਾਸਨ, ਅਧਿਕਾਰ

हक्काक़–ਹੱਕਾਕ, ਪੁ., ਨਗੀਨਿਆ ਨੂੰ ਕੱਢਣ ਅਤੇ ਸਾਣ ਦੇ ਚਾੜ੍ਹਨ ਦਾ ਕੰਮ ਕਰਨ ਵਾਲਾ

हक्काबक्का–ਹੱਕਾਬੱਕਾ, ਵਿ., ਘਬਰਾਇਆ ਹੋਇਆ, ਦੰਗ. ਹੈਰਾਨ

हक्कार–ਹੱਕਾਰ, ਪੁ., ਕਿਸੇ ਨੂੰ ਜ਼ੋਰ ਨਾਲ ਅਵਾਜ਼ ਦੇ ਕੇ ਬੁਲਾਉਣ ਦਾ ਸ਼ਬਦ

हगना–ਹਗਨਾ, ਕ੍ਰਿ., ਟੱਟੀ ਹੋਣਾ, ਪਖਾਨੇ ਜਾਣਾ

हगाना–ਹਗਾਨਾ, ਕ੍ਰਿ., ਹੱਗਣ ਲਈ ਸਹਾਇਤਾ ਦੇਣੀ

हगास–ਹਗਾਸ, ਇ., ਪਖਾਨੇ ਜਾਣ ਦੀ ਇੱਛਿਆ

हगोड़ा–ਹਗੋੜਾ, ਵਿ., ਬਹੁਤ ਹੱਗਣ ਵਾਲਾ

हचकना–ਹਚਕਨਾ, ਕ੍ਰਿ., ਹਿਲਣਾ, ਡੋਲਣਾ, ਧੱਕੇ ਨਾਲ ਹਿਲਣਾ

हचका–ਹਚਕਾ, ਪੁ., ਪੁ., ਧੱਕਾ, ਹਝਕਾ, ਹਝਕੋਰਾ

हचकाना–ਹਚਕਾਨਾ, ਕ੍ਰਿ., ਝੰਜੋਟ ਕੇ ਜਗਾਂਉਣਾ

हचकोला–ਹਚਕੋਲਾ, ਪੁ., ਹਝਕਾ, ਧੱਕਾ, ਹਝਕੋਰਾ

हचना–ਹਚਨਾ, ਕ੍ਰਿ., ਦੇਖੋ ਹਿਚਕਨਾ (हिचकना)

हज–ਹਜ, ਪੁ., ਮੱਕੇ ਦੀ ਯਾਤਰਾ

हजदेश–ਹਜਦੇਸ਼, ਪੁ., ਅਰਬ ਦੇਸ

हज़म–ਹਜ਼ਮ, ਪੁ., ਖਾਣੇ ਦੇ ਪਚਣ ਦਾ ਭਾਵ, ਵਿ., ਪਚਿਆ ਹੋਇਆ, ਬੇਈਮਾਨੀ ਨਾਲ ਲਿਆ ਹੋਇਆ

हज़रत–ਹਜ਼ਰਤ, ਪੁ., ਮਹਾਤਮਾ, ਅਤੀਂ ਆਦਰ ਵਾਚਕ ਸ਼ਬਦ, (ਮਖੌਲ ਵਿਚ) ਤੁਛ ਜਾਂ ਚਲਾਕ ਬੰਦਾ

हजाम–ਹਜਾਮ, ਪੁ., ਨਾਈ

हजामत–ਰਜਾਮਤ, ਇ., ਨਾਈ ਦਾ ਕੰਮ, ਸਿਰ ਦੇ ਵਾਲਾਂ ਦੇ ਮੁੰਨਣ ਦਾ ਕੰਮ

हज़ार–ਹਜ਼ਾਰ, ਪੁ., ਦਸ ਸੌ ਦੀ ਸੰਖਿਆ ਜਾਂ ਅੰਕ

हज़ारहा–ਹਜ਼ਾਰਹਾ, ਵਿ., ਹਜਾਰਾਂ

हज़ारा–ਹਜ਼ਾਰਾ, ਵਿ., ਜਿਸ ਵਿਚ ਹਜਾਰ ਜਾਂ ਬਹੁਤੀਆਂ ਪੰਖੜੀਆਂ ਹੋਣ, ਪੁ., ਫੁਹਾਰਾ, ਇਕ ਤਰ੍ਹਾਂ ਦੀ ਆਤਿਸ਼ਬਾਜ਼ੀ

हज़ारी–ਹਜ਼ਾਰੀ, ਪੁ., ਇਕ ਹਜ਼ਾਰ ਸਿਪਾਹੀਆਂ ਦਾ ਸਰਦਾਰ

हज़ूर–ਹਜ਼ੂਰ, ਪੁ., ਦੇਖੋ ਹੁਜ਼ੂਰ (हुज़ूर)ਲੁੱਚੀ ਤੀਵੀਂ ਦਾ ਪੁੱਤ੍ਰ, ਹਰਾਮ ਦਾ ਮੰਡਾ, ਦੋਗਲਾ

हज़ूरी–ਹਜੂਨੀ, ਪੁ., ਕਿਸੇ ਰਾਜੇ ਜਾਂ ਬਾਦਸ਼ਾਹ ਦੇ ਕੋਲ ਰਹਿਣ ਵਾਲਾ ਸੇਵਾਦਾਰ

हजो–ਹਜੋ, ਇ., ਨਿੰਆ, ਬਦਨਾਮੀ, ਅਪਜਸ

हज्ज–ਹੱਜ, ਪੁ., ਦੇਖੋ ਹਜ (हज)

हज्जाम–ਹੱਜਾਮ, ਪੁ., ਨਾਈ

हट–ਹਟ, ਇ., ਦੇਖੋ ਹਠ (हठ)

हटकन–ਹਟਕਨ, ਇ., ਡੰਗਰਾਂ ਦੇ ਹਰਣ ਦੀ ਸੋਟੀ, ਵਰਜਣ ਦਾ ਭਾਵ, ਮਨ੍ਹਾ ਕਰਨ ਦੀ ਕਿਰਿਆ

हटकना–ਹਟਕਨਾ, ਕ੍ਰਿ., ਮਨਾ, ਕਰਨਾ, ਵਰਜਣ

हटका–ਹਟਕਾ, ਪੁ., ਅਰਲ

हटकि–ਹਟਕਿ, ਕ੍ਰਿ. ਵਿ., ਜਬਰਦਸਤੀ, ਬਿਨਾ ਕਾਰਣ ਤੋਂ

हटतार–ਹਟਤਾਰ, ਇ., ਮਾਲਾ ਦਾ ਸੂਤਰ

हटताल–ਹਟਤਾਲ, ਇ.. ਦੇਖੋ ਹੜਤਾਲ (हड़ताल)

हटना–ਹਟਨਾ, ਕ੍ਰਿ., ਲਾਂਭੇ ਹੋਣਾ, ਇਕ ਥਾਂ ਤੋਂ ਦੂਜੇ ਥਾਂ ਤੇ ਜਾਣਾ, ਸਰਕਣਾ, ਖਿਸਕਣਾ, ਦੂਰ ਹੋਣਾ, ਪ੍ਰਤਿੱਗਿਆ ਤੋਂ ਦ੍ਰਿੜ੍ਹ ਰਹਿਣਾ, ਸਾਹਮਣੇ ਤੋਂ ਦੂਰ ਹੋਣਾ, ਬੇਮੁਖ ਹੋਣਾ, ਜੀ ਚੁਰਾਉਣਾ

हटना उड़ी–ਹਟਨਾ ਉੜੀ, ਇ., ਮੱਲਾਂ ਦੀ ਇਕ ਤਰ੍ਹਾਂ ਦੀ ਕਸਰਤ

हटपर्णि–ਹਟਪਰਣਿ, ਪੁ., ਸਿਵਾਰ, ਕਾਈ, ਪਾਣੀ ਦਾ ਜਾਲਾ

हटवया, हटवा–ਹਟਵਯਾ, ਹਟਵਾ, ਵਿ., ਹਟਵਾਣੀਆ, ਬਜ਼ਾਰ ਵਿਚ ਬੈਠ ਕੇ ਸੌਦਾ ਵੇਚਣ ਵਾਲਾ

हटवाई–ਹਟਵਾਈ, ਇ., ਵਣਜ, ਖਰੀਦਣ ਅਤੇ ਵੇਚਣ ਦਾ

ਕੰਮ

हटवाना-ਹਟਵਾਨਾ, ਕ੍ਰਿ., ਹਟਾਉਣ ਦਾ ਕਮ ਦੂਸਰੇ ਤੋਂ ਕਰਾਉਣਾ

हटाना-ਹਟਾਨਾ. ਕ੍ਰਿ., ਦੂਜੇ ਥਾਂ ਕਰਨਾ, ਲਾਂਭੇ ਕਰਨਾ, ਖਿਸਕਾਉਣਾ, ਥਾਂ ਛੱਡਣ ਲਈ ਬੇਵਸ ਕਰਨਾ, ਕਿਸੇ ਥਾਂ ਤੋਂ ਦੂਰ ਕਰਨਾ, ਬਚਨ ਭੰਗ ਕਰਨਾ, ਪਰੇ ਕਰਨਾ, ਬਚਨਾਂ ਤੋਂ ਮੁਨਕਰ ਹੋਣਾ

हटुआ-ਹਟੁਆ, ਪੁ., ਹਟਵਾਣੀਆ, ਅੰਨ ਤੋਲਣ ਵਾਲਾ, ਤੋਲਾ, ਧੜਵਾਈ

हटौती-ਹਟੌਤੀ, ਇ., ਸਰੀਰ ਦੀ ਬਣਾਵਟ

हट्ट-ਹੱਟ, ਪ.. ਹੱਟੀ,ਬਜਾਰ, ਦੁਕਾਨ, ਬਜ਼ਾਰ ਦਾ ਚੋਕ

हट्टविलासिनी-ਹੱਟਵਿਲਾਸਿਨੀ, ਇ., ਕੰਜਰੀ, ਵੇਸਵਾ

हट्टाकट्टा-ਹੱਟਾਕੱਟਾ, ਵਿ., ਮੋਟਾਤਾਜ਼ਾ, ਭੜਮੱਲ, ਰਿਸ਼ਟ ਪੁਸ਼ਟ

हट्टाध्यक्ष-ਹੱਟਾਧਜਕਸ਼, ਪੁ., ਬਜ਼ਾਰ ਦਾ ਮਾਲਕ

हट्टी-ਹੱਟੀ, ਇ., ਦੁਕਾਨ, ਹੱਟ

हठ-ਹਠ, ਪੁ., ਜ਼ਿੱਦ, ਜਬਰਦਸਤੀ, ਪੱਕਾ ਇਰਾਦਾ, ਸਿਰੜ

हठकर-ਹਠਕਰ. ਕ੍ਰਿ. ਵਿ., ਜ਼ਬਰਦਸਤੀ

हठधर्म-ਹਠਧਰਮ, ਪੁ., ਕੱਟਰਪਣ, ਵੱਡੀ ਭਾਰੀ ਜ਼ਿੱਦ, ਸਿਰੜਪਣ

हठधर्मी-ਹਠਧਰਮੀ, ਵਿ., ਆਪਣੀ ਗੱਲ ਤੇ ਅੜਨ ਵਾਲਾ, ਆਪਣੇ ਧਰਮ ਤੇ ਡਟਣ ਵਾਲਾ

हठयोग-ਹਠਯੋਗ, ਪੁ., ਇਕ ਤਰ੍ਹਾਂ ਦਾ ਜੋਗ ਜਿਸ ਵਿਚ ਆਸਣ ਪ੍ਰਾਣਾਯਾਮ ਆਦਿ ਨਾਲ ਸਰੀਰ ਦੀ ਸੁੱਧੀ ਕੀਤੀ ਜਾਂਦੀ ਹੈ

हठशील-ਹਠਸ਼ੀਲ, ਵਿ.. ਜ਼ਿੱਦੀ, ਹਠੀ. ਅੜੀਅਲ

हठात्-ਹਠਾਤ, ਅਵਜ., ਧੰਗਾਣੇ. ਜਬਰਦਸਤੀ, ਜ਼ਰੂਰੀ ਹੀ, ਮੱਲੋਮੱਲੀ

हठात्कार-ਹਠਾਤਕਾਰ. ਪੁ . ਮੱਲੋਮਲੀ, ਬਦੋਬਦੀ, ਜਬਰਦਸਤੀ

हठिका-ਹਠਿਕਾ, ਇ , ਸ਼ੋਰ. ਰੌਲਾ ਰੱਪਾ

हठी-ਹਠੀ. ਵਿ., ਜ਼ਿੱਦੀ, ਅੜੀਅਲ, ਹਠ ਕਰਨ ਵਾਲਾ, ਸਿਰੜੀ

हठीला-ਹਠੀਲਾ, ਵਿ., ਬਚਨ ਦਾ ਪੱਕਾ, ਜ਼ਿੱਦੀ, ਜੰਗ ਵਿਚ ਡਟਣ ਵਾਲਾ

हड़-ਹੜ, ਇ.. ਨੱਕ ਦਾ ਇਕ ਗਹਿਣਾ, ਇਕ ਰੁੱਖ ਜਿਸ ਦੇ ਹਰੜਾਂ ਲਗਦੀਆਂ ਹਨ

हड़क-ਹੜਕ, ਇ.. ਹਲਕੇ ਕੁਤੇ ਦੇ ਕੱਟਣ ਨਾਲ ਪਾਣੀ ਲਈ ਤੜਫਣ ਦਾ ਭਾਵ, ਵੱਡੀ ਭਾਰੀ ਚਾਹਨਾ

हड़कना-ਹੜਕਨਾ. ਕ੍ਰਿ., ਤਰਸਣਾ, ਲਲਚਾਉਣਾ

हड़काना-ਹੜਕਾਨਾ, ਕ੍ਰਿ., ਕਿਸੇ ਦੇ ਪਿੱਛੇ ਲਾਉਣਾ, ਤਰਸਾਉਣਾ, ਟਾਲਣਾ

हड़काया-ਹੜਕਾਯਾ, ਵਿ., ਪਾਗਲ, ਹਲਕਿਆ ਹੋਇਆ, ਘਬਰਾਇਆ ਹੋਇਆ, ਬਾਉਲਾ, ਸੁਦਾਈ

हड़गीला-ਹੜਗੀਲਾ, ਪੁ., ਬਗਲੇ ਦੀ ਨਸਲ ਦਾ ਇਕ ਪੰਛੀ ਜਿਸ ਦੀ ਚੁੰਝ ਅਤੇ ਲੱਤਾਂ ਲੰਮੀਆਂ ਹੁੰਦੀਆਂ ਹਨ, ਲੰਮਢੀਂਗ

हड़जोड़-ਹੜਜੋੜ, ਪੁ., ਇਕ ਬੂਟੀ ਜੋ ਅਦਰਲੀ ਸੱਟ ਦੇ ਥਾਂ ਤੇ ਲਾਈ ਜਾਂਦੀ ਹੈ

हड़ताल-ਹੜਤਾਲ, ਇ., ਦੁਕਾਨਾਂ ਬੰਦ ਕਰਨ ਦਾ ਭਾਵ, ਕੰਮ ਤੇ ਨਾ ਜਾਣ ਦਾ ਭਾਵ

हड़ना-ਹੜਨਾ, ਕ੍ਰਿ., ਹਾੜਨਾ, ਜਾਚਣਾ

हड़प-ਹੜਪ, ਵਿ.. ਨਿਗਲਿਆ ਹੋਇਆ, ਢਿਡ ਵਿਚ ਪਾਇਆ ਹੋਇਆ, ਭੈੜੀ ਤਰ੍ਹਾਂ ਲਿਆ ਹੋਇਆ, ਗਾਇਬ ਕੀਤਾ ਹੋਇਆ, ਲੁਕਾਇਆ ਹੋਇਆ

हड़पना-ਹੜਪਨਾ, ਕ੍ਰਿ., ਖਾ ਜਾਣਾ, ਦੂਜੇ ਦੀ ਚੀਜ਼ ਨਾਵਾਜਬ ਤਰੀਕੇ ਨਾਲ ਲੈ ਲੈਣੀ

हडफूटन-ਹੜਫੂਟਨ, ਇ., ਹੱਡਭੰਨਣੀ, ਹੱਡੀਆਂ ਦੀ ਪੀੜ

हड़फूटनी-ਹੜਫੂਟਨੀ, ਇ., ਚਮਗਿੱਦੜ

हड़फोड़-ਹੜਫੋੜ, ਪੁ., ਇਕ ਤਰ੍ਹਾਂ ਦੀ ਚਿੜੀ

हड़बड़-ਹੜਬੜ, ਇ., ਉਤਾਵਲੀ, ਕਾਹਲੀ ਦੀ ਭਾਵ, ਉਭਲੀ ਚੁੱਭਲੀ

हड़बड़ाना-ਹੜਬੜਾਨਾ, ਕ੍ਰਿ., ਘਾਬਰਨਾ, ਛੇਤੀ ਨਾਲ ਘਾਬਰ ਕੇ ਕੰਮ ਕਰਨਾ

हड़बड़िया-ਹੜਬੜਿਯਾ, ਵਿ., ਉਤਾਵਲਾ, ਕਾਹਲਾ

हड़बड़ी-ਹੜਬੜੀ, ਇ., ਉਤਾਵਲੀ, ਘਬਰਾਹਟ

हड़हड़ाना-ਹੜਹੜਾਨਾ, ਕ੍ਰਿ., ਛੇਤੀ ਛੇਤੀ ਕਹਿ ਕਹਿ ਕੇ ਦੂਸਰੇ ਨੂੰ ਬੇਚੈਨ ਕਰ ਦੇਣਾ

हड़हा-ਹੜਹਾ, ਪੁ., ਜੰਗਲੀ ਸਾਨ੍ਹ, ਵਿ., ਬਹੁਤ ਕਮਜ਼ੋਰ, ਜਿਸ ਦੇ ਸਰੀਰ ਤੇ ਕੇਵਲ ਹਡੀਆਂ ਹੀ ਰਹਿ ਗਈਆਂ ਹੋਣ

हड़ा-ਹੜਾ, ਪੁ., ਜਾਨਵਾਰਾਂ ਨੂੰ ਉਡਾਉਣ ਦਾ ਸ਼ਬਦ

हड़ावल-ਹੜਾਵਲ, ਇ., ਹਡੀਆਂ ਦਾ ਢਾਂਚਾ

हड़ि-ਹੜਿ. ਪੁ.. ਪੁਰਾਣੇ ਸਮੇ ਦੀ ਕਾਠ ਦੀ ਬੇੜੀ

हड़ीला-ਹੜੀਲਾ, ਵਿ.. ਹੱਡੀਆਂ ਵਾਲਾ

हड्डज-ਹੱਡਜ, ਵਿ., ਉਹ ਜੋ ਹੱਡੀ ਤੋਂ ਪੈਦਾ ਹੋਵੇ

हड्डा-ਹੱਡਾ, ਪੁ., ਭਰਿੰਡ, ਦੰਦਈਆ, ਡ੍ਹੋਮੂ

हड्डी-ਹੱਡੀ, ਇ.. ਸਰੀਰ ਦੀ ਨਾੜੀ, ਹੱਡੀ

हण्डा-ਹੰਡਾ, ਇ., ਪਾਣੀ ਆਦਿ ਰਖਣ ਦਾ ਮੱਟ

हण्डी-ਹੰਡੀ. ਇ., ਹਾਂਡੀ. ਤੌੜੀ

हत-ਹਤ, ਵਿ., ਮਾਰਿਆ ਹੋਇਆ, ਖੋਇਆ ਹੋਇਆ, ਲਾਇਆ ਹੋਇਆ, ਹੈਰਾਨ. ਲਗਿਆ ਹੋਇਆ, ਵਿਗਾੜਿਆ ਹੋਇਆ, ਖਰਾਬ ਕੀਤਾ ਹੋਇਆ, ਆਸ਼ਾ ਹੀਨ, ਨਿਰਾਸ

हतक-ਹਤਕ, ਇ., ਬੇਇੱਜ਼ਤੀ

हतज्ञान-ਹਤਗਜਾਨ, ਵਿ., ਮੂਰਛਤ, ਅਚੇਤਨ, ਬੇਹੋਸ਼, ਅਬੋਧ ਨਾ ਸਮਝ

हतदैव-ਹਤਦੇਵ, ਵਿ,. ਅਭਾਗਾ, ਰੱਬ ਦਾ ਮਾਰਿਆ ਹੋਇਆ. ਬਦਨਸੀਬ, ਖੁਟਕਰਮਾ,

हतना-ਹਤਨਾ, ਕ੍ਰਿ.. ਮਾਰ ਦਣਾ, ਕਤਲ ਕਰਨਾ. ਹੁਕਮ ਮੰਨਣਾ

हतप्रभ-ਹਤਪ੍ਰਭ, ਵਿ., ਤੇਜਹੀਨ, ਜਿਸ ਵਿਚ ਚਮਕ ਨਾ ਹੋਵੇ

हतपुत्र-ਹਤਪੁਤ੍ਰ, ਵਿ., ਜਿਸ ਦਾ ਪੁੱਤਰ ਮਰ ਗਿਆ ਹੋਵੇ

हतप्रभाव-ਹਤਪ੍ਰਭਾਵ, ਵਿ., ਜਿਸ ਵਿਚ ਕੋਈ ਅਸਰ ਨਾ ਹੋਵੇ, ਪ੍ਰਭਾਉ ਰਹਿਤ

हतबुद्धि-ਹਤਬੁੱਧਿ, ਵਿ., ਮੂਰਖ, ਬੁੱਧ ਹੀਨ, ਨਾਸਮਝ

हतभाग्य-ਹਤਭਾਗਯ, ਵਿ., ਅਭਾਗਾ, ਨਿਰਭਾਗ ਬਦਨਸੀਬ, ਬਦਕਿਸਮਤ, ਬੇਭਾਗ

हतमूर्ख-ਹਤਮੂਰਖ ਵਿ., ਮਹਾਮੂਰਖ, ਵੱਡਾ ਬੇਵਕੂਫ

हतवाना-ਹਤਵਾਨਾ, ਕ੍ਰਿ., ਕਤਲ ਕਰਵਾਉਣਾ, ਮਰਵਾਉਣਾ

हतवीर्य-ਹਤਵੀਰਯ, ਵਿ., ਨਤਾਕਤਾ, ਕਮਜ਼ੋਰ, ਮਾੜਚੂ

हतस्वर-ਹਤਸ੍ਵਰ. ਵਿ., ਬੈਠੀ ਅਵਾਜ਼ ਵਾਲਾ

हता-ਹਤਾਂ, ਇ.. ਵੈਲਣ ਤੀਵੀਂ, ਬਦਚਲਣ ਤੀਵੀਂ, ਲੁੱਚੀ ਤੀਵੀਂ ਕ੍ਰਿ., ਸੋ

हतादर-ਹਤਾਦਰ, ਵਿ., ਨਿਆਦਰਾ, ਬੇਇੱਜ਼ਤਾ, ਜਿਸ ਦਾ ਆਦਰ ਘਟ ਗਿਆ ਹੋਵੇ

हताध्वर-ਹਤਾਧ੍ਵਰ, ਪੁ., ਸ਼ਿਵ, ਮਹਾਦੇਵ

हताना-ਹਤਾਨਾ, ਕ੍ਰਿ., ਦੇਖੋ ਹਤਵਾਨਾ हतवाना)

हताश-ਹਤਾਸ਼, ਵਿ., ਨਿਰਾਸ, ਨਿਰਦਈ, ਕਠੋਰ, ਭੈੜਾ, ਬੇਆਸ

हताहत-ਹਤਾਹਤ, ਵਿ., ਫੱਟੜ ਅਤੇ ਮਾਰੇ ਹੋਏ

हति-ਹਤਿ, ਇ., ਹੱਤਿਆ ਖੂਨ, ਕਤਲ

हतोत्साह-ਹਤੋਤਸਾਹ, ਵਿ., ਬੇਉਤਸਾਹਾ, ਬੇਹਿੰਮਤਾ

हतौजस्-ਹਤੌਜਸ, ਵਿ,, ਕਮਜੋਰ, ਤੇਜ ਰਹਿਤ

हत्थ-ਹੱਥ ਪੁੰ., ਦੇਖੋ ਹਸ੍ਤ (हस्त)

हत्था-ਹੱਥਾ. ਪੁ., ਦਸਤਾ, ਬੇਹਾਂ, ਮੁਠਾ, ਕੇਲੇ ਦੇ ਫਲਾਂ ਦਾ ਗੁੱਛਾ ਹੱਥ ਦਾ ਛਾਪਾ, ਫੌੜ੍ਹਾ

हत्थाजड़ी-ਹੱਥਾਜੜੀ, ਇ., ਇਕ ਕਿਸਮ ਦਾ ਖੁਸ਼ਬੂਦਾਰ ਪੱਤੀਆਂ ਵਾਲਾ ਬੂਟਾ

हत्थी-ਹੱਥੀ, ਇ., ਸੰਦ ਦਾ ਮੁੱਠਾ, ਦਸਤਾ, ਬੈਹਾਂ

हत्थे-ਹੱਥੇ, ਕ੍ਰਿ. ਵਿ., ਹੱਥ ਵਿਚ

हत्या-ਹਤਯਾ, ਇ., ਕਤਲ, ਖੂੰਨ, ਝੰਜਟ, ਬਖੇੜਾ

हत्यारा-ਹਤਯਾਰਾ, ਪੁ., ਕਤਲ ਕਰਨ ਵਾਲਾ, ਖੂੰਨੀ, ਕਾਤਲ

हत्यारी-ਹਤਯਾਰੀ, ਇ., ਕਤਲ ਕਰਨ ਵਾਲੀ, ਖੂੰਨਣ

हथ-ਹੰਥ, ਪੁ.. ਹੱਥ ਦੀ ਸੰਖੇਪ ਸ਼ਕਲ

हथउधार-ਹਥਉਧਾਰ, ਪੁ., ਉਹ ਕਰਜ਼ਾ ਜੋ ਥੋੜੇ ਦਿਨਾਂ ਲਈ ਬਿਨਾ ਕਿਸੇ ਲਿਖਾ ਪੜ੍ਹੀ ਦੇ ਲਿਆ ਜਾਵੇ

हथकंडा-ਹਥਕੰਡਾ, ਪੁ., ਗੁਪਤਚਾਲ, ਹੱਥ ਦੀ ਸਫਾਈ

हथकड़ी-ਹਥਕੜੀ, ਇ., ਕੈਦੀਆਂ ਦੇ ਹੱਥਾਂ ਵਿਚ ਪਹਿਰਾਉਣ ਵਾਲਾ ਕੜਾ ਜਾਂ ਜ਼ੰਜੀਰ

हथकरा-ਹਥਕਰਾ; ਪੁ., ਕਪੜੇ ਜਾਂ ਰੱਸੀ ਦਾ ਟੁਕੜਾ ਜੋ ਧੁਣਕੀ ਵਿਚ ਬੰਨ੍ਹਿਆਂ ਰਹਿੰਦਾ ਹੈ

हथकरी-ਹਥਕਰੀ, ਇ., ਦੁਕਾਨ ਦੇ ਤਖਤਿਆਂ ਨੂੰ ਬੰਦ ਕਰਨ ਵਾਲਾ ਇਕ ਕਿਸਮ ਦਾ ਜਿੰਦਰਾ

कल-ਹਥਕਲ, ਪੁ., ਪੇਚ ਕਸਣ ਜਾਂ ਢਿਲੇ ਕਰਨ ਵਾਲਾ ਸੰਦ

हथकोड़ा-ਹਥਕੋੜਾ, ਪੁ., ਕੁਸ਼ਤੀ ਦਾ ਇਕ ਦਾਉ

हथछुट-ਹਥਛੁਟ, ਵਿ., ਜਿਸ ਨੂੰ ਤੁਰਤ ਕਿਸੇ ਨੂੰ ਮਾਰਨ ਦੀ ਆਦਤ ਹੋਵੇ

हथधरी-ਹਥਧਰੀ, ਇ., ਸਹਾਰਾ ਲਣ ਦੀ ਲੱਕੜ

हथनाल-ਹਥਨਾਲ, ਪੁ., ਉਹ ਤੋਪ ਜੋ ਹਾਥੀ ਦੀ ਪਿੱਠ ਤੇ ਧਰ ਕੇ ਚਲਾਉਂਦੇ ਹਨ

हथनी-ਹਥਨੀ, ਇ., ਹਾਥੀ ਦੀ ਮਦੀਨ, ਹਥਣੀ

हथफूल-ਹਥਫੂਲ, ਪੁ., ਹੰਥੇਲੀ ਦੇ ਪਿਛਲੇ ਪਾਸੇ ਪਹਿਰਣ ਦਾ ਇਕ ਗਹਿਣਾ, ਇਕ ਤਰ੍ਹਾਂ ਦੀ ਆਤਿਸ਼ਬਾਜ਼ੀ.

हथफेर-ਹਥਫੇਰ, ਪੁ., ਪਿਆਰ ਨਾਲ ਸਰੀਰ ਤੇ ਹੱਥ ਫੇਰਨ ਦੀ ਕਿਰਿਆ, ਧੋਖੇ ਨਾਲ ਕਿਸੇ ਦਾ ਮਾਲ ਉਡਾ ਲੈਣ ਦਾ ਭਾਵ, ਹਥਫੇਰੀ

हथबेंटा-ਹਤਬੇਂਟਾ, ਪ., ਗੰਨਾ ਕੱਟਣ ਵਾਲਾ ਸੰਦ, ਗੰਡਾਸਾ

हथरकी-ਹਥਰਕੀ, ਇ., ਚੰਮ ਦੀ ਥੈਲੀ

हथली-ਹਥਲੀ, ਇ., ਚਰਖਾ ਚਲਾਉਣ ਦਾ ਮੁੱਠਾ, ਹੱਥੀ

हथलेवा-ਹਥਲੇਵਾ, ਪੁ.. ਵਿਆਹ ਆਦਿਕ ਵਿਚ ਬੰਨਾ ਬੰਨੀ ਦੇ ਹੱਥ ਆਪਣੇ ਹੱਥ ਵਿਚ ਲੈਣ ਦਾ ਭਾਵ, ਹਥਲੇਵੇ

हथवांस-ਹਥਵਾਂਸ, ਪੁ., ਬੇੜੀ ਚਲਾਉਣ ਦਾ ਸਾਮਾਨ

हथवांसना-ਹਥਵਾਂਸਨਾ, ਕ੍ਰਿ., ਵਰਤਣਾ

हथसांकर-ਹਥਸਾਂਕਰ, ਪੁ., ਦੇਖੋ ਹਥਫੂਲ (हथफूल)

हथसार-ਹਥਸਾਰ, ਇ., ਫੀਲਖਾਨਾ, ਹਾਥੀਖਾਨਾ, ਹਾਥੀਆਂ ਦੇ ਰਹਿਣ ਦੀ ਥਾਂ

हथा-ਹਥਾ, ਇ., ਹੱਥ ਦਾ ਛਾਪਾ

हथाहथी-ਹਥਾਹਥੀ, ਅਵ੍ਯ., ਹਥੋਹਥੀ, ਝਟਪਟ. ਤੁਰਤ ਫੁਰਤ

हथिनी-ਹਥਿਨੀ, ਇ., ਹਾਥੀ ਦੀ ਮਦੀਨ, ਹਥਣੀ

हथिया-ਹਥਿਯਾ, ਪੁ., ਚੱਕੀ ਦਾ ਹੜਥਾ

हथियाना-ਹਥਿਯਾਨਾ, ਕ੍ਰਿ., ਕਬਜ਼ੇ ਵਿਚ ਕਰਨਾ, ਹੱਥ ਵਿਚ ਲੈਣਾ ਜਾਂ ਫੜਨਾ

हथियार-ਹਥਿਯਾਰ, ਪੁ., ਤਲਵਾਰ ਆਦਿਕ ਸ਼ਸਤਰ, ਲੜਾਈ ਦਾ ਸਾਮਾਨ

हथियारबन्द-ਹਥਿਯਾਰਬੰਦ, ਵਿ., ਸ਼ਸਤਰਧਾਰੀ, ਜਿਸ ਕੋਲ ਕੋਈ ਨਾ ਕੋਈ ਹਥਿਆਰ ਹੋਵੇ

हथुईरोटी-ਰਥੁਈਰੋਟੀ, ਇ., ਆਟੇ ਦੇ ਪੇੜੇ ਨੂੰ ਹਥੇਲੀਆਂ ਨਾਲ ਦਬਾ ਕੇ ਬਣਾਈ ਹੋਈ ਰੋਟੀ, ਪਾਣੀ ਹੱਥ ਦੀ ਰੋਟੀ. ਥੱਪਵੀਂ ਰੋਟੀ

हथेरा-ਹਥੇਰਾ, ਪੁ., ਇਕ ਤਰ੍ਹਾਂ ਦਾ ਪਾਣੀ ਉਛਾਲਣ ਦਾ ਬੱਲਾ ਜਿਸ ਨਾਲ ਪਾਣੀ ਖੇਤ ਵਿਚ ਚਹੁੰ ਪਾਸੀਂ ਫੈਲਾਇਆ ਜਾਂਦਾ ਹੈ, ਫੌੜ੍ਹਾ

हथेरी-ਹਥੇਰੀ, ਇ., ਹਥੇਲੀ

हथेल-ਹਥੇਲ, ਇ., ਬੁਣਿਆ ਹੋਇਆ ਕਪੜਾ ਤਾਣ ਕੇ ਰੱਖਣ ਦੀ ਲੱਕੜ

हथेली-ਹਥੇਲੀ, ਇ., ਹੱਥ ਦੀ ਤਲੀ

हथेव-ਹਥੇਵ, ਪੁ., ਹਥੋੜੀ

हथोरी-ਹਥੋਰੀ, ਵਿ., ਹਥੇਲੀ

हथौटी-ਹਥੋਟੀ, ਇ., ਹਥ ਦੀ ਕਾਰੀਗਰੀ, ਕਿਸੇ ਕੰਮ ਵਿਚ ਲੱਗਣ ਦਾ ਢੰਗ

हथौड़ा-ਹਥੋੜਾ, ਪੁ., ਜਿਸ ਚੀਜ ਨਾਲ ਲੋਹਾ ਵਗੈਰਾ ਕੁਟਦੇ ਹਨ, ਥੋੜ੍ਹਾ

हथौड़ी-ਹਥੋੜੀ, ਇ., ਛੋਟਾ ਹਥੋੜਾ, ਥੋੜੀ

हथौना-ਹਥੋਨਾ, ਪੁ., ਬੰਨਾ ਬੰਨੀ ਦੇ ਹੱਥ ਪਰ ਮਿਠਿਆਈ ਰੱਖਣ ਦੀ ਰੀਤ

हद-ਹਦ, ਇ., ਕੰਢਾ, ਬੰਨਾ, ਸਿਰਾ, ਨਿਸ਼ਾਨ, ਸੀਮਾ, ਮਰਜਾਦਾ

हद्समाअत-ਹਦਸਮਾਅਤ, ਇ., ਦਾਵਾ ਕਰਨ ਲਈ ਨਿਯਤ ਸਮਾ

हदिया-ਹਦਿਯਾ, ਇ., ਚੰਗੇ ਖਾਨਦਾਨ ਲੀ ਬਹਾਦਰ ਤੀਵੀਂ

हदन-ਹਦਨ, ਪੁ., ਕਤਲ, ਖੂਨ, ਹੱਤਿਆ

हनना-ਹਨਨਾ, ਕ੍ਰਿ., ਕਤਲ ਕਰਨਾ, ਸੱਟ ਫਟ ਮਾਰਨੀ, ਮਾਰਨਾ, ਖੂਨ ਕਰਨਾ

हनवाना-ਹਨਵਾਨਾ, ਕ੍ਰਿ., ਦਸਰੇ ਤੋਂ ਕਤਲ ਕਰਾਉਣਾ

हननीय-ਹਨਨੀਯ, ਵਿ., ਕਤਲ ਕਰਨ ਜੋਗ

हनफी-ਹਨਫੀ, ਪੁੰ., ਮੁਸਲਮਾਨਾਂ ਵਿਚ ਸੁੰਨੀਆਂ ਦੀ ਇਕ ਸੰਪਰਦਾਇ

हनिवंत-ਹਨਿਵੰਤ, ਪੁ., ਹਨੁਮਾਨ, ਮਹਾਵੀਰ

हनील-ਹਨੀਲ, ਪੁ., ਕੇਓੜਾ

हनु-ਹਨ, ਪੁ., ਠੋਡੀ, ਜਬਾੜ੍ਹਾ

हनुका-ਹਨੁਕਾ, ਇ., ਜਾੜ੍ਹ ਦੀ ਹੱਡੀ

हनुग्रह-ਹਨੁਗ੍ਰਹ, ਪੁ., ਜਬਾੜ੍ਹੇ ਦੇ ਬੈਠ ਜਾਣ ਦੀ ਬੀਮਾਰੀ

हनुमंत-ਹਨੂਮੰਤ, ਵਿ., ਹਨੂਮਾਨ, ਮਹਾਵੀਰ

हनुमान-ਹਨੁਮਾਨ, ਵਿ., ਵੱਡੇ ਜਬਾੜ੍ਹੇ ਵਾਲਾ, ਪੁ., ਇਕ ਬਹਾਦਰ ਬਾਂਦਰ ਜੋ ਸ੍ਰੀ ਰਾਮਚੰਦਰ ਜੀ ਦਾ ਭਗਤ ਸੀ

हनुमान बैठक-ਹਨੁਮਾਨ, ਬੈਠਕ, ਇ., ਇਕ ਕਿਸਮ ਦੀ ਬੈਠਕ

हनुल-ਹਨੁਲ, ਵਿ., ਮਜ਼ਬੂਤ ਜਾੜ੍ਹ ਵਾਲਾ

हनू-ਹਨੂ, ਇ., ਠੋਡੀ

हनूमत-ਹਨੂਮਤ, ਪੁ., ਹਨੂਮਾਨ, ਮਹਾਵੀਰ

हनूष-ਹਨੂਸ਼, ਪੁ., ਰਾਖਸ਼

हनोज़-ਹਨੋਜ਼, ਅਵਜ., ਹੁਣ ਹੀ, ਇਸੀ ਮੌਕੇ, ਅਜੇ ਤਾਈਂ

हन्त-ਹੰਤ, ਅਵਜ., ਘਬਰਾਹਟ, ਦੁਖ ਅਤੇ ਖੁਸ਼ੀ ਆਦਿ ਪਰਗਟ ਕਰਨ ਵਾਲਾ ਸ਼ਬਦ

हन्तकार-ਹੰਤਕਾਰ, ਪੁ., ਮਹਿਮਾਨ ਜਾਂ ਬ੍ਾਹਮਣ ਅਤੇ ਸਾਧ ਆਦਿ ਲਈ ਪਹਿਲੋਂ ਕਢਿਆ ਹੋਇਆ ਭੋਜਨ, ਹੰਤਕਾਰੀ

हन्तव्य-ਹੰਤਵਜ, ਵਿ., ਕਤਲ ਕਰਨ ਜੋਗ, ਜਾਨੋਂ ਮੁਕਾਉਣ ਜੋਗਾ

हन्ता-ਹੰਤਾ, ਪੁ., ਮਾਰਨ ਵਾਲਾ, ਕਤਲ ਕਰਨ ਵਾਲਾ, ਖੂੰਨੀ

हप-ਹਪ, ਪੁ., ਮੂੰਹ ਨੂੰ ਇਕ ਦਮ ਬੰਦ ਕਰਨ ਨਾਲ ਉਤਪੰਨ ਸ਼ਬਦ

हपटाना-ਹਪਟਾਨਾ, ਕ੍ਰਿ., ਹਫਣਾ, ਹੌਂਕਣੀ ਚੜ੍ਹਨੀ

हफ़्ता-ਹਫ਼ਤਾ, ਪੁ., ਸਾਤਾ, ਸੱਤ ਦਿਨ ਦਾ ਸਮੂਹ

हफ़्ती-ਹਫ਼ਤੀ, ਇ., ਇਕ ਤਰ੍ਹਾਂ ਦੀ ਜੁੱਤੀ

हबकना-ਹਬਕਨਾ, ਕ੍ਰਿ., ਦੰਦ ਕਚਰਿਆਉਣਾ, ਕਿਸੇ ਚੀਜ਼ ਦ ਕੱਟਣ ਲਈ ਮੂੰਹ ਖੋਲ੍ਹਣਾ

हबड़ना, हबड़ाना-ਹਬੜਨਾ, ਹਬੜਾਨਾ, ਕ੍ਰਿ., ਕਿਸੇ ਚੀਜ਼ ਨੂੰ ਬੇਸਬਰਿਆਂ ਵਾਙ ਖਾਣਾ

हबरहबर-ਹਬਰਹਬਰ, ਕ੍ਰਿ. ਵਿ., ਛੇਤੀ ਛੇਤੀ, ਕਾਹਲੀ ਨਾਲ, ਹਬੜਾ ਦਬੜੀ ਨਾਲ

हबराना-ਹਬਰਾਨਾ, ਕ੍ਰਿ., ਦੇਖੋ ਹਬੜਨਾ (हबड़ना)

हबश-ਹਬਸ਼, ਪੁ., ਅਫਰੀਕਾ ਦੇ ਮੁਲਖ ਦਾ ਇਕ ਹਿੱਸਾ

हबशी-ਹਬਸ਼ੀ, ਪੁ., ਹਬਸ਼ ਮੁਲਖ ਦਾ ਰਹਿਣ ਵਾਲਾ, ਜਿਸ ਦੇ ਸਰੀਰ ਦਾ ਰੰਗ ਕਾਲਾ ਹੁੰਦਾ ਹੈ, ਹਬਸ਼ੀ

हबशीसनर-ਹਬਸੀਸਨਰ, ਪੁ., ਅਫਰੀਕਾ ਦਾ ਗੈਂਡਾਂ ਜਿਸ ਦੇ ਸਿੰਗ ਹੁੰਦੇ ਹਨ

हबीब-ਹਬੀਬ, ਪੁ., ਮਿੱਤਰ, ਦੋਸਤ, ਪਿਆਰਾ, ਪ੍ਰੇਮੀ

हबूब-ਹਬੂਬ, ਪੁ., ਪਾਣੀ ਦਾ ਬੁੱਲਾ, ਝੂਠ ਮੂਠ ਦੀ ਗੱਲ, ਗਪੌੜਾ.

हब्बाडब्बा-ਹੱਬਾਡੱਬਾ, ਪੁ., ਬੱਚਿਆਂ ਦੀ ਪਸਲੀ ਚੱਲਣ ਦੀ ਬੀਮਾਰੀ, ਡਬੂ

हबस-ਹਬਸ, ਪੁ., ਜੇਲ੍ਹ, ਕੈਦ

हम-ਹਮ, ਸਰਵ., ਮੈਂ ਦਾ ਬਹੁਵਚਨ, ਅਸੀਂ, ਪੁ., ਹੰਕਾਰ, ਘਮੰਡ, ਅਵਜ., ਸੰਗ, ਸਾਥ, ਸਮਾਨ, ਬਰਾਬਰ

हमजिंस-ਹਮਜਿੰਸ, ਪੁ., ਇਕ ਹੀ ਜਾਤ ਦੇ ਮਨੁੱਖ

हमजोली-ਹਮਜੋਲੀ, ਪੁ., ਸੰਗੀ, ਸਾਥੀ, ਮੇਲੀ

हमता-ਹਮਤਾ, ਪੁ., ਹੰਕਾਰ, ਘਮੰਡ, ਹੈਂਕੜ

हमदर्द-ਹਮਦਰਦ, ਪੁ., ਦੁਖ ਵਿਚ ਸਹਾਇਤਾ ਦੇਣ ਵਾਲਾ

हमदर्दी-ਹਮਦਰਦੀ, ਇ., ਦੁਖ ਵੰਡਾਉਣ ਦਾ ਕੰਮ

हमनिवाला-ਹਮਨਿਵਾਲਾ, ਪ., ਇਕੱਠੇ ਬੈਠ ਕੇ ਖਾਣ ਵਾਲਾ

हमरा-ਹਮਰਾ, ਸਰਵ., ਸਾਡਾ, ਆਪਣਾ, ਅਸਾਂ ਦਾ

हमराह-ਹਮਰਾਹ, ਅਵਜ., ਸੰਗ, ਸਾਥ, ਨਾਲ

हमल-ਹਮਲ, ਪੁ., ਗਰਭ, ਢਿਡ

हमला-ਹਮਲਾ, ਪ., ਚੜ੍ਹਾਈ, ਹੱਲਾ, ਚੁਭਵੀਂ ਗੱਲ

हमवतन-ਹਮਵਤਨ, ਵਿ., ਇਕ ਹੀ ਮੁਲਖ ਦਾ ਰਹਿਣ ਵਾਲਾ, ਇਕ ਦੇਸ ਦਾ ਵਸਨੀਕ

हमवार-ਹਮਵਾਰ, ਪ., ਇਕ ਸਾਰ, ਪੱਧਰ

हमसबक-ਹਮਸਬਕ, ਪੁ., ਹਮਜਮਾਤੀ, ਇਕ ਜਮਾਤ ਵਿਚ ਪੜ੍ਹਨ ਵਾਲਾ, ਸਹਪਾਠੀ

हमसर-ਹਮਸਰ, ਪੁ., ਬਰਾਬਰ ਦਾ ਬੰਦਾ

हमसरी-ਹਮਸਰੀ, ਇ., ਬਰਾਬਰੀ, ਰੀਸ

हम्साया-ਹਮਸਾਯਾ, ਪੁ., ਪੜੋਸੀ, ਗੁਆਂਢੀ

हमाम-ਹਮਾਮ, ਪੁ., ਨ੍ਹਾਉਣ ਦਾ ਕਮਰਾ, ਗੁਸਲ ਖਾਨਾ

हमारा-ਹਮਾਰਾ, ਸਰਵ., ਸਾਂਡਾ ਅਪਣਾ,'ਹੰਮ' ਦਾ ਸਬੰਧਕ ਰੂਪ

हमाल-ਹਮਾਲ, ਪੁ., ਬੋਂਝਾ ਚੁਕਣ ਵਾਲਾ, ਕੁਲੀ, ਮਜੂਰ

हमाहमी-ਹਮਾਹਮੀ. ਇ., ਮਤਲਬਪਣਾ, ਹੰਕਾਰ, ਆਪਣੇ ਤੇ ਭਾਰ ਲੈਣ ਦਾ ਜਤਨ

हमे-ਹਮੇ, ਸੰਰਵ., ਸਾਨੂੰ, ਸਾਡੇ ਲਈ

हमेल-ਹਮੇਲ. ਇ., ਗਲ ਵਿਚ ਪਹਿਰਣ ਦੀ ਗੋਲ ਟੁਕੜੇ ਜਾਂ ਸਿੱਕਿਆਂ ਦੀ ਬਣੀ ਹੋਈ ਮਾਲਾ

हमेव ਹਮੇਵ. ਪੁ., ਹੰਕਾਰ. ਘਮੰਡ, ਅਭਿਮਾਨ, ਹੈਂਕੜ

हमेशा। हमेश-ਹਮੇਸ਼ਾ, ਹਮੇਸ, ਅਵਜ., ਹਰ ਵੇਲੇ, ਸਦੀਵੀ

हम्बा, हम्मा-ਹੰਬਾ, ਹੰਮਾ, ਇ., ਗਊ ਬਲਦ ਦੇ ਬੋਲਣ ਦਾ ਸ਼ਬਦ

हम्माम-ਹੰਮਾਮ, ਪੁ., ਨ੍ਹਾਉਣ ਦਾ ਕਮਰਾ, ਗੁਸਲ ਖਾਨਾ

हम्मीर-ਹੰਮੀਰ. ਪੁ., ਇਕ ਰਾਗ ਦਾ ਨਾਉਂ

हम्मीरनट-ਹੰਮੀਰਨਟ, ਪੁ., ਇਕ ਰਾਗ

हसंद-ਹਸੰਦ, ਪੁ., ਚੰਗਾ ਸੋਹਣਾ ਘੋੜਾ

हय-ਹਯ, ਪੁ., ਘੋੜਾ, ਇਕ ਛੰਦ

हयगन्ध-ਹਯਗੰਧ, ਪੁ., ਕਾਲਾ ਲੂਣ

हयगन्धा-ਹਯਗੰਧਾ, ਇ., ਅਸਗੰਧ

हयगृह-ਹਯਗ੍ਰਿਹ, ਪੁ., ਘੁੜਸਾਲ, ਤਬੇਲਾ

हयग्रीव-ਹਯਗ੍ਰੀਵ, ਪੁ., ਇਕ ਰਾਖਸ਼ ਦਾ ਨਾਉਂ, ਵਿਸ਼ਨੂੰ ਦੇ ਚੋਬੀ ਅੰਵਤਾਰਾਂ ਵਿਚੋਂ ਇਕ

हयग्रीवा-ਹਯਗ੍ਰੀਵਾ, ਇ., ਦੁਰਗਾ

हयङ्कष-ਹਯੰਕਸ਼, ਪੁ., ਇੰਦਰ ਦਾ ਰਥਵਾਨ ਮਾਤਲੀ

हयद्विष-ਹਯਦ੍ਵਿਸ਼, ਪੁ., ਮੈਂਸਾ, ਝੋਟਾ, ਮਹਿਆਂ

हयन-ਹਯਨ, ਪੁ., ਖੇਡਣ ਵਾਲੀ ਗੱਡੀ

हयना-ਹਯਨਾ, ਕ੍ਰਿ., ਕਤਲ ਕਰਨਾ, ਨਾਸ ਕਰਨਾ, ਮਾਰ ਮੁਕਾਉਣਾ

हयनाल-ਹਯਨਾਲ, ਇ., ਘੋੜਿਆਂ ਨਾਲ ਖਿੱਚੀ ਜਾਣ ਵਾਲੀ ਇਕ ਤੋਪ

हयप्रिय-ਹਯਪ੍ਰਿਯ, ਪੁ., ਜੌਂ

हयप्रिया-ਹਯਪ੍ਰਿਯਾ, ਇ., ਅਸਗੰਧ ਨਾਉਂ ਦੀ ਬੂਟੀ

हयशाला-ਹਯਸ਼ਾਲਾ, ਇ., ਘੁੜਸਾਲ, ਘੋੜਿਆਂ ਦਾ ਤਬੇਲਾ

हया-ਹਯਾ. ਇ., ਅਸਗੰਧ, ਲੱਜਿਆ, ਸ਼ਰਮ

हयात-ਹਯਾਤ, ਇ., ਜ਼ਿੰਦਗੀ, ਜੀਵਨ, ਉਮਰ, ਹੀਨ, ਰਹਿਤ

हर-ਹਰ, ਪੁ., ਸ਼ਿਵ, ਮਹਾਦੇਵ, ਗਧਾ, ਅੱਗ, ਵੰਡ, ਵਿ.; ਖੋਹਣ ਜਾਂ ਲੁੱਟਣ ਵਾਲਾ, ਮਿਟਾਉਣ ਵਾਲਾ, ਨਾਸ ਕਰਨ ਵਾਲਾ, ਹਰ ਇਕ, ਹਰ ਕੋਈ, ਸਭ

हररोज़-ਹਰਰੋਜ਼. ਪੁ., ਰੋਜ ਹੀ, ਨਿੱਤ

हरएँ-ਹਰਏਂ, ਅਵਜ., ਹੋਲੇ, ਹੌਲੀ ਹੌਲੀ

हरक़-ਹਰਕ, ਪੁ., ਸ਼ਿਵ, ਮਹਾਦੇਵ, ਵਿ., ਚੁਰਾਉਣ ਵਾਲਾ

हरकत-ਹਰਕਤ, ਇ., ਹਿੱਲ ਜੁਲ, ਭੈੜਾ ਚਲਣ

हरकारा-ਹਰਕਾਰਾ, ਪੁ., ਸੁਨੇਹਾ ਜਾਂ ਚਿਠੀ ਪੱਤਰ ਲੈ ਜਾਣ ਵਾਲਾ, ਡਾਕੀਆ, ਕਾਸਦ

हरकेस-ਹਰਕੇਸ, ਪੁ., ਇਕ ਤਰ੍ਹਾਂ ਦਾ ਧਾਨ

हरख-ਹਰਖ, ਪੁ., ਖੁਸ਼ੀ, ਪ੍ਰਸੰਨਤਾ

हरखना-ਹਰਖਨਾ, ਕ੍ਰਿ., ਪ੍ਰਸੰਨ ਹੋਣਾ, ਖੁਸ਼ ਹੋਣਾ

हरगिज़-ਹਰਗਿਜ਼. ਅਵਜ., ਕਦੀ, ਕਭੀ, ਕਦੇ

हरचन्द-ਹਰਚੰਦ, ਅਵਜ., ਬਹੁਤ ਵਾਰੀ, ਜੇ, ਅਗਰ, ਕਈ ਵਾਰੀ

हरचूड़ामणि-ਹਰਚੂੜਾਮਣਿ ਪੁ., ਚੰਨਣ, ਚੰਦਰਮਾ

हरज-ਹਰਜ, ਪੁ., ਪਾਰਾ, ਨੁਕਸਾਨ, ਹਾਨ

हरजा-ਹਰਜਾ, ਪੁ., ਹਾਨੀ, ਨੁਕਸਾਨ, ਪੱਥਰਘਾੜਿਆਂ ਦੀ ਇਕ ਤਰ੍ਹਾਂ ਦੀ ਟਾਕੀ

हरजाई-ਹਰਜਾਈ; ਪੁ., ਹਰ ਥਾਂ ਤੇ ਘੁੰਮਣ ਵਾਲਾ, ਆਵਾਰਾ, ਇ., ਵੇਸਵਾ, ਕੰਜਰੀ

हरजाना-ਹਰਜਾਨਾ, ਪੁ., ਉਹ ਧਨ ਜੋ ਕਿਸੇ ਦੇ ਨੁਕਸਾਨ ਬਦਲੇ ਦਿਤਾ ਜਾਵੇ

हरट्ट-ਹਹੱਟ, ਵਿ., ਮਜ਼ਬੂਤ, ਮੋਟਾ ਤਾਜਾ. ਹੱਟਾ ਕੱਟਾ

हरण-ਹਰਣ. ਪੁ. ਨਾਸ, ਦੂਰ ਕਰਨ ਦੀ ਕਿਰਿਆ. ਲੁੱਟਣ ਦੀ ਕਿਰਿਆ ਖੋਹਣ ਦਾ ਭਾਵ, ਵੰਡਣ ਦਾ ਭਾਵ, ਬਾਂਹ, ਤੱਤਾ ਪਾਣੀ, ਕੌਡੀ, ਲੈ ਜਾਣ ਦਾ ਭਾਵ

हरता-ਹਰਤਾ. ਵਿ., ਖੋਹਣ ਵਾਲਾ, ਚੁਰਾਉਣ ਵਾਲਾ, ਉਠਾ ਕੇ ਲੈ ਜਾਣ ਵਾਲਾ

हरतार, हरताल-ਹਰਤਾਰ, ਹਰਤਾਲ, ਇ., ਪੀਲੇ ਰੰਗ ਦੀ ਧਾਤ ਵਰਗੀ ਚੀਜ

हरतेज-ਹਰਤੇਜ, ਪੁ., ਪਾਰਾ

हरद-ਹਰਦ, ਇ., ਹਲਦੀ

हरदा-ਹਰਦਾ, ਪੁ., ਖੇਤੀ ਨੂੰ ਹਾਨੀ ਪੁਚਾਉਣ ਵਾਲਾ ਇਕ ਤਰ੍ਹਾਂ ਦਾ ਕੀੜਾ

हरदिया-ਹਰਦਿਯਾ, ਵਿ., ਹਲਦੀ ਰੰਗਾ, ਪੀਲਾ

हरदी-ਹਰਦੀ, ਇ., ਹਲਦੀ

हरदू-ਹਰਦੂ, ਪੁ., ਇਕ ਕਿਸਮ ਦਾ ਵੱਡਾ ਰੁੱਖ

हरद्वार-ਹਰਦ੍ਵਾਰ, ਪੁ., ਦੇਖੋ ਹਰਿਦ੍ਵਾਰ (हरिद्वार)

हरना-ਹਰਨਾ, ਕ੍ਰਿ., ਕਿਸੇ ਚੀਜ਼ ਨੂੰ ਉਸ ਦੀ ਇੱਛਿਆ ਤੋਂ ਬਿਨਾ ਲੈ ਲੈਣਾ. ਖੋਹਣਾ, ਲੁੱਟਣਾ, ਨਾਸ ਕਰਨਾ, ਹਾਰ ਜਾਣਾ, ਕਮਜ਼ੋਰ ਹੋਣਾ, ਪੁ., ਹਿਰਨ, ਮਿਰਗ, ਹਰਨ

हरनाकश, हरनाच्छ-ਹਰਨਾਕਸ, ਹਰਨੱਾਛ, ਪੁ., ਪ੍ਰਹਿਲਾਦ ਭਗਤ ਦਾ ਪਿਉ, ਇਕ ਰਾਖ਼ਸ਼

हरनी-ਹਰਨੀ, ਇ., ਹਿਰਨ ਦੀ ਮਦੀਨ, ਹਿਰਨੀ, ਮਿਰਗਣੀ

हरनौटा-ਹਰਨੌਟਾ, ਪੁ., ਹਿਰਨ ਦਾ ਬੱਚਾ

हरधा-ਹਰਧਾ, ਪੁ., ਸੁਨਿਆਰਾਂ ਦਾ ਤਰਾਜੂ ਕੰਡਾ ਆਦਿ ਰੱਖਣ ਦਾ ਡੱਬਾ

हरपुजी-ਹਰਪੁਜੀ, ਇ., ਕੱਤਕ ਵਿਚ ਕਿਸਾਨਾਂ ਵਲੋਂ . ਹਲ ਦੀ ਪੁਜਾ ਕਰਨ ਦਾ ਭਾਵ

हरपुरी-ਹਰਪੁਰੀ, ਪੁ., ਸ਼ਿਵਲੋਕ, ਸ਼ਿਵਾਂ ਦੀ ਪੁਰੀ

हरप्रिय-ਹਰਪ੍ਰਿਯ, ਪੁ., ਧਤੂਰਾ, ਵਿ., ਸ਼ਿਵਾਂ ਦਾ ਭਗਤ

हरफ़-ਹਰਫ, ਪੁ., ਅੱਖਰ, ਵਰਣ

हरफा-ਹਰਫਾ, ਪੁ., ਕੁੱਟਿਆ ਹੋਇਆ ਚਾਰਾ ਰੱਖਣ ਦਾ ਘਰ ਇ., ਕਮਰਖ ਜੇਹਾ ਇਕ ਰੁੱਖ ਜਿਸ ਦੇ ਫਲ ਸਿੰਘਾੜੇ ਜੇਹੇ, ਖੱਟਮਿਠੇ ਹੁੰਦੇ ਹਨ

हरबा-ਹਰਬਾ, ਪੁ., ਹਥਿਆਰ

हरबीज-ਹਰਬੀਜ, ਪੁ., ਪਾਰਾ

हरबोंग-ਹਰਬੋਂਗ, ਵਿ., ਮੂਰਖ, ਨਾਸਮਝ ਅੱਖੜ

हरमूली-ਹਰਮੂਲੀ, ਇ., ਇਕ ਕਿਸਮ ਦਾ ਧਤੂਰਾ

हरम-ਹਰਮ, ਪੁ., ਰਣਵਾਸ, ਜਨਾਨਖਾਨਾ, ਇ., ਰਖੇਲ, ਸੌਕਣ, ਬੇਗਮ, ਗੋਲੀ

हरमज़दगी-ਹਰਮਜ਼ਦਗੀ, ਇ., ਬਦਮਾਸ਼ੀ, ਸ਼ਰਾਰਤ, ਲੁੱਚਪਣਾ

हररूप-ਹਰਰੂਪ, ਪੁ., ਸ਼ਿਵ, ਮਹਾਦੇਵ

हरवल-ਹਰਵਲ, ਇ., ਹਲਵਾਹਿਆਂ ਨੂੰ ਬਿਨਾ ਵਿਆਜ ਤੋਂ ਦਿਤਾ ਹੋਇਆ ਧਨ

हरवली-ਹਰਵਲੀ, ਇ., ਫੌਜ ਦੀ ਕਮਾਣ

हरवल्लभ-ਹਰਵੱਲਭ, ਪੁ., ਤਾਲ ਦੇ ਮੁੱਖ ਸੱਠ ਭੇਦਾਂ ਵਿਚੋਂ ਇਕ ਭੇਦ

हरवा-ਹਰਵਾ, ਪੁ., ਦੇਖੋ ਹਾਰ (हार) ਵਿ., ਹੌਲਾ, ਹਲਕਾ

हरवाना-ਹਰਵਾਨਾ, ਕ੍ਰਿ., ਜਲਦੀ ਕਰਨਾ, ਛੇਤੀ ਕਰਨੀ, ਹਰਾਉਣਾ, ਭਾਂਜ ਦੇਣੀ

हरवाल-ਹਰਵਾਲ, ਪੁ, ਇਕ ਕਿਸਮ ਦਾ ਘਾਹ

हरवाहन-ਹਰਵਾਹਨ, ਪੁ., ਸ਼ਿਵਾਂ ਦੀ ਸਵਾਰੀ, ਬਲਦ, ਨਾਂਦੀਆ ਬੈਲ

हरवाहा-ਹਰਵਾਹਾ, ਪੁ., ਹਲ ਵਾਹੁਣ ਵਾਲਾ, ਹਲਵਾਹਾ

हरवाही-ਹਰਵਾਹੀ, ਇ., ਹਲਵਾਹੇ ਦਾ ਕੰਮ ਜਾਂ ਮਜੂਰੀ

हरशंकरी-ਹਰਸ਼ੰਕਰੀ, ਇ., ਪਿੱਪਲ ਅਤੇ ਗੁਲਰ ਦੇ ਨਾਲੋ ਨਾਲ ਲੱਗੇ ਹੋਏ ਰੁੱਖ

हरशेखरा-ਹਰਸ਼ੇਖਰਾ, ਇ., ਗੰਗਾ ਜੀ

हरष-ਹਰਸ਼, ਪੁ., ਖੁਸ਼ੀ, ਪ੍ਰਸੰਨਤਾ

हरषना-ਹਰਪਨਾ, ਕ੍ਰਿ., ਖੁਸ਼ ਹੋਣਾ, ਪ੍ਰਸੰਨ ਹੋਣਾ

हरषाना-ਹਰਖਾਨਾ, ਕ੍ਰਿ., ਪ੍ਰਸੰਨ ਹੋਣਾ, ਖੁਸ਼ ਕਰਨਾ

हरषित-ਹਰਖਿਤ, ਵਿ., ਪ੍ਰਸੰਨ, ਖੁਸ਼

हरसना-ਹਰਸਨ, ਕ੍ਰਿ., ਪ੍ਰਸੰਨ ਹੋਣਾ, ਖੁਸ਼ ਹੋਣਾ

हरसिंगार-ਹਰਸਿੰਗਾਰ, ਪੁ., ਇਕ ਰੁੱਖ ਜੋ ਸਮੁੰਦਰ ਰਿੜਕਣ ਨਾਲ ਨਿਕਲਿਆ ਸੀ, ਪਾਰਜਾਤ ਨਾਉਂ ਦਾ ਰੁੱਖ

हरहा-ਹਰਹਾ, ਪੁ., ਬਘਿਆੜ, ਭੇੜੀਆ

हरहाई-ਹਰਹਾਈ, ਇ, ਉਹ ਗਊ ਜੋ ਏਧਰ ਉਧਰ ਭਮਦੀ ਫਿਰੇ, ਹਰਿਆਉ, ਰਾਮ ਗਊ

हरहार-ਹਰਹਾਰ, ਪੁ., ਸ਼ੇਸ਼ਨਾਗ, ਸ਼ਿਵਾਂ ਦਾ ਹਾਰ

हरहूरा-ਹਰਹੂਰਾ, ਇ., ਦਾਖ, ਕਿਸਮਿਸ, ਸੌਗੀ

हरहोरवा-ਹਰਹੋਰਵਾ, ਪੁ., ਇਕ ਕਿਸਮ ਦੀ ਚਿੜੀ

हरांस-ਹਰਾਂਸ, ਪੁ., ਮਮੂਲੀ ਬੁਖਾਰ, ਹਰਾਰਤ

हरा-ਹਰਾ, ਵਿ., ਸਾਵਾ,, ਸਬਜ਼, ਕੱਚਾ, ਤਾਜਾ, ਪ੍ਰਸੰਨ, ਪੁ., ਹਰਾ ਰੰਗ, ਡੰਗਰਾਂ ਨੂੰ ਖੁਆਉਣ ਦਾ ਚਾਰਾ

हराबाग़-ਹਰਾਬਾਗ, ਪੁ., ਮਿਰਗ ਤਿਰਸ਼ਣਾ, ਵਾਧੂ ਆਸ਼ਾ

हराभरा-ਹਰਾਭਰਾ, ਵਿ., ਤਾਜਾ, ਹਰਿਆਵਲਾ, ਖਿੜਿਆ ਹੋਇਆ

हराई-ਹਰਾਈ, ਇ., ਹਾਰਨ ਦੀ ਹਾਲਤ, ਹਾਰ, ਭਾਂਜ

हराद्रि-ਹਰਾਦ੍ਰਿ, ਪੁ., ਕੈਲਾਸ਼ ਪਹਾੜ

हराना-ਹਰਾਨਾ, ਕ੍ਰਿ, ਕਿਸੇ ਨੂੰ ਹਾਰ ਦੇਣੀ, ਭਾਂਜ ਦੇਣੀ, ਦੁਸ਼ਮਨ ਨੂੰ ਪਿਛੇ ਹਟਾਉਣਾ, ਹਰਾਉਣਾ, ਥਕਾਉਣਾ

हरापन-ਹਰਾਪਨ, ਪੁ., ਹਰੇ ਹੋਣ ਦਾ ਭਾਵ, ਸਿਬਜੀ

हराम-ਹਰਾਮ, ਵਿ., ਨੀਤੀ ਦੇ ਉਲਟ, ਬੁਰਾ, ਵਰਜਿਆ ਹੋਇਆ, ਅਧੂਰਾ, ਨਾ ਮੁਨਾਸਬ, ਨਿਖਿੱਧ, ਪੁ., ਉਹ ਗੱਲ ਜਿਸ ਦਾ ਧਰਮ ਵਲੋਂ ਨਿਖੇਧ, ਹੋਵੇ, ਜਨਾਹ, ਵਿਭਚਾਰ, ਪਾਪ, ਬੇਈਮਾਨੀ

हरामख़ोर-ਹਰਾਮਖੋਰ, ਪੁ., ਪਾਪ ਦੀ ਕਮਾਈ ਕਰਨ ਵਾਲਾ, ਵੱਢੀ ਆਦਿ ਖਾਣ ਵਾਲਾ, ਸੂਅਰ, ਮੁਫਤ ਖੋਰਾ, ਕ੍ਰਿਤਘਣ

हरामज़ादा-ਹਰਾਮਜ਼ਾਦਾ, ਵਿ., ਦੋਗਲਾ, ਪਾਜੀ, ਦੁਸ਼ਟ, ਹਰਾਮ ਦਾ

हरामी-ਹਰਾਮੀ, ਵਿ., ਜੋ ਆਪਣੇ ਪਿਉ ਦੀ ਉਲਾਦ ਨਾ ਹੋਵੇ, ਦੋਗਲਾ

हरारत-ਹਰਾਰਤ, ਇ., ਗਰਮੀ, ਤਾਉ, ਮਾੜੀ ਮਾੜੀ ਕਸ, ਭਖ

